# ਬੇਅੰਤ ਲੀਲਾ

(ਸਾਖੀਆਂ)

Sri Satguru Jagjit Singh Ji eLibrary NamdhariElibrary@gmail.com

https://archive.org/details/namdhari

Sri Satguru Jagjit Singh Ji eLibrary NamdhariElibrary@gmail.com

# ਮਾਸਟਰ ਨਿਹਾਲ ਸਿੰਘ ਜੀ
# ਰਚਨਾਵਲੀ

## ਬੇਅੰਤ ਲੀਲਾ
## ਬਾਈਕਾਟ

(ਸਾਖੀਆਂ-1)

ਆਰਸੀ ਪਬਲਿਸ਼ਰਜ਼, ਦਿੱਲੀ

Sri Satguru Jagjit Singh Ji eLibrary NamdhariElibrary@gmail.com

ਸਮਰਪਣ

ਨਾਮਧਾਰੀ ਪੰਥ ਦੇ ਸਿਰਤਾਜ
ਹਾਜ਼ਰਾ-ਹਜ਼ੂਰ ਪਹਿਰੇ ਦੇ ਮਾਲਕ, ਠੰਢੀ ਮੂਰਤ
**ਸ੍ਰੀ ਸਤਿਗੁਰੂ ਉਦੈ ਸਿੰਘ ਜੀ**
ਦੇ ਚਰਨ-ਕਮਲਾਂ 'ਚ ਸਮਰਪਿਤ ਹੈ,
ਜਿਨ੍ਹਾਂ ਨਾਮਧਾਰੀ ਪੰਥ ਦੀ ਬੇਲ ਨੂੰ
ਆਪਣੇ ਪ੍ਰੇਮ ਦੇ ਸਪਰਸ਼ ਨਾਲ
ਹਰਿਆ-ਭਰਿਆ ਕੀਤਾ ਹੈ।

Sri Satguru Jagjit Singh Ji eLibrary NamdhariElibrary@gmail.com

# ਕਿੱਥੇ ਕੀ?


1. ਬੇਅੰਤ ਲੀਲਾ ........ 13
2. ਕੱਲਰਾਂ ਵਿਚ ਕੌਲ ........ 31
3. ਇਕੋ ਜੋਤਿ ........ 41
4. ਇੰਦਰਾ ਦਾ ਇੰਦਰ ........ 49
5. ਮੁਸ਼ਕਲ ਕੁਸ਼ਾ ........ 53
6. ਜਿਸਦਾ ਸਾਹਿਬ ਡਾਢਾ.... ........ 59
7. ਮੇਰੀ ਦਸਤਾਰ ਸਿੱਧੀ ਇਉਂ ਹੋਈ ........ 64
8. ਸਤਿਗੁਰ ਮੇਰੇ ਪਤੀ ਨੂੰ ਜਮਾਂ ਦੇ ਸੰਗਲਾਂ 'ਚ ਜਕੜੇ ਨੂੰ ਛੁਡਾਇਆ ........ 70
9. ਲਾਜਪਾਲ ........ 79
10. ਸੁਪਨ ਦਰਸ਼ਨ ਅਤੇ ਰੋਗ ਨਵਿਰਤੀ ........ 85
11. ਤ੍ਰਿਲੋਕੀ ਨਾਥ ........ 88
12. ਕੁਰਲਾਂਦੀ ਕੂੰਜ ........ 95
13. ਬਖਸ਼ਿੰਦ ........ 103
14. ਪੂਰਬਾ ........ 112
15. ਟੈਂਕ ਦੀ ਵੀਰਤਾ ........ 117
16. ਪਹਿਰੇਦਾਰ ........ 122
17. ਪ੍ਰਕਾਸ਼ ........ 127
18. ਮਾਇਆ ਈ ਮਾਇਆ ........ 131
19. ਬਾਗੀ ........ 135
20. ਝੋਟੇ ਨੂੰ ਨੱਥਣਾ ........ 140
21. ਕਾਲ ਦੀਆਂ ਦਾੜ੍ਹਾਂ ਹੇਠੋਂ ........ 145
22. ਪਟੋਕਨ ਪੁੜੀ ........ 149
23. ਵੈਦ-ਉਲ-ਵੈਦ ........ 153
24. ਸੇਵਾ ਤੋਂ ਮੇਵਾ ........ 159


Sri Satguru Jagjit Singh Ji eLibrary NamdhariElibrary@gmail.com

25. ਚੀਫ ਜਸਟਿਸ .......... 163
26. ਭਾਂਬੜਾਂ ਤੋਂ ਪੁਸ਼ਪ ਸਿੰਘਾਸਨ .......... 167
27. ਕਾਹਦੀਆਂ ਚਹਬੀਆਂ ਮਾਈਆਂ ਚੁਰਾਈਆਂ .......... 180
28. ਪ੍ਰਤੱਖ ਗੁਰੂ .......... 186
29. ਏਕ ਜੋਤਿ ਅਨੇਕ ਦਰਸ਼ਨ .......... 193
30. ਰਾਖਾ .......... 200
31. ਰੱਖਾਂ ਗੁਰਾਂ ਦੀਆਂ .......... 204
32. ਰੱਖਾਂ ਗੁਰਾਂ ਦੀਆਂ (2) .......... 210
33. ਰੱਖਾਂ ਗੁਰਾਂ ਦੀਆਂ (3) .......... 214
34. ਹੰਸ ਹੰਸਣੀ .......... 221
35. ਕੌਡੀਉਂ ਰਤਨ .......... 228
36. ਖ਼ੁਸ਼ੀਆਂ ਦਾ ਵਣਜਾਰਾ .......... 231
37. ਮੇਰੇ ਮਉਲਾ .......... 239
38. ਫਰਸ਼ ਤੋਂ ਅਰਸ਼ .......... 245
39. ਸ੍ਰੀ ਭੈਣੀ ਸਾਹਿਬ .......... 252
40. ਕਦੇ ਨਰਾਸ਼ ਨ ਹੋਵੋ .......... 258

Sri Satguru Jagjit Singh Ji eLibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਬੇਅੰਤ ਲੀਲਾ

ਸਾਦਗੀ ਦੀ ਮੂਰਤੀ, ਪਵਿੱਤਰਤਾ ਦੇ ਮੁਜੱਸਮੇ, ਮਿਠਾਸ ਦੇ ਸੋਮੇ, ਨਿਮਰਤਾ ਦੇ ਸਾਗਰ, ਸ਼ਾਂਤੀ ਦੇ ਪੈਗ਼ੰਬਰ ਦ੍ਰਿੜ੍ਹਤਾ ਦੇ ਸੁਮੇਰ, ਦੁੱਧ ਚਿੱਟੇ ਬਸਤਰ ਪਹਿਨੇ, ਗਲੇ ਸਵੇਤ ਮਾਲਾ ਸਹਿਤ ਗ਼ਰੀਬ ਨਿਵਾਜ਼ ਜੀ ਦੇ ਹੰਸੂ ਹੰਸੂ ਕਰਦੇ ਚਿਹਰੇ ਦੇ ਜਦ ਦਰਸ਼ਨ ਹੁੰਦੇ ਹਨ, ਤਾਂ ਸ਼ਰੀਰ ਵਿਚ ਅੰਮ੍ਰਿਤ ਝਰਨਾਟਾਂ ਛਿੜ ਪੈਂਦੀਆਂ ਹਨ, ਦਿਲ ਅਨੰਦ ਵਿਚ ਗਵਾਚ ਜਾਂਦਾ ਹੈ। ਉਦਾਸੀ ਖੰਭ ਲਾਉਂਦੀ ਹੈ। ਜਦ ਉਹ ਬੋਲਦੇ ਹਨ ਤਾਂ ਫੁੱਲਾਂ ਦੇ ਢੇਰਾਂ ਦੇ ਢੇਰ ਲੱਗ ਜਾਂਦੇ ਹਨ। ਮੁਸਕਾਣਾਂ ਨਾਲ ਕਲੀਆਂ ਟਹਿਰ ਪੈਂਦੀਆਂ ਹਨ। ਇਹ ਹਨ ਲੱਖਾਂ ਦਿਲਾਂ ਦੇ ਸਮ੍ਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ, ਜਿਨ੍ਹਾਂ ਦਾ ਅਵਤਾਰ 8 ਮਘਰ 1977 ਬਿਕ੍ਰਮੀ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਿਹਿ ਮਾਤਾ ਭੁਪਿੰਦਰ ਕੌਰ ਦੀ ਕੁੱਖੋਂ ਹੋਇਆ।

**ਬਾਲ ਕਾਲ:** ਮਾਤਾ ਭੁਪਿੰਦਰ ਕੌਰ ਜੀ ਮਹਾਰਾਜ ਬੀਰ ਸਿੰਘ ਦੇ ਜਨਮ ਉਪ੍ਰੰਤ ਛੇਤੀ ਚੜ ਜਾਣ ਕਾਰਨ, ਇਹ ਦੋਵੇਂ ਭਰਾ ਮਾਤਾ ਦੇ ਪਿਆਰ ਤੋਂ ਵਾਂਝੇ ਰਹੇ। ਭਾਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮਿਹਰਾਂ ਭਰਿਆ ਹੱਥ ਤੇ ਵਿਸ਼ਾਲ ਹਿਰਦਾ ਇਨ੍ਹਾਂ ਵਾਸਤੇ ਉਮਾਹ ਦੀਆਂ ਛੱਲਾਂ ਮਾਰਦਾ ਸੀ, ਪਰ ਪਾਲਣ ਪੋਸਣ ਸੇਵਕਾਂ ਹੱਥ ਸੀ। ਜਿਸ ਦਾ ਸਦਕਾ ਇਨ੍ਹਾਂ ਬੇਅੰਤ ਸ਼ਕਤੀਆਂ ਦੇ ਮਾਲਿਕਾਂ ਨੂੰ ਇਨ੍ਹਾਂ ਦੇ ਨਿੱਗਰਾਨਾਂ ਹੱਥੋਂ ਅਤੀ ਕਰੜਾਈ ਵਿੱਚੋਂ ਲੰਘਣਾ ਪਿਆ, ਮਗਰ ਇਹ ਸਦਾ ਖਿੜੇ ਮੱਥੇ। ਸਤਿਗੁਰੂ ਜੀ ਜਾਣਦੇ ਸਨ ਕਿ ਇਨ੍ਹਾਂ ਸਿਰ ਜ਼ੁੰਮੇਵਾਰੀਆਂ ਆਉਣੀਆਂ ਹਨ, ਅਤੇ ਜ਼ੁੰਮੇਵਾਰਾਂ ਨੂੰ ਕਈ ਵਾਰੀ ਭਾਰੀ ਮੁਸ਼ਕਲਾਂ ਦਾ ਟਾਕਰਾ ਕਰਨਾ ਪੈਂਦਾ ਹੈ, ਜਿਸ ਵਾਸਤੇ ਉਨ੍ਹਾਂ ਸੇਵਾਦਾਰਾਂ ਨੂੰ ਕਦੇ ਕੌੜਾ ਸ਼ਬਦ ਨਾ ਆਖਿਆ।

**ਮੁੱਢਲੀ ਪੜ੍ਹਾਈ:** ਪੰਜਾਬੀ ਦੇ ਅੱਖਰਾਂ ਦਾ ਬੋਧ ਗੁਰੂ ਪਿਤਾ ਨੇ ਆਪ ਕਰਵਾਇਆ, ਮਗਰ ਪੱਟੀ ਤੇ ਲਿੱਖਣ ਤੇ ਅੱਖਰਾਂ ਦੀ ਸੋਧ, ਭਾਈ ਸੂਰਤ ਸਿੰਘ, ਦੁਹਤਰਾ ਸਤਿਗੁਰੂ ਰਾਮ ਸਿੰਘ ਨੇ ਕਰਵਾਈ। ਪੋਥੀ ਪਾਠ ਪੰਡਿਤ ਸੰਤ ਹਰਭਜਨ ਸਿੰਘ ਕਰਾਇਆ। ਫੇਰ ਬਸ ਆਪਣੇ ਅਭਿਆਸ ਨਾਲ ਹੀ ਆਦਿ ਗ੍ਰੰਥ ਦਸਮ ਤੇ ਗ੍ਰੰਥ ਦੇ ਪਾਠੀ ਬਣ ਗਏ। ਹੋਰ ਪੜ੍ਹਨ ਲਿਖਣ ਦਾ ਅਭਿਆਸ ਨਾਮਧਾਰੀ ਵਿਦਿਆਲੇ, ਸ੍ਰੀ ਭੈਣੀ ਸਾਹਿਬ ਵਿਚ ਹੋਇਆ। ਗ਼ਰੀਬ ਨਿਵਾਜ਼ ਜੀ ਮੌਜ ਨਾਲ ਬੱਚਿਆਂ ਪਾਸੋਂ ਪਾਠ ਸੁਣਦੇ ਤੇ ਇਨ੍ਹਾਂ ਬਾਰੇ ਬਚਨ ਕਰਦੇ ਇਸ

Sri Satguru Jagjit Singh Ji eLibrary NamdhariElibrary@gmail.com

ਦੇ ਪਾਠ ਸੁਣਨ ਦੀ ਲੋੜ ਨਹੀਂ, ਇਹ ਅੱਗੇ ਹੀ ਪਾਠੀ ਹੈ। ਇਸ ਵਿਦਿਆਲੇ ਦੇ ਸਹਿਪਾਠੀਆਂ ਵਿੱਚੋਂ ਮਹਾਰਾਜ ਬੀਰ ਸਿੰਘ, ਪੰਡਤ ਰਾਜਿੰਦਰ ਸਿੰਘ ਗੁਰੂ ਸਨ, ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ, ਸੰਤੋਖ ਸਿੰਘ ਹੈਦਰਾਬਾਦ, ਹਜੂਰ ਸਿੰਘ ਆਦਿ ਹਨ। ਅਰੰਭਕ ਗਾਇਨ ਵਿੱਦਿਆ ਦੀ ਜਾਣਕਾਰੀ ਭਾਈ ਹਰਨਾਮ ਸਿੰਘ ਪਾਸੋਂ ਪ੍ਰਾਪਤ ਹੋਈ। ਖ਼ਾਂ ਸਾਹਿਬ ਊਦੋਂ ਖ਼ਾਂ ਤੇ ਭਾਈ ਤਾਬੇ ਨੇ ਸੰਗੀਤ ਦੀ ਕਲਾ ਸਿਖਲਾਈ, ਅੰਗ੍ਰੇਜ਼ੀ ਦੀ ਜਾਣਕਾਰੀ ਪੰ: ਗੁਰਦਿਆਲ ਸਿੰਘ, ਸ੍ਰ: ਬੂਟਾ ਸਿੰਘ ਰਾਏ ਸਰ ਤੇ ਮਹਿਤਾ ਭੋਲਾ ਨਾਥ ਨੇ ਦਿੱਤੀ। ਇਹ ਸਦਾ ਮੂਹਰਲੇ ਵਿਦਿਆਰਥੀਆਂ ਵਿੱਚੋਂ ਸਨ।

**ਖੇਡ ਸ਼ੌਕ:** ਖੇਡ ਦਾ ਸ਼ੌਕ ਇਨ੍ਹਾਂ ਨੂੰ ਵਿਰਸੇ ਵਿਚ ਮਿਲਿਆ ਹੈ। ਸਰੀਰ ਭਾਵੇਂ ਦੁਬਲਾ ਤੇ ਪਤਲਾ ਹੈ, ਮਗਰ ਫੁਰਤੀ ਲੋਹੜੇ ਦੀ ਹੈ। ਗਤਕੇਬਾਜ਼ੀ, ਕੁਸ਼ਤੀ, ਤੈਰਾਕੀ, ਫੁਟਬਾਲ ਖੇਡਣਾ ਤੇ ਗੋਲਾ ਸੁੱਟਣ ਦਾ ਭਾਰੀ ਸ਼ੌਕ ਸੀ। ਸਾਈਕਲ ਸਵਾਰੀ ਤੋਂ ਲੈ ਕੇ ਡਰਾਈਵਿੰਗ ਤੇ ਘੋੜ ਸਵਾਰੀ ਵਿਚ ਨਿਪੁੰਨ ਹਨ। ਗਤਕੇਬਾਜ਼ੀ ਤੇ ਕੁਸ਼ਤੀ ਦੇ ਹੱਥ ਉਸਤਾਦ ਨੱਥਾ ਸਿੰਘ ਸਿਖਾਏ। ਮੁੜ ਭਾਈ ਕਰਤਾਰ ਸਿੰਘ, ਗੁਰਚਰਨ ਸਿੰਘ ਸਿਆੜ ਤੇ ਗੁਰਬਖਸ਼ ਸਿੰਘ ਚੱਕ ਆ ਗਏ। ਇਨ੍ਹਾਂ ਦਾ ਜ਼ੋਰ ਕਰਾਉਣ ਵਾਲੇ ਬੰਤਾ ਸਿੰਘ ਸ੍ਰੀ ਭੈਣੀ ਸਾਹਿਬ, ਤੇ ਚੂਨੀ ਲਾਲ ਗੁਜਰਾਂਵਾਲੀਏ ਸਨ। ਅਖਾੜੇ ਵਿਚ ਬਾਜੀਆਂ ਲੱਗਦੀਆਂ ਰਹਿੰਦੀਆਂ, ਸਰੀਰ ਵਿਚ ਬਿਜਲੀ ਵਾਲੀ ਫੁਰਤੀ ਸੀ। ਕੁੰਦਨ ਸਿੰਘ ਕੱਕੜ ਦੱਸਦੇ ਹਨ ਕਿ ਇਕ ਵੇਰ ਗੁਰਚਰਨ ਸਿੰਘ ਸਿਆੜੀਆ ਬੜੀ ਆਕੜ ਨਾਲ ਥਾਪੀ ਮਾਰ ਅਖਾੜੇ ਵਿਚ ਵੜਿਆ ਪਰ ਪਤਾ ਨਹੀਂ ਲੱਗਣ ਦਿੱਤਾ ਕਿ ਇਨ੍ਹਾਂ ਵੇਖਦਿਆਂ ਵੇਖਦਿਆਂ ਐਸਾ ਧੋਬੀ ਪਟੜਾ ਮਾਰਿਆ ਕਿ ਪਹਿਲਵਾਨ ਨੂੰ ਚਾਰੇ ਖਾਨੇ ਚਿਤ ਗਿਰਾਇਆ ਤੇ ਕਈ ਬਾਜੀਆਂ ਲਵਾਈਆਂ। ਕੁੰਦਨ ਸਿੰਘ ਨੇ ਆਪਣੀ ਵਿਥਿਆ ਤਰਨ ਸੰਬੰਧੀ ਇਉਂ ਸੁਣਾਈ ਕਿ ਮੈਂ ਨਹਿਰ ਵਿੱਚੋਂ ਤਰਦਾ ਤਰਦਾ ਦੂਜੇ ਕੰਢੇ ਪੁਜਾ ਖਲਾ ਸਾਂ, ਕਿ ਬੇਅੰਤ ਜੀ ਨੇ ਮੈਨੂੰ ਅਵਾਜ਼ ਮਾਰ ਆਖਿਆ ਕਾਨਿਆਂ! ਜਾਣਾ ਨ ਪਾਈ। ਮੈਂ ਖ਼ਿਆਲ ਕੀਤਾ ਕਿ ਹੁਣ ਕੰਢੇ ਲਾਗੇ ਪੁੱਜਾ ਖਲਾ ਹਾਂ, ਲਲਕਾਰਾ ਪ੍ਰਵਾਨ ਕਰ ਲਿਆ, ਪਰ ਮੈਨੂੰ ਉਦੋਂ ਪਤਾ ਲੱਗਾ ਕਿ ਇਹ ਸ਼ੇਸ਼ ਨਾਗ ਵਾਂਗੂੰ ਪਾਣੀ ਚੀਰਦਿਆਂ ਮੇਰੇ ਤੇ ਆ ਸਵਾਰ ਹੋਏ। "ਇਹ ਨਹਿਰ ਸਰਹਿੰਦ ਵਿਚ ਸਦਾ ਸਿੱਧਾ ਤਰਿਆ ਕਰਦੇ ਸਨ, ਵਿੰਗ ਨਹੀਂ ਸੀ ਪੈਣ ਦਿੰਦੇ। ਸੌਦਾਗਰ ਸਿੰਘ ਰੋਪੜ ਜਾ ਕੇ 40 ਫੁਟ ਉੱਚੇ ਪੁਲ ਤੋਂ ਛਾਲ ਮਾਰ ਤਰਿਆ ਕਰਦਾ ਸੀ। ਇਹ ਸੁਣ ਇਨ੍ਹਾਂ ਅੰਬ ਨੂੰ ਕਟਵਾ ਚਾਲ੍ਹੀ ਫੁਟ ਦਾ ਤਨਾ ਰਹਿਣ ਦਿੱਤਾ ਤੇ ਸਾਥੀਆਂ ਨੂੰ ਛਾਲ ਮਾਰਨ ਲਈ ਕਿਹਾ। ਬਾਕੀ ਸਾਥੀ ਦਿਲ ਛੱਡ ਗਏ, ਪਰ ਇਹ ਅਰਦਾਸ ਸੋਧ ਅੰਬ ਦੀ ਟੀਸੀ ਤੇ ਚੜ ਗਏ ਅਤੇ ਘੜੰਮ ਕਰਕੇ ਛਾਲ ਨਹਿਰ ਵਿਚ ਮਾਰੀ। ਇਨ੍ਹਾਂ ਨੂੰ ਤਰਦਿਆਂ ਵੇਖ ਮਹਾਰਾਜ ਬੀਰ ਸਿੰਘ, ਤੇਜਾ ਸਿੰਘ, ਕੁੰਦਨ ਸਿੰਘ ਨਕਈ ਤੇ ਬਾਕੀ ਹਮਜੋਲੀਆਂ ਵੀ ਛਾਲਾਂ ਮਾਰੀਆਂ ਤੇ ਜਲ-ਕ੍ਰੀੜਾ ਕਰ ਪ੍ਰਸੰਨ ਹੋਏ।

Sri Satguru Jagjit Singh Ji eLibrary NamdhariElibrary@gmail.com

ਸੇਵਾ ਕਰਨ ਦਾ ਚਾਉ ਮੁੱਢ ਤੋਂ ਹੀ ਰਿਹਾ ਹੈ। ਸਾਧ ਸੰਗਤ ਦੇ ਭਾਂਡੇ ਮਾਂਜਣੇ। ਅੰਮ੍ਰਿਤ ਵੇਲੇ ਉਠ ਗਿਲਤੀ ਮਾਰ ਗੜਵਾ ਲੈ ਖੂਹ ਤੇ ਚਲਾ ਜਾਣਾ ਤੇ ਇਸ਼ਨਾਨ ਕਰਾਉਣ ਲੱਗ ਪੈਣ। ਬਾਲ ਸਖਾਈ ਖਿੜਖੜਾਂਦੇ ਹੋਏ ਦੱਸਦੇ ਹਨ ਕਿ ਇਨ੍ਹਾਂ ਦੇ ਮੱਥੇ ਤੇ ਕਦੇ ਵਟ ਨਹੀਂ ਸੀ ਵੇਖਿਆ। ਮਸਤਕ ਗੁਲਾਬਾਂ ਦੇ ਫੁੱਲਾਂ ਵਾਂਗੂਂ ਟਹਿਕਦਾ।

**ਨਾਮ ਬਾਣੀ ਦਾ ਪ੍ਰਵਾਹ:** ਸਤਿਗੁਰੂ ਜੀ ਦਾ ਜੀਵਨ ਨਾਮ ਬਾਣੀ, ਭਜਨ ਸਿਮਰਨ ਦੇ ਦੁਆਲੇ ਘੁੰਮਦਾ ਹੈ। ਇਹ ਅੰਮ੍ਰਿਤ ਵੇਲੇ ਦੋ ਤਿੰਨ ਵਿਚਾਲੇ ਜਾਗ ਸ਼ੌਚ ਕਿਰਿਆ ਤੋਂ ਫਾਰਗ ਹੋ ਦਾਤਨ ਉਪ੍ਰੰਤ ਇਸ਼ਨਾਨ ਕਰ ਸਿਮਰਨ ਵਿਚ ਲੀਨ ਹੋ ਜਾਂਦੇ ਹਨ। ਆਸਾ ਦੀ ਵਾਰ ਦਾ ਕੀਰਤਨ ਇਨ੍ਹਾਂ ਦਾ ਆਹਾਰ ਹੈ। ਸ੍ਰੀ ਜੀਵਨ ਨਗਰ ਹੋਣ ਜਾਂ ਸ੍ਰੀ ਭੈਣੀ ਸਾਹਿਬ ਹੋਣ ਜਾਂ ਸਫਰ ਹੋਵੇ, ਆਸਾ ਦੀ ਵਾਰ ਦਾ ਕੀਰਤਨ ਜ਼ਰੂਰੀ। ਆਪ ਦੀ ਪ੍ਰਬਲ ਇੱਛਾ ਹੈ ਕਿ ਦੈਵੀ ਗੁਣਾਂ ਦੇ ਨਾਲ ਪ੍ਰਾਣੀ ਮਾਤ੍ਰ ਨੂੰ ਮਾਲੋ ਮਾਲ ਕੀਤਾ ਜਾਵੇ, ਸੰਸਾਰ ਦੀਆਂ ਹਨੇਰੀਆਂ ਗਲੀਆਂ ਨੂੰ ਲਟ ਲਟ ਰੁਸ਼ਨਾਇਆ ਜਾਵੇ। ਆਪ ਕਰਨੀ ਤੇ ਕਹਿਣੀ ਦੇ ਸੂਰੇ ਹਨ, ਜੋ ਕਹਿੰਦੇ ਹਨ ਉਸ ਨੂੰ ਅਮਲ ਵਿਚ ਲਿਆਉਂਦੇ ਹਨ। ਮੌਜ ਵਿਚ ਜਦ ਦਿਲ ਰੁਬਾ ਜਾਂ ਤਾਊਸ ਦੀਆਂ ਤਾਰਾਂ ਤੇ ਕੋਮਲ ਪੋਟਿਆਂ ਨੂੰ ਫੇਰਦੇ ਹਨ। ਤਾਂ ਆਕਾਸ਼ ਪਤਾਲ ਵਜ਼ਦ ਵਿਚ ਆ ਜਾਂਦੇ ਹਨ।

ਇਸ ਵਿਗਿਆਨ ਦੇ ਯੁੱਗ ਵਿਚ ਵੀ ਮਨੁੱਖ ਬੌਂਦਲਿਆ ਫਿਰਦਾ ਹੈ। ਮਾਇਆ ਦੇ ਅੰਬਾਰ ਹਨੇ ਭੌਤਕ ਸਾਧਨਾ ਦਾ ਕੋਈ ਅੰਤ ਨਹੀਂ ਮਗਰ ਈਰਖਾ ਤੇ ਸਾੜੇ ਦੇ ਭੰਭੂਕੇ ਨਿਕਲ ਰਹੇ ਹਨ। ਵੈਰ ਵਿਰੋਧ ਦੀਆਂ ਲਾਟਾਂ ਆਕਾਸ਼ ਨੂੰ ਧੁਆਖ ਰਹੀਆਂ ਹਨ। ਅਮਨ ਬੁਰੀ ਤਰ੍ਹਾਂ ਕਰਾਹ ਰਿਹਾ ਹੈ। ਕਿਸੇ ਨੂੰ ਕੋਈ ਰਾਹ ਨਹੀਂ ਲੱਭਦਾ। ਗ਼ਰੀਬ ਨਿਵਾਜ਼ ਜੀ ਇਸ ਕਲਾ, ਕਲੇਸ਼ ਦੇ ਯੁੱਗ ਵਿਚ ਭੁੱਲੇ ਭਟਕਿਆਂ ਨੂੰ ਸਿੱਧੇ ਰਾਹ ਲਿਆਉਣ ਹਿਤ ਉਸ ਸਰਬ ਸ਼ਕਤੀਮਾਨ ਦਾਤਾਰ ਨਾਲ ਜਿਹੜਾ ਸਾਰੇ ਦੁੱਖਾਂ ਦਾ ਇੱਕੋ ਇੱਕ ਇਲਾਜ਼ ਹੈ, ਉਸ ਦਾ ਪੱਲਾ ਫੜਾ ਰਹੇ ਹਨ, ਜਿਸ ਨੂੰ ਨਾਮ ਕਿਹਾ ਜਾਂਦਾ ਹੈ ਤੇ ਜਿਸ ਨੂੰ ਬਾਣੀ ਵਿਚ ਇਉਂ ਨਿਰੂਪਣ ਕੀਤਾ ਗਿਆ ਹੈ:-

**ਜਿਸ ਨਾਮ ਰਿਦੇ ਸੋਈ ਵਡ ਰਾਜਾ।**
**ਜਿਸ ਨਾਮ ਰਿਦੈ ਤਿਸ ਪੂਰੇ ਕਾਜਾ।**
**ਜਿਸ ਨਾਮ ਰਿਦੈ ਸੋ ਕੋਟ ਧਨ ਪਾਏ।**
**ਨਾਮ ਬਿਨਾ ਜਨਮ ਬਿਰਥਾ ਜਾਏ।**

ਆਪ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਜ਼ਮੂਦਾ ਨੁਸਖੇ ਨੂੰ ਪੂਰਨ ਰੂਪ ਵਿਚ ਕਾਰਗਰ ਮੰਨਦੇ ਹਨ:-

**ਕਲਿ ਤਾਤੀ ਠਾਂਢਾ ਹਰਿ ਨਾਓ। ਸਿਮਰਿ ਸਿਮਰਿ ਸਦਾ ਸੁਖ ਪਾਓ।**

ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਸ ਘੋਰ ਕਲਿਜੁਗ ਵਿਚ ਤਪਤ

Sri Satguru Jagjit Singh Ji eLibrary NamdhariElibrary@gmail.com

ਹਿਰਦਿਆਂ ਦੀ ਸ਼ਾਂਤੀ ਵਾਸਤੇ ਇਹਨੂੰ ਅਚੁੱਕ ਔਸ਼ਧੀ ਦਾ ਦਰਜਾ ਦੇ ਰਹੇ ਹਨ।

**'ਆਤਸ਼ ਦੁਨੀਆਂ ਖੁਨਕ ਨਾਮ ਖੁਦਾਇਆ।'**

ਇਸੇ ਵਾਸਤੇ ਗ਼ਰੀਬ ਨਿਵਾਜ਼ ਜੀ ਸੜਦੇ ਭੁੱਜਦੇ ਹਿਰਦਿਆਂ ਨੂੰ ਠੰਡ ਪਾਣ ਖ਼ਾਤਰ ਇਸ 'ਖੁਨਕ ਨਾਮ' ਦੀ ਪੁੜੀ ਨਾਲ ਜਨਮ ਜਨਮਾਂਤਰਾਂ ਦੇ ਤੇਈਏ ਨੂੰ ਕੱਟਣ ਦੇ ਇੱਛੁਕ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਧਰਮ ਮਨੁੱਖੀ ਜੀਵਨ ਦਾ ਧੁਰਾ ਹੈ। ਆਪ ਦਾ ਇਹ ਵੀ ਵਿਚਾਰ ਹੈ ਕਿ ਸੰਸਾਰ ਦੇ ਧਰਮਾਂ ਵਿਚ ਕੋਈ ਵੈਰ ਵਿਰੋਧ ਨਹੀਂ, ਕੇਵਲ ਸਵਾਰਥੀ ਲੋਕਾਂ ਵੱਲੋਂ ਭੇਦਭਾਵ ਪੈਦਾ ਕੀਤੇ ਗਏ ਹਨ। ਗੁਰੂ ਅਰਜਨ ਦੇਵ ਜੀ ਨੇ ਚੰਗੇ ਧਰਮ ਦੀ ਠੀਕ ਵਿਆਖਿਆ ਇੰਞ ਕੀਤੀ ਹੈ:-

**ਸਰਬ ਧਰਮ ਮਹਿ ਸ੍ਰੇਸ਼ਟ ਧਰਮ, ਹਰਿ ਕਾ ਨਾਮ ਜਪਿ ਨਿਰਮਲ ਕਰਮ।**

ਇਹ ਵਾਕ ਬਿਲਕੁਲ ਸਰਲ ਹੈ ਤੇ ਕੋਈ ਵਿਆਖਿਆ ਨਹੀਂ ਮੰਗਦਾ। ਧਰਮ ਉਹ ਹੀ ਉੱਚਾ ਹੈ, ਜਿਹੜਾ ਚੰਗੇ ਕਰਮਾਂ ਦੀ ਪ੍ਰੇਰਨਾ ਦਿੰਦਾ ਹੈ ਤੇ ਈਸ਼ਵਰ ਨਾਲ ਜੋੜਦਾ ਹੈ।

ਆਪ ਨੇ ਵਿਸ਼ਵ ਧਰਮ ਸੰਮੇਲਨ ਦਿੱਲੀ ਸੰਨ 1974 ਦੇ ਪ੍ਰਧਾਨਗੀ ਅਵਸਰ ਸਮੇਂ ਸੰਸਾਰ ਭਰ ਦੇ ਬੁੱਧੀਜੀਵਿਆਂ ਵਿਦਵਾਨਾਂ, ਕਲਾਕਾਰਾਂ ਅਤੇ ਧਰਮ ਹਿਤੈਸ਼ੀਆਂ ਦੇ ਸਾਹਮਣੇ ਅਸਲ ਧਰਮ ਬਾਰੇ ਵਿਚਾਰ ਰੱਖੇ। ਆਪਣਾ ਉਪਦੇਸ਼ ਅਰੰਭ ਕਰਦਿਆਂ ਆਪ ਨੇ ਕਿਹਾ ਸੀ ਕਿ ਸਭ ਪ੍ਰਾਣੀਆਂ ਵਿਚ ਉਸ ਅਕਾਲ ਪੁਰਖ ਦੀ ਜੋਤ ਹੈ। ਜਿਸ ਬਾਰੇ ਬਾਣੀ ਇਉਂ ਕਥਨ ਕਰਦੀ ਹੈ:-

**ਸਭਿ ਮੈਂ ਜੋਤਿ ਜੋਤਿ ਹੈ ਸੋਇ।**
**ਤਿਸਦੈ ਚਾਨਣ ਸਭ ਮਹਿ ਚਾਨਣ ਹੋਇ।**
**ਗੁਰੂ ਸਾਖੀ ਜੋਤਿ ਪ੍ਰਗਟ ਹੋਇ।**

ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਵਿਚ ਕੋਈ ਗੁੰਝਲ ਨਹੀਂ। ਸਭ ਪ੍ਰਾਣੀਆਂ ਵਿਚ ਅਕਾਲ ਪੁਰਖ ਦੀ ਜੋਤ ਹੈ। ਮਨੁੱਖ, ਪਸ਼ੂ, ਸੱਪ, ਨੂੰਹੇਂ ਆਦਿ ਵਿਚ ਉਸੇ ਦਾ ਪਸਾਰਾ ਹੈ। ਇਸ ਵਾਸਤੇ ਕਿਸੇ ਨਾਲ ਵੈਰ ਨਾ ਕਮਾਓ, ਕਿਸੇ ਨੂੰ ਦੁੱਖ ਨਾ ਦਿਓ, ਕਿਸੇ ਦਾ ਲਹੂ ਨ ਵੀਟੋ, ਸਭ ਆਪਣਾ ਆਪਣਾ ਧਰਮ ਪਛਾਣੋ। ਆਪ ਨੇ ਬਾਣੀ ਰਾਹੀਂ ਬ੍ਰਾਹਮਣ ਅਤੇ ਮੋਮਨ ਦਾ ਸਪਸ਼ਟੀਕਰਨ ਕਰਦਿਆਂ ਸਭ ਹਿਰਦਿਆਂ ਨੂੰ ਖਿੱਚ ਲਿਆ।

**ਸੋ ਬ੍ਰਾਹਮਣ ਜੋ ਬਿੰਦੇ ਬ੍ਰਹਮ।**
**ਜਪੁ ਤਪੁ ਸੰਜਮ ਕਮਾਵੈ ਕਰਮੁ।**
**ਸੀਲ ਸੰਤੋਖ ਕਾ ਰਖੈ ਧਰਮ।**
**ਬੰਧਨ ਤੋੜੈ ਹੋਵੈ ਮੁਕਤੁ।**
**ਸੋਈ ਬ੍ਰਾਹਮਣ ਪੂਜਣ ਜੁਗਤੁ।**

Sri Satguru Jagjit Singh Ji eLibrary NamdhariElibrary@gmail.com

ਮੁਸਲਮਾਨ:-

**ਮੁਸਲਮਾਨ ਮੋਮ ਦਿਲ ਹੋਵੈ।**
**ਅੰਤਰ ਕੀ ਮਲੁ ਦਿਲ ਤੇ ਧੋਵੈ।**
**ਦੁਨੀਆਂ ਰੰਗ ਨ ਆਵੇ ਨੇੜੇ।**
**ਜਿਉ ਕੁਸਮ ਪਾਟੁ ਘਿਉਪਾਕ ਹਰਾ।**

ਗ਼ਰੀਬ ਨਿਵਾਜ਼ ਜੀ ਦਾ ਇਹ ਕਾਰਯਕ੍ਰਮ ਕੋਈ ਇਕ ਦਿਨ ਦਾ ਨਹੀਂ, ਇੱਕ ਸਮੇਂ ਦਾ ਨਹੀਂ, ਸਗੋਂ ਜਦ ਵੀ ਮੌਕਾ ਮਿਲੇ ਹਰ ਮਨੁੱਖ ਨੂੰ ਪੂਰਨ ਮਨੁੱਖ ਬਣਨ ਦਾ ਉਪਦੇਸ਼ ਦੇਣਗੇ।

**ਸ਼ੁੱਧ-ਪਾਠ:** ਪਾਠੀ ਸੱਜਣ ਪਾਠ ਤਾਂ ਕਰਦੇ ਹਨ, ਪਰ ਆਪਣੇ ਸੁਭਾ ਅਨੁਸਾਰ ਲੱਗਾਂ ਮਾਤਰਾਂ ਦੇ ਖ਼ਿਆਲ ਕੀਤੇ ਬਿਨਾਂ ਪਾਠ ਕਰਦੇ ਹਨ, ਜਿਸ ਕਾਰਨ ਪਾਠ ਅਸ਼ੁੱਧ ਰਹਿੰਦਾ ਹੈ, ਪਰ ਆਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸਾਏ ਮਾਰਗ ਤੇ ਚਲਦਿਆਂ ਲੱਗਾਂ ਮਾਤਰਾਂ ਦੇ ਠੀਕ ਉਚਾਰਨ ਤੇ ਜ਼ੋਰ ਦੇਂਦੇ ਹਨ। ਮਿਸਾਲ ਦੇ ਤੌਰ ਤੇ ਸੱਚ, ਸਚੁ ਸਚਿ ਨੂੰ ਆਮ ਪਾਠ ਕੇਵਲ ਸੱਚ ਕਹਿ ਪਾਠ ਕਰ ਜਾਣਗੇ, ਪਰ ਇਹ ਗ਼ਲਤ ਹੈ। ਸ਼ੁੱਧ ਪਾਠ ਉਹੀ ਹੋਵੇਗਾ ਜੇ ( ੁ) ( ਿ) ਦਾ ਉਚਾਰਨ ਕੀਤਾ ਜਾਵੇ। ਹੋਰ ਵੇਖ ਪਾਠ ਹੈ:-

**ਰਾਗ ਰਤਨ ਪ੍ਰਵਾਰ ਪਰੀਆਂ ਸ਼ਬਦ ਗਾਵਣ ਆਈਆਂ**
**ਸ਼ਬਦੋਂ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ।**

ਸਧਾਰਨ ਪਾਠੀ 'ਪਰੀਆ' ਨੂੰ 'ਪਰੀਆਂ' ਪੜ੍ਹ ਜਾਣਗੇ ਗਾਵਹੁ ਨੂੰ 'ਗਾਵੋ' ਪੜ੍ਹਨਗੇ। ਜੋਕਿ ਅਸ਼ੁੱਧ ਹੈ। ਇਸੇ ਤਰ੍ਹਾਂ ਅਹੰਕਾਰ ਨੂੰ 'ਹੰਕਾਰ' 'ਨੈ' ਨੂੰ 'ਨੇ' 'ਗਾਵੈ' ਨੂੰ 'ਗਾਵੇ' ਪੜ੍ਹਨ ਵਿਚ ਕੋਈ ਸੰਕੋਚ ਨਹੀਂ। ਗ਼ਰੀਬ ਨਿਵਾਜ਼ ਜੀ ਪੁਰਾਣੇ ਰਾਗੀਆਂ ਤਕ ਨੂੰ ਸ਼ੁੱਧ ਸ੍ਰੀ ਆਸਾ ਦੀ ਵਾਰ ਤੇ ਪਾਠੀਆਂ ਨੂੰ ਪਾਠ ਕਰਨ ਤੇ ਜ਼ੋਰ ਦੇਂਦੇ ਹਨ।

**ਨਵਯੁਵਕਾਂ ਅੰਦਰ ਨਾਮ-ਪ੍ਰਵਾਹ:** ਜੀਵਨ ਸੰਗ੍ਰਾਮ ਵਿਚ 14 ਸਾਲ ਤੋਂ 24 ਸਾਲ ਦਾ ਸਮਾਂ ਤੂਫਾਨੀ ਸਮਾਂ ਹੁੰਦਾ ਹੈ। ਨੌਜਵਾਨ ਖਾਣ-ਪੀਣ ਜਾਂ ਐਸ਼ੋ-ਇਸ਼ਰਤ ਬਿਨਾ ਹੋਰ ਕੁਝ ਵਖਾਈ ਨਹੀਂ ਦੇਂਦਾ, ਪਰ ਸਤਿਗੁਰੂ ਜਗਜੀਤ ਸਿੰਘ ਜੀ ਨੌਜਵਾਨਾਂ ਤੇ ਉਹ ਪ੍ਰੇਮ ਪੁੜੀ ਦਾ ਰਸ ਛਕਾਇਆ ਹੈ, ਕਿ ਇਹ ਕੀਲੇ ਜਾ ਰਹੇ ਹਨ। ਜਪ ਪ੍ਰਯੋਗ ਹਰ ਸਾਲ ਹੁੰਦਾ ਹੈ, ਪਰ ਇਨ੍ਹਾਂ ਸਤਿਗੁਰਾਂ 2045 ਬਿ: ਤੋਂ ਪ੍ਰਯੋਗ ਵਿਚ ਵੱਧ ਚੜ੍ਹ ਕੇ ਭਾਗ ਲੈਂਦੇ ਹਨ। ਕਈਆਂ ਤਾਂ 2045 ਤੋਂ ਘਰਾਂ ਤੋਂ ਛੁੱਟੀਆਂ ਲਈਆਂ ਹੋਈਆਂ ਹਨ। ਹਾਂ ਕੁਝ ਸਮੇਂ ਜੇ ਲੋੜ ਪਵੇ ਤਾਂ ਆਗਿਆ ਲੈ ਚੱਕਰ ਲਾ ਮੁੜ ਆ ਜਾਂਦੇ ਹਨ। ਪੂਰਨ ਸੋਧ ਮਰਯਾਦਾ ਵਿਚ ਰਹਿੰਦਿਆਂ 8-8 ਘੰਟੇ ਸਿਮਰਨ ਕਰਦੇ ਹਨ। ਉਹ ਸਮੇਂ ਦੇ ਪ੍ਰਭਾਵ ਤੋਂ ਬਿਲਕੁਲ ਮੁਕਤ ਹਨ। ਸੱਚੇ ਪਾਤਸ਼ਾਹ ਜੀ ਉਨ੍ਹਾਂ ਨੂੰ ਪ੍ਰੇਰਤ ਕਰਦੇ ਹਨ ਕਿ ਬਾਣੀ ਦੀ ਜਿਹੜੀ ਤੁਕ ਪੜਦੇ ਹਨ, ਉਸ ਨੂੰ ਜੀਵਨ ਵਿਚ ਧਰਮ-ਪੁੱਤਰ ਵਾਂਗੂ ਢਾਲਣ ਦਾ ਜਤਨ ਕਰਨ।

Sri Satguru Jagjit Singh Ji eLibrary NamdhariElibrary@gmail.com

**ਗਊਆਂ ਦੀ ਉਨਤੀ:** ਹਰ ਕੂਕਾ ਸਵੇਰੇ-ਸ਼ਾਮ ਅਰਦਾਸ ਕਰਦਾ ਹੈ, ਹੇ ਗ਼ਰੀਬ ਨਿਵਾਜ਼! ਗਊ ਗ਼ਬੀਬ ਦੀ ਰੱਖਿਆ ਕਰੋ? ਧਰਤੀ ਤੇ ਧਰਮ ਵਰਤਾਓ, ਬੰਦੀਖਾਨੇ ਦੀ ਬੰਦ ਖਲਾਸ ਕਰੋ, ਆਪ ਕੇਵਲ ਇਹ ਅਰਦਾਸ ਨਹੀਂ ਕਰਦੇ, ਸਗੋਂ ਇਨ੍ਹਾਂ ਸ਼ਬਦਾਂ ਨੂੰ ਅਮਲੀ ਰੂਪ ਦੇਂਦੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਾਲ-ਮਾਰੇ ਬਾਗੜ ਦੇ ਇਲਾਕੇ ਵਿਚ ਸ੍ਰੀ ਜੀਵਨ ਨਗਰ ਵਸਾਇਆ ਤੇ ਭੁੱਖਿਆਂ ਨੰਗਿਆਂ ਲਈ ਅਤੁੱਟ ਲੰਗਰ ਜਾਰੀ ਕੀਤਾ।

ਗਊਆਂ ਦੇ ਕਸ਼ਟ ਦੂਰ ਕਰਨ ਹਿਤ ਗੁਰੂ ਹਰੀ ਸਿੰਘ ਫਾਰਮ ਦੀ ਨੀਂਹ ਰੱਖੀ। ਹਰ ਨਸਲ ਦੀ ਗਊ ਨੂੰ ਲਿਆ ਸਾਂਭਿਆ ਤਾਂਕਿ ਗਊਆਂ ਅਤੇ ਗ਼ਰੀਬਾਂ ਨੂੰ ਸੁੱਖ ਦਾ ਸਾਹ ਮਿਲੇ। ਪਰ ਇਨ੍ਹਾਂ ਨੇ ਉਨ੍ਹਾਂ ਨੂੰ ਚਮਕਾਣ ਲਈ ਹੋਰ ਸਾਧਨ ਸੋਚੇ ਹਨ।

ਗ਼ਬੀਬ ਨਿਵਾਜ਼ ਨੇ ਸੰਨ 1964 ਵਿਚ ਮਹਾਰਾਜ ਬੀਰ ਸਿੰਘ ਜੀ ਨੂੰ ਕਲਕੱਤੇ ਭੇਜ ਕੇ ਡਾਕਟਰਾਂ ਵੱਲੋਂ ਕੰਡਮ ਕੀਤੀਆਂ ਤੇ ਬੂਚੜਖਾਨੇ ਨੂੰ ਜਾਂਦੀਆਂ ਗਊਆਂ ਨੂੰ ਛੁਡਾ ਕੇ ਲਿਆਉਣ ਦਾ ਆਦੇਸ਼ ਦਿੱਤਾ। ਮਹਾਰਾਜ ਜੀ ਗਏ। ਦੋ ਵੈਗਨਾਂ ਮਰਨ ਵਾਲੀਆਂ ਗਊਆਂ ਲਿਆ ਕੇ ਲੋੜਵੰਦਾਂ ਨੂੰ ਦਿੱਤੀਆਂ। ਕੁਝ ਆਪਣੇ ਪਾਸ ਰੱਖੀਆਂ। ਚੰਗੀ ਸੇਵਾ ਕੀਤੀ। ਉਨ੍ਹਾਂ ਗਊਆਂ ਵੀ 14-14 ਸੇਰ ਰੋਜ਼ਾਨਾ ਦੁੱਧ ਦਿੱਤਾ। ਗਊਆਂ ਦੀ ਸੇਵਾ ਤੇ ਮਿਹਨਤ ਕਰਨ ਦਾ ਇਕ ਫਲ ਮਿਲਿਆ ਕਿ ਝੰਗੋ ਹਰਿਆਣਾ ਨਸਲ ਦੀ ਗਊ 64 ਪੌਂਡ ਰੋਜ਼ ਦੁੱਧ ਤੇ ਨੌਲਖੀ 74 ਪੌਂਡ ਦੁੱਧ ਦੇ ਕੇ ਭਾਰਤ ਭਰ ਵਿਚ ਪਹਿਲੇ ਦਰਜੇ ਤੇ ਆਈਆਂ। ਆਪ ਨੂੰ ਗੋਪਾਲ ਰਤਨ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

**ਵਿਸ਼ਵ ਸ਼ਾਂਤੀ ਵਾਸਤੇ ਜਤਨ:** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1914 ਬਿਕ੍ਰਮੀ 1857 ਈ: ਵਿਸਾਖੀ ਨੂੰ ਸੰਤ ਖਾਲਸੇ ਨੂੰ ਪੁਨਰ ਜਨਮ ਦਿੱਤਾ। ਚਿੱਟਾ ਝੰਡਾ ਖੜਾ ਕਰ ਸਭ ਕੌਮਾਂ ਨੂੰ ਹਥਿਆਰ ਖਾਰੇ ਸਮੁੰਦਰ ਵਿਚ ਸੁੱਟਣ ਦਾ ਸੰਦੇਸ਼ ਸੁਣਾਇਆ। ਗ਼ਰੀਬ ਨਿਵਾਜ਼ ਜੀ ਉਨ੍ਹਾਂ ਪੈਰ ਚਿੱਤਰਾਂ ਤੇ ਚਲਦੇ ਉਸ ਪੈਗ਼ਾਮ ਨੂੰ ਘਰ ਘਰ ਪਹੁੰਚਾਣ ਦੇ ਜਤਨ ਵਿਚ ਰਹਿੰਦੇ ਹਨ। ਹਰ ਭਾਰਤੀ ਚਾਹੁੰਦਾ ਹੈ ਦੇਸ਼ ਵਿਚ ਰਾਮਰਾਜ ਹੋਵੇ ਸਭ ਨੂੰ ਪੂਰਾ ਨਿਆਂ ਮਿਲੇ, ਡਿੱਗਿਆਂ ਨੂੰ ਉਠਾਇਆ ਜਾਵੇ। ਕੂਕੇ ਦਾ ਨਿਸ਼ਾਨਾ ਹੈ ਕਿ ਸਤਿਯੁਗ ਲੱਗੇ। ਮਾਰੂ ਹਥਿਆਰ ਸਮੁੰਦਰ ਵਿਚ ਸੁੱਟੇ ਜਾਣ, ਕਾਲੇ ਗੋਰੇ ਦਾ ਸਵਾਲ ਮੁੱਕ ਜਾਵੇ ਕੋਈ ਦੁਖੀਆ ਨਾ ਰਹੇ ਚੌਹੀਂ ਪਾਸੀਂ ਅਮਨ ਦੇ ਸ਼ਾਦਿਆਨੇ ਵੱਜਣ।

ਸੰਨ 1965 ਵਿਚ ਹੈਲ ਸਿੰਕੀ ਵਿਚ ਅਮਨ ਹਿਤੈਸ਼ਿਆਂ ਇੱਕ ਮਿਲਣੀ ਕੀਤੀ ਤਾਂ ਅਮਨ ਦੇ ਕਾਜ ਨੂੰ ਵਧੇਰੇ ਪਕੇਰਾ ਕਰਨ ਹਿਤ ਮਹਾਰਾਜ ਬੀਰ ਸਿੰਘ ਜੀ ਨੂੰ ਸੌ ਰੁਝੇਵਿਆਂ ਵਿੱਚੋਂ ਸਮਾਂ ਕੱਢ ਉੱਥੇ ਉਚੇਚੇ ਡੇਲੀਗੇਸ਼ਨ ਵਿਚ ਸ਼ਾਮਲ ਹੋਣ ਲਈ ਭੇਜਿਆ ਤਾਂਕਿ ਅਮਨ ਜੁਝਾਰਾਂ ਦੇ ਹੌਂਸਲੇ ਬੁਲੰਦ ਹੋਣ।

ਆਪ ਜੀ ਨੇ ਅੰਮ੍ਰਿਤਸਰ, ਹੈਦਰਾਬਾਦ, ਦਿੱਲੀ ਵਿਚ ਅਮਨ ਕੌਂਸਲ ਦੇ

Sri Satguru Jagjit Singh Ji eLibrary NamdhariElibrary@gmail.com

ਸਮਾਗਮਾਂ ਵਿਚ ਭਾਗ ਲਿਆ। ਆਪ ਜੀ ਪੰਜਾਬ, ਹਰਿਆਣਾ ਅਮਨ ਕੌਂਸਲ ਦੇ ਪ੍ਰਧਾਨ ਰਹੇ ਹਨ। ਵਿਸ਼ਵ ਅਮਨ ਕੌਂਸਲ ਨਾਲ ਵੀ ਪੀਡਾ ਸੰਬੰਧ ਹੈ। ਹੋਲੇ ਮੁਹੱਲੇ ਦਾ ਸਮਾਗਮ ਹੋਵੇ ਜਾਂ ਨਵਯੁਵਕਾਂ ਦਾ ਸੰਮੇਲਨ ਹਰ ਸਮੇਂ ਅਮਨ ਸੰਗ੍ਰਾਮੀਆਂ ਅਤੇ ਹੋਰ ਅਮਨ ਸਨੇਹੀਆਂ ਦੇ ਵਿਚਾਰਾਂ ਦਾ ਪ੍ਰਸਾਰਨ ਕਰਾਂਦੇ ਹਨ ਤੇ ਆਪ ਵੀ ਸਮੂਹ ਨੂੰ ਤਕੜੀ ਪ੍ਰੇਰਨਾ ਦੇਂਦੇ ਹਨ। ਸਾਰੇ ਸਮਾਜ ਨੂੰ ਆਪਦਾ ਘਰ ਜਾਣਦੇ ਹਨ। ਕਈ ਸੱਜਣ ਜਦ ਇਨ੍ਹਾਂ ਦਾ ਮੇਲ ਮਿਲਾਪ ਅਮਨ ਨਾਲ ਸੰਬੰਧਿਤ ਵਿਚਾਰਾਂ ਵਾਲਿਆਂ ਕਮਿਊਨਿਸਟ ਭਰਾਵਾਂ ਨਾਲ ਵੇਖਦੇ ਹਨ ਤਾਂ ਕਈ ਆਲੋਚਕਾਂ ਨੂੰ ਟਪਲਾ ਲੱਗ ਜਾਂਦਾ ਹੈ ਕਿ ਖਬਰੇ ਇਨ੍ਹਾਂ ਕਮਿਊਨਿਜਮ ਅਪਨਾ ਲਿਆ ਹੈ। ਪਰ ਆਪ ਸਪੱਸ਼ਟ ਕਰ ਦੇਂਦੇ ਹਨ ਕਿ ਜਿਹੜਾ ਸ਼ਾਂਤੀ ਫੈਲਾਉਣ ਦਾ ਚਾਹਵਾਨ ਹੋਵੇ ਕੀ ਮੈਂ ਉਸਤੋਂ ਮੂੰਹ ਮੋੜ ਲਵਾਂ? ਜੇ ਕਿਸੇ ਦੇ ਘਰ ਨੂੰ ਅੱਗ ਲੱਗੀ ਹੋਵੇ ਤਾਂ ਜੇ ਕੋਈ ਉਸ ਅੱਗ ਨੂੰ ਬੁਝਾਉਣ ਹਿਤ ਬਾਲਟੀ ਲਈ ਜਾਵੇ ਤਾਂ ਕੀ ਉਹ ਉਸਨੂੰ ਮੋੜ ਦਿੰਦਾ ਹੈ? ਮੈਂ ਵੀ ਅਮਨ ਘੁਲਾਟੀਆਂ ਨਾਲ ਮਿਲ ਕੇ ਚੱਲਣ ਨਾਲ ਪ੍ਰਸੰਨਤਾ ਪ੍ਰਾਪਤ ਕਰਦਾ ਹਾਂ। ਵੀਤਨਾਮ ਦੀ ਜੰਗ ਸਮੇਂ ਆਪ ਨੇ ਖ਼ੂਨੀ ਹੋਲੀ ਬੰਦ ਕਰਾਉਣ ਹਿਤ ਅਮਨ ਘੁਲਾਟੀਆਂ ਨਾਲ ਮਿਲ ਅਣਥਕ ਯਤਨ ਕੀਤੇ।

**ਸ਼ਾਕਾਹਾਰ:** ਆਪ ਦੀ ਅਮਨ ਸਿਪਾਹੀਆਂ ਨਾਲ ਹਰ ਮਰਹਲੇ ਮੋਢੇ ਨਾਲ ਮੋਢਾ ਜੋੜ ਟੁਰਦਿਆਂ ਵੀ ਪੂਰਨ ਰੂਪ ਅਮਨ ਹਿਤ ਨਿਰਾਲੀ ਫਿਲਾਸਫੀ ਹੈ। ਆਪ ਇਸ ਗੱਲ ਦੇ ਧਾਰਨੀ ਹਨ ਕਿ ਸੱਚੇ ਅਰਥਾਂ ਵਿਚ ਅਮਨ ਤਦੋਂ ਕਾਇਮ ਹੋਵੇਗਾ, ਜਦ ਲੋਕਾਂ ਦੇ ਮਨਾਂ ਵਿਚ, ਅਮਨ ਪੈਦਾ ਹੋਵੇਗਾ। ਮਨ ਤਦ ਤਕ ਠੀਕ ਨਹੀਂ ਹੋ ਸਕਦਾ ਜਦ ਤਕ ਵਿਹਾਰ ਠੀਕ ਨਾ ਹੋਵੇ। ਵਿਹਾਹ ਦੀ ਸ਼ੁੱਧਤਾ ਤਾਂ ਹੋ ਸਕਦੀ ਹੈ, ਜੇ ਵਿਚਾਰ ਪਵਿੱਤਰ ਹੋਣ, ਵਿਚਾਰ ਪਵਿੱਤਰ ਤਦ ਹੋ ਸਕਦੇ ਹਨ, ਜਦ ਆਹਾਰ ਸ਼ੁੱਧ ਤੇ ਪਵਿੱਤਰ ਹੋਵੇ। ਭਾਵ ਕਿਸੇ ਗ਼ਰੀਬ ਦੀ ਕਮਾਈ ਤੇ ਡਾਕਾ ਨਾ ਮਾਰਿਆ ਹੋਵੇ।

ਕਿਸੇ ਜੀਵ ਦੀ ਹਿੰਸਾ ਨਾ ਕੀਤੀ ਹੋਵੇ। ਕਿਉਂਕਿ ਜੀਵ ਹਿੰਸਾ ਸਭ ਪਾਪਾਂ ਦੀ ਜਨਨੀ ਹੈ। ਜੀਵ ਹਿੰਸਾ ਸਭ ਉਪੱਦਰਾਂ ਦੀ ਨਾਨੀ ਹੈ। ਇਸ ਵਾਸਤੇ ਆਪ ਵੈਜੀਟੇਰੀਅਨ ਕਾਨਫਰੰਸਾਂ ਦੇਸ਼ਾਂ ਪ੍ਰਦੇਸ਼ਾਂ ਵਿਚ ਰਚਾਂਦੇ ਹਨ। ਜਾ ਕੇ ਉਪਦੇਸ਼ ਦੇਂਦੇ ਹਨ। ਮਾਸ ਨ ਖਾਓ, ਸ਼ਰਾਬ ਨਾ ਪੀਓ, ਬੀੜੀ, ਸਿਗਰਟ ਦਾ ਤਿਆਗ ਕਰੋ।

ਸੱਚੇ ਪਾਤਸ਼ਾਹ ਜੀ ਨੇ 1971 ਵਿਚ ਹਾਲੈਂਡ ਦੀ ਰਾਜਧਾਨੀ ਵਿਖੇ ਸ਼ਾਕਾਹਾਰੀ ਸੰਮੇਲਨ ਵਿਚ ਭਾਗ ਲਿਆ। ਸਵਰਨ ਸਿੰਘ ਸਨੇਹੀ ਨੇ ਇਸ ਤਰ੍ਹਾਂ ਵਰਨਣ ਕੀਤਾ ਸੀ ਕਿ ਇਸ ਸੰਮੇਲਨ ਨੂੰ ਟੈਲੀਵੀਜ਼ਨ ਰਾਹੀਂ ਪ੍ਰਸਾਰਤ ਕੀਤਾ ਗਿਆ ਤਾਂ ਇੱਕ ਬੁੱਤ ਘਾੜੇ ਦੀ ਵਿਧਵਾ ਨੇ ਜਦ ਇਹ ਅਲੌਕਿਕ ਦ੍ਰਿਸ਼ ਵੇਖਿਆ ਤਾਂ ਸਤਿਗੁਰੂ ਜੀ ਨੂੰ ਘਰ ਚਰਨ ਪਾਉਣ ਲਈ ਬੇਨਤੀ ਕੀਤੀ। ਗ਼ਰੀਬ ਨਿਵਾਜ਼ ਜੀ ਹਜ਼ੂਰੀ ਸੇਵਕਾਂ ਨਾਲ ਉਸ ਤਰਸਦੀ ਰੂਹ ਨੂੰ ਠੰਡ ਪਾਈ। ਅੰਤਰ

Sri Satguru Jagjit Singh Ji eLibrary NamdhariElibrary@gmail.com

ਰਾਸ਼ਟਰੀ ਸੰਗਠਨ ਦਾ ਪ੍ਰਧਾਨ ਡਾ: ਲਾਟੋ ਇਨ੍ਹਾਂ ਤੋਂ ਤਨ ਮਨ ਨਿਛਾਵਰ ਕਰਦਾ ਹੈ। 1974 ਵਿਚ ਉੱਤਰੀ ਆਇਰਲੈਂਡ ਵਿਚ ਉਸਦੇ ਗ੍ਰਹਿ ਬਸੇਰਾ ਕਰ ਉਸਦਾ ਗ੍ਰਹਿ ਪਵਿੱਤਰ ਕੀਤਾ। ਇਸੇ ਸਾਲ ਲੀਡਜ਼ ਵਿਚ ਸ਼ਾਕਾਹਾਰੀ ਪ੍ਰੇਮੀਆਂ ਵੱਲੋਂ ਇਕ ਬਹੁਤ ਸ਼ਾਨਦਾਰ ਪ੍ਰੋਗਰਾਮ ਲਈ ਨਿਮੰਤਰਣ ਪੁੱਜਾ। ਆਪ ਜੀ ਨੇ ਉੱਥੇ ਵੀ ਦਰਸ਼ਨ ਦਿੱਤੇ ਤੇ ਉਹਨਾਂ ਆਪਣੇ ਆਪ ਨੂੰ ਭਾਗਸ਼ੀਲ ਸਮਝਿਆ। 1973 ਵਿਚ ਲੰਕਾ ਵਿਚ ਹੋਏ ਸ਼ਾਕਾਹਾਰ ਸੰਮੇਲਨਾਂ ਵਿਚ ਮਹਾਰਾਜ ਬੀਰ ਸਿੰਘ ਜੀ ਨੂੰ ਪ੍ਰਤੀਨਿਧਤਾ ਕਰਨ ਲਈ ਆਗਿਆ ਬਖਸ਼ੀ। ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਵੀ ਇਸ ਸੰਸਥਾ ਨੇ 1975 ਵਿਚ ਜਨਮ ਲਿਆ।

ਜਦੋਂ ਇਹ ਕਾਨਫਰੰਸ ਅਮਰੀਕਾ ਵਿਚ ਹੋਈ ਤਾਂ ਵੀ ਮਹਾਰਾਜ ਬੀਰ ਸਿੰਘ ਜੀ ਨੂੰ ਇਹ ਕੰਮ ਸੌਂਪਿਆ, ਜਿਨ੍ਹਾਂ ਉੱਥੇ ਜਾਕੇ ਜੀਵ ਰਖਿਆ ਦੀ ਪੂਰੀ ਪੂਰੀ ਵਕਾਲਤ ਕੀਤੀ। 1964 ਦਾ ਜ਼ਿਕਰ ਹੈ ਕਿ ਯੂ.ਕੇ. ਵਿਚ ਇੱਕ ਸਿੱਖ ਜਥੇਬੰਦੀ ਵੱਲੋਂ ਆਪ ਨੂੰ ਇੱਕ ਗੁਰਦੁਆਰੇ ਦੇ ਉਦਘਾਟਨ ਸਮੇਂ ਦਰਸ਼ਨ ਦੇਣ ਨਾ ਜਾ ਸਕੇ ਮਗਰ ਇੱਕ ਤਾਰ ਰਾਹੀਂ ਸੰਦੇਸ਼ ਭੇਜਿਆ ਕਿ ਮੈਨੂੰ ਖ਼ੁਸ਼ੀ ਹੈ ਕਿ ਧਰਮ ਮੰਦਰ ਕਾਇਮ ਹੋ ਰਿਹਾ ਹੈ। ਮੇਰੀ ਇੱਛਾ ਹੈ ਕਿ ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸੁਨਹਿਰੀ ਉਪਦੇਸ਼ ਜਿਹੜੇ ਉਨ੍ਹਾਂ ਦੇਵ ਲੂਤ ਨੂੰ ਰਾਕਸ਼ ਬੁੱਧੀ ਤਿਆਗ ਦੇਣ ਵਾਸਤੇ ਦਿੱਤੇ ਸਨ, ਉਨ੍ਹਾਂ ਨੂੰ ਪ੍ਰਚਾਰਿਆ ਜਾਵੇ।

ਸ਼ਾਕਾਹਾਰੀ ਸੰਸਥਾ ਵਿਚ ਇੱਕ ਪਰੰਪਰਾ ਪ੍ਰਚਲਤ ਹੋ ਗਈ ਹੈ ਕਿ ਹਰ ਦਸ ਸਾਲ ਉਪ੍ਰੰਤ ਇਹ ਸਮਾਗਮ ਭਾਰਤ ਵਿਚ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜਿਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1957 ਵਿਚ ਵਿਦੇਸ਼ੀ ਸ਼ਾਕਾਹਾਰੀ ਪ੍ਰਾਹੁਣਿਆਂ ਨੂੰ ਪ੍ਰੀਤੀ ਭੋਜਨ ਨਾਲ ਨਿਵਾਜਿਆ ਸੀ। ਉਸ ਪ੍ਰੰਪਰਾ ਨੂੰ ਕਾਇਮ ਰੱਖਦਿਆਂ 1967 ਤੇ 1977 ਵਿਚ ਉਹਨਾਂ ਪ੍ਰਾਹੁਣਿਆਂ ਨੂੰ ਸ਼ਾਕਾਹਾਰੀ ਪ੍ਰਸਾਦ ਛਕਾ ਖ਼ੁਸ਼ੀਆਂ ਬਖਸ਼ੀਆਂ।

**ਪੂਰਬੀ ਸੰਸਕ੍ਰਿਤੀ ਹਿਤ ਉਪਰਾਲਾ:** ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਗੱਲ ਤੇ ਜ਼ੋਰ ਦਿੱਤਾ ਕਰਦੇ ਸਨ ਕਿ ਭਾਰਤੀਆਂ ਨੂੰ ਆਪਣੀ ਸਭਿਅਤਾ ਕਾਇਮ ਰੱਖਣੀ ਚਾਹੀਦੀ ਹੈ। ਸਦਾ ਉਹ ਕੌਮਾਂ ਚੜ੍ਹਦੀਆਂ ਕਲਾ ਵਿਚ ਰਹਿੰਦੀਆਂ ਹਨ, ਜਿਹੜੀਆਂ ਆਪਣੀ ਸਭਿਅਤਾ ਤੇ ਪੱਕੀਆਂ ਹੁੰਦੀਆਂ ਹਨ। ਡਾ: ਮੁਹੰਮਦ ਇਕਬਾਲ ਨੇ ਇੱਕ ਥਾਂ ਆਖਿਆ ਹੈ ਕਿ:-

**ਹਮ ਮਸ਼ਰਕ (ਪੂਰਬ) ਕੇ ਮਸਕੀਨੋ ਕਾ**
**ਦਿਲ ਮਗਰਬ (ਪੱਛਮ) ਮੇਂ ਜਾ ਅਟਕਾ ਹੈ।**

ਪਰ ਮੈਂ ਤਾਂ ਕਹਾਂਗਾ ਅਟਕਿਆ ਹੀ ਨਹੀਂ ਸਗੋਂ ਮਗਰਬ ਤੇ ਮੋਹਿਤ ਹੋ ਗਿਆ ਹੈ। ਗ਼ਰੀਬ ਨਿਵਾਜ਼ ਜੀ ਇਸ ਗੱਲ ਨੂੰ ਚੰਗੀ ਤਰ੍ਹਾਂ ਭਾਂਪ ਗਏ ਹਨ ਕਿ ਜੇ ਇਹ ਦੌੜ ਇਵੇਂ ਜਾਰੀ ਰਹੀ ਤਾਂ ਭਾਰਤ ਭਾਰਤ ਨਹੀਂ ਰਹੇਗਾ ਭਾਰਤ ਰਸਾਤਲ ਦੇ ਟੋਏ ਵਿਚ ਜਾ ਡਿੱਗੇਗਾ। ਚਰਿੱਤਰ ਹੀਨਤਾ ਛਾ ਜਾਵੇਗੀ ਪਸ਼ੂਆਂ ਨਾਲੋਂ ਵੀ ਮੰਦੇਰਾ ਜੀਵਨ ਹੋ ਜਾਵੇਗਾ। ਇਸ ਬਿਮਾਰੀ ਦੀ ਰੋਕ ਵਾਸਤੇ ਆਪ

Sri Satguru Jagjit Singh Ji eLibrary NamdhariElibrary@gmail.com

ਹਰ ਵੇਲੇ ਤਤਪਰ ਰਹਿੰਦੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਸਿਨਮਾ ਸਭ ਬੁਰਾਈਆਂ ਦੀ ਮਾਂ ਹੈ। ਆਪ ਕਹਿੰਦੇ ਹਨ ਕਿ ਨੰਗੀਆਂ ਤਸਵੀਰਾਂ ਘਰ ਵਿਚ ਨਾ ਲਟਕਾਓ, ਭੈੜੇ ਨਾਵਲ ਤੇ ਨਾਟਕਾਂ ਤੇ ਸਮਾਂ, ਧੰਨ ਤੇ ਸਵਾਰਥ ਬਰਬਾਦ ਨਾ ਕਰੋ, ਘਰਾਂ ਦੀਆਂ ਦੀਵਾਰਾਂ ਨੂੰ ਅਜੇਹੇ ਚਿੱਤਰਾਂ ਨਾਲ ਚਿਤਰੋ ਜਿਸ ਨਾਲ ਬੱਚੇ ਹਕੀਕਤ ਰਾਇ, ਬਿਸ਼ਨ ਸਿੰਘ, ਤਾਰੂ ਸਿੰਘ ਤੇ ਗਿਆਨੀ ਸਿੰਘ ਬਣਨ। ਮਾਈ ਭਾਗੋ, ਲਛਮੀ ਬਾਈ, ਸੀਤਾ, ਸਵਿਤਰੀ, ਇੰਦ ਕੌਰ ਤੇ ਹੁਕਮੀਆਂ ਪੈਦਾ ਹੋਣ, ਪੁਸਤਕ ਚੰਗਾ ਸਾਥੀ ਹੈ, ਜੋ "ਪੁਸਤਕ ਹੋਵੇ, ਤੇ ਜੇ ਪੁਸਤਕ ਚੋਰ, ਡਾਕੂ, ਵਿਭਚਾਰੀ, ਬੇਈਮਾਨ ਬਣਨ ਦੀਆਂ ਤਕਨੀਕਾਂ ਦੱਸੇ ਤਾਂ ਉਸ ਪੁਸਤਕ ਦੀ ਸਭ ਤੋਂ ਚੰਗੀ ਥਾਂ ਚੁੱਲ੍ਹਾ ਹੈ।"

**ਕੋਕਾ ਕੋਲਾ ਵਿਵਰਜਿਤ:** ਗ਼ਰੀਬ ਨਿਵਾਜ਼ ਜੀ ਦੀ ਪ੍ਰਬਲ ਇੱਛਾ ਹੈ ਕਿ ਮੇਰੇ ਦੇਸ਼ ਦੇ ਗੱਭਰੂ ਸੁਹਣੇ, ਸੁਨੱਖੇ, ਸਡੌਲ ਹੋਣ। ਉਹਨਾਂ ਦੇ ਚੇਹਰਿਆਂ ਤੇ ਰੱਬੀ ਜਲਾਲ ਹੋਵੇ।

ਪਰ ਇਹ ਤਾਂ ਹੋ ਸਕਦਾ ਹੈ ਜੇ ਨੌਜਵਾਨ ਕੋਕਾ ਕੋਲਾ, ਫੈਂਟਾ ਆਦਿ ਬਨੌਟੀ ਜਲ ਤੇ ਹੋਰ ਨਸ਼ੀਲੀਆਂ ਗੋਲੀਆਂ ਤੋਂ ਦੂਰ ਰਹਿਣ ਖੂਹ ਅਥਵਾ ਨਦੀ ਦਾ ਸਾਫ਼ ਜਲ ਵਰਤਣ, ਸਾਦਾ ਖਾਣ, ਸਾਦਾ ਪਹਿਨਣ ਨਰਕੀ ਭੱਠੀਆਂ ਵਿਚ ਪੈ ਕੇ ਸੜਨ ਤੋਂ ਬਚਣ।

**ਸਾਦੇ ਤੇ ਸਸਤੇ ਵਿਆਹ:** ਸਰਮੱਦਾ ਦਾ ਕਥਨ ਹੈ ਕਿ ਵਲੀ ਅੱਲਾ ਵਸਦੇ ਧਰਤੀ ਤੇ ਹਨ ਮਗਰ ਸੈਰ ਸਪਾਟੇ ਅਰਸ਼ਾਂ ਕੁਰਸ਼ਾਂ ਤੇ ਕਰਦੇ ਹਨ। ਦੁਨੀਆਂ ਤੇ ਵਸਦੇ ਦੁਨੀਆਦਰਾਂ ਦੇ ਦੁੱਖ ਸੁੱਖ ਦੇ ਭਾਈਵਾਲ ਬਣਦੇ ਹਨ, ਪਰ ਗ਼ਰੀਬ ਨਿਵਾਜ਼ ਤਾਂ ਵਲੀ ਅੱਲਾ ਲੋਕਾਂ ਦੇ ਸ਼ਰੋਮਣੀ ਹਨ। ਇਸ ਵਾਸਤੇ ਦੁਨੀਆਦਾਰਾਂ ਦੇ ਦੁੱਖਾਂ ਨੂੰ ਜੜੋਂ ਉਖੇੜਨ ਤਕ ਪੁੱਜਦੇ ਹਨ ਅਤੇ ਕਈ ਵੇਰ ਆਪ ਵੀ ਦੁੱਖ ਨਾਲ ਲਪੇਟੇ ਜਾਂਦੇ ਹਨ।

ਵਿਆਹ ਇੱਕ ਪਵਿੱਤਰ ਸੰਬੰਧ ਹੈ, ਖ਼ਰਚੀਲੀਆਂ ਤੇ ਕੋਝੀਆਂ ਰਸਮਾਂ ਕਾਰਨ ਇਹ ਨਰਕ ਦਾ ਪਹਿਲਾ ਪੜਾ ਬਣ ਚੁੱਕਾ ਹੈ ਤੇ ਸੰਸਾਰ ਤੁਰਦੀਆਂ ਫਿਰਦੀਆਂ ਲਾਸ਼ਾਂ ਦਾ ਸ਼ਮਸ਼ਾਨ ਘਾਟ, ਕਿਉਂਕਿ ਜਿਸ ਪਵਿੱਤਰ ਸੰਬੰਧ ਨੇ ਖਿੜੇ ਮੱਥੇ ਰਖਣੇ ਹਨ। ਛਾਤੀਆਂ ਵਿਚ ਅਰੋਗ ਉਭਾਰ ਪੈਦਾ ਕਰਨਾ ਸੀ, ਚਾਵਾਂ ਤੇ ਮਲਾਰਾਂ ਨਾਲ ਆਲਾ ਦੁਆਲਾ ਸੁਆਰਨਾ ਸੀ, ਪਰ ਗ਼ਲਤ ਢੰਗ ਕਾਰਨ ਅੱਜ ਉਹਨਾਂ ਦੀ ਥਾਂ ਹਉਕਿਆਂ ਨੇ ਮਲ ਲਈ ਹੈ। ਉਦਾਸੀ ਛਾਉਣੀ ਪਾਈ ਬੈਠੀ ਹੈ, ਪੀੜਾਂ ਨੇ ਡੇਰੇ ਲਾਏ ਹੋਏ ਹਨ ਗ਼ਰੀਬ ਨਿਵਾਜ਼ ਜੀ ਨਵੀਂ ਪੀੜ੍ਹੀ ਨੂੰ ਖੇੜੇ ਭਰੇ ਜੀਵਨ ਦੀ ਜਾਚ ਸਿਖਾਣ ਹਿਤ ਸੰਨ 1969 ਦੇ ਵਿਚ ਦਿੱਲੀ ਦੇ ਵਿਦਿਅਕ ਸੰਮੇਲਨ ਸਮੇਂ ਨਾਮਧਾਰੀ ਨੌਜਵਾਨਾਂ ਤੋਂ ਪ੍ਰਣ ਕਰਵਾਏ ਕਿ ਉਹ ਆਪਣੇ ਸਮੇਂ ਕਿਸੇ ਪ੍ਰਕਾਰ ਦਾ ਦਾਜ ਨ ਲੈਣ। ਬਰਾਤਾਂ ਮਿਲਣੀਆਂ, ਛੁਹਾਰਿਆਂ ਠਾਕੇ ਆਦਿ ਨਾਲ ਪੂਰੇ ਜ਼ੋਰ ਨਾਲ ਟੱਕਰ ਲੈਣ।

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਕਿਹਾ, ਨੱਕ ਜਿਸ ਨੇ ਕੇਵਲ ਭਾਰਤੀਆਂ ਦਾ ਹੀ ਨਹੀਂ ਸਗੋਂ ਸਾਰੇ ਸੰਸਾਰ ਦਾ ਨੱਕ 'ਚ ਦਮ ਕਰ ਰੱਖਿਆ ਹੈ, ਉਸ ਦੇ ਨੱਕ ਨੂੰ ਭੁੱਲ ਜਾਓ, ਨੱਕ ਨੱਕ ਦੀ ਥਾਂ ਰਹੇ, ਫਿਰ ਕੁਝ ਨਹੀਂ ਵਿਗੜ ਸਕਦਾ, ਕੁੜਮ ਕੁੜਮੇਟਿਆਂ ਨੂੰ ਆਪਣੇ ਅੰਗ ਜਾਣੋ ਅਤੇ ਲੜਕੇ ਲੜਕੀਆਂ ਨੂੰ ਆਪਣੇ ਲਹੂ ਮਾਸ ਦੇ ਟੁੱਕੜੇ। ਉਹਨਾਂ ਨੂੰ ਮਨੁੱਖਤਾ ਦੇ ਗਹਿਣਿਆਂ ਨਾਲ ਸ਼ਿੰਗਾਰੋ ਉਨ੍ਹਾਂ ਨੂੰ ਸਾਊਪੁਣੇ ਦੀਆਂ ਚੰਗੀਆਂ ਪੁਸਤਕਾਂ ਪੜ੍ਹਾਓ, ਸਾਦਾ ਤੇ ਸਵੱਛ ਵਸਤਰ ਪਹਿਨਾਓ। ਉਨ੍ਹਾਂ ਨੂੰ ਈਸ਼ਵਰ ਭਗਤੀ ਤੇ ਦੇਸ਼ ਭਗਤੀ ਦੀ ਦੌਲਤ ਨਾਲ ਮਾਲਾਮਾਲ ਕਰੋ। ਐਵੇਂ ਰੋਲਡ ਗੋਲਡ ਦੇ ਮੁਲੱਮੇਂ ਦੇ ਗਹਿਣਿਆਂ ਦੇ ਭਾਰ ਹੇਠਾਂ ਨਾ ਦੱਬੀ ਜਾਓ। ਗੁਰਮੁਖੀ ਬਾਣਾ, ਗਗੁਰਮੁਖੀ ਰਹਿਣੀ ਬਹਿਣੀ ਨਾਲ ਸਤਿਜੁਗੀ ਮਹਿਲ ਵਿਚ ਪ੍ਰਵੇਸ਼ ਕਰਾਓ।

ਬੀਬੀ ਪਵਨਜੀਤ ਕੌਰ ਸੁਪਤਨੀ ਸ੍ਰ: ਸੇਵਾ ਸਿੰਘ ਕ੍ਰਿਸ਼ਨ ਨਗਰ, ਦਿੱਲੀ ਨੇ ਸਤਿਗੁਰੂ ਜੀ ਦੀ ਵਾਰਤਾਲਾਪ ਕਰਦਿਆਂ ਦੱਸਿਆ ਕਿ ਉਹ ਕਿਸੇ ਵਿਹਾਰ ਕਾਰਨ ਕਾਨ੍ਹਪੁਰ ਜਾ ਰਹੀ ਸੀ। ਉੱਥੇ ਗਲੀਂ ਬਾਤੀ ਵਿਆਹ ਦੀ ਚਰਚਾ ਸ਼ੁਰੂ ਹੋ ਗਈ। ਕਿਸੇ ਬੀਬੀ ਨੇ ਕਈ ਭੁੱਲੇ ਨਾਮਧਾਰੀਆਂ ਦੇ ਵਿਆਹ ਸੰਬੰਧੀ ਵਿਖਾਵੇ ਬਾਰੇ ਕਿਹਾ ਕਿ ਤੁਸੀਂ ਇਨ੍ਹਾਂ ਲੋਕਾਂ ਦੀਆਂ ਘੋਟੀਆਂ ਪੱਗਾਂ ਨੂੰ ਨਾ ਵੇਖੋ ਇਹ ਤਾਂ 'ਸਤਿਗੁਰਾਂ ਨੂੰ ਧੋਖਾ ਦੇਂਦੇ ਹਨ ਤੇ ਸਮਾਜ ਨੂੰ'। ਪਰ ਬੀਬੀ ਪਵਨਜੀਤ ਨੇ ਕਿਹਾ, ਸਤਿਗੁਰੂ ਜੀ ਸਭਦੇ ਪੜਦੇ ਕੱਜਦੇ ਹਨ। ਜਿਹੜੇ ਨਿਯਮਾਂ ਨੂੰ ਤੋੜਦੇ ਹਨ ਸਤਿਗੁਰੂ ਜੀ ਉਨ੍ਹਾਂ ਨੂੰ ਚੰਗਾ ਨਹੀਂ ਸਮਝਦੇ ਭਾਵੇਂ ਕਿੰਨਾ ਵੱਡੇ ਤੋਂ ਵੱਡਾ ਹੋਵੇ। ਇਨ੍ਹਾਂ ਖ਼ਿਆਲਾਂ ਵਿਚ ਬੀਬੀ ਲਖਨਊ ਬਸ ਵਿਚ ਜਾ ਰਹੀ ਸੀ ਕਿ ਬੈਠਿਆਂ ਅੱਖ ਲੱਗ ਗਈ। ਅੱਖ ਦੇ ਲੱਗਣ ਨਾਲ ਇੱਕ ਦ੍ਰਿਸ਼ ਵੇਖਿਆ। ਇੱਕ ਇਸਤ੍ਰੀ ਸੜਕ ਤੇ ਨੰਗੀ ਲੇਟੀ ਪਈ ਹੈ, ਕੁਝ ਮਰਦ ਉਸ ਦੇ ਨੰਗੇਜ ਨੂੰ ਵੇਖ ਦੁੱਖੀ ਹੋ ਰਹੇ ਹਨ। ਰਾਹਗੀਰ ਵੀ ਸ਼ਰਮ ਮਹਿਸੂਸ ਕਰਦੇ ਹਨ, ਪਰ ਕੋਈ ਚਾਰਾ ਨਜ਼ਰ ਨਹੀਂ ਆ ਰਿਹਾ। ਉਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੁੰਦੇ ਹਨ ਤੇ ਕਹਿੰਦੇ ਹਨ, ਬੀਬੀ 'ਜਥੇਦਾਰਨੀਏ' ਜਿਵੇਂ ਇਸ ਨੰਗੀ ਇਸਤ੍ਰੀ ਨੂੰ ਵੇਖ ਇਹ ਮਰਦ ਸ਼ਰਮ ਮਹਿਸੂਸ ਕਰ ਰਹੇ ਹਨ, ਤਿਵੇਂ ਮੈਂ ਵੀ ਸਤਿਗੁਰੂ ਰਾਮ ਸਿੰਘ ਤੇ ਸਤਿਗੁਰੂ ਪ੍ਰਤਾਪ ਸਿੰਘ ਦੀ ਚਲਾਈ ਵਿਆਹ ਸੰਬੰਧੀ ਮਰਯਾਦਾ ਵਿਚ ਢਿੱਲ ਵੇਖਕੇ ਇਤਨੀ ਲੱਜਾ ਪ੍ਰਤੀਤ ਕਰਦਾ ਹਾਂ।

**ਸੰਗੀਤ ਨਾਲ ਪਿਆਰ:** ਗ਼ਰੀਬ ਨਿਵਾਜ਼ ਜੀ ਅੱਜ-ਕੱਲ੍ਹ ਭਾਰਤ ਦੀ ਸੁੱਤੀ ਤੇ ਕੁਝ ਊਂਘਲਾ ਰਹੀ ਸੰਗੀਤ ਕਲਾ ਨੂੰ ਜਗਾਉਣ ਵਿਚ ਜੁੱਟ ਪਏ ਹਨ, ਪਹਿਲੇ ਇਹ ਕਲਾ ਕੁਝ ਘਰਾਣਿਆਂ ਤੋਂ ਅੱਗੇ ਨਿਕਲ ਨਹੀਂ ਸਕਦੀ ਸੀ, ਅੱਜ ਇਨ੍ਹਾਂ ਦੀ ਕ੍ਰਿਪਾ ਸਦਕਾ ਇਹ ਕਲਾ ਜੱਟਾਂ, ਅਰੋੜਿਆਂ, ਤਰਖਾਣਾਂ, ਸੁਨਿਆਰਿਆਂ ਤੇ ਘੁਮਿਆਰਾਂ ਆਦਿਕਾਂ ਦੇ ਘਰ ਪਸਾਰਾ ਪਸਾਰ ਰਹੀ ਹੈ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਹਰ ਸਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਮ੍ਰਤੀ ਵਿਚ 'ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ' 1973 ਤੋਂ ਕਰ ਰਹੇ ਹਨ, ਜਿਸ ਵਿਚ ਉਸਤਾਦ ਵਲੈਤ ਖਾਨ, ਉਸਤਾਦ ਅਮਜਦ ਅਲੀ, ਪੰਡਤ ਕਿਸ਼ਨ ਮਹਾਰਾਜ, ਪੰਡਤ ਸ਼ਾਂਨਤਾ ਪ੍ਰਸਾਦ, ਪੰਡਤ ਰਾਮ ਨਰਾਇਣ, ਪੰਡਤ ਭੀਮਸੈਨ ਜੋਸ਼ੀ, ਪੰਡਤ ਕੁਮਾਰ ਗੰਧਰਵ ਨਾਮਵਰ ਕਲਾਕਰਾਂ ਨੂੰ ਨਿਮੰਤ੍ਰਣ ਕਰਦੇ ਅਤੇ ਉਨ੍ਹਾਂ ਦੇ ਹਰ ਪ੍ਰਕਾਰ ਦੇ ਅਰਾਮ ਦਾ ਧਿਆਨ ਰਖ ਅਤੇ ਉਨ੍ਹਾਂ ਨੂੰ ਸੰਤੁਸ਼ਟ ਰੱਖਦੇ ਹਨ। ਫਿਰ ਅੱਜ-ਕੱਲ੍ਹ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ, ਅੰਮ੍ਰਿਤਸਰ, ਦਿੱਲੀ, ਜੰਮੂ, ਜਲੰਧਰ ਥਾਵਾਂ ਤੇ ਸੰਗੀਤ ਕੇਂਦਰ ਕਾਇਮ ਕਰਕੇ ਨਵੀਂ ਪੀੜ੍ਹੀ ਨੂੰ ਸ਼ਾਸਤਰੀ ਸੰਗੀਤ ਵਿਚ ਨਿਪੁੰਨ ਕਰ ਰਹੇ ਹਨ। ਇਨ੍ਹਾਂ ਬੱਚਿਆਂ ਨੂੰ ਸ: ਮਹਿੰਦਰ ਸਿੰਘ, ਸ੍ਰੀ ਗੁਰਭਜਨ ਸਿੰਘ, ਸੇਠ ਹਜ਼ੂਰ ਸਿੰਘ 'ਚੰਦਰਹਾਂਸ' ਤੋਂ ਆਪਣੀ ਨਿਗਰਾਨੀ ਵਿਚ ਸਿੱਖਿਆ ਦਿਵਾ ਰਹੇ ਹਨ ਅਤੇ ਹੋਣਹਾਰ ਬੱਚਿਆਂ ਨੂੰ ਚੋਟੀ ਦੇ ਉਸਤਾਦਾਂ ਪਾਸੋਂ ਬਨਾਰਸ, ਬੰਬਈ ਆਦਿ ਥਾਵਾਂ ਤੇ ਸਿੱਖਿਆ ਦਿਲਵਾ ਰਹੇ ਹਨ।

ਇਨਾਂ ਬੱਚਿਆਂ ਗੁਰਦੁਆਰਾ ਮੰਜੀ ਸਾਹਿਬ ਵਿਖੇ ਸ੍ਰੀ ਅੰਮ੍ਰਿਤਸਰ ਦੇ 400 ਸਾਲਾਂ ਸਮਾਗਮ ਸਮੇਂ ਰਾਤ ਦੇ 12 ਵਜੇ ਦੇ ਲੱਗਭਗ ਸੰਗੀਤ ਅਰੰਭਿਆ ਤਾਂ ਸੁੱਤੇ ਹੋਏ ਸ੍ਰੋਤੇ ਵੀ ਜਾਗ ਪਏ। ਹੁਣ 1979 ਸਤੰਬਰ ਦੇ ਮਹੀਨੇ ਚੰਡੀਗੜ੍ਹ ਬਾਲ ਦਿਵਸ ਦੇ ਸੰਬੰਧ ਵਿਚ ਪੰਜਾਬ ਸਰਕਾਰ ਵੱਲੋਂ ਸੰਗੀਤ ਸੰਮੇਲਨ ਹੋਇਆ ਤਾਂ ਗੁਰਮਤ ਸੰਗੀਤ ਵਿਦਿਆਲਾ ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀਆਂ ਸਭ ਪਾਰਟੀਆਂ ਨੂੰ ਮਾਤ ਪਾ ਕੇ ਪਹਿਲੇ ਦਰਜੇ ਦੀ ਪ੍ਰਾਪਤੀ ਕੀਤੀ। ਸ੍ਰੀ ਹਾਥੀ ਸਾਹਿਬ ਗਵਰਨਰ ਨੇ ਇਨਾਮ ਦੇਂਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਉਪਮਾ ਕੀਤੀ।

**ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਾਠ:** ਸ੍ਰੀ ਸਤਿਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉਪ੍ਰੰਤ 1959 ਈ: ਵਿਚ ਬੈਠਦਿਆਂ ਹੀ ਸਤਿਗੁਰੂ ਜੀ ਦੇ ਪਾਏ ਪੂਰਨਿਆਂ ਤੇ ਚੱਲਣ ਤੇ ਚਲਾਉਣ ਵਿਚ ਜੁੱਟ ਪਏ ਜਿਸ ਵੇਲੇ ਆਪ ਜੀ ਨੂੰ ਪੰਥ ਦੀ ਵਾਗਡੋਰ ਸੰਭਾਲੀ, ਵਿਰੋਧੀਆਂ ਵੱਲੋਂ ਲੱਗਭਗ 22 ਮੁਕੱਦਮੇ ਚਲ ਰਹੇ ਸਨ। ਪਰ ਆਪ ਜੀ ਨੇ ਉਹਨਾਂ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਤੇ ਕਾਬੂ ਪਾਉਣ ਹਿਤ ਭਜਨ ਬਾਣੀ ਤੇ ਜ਼ੋਰ ਦਿੱਤਾ। ਸ੍ਰੀ ਭੈਣੀ ਸਾਹਿਬ ਵਿਚ ਭਜਨ ਦੀ ਵਰਨੀ ਚੱਲ ਰਹੀ ਸੀ। ਨਾਲ ਭਗਉਤੀਆਂ ਦੀ ਵਰਨੀ ਵੀ ਤੋਰ ਦਿੱਤੀ, ਇਸੇ ਤਰ੍ਹਾਂ ਜੀਵਨ ਨਗਰ ਵਿਚ ਇੱਕ ਭਗਉਤੀਆਂ ਦੀ ਵਰਨੀ ਚਾਲੂ ਕਰ ਦਿੱਤੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਲੱਖਾਂ ਪਾਠ ਤੇ ਹਜ਼ਾਰਾਂ ਅਖੰਡ ਪਾਠ ਕਰਵਾਏ ਸਨ। ਸਤਿਗੁਰੂ ਜੀ ਨੇ 1970 ਵਿਚ ਸਤਿਗੁਰੂ ਪ੍ਰਦੇਸ਼ ਗਮਨ ਸ਼ਤਾਬਦੀ ਸਮੇਂ ਤੋਂ ਸਵਾ ਲੱਖ ਪਾਠਾਂ ਦਾ ਅਰੰਭ ਕਰ ਦਿੱਤਾ। ਜਿਹਦਾ ਭੋਗ 1974 ਵਿਚ ਸੰਤ ਨਗਰ ਦੇ ਪ੍ਰਯੋਗ

Sri Satguru Jagjit Singh Ji eLibrary NamdhariElibrary@gmail.com

ਸਮੇਂ ਪਾਇਆ। ਉਸ ਤੋਂ ਉਪ੍ਰੰਤ ਮੁੜ 1975 ਵਿਚ ਸਵਾ ਲੱਖ ਪਾਠਾਂ ਦੀ ਲੜੀ ਤੋਰ ਦਿੱਤੀ, ਜਿਹੜੀ ਅਜੇ ਤਕ ਚੱਲ ਰਹੀ ਹੈ। ਇਨ੍ਹਾਂ ਕਾਰਜਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਅਜਿਹੇ ਮਹਾਨ ਕੰਮ ਵਾਸਤੇ ਸਵਾਏ ਦਸਾਂ ਨਵਾਂ ਦੀ ਕਿਰਤ ਕਰਨ ਵਾਲੇ ਨਾਮਧਾਰੀਆਂ ਦੇ ਕਿਸੇ ਹੋਰ ਪਾਸੋਂ ਮਾਇਆ ਪ੍ਰਵਾਨ ਨਹੀਂ ਕੀਤੀ ਜਾਂਦੀ।

ਆਪ ਜੀ ਨੇ ਚੰਡੀ ਦੀ ਵਾਰ ਦੇ ਪਾਠਾਂ ਦੇ ਭੋਗ ਸ੍ਰੀ ਜੀਵਨ ਨਗਰ ਵਿਖੇ ਮਸਤਾਨਗੜ੍ਹ ਵਿਚ ਕਰਵਾਏ ਤੇ ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਮਿਸ਼ਨ ਨੂੰ ਪ੍ਰਚਾਰਨ ਖ਼ਾਤਰ ਮਨੁੱਖਾਂ ਨੂੰ ਦੇਵਤੇ ਬਣਾਉਣ ਖ਼ਾਤਰ ਭਾਰਤ ਤੋਂ ਛੁੱਟ, ਥਾਈਲੈਂਡ, ਅਫਰੀਕਾ, ਯੂ.ਕੇ., ਅਮਰੀਕਾ, ਕਨੇਡਾ, ਜਰਮਨੀ ਵਿਚ ਦੌਰੇ ਰਚਾਂਦੇ ਰਹਿੰਦੇ ਹਨ।

**ਸਾਹਿਤਕ ਪ੍ਰਚਾਰ:** ਸਤਿਗੁਰੂ ਰਾਮ ਸਿੰਘ ਜੀ ਦੇ ਸੰਦੇਸ਼ ਨੂੰ ਘਰ ਘਰ ਤੱਕ ਪਹੁੰਚਾਉਣ ਹਿਤ ਸਤਿਜੁਗ 58 ਸਾਲ ਤੋਂ ਸੇਵਾ ਕਰਦਾ ਚਲਾ ਆ ਰਿਹਾ ਹੈ, ਪਰ ਸਮੇਂ ਦੀ ਤ੍ਰਿਖੀ ਚਾਲ ਕਾਰਨ 'ਨਵੇਂ ਹਿੰਦੁਸਤਾਨ' ਦੀ ਭਰਪੂਰ ਸਹਾਇਤਾ ਕੀਤੀ। ਮਾਸਿਕ 'ਵਰਿਆਮ' ਉਚਿਆਇਆ ਤੇ ਛੇ ਮਾਸਕ 'ਨਿਰੀਖਿਅਕ ਨੂੰ ਪੂਰਾ ਪੂਰਾ ਉਤਸ਼ਾਹ ਬਖਸ਼ ਰਹੇ ਹਨ। ਇਸ ਸਮੇਂ ਅਨੇਕਾਂ ਪੁਸਤਕਾਂ ਬਾਜ਼ਾਰ ਵਿਚ ਆ ਗਈਆਂ ਹਨ। ਜੋ ਵਿਰੋਧੀਆਂ ਵੱਲੋਂ ਪਾਈਆਂ ਭੁਲਭੁਲਾਈਆਂ ਦੂਰ ਕਰ ਰਹੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗੂੰ ਸਮਾਜ ਵਿਚ ਇੱਕ ਸੁਰਤਾ ਤੇ ਏਕਤਾ ਲਿਆਉਣ ਹਿਤ ਪੂਰੇ ਜਤਨਾਂ ਵਿਚ ਰਹਿੰਦੇ ਹਨ। ਆਪ ਜੀ ਨੇ ਮਹਾਰਾਜ ਨਿਹਾਲ ਸਿੰਘ, ਸੰਤ ਮੋਹਣ ਸਿੰਘ ਤੇ ਸੰਤ ਹਰਨਾਮ ਸਿੰਘ ਕਿਲੇ ਵਾਲਿਆਂ ਨੂੰ ਕਦਮ ਰਲਾ ਕੇ ਚੱਲਣ ਵਾਸਤੇ ਨਿਮੰਤ੍ਰਣ ਕੀਤਾ, ਜਿਸ ਵਿਚ ਬਹੁਤ ਹੱਦ ਤਕ ਸਫ਼ਲਤਾ ਪ੍ਰਾਪਤ ਹੋਈ।

**ਨਵ-ਉਸਾਰੀ:** ਆਪ ਜੀ ਨੇ 1973 ਵਿਚ ਨਵ-ਉਸਾਰੀ ਵਲ ਧਿਆਨ ਦਿੱਤਾ ਤੇ ਸ੍ਰੀ ਭੈਣੀ ਸਾਹਿਬ ਵਿਚ ਆ ਗਏ ਤੇ ਸੇਵਾਦਾਰਾਂ ਲਈ ਪੱਕੇ ਕਮਰੇ ਬਣਵਾ ਦਿੱਤੇ ਹਨ। ਇਸ਼ਨਾਨ ਕਰਨ ਲਈ ਗੁਸਲਖਾਨੇ ਤੇ ਜੰਗਲ ਜਾਣ ਲਈ ਟੱਟੀਆਂ ਦਾ ਪ੍ਰਬੰਧ ਕਰਵਾ ਦਿੱਤਾ ਹੈ। ਮਸਤਾਨਗੜ੍ਹ ਦੀ ਦਲਦਲੀ ਧਰਤੀ ਨੂੰ ਅਬਾਦ ਕਰਵਾ ਇਕ ਮਾਡਰਨ ਢੰਗ ਦੀ ਕੋਠੀ ਬਣਵਾ ਦਿੱਤੀ ਹੈ। ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਪੱਕੀਆਂ ਸੜਕਾਂ ਦਾ ਜਾਲ ਵਿਛਾਕੇ ਆਵਾਜਾਈ ਨੂੰ ਸੁਖਾਲਾ ਬਣਾ ਦਿੱਤਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਭਵਨ 228x184 ਦੀ ਸ੍ਰੀ ਭੈਣੀ ਸਾਹਿਬ ਉਸਾਰੀ ਹੋ ਰਹੀ ਹੈ, ਜਿਹੜਾ ਦੇਸ਼ ਭਰ ਵਿਚ ਖ਼ਾਸ ਇਮਾਰਤਾਂ ਵਿੱਚੋਂ ਗਿਣਿਆ ਜਾਵੇਗਾ। ਇਸ ਦੇ ਨਾਲੋਂ ਨਾਲ ਥਾਈਲੈਂਡ, ਅਫਰੀਕਾ, ਯੂ.ਕੇ. ਆਦਿ ਵਿਚ ਨਾਮਧਾਰੀ ਭਵਨ ਬਣਾਉਣ ਦੀ ਸੰਗਤਾਂ ਨੂੰ ਪ੍ਰੇਰਨਾ ਦੇ ਰਹੇ ਹਨ। ਇਸੇ ਤਰ੍ਹਾਂ ਖੇਤੀਬਾੜੀ ਅਤੇ ਪਸ਼ੂ ਧਨ ਵਲ ਉਚੇਚਾ ਧਿਆਨ ਦੇ ਰਹੇ ਹਨ। ਅੰਗੂਰੀ ਖੇਤੀ, ਬਾਗ-ਬਾਣੀ ਲਈ ਬੜਾ

Sri Satguru Jagjit Singh Ji eLibrary NamdhariElibrary@gmail.com

ਉਤਸ਼ਾਹ ਹੈ। ਹੁਣ ਸਫੈਦਿਆਂ ਨਾਲ ਸ੍ਰੀ ਜੀਵਨ ਨਗਰ ਨੂੰ ਸ਼ਿੰਗਾਰਿਆ ਜਾ ਰਿਹਾ ਹੈ। ਫਸਲਾਂ ਵਾਸਤੇ ਰਸਾਇਣਕ ਖਾਦ ਦੀ ਸਖ਼ਤ ਮਨਾਹੀ ਹੈ ਅਤੇ ਗੋਹੇ ਖਾਦ ਦੀ ਹੌਸਲਾ ਅਫ਼ਜਾਈ ਕਰਦੇ ਹਨ।

**ਪ੍ਰਾਕ੍ਰਿਤਿਕ ਚਕਿਤਸਾ:** ਇਸ ਭਿਆਨਕ ਕਲਜੁਗ ਦੇ ਸਮੇਂ ਅਸੁਰੀ ਤਾਕਤਾਂ ਦਾ ਜ਼ੋਰ ਹੈ, ਮਗਰ ਸਤਿਗੁਰੂ ਜੀ ਉਨ੍ਹਾਂ ਅਦੈਵੀ ਸ਼ਕਤੀਆਂ ਦੀ ਕੰਢ ਲਾਉਣ ਵਾਤੇ ਜਤਨਸ਼ੀਲ ਹਨ। ਜਿੱਥੇ ਹੋਰ ਰਿਸ਼ੀਆਂ ਮੁਨੀਆਂ ਦੀ ਪਰੰਪਰਾ ਨੂੰ ਕਾਇਮ ਰੱਖਣ ਹਿਤ ਦਿਲਚਸਪੀ ਲੈ ਰਹੇ ਹਨ, ਉਸਦੇ ਨਾਲ ਹੀ ਸ਼ਰੀਰ ਤੰਦਰੁਸਤੀ ਵਾਸਤੇ, ਵੈਦਿਕ ਅਥਵਾ ਪ੍ਰਾਕ੍ਰਿਤਕ ਚਕਿਸਤਾ ਨੂੰ ਪਸੰਦ ਕਰਦੇ ਹਨ। ਇਸਦੇ ਪਸਾਰਨ ਦੇ ਇੱਛੁਕ ਡਾ: ਤਰਲੋਕ ਸਿੰਘ ਇੱਕ ਕਾਬਲ ਵੈਦ ਤੇ ਨੈਚਰੋਪੈਥ ਤੋਂ ਸੇਵਾ ਲੈਂਦੇ ਰਹੇ ਹਨ ਅਤੇ ਦੂਸਰੇ ਰੋਗੀਆਂ ਨੂੰ ਇਨ੍ਹਾਂ ਦੇ ਪਾਸੋਂ ਹੀ ਦਵਾ ਦਾਰੂ ਵਾਸਤੇ ਹਵਾਲੇ ਕਰਦੇ ਰਹੇ ਹਨ। ਉਨ੍ਹਾਂ ਦੇ ਚਲਾਣੇ ਪਿੱਛੋਂ ਡਾ: ਗੌਰੀ ਸ਼ੰਕਰ ਅਤੇ ਗੁਰਦੇਵ ਸਿੰਘ ਪਾਸੋਂ ਲੈ ਰਹੇ ਹਨ।

**ਖੇਡ ਪਸਾਰਨ:** ਇਨ੍ਹਾਂ ਨੇ ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਲੋਕਾਂ ਵਿਚ ਭਰਾਤਰੀ ਭਾਵ ਪੈਦਾ ਕਰਨ ਖ਼ਾਤਰ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲੇ ਵਿਚ ਬਲਾਕ ਲੈਵਲ ਤੱਕ ਟੂਰਨਾਮੈਂਟ ਚਾਲੂ ਕਰਵਾਇਆ ਜਿਹੜਾ ਹੌਲੀ ਹੌਲੀ ਡਿਸਟ੍ਰਿਕਟ ਲੈਵਲ ਤੇ ਭਾਰਤ ਪੱਧਰ ਤਕ ਪੁੱਜ ਗਿਆ। ਇਨ੍ਹਾਂ ਖੇਡਾਂ ਵਿਚ ਟੂਰਨਾਮੈਂਟਾਂ ਨਾਲੋਂ ਅਨੋਖੀ ਗੱਲ ਇਹ ਹੈ ਕਿ ਟੂਰਨਾਮੈਂਟ ਦੇ ਸਮੇਂ ਖਿਡਾਰੀਆਂ ਆਦਿ ਨੂੰ ਲੰਗਰ ਆਦਿ ਸਤਿਗੁਰੂ ਜੀ ਵੱਲੋਂ ਮਿਲਦਾ ਹੈ।

ਵਿਦਿਆਰਥੀਆਂ ਨੂੰ ਖੇਡਾਂ ਵਿਚ ਨਿਪੁੰਨ ਕਰਨ ਖ਼ਾਤਰ ਸੰਨ 1974 ਵਿਚ ਸ੍ਰ: ਪਾਲ ਸਿੰਘ ਕੋਚ ਦੀਆਂ ਸੇਵਾਵਾਂ ਲਈਆਂ, ਉਨ੍ਹਾਂ ਦੇ ਦੋ ਮਹੀਨੇ ਪਿੱਛੋਂ ਸ੍ਰ: ਇਕਬਾਲ ਪਾਲ ਸਿੰਘ ਨੂੰ ਨਿਯੁਕਤ ਕਰ ਲਿਆ। ਇਨ੍ਹਾਂ ਜਨਵਰੀ 75 ਤੋਂ ਮਈ 76 ਤੱਕ ਜਾਂਫਸ਼ਾਨੀ ਨਾਲ ਕੰਮ ਕੀਤਾ। ਉਸ ਤੋਂ ਉਪ੍ਰੰਤ ਸ੍ਰ: ਮੋਹਣ ਜੀਤ ਨੇ ਬੱਚਿਆਂ ਨੂੰ ਸੰਭਾਲਿਆ, ਜਿਨ੍ਹਾਂ ਅੱਜ ਤਕ ਬੜੇ ਉਤਸ਼ਾਹ ਨਾਲ ਕੋਚਿੰਗ ਕੀਤੀ। ਸਿੱਟਾ ਇਹ ਨਿਕਲਿਆ ਹੈ, ਇਨ੍ਹਾਂ ਦੇ ਸਿਖਾਏ ਬੱਚਿਆਂ ਨੇ ਸਭ ਟੂਰਨਾਮੈਂਟਾਂ ਵਿਚ ਨਾਮਣਾਂ ਖੱਟਿਆਂ ਤੇ ਇਨਾਮ ਪ੍ਰਾਪਤ ਕੀਤੇ। ਇਨ੍ਹਾਂ ਟੂਰਨਾਮੈਂਟਾਂ ਦੀ ਇਨਾਮ ਵੰਡ ਨਾਮੀ ਹਾਕੀ ਖਿਡਾਰੀ ਸ੍ਰ: ਪ੍ਰਿਥੀਪਾਲ ਸਿੰਘ, ਸ੍ਰ: ਬਲਦੇਵ ਸਿੰਘ ਤੇ ਸ੍ਰ: ਬਾਲ ਕਿਸ਼ਨ ਸਿੰਘ ਚੀਫ਼ ਹਾਕੀ ਕੋਚ ਨੇ ਕੀਤੀ ਮਗਰ, 1976 ਵਿਚ ਇਨਾਮ ਵੰਡਣ ਦੀ ਕ੍ਰਿਪਾਲਤਾ ਸ੍ਰੀ ਸਤਿਗੁਰੂ ਜੀ ਨੇ ਕਰ ਕਮਲਾਂ ਨਾਲ ਕਰਕੇ ਖਿਡਾਰੀਆਂ ਨੂੰ ਨਿਵਾਜਿਆ। ਅੱਜ-ਕੱਲ੍ਹ ਸ੍ਰ: ਮੇਜਰ ਸਿੰਘ ਕੋਚਿੰਗ ਦੇ ਰਹੇ ਹਨ।

ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲੇ ਦੀ ਟੀਮ ਉੱਚ ਪੱਧਰ ਦੇ ਖਿਡਾਰੀਆਂ ਤੇ ਮੰਨੀਆਂ ਪ੍ਰਮੰਨੀਆਂ ਹਸਤੀਆਂ ਦੀ ਤਵੱਜਾ ਦਾ ਕੇਂਦਰ ਉਸ ਵੇਲੇ ਬਣੀ ਜਦ ਵਿਦਿਆਲੇ ਨੇ ਜੂਨੀਅਰ ਨਹਿਰੂ ਹਾਕੀ ਟੂਰਨਾਮੈਂਟ ਵਿਚ ਹਰਿਆਣੇ ਵੱਲੋਂ 75-76 ਵਿਚ ਭਾਗ ਲਿਆ ਤੇ ਵੱਡੇ ਖਿਡਾਰੀਆਂ ਪਾਸੋਂ ਸ਼ਾਬਾਸ ਪ੍ਰਾਪਤ

Sri Satguru Jagjit Singh Ji eLibrary NamdhariElibrary@gmail.com

ਕੀਤੀ। ਵਿਦਿਆਲੇ ਦੇ ਖਿਡਾਰੀਆਂ ਨੇ ਆਪਣੇ ਪ੍ਰਾਂਤ ਹਰਿਆਣੇ ਦੀ ਸ਼ੁਹਰਤ ਨੂੰ ਨੈਸ਼ਨਲ ਚੈਂਪੀਅਨਸ਼ਿਪ 1975 ਵਿਚ ਬੈਲਗਾਮ ਵਿਖੇ ਖੇਡ ਕੇ ਚਾਰ ਚੰਨ ਲਾਏ।

ਵਿਦਿਆਲੇ ਦੇ ਖਿਡਾਰੀਆਂ ਨੇ ਹੋਰ ਛਾਲ ਮਾਰੀ ਜਦ ਹਰਿਆਣੇ ਦੀ ਟੀਮ ਨੇ 1976 ਵਿਚ ਠਾਕੁਰ ਉਦੈ ਸਿੰਘ ਦੀ ਕਮਾਨ ਹੇਠਾਂ ਮਦਰਾਸ ਵਿਚ ਜੂਨੀਅਰ ਕੌਮੀ ਹਾਕੀ ਚੈਂਪੀਅਨਸ਼ਿਪ ਖ਼ਾਤਰ ਸਟੇਟ ਵੱਲੋਂ ਫੰਡ ਦੇ ਥੁੜ ਕਾਰਨ, ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਮਾਲੀ ਸਹਾਇਤਾ ਪ੍ਰਾਪਤ ਕਰ ਖੇਡ ਖੇਡੀ ਤੇ ਹਰਿਆਣੇ ਪ੍ਰਾਂਤ ਨੂੰ ਹੋਰ ਚਮਕਾਇਆ ਤੇ ਸਾਲ 1979 ਵਿਚ 15 ਸਾਲਾਂ ਦੀ ਉਮਰ ਦੇ ਬੱਚਿਆਂ ਦੇ ਮੁਕਾਬਲੇ ਵਿਚ ਭਾਰਤ ਦੀ ਚੈਂਪੀਅਨਸ਼ਿਪ ਜਲੰਧਰ ਵਿਚ ਪ੍ਰਾਪਤ ਕੀਤੀ।

ਬੜੇ ਮਾਣ ਨਾਲ ਕਹਿਣਾ ਪੈਂਦਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠਾਂ ਨਾਮਧਾਰੀ ਨੌਜਵਾਨ ਖੇਡਾਂ ਦੇ ਮੈਦਾਨ ਵਿਚ ਛਾਲਾਂ ਮਾਰਦੇ ਅਗਾਂਹ ਵੱਧ ਰਹੇ ਹਨ। ਜੰਮੂ ਦੇ ਨਾਮਧਾਰੀ ਨੌਜਵਾਨ ਹਾਕੀ ਤੇ ਜਮਨੇਜ਼ਿਅਮ ਵਿਚ ਮਲਾਂ ਮਾਰ ਰਹੇ ਹਨ ਤੇ ਆਪਣੇ ਪ੍ਰਾਂਤ ਜੰਮੂ ਕਸ਼ਮੀਰ ਵਾਸਤੇ ਨਾਮ ਪੈਦਾ ਰਹ ਰਹੇ ਹਨ। ਦਿੱਲੀ ਤੋਂ ਕਾਕਾ ਬਲਵੰਤ ਸਿੰਘ ਨੇ ਬੈਡਮਿੰਟਨ ਦੀ ਖੇਡ ਵਿਚ ਦਿੱਲੀ ਦੀ ਪ੍ਰਤੀਨਿਤਾ ਕਰਕੇ ਬਹੁਤ ਸਾਰੇ ਇਨਾਮ ਪ੍ਰਾਪਤ ਕੀਤੇ ਸਨ।

ਨਾਮਧਾਰੀ ਵਿਦਿਅਕ ਜਥਾ ਸ੍ਰੀ ਜੀਵਨ ਨਗਰ ਨੇ ਉੱਤਰੀ ਰੇਲਵੇ ਦੀ ਟੀਮ ਨੂੰ ਗੁਰੂ ਨਾਨਕ ਟੂਰਨਾਮੈਂਟ ਵਿਚ ਪਛਾੜ ਕੇ, ਸਭ ਪਾਸਿਆਂ ਤੋਂ ਬੱਲੇ ਬੱਲੇ ਹਾਸਲ ਕੀਤੀ। ਹੁਣ ਵਿਦਿਆਲੇ ਦੀਆਂ ਟੀਮਾਂ ਨੂੰ ਵਧੇਰੇ ਯੋਗ ਬਣਾਉਣ ਖ਼ਾਤਰ ਪੰਜਵੀਂ ਤੋਂ ਵਿਦਿਆਰਥੀ ਚੁਣੇ ਗਏ ਹਨ ਅਤੇ ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ ਹੈ, ਕਿਉਂਕਿ ਇਲਾਕੇ ਵਿਚ ਮੁਕਾਬਲੇ ਹਿਤ ਟੀਮਾਂ ਨਹੀਂ ਮਿਲਦੀਆਂ। ਹੁਣ ਦੋ ਕੋਚਾਂ ਦੀਆਂ ਯੋਗ ਸੇਵਾਵਾਂ ਲਈਆਂ ਗਈਆਂ ਹਨ। ਇੱਕ ਹਾਕੀ ਤੇ ਦੂਸਰਾ ਐਥਲੇਟਿਕਸ ਵਾਸਤੇ ਤਾਂਕਿ ਹਾਕੀ ਦੇ ਨਾਲ ਨਾਲ ਨੱਸਣ, ਭਜਣ, ਗੋਲਾ ਛਾਲਾਂ ਆਦਿ ਵਿਚ ਵੀ ਮੁਹਾਰਤ ਹੋਵੇ।

ਕੂਕੇ ਖਿਡਾਰੀਆਂ ਦੀ ਵਿਲੱਖਣਤਾ ਇਹ ਹੈ ਕਿ ਇਹ ਸ਼ੇਰਾਂ ਦੇ ਬੱਚੇ ਚਿੱਟੇ ਬਸਤਰ ਰੱਖਦੇ ਹਨ। ਤੇੜ ਕਛਹਿਰਾ ਤੇ ਸਿਰ ਤੇ ਸਿੱਧੀ ਦਸਤਾਰ। ਇਹ ਪੱਕੇ ਵੈਸ਼ਨੋ ਹਨ, ਇੱਥੋਂ ਤੱਕ ਕਿ ਚਾਹ ਦੀ ਵਰਤੋਂ ਕਰਨੋਂ ਵੀ ਸੰਕੋਚ ਕਰਦੇ ਹਨ।

ਗ਼ਰੀਬ ਨਿਵਾਜ਼ ਜੀ ਦੇ ਰੂਹਾਨੀ ਵਿਹਾਰਾਂ ਨਾਲੋਂ ਦੁਨਿਆਵੀ ਕੰਮ ਕਾਜ ਵੀ ਕੋਈ ਘੱਟ ਨਹੀਂ। ਕਿਸੇ ਦਾ ਝਗੜਾ ਨਿਬੇੜ। ਕਿਸੇ ਨੂੰ ਦਵਾ ਦਾਰੂ ਦੇ, ਕਿਸੇ ਦੀਆਂ ਉਲਝਣਾਂ ਦੂਰ ਕਰ, ਕਿਸੇ ਵਿਆਹ ਵਿਚ ਸਲਾਹ ਮਸ਼ਵਰਾ ਦੇ, ਕਿਸੇ ਦੀ ਰਾਜਸੀ ਗੁੰਝਲ ਦੂਰ ਕਰਨ ਦੇ ਆਹਰ ਵਿਚ ਸਵੇਰ ਤੋਂ ਲੈ ਕੇ ਸ਼ਾਮ ਤੱਕ ਲੱਗੇ ਰਹਿੰਦੇ ਹਨ। ਜੀਵਨ ਨਗਰ ਦੇ ਇਲਾਕੇ ਵਿਚ 1962 ਵਿਚ ਘੱਗਰ ਨਦੀ ਵਿਚ ਹੜ ਆ ਗਿਆ। ਪਿੰਡਾਂ ਦੇ ਪਿੰਡ ਪਾਣੀ ਦੀ ਮਾਰ ਥੱਲੇ ਚਲੇ

ਗਏ। ਆਪ ਵੀ ਇਲਾਕੇ ਦੇ ਹਾਲਤ ਨੂੰ ਵੇਖਣ ਖ਼ਾਤਰ ਸੇਵਕਾਂ ਨਾਲ ਦੌਰਾ ਅਰੰਭਿਆ। ਉਸ ਹੜ ਸਮੇਂ ਅਮਰਾਸਰ ਨਗਰ ਦੇ ਸਿੰਘ, ਨਦੀ ਨਾਲ ਘੁਲਦੇ ਹਫ ਟੁੱਟ ਗਏ ਸਨ। ਨਰ-ਨਾਰੀਆਂ ਦੇ ਚੇਹਰੇ ਤੇ ਮੁਰਦਨੀ ਛਾਈ ਜਾ ਰਹੀ ਸੀ। ਕਿ ਪਾਣੀ ਘਰਾਂ ਘਰਾਂ ਵਿਚ ਆਇਆ ਕਿ ਆਇਆ। ਇਤਨੇ ਨੂੰ ਗ਼ਰੀਬ ਨਿਵਾਜ਼ ਜੀ ਦਰਸ਼ਨ ਦਿੱਤੇ। ਸਿੰਘਾਂ ਦੇ ਮਨ ਹਰੇ ਹੋ ਗਏ ਚਿਹਰਿਆਂ ਤੇ ਲਾਲੀਆਂ ਦੌੜਨ ਲੱਗ ਪਈਆਂ, ਉਨ੍ਹਾਂ ਚਰਨੀ ਹੱਥ ਲਾਏ। ਗ਼ਰੀਬ ਨਿਵਾਜ਼ ਜੀ ਹੱਲਾਸ਼ੇਰੀ ਦਿੱਤੀ। ਆਪ ਪ੍ਰਤਾਪ ਨਗਰ ਚਲੇ ਗਏ। ਉੱਥੋਂ ਸਿੰਘਾਂ ਦੀ ਫ਼ੌਜ ਲੈ ਮੁੜੇ। ਸਭ ਜੈਕਾਰੇ ਛੱਡਦੇ ਜੁੱਟ ਪਏ। ਪਾਣੀ ਸਿੰਘਾਂ ਦੇ ਹੱਲੇ ਦੀ ਤਾਬ ਨਾ ਝਲ ਸਕਿਆ। ਉਸ ਦੇ ਪੈਰ ਹਿਲ ਗਏ। ਵਿਚਾਰਾ ਮੂੰਹ ਦਾ ਖਾ ਪਿਛਾਂਹ ਪਰਤ ਪਿਆ। ਸਿੰਘਾਂ ਸਤਿਗੁਰੂ ਜੀ ਦਾ ਧੰਨਵਾਦ ਕਰਦਿਆਂ ਘਰੀਂ ਜਾ ਵਧਾਈਆਂ ਦਿੱਤੀਆਂ।

ਗ਼ਰੀਬ ਨਿਵਾਜ਼ ਜੀ ਇਸੇ ਵਾਸਤੇ ਆਖਿਆ ਜਾਂਦਾ ਹੈ ਕਿ ਇਹ ਗ਼ਰੀਬ ਅਨਾਥਾਂ ਦਾ ਹਰ ਸਮੇਂ ਖ਼ਿਆਲ ਰਖਦੇ ਹਨ। ਆਪ ਨੇ ਸ੍ਰੀ ਜੀਵਨ ਨਗਰ ਵਿਚ ਇੱਕ ਬਿਰਦ ਸ਼ਾਲਾ ਕਾਇਮ ਕਰ ਦਿੱਤੀ। ਹੁਣ ਇਹ ਬਿਰਧ ਸ਼ਾਲਾ ਸ੍ਰੀ ਭੈਣੀ ਸਾਹਿਬ ਵਿਚ ਹੈ। ਉਸ ਵਿਚ 80, 90, 100 ਸਾਲ ਤਕ ਦੇ ਬਿਰਧਾਂ ਦੀ ਸੇਵਾ ਹੋ ਰਹੀ ਹੈ। ਬਿਰਧਾਂ ਦੀ ਘਰ ਨਾਲੋਂ ਵੱਧ ਸੇਵਾ ਹੁੰਦੀ ਹੈ। ਜਦ ਵੀ ਗ਼ਰੀਬ ਨਿਵਾਜ਼ ਸੰਗਤਾਂ ਨੂੰ ਦਰਸ਼ਨ ਦੇ ਕੇ ਸ੍ਰੀ ਜੀਵਨ ਨਗਰ ਪਧਾਰਦੇ ਹਨ। ਤਾਂ ਸਭ ਤੋਂ ਪਹਿਲਾਂ ਇਸ ਬਿਰਧ ਸ਼ਾਲਾ ਜਾਂਦੇ ਹਨ। ਬਿਰਧ ਵੀ ਦਰਸ਼ਨ ਕਰਕੇ ਟਹਿਲ ਉਠਦੇ ਹਨ। ਇੱਥੇ ਇੱਕ ਮਜਬਨ ਮਾਈ ਜਸ ਕੌਰ 80 ਸਾਲਾ ਹੈ। ਉਸਦੀਆਂ ਲੱਤਾਂ ਜਵਾਬ ਦੇ ਗਈਆਂ, ਉਸਦਾ ਉਠਣਾ, ਬੈਠਣਾ, ਮੁਹਾਲ ਹੋ ਗਿਆ, ਉਹ ਵਿਚਾਰੀ ਆਪਣੀ ਕੁੱਟੀਆ ਵਿਚ ਹੀ ਦਿਨ ਗੁਜਾਰਨ ਲੱਗ ਪਈ। ਗ਼ਰੀਬ ਨਿਵਾਜ਼ ਜੀ ਉਸਦੀ ਖ਼ਾਤਰ ਇਕ ਸੇਵਾਦਾਰਨੀ ਨਿਯੁਕਤ ਕਰ ਦਿੱਤੀ। ਪਰ ਫਿਰ ਵੱਖਰੀ ਪਈ ਦੀ ਵੀ ਆਪ ਜਾਕੇ ਸਾਰ ਲੈਂਦੇ। ਜਸ ਕੌਰ ਮਰਦੀ ਮਰਦੀ ਮੁੜ ਜੀਉਂ ਪੈਂਦੀ। ਇਕ ਵਾਰ ਕੁਝ ਰੁਝੇਵਿਆਂ ਕਾਰਨ ਮਾਈ ਕੋਲ ਜਾ ਨਾ ਸਕੇ ਤੇ ਗੱਡੀ ਵਿਚ ਬੈਠਣ ਲੱਗਿਆਂ ਨੰਬਰਦਾਰ ਅਮਰ ਸਿੰਘ ਨੂੰ ਉਚੇਚੇ ਬੁਲਾ ਕੇ ਆਖਿਆ 'ਅਮਰ ਸਿੰਘਾਂ! ਤੂੰ ਜਸ ਕੌਰ ਕੋਲ ਜਾਵੀਂ ਤੇ ਵੇਖੀਂ ਕਿਤੇ ਉਸਦੇ ਨਹੁੰ ਤਾਂ ਨਹੀਂ ਵੱਧ ਗਏ। ਜੇ ਵੱਧੇ ਹੋਣ ਤਾਂ ਲੁਹਾ ਦੇਵੀਂ।' ਸਰੋਤਾ ਜਨ ਇਹ ਸੁਣ ਸੱਜਣ ਨੇਤਰ ਹੋ ਗਏ। ਤੇ ਧੰਨ ਧੰਨ ਕਹੇ ਬਿਨਾ ਨਾ ਰਹਿ ਸਕੇ।

ਰਘਬੀਰ ਸਿੰਘ, ਮਾਤਾ ਜੀ ਦੇ ਡਰਾਇਵਰ ਨੇ ਇਸੇ ਤਰ੍ਹਾਂ ਦੀ ਇੱਕ ਘਟਨਾ ਸੁਣਾਈ ਕਿ ਗ਼ਰੀਬ ਨਿਵਾਜ਼ ਜੀ ਅਫਰੀਕਾ ਦੀ ਧਰਤੀ ਨੂੰ ਤਾਰ ਰਹੇ ਸਨ। ਉੱਥੇ ਭੈਣੀ ਸਾਹਿਬ ਅਰਜੈਂਟ ਕਾਲ ਆਈ ਕਿ ਬਾਬਾ ਆਸਾ ਸਿੰਘ ਨੂੰ ਮੱਛਰਦਾਨੀ ਲੈ ਕੇ ਦਿੱਤੀ ਜਾਵੇ। ਜਦ ਮੈਂ ਉਸ ਕੋਲ ਗਿਆ ਸਾਂ ਤਾਂ ਮੱਛਰਦਾਨੀ ਪਾਟੀ ਹੋਈ ਸੀ। ਉਸਦੇ ਵਾਸਤੇ ਮੱਛਰਦਾਨੀ ਦਾ ਛੇਤੀ ਤੋਂ ਛੇਤੀ

Sri Satguru Jagjit Singh Ji eLibrary NamdhariElibrary@gmail.com

ਪ੍ਰਬੰਧ ਕੀਤਾ ਜਾਵੇ। ਰਘਬੀਰ ਸਿੰਘ ਪਾਸੋਂ ਇਹ ਵਾਰਤਾ ਸੁਣ ਮੇਰਾ ਮਨ ਗਦ ਗਦ ਹੋ ਉਠਿਆ ਕਿ ਗ਼ਰੀਬ ਨਿਵਾਜ਼ ਜੀ ਲੋੜਵੰਦਾਂ ਦਾ ਕਿਤਨਾ ਖ਼ਿਆਲ ਰੱਖਦੇ ਹਨ। ਕਿੱਥੇ ਅਫਰੀਕਾ ਤੇ ਕਿੱਥੇ ਸ੍ਰੀ ਭੈਣੀ ਸਾਹਿਬ। ਕੇਵਲ ਬਿਰਧ ਦੀ ਮੱਛਰਦਾਨੀ ਵਾਸਤੇ ਕਿੰਨਾ ਖ਼ਰਚ ਕਰਕੇ ਹੁਕਮ ਕੀਤਾ ਏ।

ਸ੍ਰ: ਭਗਵਾਨ ਸਿੰਘ ਦਿੱਲੀ ਵਿਚ ਚੰਗੇ ਕਾਰੋਬਾਰੀ ਸਨ। ਉਨ੍ਹਾਂ ਦਾ ਕਾਰਿੰਦਾ ਉਨ੍ਹਾਂ ਨੂੰ ਧੋਖਾ ਦੇ ਗਿਆ। ਲੱਖਾਂ ਦੀ ਫਰਮ ਫੇਲ੍ਹ ਹੋ ਗਈ ਭਗਵਾਨ ਸਿੰਘ ਚਿੰਤਾ ਦੇ ਸਮੁੰਦਰ ਵਿਚ ਲੜਖੜਾਂਦਾ ਜਾ ਡਿੱਗਾ। ਗ਼ਮਾਂ ਦੇ ਬੱਦਲਾਂ ਨੇ ਘੇਰਾ ਪਾ ਲਿਆ। ਰਾਜੌਰੀ ਗਾਰਡਨ ਆਪਣੇ ਘਰ ਜਾਕੇ ਲੇਟ ਗਿਆ। ਸਤਿਗੁਰੂ ਜੀ ਨੂੰ ਪਤਾ ਲੱਗਾ ਝੱਟ ਉਸਦੇ ਘਰ ਗਏ। ਦਰਵਾਜ਼ੇ ਦੇ ਨਾਲ ਕਾਰ ਖੜੀ ਕਰਕੇ ਹਾਰਨ ਦੇ ਰਵਾਂ ਰਵੀਂ ਅੰਦਰ ਚਲੇ ਗਏ। ਭਗਵਾਨ ਸਿੰਘ ਸਤਿਗੁਰਾਂ ਦੇ ਦਰਸ਼ਨ ਕਰ ਅੱਗੋਂ ਉੱਠ ਚਰਨਾਂ ਤੇ ਨਮਸਕਾਰ ਕੀਤੀ। ਗ਼ਰੀਬ ਨਿਵਾਜ਼ ਜੀ ਵਚਨ ਕੀਤਾ, 'ਭਗਵਾਨ ਸਿੰਘ! ਘਬਰਾਇਆ ਹੋਇਆਂ ਏ!' 'ਸੱਚੇ ਪਾਤਸ਼ਾਹ ਬੜੀ ਸੱਟ ਵੱਜੀ ਏ ਚਿੰਤਾ ਚਿੰਬੜ ਗਈ ਏ।' ਇਹ ਸੁਣਦਿਆਂ ਗ਼ਰੀਬ ਨਿਵਾਜ਼ ਜੀ ਤਰੁਠ ਪਏ ਤੇ ਆਪਣੀ ਝੋਲੀ ਅੱਡ ਕਿਹਾ, 'ਲਿਆ ਚਿੰਤਾ, ਪਾ ਮੇਰੀ ਝੋਲੀ ਮੈਨੂੰ ਵਿਹਲੇ ਨੂੰ ਕੋਈ ਕੰਮ ਨਹੀਂ। ਤੂੰ ਨਿਸ਼ਚਿੰਤ ਹੋ ਜਾ।' ਸੱਚੇ ਪਾਤਸ਼ਾਹ ਇਹ ਕਹਿ ਵਾਪਸ ਮੁੜ ਆਏ, ਭਗਵਾਨ ਸਿੰਘ ਅੰਦਰੋਂ ਬਾਹਰੋਂ ਫੁਲ ਹੋ ਗਿਆ। ਕਰਨਾਲ ਆਪਣੀ ਜ਼ਮੀਨ ਤੇ ਚਲਾ ਗਿਆ ਚਿੰਤਾ ਪਤਾ ਨਹੀਂ ਕਿਹੜੇ ਖੂਹੇ ਖਾਤੇ ਜਾ ਡੁੱਬੀ। ਭਗਵਾਨ ਸਿੰਘ ਦੇ ਅੱਜ ਟਰੈਕਟਰ ਚਲਦੇ ਹਨ। ਦੁੱਧ ਮੱਖਣ ਦੀਆਂ ਨਦੀਆਂ ਚਲਦੀਆਂ ਹਨ, ਘਰ ਸਵਰਗ ਬਣਿਆ ਹੋਇਆ ਹੈ। ਆਏ ਗਏ ਸਾਧ ਦੀ ਚੰਗੀ ਸੇਵਾ ਹੁੰਦੀ ਹੈ।

**ਹਸਮੁਖ ਸੁਭਾਅ:** ਸਤਿਗੁਰੂ ਜੀ ਜਦ ਬਚਨ ਕਰਦੇ ਹਨ ਤਾਂ ਖਿੜੇ ਮੱਥੇ। ਕਿਸੇ ਦੀ ਗ਼ਲਤੀ ਵੀ ਦਰਸਾਨੀ ਹੋਵੇ ਤਾਂ ਪੁਸ਼ਪ ਵਰਸ਼ਾ ਕਰਦਿਆਂ ਤਾਂ ਕਿ ਕਿਸੇ ਦੇ ਮਨ ਵਿਚ ਔਖਿਆਈ ਪ੍ਰਤੀਤ ਨਾ ਹੋਵੇ। ਸੰਤ ਸੁਰਜਨ ਸਿੰਘ ਜੀ ਜੀਵਨ ਨਗਰ ਵਿਚ ਪੂਰਨ ਸੰਤ ਸਨ। ਉਹ ਦੀਵਾਨ ਵਿੱਚੋਂ ਉੱਠ ਡਿਉੜੀ ਵਲ ਬਾਹਰ ਜਾ ਰਹੇ ਸਨ। ਗੱਲ ਵਿਚ ਮੈਲਾ ਜਿਹਾ ਕੁੜਤਾ ਸੀ। ਸੰਤ ਮੱਥਾ ਟੇਕ ਕੇ ਉੱਠੇ ਆਪ ਬੋਲੇ 'ਸੰਤ ਜੀ! ਤੁਹਾਡਾ ਕੁੜਤਾ ਮੈਨੂੰ ਬੜਾ ਪਿਆਰਾ ਲੱਗਦਾ ਹੈ ਮੈਨੂੰ ਦੇ ਦਿਉ।' ਸੰਤ ਸਮਝ ਗਏ, ਅੱਖਾਂ ਨੀਵੀਆਂ ਕਰ ਅਰਜ ਕੀਤੀ 'ਸੱਚੇ ਪਾਤਸ਼ਾਹੋ' ਘੌਲ ਹੀ ਹੋ ਗਈ ਹੈ। ਇੱਕ ਸਾਧ ਇਸਨੂੰ ਧੋਣ ਵਾਸਤੇ ਕਹਿ ਰਿਹਾ ਸੀ ਪਰ ਮੇਰੇ ਵੱਲੋਂ ਹੀ ਢਿੱਲ ਹੋ ਰਹੀ ਹੈ। ਅਵਤਾਰ ਸਿੰਘ ਦਿੱਲੀ ਪ੍ਰੈਸ ਲੈਣਾ ਚਾਹੁੰਦੇ ਸਨ। ਮਗਰ ਹੱਥ ਤੰਗ ਸੀ। ਚਰਨਾਂ ਵਿਚ ਹਾਜਰ ਹੋ ਅਰਜ਼ ਕੀਤੀ। ਜਾਣੀ ਜਾਣ ਸਤਿਗੁਰੂ ਜੀ ਮੁਸਕਰਾਂਦਿਆਂ ਕਿਹਾ 'ਪਟਨੇ ਵਾਲੀ ਮਾਸੀ ਚਾਹੀਦੀ ਆ?' (ਅਵਤਾਰ ਸਿੰਘ ਦੀ ਮਾਸੀ ਦਾ ਨਾਮ ਮਾਇਆ ਏ।) ਗ਼ਰੀਬ ਨਿਵਾਜ਼ ਪ੍ਰੈਸ ਲਗਾਉਣਾ ਏ। 'ਚੰਗਾ! ਇੱਕ ਮਾਲਾ

Sri Satguru Jagjit Singh Ji eLibrary NamdhariElibrary@gmail.com

ਭਜਨ ਤੇ ਇੱਕ ਮਾਲਾ ਭਗਉਤੀਆਂ ਦੀ ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਿਆ ਕਰ। ਕਾਰਜ ਰਾਸ ਹੋਣਗੇ।' ਸੱਚੇ ਪਾਤਸ਼ਾਹ ਮੈਨੂੰ ਤਾਂ ਹੁਣ ਚਾਹੀਦੀ ਏ 'ਮੇਰੇ ਕੋਲ ਤਾਂ ਏਹੋ ਖਜ਼ਾਨਾ ਹੈ। ਜੇ ਬਹੁਤ ਕਾਹਲੀ ਆ ਤਾਂ ਮਹਾਰਾਜ ਬੀਰ ਸਿੰਘ ਜੀ ਨੂੰ ਪੁੱਛ ਲੈ।' ਮੱਥਾ ਟੇਕ ਨਿੰਮੂਝੂਣ ਹੋਇਆ ਪਿਛਾਂਹ ਹਟਿਆ। ਸਵੇਰਸਾਰ ਮਾਲਾ ਫੇਰੀ ਤੇ ਅਰਦਾਸ ਕੀਤਾ। ਬਸ ਪ੍ਰੈਸ ਵਾਲੇ ਮਗਰ ਮਗਰ ਫਿਰਨ ਕੌੜੀਆਂ ਦੇ ਭਾਅ ਪ੍ਰੈਸ ਮਿਲ ਗਿਆ।

ਹੁਣ ਵੱਡੀ ਪ੍ਰੈਸ ਖ਼ਰੀਦ ਲਈ ਹੈ। ਮਾਇਆ ਹੀ ਮਾਇਆ ਅੱਗੇ ਪਿੱਛੇ ਫਿਰਦੀ ਹੈ।

ਸੰਨ 1952-53 ਵਿਚ ਲੇਖਕਦ ਦੇ ਜਿੰਮੇ ਸਤਿਜੁਗ ਅਖ਼ਬਾਰ ਦੀ ਸੇਵਾ ਸੀ। ਅੱਖਰ ਕੁਝ ਘਸੇ ਹੋਏ ਸਨ। ਟਾਈਪ ਸਾਫ਼ ਨਹੀਂ ਸੀ, ਸਤਿਜੁਗ ਦਾ ਪਰਚਾ ਵੇਖ ਕਹਿਣ ਲੱਗੇ। 'ਅਖ਼ਬਾਰ ਮਾਸਟਰ ਦੀ ਦਾੜ੍ਹੀ ਨਾਲ ਮੇਲ ਖਾਂਦੀ ਹੈ।'

**ਅਪਰ ਅਪਾਰ:** ਇਸਦੀ ਮਹਿਮਾ ਕਥੀ ਨਹੀਂ ਜਾ ਸਕਦੀ। ਇਸ ਬਾਰੇ ਵੀ ਇੱਕ ਘਟਨਾ ਇੱਥੇ ਵਰਨਣ ਯੋਗ ਹੈ। ਜਦ ਮੈਂ ਸੱਚੇ ਪਾਤਸ਼ਾਹ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਦੀ ਹਾਕੀ ਟੀਮ' ਦੀ ਸੇਵਾ ਕਰਦਾ ਸਾਂ, ਤਾਂ ਮੇਰੀ ਸਿੱਖਣੀ ਛੁੱਟੀ ਲੈ ਘਰ ਆਉਣ ਵਾਸਤੇ ਜ਼ੋਰ ਪਾਇਆ ਕਰਦੀ ਸੀ। ਇੱਕ ਪ੍ਰਕਾਰ ਦੀ ਉਸਨੂੰ ਖਪਤ ਸੀ ਜਦ ਦਿੱਲੀ ਜਾਵਾਂ ਇਹੋ ਰਟ, 'ਘਰ ਆਓ ਛੁੱਟੀ ਲੈ ਕੇ ਘਰ ਆਓ' ਇੱਕ ਸਮੇਂ ਮੈਂ ਦਿੱਲੀ ਸਾਂ ਤਾਂ ਉਹ ਮੈਨੂੰ ਇੱਕ ਜੋਤਸ਼ੀ ਵਲ ਲੈ ਟੁਰੀ, ਕਿ ਪਤਾ ਕਰੀਏ ਕਿ ਛੁੱਟੀ ਕਦ ਮਿਲੇਗੀ। ਇਹ ਪੰਡਿਤ ਜੀ ਮਹੀਨੇ ਦੇ ਮਹੀਨੇ ਨਾਮਧਾਰੀ ਫਰਮ ਤੋਂ ਕੁਝ ਸਹਾਇਤਾ ਲੈ ਜਾਇਆ ਕਰਦੇ ਸਨ। ਮੇਰੀ ਸਿੱਖਣੀ ਉਨਾਂ ਨੂੰ ਜਾਣਦੀ ਸੀ। ਅਸੀਂ ਦੋਵੇਂ ਉਸਦੇ ਕੋਲ ਪੜਪੜ ਗੰਜ ਵਾਲੇ ਆਸ਼ਰਮ ਗਏ। ਉਸ ਨੇ ਬੜੇ ਪ੍ਰੇਮ ਵਖਾਇਆ ਤੇ ਆਦਰ ਦੇ ਨਾਲ ਬਿਠਾਇਆ ਤੇ ਪੁੱਛਿਆ ਕਿਵੇਂ? ਮੇਰੀ ਸਿੱਖਣੀ ਨੇ ਕਿਹਾ 'ਪੰਡਿਤ ਜੀ ਕੁਝ ਟੇਵਾ ਲਵਾਣਾ ਏ। ਮੇਰੇ ਵਲ ਇਸ਼ਾਰਾ ਕਰਦਿਆਂ ਪੁੱਛਿਆ ਕਿ ਇਨ੍ਹਾਂ ਨੂੰ ਕੱਦ ਛੁੱਟੀ ਮਿਲੇਗੀ'। ਉਸਨੇ ਮੇਰਾ ਨਾਉਂ ਥਾਂ ਪੁੱਛਿਆ, ਉਮਰ ਪੁੱਛੀ ਘੜੀ ਤੇ ਵਕਤ ਵੇਖਿਆ ਤੇ ਪਤਰੀ ਫੋਲੀ, ਸਲੇਟ ਕੱਢੀ, ਪੈਂਸਿਲ ਨਾਲ ਕੁਝ ਜੋੜ ਜਮਾਂ ਕੀਤਾ ਤੇ ਮੇਰੇ ਵਲ ਤਕਿਆ। ਮੁੜ ਪੱਤਰੀ ਵਲ ਫੇਰ ਮੇਰੇ ਵਲ ਝਾਕਿਆ ਤੇ ਕਿਹਾ, ਤੁਸੀਂ ਮੈਨੂੰ ਦੱਸੋ ਇਹ ਕਿੱਥੇ ਤੇ ਕੀ ਕੰਮ ਕਰਦੇ ਨੇ? ਮੇਰੇ ਹਿਸਾਬ ਤੋਂ ਕੁਝ ਬਾਹਰ ਹੈ। ਜਿਨ੍ਹਾਂ ਕੋਲ ਇਹ ਕੰਮ ਕਰਦੇ ਹਨ ਉਹ ਮੇਰੀ ਕਲਮ ਹੇਠਾਂ ਨਹੀਂ ਆਉਂਦੇ। ਇਨ੍ਹਾਂ ਦੀ ਸਾਦਗੀ ਵਲ ਵੇਖਦਾ ਹਾਂ, ਉਨ੍ਹਾਂ ਬਾਰੇ ਅਕਲਾਂ ਦੇ ਘੋੜੇ ਦੌੜਾਂਦਾ ਹਾਂ ਤਾਂ ਚਕ੍ਰਿਤ ਹੋ ਜਾਂਦਾ ਹਾਂ ਕਿ ਕੀ ਦੱਸਾਂ ਕੀ ਨਾ ਦੱਸਾਂ। ਜਦ ਉਸਨੂੰ ਇਹ ਦੱਸਿਆ ਕਿ ਇਨ੍ਹਾਂ ਦੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਸਤਿਗੁਰੂ ਜਗਜੀਤ ਸਿੰਘ ਜੀ ਹਨ। ਉਨ੍ਹਾਂ ਦੇ ਪੂਜ ਪਿਤਾ ਜੀ ਹਰਿਆਣੇ ਵਿਚ ਸਰਸੇ ਦੇ ਲਾਗੇ, ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਸ੍ਰੀ ਗੁਰੂ ਹਰੀ ਸਿੰਘ ਮਹਾਂ

Sri Satguru Jagjit Singh Ji eLibrary NamdhariElibrary@gmail.com

ਵਿਦਿਆਲਾ ਚਾਲੂ ਕੀਤਾ, ਜਿਸ ਨੂੰ ਸੱਚੇ ਪਾਤਸ਼ਾਹ ਚਲਾ ਰਹੇ ਹਨ, ਇਹ ਉਸ ਵਿਚ ਮੈਨੇਜਰ ਦੇ ਤੌਰ ਤੇ ਕੰਮ ਕਰਦੇ ਹਨ। ਤਾਂ ਪੰਡਿਤ ਜੀ ਇਹ ਸੁਣਦਿਆਂ ਮੇਰੇ ਵਲ ਹੱਥ ਜੋੜ ਸਿਰ ਨੀਵਾਂ ਕੀਤਾ ਤੇ ਆਖਿਆ, 'ਮੇਰੇ ਧੰਨ ਭਾਗ ਇਨ੍ਹਾਂ ਦੇ ਦਰਸ਼ਨ ਹੋਏ। ਮੇਰਾ ਹਿਸਾਬ ਬਿਲਕੁਲ ਠੀਕ ਹੈ। ਉਸ ਮਹਾਨ ਹਸਤੀ ਬਾਰੇ ਮੇਰੇ ਅੱਖਰ ਕੁਝ ਵਰਨਣ ਨਹੀਂ ਕਰ ਸਕਦੇ। ਮੇਰੀ ਗੱਲ ਯਾਦ ਰਖਿਓ, ਉਨ੍ਹਾਂ ਦੀ ਆਗਿਆ ਬਿਨਾਂ ਘਰ ਨਹੀਂ ਆਉਣਾ, ਦੁੱਖ ਪਾਉਗੇ, ਜੇ ਖ਼ੁਸ਼ੀਆਂ ਨਾਲ ਛੁੱਟੀ ਦੇਣ ਤਾਂ ਘਾਟਾ ਨਹੀਂ ਰਹਿੰਦਾ, ਸਦਾ ਲਹਿਰ ਬਹਿਰ। ਉਸ ਨੂੰ ਮਨੁੱਖ ਨਾ ਜਾਣੋ, ਉਸਦੀ ਮਹਿਮਾ ਅਪਰ ਅਪਾਰ।'

ਪੰਡਿਤ ਰਜਿੰਦਰ ਸਿੰਘ ਗੁਰੂਸਰ ਸਤਿਗੁਰੂ ਜੀ ਦੇ ਬਾਲ ਮਿੱਤਰ ਤੇ ਸਹਿਪਾਠੀ ਰਹੇ ਹਨ। ਪੰਡਿਤ ਜੀ ਬਾਲ ਚਿੱਤਰਾਂ ਨੂੰ ਵਰਨਣ ਕਰਦਿਆਂ ਦੱਸਿਆ ਕਿ ਇੱਕ ਦਿਨ ਇੱਕ ਸੱਜਣ ਨੇ ਇਨ੍ਹਾਂ ਅੱਗੇ ਹੱਥ ਜੋੜ ਪੁੱਛਿਆ, 'ਠਾਕਰੋ ਤੁਹਾਡਾ ਨਾਂ ਕੀ ਹੈ?' ਤਾਂ ਅੱਗੋਂ ਮਿੱਠੀ ਜਿਹੀ ਮੁਸਕਾਨ ਨਾਲ ਕਿਹਾ:-

**ਅਗਸਤ ਆਦਿ ਜੇ ਬਡੇ ਤਪਸਪਤੀ ਵਿਸੇਖੀਐ।**
**ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ।**

Sri Satguru Jagjit Singh Ji eLibrary NamdhariElibrary@gmail.com

## ਕੱਲਰਾਂ ਵਿਚ ਕੌਲ

ਵਾਹ! ਵਾਹ!! ਵਾਹ!!!

ਸਤਿਗੁਰੂ! ਸਤਿਗੁਰੂ!! ਸਤਿਗੁਰੂ!!!

ਤੇਰੀਆਂ ਬਖਸ਼ਾਂ! ਤੇਰੀਆਂ ਮਿਹਰਾਂ!! ਤੇਰੀਆਂ ਰਹਿਮਤਾਂ!!!

ਪਰ ਇਹ ਦਾਤਾਂ ਅੱਖਾਂ ਵਾਲਿਆਂ ਨੂੰ ਮਿਲਦੀਆਂ ਹਨ। ਕਈਆਂ ਨੂੰ ਅੱਖਾਂ ਹੁੰਦੀਆਂ ਵੀ ਜਾਨਣ ਨਹੀਂ ਹੁੰਦਾ। ਬੁੱਧੀ ਦੇ ਹੁੰਦਿਆਂ ਵੀ ਬੁੱਧੀਹੀਨਤਾ ਦਾ ਕੋਟ ਦੁਆਲੇ ਚੜ੍ਹ ਜਾਂਦਾ ਏ। ਇਸੇ ਵਾਸਤੇ ਉਸਦਾ ਪਾਰਾਵਾਰ ਨਹੀਂ ਪਾਇਆ ਜਾਂਦਾ। ਜਦ ਉਹ ਸਧਾਰਣ ਮਨੁੱਖ ਵਾਂਗ ਵਿਚਰਦਾ ਹੈ, ਮੌਜ ਨਾਲ ਮਨੁੱਖਾਂ ਵਾਂਗ ਖਿੜਦਾ ਏ, ਤੇ ਚਰਨ ਭੌਰਿਆਂ ਨੂੰ ਖੇੜਾ ਵੰਡਦਾ ਏ ਤਾਂ ਕਈ ਵਾਰ ਅਕਲਾਂ ਵਾਲੇ ਬੇਅਕਲੀ ਦੇ ਟੋਏ ਡਿੱਗ ਪੈਂਦੇ ਹਨ ਤੇ ਮੂੰਹ ਮੱਥਾ ਭੰਨ੍ਹ ਲੈਂਦੇ ਹਨ। ਮਗਰ ਜਿਸ ਤੇ ਉਹ ਤਰੁਠ ਪਵੇ ਉਸਦਾ ਮੰਝਧਾਰ ਵਿਚ ਫਸਿਆ ਬੇੜਾ ਪਾਰ ਕਰ ਦੇਂਦਾ ਏ। ਉਸ ਨੂੰ ਜ਼ੱਰੇ-ਜ਼ੱਰੇ ਵਿਚ ਉਸ ਮਾਹੀ ਦੇ ਝਲਕਾਰੇ ਪੈਂਦੇ ਹਨ। ਇੱਕ ਕਵੀ ਨੇ ਉਸ ਦਸ਼ਾ ਨੂੰ ਇਉਂ ਨਿਰੂਪਣ ਕੀਤਾ ਹੈ:-

**ਪਾਲੀ ਪਾਲੀ ਮਤ ਆਖੋ ਅੜੀਓ**
**ਓਬਹ ਦੀਨ ਦੁਨੀ ਦਾ ਵਾਲੀ**
**ਅੱਖੀਆਂ ਠਾਰੇ, ਪਲਕਾਂ ਮਾਰੇ ਪੱਤ ਪੱਤ ਡਾਲੀ ਡਾਲੀ।**

ਇਸੇ ਤਰ੍ਹਾਂ ਜੇ ਕਿਸੇ ਸੂਫੀ ਤੇ ਮਿਹਰ ਦ੍ਰਿਸ਼ਟੀ ਹੋ ਜਾਂਦੀ ਏ ਤਾਂ ਮਤਵਾਲਾ ਝੁਮਰਾਂ ਪਾਂਦਾ, ਕੂਕਣ ਲੱਗ ਪੈਂਦਾ ਏ:-

**ਇਹ ਨੂਰ ਖੁਦਾ ਦੀ ਜਾਤ ਦਾ ਏ**
**ਚਲ ਅਰਸ਼ਾਂ ਤੋਂ ਉਹ ਕੁਰਸ਼ ਆਇਆ**
**ਇਹ ਰਹਿਮਤ ਦੇ ਖਜ਼ਾਨੇ ਵੰਡਦਾ ਏ,**
**ਟੁੱਟੀਆਂ ਤਕਦੀਰਾਂ ਰੀਢਦਾ ਏ,**
**ਕੋਈ ਖ਼ਬਰ ਨਹੀਂ, ਮੈਨੂੰ ਰੱਬ ਦੀ ਸੌਂਹ।**
**ਇਹ ਰਹੀਮ ਆਇਆ ਜਾਂ ਕਰੀਮ ਆਇਆ।**

ਉਸੇ ਜੋਤੀ ਦੀ ਗ੍ਰੰਥ ਸਾਹਿਬ ਦੀ ਰੱਬੀ ਬਾਣੀ ਹਾਮੀ ਭਰਦੀ ਕਹਿੰਦੀ ਏ:-

**ਸਤਿਗੁਰੂ ਵਡਾ ਕਰਿ ਸਾਲਾਹੀਐ**
**ਜਿਸੁ ਵਿਚ ਵਡੀਆ ਵਡਿਆਈਆ॥**

Sri Satguru Jagjit Singh Ji eLibrary NamdhariElibrary@gmail.com

**ਸਹਿ ਮੇਲੇ ਤਾ ਨਦਰੀ ਆਈਆਂ**
**ਜਾ ਤਿਸੁ ਭਾਣਾ ਤਾ ਮਨਿ ਵਸਾਈਆ।**
**ਕਰਿ ਹੁਕਮ ਮਸਤਕਿ ਹਥੁ ਧਰਿ**
**ਵਿਚਹੁ ਮਾਰ ਕਢੀਆਂ ਬੁਰਿਆਈਆਂ॥**

ਸਤਿਗੁਰੂ ਦੀ ਉਪਮਾ ਕਰਦਿਆਂ ਭਾਈ ਧਿਆਨ ਸਿੰਘ ਜੀ ਇਉਂ ਲਿਖਦੇ ਹਨ:-

**ਸਾਰਦ ਸੇ ਜਿਨਕੇ ਗੁਨ ਗਾਵਤ**
**ਸੇਸ ਜਪੈ ਜਿਹ ਨੌਤਰ ਨਾਮੂ**

ਮਗਰ ਭਟਾਂ ਨੇ ਤਾਂ ਉਸ ਰੱਬੀ ਜੋਤੀ ਤੇ ਪ੍ਰਤੱਖ ਜੋਤੀ ਦੀ ਉਪਮਾ ਕਰਦਿਆਂ ਆਕਾਸ਼ ਨੂੰ ਜਾ ਛੂਹਿਆ ਏ:-

**ਕਚਹੁ ਕੰਚਨ ਭਇਆਉ ਸਬਦੁ ਗੁਰ ਸ੍ਰਵਣਹਿ ਸੁਣਿਓ**
**ਬ੍ਰਿਖ ਤੇ ਅੰਮ੍ਰਿਤ ਹਯਉ, ਨਾਮੁ ਸਤਿਗੁਰ ਮੁਖ ਭਣਿਅਉ**
**ਲੋਹਉ ਹੋਯਉ ਲਾਲ ਨਦਰਿ ਸਤਿਗੁਰੂ ਜਦ ਧਾਰੈ।**
**ਪਾਹਣ ਮਾਣਕ ਕਰੈ ਗਿਆਨੁ ਗੁਨ ਕਹਿਉ ਬੀਚਾਰੈ**
**ਕਾਠਹੁ ਸ੍ਰੀ ਖੰਡ ਸਤਿਗੁਰ ਕੀਉ ਦੁਖ ਦਰਿਦ੍ਰ ਤਿਨਕੇ ਗਇਆ**
**ਸਤਿਗੁਰ ਚਰਨ ਜਿਨ ਪਰਸਿਆ ਸੋ ਪਸੁ ਪਰੇਤ ਸੁਰਿ ਨਰ ਭਲਿਆ।**

ਇਸ ਵਾਸਤੇ ਮਾਸਟਰ ਜੀਓ! ਮੇਰੀ ਤੁੱਛ ਬੁੱਧੀ ਅਨੁਸਾਰ ਸਤਿਗੁਰ ਪਾਸੋਂ ਇਹ ਮੰਗ ਮੰਗਣੀ ਚਾਹੀਦੀ ਏ... ਹੇ ਸਤਿਗੁਰ! ਉਹ ਅੱਖਾਂ ਬਖਸ਼ ਜਿਹੜੀਆਂ ਸ੍ਰੀ ਗੁਰੂ ਨਾਨਕ ਨੂੰ ਤੱਕਣ ਵਾਲੀਆਂ ਰਾਏ ਬੁਲਾਰ ਨੂੰ ਬਖਸ਼ੀਆਂ ਸਨ। ਉਹਨਾਂ ਨੇਤਰਾਂ ਦੀ ਕ੍ਰਿਪਾਲਤਾ ਕਰ ਜਿਹੜੇ ਭੀਖਣ ਸ਼ਾਹ ਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਵਾਸਤੇ ਕ੍ਰਿਪਾਲਤਾ ਹੋਈ ਸੀ ਉਨ੍ਹਾਂ ਨੇਤਰਾਂ ਦੀ ਮਿਹਰ ਕਰੋ ਜਿਹੜੇ ਅਨੰਦਪੁਰ ਦੀ ਬਉਲੀ ਤੇ ਬੈਠੇ ਤੱਪ ਕਰਦੇ ਨਿਹੰਗ ਸਿੰਘਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਦੇ ਦਰਸ਼ਨਾਂ ਲਈ ਮਿਹਰਾਂ ਹੋਈਆਂ ਸਨ, ਤਾਕਿ ਕਿਤੇ ਕਿੰਤੂ ਦਾ ਕੰਡਾਨ ਉਗਮ ਪਏ ਜਿਹੜਾ ਇਹ ਹੀਰੇ ਜੈਸਾ ਜਨਮ ਪਾਕੇ ਐਵੇਂ ਨ ਜਾਂਦੇ ਰਹੀਏ। ਆਪਦੇ ਦਰੋਂ ਘਰੋਂ ਸਿੱਖੀ ਦਾਨ ਤੇ ਭਰੋਸਾ ਬਖਸ਼ੋ, 'ਜਿਵੇਂ ਲਹਿਣੇ ਤੇ ਜੇਠੇ ਨੂੰ ਪ੍ਰਾਪਤ ਹੋਇਆ ਸੀ।' ਇਹ ਖ਼ਿਆਲ ਮਨੋਹਰ ਸਿੰਘ ਦੀ ਰਸਨਾ ਤੋਂ ਆਪ ਮੁਹਾਰ ਫੁਟ ਫੁਟ ਵਾਯੂ ਮੰਡਲ ਨੂੰ ਸੁਗੰਧਿਤ ਕਰ ਰਹੇ ਸਨ। ਇਹ ਸੁਣ ਮੇਰਾ ਮਨ ਵੀ ਖਿਚਿਆ ਗਿਆ ਤੇ ਦੋ ਸ਼ਬਦ ਪ੍ਰਸ਼ਨ ਦੇ ਰੂਪ ਵਿੱਚ ਮੇਰੀ ਜੀਭ ਤੇ ਆ ਗਏ।

'ਮਨੋਹਰ ਸਿੰਘ! ਇਹ ਗਿਆਨ ਗਾਥਾ* ਕਿਵੇਂ ਉਚਾਰ ਰਿਹਾ ਏ?'

ਨਹੀਂ ਮਾਸਟਰ ਜੀ! ਇਹ ਗਿਆਨ ਗਾਥਾ ਕਾਹਦੀ, ਇਹ ਤਾਂ ਤਜਰਬੇ

---

* ਮਨੋਹਰ ਸਿੰਘ ਸਪੁੱਤਰ ਸੰਤ ਰਤਨ ਸਿੰਘ ਪਿੰਡ ਮਹਿਤਪੁਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਭਜਨ ਦੀ ਦਾਤ ਸੂਬਾ ਦਸੋਂਦਾ ਸਿੰਘ ਤੋਂ ਪ੍ਰਾਪਤ ਕੀਤੀ।

Sri Satguru Jagjit Singh Ji eLibrary NamdhariElibrary@gmail.com

ਦੀਆਂ ਗੱਲਾਂ ਹਨ ਹੱਡ ਬੀਤੀ ਏ। ਰਮਾਇਣ ਜਾਂ ਮਹਾਂਭਾਰਤ ਦੇ ਪ੍ਰਸੰਗਾਂ ਦੀ ਘੋਸ਼ਣਾ ਨਹੀਂ। ਇਹ ਤਾਂ ਤਲੀ ਤੇ ਸਰੋਂ ਅਜਮਾਉਣ ਵਾਲੀ ਗੱਲ ਏ। ਹੇ ਗ਼ਰੀਬ ਨਿਵਾਜ਼! ਸਾਰੇ ਜੀਅ ਤੇਰੇ ਹਨ। ਸਭ ਨੂੰ ਨੇਤਰ ਬਖਸ਼ ਤਾਕਿ ਤੇਰੇ ਸੱਚੇ ਤੇ ਸੁੱਚੇ ਦੀਦਾਰਿਆਂ ਦਾ ਅਨੰਦ ਮਾਣ ਸਕਣ।'

'ਗੁਰੂ ਕਿਆ ਲਾਡਲਿਆ ਗੱਲ ਬਹੁਤੀ ਲਮਕਾਈ ਨ ਜਾ।' ਨਹੀਂ ਜੀ! ਗੱਲ ਲਮਕਾਣ ਦਾ ਕੋਈ ਮਤਲਬ ਨਹੀਂ, ਕੇਵਲ ਇਨ੍ਹਾਂ ਸੋਚ ਰਿਹਾ ਹਾਂ, ਕਿ ਗੱਲਾਂ ਦੱਸਦਿਆਂ-ਦੱਸਦਿਆਂ ਕਿਤੇ ਅਵੱਗਿਆ ਨ ਹੋ ਜਾਵੇ।

ਨਿਰਭਉ, ਨਿਰਵੈਰ ਅਕਾਲ ਮੂਰਤਿ ਬਾਰੇ ਵਰਨਣ ਕਰਦਿਆਂ ਕੋਈ ਅਵੱਗਿਆ ਨ ਹੋ ਜਾਵੇ। ਇਹ ਕੰਮ ਸੌਖਾ ਥੋੜ੍ਹਾ ਏ। ਕਿਉਂਕਿ:-

**ਏਵਡ ਉੱਚਾ ਹੋਵੇ ਕੋਈ**
**ਤਿਸ ਉਚੇਕੋ ਜਾਣੈ ਸੋਇ।**

'ਇਸ ਵਾਸਤੇ ਨੀਚ, ਕੀਟ, ਮਾਇਆ ਦਾ ਕੀੜਾ ਉਸਦੀ ਗਤੀ ਵੀ ਵਰਨਣ ਕਰ ਸਕਦਾ ਏ।'

'ਹਾਂ, ਇਹ ਮੈਂ ਮੰਨਦਾ ਹਾਂ ਕਿ ਸਤਿਗੁਰੂ ਦੀ ਗਤੀ ਬ੍ਰਹਮਾ ਤੇ ਵਿਸ਼ਨੂੰ ਵੀ ਨਹੀਂ ਪਾ ਸਕਦੇ, ਪਰ ਜਿਹੜੀ ਮਿਹਰ ਕਿਸੇ ਤੇ ਹੁੰਦੀ ਏ, ਉਹ ਸਾਦ ਮੁਰਾਦ ਸ਼ਬਦਾਂ ਵਿਚ ਦੱਸ ਤਾਂ ਸਕਦਾ ਏ, ਤੂੰ ਉਹੋ ਹੀ ਦੱਸ।'

ਚੰਗਾ! ਲਓ ਸੁਣੋ। ਮਹਿਤਪੁਰ ਬੈਠਿਆਂ ਬੈਠਿਆਂ ਪਿਤਾ ਜੀ ਕਿਹਾ, ਬੱਚਾ ਪਰਿਵਾਰ ਵੱਧ ਰਿਹਾ ਏ। ਭੋਏਂ ਥੋੜੀ ਏ। ਭਾਵੇਂ ਸਤਿਗੁਰੂ ਕੀੜੀ ਤੋਂ ਲੈ ਕੇ ਹਾਥੀ ਤੱਕ ਸਭ ਨੂੰ ਰੋਜ਼ੀ ਪਹੁੰਚਾਂਦਾ ਏ, ਪੱਥਰ ਵਿਚ ਲੁੱਕੇ ਕੀੜਿਆਂ ਨੂੰ ਉਨ੍ਹਾਂ ਦਾ ਭੋਜਨ ਦੇਂਦਾ ਏ, ਪਰ ਫਿਰ ਵੀ ਕੁਝ ਹੀਲਾ ਬਹਾਨਾ ਕਰਦਾ ਲੋੜੀਂਦਾ ਏ। ਯੂ.ਪੀ. ਜਾਂ ਸੀ.ਪੀ. ਜਾ ਕੇ ਕੋਈ ਮੁੱਠ ਮਿੱਟੀ ਦੀ ਭਾਲ ਕਰਨੀ ਚਾਹੀਦੀ ਏ, ਜਿਸ ਤੋਂ ਪਰਿਵਾਰ ਦਾ ਨਿਰਵਾਹ ਹੋ ਸਕੇ। ਉਨ੍ਹਾਂ ਦੇ ਬਚਨਾਂ ਅੱਗੇ ਮੈਂ ਸਿਰ ਨਿਵਾ ਦਿੱਤਾ ਤੇ ਆਪ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਪੁੱਜਾ ਤੇ ਸਾਰੀ ਵਿਥਿਆ ਸੁਣਾਈ, ਸਤਿਗੁਰੂ ਜੀ ਸਭ ਕੁਝ ਸੁਣਿਆ ਤੇ ਬਚਨ ਕੀਤਾ।

'ਮਨੋਹਰ! ਯੂ.ਪੀ. ਨਾ ਸੀ.ਪੀ., ਮੈਂ ਤਾਂ ਕੇਵਲ ਉਹਨਾਂ ਦਾ ਜ਼ਿੰਮਾ ਲਵਾਂਗਾ ਜਿਹੜੇ ਸ੍ਰੀ ਜੀਵਨ ਨਗਰ ਲਾਗੇ ਰਹਿਣਗੇ। ਰਾਨੀਆਂ ਦੇ ਚੜ੍ਹਦੇ ਪਾਸੇ ਵੀ ਨਹੀਂ, ਹਾਂ ਲਹਿੰਦੇ ਪਾਸੇ। ਤੁਹਾਨੂੰ ਜ਼ਮੀਨ ਸ੍ਰੀ ਜੀਵਨ ਨਗਰ, ਦਿੱਤੀ ਜਾਵੇਗੀ' ਮੈਂ ਸਤਿ ਬਚਨ ਕਹਿ ਜੀਵਨ ਨਗਰ ਵਲ ਮੁਹਾਰਾਂ ਮੋੜ ਲਈਆਂ। ਸੱਚੇ ਪਾਤਸ਼ਾਹ ਜੀ ਕਿਰਪਾਲ ਸਿੰਘ ਨੂੰ ਹੁਕਮ ਕੀਤਾ, ਮਨੋਹਰ ਸਿੰਘ ਨੂੰ ਦੋ ਮੁਰੱਬੇ ਜ਼ਮੀਨ ਦੇਣੀ ਏ। ਪਰ ਮੈਂਬਰ ਸਾਹਿਬ ਨੇ ਕਿਹਾ, 'ਗ਼ਰੀਬ ਨਿਵਾਜ਼! ਜ਼ਮੀਨ ਤਾਂ ਕੋਈ ਨਹੀਂ ਅੱਗੇ ਜਿਵੇਂ ਆਪ ਦੀ ਰਜ਼ਾ।' ਤਦੋਂ ਸਤਿਗੁਰੂ ਜੀ ਬਚਨ ਕੀਤਾ 'ਮਨੋਹਰ ਤੂੰ ਮਸਤਾਨ ਗੜ੍ਹ ਹਾਲਾਂ ਜ਼ਮੀਨ ਲੈ ਲੈ ਅਗਲੀ ਗੱਲ ਫੇਰ ਸੋਚਾਂਗੇ। ਇਹ ਗੱਲ ਮੋਹਨ ਸਿੰਘ ਦੀਦਾਰ ਸਿੰਘ ਤੇ ਨਿਰਮਲ ਸਿੰਘ ਨੂੰ ਕੁਝ ਨ ਜੱਚੀ।

ਪਰੰਤੂ ਮੈਂ ਨਮਸਕਾਰ ਕਰ ਮਸਤਾਨ ਗੜ੍ਹ ਦਾ ਰਾਹ ਫੜਿਆ।

ਇੱਥੇ ਸਾਨੂੰ ਇੱਕ ਮੁਰੱਬਾ ਜ਼ਮੀਨ ਮਿਲ ਗਈ। ਆਮ ਕਵਾਹਤ ਏ, 'ਦੱਬ ਕੇ ਵਾਹ ਤੇ ਰੱਜ ਕੇ ਖਾਹ।' ਅਸੀਂ ਜ਼ਮੀਨ ਨੂੰ ਚੰਗਾ ਵਾਹਿਆ ਤੇ ਪਨੀਰੀ ਲਾਣ ਲਈ ਤਿਆਰ ਹੋਏ ਤਾਂ ਚੋਜੀ ਪਾਤਸ਼ਾਹ ਚੋਜ ਵਰਤਾਇਆ। ਖੇਤੀ ਬਾੜੀ ਅਫ਼ਸਰ ਸ੍ਰ: ਹਰਨੇਕ ਸਿੰਘ ਆਇਆ ਤੇ ਸਤਿਗੁਰੂ ਜੀ ਦੀ ਸੇਵਾ ਵਿਚ ਬਾਜਰੇ ਦੇ ਬੀ ਦੇ ਤਜਰਬੇ ਵਾਸਤੇ ਜ਼ਮੀਨ ਦੀ ਮੰਗ ਕੀਤੀ। ਸਤਿਗੁਰੂ ਜੀ ਇੰਸਪੈਕਟਰ ਨੂੰ ਨਾਲ ਲੈ ਕੇ ਜ਼ਮੀਨ ਵਿਖਾਈ ਤਾਂ ਉਸਨੂੰ ਸਾਡੀ ਵਾਹੀ ਹੋਈ ਜ਼ਮੀਨ ਪਸੰਦ ਆਈ। ਹਰਨੇਕ ਸਿੰਘ ਨੇ ਕਿਹਾ, 'ਮਹਾਰਾਜ ਜੀ! ਤਜਰਬੇ ਲਈ ਇਹ ਜ਼ਮੀਨ ਚੰਗੀ ਏ' ਅਸੀਂ ਵੀ ਖੜੇ ਸਾਂ। ਗ਼ਰੀਬ ਨਿਵਾਜ਼ ਨੇ ਤੁਰੰਤ ਹੁਕਮ ਦੇ ਦਿੱਤਾ, 'ਚੰਗਾ ਮਨੋਹਰ! ਤੁਸੀਂ ਇਹ ਪੈਲੀਆਂ ਛੱਡ ਦਿਓ, ਹੋਰ ਥਾਂ ਵਾਹ ਲਵੋ।' ਇਹ ਸੁਣਦਿਆਂ ਮੇਰੇ ਸਾਥੀਆਂ ਨੀਵੀਆਂ ਪਾ ਲਈਆਂ ਅਤੇ ਚੁੱਪ ਹੋ ਗਏ। ਅਸੀਂ ਉਹ ਜ਼ਮੀਨ ਛੱਡ ਦਿੱਤੀ ਤੇ ਨਵੀਆਂ ਪੈਲੀਆਂ ਤਿਆਰ ਕੀਤੀਆਂ। ਉੱਥੇ ਉਹ ਜੀਰੀ ਲਾਣ ਲੱਗੇ ਤਾਂ ਇੰਸਪੈਕਟਰ ਸਾਹਿਬ ਨੇ ਉਸ ਜ਼ਮੀਨ ਦੀ ਮੰਗ ਵੀ ਕਰ ਦਿੱਤੀ। ਇਹ ਸੁਣ ਸਾਡੇ ਪੈਰ ਮਣ ਮਣ ਦੇ ਭਾਰੇ ਹੋ ਗਏ ਤੇ ਚਿਹਰੇ ਡਿੱਗ ਪਏ। ਅਸੀਂ ਸੋਚੀਏ ਇਹ ਕੀ ਭਾਣਾ ਵਰਤ ਰਿਹਾ ਏ। ਵਾਹੀ ਕਰਨੀ ਕੋਈ ਖਾਲਾ ਜੀ ਦਾ ਘਰ ਨਹੀਂ, ਲਹੂ ਪਸੀਨਾ ਇੱਕ ਕਰਨਾ ਪੈਂਦਾ ਏ। ਤੇ ਭਾਦਰੋਂ ਦੇ ਜੋਤਰਿਆਂ ਤੋਂ ਡਰਦਾ ਜੱਟ ਫ਼ਕੀਰ ਹੋ ਜਾਂਦਾ ਏ ਪਤਾ ਨਹੀਂ ਕੀ ਰਜ਼ਾ ਏ?' ਅਸੀਂ ਭੋਏਂ ਛੱਡ ਦਿੱਤੀ ਤੇ ਤੀਜੀ ਵੇਰ ਝੋਨਾ ਲਾਣ ਵਾਸਤੇ ਬਣਾਈ ਤੇ ਸੰਵਾਰੀ। 'ਪਰ ਇਸ ਤੇ ਇਹ ਭਾਣਾ ਵਰਤਿਆ। ਪਰ ਨਾਲ ਹੀ ਬਚਨ ਕੀਤਾ, 'ਮਨੋਹਰ! ਘਬਰਾਇਓ ਨਾ।' 'ਸਤਿਗੁਰੂ ਪ੍ਰਤਾਪ ਸਿੰਘ ਜੀ ਭਲੀ ਕਰਨਗੇ।' 'ਪਰ ਮਾਸਟਰ ਜੀ! ਰੱਬ ਕਿਸੇ ਨੂੰ ਪ੍ਰੀਖਿਆ ਵਿਚ ਨਾ ਪਾਵੇ। ਪ੍ਰੀਖਿਆ ਵੱਡੇ ਵੱਡੇ ਥਮ ਥਿੜਕਾ ਦੇਂਦੀ ਏ। ਮੋਟੇ ਮੋਟੇ ਸ਼ਤੀਰ ਲਿਫਾ ਖਾ ਜਾਂਦੇ ਹਨ। ਇਹੋ ਹਾਲ ਸਾਡਾ ਸੀ। ਭਾਵੇਂ ਇਹ ਬਚਨ ਵੀ ਕੰਨਾਂ ਵਿਚ ਗੂੰਜਦਾ ਸੀ ਘਬਰਾਇਓ ਨਾ!' ਪਰ ਮਨ ਤਾਂ ਮਨ ਈ ਏ। ਕਬਹੂ ਮਨੂਆ ਊਭ ਚੜਤ ਹੈ, ਕਬਹੂ ਜਾਇ ਪਇਆਲੇ। ਮੇਰੇ ਸਾਥੀਆਂ ਦੀ ਇਹ ਹਾਲਤ ਸੀ, ਜਿਵੇਂ ਪੌਣ ਦੇ ਬੁਲੇ ਅੱਗੇ ਨਿੱਕੇ ਨਿੱਕੇ ਬੂਟੇ-ਬੂਟੀਆਂ ਦੀ। ਪਰ ਭਰਾਵਾਂ ਨੂੰ ਤਗੜਾ ਹੋਣ ਲਈ ਪ੍ਰੇਰਨਾ ਦਿੱਤੀ ਤੇ ਆਖਿਆ, 'ਭਰਾਵੋ! ਇਹ ਕੋਈ ਕੌਤਕ ਏ।' ਭਰੋਸਾ ਰੱਖ਼ ਕੇ ਜ਼ਮੀਨ ਬਣਾਓ। ਪਰ ਉਨ੍ਹਾਂ ਉੱਕਾ ਢੇਰੀ ਢਾਹ ਦਿੱਤੀ। ਮੈਨੂੰ ਅੰਦਰੋਂ ਹੁੰਗਾਰਾ ਮਿਲੇ ਮਤਾ ਕਿਤੇ ਫੇਲ੍ਹ ਹੋ ਜਾਇਓ, ਤੁਸੀਂ ਜ਼ਮੀਨ ਵਲ ਨਾ ਵੇਖੋ, ਤੁਸੀਂ ਬਚਨ ਵਲ ਧਿਆਨ ਧਰੋ। ਸ੍ਰੀ ਕ੍ਰਿਸ਼ਨ ਭਗਵਾਨ ਤੰਦਲਾਂ ਬਦਲੇ ਮਾੜੀਆਂ ਪਵਾ ਦਿੱਤੀਆਂ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਰੁੱਖਾਂ ਨਾਲੋਂ ਲੱਡੂਆਂ ਤੇ ਜਲੇਬਾਂ ਦਾ ਝਾੜ ਝੜਵਾ ਦਿੱਤਾ ਸੀ। ਗੁਰੂ ਹਰੀ ਸਿੰਘ ਜੀ ਮਹਾਰਾਜ ਕਣਕ ਦੇ ਬੀ ਸਾਂਭ ਕੇ ਰੱਖੇ ਝੋਰੜਾਂ ਦੇ ਸ਼ੀਹੇ ਨੂੰ ਸਾਧਾਂ ਸੰਤਾਂ ਨੂੰ ਪ੍ਰਸ਼ਾਦ ਛਕਾਣ ਬਦਲੇ, ਕੇਵਲ ਜ਼ਮੀਨ ਵਿਚ ਹੱਲ ਵਾਹੁਣ ਦਾ ਬਚਨ ਕੀਤਾ ਸੀ, ਪਰ

Sri Satguru Jagjit Singh Ji eLibrary NamdhariElibrary@gmail.com

ਟਿਚਕਰਾਂ ਕਰਨ ਵਾਲਿਆਂ ਨੇ ਜਦ ਝਾੜ ਵੇਖਿਆ ਤਾਂ ਮੂੰਹ ਵਿਚ ਉਂਗਲਾਂ ਪਾ ਲਈਆਂ। ਹੱਕੇ ਬੱਕੇ ਹੋ ਕੇ ਕਹਿਣ, ਇਹ ਕਿਵੇਂ ਹੋ ਗਿਆ। ਕੇਵਲ ਇਤਨਾ ਕਹਿਣ, 'ਇਹ ਤਾਂ ਗੁਰੂ ਦੀ ਸ਼ਕਤੀ ਏ, ਨਹੀਂ ਤਾਂ ਬਿਨਾਂ ਬੀ ਵੀ ਕਦੇ ਕੁਝ ਉਗਿਆ ਏ।' ਸੋ ਭਰਾਵੋ ਡੋਲੋ ਨਾ, ਸਤਿਗੁਰੂ ਜਗਜੀਤ ਸਿੰਘ ਜੀ ਵੀ ਉਨ੍ਹਾਂ ਸ਼ਕਤੀਆਂ ਦੇ ਮਾਲਕ ਹਨ, 'ਅਜਮਾ ਕੇ ਵੇਖੋ।' ਮੋਹਨ ਸਿੰਘ ਨੂੰ ਢਾਰਸ ਖਬਰੇ ਬਝੀ ਕਿ ਨਾ, ਪਰ ਉਨ੍ਹਾਂ ਚਾਰ ਹੱਲ ਦੇ ਗੇੜੇ ਦੇ ਕੇ ਮੁੰਜੀ ਲਾ ਦਿੱਤੇ ਤੇ ਸਿਰਹਾਣੇ ਉੱਤੇ ਸਿਰ ਰੱਖ ਕੇ ਸੌਂ ਗਏ। ਪਰ ਵਾਹ ਸਤਿਗੁਰਾਂ ਤੇਰੇ ਰੰਗ! ਬੱਲੇ ਗੁਰੂਆ ਤੇਰੇ ਚੋਜ। ਜਿੱਥੇ ਲੋਕਾਂ ਦੇ ਝਾੜ ਖਾਦਾ ਪਾ ਕੇ 40-40 ਮਣ ਦਾ ਝਾੜਿਆ ਸਾਡੀਆਂ ਪੈਲੀਆਂ ਨੇ 80-80 ਮਣ ਦੇ ਤੋਲ ਤੋਲੇ। ਜਿਹੜਾ ਵੇਖੇ ਸੁਣੇ ਉਹ ਆਖੇ, 'ਇਹ ਕਮਾਈ ਨਹੀਂ, ਇਹ ਸਿਦਕ ਦੇ ਸਿੱਟੇ ਨੂੰ ਫਲ ਲੱਗਾ ਏ। ਨਹੀਂ ਤਾਂ ਇਤਨੀ ਫਸਲ ਨ ਮੁਮਕਿਨ।' ਪਰ ਨਿਰਮਲ ਹੁਰਾਂ ਦੇ ਮਨ ਨਿਰਮਲ ਹੋ ਗਏ, ਉਨ੍ਹਾਂ ਨੂੰ ਸਮਝ ਆ ਗਈ ਕਿ ਸਤਿਗੁਰ ਕਲਰਾ ਵਿਚ ਕੌਣ ਉਗਾ ਸਕਦਾ ਏ। ਪਰੰਤੂ ਤਦ ਇਹ ਵਾਰਤਾ ਜਥੇਦਾਰ ਇਕਬਾਲ ਸਿੰਘ, ਜਿਨ੍ਹਾਂ ਦੇ ਵਿਦਿਆ ਗੁਰੂ ਸੰਤ ਨਿਧਾਨ ਸਿੰਘ ਜੀ ਆਲਿਮ ਸਨ, ਨੇ ਮਸਤੀ ਵਿਚ ਨੱਚਦਿਆਂ ਇਹ ਗਾਉਣੀ ਸ਼ੁਰੂ ਕਰ ਦਿੱਤੀ:-

**ਜਗਜੀਤ ਪਿਤਾ ਤੇਰੇ ਦਰੇ ਤੇ, ਇਕ ਵਾਰ ਜੋ ਸਜਦਾ ਕਰਦਾ ਏਂ।**
**ਰਮਜ਼ਾਂ ਨਾਲ ਮਸਤ ਬਣਾ ਕੇ, ਤੂੰ ਸਖਣੇ ਭਾਂਡੇ ਭਰਦਾ ਏਂ।**
**ਕਈ ਦੌਲਤ ਦੇ ਦੀਵਾਨ, ਤੇਰੇ ਪਿਆਰ ਦਿਵਾਨੇ ਕੀਤੇ ਨੇ।**
**ਲੱਖਾਂ ਵਾਲੇ ਲਖਾਂ, ਦਾਨ ਦੇਣ ਜੋ ਸਰਦਾ ਏਂ ।**
**ਤੇਰਾ ਸਾਂਗ ਜਰਨ ਲਈ ਗੁਰੂ ਜੀ, ਕਈ ਮੰਝ ਪ੍ਰੇਮੀ ਵੇਖੇ ਨ।**
**ਨਿਰਪੱਖ ਰਜ਼ਾ ਵਿਚ ਰਹਿੰਦਾ, ਉਹਦਾ ਡੁੱਠਾ ਬੇੜਾ ਤਰਦਾ ਏਂ।**

## ਇੱਛਾ ਪੂਰਕ

**ਜਿਨ ਮਸਤਕਿ ਧੁਰਿ ਹਰਿ ਲਿਖਿਆ,**
**ਤਿਨਾ ਸਤਿਗੁਰੂ ਮਿਲਿਆ ਰਾਮ ਰਾਜੇ।**

ਪੂਰਾ ਸਤਿਗੁਰੂ ਉਹਨਾਂ ਮਹਾਨ ਭਾਗਾਂ ਵਾਲਿਆਂ ਨੂੰ ਮਿਲਦਾ ਹੈ। ਜਿਨ੍ਹਾਂ ਦੇ ਮਸਤਿਕ ਵਿਚ ਧੁਰੋਂ ਹੀ ਲਿਖਿਆ ਹੁੰਦਾ ਹੈ। ਦੇਹਧਾਰੀ ਸਤਿਗੁਰੂ ਜੀ ਨੂੰ ਜਿਹੜੇ ਲੋਕ ਨਹੀਂ ਮਿਲਦੇ, ਉਨ੍ਹਾਂ ਦਾ ਜੀਵਨ ਬੇਅਰਥ ਹੈ। ਸਤਿਗੁਰੂ ਜੀ ਦੇ ਦਰਸ਼ਨ ਕਰਨ ਨਾਲ ਅਨੇਕਾਂ ਹੀ ਦੁੱਖ ਦੂਰ ਹੁੰਦੇ ਹਨ।

**ਮਾਈ ਮੇਰੇ ਮਨ ਕੀ ਪਿਆਸ ।**
**ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ,**
**ਦਰਸਨ ਦੇਖਣ ਕਉ ਧਾਰੀ ਮਨਿ ਆਸ॥**

Sri Satguru Jagjit Singh Ji eLibrary NamdhariElibrary@gmail.com

ਮੇਰਾ ਜਨਮ ਭੀ ਇੱਕ ਅਜਿਹੇ ਖੁੱਲ੍ਹੇ ਪਰਿਵਾਰ ਵਿਚ ਹੋਇਆ, ਜੋ ਇੱਕ ਕੱਟੜ ਅਕਾਲੀ ਅਖਵਾਉਂਦਾ ਹੈ। ਬਚਪਨ ਤੋਂ ਮੇਰਾ ਮਨ ਇਕੱਲਾ ਰਹਿ ਕੇ ਖ਼ੁਸ਼ ਸੀ। ਬੱਚਿਆਂ ਵਿਚ ਖੇਡਣ ਦਾ ਮੈਨੂੰ ਖ਼ਾਸ ਸ਼ੌਕ ਨਹੀਂ ਸੀ। ਪਰ ਜਿਉਂ ਮੈਂ ਵੱਡੀ ਹੁੰਦੀ ਗਈ, ਮੇਰਾ ਮਨ ਬਾਣੀ ਪੜ੍ਹਣ ਵਿਚ ਲੱਗ ਗਿਆ। ਗੁਰੂਆਂ ਦੀਆਂ ਸਾਖੀਆਂ ਪੜ੍ਹਦੀ। ਮਨ ਵਿਚ ਕਈ ਵਾਰ ਸੋਚਦੀ ਕਿ ਇਸ ਸ੍ਰਿਸ਼ਟੀ ਰਚਨਹਾਰ ਦੇ ਦਰਸ਼ਨ ਹੋ ਸਕਦੇ ਹਨ। ਉਸ ਪ੍ਰਭੂ ਨੂੰ ਵੇਖਣ ਲਈ ਮਨ ਲੋਚਦਾ ਰਹਿੰਦਾ ਤੇ ਆਖਦੀ ਕਿ ਉਹ ਕਿੰਨੇ ਮਹਾਨ ਭਾਗਾਂ ਵਾਲੇ ਸਨ। ਜਿਨ੍ਹਾਂ ਦੇ ਵਕਤ ਗੁਰੂਆਂ ਨੇ ਅਵਤਾਰ ਧਾਰਿਆ ਅਕਾਲ ਪੁਰਖ ਦੀ ਦੇਹ ਦੇ ਦਰਸ਼ਨ ਕਰਕੇ ਨਿਹਾਲ ਹੁੰਦੇ ਸਨ। ਕਿੰਨਾ ਚੰਗਾ ਹੁੰਦਾ ਮੈਂ ਭੀ ਉਸ ਵਕਤ ਪੈਦਾ ਹੁੰਦੀ ਤੇ ਗੁਰੂਆਂ ਦੇ ਦਰਸ਼ਨ ਕਰਦੀ! ਪਰ ਕੀ ਅੱਜ ਵੀ ਇਸ ਸ੍ਰਿਸ਼ਟੀ ਤੇ ਕਿਸੇ ਥਾਂ ਤੇ ਅਕਾਲ ਪੁਰਖ ਨੇ ਅਵਤਾਰ ਧਾਰਿਆ ਹੈ? ਜੇ ਧਾਰਿਆ ਹੈ ਤਾਂ ਕਿੱਥੇ? ਕੀ ਮੇਰੇ ਭਾਗਾਂ ਵਿਚ ਵੀ ਉਸ ਦੇ ਦਰਸ਼ਨ ਕਰਨੇ ਲਿਖੇ ਹਨ। ਇਹ ਸੋਚ ਕੇ ਕਈ ਵਾਰ ਮੇਰਾ ਮਨ ਉਦਾਸ ਹੋ ਜਾਂਦਾ ਹੈ। ਮੈਨੂੰ ਕੋਈ ਅਜਿਹਾ ਰਸਤਾ ਨਹੀਂ ਸੀ ਲੱਭਦਾ। ਜਿਹੜਾ ਮੇਰੇ ਸਤਿਗੁਰੂ ਜੀ ਦੇ ਦਰਸ਼ਨ ਕਰਵਾਉਂਦਾ।

ਸੰਨ 1963 ਦੀ ਗੱਲ ਹੈ। *ਮੈਂ ਦਸਵੀਂ ਵਿਚ ਪੜ੍ਹਦੀ ਸਾਂ, ਸਾਡੇ ਘਰ ਰੋਜ਼ਾਨਾ ਅਜੀਤ ਅਖ਼ਬਾਰ ਆਉਂਦਾ। ਇੱਕ ਦਿਨ ਉਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਲੇਖ ਲਿਖਿਆ ਹੋਇਆ ਸੀ। ਜਿਸ ਦੇ ਵਿਚ ਬਿਨਾਂ ਦਾਜ ਤੋਂ ਵਿਆਹ, ਕੁੜੀਆਂ ਨਹੀਂ ਵੇਚਣੀਆਂ, ਬੱਟਾ ਨਹੀਂ ਕਰਨਾ, ਵਿਧਵਾ ਵਿਆਹ ਦੀ ਖੁੱਲ੍ਹ, ਮਿਲਣੀ ਮੁਕਲਾਵੇ ਦੀ ਪਾਬੰਦੀ। ਇਹ ਲੇਖ ਮੇਰੇ ਮਨ ਤੇ ਅਮਿਟ ਅਸਰ ਕਰ ਗਿਆ। ਕਿੰਨਾ ਉੱਚਾ ਅਤੇ ਸੁੱਚਾ ਪੰਥ ਹੈ? ਕੁੜੀਆਂ ਮਾਂ-ਬਾਪ ਤੇ ਬੋਝ ਨਹੀਂ ਬਣਦੀਆਂ। ਕਾਸ਼! ਮੈਂ ਭੀ ਨਾਮਧਾਰੀ ਪੰਥ ਵਿਚ ਜਨਮ ਲੈਂਦੀ ਅਤੇ ਆਪਣੇ ਮਾਪਿਆਂ ਤੇ ਬੋਝ ਨਾ ਬਣਦੀ। ਮਨ ਵਿਚ ਬਹੁਤ ਤਰੰਗਾਂ ਉੱਠਦੀਆਂ ਕਿ ਮੈਂ ਕਦੋਂ ਅਕਾਲ ਪੁਰਖ ਦੇ ਦਰਸ਼ਨ ਕਰਾਂਗੀ। ਪਰ ਮੇਰੇ ਮਾਂ-ਬਾਪ ਤਾਂ ਨਾਮਧਾਰੀ ਪੰਥ ਨੂੰ ਚੰਗਾ ਨਹੀਂ ਸਮਝਦੇ।

**ਇਛਾ ਪੂਰਕੁ ਸਰਬ ਸੁਖ ਦਾਤਾ ਹਰਿ,**
**ਜਾਕੈ ਵਸਿ ਹੈ ਕਾਮ ਧੇਨਾ ।**
**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ,**
**ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥**
**ਜਪਿ ਮਨ ਸਤਿਨਾਮੁ ਸਦਾ ਸਤਿਨਾਮੁ।**
**ਹਲਤਿ ਪਲਤਿ ਮੁਖ ਊਜਲ ਹੋਈ ਹੈ,**
**ਨਿਤ ਧਿਆਈਐ ਹਰਿ ਪੁਰਖ ਨਿਰੰਜਨਾ। ਰਹਾਉ।**

---

* ਬੀਬੀ ਰਣਜੀਤ ਕੌਰ ਸੁਪੱਤਨੀ ਸੰਤ ਰਘਬੀਰ ਸਿੰਘ ਹਜ਼ੂਰੀ ਡਰਾਈਵਰ।

Sri Satguru Jagjit Singh Ji eLibrary NamdhariElibrary@gmail.com

**ਜਹ ਹਰਿ ਸਿਮਰਨੁ ਭਇਆ ਤਹ ਉਪਾਧਿ,**
**ਗਤੁ ਕੀਨੀ ਵਡਭਾਗੀ ਹਰਿ ਜਪਨਾ।**
**ਜਨ ਨਾਨਕ ਕਉ ਗੁਰ ਇਹ ਮਤਿ ਦੀਨੀ,**
**ਜਪਿ ਹਰਿ ਭਵਜਲੁ ਤਰਨਾ॥**

(ਮਹਲਾ ੪-੬੬੯)

ਅੰਤਰਯਾਮੀ ਸਤਿਗੁਰੂ ਜੀ ਸਭ ਦੀਆਂ ਇੱਛਾਵਾਂ ਪੂਰੀਆਂ ਕਰਦੇ ਹਨ। ਮੇਰੀ ਪੁਕਾਰ ਸੁਣੀ ਅਤੇ ਮੇਰਾ ਵਿਆਹ ਇੱਕ ਅਜਿਹੇ ਗੁਰ ਸਿੱਖ ਨਾਲ ਹੋਇਆ, ਜਿਹੜੇ ਉਸ ਵਕਤ ਨਾਮਧਾਰੀ ਪੰਥ ਦਾ ਬਾਣਾ ਤਾਂ ਨਹੀਂ ਸੀ ਪਾਉਂਦੇ, ਪਰ ਉਹਨਾਂ ਦਾ ਮਨ ਸਤਿਗੁਰੂ ਜੀ ਦੇ ਰੰਗ ਵਿਚ ਰੰਗਿਆ ਹੋਇਆ ਸੀ। ਧੰਨ ਮੇਰੇ ਸਤਿਗੁਰੂ ਜੀ ਹਨ, ਜੋ ਟੁੱਟਿਆਂ ਨੂੰ ਗੰਡਦੇ ਹਨ, ਵਿਛੜੀਆਂ ਰੂਹਾਂ ਨੂੰ ਮਿਲਾਪ ਕਰਦੇ ਹਨ।

ਜਦ 1967 ਵਿਚ ਮੇਰੇ ਅਨੰਦ ਕਾਰਜ ਦਾ ਸਮਾਂ ਆਇਆ ਤਾਂ ਮੇਰੇ ਪਿਤਾ ਜੀ ਨੇ ਅਕਾਲੀ ਰਸਮ ਨਾਲ ਲਾਵਾਂ ਪੜ੍ਹਾਉਣ ਦਾ ਪ੍ਰਬੰਧ ਕੀਤਾ। ਜਦੋਂ ਲਾਵਾਂ ਪੜ੍ਹਨੀਆਂ ਸ਼ੁਰੂ ਕਰਨ ਲੱਗੇ ਤਾਂ ਉਸ ਵਕਤ ਇੱਕ ਮਹਾਨ ਉੱਚ ਹਸਤੀ ਨੇ ਮੇਰੇ ਪਿਤਾ ਜੀ ਨੂੰ ਦਰਸ਼ਨ ਦਿੱਤੇ। ਮੇਰੇ ਪਿਤਾ ਜੀ ਕਹਿਣ ਲੱਗੇ ਸੰਤ ਜੀ! ਚੱਲੋ ਜਲ ਪਾਣੀ ਛੱਕੋ 'ਉਸ ਮਹਾਨ ਪੁਰਸ਼ ਨੇ ਮੇਰੇ ਪਿਤਾ ਜੀ ਨੂੰ ਕਿਹਾ ਕਿ ਮੈਨੂੰ ਦਰਗਾਹ ਵੱਲੋਂ ਹੁਕਮ ਹੋਇਆ ਹੈ ਕਿ ਬੱਚੇ ਬੱਚੀ ਦਾ ਅਨੰਦ ਕਾਰਜ ਹੋਣ ਲੱਗਾ ਹੈ ਜਾ ਕੇ ਅਸ਼ੀਰਵਾਦ ਦੇ ਆਉ।' ਪਿਤਾ ਜੀ ਨੇ ਸੋਚਿਆ ਕਿ ਲਾਵਾਂ ਤੋਂ ਬਾਅਦ ਹੀ ਜਲ ਪਾਣੀ ਛਕਾ ਦੇਵਾਂਗੇ। ਉਸ ਮਹਾਨ ਪੁਰਖ ਜਦੋਂ ਤਕ ਲਾਵਾਂ ਖ਼ਤਮ ਨਾ ਹੋਈਆਂ ਉੱਥੇ ਬੈਠੇ ਰਹੇ। ਜਦੋਂ ਦੋ ਲਾਵਾਂ ਹੋਈਆਂ ਤਾਂ ਸਾਡਾ ਜੋੜ ਖੁੱਲ੍ਹ ਗਿਆ, ਆਮ ਲੋਕ ਇਸ ਨੂੰ ਚੰਗਾ ਨਹੀਂ ਸਮਝਦੇ। ਮੇਰੇ ਪਿਤਾ ਜੀ ਦੇ ਦਿਲ ਵਿਚ ਭੀ ਸ਼ੰਕਾ ਪੈ ਗਈ ਕਿ ਇਹ ਵਿਆਹ ਨੇਪਰੇ ਭੀ ਚੜ੍ਹੇਗਾ ਜਾਂ ਨਹੀਂ? ਦੁਬਾਰਾ ਗੰਢ ਜੋੜ ਕਰਕੇ ਦੋ ਲਾਵਾਂ ਫੇਰ ਹੋਈਆਂ। ਲਾਵਾਂ ਤੋਂ ਬਾਅਦ ਮੇਰੇ ਪਿਤਾ ਜੀ ਉਨ੍ਹਾਂ ਮਹਾਨ ਪੁਰਖਾਂ ਨੂੰ ਲੱਭਣ ਲੱਗੇ ਕਿ ਹੁਣ ਜਲ ਪਾਣੀ ਛਕਾਈਏ, ਪਰ ਉਹ ਤਾਂ ਲਾਵਾਂ ਤੋਂ ਬਾਅਦ ਉੱਥੇ ਹੀ ਅਲੋਪ ਹੋ ਗਏ। ਪਿਤਾ ਜੀ ਇਸ ਅਜੀਬ ਘਟਨਾ ਬਾਰੇ ਹੈਰਾਨ ਸਨ, ਪਰ ਪਿਤਾ ਜੀ ਤੋਂ ਬਿਨਾ ਉਸ ਮਹਾਨ ਪੁਰਸ਼ ਦੇ ਕਿਸੇ ਹੋਰ ਨੂੰ ਦਰਸ਼ਨ ਨਹੀਂ ਸੀ ਹੋਏ। ਵਿਆਹ ਵਾਲੇ ਦਿਨ ਹੀ ਮੈਨੂੰ ਭਜਨ ਦੇ ਦਿੱਤਾ ਗਿਆ। ਜੋ ਮੇਰੀ ਜ਼ਿੰਦਗੀ ਨੂੰ ਨਵਾਂ ਜਨਮ ਦੇ ਗਈਆਂ, ਵਿਆਹ ਤੋਂ ਤੀਜੇ ਦਿਨ ਮੇਰੇ ਪਿਤਾ ਜੀ ਇਸ ਘਟਨਾ ਬਾਰੇ ਮੇਰੇ ਪਤੀ ਜੀ ਤੇ ਮੈਨੂੰ ਸਾਰਾ ਹਾਲ ਦੱਸਿਆ, ਮੇਰੇ ਪਤੀ ਜੀ ਨੇ ਮੇਰੇ ਪਿਤਾ ਜੀ ਤੋਂ ਪੁੱਛਿਆ ਕਿ 'ਉਸ ਮਹਾਨ ਹਸਤੀ ਦਾ ਕਿਹੋ ਜਿਹਾ ਪਹਿਰਾਵਾ ਸੀ ਤੇ ਕਿਹੋ ਜਿਹਾ ਸ਼ਰੀਰ ਸੀ?' ਪਿਤਾ ਜੀ ਕਹਿਣ ਲੱਗੇ ਉੱਚਾ, ਲੰਮਾ, ਸੁੰਦਰ ਸ਼ਰੀਰ ਸੁਫੈਦ ਵਸਤਰ ਸੁਫੈਦ ਹੀ ਦਾਹੜ੍ਹਾ ਸੀ। ਉਨ੍ਹਾਂ ਦੇ ਚਿਹਰੇ ਦਾ ਪ੍ਰਤਾਪ ਬਹੁਤ ਤੇਜ਼ ਸੀ। 'ਮੇਰੇ ਪਤੀ ਕਹਿਣ ਲੱਗੇ ਕਿ ਇਹ ਤਾਂ

ਸਤਿਗੁਰੂ ਪ੍ਰਤਾਪ ਸਿੰਘ ਜੀ ਸਨ।' ਕਿੰਨਾ ਚੰਗਾ ਹੁੰਦਾ ਮੈਨੂੰ ਭੀ ਉਹ ਆਪਣੀ ਝਲਕ ਦਿਖਾ ਜਾਂਦੇ, ਪਰ ਉਹ ਤਾਂ ਅਲੋਪ ਦੇਹ ਵਿਚ ਟੁੱਟਿਆਂ ਨੂੰ ਦੁਬਾਰਾ ਗੰਢਣ ਆਏ ਸਨ। ਭਜਨ ਤਾਂ ਮੈਂ ਲੈ ਲਿਆ ਸੀ, ਪਰ ਦਰਸ਼ਨਾਂ ਦੀ ਤਾਂਗ ਵੱਧਦੀ ਗਈ। ਪਰ ਅੰਤਰ ਜਾਮੀ ਸਤਿਗੁਰੂ ਜੀ ਨੇ ਮੇਰੀ ਇਹ ਆਸ ਭੀ ਵਿਆਹ ਤੋਂ 6 ਮਹੀਨੇ ਬਾਅਦ ਅੱਸੂ ਦੇ ਮੇਲੇ ਤੇ ਪੂਰੀ ਕਰ ਦਿੱਤੀ। ਜਦੋਂ ਮੈਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਮੇਰੀ ਜਨਮ ਮਨਮ ਦੀ ਪਿਆਸ ਬੁੱਝ ਗਈ।

ਸਾਨੂੰ ਇਹ ਬਿਲਕੁਲ ਹੀ ਭੁੱਲ ਗਿਆ ਕਿ ਵਿਆਹ ਤੋਂ ਬਾਅਦ ਸਾਡਾ ਗੰਢ ਜੋੜ ਖੁੱਲ੍ਹ ਗਿਆ ਸੀ।

**ਦੌਲਤ ਕਹੇ ਮੈਂ ਸਭ ਤੋਂ ਵੱਡੀ ਮੈਨੂੰ ਖਲਕਤ ਸਜਦੇ ਕਰਦੀ।**
**ਅਕਲ ਕਕਹੇ ਮੈਂ ਸਭ ਤੋਂ ਵੱਡੀ ਮੈਂ ਵਿਚ ਕਚਹਿਰੀ ਲੜਦੀ।**
**ਹੋਣੀ ਕਹੇ ਮੈਂ ਸਭ ਤੋਂ ਵੱਡੀ ਮੈਂ ਜੋ ਚਾਹਾਂ ਸੋ ਕਰਦੀ।**

ਹੋਣੀ ਬੜੀ ਪ੍ਰਬਲ ਹੈ ਤੇ ਹੋ ਕੇ ਰਹਿੰਦੀ ਹੈ। ਭਾਵੇਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਦੇ ਆਸਰੇ ਸੂਲੀ ਤੋਂ ਸੂਲ ਬਣ ਜਾਵੇ ਪਰ ਵਾਪਰਦੀ ਜ਼ਰੂਰ ਹੈ ਤੇ ਮਨੁੱਖ ਨੂੰ ਥੋੜ੍ਹਾ ਬਹੁਤ ਫਲ ਭੁਗਤਣਾ ਜ਼ਰੂਰ ਪੈਂਦਾ ਹੈ। ਸਾਡਾ ਜੀਵਨ ਬੜਾ ਸੁਖਾਵਾਂ ਗੁਜ਼ਰ ਰਿਹਾ ਹੈ। ਵਿਆਹ ਨੂੰ ਦੋ ਸਾਲ ਹੋ ਚੁੱਕੇ ਸਨ। ਅਚਾਨਕ ਮੇਰੇ ਪਤੀ ਜੀ 9 ਫ਼ਰਵਰੀ 1969 ਨੂੰ ਕੁਝ ਆਪਣੇ ਮਾਂ-ਬਾਪ ਦੀ ਨਰਾਜ਼ਗੀ ਕਾਰਨ, ਬਿਨਾਂ ਦੱਸਿਆਂ ਹੀ ਘਰੋਂ ਚਲੇ ਗਏ। ਅਸੀਂ ਸਭ ਪਾਸੇ ਲੱਭ-ਲੱਭ ਕੇ ਥੱਕ ਗਏ। ਪਰ ਉਨ੍ਹਾਂ ਦਾ ਥਾਂ ਟਿਕਾਣਾ ਨਾ ਮਿਲਿਆ। ਉਸ ਵਕਤ ਮੈਂ ਇਕੱਲੀ ਹੀ ਇਸ ਦੁਨੀਆਂ ਵਿਚ ਭਟਕਣ ਲਈ ਰਹਿ ਗਈ। ਮੇਰੇ ਕੋਲ ਕੋਈ ਬੱਚਾ ਜਾਂ ਬੱਚੀ ਨਹੀਂ ਸੀ। ਜਿਸ ਦੇ ਆਸਰੇ ਜ਼ਿੰਦਗੀ ਦੇ ਦਿਨ ਪੂਰੇ ਕਰਦੀ।

ਦੁਨੀਆਂ ਦੇ ਸਭ ਰਿਸ਼ਤੇਦਾਰਾਂ ਨੇ ਮੇਰਾ ਸਾਥ ਛੱਡ ਦਿੱਤਾ ਇੱਥੋਂ ਤਕ ਮੇਰੇ ਮਾਤਾ-ਪਿਤਾ ਜੀ ਵੀ ਮੇਰਾ ਦੂਸਰਾ ਵਿਆਹ ਕਰਨ ਲਈ ਤਿਆਰ ਹੋ ਗਏ। ਮੈਂ ਦੂਜਾ ਵਿਆਹ ਨਹੀਂ ਸੀ ਕਰਵਾਉਣਾ ਚਾਹੁੰਦੀ, ਪਰ ਮੇਰੇ ਪਿਤਾ ਜੀ ਮੇਰੀ ਕੋਈ ਗੱਲ ਨਹੀਂ ਸੀ ਸੁਣਦੇ। ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਦਾ ਆਸਰਾ ਲਿਆ ਅਤੇ ਸੋਚਿਆ ਕਿ ਸੱਚੇ ਪਾਤਸ਼ਾਹ ਜਲ ਮੇਰੇ ਤੇ ਇਸ ਲੋਕ ਤੇ ਪ੍ਰਲੋਕ ਵਿਚ ਭੀ ਸਹਾਈ ਹੋਣਗੇ।

**ਜਾ ਕਉ ਮੁਸਕਲੁ ਅੱਤਿ ਬਣੈ ਢੋਈ ਕੋਇ ਨਾ ਦੇਇ॥**
**ਲਾਗੂ ਹੋਇ ਦੁਸ਼ਮਨਾਂ ਸਾਕ ਭੀ ਭਜਿ ਖਲੋ॥**
**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥੧॥**

ਮੇਰੇ ਪਿਤਾ ਜੀ ਨਾਮਧਾਰੀਆਂ ਨੂੰ ਚੰਗਾ ਨਹੀਂ ਸਨ ਸਮਝਦੇ। ਮੈਂ ਆਪਣੇ ਮਾਂ-ਬਾਪ ਤੋਂ ਚੋਰੀ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਚਿੱਠੀ ਲਿੱਖੀ ਕਿ ਮੇਰੇ

Sri Satguru Jagjit Singh Ji eLibrary NamdhariElibrary@gmail.com

ਪਤੀ ਜੀ ਬਿਨਾਂ ਦੱਸੇ ਘਰੋਂ ਚਲੇ ਗਏ ਹਨ ਅਤੇ ਪਿਤਾ ਜੀ ਹੁਣ ਮੇਰਾ ਦੂਜਾ ਵਿਆਹ ਕਰਨਾ ਚਾਹੁੰਦੇ ਹਨ। ਮੈਂ ਦੁਬਾਰਾ ਵਿਆਹ ਨਹੀਂ ਕਰਵਾਉਣਾ ਚਾਹੁੰਦੀ, ਆਪ ਜੀ ਤੋਂ ਬਿਨਾਂ ਮੇਰਾ ਇਸ ਦੁਨੀਆਂ ਵਿਚ ਕੋਈ ਨਹੀਂ।

**ਸੁਖ ਮੇ ਸੰਗੀ ਸਭ ਭਈ,**
**ਦੁਖ ਮੇ ਸੰਗ ਨਾ ਕੋਈ।**

ਇਸ ਚਿੱਠੀ ਦਾ ਜਵਾਬ ਮੈਂ ਆਪਣੀ ਇਕ ਸਹੇਲੀ ਦੇ ਪਤੇ ਤੇ ਮੰਗਵਾਇਆ ਤਾਂ ਜੋ ਮੇਰੇ ਪਿਤਾ ਜੀ ਨਰਾਜ਼ ਨਾ ਹੋ ਜਾਣ। ਗ਼ਰੀਬ ਨਿਵਾਜ਼ ਦੀਨ ਦੁਨੀ ਦੇ ਵਾਲੀ ਕਰੁਣਾ ਨਿਧਾਨ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਚਿੱਠੀ ਰਾਹੀਂ ਹੁਕਮ ਕੀਤਾ ਕਿ "ਭਜਨ ਕਰਕੇ ਅਰਦਾਸ ਕਰਿਆ ਕਰ।" ਮੇਰੇ ਟੁੱਟੇ ਮਨ ਨੂੰ ਕੁਝ ਤਸੱਲੀ ਹੋਈ। ਸੱਚੇ ਪਾਤਸ਼ਾਹ ਜੀ ਨੂੰ ਮੈਂ ਚਿੱਠੀਆਂ ਆਪਣੇ ਦੁੱਖਾਂ ਦੀਆਂ ਲਿਖਦੀ ਤੇ ਸੱਚੇ ਪਾਤਸ਼ਾਹ ਮੈਨੂੰ ਚਿੱਠੀਆਂ ਰਾਹੀਂ ਧੀਰਜ ਬਖਸ਼ਦੇ।

ਮੇਰੇ ਪਤੀ ਜੀ ਨੂੰ ਘਰੋਂ ਗਿਆਂ ਛੇ ਮਹੀਨੇ ਹੋ ਗਏ ਸਨ। ਇਨ੍ਹਾਂ ਨੇ ਨਾ ਮੈਨੂੰ, ਨਾ ਕਿਸੇ ਹੋਰ ਰਿਸ਼ਤੇਦਾਰ ਨੂੰ ਕੋਈ ਰਾਜ਼ੀ ਖ਼ੁਸ਼ੀ ਦੀ ਚਿੱਠੀ ਪਾਈ। ਮੈਂ ਬਹੁਤ ਪਰੇਸ਼ਾਨ ਸੀ, ਕੋਈ ਸਮਝ ਨਹੀਂ ਸੀ ਪੈਂਦੀ ਕਿ, ਕਿ ਕਰਾਂ। ਸੱਚੇ ਪਾਤਸ਼ਾਹ ਦੀਆਂ ਚਿੱਠੀਆਂ ਪੜ੍ਹ ਕੇ ਮੰਨ ਨੂੰ ਧੀਰਜ ਹੋ ਜਾਂਦੀ, ਪਰ ਜਦੋਂ ਪਤੀ ਦੀ ਯਾਦ ਆਉਂਦੀ ਤਾਂ ਮਨ ਨੂੰ ਹੋਲ ਪੈਂਦਾ। ਇੱਕ ਹੋਰ ਚਿੱਠੀ ਰਾਹੀਂ ਮੈਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਗ਼ਰੀਬ ਨਿਵਾਜ਼ ਜੀਉ! ਮੇਰੀਆਂ ਦੋ ਮੰਗਾਂ ਹਨ। ਇੱਕ ਮੰਗ ਨੂੰ ਮਨਜੂਰ ਕਰ ਲਵੋ। ਚਾਹੇ ਮੇਰੇ ਪਤੀ ਜੀ ਨੂੰ ਘਰ ਲੈ ਆਵੋ ਜਾਂ ਮੇਰੀ ਜ਼ਿੰਦਗੀ ਦਾ ਅੰਤ ਕਰ ਦਿਓ ਜੀ। ਮੈਂ ਇਸ ਤਰ੍ਹਾਂ ਦੁਨੀਆਂ ਵਿਚ ਜੀਉਣਾ ਨਹੀਂ ਚਾਹੁੰਦੀ।

ਧੰਨ ਮੇਰੇ ਸਤਿਗੁਰੂ ਜੀ ਹਨ ਜਿਨ੍ਹਾਂ ਨੇ ਗ਼ਰੀਬਣੀ ਦੀ ਅਰਜ਼ ਮਨਜੂਰ ਕਰਦੇ ਹੋਏ ਮੇਰੇ ਪਤੀ ਜੀ ਨੂੰ ਸਾਕਾਰ ਰੂਪ ਵਿਚ ਦਰਸ਼ਨ ਦੇ ਕੇ ਘਰ ਵਾਪਿਸ ਲਿਆਂਦਾ। ਮੇਰੇ ਪਤੀ ਜੀ ਦੱਸਦੇ ਹਨ ਕਿ ਅੰਮ੍ਰਿਤ ਵੇਲੇ, ਦੋ ਵਜੇ ਉੱਠ ਕੇ ਹਰ ਰੋਜ਼ ਜਮਨਾ ਦੇ ਕੰਢੇ ਤੇ ਮੈਂ ਸਣੇ ਕੇਸੀਂ ਇਸ਼ਨਾਨ ਕਰਕੇ ਭਜਨ ਕਰਦਾ ਹੁੰਦਾ ਸੀ। ਇੱਕ ਦਿਨ ਜਦੋਂ ਮੈਂ ਸਵੇਰੇ ਇਸ਼ਨਾਨ ਕਰਕੇ ਭਜਨ ਕਰਨ ਲੱਗਾ ਤਾਂ ਉਸ ਵਕਤ 2 ਵਜੇ ਦਾ ਸਮਾਂ ਸੀ, ਤਾਂ ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਹੋਏ, ਮੈਂ ਚਰਨਾਂ ਤੇ ਹੱਥ ਜੋੜ ਕੇ ਖਲੋ ਗਿਆ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਹੁਣ ਵਾਪਿਸ ਘਰ ਚਲਿਆ ਜਾ, ਤੇਰੀ ਸਿੰਘਣੀ ਪਿੱਛੇ ਤੜਪਦੀ ਹੈ, 'ਮੈਨੂੰ ਤੇਰਾ ਭਜਨ ਮਨਜੂਰ ਨਹੀਂ।'

ਵਾਹ ਸਤਿਗੁਰੂ ਵਾਹ! ਤੂੰ ਹੋਣੀ ਨੂੰ ਟਾਲ ਸਕਦਾ ਏਂ। ਇਤਿਹਾਸ ਗਵਾਹ ਏ। ਚਾਹੇ ਤਾਂ ਰੇਖ ਵਿਚ ਮੇਖ ਮਾਰ ਸਕਦਾ ਏਂ। ਤੂੰ ਛੇਵੇਂ ਜਾਮੇ ਵਿਚ ਸੁਲੱਖਣੀ ਨੂੰ ਸੱਤ ਪੁੱਤਰ ਬਖਸ਼ੇ। ਭਾਈ ਸੁਬੇਗ ਸਿੰਘ ਦੇ ਮੱਥੇ ਤੋਂ ਮੁਸਲਮਾਨ ਹੋਣ ਦੀ ਰੇਖ ਨੂੰ ਬਦਲ ਦਿੱਤਾ ਤਿਵੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇੱਕ ਠੀਕਰ ਚੁੱਕਿਆ ਤੇ ਮੇਰੇ ਮੱਥੇ ਤੇ ਰਗੜ ਕੇ ਸਾਧ ਰੇਖਾ ਮਿਟਾ ਦਿੱਤੀ ਤੇ ਬਚਨ ਕੀਤਾ

Sri Satguru Jagjit Singh Ji eLibrary NamdhariElibrary@gmail.com

ਕਿ ਤੇਰੀ ਕਿਸਮਤ ਵਿਚ ਸਾਰੀ ਉਮਰ ਸਾਧ ਰੇਖਾ ਸੀ, 'ਮੈਂ ਮੇਟ ਚਲਿਆ ਹਾਂ ਤੇ ਹੁਣ ਤੋਂ ਪੰਜ ਦਿਨ ਬਾਅਦ 2.30 ਵਜੇ ਦੀ ਗੱਡੀ ਜਿਹੜੀ ਕਿ ਸਹਾਰਨਪੁਰ ਤੋਂ ਚਲਦੀ ਹੈ ਆ ਜਾਵੀਂ।' ਮੈਂ ਅਰਜ ਕੀਤੀ 'ਗ਼ਰੀਬ ਨਿਵਾਜ਼ ਜੀ ਮੇਰੇ ਕੋਲ ਕੇਵਲ ਇੱਕ ਚਾਦਰ ਤੇ 2 ਕਛਹਿਰੇ ਹਨ ਘਰ ਕਿਸ ਤਰ੍ਹਾਂ ਜਾਵਾਂਗਾ। ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਕਪੜੇ ਭੀ ਆ ਜਾਣਗੇ ਇਸ ਤੋਂ ਬਾਅਦ ਸੱਚੇ ਪਾਤਸ਼ਾਹ ਜੀ ਉਥੋਂ ਹੀ ਅਲੋਪ ਹੋ ਗਏ। ਮੇਰੇ ਪਤੀ ਜੀ ਨੇ ਇੱਕ ਚਿੱਠੀ ਮੇਰੇ ਪਿਤਾ ਨੂੰ ਲਿੱਖੀ ਕਿ ਮੈਂ ਬਿਲਾਸਪੁਰ 31 ਜੁਲਾਈ, 1969 ਨੂੰ ਸਾਧੂ ਸੰਮੇਲਨ ਤੇ ਆ ਰਿਹਾ ਹਾਂ, ਤੁਸੀਂ ਮੇਰੇ ਕਪੜੇ ਭੇਜ ਦਿਓ। ਕਪੜਿਆਂ ਬਾਰੇ ਕੋਈ ਵੇਰਵਾ ਨਹੀਂ ਸੀ ਕਿ ਕਿਹੜੇ ਕਪੜੇ ਚਾਹੀਦੇ ਹਨ ਖੁੱਲੇ ਜਾਂ ਨਾਮਧਾਰੀ ਵਸਤਰ। ਪਤੀ ਜੀ ਦੇ ਦਿਲ ਵਿਚ ਇਹ ਮੰਗ ਸੀ ਕਿ ਸੱਚੇ ਪਾਤਸ਼ਾਹ ਜੀ ਨਾਮਧਾਰੀ ਕਪੜੇ ਪਹੁੰਚਾਉਣਗੇ ਤਾਂ ਹੀ ਮੈਂ ਘਰ ਜਾਵਾਂਗਾ। ਸੱਚੇ ਪਾਤਸ਼ਾਹ ਜੀ ਮੇਰੀ ਸੱਸ ਦੇ ਹਿਰਦੇ ਵਿਚ ਵੱਸੇ। ਉਹ ਕਹਿਣ ਲੱਗੀ ਕਿ 'ਮੈਂ ਆਪਣੇ ਪੁੱਤਰ ਨੂੰ ਨਾਮਧਾਰੀ ਬਸਤਰਾਂ ਵਿਚ ਘਰ ਲਿਆਉਣਾ ਹੈ।' ਇਸ ਕਰਕੇ ਉਸ ਨੇ ਮੇਰੇ ਛੋਟੇ ਦਿਓਰ ਦੇ ਹੱਥ ਨਾਮਧਾਰੀ ਪਹਿਰਾਵਾ ਹੀ ਘੱਲਿਆ। ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਇਹ 2.30 ਵਜੇ ਦੀ ਗੱਡੀ ਦੁਆਰਾ ਘਰ ਪਹੁੰਚੇ। ਸਤਿਗੁਰਾਂ ਦੀ ਬਖਸ਼ਿਸ਼ ਨਾਲ ਦੋ ਵਿਛੜੀਆਂ ਰੂਹਾਂ ਦਾ ਮੇਲ ਹੋਇਆ। ਟੁੱਟੀਆਂ ਤਕਦੀਰਾਂ ਨੂੰ ਗੰਢਿਆ। ਘਰ ਵਿਚ ਬੜੀਆਂ ਖ਼ੁਸ਼ੀਆਂ ਹੋਈਆਂ। ਆਂਢ ਗੁਆਂਢ ਵਧਾਈਆਂ ਦਿੱਤੀਆਂ। ਠੀਕ:-

**ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈਂ ਡੀਠੁ।**
**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਾਹ ਦਾ ਬਸੀਠੁ,**
**ਹਰਿਨਾਮੋ ਮੰਤ੍ਰ ਦ੍ਰਿੜਾਇਦਾ ਕਟੇ ਹਉਮੈ ਰੋਗੁ,**
**ਨਾਨਕ ਸਤਿਗੁਰ ਤਿਨਾ ਮਿਲਾਇਆ,**
**ਜਿਨਾ ਧੁਰੇ ਪਇਆ ਸੰਜੋਗ ।**

**-ਰਣਜੀਤ ਕੌਰ**

Sri Satguru Jagjit Singh Ji eLibrary NamdhariElibrary@gmail.com

# ਇੱਕੋ ਜੋਤਿ

ਕੁਦਰਤ ਦਾ ਅਸਚਰਜ ਤਮਾਸ਼ਾ। ਕਿਤੇ ਚਹਿਲ ਪਹਿਲ, ਕਿਤੇ ਚੁੱਪ ਚਾਂ, ਕਿਤੇ ਜੰਗਲ ਬੇਲੇ, ਕਿਤੇ ਉੱਚੇ ਪਰਬਤ, ਕਿਤੇ ਮਹਿਲ ਚੁਬਾਰੇ, ਕਿਤੇ ਢੱਠੇ ਢਾਰੇ। ਕੋਈ ਭੁੱਲ ਭੁਲੱਈਆਂ ਵਿਚ ਫਸਿਆ ਮਨ ਮਾਨੀਆਂ ਕਰਦਾ ਹੈ, ਪਰ ਜਿਸ ਤੇ ਉਸ ਦੀ ਬਖਸ਼ਸ਼ ਹੋ ਜਾਵੇ, ਉਸ ਨੂੰ ਭਾਂਬੜਾਂ ਵਿੱਚੋਂ ਕੱਢ, ਫੁੱਲਾਂ ਦੀਆਂ ਸੇਜਾਂ ਤੇ ਸੁੱਖ ਦੇਂਦਾ ਹੈ, ਗੰਦੀਆਂ ਨਾਲੀਆਂ ਵਿੱਚੋਂ ਧਰੂ ਮਾਨਸਰੋਵਰ ਦੇ ਕੰਢੇ ਤੇ ਬਿਠਾ ਹੰਸਲਿਆਂ ਨਾਲ ਵਿਸ਼ਾਲ ਤੇ ਪਵਿੱਤਰ ਸਰੋਵਰ ਵਿਚ ਤਾਰੀਆਂ ਲੁਆਂਦਾ ਏ। ਇਹ ਇੱਕ ਉਸ ਦੀ ਖੇਡ ਹੈ।

ਇਸ ਖੇਡ ਦੇ ਖਿਡਾਰੀ ਇੱਕ ਪ੍ਰੀਤਮ ਸਿੰਘ ਜੀ ਹੋਏ ਹਨ ਜਿਨ੍ਹਾਂ ਦਾ ਜਨਮ ਤਾਂ ਪਿੰਡ ਕਰੀਹਾ ਜ਼ਿਲ੍ਹਾ ਜਲੰਧਰ ਵਿਚ ਹੋਇਆ, ਪਰ ਦੇਸ਼ ਦੇ ਵੰਡ ਵੰਡਾਰੇ ਉਪਰੰਤ ਦਿੱਲੀ ਜਾ ਡੇਰਾ ਲਾਇਆ। ਇਸ ਨੇ ਗਾਂਧੀ ਨਗਰੀ, ਜਮਨਾ ਕਿਨਾਰੇ ਰਿਹਾਇਸ਼ ਅਖਤਿਆਰ ਕੀਤੀ ਅਤੇ ਪਿਤਾ ਪੁਰਖੀ ਕੰਮ ਛੱਡ ਠੇਕੇਦਾਰੀ ਦਾ ਪੇਸ਼ਾ ਪਕੜ ਲਿਆ। ਮਾਇਆ ਆਉਣ ਲੱਗ ਪਈ। ਮਾਇਆ ਤੇ ਹੈਂਕੜ ਦਾ ਗੂੜਾ ਸੰਬੰਧ ਏ! ਪਰ ਜਿਸ ਤੇ ਮਹਾਂ ਪੁਰਸ਼ਾਂ ਦੀ ਮਿਹਰ ਹੋਵੇ ਉਹ ਇਸ ਨਾਗਨੀ ਦੇ ਡੰਗ ਤੋਂ ਬਚ ਸਕਦਾ ਏ! ਪਰ ਹੈਂਕੜ ਦੇ ਨਾਲ ਜੇ ਜਵਾਨੀ ਰਲ ਜਾਵੇ ਤਾਂ ਰੱਬ ਈ ਰਾਖਾ ਏ। ਇਸ ਦਾ ਜਵਾਨੀ ਤੇ ਮਾਇਆ ਦੋਹਾਂ ਸਿਰ ਫੇਰ ਦਿੱਤਾ।

ਕੰਮ ਚੱਲ ਰਿਹਾ ਸੀ। ਇੱਕ ਮਜ਼ਦੂਰ ਪਾਸੋਂ ਅਵੱਗਿਆ ਹੋ ਗਈ। ਮਹਾਂ ਪੁਰਸ਼ ਤਾਂ ਬਖਸ਼ ਸਕਦੇ ਹਨ, ਮਗਰ ਮਾਇਆਧਾਰੀ ਇਹ ਪਾਠ ਨਹੀਂ ਪੜ੍ਹਿਆ। ਮੁੰਡਿਆਂ ਨੂੰ ਗੁੱਸਾ ਆ ਗਿਆ। ਉਨ੍ਹਾਂ ਧੌਲ ਧੱਪਾ ਕੀਤਾ। ਮਜ਼ਦੂਰ ਵੀ ਮਸਤਾਨੀ ਜਵਾਨੀ ਦੇ ਘੋੜੇ ਤੇ ਸਵਾਰ ਸੀ। ਉਸ ਵੀ ਅੱਖਾਂ ਵਖਾਈਆਂ ਤੇ ਅੱਗੋਂ ਫੁੰਕਾਰਾ ਮਾਰਿਆ ਉਸ ਵੀ ਆਪਣਾ ਜ਼ਹਿਰ ਉਗਲੱਛਿਆ। ਮਜ਼ੂਰ ਨੇ ਪ੍ਰੀਤਮ ਸਿੰਘ ਦੇ ਗੁੱਸੇ ਦੇ ਪਾਰੇ ਨੂੰ ਇੱਕ ਦਮ 200 ਡਿਗਰੀ ਤੇ ਪਹੁੰਚਾ ਦਿੱਤਾ। ਆਉਂਦਿਆਂ ਸਾਰ ਉਸਦੇ ਸਿਰ ਫਾਉੜਾ ਦੇਹ ਮਾਰਿਆ, ਵਿਚਾਰੇ ਗ਼ਰੀਬ ਦਾ ਘੋਗਾ ਚਿੱਤ ਹੋ ਗਿਆ। ਰੌਲਾ ਪੈ ਗਿਆ, ਪੁਲਿਸ ਆ ਗਈ। ਪੁਲਿਸ ਨੂੰ ਰੱਬ ਕੰਮ ਦੇਵੇ। ਉਹ ਸੁਖਣਾ ਈ ਇਹ ਸੁਖਦੀ ਰਹਿੰਦੀ ਏ। ਮਗਰ ਪ੍ਰੀਤਮ ਸਿੰਘ ਨੌ ਦੋ ਯਾਰਾਂ ਹੋ ਗਿਆ ਤੇ ਸਬਜ਼ੀ ਮੰਡੀ ਦੇ ਜੰਗਲ ਵਿਚ ਜਾ ਡੇਰਾ ਲਾਇਆ। ਕੋਈ ਪਤਾ ਨਾ ਲੱਗੇ। ਪੁਲਿਸ ਲੱਗੀ ਹੱਥ ਵਖਾਉਣ।

Sri Satguru Jagjit Singh Ji eLibrary NamdhariElibrary@gmail.com

ਥਾਣੇਦਾਰ ਪੁਲਿਸ ਲੈ ਭਜਨ ਕੌਰ, ਪ੍ਰੀਤਮ ਸਿੰਘ ਦੀ ਸਿੱਖਣੀ ਪਾਸ ਆਇਆ ਤੇ ਲੱਗਾ ਅਮਕੀ ਦਮਕੀ ਕਰਨ। ਹਰਭਜਨ ਵੀ ਸ਼ੇਰਨੀ ਦੀ ਬੱਚੀ ਸੀ ਤੇ ਸਿਆਣੀ ਸੀ। ਉਸ ਕਿਹਾ, 'ਥਾਣੇਦਾਰ ਸਾਹਿਬ! ਮੈਂ ਦੁਖਿਆਰੀ ਆਂ ਮੈਨੂੰ ਹੋਰ ਨਾ ਦੁਖਾਓ। ਮੇਰੇ ਸਰਦਾਰ ਜੀ ਕਈ ਦਿਨਾਂ ਦੇ ਘਰ ਨਹੀਂ ਆਏ। ਲੋਕ ਕਹਿੰਦੇ ਹਨ, ਪੁਲਿਸ ਲੈ ਗਈ ਸੀ, ਹੁਣ ਮੈਨੂੰ ਕੋਈ ਪਤਾ ਨਹੀਂ, ਤੁਸੀਂ ਸਗੋਂ ਕਿਰਪਾ ਕਰੋ ਤੇ ਭੇਦ ਕੱਢੋ ਨਹੀਂ ਤਾਂ ਮੈਂ ਉਪਰ ਅਪੜਦੀ ਆਂ। ਪੰਡਿਤ ਜਵਾਹਰ ਲਾਲ ਪਾਸ।' ਥਾਣੇਦਾਰ ਮੁੜ ਤਾਂ ਗਿਆ, ਪਰ ਕਹੇ 'ਇਹ ਸਿੱਖੜਾ ਗਿਆ ਕਿੱਥੇ ਹੈ?' ਮੈਂ ਪਤਾਲੋਂ ਵੀ ਕੱਢ ਲਿਆਵਾਂਗਾ। ਮੈਨੂੰ ਜੱਟੀ ਨਹੀਂ ਜਣਿਆ, ਜਾਣੋ, 'ਜੇ ਕਾਤਲ ਨੂੰ ਲੱਭ ਕੇ ਵੱਡੇ ਘਰ ਦੀ ਸੈਰ ਨ ਕਰਾਈ।' ਪੁਲਿਸ ਬਹੁਤ ਖਹਿੜੇ ਪੈ ਗਈ ਤਾਂ ਪ੍ਰੀਤਮ ਸਿੰਘ ਦੇ ਸੂਹੀਆਂ, ਘਰ ਤੇ ਸਖ਼ਤੀ ਦੱਸੀ ਤਾਂ 15 ਦਿਨਾਂ ਉਪਰੰਤ ਟੈਕਸੀ ਕਰਾਏ ਤੇ ਕਰ ਦਰਿਆ ਗੰਜ ਦੇ ਇੱਕ ਹੋਟਲ ਵਿਚ ਆ ਡੇਰਾ ਲਾਇਆ। ਦੇਵਨੇਤ ਉਹੋ ਥਾਣੇਦਾਰ ਵੀ ਉਸੇ ਹੋਟਲ ਵਿਚ ਗਿਆ। ਇੱਕੋ ਮੇਜ਼ ਤੇ ਬਹਿ ਕੇ ਖਾਧਾ-ਪੀਤਾ, ਪਰ ਥਾਣੇਦਾਰ ਪ੍ਰੀਤਮ ਸਿੰਘ ਨੂੰ ਪਛਾਣਦਾ ਨਹੀਂ ਸੀ ਜਦ ਮੇਜ਼ ਤੇ ਬੈਠਦਿਆਂ ਉਸ ਕਤਲ ਦੀ ਗੱਲ ਛੇੜੀ ਤਾਂ ਥਾਣੇਦਾਰ ਨੇ ਨਾਸਾਂ ਫੁਲਾਂਦਿਆਂ ਆਖਿਆ, 'ਮੈਂ ਜਾਟ ਹੂੰ ਜਾਟ, ਕਾਤਲ ਕੋ ਨਾ ਪਕੜਾ ਤੋ ਸਮਝੋ ਕਿਸੀ ਜੱਟਣੀ ਦਾ ਨਹੀਂ ਜਾਇਆ, ਕਿਸੀ ਨੀਚਨੀਂ ਨੇ ਜਾਇਆ ਹੈ।' ਇਹ ਸ਼ਬਦ ਸੁਣਦਿਆਂ ਹੀ ਪ੍ਰੀਤਮ ਸਿੰਘ ਬਿਲ ਤਾਰ ਖਿਸਕ ਟੁਰਿਆ ਤੇ ਦਿੱਲੀ ਛੱਡ ਦਿੱਤੀ। ਉਸ ਦੇ ਪਰਿਵਾਰ ਨੂੰ ਗੁਰਬਚਨ ਸਿੰਘ ਮੁਸਾਫ਼ਰ ਉਨ੍ਹਾਂ ਦੇ ਪਿੰਡ ਛੱਡ ਆਇਆ, ਪ੍ਰੀਤਮ ਸਿੰਘ ਬਿਹਾਰ ਚਲਾ ਗਿਆ। ਜਦ ਥਾਣੇਦਾਰ ਨੂੰ ਪਤਾ ਲੱਗਾ ਕਿ ਹੱਥ ਲੱਗਾ ਸ਼ਿਕਾਰ ਨਿਕਲ ਗਿਆ ਹੈ ਤਾਂ ਬੜਾ ਨੀਲਾ ਪੀਲਾ ਹੋਵੇ। ਬੜੀ ਵਿਸ ਘੋਲੇ। ਪਰ ਹੁਣ ਕੀ ਬਣ ਸਕਦਾ ਸੀ। ਸੱਪ ਨਿਕਲ ਗਿਆ ਪੁਲਿਸ ਲਕੀਰ ਨੂੰ ਹੀ ਪਿੱਟੀ ਜਾਵੇ।

ਪ੍ਰੀਤਮ ਸਿੰਘ ਸੰਭਲ ਚਲਾ ਗਿਆ ਤੇ ਹਿੰਦੁਸਤਾਨ ਕੰਸਟਰੈਕਸ਼ਨ ਪਾਸੋਂ ਪੁਲ ਬਣਾਉਣ ਦਾ ਠੇਕਾ ਲੈ ਲਿਆ। ਜੰਗਲ ਵਿਚ ਡੇਰਾ ਲਾ ਲਿਆ ਤੇ ਮੁੜ ਆਪਣੇ ਪਰਿਵਾਰ ਨੂੰ ਉੱਥੇ ਬੁਲਾ ਲਿਆ। ਪ੍ਰੀਤਮ ਸਿੰਘ ਦੇ ਤਾਏ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ ਤੇ ਪ੍ਰੀਤਮ ਸਿੰਘ ਨੇ ਸੰਤ ਨਿਧਾਨ ਸਿੰਘ ਪਾਸੋਂ ਭਜਨ ਲਿਆ ਹੋਇਆ ਸੀ। ਇਸ ਦਾ ਤਾਇਆ ਤਾਂ ਬੜਾ ਭਜਨੀਕ ਸੀ, ਪਰ ਪ੍ਰੀਤਮ ਤੇ ਅਜੇ ਰੰਗ ਨਹੀਂ ਚੜ੍ਹਿਆ ਸੀ। ਵੈਸੇ ਤਾਈ ਦੇ ਸੰਗਤ ਕਾਰਨ ਪ੍ਰੀਤਮ ਸਿੰਘ ਸਵੇਰੇ ਉੱਠਦਾ, ਇਸ਼ਨਾਨ ਵੀ ਕਰਦਾ, ਜਪੁਜੀ ਸਾਹਿਬ, ਸੁਖਮਨੀ ਸਾਹਿਬ ਦਾ ਪਾਠ ਵੀ ਕਰਦਾ, ਅਕਾਲ ਪੁਰਖ ਅੱਗੇ ਜੋਦੜੀਆਂ ਵੀ ਕਰਦਾ।

ਇੱਥੇ ਇਸ ਨਾਲ ਦੋ ਵਾਰਤਾ ਬੀਤੀਆਂ। ਇੱਕ ਰਾਤ ਆਪਣੇ ਕੁਆਰਟਰ ਅੱਗੇ ਟਹਿਲ ਰਿਹਾ ਸੀ। ਰਾਤ ਦੇ ਕੋਈ 11 ਕੁ ਵਜੇ ਹੋਣਗੇ ਕਿ ਚੌਕੀਦਾਰ ਰਘੋਨਾਥਾ ਦੀਆਂ ਡਾਡਾਂ ਨਿਕਲ ਗਈਆਂ। ਉਹ ਗ਼ਰੀਬ ਭੱਜਦਾ ਆਇਆ

Sri Satguru Jagjit Singh Ji eLibrary NamdhariElibrary@gmail.com

ਤੇ ਧੜੱਮ ਕਰਕੇ ਧਰਤੀ ਤੇ ਡਿੱਗਾ। ਕੇਵਲ ਮੂੰਹੋਂ ਇਤਨਾ ਨਿਕਲਿਆ।

'ਟੂਣੀ, ਟੂਣੀ, ਸਰਦਾਰ ਜੀ! ਟੂਣੀ! ਬਚਾਓ! ਬਚਾਓ।' ਪ੍ਰੀਤਮ ਸਿੰਘ ਨਿਗਾਹ ਚੁੱਕ ਕੇ ਵੇਖਿਆ ਤਾਂ ਇਉਂ ਜਾਪੇ ਜਿਵੇਂ ਵੱਡੀ ਗੱਡੀ ਦੀਆਂ ਲਾਟਾਂ ਨਿਕਲ ਰਹੀਆਂ ਹਨ। ਓਧਰ ਵੇਖਿਆ ਨਹੀਂ ਸੀ ਜਾਂਦਾ। ਪ੍ਰੀਤਮ ਸਿੰਘ ਅਰਦਾਸਾ ਸੋਧਿਆ ਤੇ ਭਜਨ ਕਰਨ ਲੱਗ ਪਿਆ। ਪਰ ਕਿਸੇ ਟੂਣੀ ਨੂੰ ਅਗੇ ਆਉਣ ਦੀ ਹਿੰਮਤ ਨਾ ਪਈ। ਉਹ ਲਾਟਾਂ ਗੁੰਮ ਹੋ ਗਈਆਂ।

ਮਸਾਂ ਮਸਾਂ 14-15 ਦਿਨ ਬੀਤੇ ਹੋਣਗੇ। ਡਾਕ ਬੰਗਲੇ ਦੇ ਅਫ਼ਸਰ ਦੇ ਘਰ ਚੋਰੀ ਹੋ ਗਈ। ਇਹ ਦਿਨ ਕੋਈ ਜੇਠ ਹਾੜ੍ਹ ਦੇ ਹੋਣਗੇ। ਸਵੇਰ ਸਾਰ ਪੁਲਿਸ ਆ ਦੁਆਲੇ ਹੋਈ। ਸ਼ੱਕ ਵੱਜੋਂ ਸਭ ਦੀ ਤਲਾਸ਼ੀ ਹੋਈ। ਪ੍ਰੀਤਮ ਸਿੰਘ ਦੇ ਟਰੰਕ ਵੀ ਖੁਲਾਏ ਗਏ। ਪਰ ਇਨ੍ਹਾਂ ਅੰਦਰ ਪਾਪ ਨਹੀਂ ਸੀ। ਇਨ੍ਹਾਂ ਨੇ ਸਭ ਗਹਿਣਾ ਗੱਟਾ ਪੁਲਿਸ ਦੇ ਸਾਹਮਣੇ ਰੱਖ ਦਿੱਤਾ। ਪੁਲਿਸ ਤੇ ਘਰ ਵਾਲਿਆਂ ਸਭ ਵਸਤੂ ਗਹੁ ਨਾਲ ਵੇਖੀ ਤੇ ਸਿਰ ਫੇਰਿਆ। ਪੁਲਿਸ ਮਾਫ਼ੀ ਮੰਗਦੀ ਵਾਪਸ ਮੁੜ ਗਈ। ਸਤਿਗੁਰੂ ਲਾਵ ਰੱਖੀ। ਚੋਰੀ ਦੀ ਘਟਨਾ ਬੀਤਿਆਂ ਇੱਕ ਮਹੀਨਾ ਗੁਜਰਿਆ ਹੋਣਾ ਏ ਕਿ ਇੱਕ ਵਜੇ ਰਾਤ ਦੇ ਇੱਕ ਮਹਾਂ ਪੁਰਖ ਘਰ ਦੇ ਬੂਹੇ ਅੱਗੇ ਆ ਖਲੋਤਾ। ਉੱਚਾ ਲੰਮਾ, ਗਰਦਨ ਵੀ ਲੰਮੀ ਸਿਰ ਤੇ ਜੂੜਾ ਅਤੇ ਕਛਹਿਰਾ ਬੈਟਰੀਆਂ ਵਰਗੇ ਤੇਜ਼ ਨੇਤਰ, ਤਕਿਆ ਨਾ ਜਾਵੇ। ਸਭ ਬੋਲੀਆਂ ਬੋਲੇ। ਪੰਜਾਬੀ, ਉੜੀਆ, ਹਿੰਦੀ, ਅੰਗਰੇਜ਼ੀ।

ਉਸ ਦੇ ਨੈਣ ਗੜੁੱਚੇ, ਤੇ ਰੱਬ ਨਾਲ ਲੱਗੀਆਂ ਅੱਖੀਆਂ। ਖ਼ਿਆਲ ਆਵੇ ਖਬਰੇ ਇਹ ਛਲਾਵਾ ਏ! ਕਦੇ ਮਨ ਦੇ ਘੋੜੇ ਦੌੜਨ ਕਿ ਇਹ ਰੱਬੀ ਜੋਤ ਏ, ਸਾਡੇ ਪਰਦੇ ਕੱਜਨ ਆਈ ਏ! ਸਾਧੂ ਕੀ ਨਹੀਂ ਕਰ ਸਕਦਾ? ਸਾਨੂੰ ਰੇਖ ਵਿਚ ਮੇਖ ਮਾਰ ਸਕਦਾ ਏ। ਗੁਰਬਾਣੀ ਦਾ ਵਾਕ ਹੈ:-

**ਟੂਟੇ ਬੰਧਨ ਜਾਸਕੇ ਹੋਆ ਸਾਧੂ ਸੰਗਿ**

ਗੁਰੂ ਜੀ ਦਾ ਫੁਰਮਾਨ ਹੈ:-

**ਸਾਧ ਕੇ ਸੰਗਿ ਨਹੀਂ ਕਛ ਘਾਲੁ।**
**ਦਰਸਨਿ ਭੇਟਿਤ ਹੋਤਿ ਨਿਹਾਲ।**

ਸੰਤਾਂ ਕਿਹਾ 'ਪ੍ਰਸ਼ਾਦ ਛੱਕਣਾ ਏ।' ਧੰਨ ਭਾਗ ਮਹਾਰਾਜ! ਕੀ ਛੱਕੋਗੇ। ਪ੍ਰਸ਼ਾਦੇ ਜਾਂ ਪਰੌਂਠੇ? ਉਨ੍ਹਾਂ ਕਿਹਾ 'ਜੋ ਮਰਜੀ ਏ।' ਉਸੇ ਵੇਲੇ ਮੈਦੇ ਵਿਚ ਘਿਓ ਖੰਡ ਰਲਾ ਕੇ ਪ੍ਰਸ਼ਾਦਾ ਤਿਆਰ ਕਰ ਦਿੱਤਾ ਕੇਵਲ ਅੱਧਾ ਘੰਟਾ ਠਹਿਰੇ। ਪ੍ਰਸ਼ਾਦ ਛੱਕਿਆ ਤੇ ਟੁਰ ਪਏ। ਟੁਰਨ ਲੱਗਿਆਂ ਕਿਹਾ, 'ਦਿੱਲੀ ਚਲੇ ਜਾਓ, ਤੁਹਾਡਾ ਕੁਝ ਵਿਗਾੜ ਨਹੀਂ ਹੋਵੇਗਾ।' ਬਸ ਇਤਨਾ ਕਹਿ ਚੰਨ ਦੀ ਚਾਨਣੀ ਵਿਚ ਰੁਮਕ ਟੁਰੇ। ਥੋੜ੍ਹੀ ਦੇਰ ਤੱਕ ਵਿਖਾਈ ਦਿੱਤੇ। ਫਿਰ ਕੁਝ ਪਤਾ ਨਹੀਂ ਲੱਗਾ ਕਿੱਥੇ ਛਾਈਂ ਮਾਈਂ ਹੋ ਗਏ। ਉਹ ਰਾਤ ਭਜਨ ਕਰਦਿਆਂ ਬਤੀਤ ਹੋਈ। ਉਨ੍ਹਾਂ ਦਾ ਬਚਨ ਮੰਨ ਕੇ ਦਿੱਲੀ ਆ ਗਏ ਤੇ ਬਾਪੂ ਜੀ ਨੂੰ ਨਾਲ ਲੈ ਕਚਹਿਰੀ ਵਿਚ ਜਾ ਪੇਸ਼ ਹੋਏ। ਕਚਹਿਰੀ ਦੇ ਸਭ ਕਰਮਚਾਰੀ ਹੱਕੇ ਬੱਕੇ।

ਕਹਿਣ ਮੁਜਰਮਾਂ ਨੂੰ ਲੱਭਦਿਆਂ ਲੱਭਦਿਆਂ ਪੁਲਿਸ ਮਰ ਜਾਂਦੀ ਏ, ਇਹ ਮਫਰੂਰ ਆਪੇ ਹੀ ਆ ਪੇਸ਼ ਹੋਇਆ ਏ। ਖ਼ੈਰ ਉਸੇ ਵੇਲੇ ਹੱਥਕੜੀਆਂ ਲੱਗ ਗਈਆਂ। ਪਿਤਾ ਜੀ ਨੇ 200 ਰੁਪਏ ਲਾਕੇ ਇੱਕ ਵਕੀਲ ਕਰ ਲਿਆ। ਰਾਤ ਦਰਿਆ ਗੰਜ ਦੀ ਜੇਲ੍ਹ ਵਿਚ ਡੱਕ ਦਿੱਤਾ ਗਿਆ। ਵਕੀਲ ਤਾਂ ਫੀਸ ਲੈ ਕਚਹਿਰੀ ਭੁਗਤਾ ਘਰ ਚੱਲਿਆ ਗਿਆ, ਪਰ ਪ੍ਰੀਤਮ ਸਿੰਘ ਦਾ ਵਕੀਲ ਇਨ੍ਹਾਂ ਦੇ ਨਾਲ ਹੀ ਰਾਤ ਨੂੰ ਇਨ੍ਹਾਂ ਦੇ ਕੋਲ ਜੇਲ੍ਹ ਵਿਚ ਰਿਹਾ। ਪ੍ਰੀਤਮ ਸਿੰਘ ਨੇ ਭਜਨ ਤਕੜਾ ਹੋ ਕੀਤਾ। ਸਾਰੀ ਰਾਤ ਬੇਨਤੀਆਂ ਕਰਦਿਆਂ ਗੁਜ਼ਾਰੀ ਰਾਤ ਥੋੜ੍ਹੀ ਬਾਕੀ ਸੀ ਕਿ ਇਨ੍ਹਾਂ ਦਾ ਵੱਡਾ ਵਕੀਲ ਪ੍ਰਤੱਖ ਹੋ ਖਲੋਤਾ। ਸਿਰ ਤੇ ਕਲਗੀ, ਗਲ ਵਿਚ ਮੋਤੀਆਂ ਦੀ ਮਾਲਾ। ਜੜਾਊ ਸ੍ਰੀ ਸਾਹਿਬ, ਮੋਢੇ ਤੇ ਕਮਾਨ ਤੇ ਨਾਲ ਹੀ ਭੱਥਾ। ਭੱਥੇ ਵਿਚ ਸੁਨਹਿਰੀ ਮੁਖੀਆਂ ਵਾਲੇ ਤੀਰ, ਬਚਨ ਕੀਤਾ, 'ਪ੍ਰੀਤਮ ਸਿੰਘ! ਫ਼ਿਕਰ ਨਾ ਕਰ ਅਕਾਲ ਪੁਰਖ ਸਹੈਤਾ ਕਰਨਗੇ।' ਇਹ ਕਹਿ ਇਲਾਹੀ ਜੋਤ ਅਲੋਪ ਹੋ ਗਈ।

ਦਿਨ ਚੜ੍ਹਿਆ। ਪੁਲਿਸ ਦੀ ਗੱਡੀ ਆਈ। ਪ੍ਰੀਤਮ ਸਿੰਘ ਨੂੰ ਗੱਡੀ ਵਿਚ ਬਿਠਾਇਆ ਤੇ ਕਚਹਿਰੀ ਦੇ ਦਰਵਾਜ਼ੇ ਅੱਗੇ ਜਾ ਕੇ ਰੁੱਕੀ। ਮੁਜਰਮ ਨੂੰ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ। ਮਗਰ ਮੈਜਿਸਟਰੇਟ ਚੁੱਪ। ਬੋਲੇ ਨ ਚਾਲੇ ਜੀਭ ਖਿੱਚੀ ਗਈ। ਕਲਮ ਨ ਚੁੱਕੀ ਜਾਵੇ। ਮੁਲਜਮ ਦੀ ਫ਼ਾਈਲ ਨ ਲੱਭੇ। ਕਚਹਿਰੀ ਵਿੱਚ ਹਫੜਾ-ਦਫੜੀ ਮੱਚ ਗਈ। ਮੇਜ਼ ਦੀਆਂ ਨੁਕਰਾਂ ਫੋਲ ਮਾਰੀਆਂ। ਕਲਰਕ ਘੜੀ-ਮੁੜੀ ਅਲਮਾਰੀਆਂ ਫੋਲਣ। ਬਥੇਰੀ ਉਥਲ-ਪੁਥਲ ਕੀਤੀ, ਮਗਰ ਫ਼ਾਈਲ ਨ ਮਿੱਲੀ। ਜੱਜ ਹੈਰਾਨ, ਸਰਕਾਰੀ ਵਕੀਲ ਹੈਰਾਨ, ਰੀਡਰ ਹੈਰਾਨ ਆਖਰ ਜੱਜ ਹੁਕਮ ਦਿੱਤਾ ਹੱਥਕੜੀਆਂ ਲਾਹ ਦਿਓ। ਮੁਲਜਮ ਇੱਕ ਸਾਲ ਵਾਸਤੇ ਫ਼ਰੀ। ਵਕੀਲ ਨੇ ਕਿਹਾ, 'ਇੱਕ ਸਾਲ ਦਾ ਕੀ ਮਤਲਬ?' ਜਾਂ ਸਜ਼ਾ ਹੋਵੇ ਜਾਂ ਬਰੀ ਕਰਾਰ ਦਿੱਤਾ ਜਾਵੇ? ਅੰਤ ਜੱਜ ਨੂੰ ਬਿਨਾਂ ਕਿਸੇ ਸ਼ਰਤ ਹੀ ਬਰੀ ਕਰਾਰ ਕਰਨਾ ਪਿਆ। ਅਗਲੇ ਦਿਨ ਡੀ.ਐਸ.ਪੀ. ਰਾਹੀਂ ਪ੍ਰੀਤਮ ਸਿੰਘ ਜੱਜ ਦੇ ਘਰ ਗਿਆ ਤੇ ਧੰਨਵਾਦ ਕੀਤਾ। ਮੈਜਿਸਟਰੇਟ ਵੀ ਅੱਗੋਂ ਆਦਰ ਕੀਤਾ ਤੇ ਆਖਿਆ, ਸਰਦਾਰਾ! ਤੇਰੇ ਵੱਲ ਕੋਈ ਅਗਮੀ ਸ਼ਕਤੀ ਸੀ। ਫ਼ਾਈਲ ਮੇਰੀ ਮੇਜ਼ ਤੇ ਪਈ ਸੀ, ਮਗਰ ਮੇਰੀ ਕਲਮ ਨੂੰ ਹਿੰਮਤ ਨ ਪਈ ਜੋ ਚੁੱਕ ਸਕਾਂ। ਉਹ ਸ਼ਕਤੀ ਪਾਸ ਬੇਨਤੀ ਕਰਨੀ ਕਿ ਉਹ ਮੇਰੇ ਤੇ ਕਿਰਪਾ ਦ੍ਰਿਸ਼ਟੀ ਰੱਖੇ।' ਪ੍ਰੀਤਮ ਸਿੰਘ ਧੰਨਵਾਦ ਕੀਤਾ ਤੇ ਵਾਪਸ ਮੁੜ ਆਇਆ। ਬੜੀਆਂ ਖ਼ੁਸ਼ੀਆਂ ਹੋਈਆਂ।

ਇਸ ਤੋਂ ਉਪਰੰਤ ਪ੍ਰੀਤਮ ਸਿੰਘ ਮੁੜ ਤਿੰਨ-ਚਾਰ ਸਾਲ ਦਿੱਲੀ ਰਿਹਾ। ਠੇਕੇਦਾਰੀ ਕੀਤੀ। ਕੁਝ ਕੁਆਟਰ ਬਣਾਏ। ਤਿਹਾੜ ਜੇਲ੍ਹ ਦੀ ਮੁਰੰਮਤ ਕੀਤੀ। ਮੁੜ ਹਿੰਦੁਸਤਾਨ ਕਨਸਟਰੈਕਸ਼ਨ ਪਾਸ ਭੂਪਾਲ ਚਲਾ ਗਿਆ। ਹਮੀਦਿਆਂ ਬਾਜ਼ਾਰ ਵਿਚ ਮਕਾਨ ਕਰਾਏ ਤੇ ਲਿਆ। ਚੰਗਾ ਕੰਮ ਚੱਲਿਆ। ਚੰਗੇ ਪੈਸੇ ਕਮਾਏ। ਇੱਕ ਦਿਨ ਪ੍ਰੀਤਮ ਸਿੰਘ ਚੁੰਗੀ ਨਾਕੇ ਤੇ ਬੈਠਾ ਸੀ, ਕਿ ਇੱਕ ਮਹਾਂ

Sri Satguru Jagjit Singh Ji eLibrary NamdhariElibrary@gmail.com

ਪੁਰਸ਼ ਭਗਵਿਆਂ ਕਪੜਿਆਂ ਵਿਚ ਦਰਸ਼ਨ ਦਿੱਤੇ। ਪੂਰਨ ਗੁਰ ਸਿੱਖ। ਕੱਦ ਕਰੀਬਨ 6 ਫੁੱਟ, ਜੱਟਾਂ ਦਾ ਜੂੜਾ ਮਗਰ ਸਿਰ ਤੇ ਚਿੱਟਾ ਦਸਤਾਰਾ, ਨੂਰਾਨੀ ਚਿਹਰਾ। ਬਚਨ ਕੀਤਾ ਸਰਦਾਰਾ! ਤੇਰੇ ਘਰ ਜਾਣਾ ਏ। 'ਸਤਿ ਬਚਨ ਮਹਾਰਾਜ!' ਉਸੇ ਵੇਲੇ ਟੁਰ ਪਏ। ਘਰ ਪੁੱਜ ਬੇਨਤੀ ਕੀਤੀ 'ਕੀ ਛੱਕੋਗੇ? ਛੱਕਣ ਬਾਰੇ ਤਾਂ ਸੰਤਾਂ ਕੋਈ ਉੱਤਰ ਨ ਦਿੱਤਾ, ਮਗਰ ਇਤਨਾ ਕਿਹਾ, ਤੁਹਾਡੇ ਫਲਾਣੇ ਅਟੈਚੀ ਕੇਸ ਵਿਚ 7650/- ਰੁਪਏ ਹਨ। ਖ਼ੈਰ ਇਹ ਸੁਣ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਅਟੈਚੀ ਕੇਸ ਲਿਆਂਦਾ ਤੇ ਅੱਗੇ ਰਖਿਆ। ਉਸ ਵਿਚ ਠੀਕ 7650/- ਰੁਪਏ ਸਨ। ਇਤਨੇ ਨੂੰ ਸੰਤ ਮਸਤੀ ਵਿਚ ਆ ਗਏ। ਝਟਕਾ ਮਾਰਿਆ ਦਸਤਾਰ ਉਹ ਜਾ ਪਈ। ਜਟਾਂ ਖੁੱਲ੍ਹ ਗਈਆਂ। ਸੰਤਾਂ ਜਟਾਂ ਨਚੋੜੀਆਂ ਤਾਂ ਇੱਕ ਪਾਸੇ ਦੀਆਂ ਜਟਾਂ ਵਿੱਚੋਂ ਪਾਣੀ ਦੀਆਂ ਧਾਰਾਂ ਨਿਕਲੀਆਂ ਤੇ ਦੂਰੇ ਪਾਸੇ ਦੀਆਂ ਜਟਾਂ ਵਿੱਚੋਂ ਦੁੱਧ ਦੀਆਂ ਧਾਰਾਂ ਵਹਿ ਟੁਰੀਆ। ਘਰ ਦੇ ਜੀ ਚਰਨਾਂ ਤੇ ਡਿੱਗ ਪਏ। ਸਰੀਰ ਪਾਣੀਓ ਪਾਣੀ ਹੋ ਗਿਆ। ਉਨ੍ਹਾਂ ਆਪਣੀ ਮੁੱਠ ਖੋਲੀ। ਮੁੱਠੀ ਵਿਚ ਚੋਲ ਸਨ। ਪ੍ਰੀਤਮ ਸਿੰਘ ਦੋ ਦਾਣੇ ਚੁੱਕ ਮੂੰਹ ਵਿਚ ਪਾ ਲਏ ਕਪਾਟ ਖੁੱਲ੍ਹ ਗਏ। ਬਾਣੀ ਦਾ ਪੜ੍ਹਿਆ ਪ੍ਰਤੱਖ ਹੋਇਆ।

**ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ,**
**ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ।**

ਇਸ ਵਿਚ ਛੱਤੀ ਪਦਾਰਥ ਕੀ ਛੱਤੀ ਸੌ ਪਦਾਰਥਾਂ ਤੋਂ ਵਧੇਰੇ ਸਵਾਦ ਸੀ। ਸ੍ਰ: ਨੇ ਬੇਨਤੀ ਕੀਤੀ, 'ਸੇਵਾ ਬਖਸ਼ੋ।' ਕੇਵਲ 11 ਰੁਪਏ ਹਵਨ ਕਰਨਾ ਏ। ਨਾਲ ਹੀ ਕਿਹਾ 'ਕਾਪੀ ਲਿਆ' ਇੱਕ ਕਾਪੀ ਪੇਸ਼ ਕੀਤੀ। ਉਸ ਉਪਰ ਸੰਤਾਂ ਲਿਖਿਆ, ਫਲਾਣੇ ਮਹੀਨੇ ਫਲਾਣੇ ਦਿਨ ਉਪਰੰਤ ਇੱਥੇ ਨਹੀਂ ਰਹਿਣਾ। ਅਗਲੇ ਮਹੀਨੇ ਤੁਹਾਡੇ ਘਰ ਲੜਕਾ ਪੈਦਾ ਹੋਵੇਗਾ। ਉਸ ਦਾ ਨਾਮ ਸਤਿਨਾਮ ਸਿੰਘ ਰਖਣਾ। ਇਹ ਵੀ ਕਿਹਾ ਤੇਰੇ ਪਾਸੋਂ ਇੱਕ ਖ਼ੂਨ ਹੋਵੇਗਾ, ਪਰ ਵਿਗਾੜ ਕੁਝ ਨਹੀਂ ਹੋਵੇਗਾ। ਘਾਬਰਨਾ ਨਹੀਂ। ਸੰਤ ਇਹ ਕਹਿ ਉਠ ਖਲੋਤੇ। ਥੋੜ੍ਹੀ ਦੂਰ ਗਏ ਸਨ ਨ ਸੰਤ ਨ ਸੰਤਾਂ ਦਾ ਪ੍ਰਛਾਵਾਂ। ਮਗਰ ਪ੍ਰੀਤਮ ਸਿੰਘ ਦੇ ਮਨ ਅੰਦਰ ਬੇਚੈਨੀ ਆ ਗਈ ਲੱਖਾਂ ਦਾ ਕੰਮ ਛੱਡ ਦੇਣ ਦਾ ਹੁਕਮ ਹੋਇਆ ਹੈ। ਬਿਨਾ ਹਿਸਾਬ-ਕਿਤਾਰ ਕੀਤੇ ਕਿਵੇਂ ਜਾਈਏ। ਪਰ ਅਜੇਹੇ ਸਾਧ ਭਾਗਾਂ ਨਾਲ ਮਿਲਦੇ ਹਨ, ਜਿਹੜੇ ਰਾਹ ਦਰਸਾਂਦੇ ਹਨ ਤੇ ਗੁੰਝਲਾਂ ਵੀ ਆਪ ਹੀ ਖੋਲ੍ਹਦੇ ਹਨ।

ਪ੍ਰੀਤਮ ਸਿੰਘ ਸਵੇਰੇ ਕੰਮ ਤੇ ਗਿਆ ਉੱਥੇ ਜਾ ਕੇ ਪਤਾ ਲੱਗਾ ਕਿ ਵੱਡੇ ਸਾਹਿਬ ਵੱਲੋਂ ਇਸ ਕੰਮ ਨੂੰ ਬੰਦ ਕਰਨ ਤੇ ਭਲਾਈ ਜਾ ਕੇ ਸ਼ੁਰੂ ਕਰਨ ਦੇ ਆਰਡਰ ਆ ਗਏ ਹਨ। ਦਿਨਾਂ ਵਿਚ ਹਿਸਾਬ ਕਿਤਾਬ ਫਾਈਨਲ ਹੋ ਗਏ ਤੇ 1957 ਉਪਰੰਤ ਆਪਣੇ ਪਿੰਡ ਆ ਗਿਆ। ਇੱਥੇ ਆ ਕੇ ਚੱਕੀ ਲਾ ਲਈ। ਬੱਚੇ ਦਾ ਜਨਮ ਵੀ ਉਸੇ ਮਹੀਨੇ ਹੋਇਆ ਮਾਈਆਂ ਕਹਿਆ ਮੁੰਡਾ ਤਾਂ ਪੀਲਾ ਭੂਕ ਏ। ਪੂਣੀ ਵਰਗਾ ਰੰਗ ਏ। ਮਗਰ ਪ੍ਰੀਤਮ ਸਿੰਘ ਦੇ ਮਨ ਵਿਚ ਭਰੋਸਾ ਸੀ। ਉਸ ਨੇ ਦਰਿੜ ਵਿਸ਼ਵਾਸੀ ਨਾਲ ਕਿਹਾ, 'ਕੋਈ ਫ਼ਿਕਰ ਨਹੀਂ ਜਿਸ

ਬਖਸ਼ਿਆ ਏ ਖ਼ੂਨ ਵੀ ਦੇਵੇਗਾ।' ਚਾਰ ਦਿਨਾਂ ਉਪਰੰਤ ਬੱਚੇ ਦਾ ਰੰਗ ਸਿਉ ਵਰਗਾ ਨਿਕਲ ਆਇਆ। ਸੰਤਾਂ ਦੇ ਬਚਨਾਂ ਅਨੁਸਾਰ ਨਾਉਂ ਸਤਿਨਾਮ ਸਿੰਘ ਰਖਿਆ।

ਇੱਥੇ ਪਿੰਡ ਆ ਕੇ ਵੱਡਾ ਕੰਮ ਸ਼ੁਰੂ ਕਰਨ ਦਾ ਇਰਾਦਾ ਬਣਾ ਲਿਆ। ਸਮਾਨ ਪੁਰ ਜ਼ਿਲ੍ਹਾ ਜਲੰਧਰ ਵਿਚ 28X31 ਦਾ ਇੰਜਨ ਲਾ ਦਿੱਤਾ। ਆਰਾ ਤੇ ਚੱਕੀ। ਬੜਾ ਕੰਮ ਚਲਿਆ। ਰੋਜ਼ ਦਾ 100-100 ਬਚਨ ਲੱਗੇ। 1962 ਵਿਚ ਆਰੇ ਦੇ ਲਾਗੇ ਇੱਕ 16-17 ਸਾਲ ਦੀ ਲੜਕੀ ਆ ਖਲੋਤੀ। ਉਸ ਦੀ ਗੁੱਤ ਫਸ ਗਈ। ਨਾਲ ਹੀ ਲਪੇਟੀ ਗਈ। ਮੁਸ਼ਕਲ ਨਾਲ ਇੰਜਨ ਨੂੰ ਰੋਕਿਆ। ਉਸ ਨੂੰ ਮੁਜੱਫਰਪੁਰ ਦੇ ਹਸਪਤਾਲ ਦਾਖ਼ਲ ਕਰਾਇਆ। ਡਾਕਟਰਾਂ ਬਥੇਰੀ ਵਾਹ ਲਾਈ, ਮਗਰ ਤੀਜੇ ਦਿਨ ਪ੍ਰਾਣ ਤਿਆਗ ਗਈ। ਪੁਲਿਸ ਤਫਤੀਸ਼ ਕਰਨ ਆਈ। ਚੌਧਰੀ ਹਰਭਜਨ ਸਿੰਘ ਐਮ.ਐਲ.ਏ. ਸੀ ਉਸ ਕਿਹਾ, 'ਪ੍ਰੀਤਮ ਸਿੰਘ! ਇਸ ਵਿਚ ਤੇਰਾ ਦੋਸ਼ ਨਹੀਂ। ਘਬਰਾ ਨਾ। ਲੜਕੀ ਦੇ ਵਾਰਸਾਂ ਵੀ ਇਹੋ ਬਿਆਨ ਦਿੱਤੇ।' 'ਸ੍ਰ: ਸਾਡੇ ਤੇ ਬੜਾ ਮਿਹਰਬਾਨ ਸੀ। ਇਹ ਸਾਨੂੰ ਬੱਚਿਆਂ ਵਾਂਗੂ ਪਾਲਦਾ ਸੀ।' ਆਖਰ ਲੜਕੀ ਦਾ ਸੰਸਕਾਰ ਹੋ ਗਿਆ। ਥਾਣੇਦਾਰ ਨੂੰ ਟਾਂਗੇ ਦਾ ਕਰਾਇਆ ਦਿੱਤਾ ਤੇ ਇੱਕ ਪੀਪੀ ਤੇਲ ਦੀ। ਮਾਮਲਾ ਰਫਾ-ਦਫਾ ਹੋ ਗਿਆ। ਸਤਿਗੁਰਾਂ ਇੱਥੇ ਵੀ ਲਾਜ ਰੱਖੀ।

ਹਰਭਜਨ ਕੌਰ, ਪ੍ਰੀਤਮ ਸਿੰਘ ਦੀ ਪਤਨੀ ਨੇ ਕਿਹਾ 'ਸਰਦਾਰ ਜੀ! ਇੱਥੇ ਰਹਿਣਾ ਠੀਕ ਨਹੀਂ। ਪ੍ਰੀਤਮ ਸਿੰਘ ਵੀ ਸਹਿਮਤ ਹੋ ਗਿਆ। ਕਾਰਖਾਨਾ ਵੇਚਣ ਦੀ ਤਿਆਰੀ ਹੋ ਗਈ। ਮਾਲ ਗਿਣਿਆ ਗਿਆ ਲਗਭਗ 30,000 ਹਜ਼ਾਰ ਦਾ ਸਮਾਨ ਸੀ। ਮਗਰ ਮਹਿੰਦਰ ਸਿੰਘ ਨਾਲ 5000 ਦਾ ਸੌਦਾ ਹੋ ਗਿਆ। ਮਹਿੰਦਰ ਸਿੰਘ 5000 ਲਿਆ ਰਖਿਆ, ਪਰ ਪ੍ਰੀਤਮ ਸਿੰਘ ਨੇ ਉਸ ਵਿੱਚੋਂ ਵੀ 100 ਮੋੜ ਦਿੱਤਾ।

ਸ੍ਰ: ਪ੍ਰੀਤਮ ਸਿੰਘ ਨਵੇਂ ਸ਼ਹਿਰ ਗਿਆ। ਇੱਥੇ ਇੱਕ ਟਰੈਵਲਿੰਗ ਏਜੰਟ ਨੂੰ ਮਿਲਿਆ। ਉਸ ਕਿਹਾ 'ਸਰਦਾਰਾ! ਵਲੈਤ ਜਾਣਾ ਈ? ਲਿਆ ਦਸ ਰੁਪਏ' ਪ੍ਰੀਤਮ ਸਿੰਘ ਦਸਾਂ ਦਾ ਨੋਟ ਦੇ ਘਰ ਆ ਗਿਆ। 11 ਮਹੀਨੇ ਪਿੱਛੋਂ ਇੱਕ ਚਿੱਠੀ ਆ ਗਈ, ਪਰ ਮੁੰਡਿਆਂ ਕਿਹਾ ਇਹ ਤਾਂ ਬੌਚਰ ਏ। ਖ਼ੈਰ ਫ਼ਰਵਰੀ 1963 ਵਿਚ ਪਾਸਪੋਰਟ ਮਿਲ ਗਿਆ ਤੇ ਮਈ ਦੀ ਪੰਜਵੀਂ ਤਾਰੀਖ਼ ਏਅਰ ਫਰਾਂਸ ਰਾਹੀਂ ਇੰਗਲੈਂਡ ਪੁੱਜ ਗਿਆ। ਅੱਗੋਂ ਸਰਦਾਰ ਤਾਰਾ ਸਿੰਘ ਨੇ ਬੜਾ ਨਿੱਘਾ ਸੁਆਗਤ ਕੀਤਾ। ਇੱਥੇ ਕਈ ਪੁਰਾਣੇ ਖਾਣ-ਪੀਣ ਵਾਲੇ ਮਿਲ ਗਏ। ਉਹਨਾਂ ਕਿਹਆ ਯਾਰਾ! ਕੇਸ ਕਟਵਾ ਲੈ ਕੱਲ੍ਹ ਈ ਕੰਮ ਮਿਲ ਜਾਵੇਗਾ। ਪ੍ਰੀਤਮ ਸਿੰਘ ਦਾ ਮਨ ਨਾ ਮੰਨਿਆ। ਉਸ ਇਨਕਾਰ ਕਰ ਦਿੱਤਾ। ਅਗਲੇ ਦਿਨ ਪ੍ਰੀਤਮ ਸਿੰਘ ਗੁਰਦੁਆਰੇ ਗਿਆ ਅਤੇ ਸ਼ੌਕੀਆਂ ਇੱਕ ਕਵਿਤਾ ਪੜ੍ਹੀ। ਕਵਿਤਾ ਪੜ੍ਹਨ ਦੀ ਦੇਰ ਸੀ ਤਾਂ ਇੱਕ ਮੁੰਡਾ ਸੰਗਤ ਵਿੱਚੋਂ ਉਠਿਆ ਤੇ ਪ੍ਰੀਤਮ ਸਿੰਘ ਕੋਲ ਆ ਕੇ ਕਹਿਆ 'ਸਰਦਾਰ ਜੀ! ਕੀ ਕੰਮ ਕਰ ਸਕਦੇ ਹੋ?' ਪ੍ਰੀਤਮ

Sri Satguru Jagjit Singh Ji eLibrary NamdhariElibrary@gmail.com

ਸਿੰਘ ਉੱਤਰ ਦਿੱਤਾ 'ਭਾਈ ਮੈਂ ਕੰਮ ਨਹੀਂ ਕਰ ਸਕਦਾ ਕਰਾ ਸਕਦਾ ਹਾਂ।' ਅਗਲੀ ਸਵੇਰ ਰੈਮ ਫੋਰਡ ਪੁੱਜਾ ਤੇ ਸਤਿਗੁਰਾਂ ਦੀ ਬਖਸ਼ਿਸ਼ ਨਾਲ ਕੰਮ ਮਿਲ ਗਿਆ। ਖ਼ੈਰ ਸਾਲ ਵਿੱਚ ਚੰਗੇ ਪੈਸੇ ਕਮਾਏ ਤੇ ਪੈਸਿਆਂ ਦੇ ਨਾਲ ਖੋਟੀ ਸੰਗਤ ਵੀ ਆ ਮਿਲੀ।

ਕਬੀਰ ਜੀ ਐਵੇਂ ਨਹੀਂ ਕਿਹਾ:-

**ਕਬੀਰ ਸਾਕਤ ਸੰਗਿ ਨ ਕੀਜੀਐ ਦੂਰਹਿ ਜਾਈਐ ਭਾਗ।**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗ।**

ਸੰਨ 1964 ਵਿਚ ਦੇਸ਼ ਆਇਆ ਤੇ ਲੈਣਾ-ਦੇਣਾ ਨਬੇੜ ਮੁੜ ਵਲੈਤ ਚਲਿਆ ਗਿਆ। ਇੱਥੇ ਸੁਭਾਗ ਸਿੰਘ ਨਾਲ ਨਵਾਂ ਮੇਲ ਹੋਇਆ। ਉਹ ਭਾਵੇਂ ਖਾਂਦਾ-ਪੀਂਦਾ ਸੀ, ਮਗਰ ਗੁਰੂ ਘਰ ਤੇ ਭਰੋਸਾ ਸੀ। ਸਤਿਗੁਰੂ ਜਗਜੀਤ ਸਿੰਘ ਜੀ 1967 ਵਿਚ ਵਲੈਤ ਭਾਗ ਲਾਏ। ਸੁਭਾਗ ਸਿੰਘ ਬਾਗੋ ਬਾਗ। ਉਸ ਨੇ ਪ੍ਰੀਤਮ ਸਿੰਘ ਨਾਲ ਗੱਲ ਬਾਤ ਕੀਤੀ। ਪ੍ਰੀਤਮ ਸਿੰਘ ਕਿਹਾ ਮੇਰਾ ਤਾਂ ਇੱਕੋ ਸਤਿਗੁਰੂ ਹੈ, ਹੁਣ ਦੂਜੇ ਥਾਂ ਸਿਰ ਨੀਵਾਂ ਨਹੀਂ ਹੋ ਸਕਦਾ। ਪਰ ਜਦ ਸਾਧ ਸੰਗਤ ਹਵਾਈ ਅੱਡੇ ਤੇ ਗਈ ਤਾਂ ਪ੍ਰੀਤਮ ਸਿੰਘ ਸੰਗਤ ਨਾਲ ਚਲਾ ਗਿਆ। ਦੀਵਾਨ ਵਿਚ ਹਾਜਰ ਹੋਇਆ। ਦਰਸ਼ਨ ਕਰ ਸੁੱਤੇ ਭਾਗ ਲੱਗੇ ਅੰਗੜਾਈਆਂ ਲੈਣ। ਪੰਡਿਤ ਗੋਪਾਲ ਸਿੰਘ ਜੀ ਦੀਵਾਨ ਲਾਇਆ ਤਾਂ ਪ੍ਰੀਤਮ ਸਿੰਘ ਦੇ ਮਨ ਤੇ ਡੂੰਘਾ ਅਸਰ ਪਿਆ। ਪੰਡਿਤ ਜੀ ਵਿਆਖਿਆ ਕਰਦਿਆਂ ਪ੍ਰੇਰਨਾ ਕੀਤੀ ਕਿ 'ਸਾਧ ਸੰਗਤ ਜੀ! ਗੁਰੂ ਰਾਮ ਸਿੰਘ ਜੀ ਦਾ ਜਹਾਜ਼ ਤਿਆਰ ਹੈ। ਹੈ ਕੋਈ ਸੱਜਣ ਰਾਖਸ਼ ਬੁੱਧੀ ਤਿਆਗ ਕੇ ਦੇਵਤਾ ਬਣਨ ਦਾ ਚਾਹਵਾਨ?' ਪ੍ਰੀਤਮ ਸਿੰਘ ਝਟਪਟ ਖੜ੍ਹਾ ਹੋ ਗਿਆ। ਸਾਰੇ ਲੰਗੋਟੀਏ ਯਾਰ ਹੱਕੇ ਬੱਕੇ ਰਹਿ ਗਏ। ਪਰ ਜਦ ਕਰਮ ਉਘੜਦੇ ਹਨ ਤਾਂ ਪਾਪਾਂ ਦੀ ਧੁੰਦ ਆਪੇ ਪਾਟ ਜਾਂਦੀ ਹੈ। ਮਨ ਵਿਚ ਨਿਰਮਲ ਕਿਰਨਾਂ ਦਾ ਪ੍ਰਵੇਸ਼ ਹੋ ਜਾਂਦਾ ਹੈ। ਪ੍ਰੀਤਮ ਸਿੰਘ ਨੇ ਕੰਨਾਂ ਨੂੰ ਹੱਥ ਲਾਏ ਤੇ ਪਛਤਾਵਾ ਕੀਤਾ। ਅਗਲੀ ਸਵੇਰ ਆਸਾ ਦੀ ਵਾਰ, ਸਤਿਗੁਰੂ ਜੀ ਦੀਵਾਨ ਵਿਚ ਬਿਰਾਜਮਾਨ ਸਨ ਤੇ ਤਪਤ ਹਿਰਦਿਆਂ ਨੂੰ ਠਾਰ ਰਹੇ ਸਨ। ਪ੍ਰੀਤਮ ਸਿੰਘ ਜਦ ਦੀਵਾਨ ਵਿਚ ਹਾਜਰ ਹੋਇਆ ਤਾਂ ਸਤਿਗੁਰੂ ਜੀ ਕਮਲ ਨੇਤਰ ਉਤਾਂਹ ਕੀਤੇ। ਮਿਹਰਾਂ ਹੋ ਗਈਆਂ ਦਿੱਲੀ ਦੇ ਦਰਿਆ ਗੰਜ ਵਾਲੇ ਥਾਣੇ ਵਿਚ ਦਾ ਸਰੂਪ ਨਜ਼ਰੀਂ ਆਇਆ। ਬਸ ਚਰਨਾਂ ਤੇ ਢਹਿ ਪਿਆ:-

**ਫੂਟੋ ਆਂਡਾਂ ਭਰਮ ਕਾ ਮਨਹਿ ਭਇਓ ਪ੍ਰਗਾਸ**
**ਕਾਟੀ ਬੇੜੀ ਪਗਹ ਤੇ, ਗੁਰ ਕੀਨੀ ਬੰਦਿ ਖਲਾਸ।**

ਰੈਮ ਫੋਰਡ ਦੀਵਾਨ ਲੱਗਾ। ਸੰਗਤਾਂ ਘਰੀਂ ਚਰਨ ਪਾਉਣ ਲਈ ਬੇਨਤੀ ਕੀਤੀ ਮਗਰ ਇਹ ਬੋਲ ਨ ਸਕਿਆ। ਸ੍ਰ: ਭਾਗ ਸਿੰਘ ਅਰਜ ਕੀਤੀ ਉਹ ਪ੍ਰਵਾਨ ਹੋ ਗਈ। ਹੋਰ ਜਿਨ੍ਹਾਂ ਜਿਨ੍ਹਾਂ ਅਰਜਾਂ ਕੀਤੀਆਂ ਸਭ ਪ੍ਰਵਾਨ, ਮਗਰ ਪ੍ਰੀਤਮ ਸਿੰਘ ਦਾ ਗ੍ਰਹਿ ਸਤਿਗੁਰੂ ਜੀ ਆਪ ਹੀ ਜਾ ਪਵਿੱਤਰ ਕੀਤਾ। ਮੰਜੇ

ਤੇ ਚਾਦਰ ਸੀ ਗ਼ਰੀਬ ਨਿਵਾਜ਼ ਉਸੇ ਚਾਦਰ ਤੇ ਜਾ ਬਿਰਾਜੇ। ਪ੍ਰੀਤਮ ਸਿੰਘ ਇੱਕ ਪਾਸੇ ਖਲੋ ਗਿਆ। ਸਤਿਗੁਰੂ ਜੀ ਬਚਨ ਕੀਤਾ ਪ੍ਰੀਤਮ ਸਿੰਘ! ਤੇਰੇ ਨਾਲ ਵੱਖਰੀ ਗੱਲ ਕਰਨੀ ਏ। ਇਹ ਸੁਣ ਸੰਗਤ ਇੱਕ ਪਾਸੇ ਹੋ ਗਈ। ਹੁਣ ਕੇਵਲ ਪ੍ਰੀਤਮ ਸਿੰਘ ਤੇ ਹਰ ਥਾਂ ਦੇ ਮੁਸ਼ਕਲਕੁਸ਼ਾ ਆਹਮਣੇ ਸਾਹਮਣੇ ਖੜ੍ਹੇ ਸਨ। ਸਤਿਗੁਰੂ ਜੀ ਪ੍ਰੀਤਮ ਸਿੰਘ ਦੇ ਭਰਮ ਦੇ ਪਰਦੇ ਪਾੜਨ ਲਈ ਕਹਿ ਹੀ ਦਿੱਤਾ ਤੈਨੂੰ ਉਹ ਸਮਾਂ ਭੁੱਲ ਗਿਆ। ਜਦ ਤੇਰੇ ਵਾਸਤੇ ਜੰਗਲਾਂ ਵਿਚ ਕੰਡੇ ਚੁਭਾਏ ਸਨ? ਉਹ ਰਾਤ ਯਾਦ ਈ ਜਦ ਜੇਲ੍ਹ ਖਾਨੇ ਹੱਥਕੜੀਆਂ ਬੇੜੀਆਂ ਨਾਲ ਕਸਿਆ ਪਿਆ ਸੈਂ? ਤੇ ਅਰਦਾਸੇ ਕਰ ਰਿਹਾ ਸੈਂ? ਤੈਨੂੰ ਉਹ ਵੇਲਾ ਯਾਦ ਏ ਜਦ ਸੰਸਾਰ ਨਾਲ ਸਾਂਝ ਪਈ ਸੀ? ਪ੍ਰੀਤਮ ਸਿੰਘ ਹੁਣ ਮਨੁੱਖ ਨਹੀਂ ਮਾਲੂਮ ਹੁੰਦਾ ਸੀ, ਪੱਥਰ ਦੀ ਅਹਿਲ ਮੂਰਤੀ ਮਗਰ ਅੱਖਾਂ ਵਿੱਚੋਂ ਜਲ ਛਮ ਛਮ ਚਲ ਰਿਹਾ ਸੀ। ਸਾਰੇ ਸੀਨ ਅੱਖਾਂ ਸਾਹਮਣੇ ਫ਼ਿਲਮ ਗਏ। ਚਰਨਾਂ ਤੇ ਢਹਿ ਪਿਆ।

ਪਤਾ ਨਹੀਂ ਕਿੰਨਾ ਚਿਰ ਪਿਆ ਰਿਹਾ। ਜਦ ਸੁਰਤ ਹੇਠਾਂ ਉਤਰੀ ਸ਼ਰੀਰ ਹੋਲਾ ਫੁਲ ਸੀ। ਇਉਂ ਭਾਸੇ ਜਿਵੇਂ ਸਤਾਂ ਵਲੈਤਾਂ ਦੀ ਬਾਦਸ਼ਾਹੀ ਮਿਲ ਗਈ ਹੈ, ਤੇ ਝੋਰੇ ਡੁਸਕਣੀਆਂ ਤੇ ਹਉਕੇ ਖੰਭ ਲਾ ਕਿਤੇ ਉੱਡ ਗਏ ਹਨ।

ਜਦ ਪ੍ਰੀਤਮ ਸਿੰਘ 1976 ਵਿਚ ਦਿੱਲੀ ਆਇਆ ਤਾਂ ਸੇਠ ਸੇਵਾ ਸਿੰਘ ਆਪਣੇ ਗ੍ਰਿਹਿ ਕ੍ਰਿਸ਼ਨ ਨਗਰ, ਪ੍ਰਸਾਦ ਵਾਸਤੇ ਨਿਮੰਤ੍ਰਣ ਦਿੱਤਾ। ਪ੍ਰੀਤਮ ਸਿੰਘ ਤੇ ਉਨ੍ਹਾਂ ਦੀ ਪਤਨੀ ਡਰਾਇੰਗ ਰੂਮ ਵਿਚ ਬੈਠੇ ਸਨ ਉਸੇ ਕਮਰੇ ਵਿਚ ਤਿੰਨ ਵੱਡੀਆਂ ਤਸਵੀਰਾਂ ਲੱਗੀਆਂ ਲਟਕ ਰਹੀਆਂ ਸਨ। ਜਦ ਨਜ਼ਰ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਤੇ ਜਾਕੇ ਟਿੱਕੀ ਤਾਂ ਅੱਖਾਂ ਵਿੱਚੋਂ ਪ੍ਰੇਮ ਹੰਝੂ ਵਹਿ ਟੁਰੇ ਤੇ ਸਹਿਜੇ ਬਚਨ ਕੀਤਾ ਮਾਸਟਰ ਜੀ! ਸੰਭਲ ਵਾਲੇ ਸੰਤਾਂ ਦਾ ਇਹੋ ਸਰੂਪ ਸੀ। ਇਤਨੇ ਮੋਟੇ ਨੇਤਰ, ਇਤਨਾ ਸੁੰਦਰ ਚਿਹਰਾ, ਗਰਦਨ ਇਨ੍ਹਾਂ ਨਾਲੋਂ ਵੀ ਉੱਚੀ।

**ਪ੍ਰੀਤਮ ਸਿੰਘ ਰੀਹਲ**<br>
ਪ੍ਰਧਾਨ,<br>
ਨਾਮਧਾਰੀ ਸੰਗਤ,<br>
ਯੂ.ਕੇ.<br>
19.2.76

Sri Satguru Jagjit Singh Ji eLibrary NamdhariElibrary@gmail.com

# ਇੰਦਰਾ ਦਾ ਇੰਦਰ

ਵਿਗਿਆਨ ਬੱਚਾ ਹੈ 'ਅਕਲ' ਦਾ ਕੱਚਾ ਹੈ। ਉਹ ਅਜੇ ਭੰਗੂੜੇ ਤੇ ਛੜੀਆਂ ਮਾਰ ਰਿਹਾ ਹੈ। ਅਗਾਂਹ ਵੱਧਣ ਦੀਆਂ ਤਾਗਾਂ ਹਨ। ਇਸ ਦੇ ਬਿਪਰੀਤ ਰੂਹਾਨੀਅਤ ਪੂਰਨ ਹੈ, ਤੇ ਸਰਵਸ਼ਕਤੀ ਨਾਲ ਸਿੱਧਾ ਸੰਬੰਧ। ਇਸ ਦਾ ਭੇਦ ਜਾਣਦੇ ਹਨ ਪਰ ਘੱਟ। ਵਿਗਿਆਨ ਥੋੜ੍ਹੇ ਸੇਕ ਨਾਲ ਉਬਾਲੇ ਖਾਣ ਲੱਗਦਾ ਹੈ। ਰੂਹਾਨੀਅਤ ਹਜ਼ਾਰ ਸੂਰਜ ਦੀ ਤਪਸ਼ ਨਾਲ ਭੀ ਸੇਕ ਨਹੀਂ ਖਾਂਦੀ। ਉਹ ਲੁੱਕੇ ਰਹਿਣ ਵਿਚ ਰਾਜ਼ੀ ਹੈ।

ਤੁਸੀਂ ਦੇਖ ਸਕਦੇ ਹੋ ਵਿਗਿਆਨ ਨੇ ਆਪਣੀ ਕਰਾਮਾਤ ਨਾਲ ਚਕਾਚੌਂਕ ਕਰ ਦਿੱਤਾ ਹੈ। ਬਹੁਤਿਆਂ ਦੀਆਂ ਅੱਖਾਂ ਕਮਜ਼ੋਰ ਹੋ ਗਈਆਂ ਹਨ। ਉਹ ਇਸ ਦੀ ਪ੍ਰਾਪਤੀ ਨੂੰ ਮਹਾਨ ਸਮਝਣ ਲੱਗ ਪਏ ਹਨ। ਚੰਦਨ ਲੋਕ ਤੱਕ ਪੁੱਜਣਾ, ਪੁਲਾੜ ਵਿਚ ਅੱਡੇ ਕਾਇਮ ਕਰਨੇ, ਆਕਾਸ਼ ਵਿਚ ਨਵੇਂ ਮੰਡਲਾਂ ਦੀ ਖੋਜ। ਇਹ ਬਚੂਗੜਾ ਸਫ਼ਲਤਾ ਦੀ ਟੀਸੀ ਤੇ ਪੁੱਜਿਆ ਸਮਝਣ ਲੱਗ ਪਿਆ ਹੈ, ਪਰ ਅਸਲ ਵਿਚ ਦੇਖਿਆ ਜਾਏ ਤਾਂ ਇਸ ਦਾ ਦੂਜਾ ਪਾਸਾ ਬੜਾ ਘਟੀਆ ਹੈ। ਉਸ ਨੂੰ ਸੁੱਖ ਨਾਲੋਂ ਦੁੱਖ ਵੱਲ ਵਧੇਰੇ ਜ਼ੋਰ ਦਿੱਤਾ ਹੈ। ਇਹ ਠੀਕ ਹੈ ਕਿ ਇਸ ਨੇ ਮਾਇਆ ਧਾਰੀਆਂ ਦੇ ਐਸ਼ੋ ਆਰਾਮ ਵਾਸਤੇ ਕੋਈ ਕਸਰ ਨਹੀਂ ਛੱਡੀ। ਪਰ ਨਿਆਏ ਨੂੰ ਕੰਢ ਵਿਖਾ ਗਿਆ। ਉਹ ਸਵਾਰਥ ਵਸ ਰੱਬੀ ਮਖਲੂਕ ਨੂੰ ਸਵਤੰਤਰ ਨਹੀਂ ਵੇਖਣਾ ਚਾਹੁੰਦਾ। ਉਹ ਹਰ ਥਾਂ ਆਪਣੀ ਸਰਦਾਰੀ ਲੋਚਦਾ ਹੈ। ਇਸ ਵਾਸਤੇ ਜਿੱਥੇ ਸਵੈਤੰਤਰਤਾ ਆਪਣਾ ਪਸਾਰਾ ਪ੍ਰਸਾਰਣ ਦੀ ਚਾਹਵਾਨ ਹੈ ਇਹ ਕਿਸੇ ਨਾ ਕਿਸੇ ਰੂਪ ਵਿਚ ਆਪਣੀ ਟੰਗ ਅੜਾ ਦਿੰਦਾ ਹੈ। ਆਪਣੇ ਨਿਸ਼ਾਨੇ ਦੀ ਪੂਰਤੀ ਲਈ ਦੂਜਿਆਂ ਦੇ ਲਹੂ ਲੁਹਾਣੇਂ ਵੀ ਗੁਰੇਜ ਨਹੀਂ ਕਰਦਾ। ਪਰ ਰੂਹਾਨੀਅਤ ਪਰਉਪਕਾਰੀ ਹੈ, ਹਮਦਰਦ ਹੈ, ਪਿਆਰ ਦਾ ਸੋਮਾ ਹੈ।

1976 ਦਾ ਸਾਲ ਯੂਰਪ ਤੇ ਖ਼ਾਸ ਕਰਕੇ ਯੂ.ਕੇ. ਭਿਆਨਕ ਸੋਕੇ ਵਿਚ ਗੁਜ਼ਰ ਰਿਹਾ ਸੀ। ਲੰਮੇ ਸਮੇਂ ਤੋਂ ਆਕਾਸ਼ 'ਚੋਂ ਛਿਟ ਨਹੀਂ ਸੀ ਡਿੱਗੀ ਵਲਾਇਤੀਏ ਅੱਤ ਦੁੱਖੀ ਸਨ। ਨਹਾਣ-ਧੋਣ ਨੂੰ ਤਾਂ ਅੱਗੇ ਹੀ ਸਤਿ ਸ੍ਰੀ ਅਕਾਲ ਸੀ। ਪਰ ਅੰਦਰ ਤਾਂ ਪਾਣੀ ਮੰਗਦਾ ਹੈ। ਇੰਜਣਾਂ ਨੂੰ ਭੀ ਪਾਣੀ ਦੀ ਲੋੜ ਪੈਂਦੀ ਹੈ। ਫੈਕਟਰੀਆਂ ਵਿਚ ਭੀ ਪਾਣੀ ਚਾਹੀਦਾ ਹੈ। ਹਾਲਤ ਇਤਨੀ ਪਤਲੀ ਹੋ ਗਈ ਕਿ ਪਾਣੀ ਦਾ ਰਾਸ਼ਨ ਹੋ ਗਿਆ। ਪਾਣੀ ਹੀ ਪ੍ਰਾਣ ਹਨ। 'ਪਹਿਲਾ ਪਾਣੀ

Sri Satguru Jagjit Singh Ji eLibrary NamdhariElibrary@gmail.com

ਜੀਉ ਹੈ ਜਿਤ ਹਰਿਆ ਸਭਿ ਕੋਇ।' ਬੜੀ ਮੁਸ਼ਕਲ ਬਣੀ। ਸੇਵਾ ਸਿੰਘ ਕਵੀ ਨੇ ਉਸ ਸਮੇਂ ਦਾ ਨਕਸ਼ਾ ਇਉਂ ਉਲੀਕਿਆ ਹੈ:-

**ਮਿਲਦਾ ਮਾਪ ਕੇ ਬੋਤਲਾਂ ਵਿਚ ਪਾਣੀ।**
**ਜੰਤਾ ਉਠ ਕੇ ਮੂਲ ਨਾ ਨਹਾਵਦੀ ਏ।**
**ਸੇਵਾਦਰ ਸਰਕਾਰ ਹੋ ਦੁਖੀ ਆਕਰ।**
**ਰਾਸ਼ਨ ਕਰਡਾਂ ਤੇ ਪਾਣੀ ਵਰਤਾਂਵਦੀ ਏ।**

ਵਧੇਰੇ ਜਤਨ ਕੀਤੇ ਪਰ ਇਹ ਤੱਦ ਹੀ ਹੁੰਦਾ ਹੈ ਜਦ ਕਾਦਿਰ ਰਹਿਮਤ ਵਿਚ ਆਵੇ। ਉਸ ਦੀ ਆਪਣੀ ਰਜ਼ਾ ਹੋਵੇ। ਨਹੀਂ ਤਾਂ ਸਭ ਜਤਨ ਵਿਅਰਥ। ਅੰਤ ਰੱਬ ਯਾਦ ਆਇਆ ਪੰਜਾਬੀ ਦੀ ਕਹਾਵਤ ਹੈ 'ਔਖੇ ਵੇਲੜੇ ਆਂਵਦੀ ਯਾਦ ਅੰਮਾਂ' ਹੁਣ ਗੋਰਿਆਂ ਨੂੰ ਵੱਡੀ ਅੰਮਾਂ ਯਾਦ ਆਈ। ਸ਼ਾਹੀ ਹੁਕਮ ਜਾਰੀ ਹੋ ਗਿਆ, ਪ੍ਰਾਰਥਨਾ ਕਰੋ, ਆਪੋ ਆਪਣੇ ਅਕੀਦੇ ਅਨੁਸਾਰ। ਲੱਗੇ ਅਰਦਾਸਾਂ ਕਰਨ:-

**ਗੋਰੇ ਗਿਰਜਿਆਂ ਵਿਚ ਹਿੰਦੂ ਮੰਦਰਾਂ ਵਿਚ,**
**ਮੁਸਲਮਾਨ ਮਸੀਤੀ ਜਾਂਵਦੇ ਨੇ,**
**ਸਿੱਖ ਹੋ ਇਕੱਠੇ ਗੁਰਦੁਆਰਿਆਂ ਵਿਚ ਹੱਥ ਜੋੜਕੇ**
**ਵਾਸਤੇ ਪਾਂਵਦੇ ਨੇ।**

ਪਰ ਰਜ਼ਾ ਤਾਂ ਮਾਲਿਕ ਦੀ ਹੈ। ਅਰਜ਼ੀ ਦੇਣ ਵਾਲਿਆਂ ਤਾਂ ਅਰਜ਼ੀ ਪਾਣੀ ਹੈ। ਮਨਜ਼ੂਰੀ ਉਹਦੇ ਹੱਥ ਨਹੀਂ। ਉਹ ਤਾਂ ਰਜ਼ਾ ਦਾ ਮਾਲਿਕ ਹੈ। ਤਰੁਠ ਪਵੇ ਤਾਂ ਪਲ ਛਿੰਗਰ ਵਿਚ, ਮਰਜ਼ੀ ਨਾ ਹੋਵੇ ਤਾਂ ਭਾਵੇਂ ਸੈਂਕੜੇ ਜੱਗ ਕਰੀ ਜਾਉ ਕੋਈ ਪ੍ਰਵਾਹ ਨਹੀਂ।

ਮੌਜੀ ਸਤਿਗੁਰੂ ਜਗਜੀਤ ਸਿੰਘ ਜੀ ਵਦੇਸ਼ਾਂ ਵਿਚ ਕਲਿਜੁਗੀ ਜੀਅ ਅੰਦਰ ਨਾਮ ਦਾਨ ਵੰਡ ਰਹੇ ਸਨ। ਅਮਰੀਕਾ, ਕੈਨੇਡਾ ਦੀਆਂ ਸੰਗਤਾਂ ਨੂੰ ਜੀਅ ਦਾਨ ਦਿੰਦੇ ਯੂ.ਕੇ. ਪੁੱਜੇ। ਗ਼ਰੀਬ ਨਿਵਾਜ਼ ਜੀ ਅੱਡੇ ਤੇ ਉਤਰੇ। ਸਤਿਜੁਗੀ ਸੰਗਤਾਂ ਸੁਆਗਤ ਲਈ ਹਾਜਰ ਹੋਈਆਂ। ਚਿੱਟੇ ਬਸਤਰ ਤੇ ਚਿੱਟੇ ਮਨ, ਚਿੱਟੇ ਫੁੱਲਾਂ ਵਾਂਗੂੰ ਖਿੜੇ ਪਏ। ਸਤਿ ਸ੍ਰੀ ਅਕਾਲ ਦੇ ਨਾਹਰਿਆਂ ਅੱਡੇ ਗੂੰਜਾ ਦਿੱਤਾ। ਦਰਸ਼ਕ ਅਸਚਰਜ। ਪਰ ਈਸ਼ਵਰ ਨੇ ਪੰਜੇ ਉਂਗਲੀਆਂ ਬਰਾਬਰ ਨਹੀਂ ਬਣਾਈਆਂ। ਵਿਰੋਧੀ ਮੌਕਿਆਂ ਦੀ ਤਾੜ ਵਿਚ ਸਨ। ਉਹਨਾਂ ਪ੍ਰਾਪੇਗੰਡਾ ਅਰੰਭ ਦਿੱਤਾ ਕਿ ਕੂਕਿਆਂ ਦਾ ਗੁਰੂ ਵਲੈਤ ਵਿਚ ਆ ਰਿਹਾ ਹੈ। ਉਹ ਮੀਂਹ ਪਾਏਗਾ। ਸਤਿਗੁਰੂ ਜੀ ਤਾਂ ਕਦੇ ਕਿਸੇ ਗੱਲ ਦਾ ਢੰਡੋਰਾ ਦੇ ਕੇ ਰਾਜ਼ੀ ਨਹੀਂ ਹੁੰਦੇ। ਉਹ ਤਾਂ ਬਨਫਸੇ ਦੇ ਫੁੱਲ ਨਿਆਈ ਲੁੱਕੇ ਰਹਿਣਾ ਪਸੰਦ ਕਰਦੇ ਹਨ। ਖ਼ੁਸ਼ਬੋਈ ਭਾਵੇਂ ਚੌਂ ਤਰਫੀ ਪਸਰਦੀ ਜਾਵੇ। ਅੰਤ ਕੁਝ ਅਖ਼ਬਾਰਾਂ ਦੇ ਰਿਪੋਟਰ ਵੀ ਸਤਿਗੁਰੂ ਦੇ ਚਰਨਾਂ ਵਿਚ ਹਾਜਰ ਹੋਏ। ਜੰਤਾ ਦੀ ਪੀੜ ਦੱਸੀ। ਲੋਕਾਂ ਦੇ ਕੀਰਨੇ ਸੁਣਾਏ। ਹਕੂਮਤ ਦੀ ਬੇਵਸੀ ਵਰਨਣ ਕੀਤੀ ਤੇ ਵਰਸ਼ਾ ਵਾਸਤੇ ਜੋਦੜੀ ਕੀਤੀ। ਸੱਚੇ ਪਾਤਸ਼ਾਹ ਜੀ ਸਹਿਜ ਨਾਲ ਕਿਹਾ ਇਹ ਸਭ ਕਰਤਾਰ

Sri Satguru Jagjit Singh Ji eLibrary NamdhariElibrary@gmail.com

ਦੇ ਵਸ ਹੈ ਅਸੀਂ ਤਾਂ ਕੇਵਲ ਅਰਦਾਸ ਕਰ ਸਕਦੇ ਹਾਂ।

ਸਤਿਗੁਰਾਂ ਦੀ ਆਮਦ ਸੁਣ ਕੇ ਉੱਥੋਂ ਦੇ ਮੇਅਰ ਤੇ ਕੌਂਸਲਰ ਨਾਮਧਾਰੀ ਸੰਗਤ ਨਾਲ ਹੱਥ ਜੋੜ ਅਰਜ਼ੋਈ ਦਰਸਾਈ ਤੇ ਨਿਮਰਤਾ ਸਹਿਤ ਅਰਜ ਕੀਤੀ। ਆਪ ਦੇ ਘਰ ਕੋਈ ਘਾਟਾ ਨਹੀਂ। ਇੱਥੋਂ ਮੂੰਹ ਮੰਗੀਆਂ ਮੁਰਾਦਾਂ ਮਿਲਦੀਆਂ ਹਨ। ਦੁੱਧ ਵਾਲੇ ਨੂੰ ਦੁੱਧ, ਪੁੱਤ ਵਾਲੇ ਨੂੰ ਪੁੱਤ, ਅੰਨਿਆਂ ਨੂੰ ਨੇਤਰ, ਗੂੰਗਿਆਂ ਨੂੰ ਜੀਭਾਂ, ਬੋਲਿਆਂ ਨੂੰ ਕੰਨ, ਲੰਗੜਿਆਂ ਨੂੰ ਲੱਤਾਂ।

ਸੰਤ ਅਤਰ ਸਿੰਘ ਜੀ ਇੰਦਰ ਮੋਹਣੀਆਂ ਨਾਲ ਇੰਦਰ ਨੂੰ ਰਾਜ਼ੀ ਕਰ ਲੈਂਦੇ ਸਨ। ਉਹ ਤਾਂ ਤੁਹਾਥੋਂ ਹੀ ਲੈ ਕੇ ਵਰਤਾਉਂਦੇ ਸਨ। ਤੁਸੀਂ ਕ੍ਰਿਪਾ ਕਰੋ ਤਾਂ ਸਾਰੇ ਕੰਮ ਰਾਸ ਹੋ ਜਾਣ। ਸੱਚੇ ਪਾਤਸ਼ਾਹ ਮੁਸਕਰਾਂਦਿਆਂ ਆਖਿਆ ਅਰਦਾਸ ਕਰਾਂਗੇ ਅੱਗੇ ਜਿਵੇਂ ਸਤਿਗੁਰੂ ਪ੍ਰਤਾਪ ਜੀ ਦੀ ਰਜ਼ਾ। ਸੰਗਤਾਂ ਆਪਣੇ ਡੇਰਿਆਂ ਨੂੰ ਚੱਲੀਆਂ ਗਈਆਂ।

ਅੰਮ੍ਰਿਤ ਵੇਲਾ ਹੋਇਆ। ਖਿੱਤੀਆਂ ਦੂਰ ਚੱਲੀਆਂ। ਸਿੰਘ ਉੱਠੇ ਕਛਹਿਰੇ ਪਰਨੇ ਫੜੇ ਤੇ ਇਸ਼ਨਾਨ ਕੀਤਾ। ਤੇ ਲੰਡਨ ਦੇ ਮਾਂਗਟ ਹਾਲ ਵਿਚ ਜਾ ਪਹੁੰਚੇ। ਜਿੱਥੇ ਅੰਮ੍ਰਿਤਮਈ ਸੁਰਾਂ ਵਿਚ:-

**ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ।**
**ਗੁਰੁ ਸਤਿਗੁਰੁ ਸੱਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ।**
**ਧੰਨੁ ਧੰਨੁ ਵਨਜਾਰਾ ਵਨਜ ਹੈ ਗੁਰ ਸ਼ਾਹ ਸਾਬਾਸੇ।**
**ਜਨੁ ਨਾਨਕੁ ਗੁਰੁ ਤਿਨੀ ਪਾਇਆ**
**ਜਿਨਿ ਧੁਰਿ ਲਿਖਤੁ ਲਿਲਾਟਿ ਲਿਖਾਸੇ।**

ਦਾ ਕੀਰਤਨ ਹੋ ਰਿਹਾ ਸੀ।

ਆਸਾ ਦੀ ਵਾਰ ਦਾ ਭੋਗ ਪਿਆ। ਪੰਡਿਤ ਗੋਪਾਲ ਸਿੰਘ ਜੀ ਨੂੰ ਵਰਸ਼ਾ ਹਿੱਤ ਅਰਦਾਸ ਕਰਨ ਦਾ ਆਦੇਸ਼ ਮਿਲਿਆ। ਪੰਡਿਤ ਜੀ ਅਰਦਾਸ ਕੀਤੀ। ਸੰਗਤਾਂ ਹਾਲ ਵਿੱਚੋਂ ਨਿਕਲੀਆਂ ਤਾਂ ਆਕਾਸ਼ ਵਿਚ ਬਦਲੀਆਂ ਨਜ਼ਰੀਂ ਆਈਆਂ, ਘਰ ਪੁੱਜੇ ਤਾਂ ਬੂੰਦਾ ਬਾਂਦੀ ਅਰੰਭ ਹੋ ਗਈ, ਫੇਰ ਤਾਂ ਘੜਿਆਂ ਪਾਣੀ ਵਰਨਾ ਸ਼ੁਰੂ ਹੋ ਗਿਆ। ਪਿਛਲੇ ਪਹਿਰ ਤਕ ਵਰਸ਼ਾ ਰਹੀ। ਬੀ.ਬੀ.ਸੀ. ਨੇ ਸੰਸਾਰ ਨੂੰ ਸੁਨੇਹਾ ਸੁਣਾਇਆ ਕਿ ਭਾਰਤ ਦੇ ਰੇਨ ਮੇਕਰ (Rain Maker) ਭਾਵ ਇੰਦਰ ਦੇਵਤਾ ਪੁੱਜੇ ਹੋਏ ਹਨ। ਉਹਨਾਂ ਲੰਮੇ ਸਮੇਂ ਦਾ ਸੋਕਾ ਤੋੜਿਆ ਹੈ। ਜਿਸ ਵਰਸ਼ਾ ਦਾ ਮੌਸਮੀ ਅਦਾਰੇ ਪੱਲਾ ਨਹੀਂ ਫੜਾ ਰਹੇ ਸਨ ਅਤੇ ਉਹਨਾਂ ਦੇ ਅਨੁਮਾਨ ਅਨੁਸਾਰ ਦੋ ਮਹੀਨੇ ਤੱਕ ਕਣੀ ਡਿੱਗਣ ਦੀ ਆਸ ਨਹੀਂ। ਉਹਨਾਂ ਦੇ ਅਨੁਮਾਨ ਸਭ ਗ਼ਲਤ ਸਿੱਧ ਹੋਏ ਹਨ। ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਰਹਿਮਤਾਂ ਦੇ ਸੋਮੇ ਹਨ। ਉਹਨਾਂ ਦੇ ਇਸ਼ਾਰੇ ਨਾਲ ਯੂ.ਕੇ. ਸੁੱਕੀ ਸੜੀ ਧਰਤੀ ਵਿਚ ਜਾਨ ਪਈ ਹੈ। ਗੋਰੇ ਤੇ ਗੋਰੀਆਂ ਮੂੰਹ ਨਾਲ ਮੂੰਹ ਜੋੜ ਕਹਿ ਰਹੇ ਸਨ। ਇਹ ਤੇ ਹਜ਼ਰਤ ਈਸਾ ਹਨ। ਨਹੀਂ ਨਹੀਂ ਸਗੋਂ ਉਹਨਾਂ ਨੂੰ ਭੀ ਮਾਤ ਪਾ ਦਿੱਤਾ ਹੈ।

ਦੁਨੀਆਂ ਭਰ ਦੀਆਂ ਅਖ਼ਬਾਰਾਂ ਦੀ ਚਰਚਾ ਬਣੀ। ਲੰਮੇ-ਲੰਮੇ ਆਰਟੀਕਲ ਛੱਪੇ ਕਿ ਗਏ ਗੁਜਰੇ ਜਮਾਨੇ ਵਿਚ ਭੀ ਉਹ ਮਹਾਂ ਪੁਰਖ ਹਨ। ਜਿਹੜੇ ਅਚੰਭਾ ਕਰ ਦਿਖਾਉਂਦੇ ਹਨ ਅਤੇ ਨਿਰਾਸ਼ਾ ਦੇ ਮੁਖੜੇ ਨੂੰ ਆਸ਼ਾ ਦੇ ਜਲ ਨਾਲ ਧੋ, ਸਵਾਰ, ਨਿਖਾਰਦੇ ਹਨ।

**ਮੁਹਿੰਦਰ ਸਿੰਘ ਪੂਰਬਾ**
ਹਜ਼ੂਰੀ ਸੇਵਕ

Sri Satguru Jagjit Singh Ji eLibrary NamdhariElibrary@gmail.com

## ਮੁਸ਼ਕਲ ਕੁਸ਼ਾ

ਸਤਿਗੁਰੂ ਪ੍ਰਤਾਪ ਸਿੰਘ ਜੀ ਮੈਨੂੰ ਨਰਕੋਂ ਕੱਢਿਆ। ਮੈਂ ਮਨੁੱਖਾਂ ਦੀ ਕਤਾਰ ਵਿਚ ਆਣ ਖਲੋਤਾ। ਮਨੁੱਖ ਵੀ ਗੁਰੂ ਹੀ ਬਣਾ ਸਕਦਾ ਹੈ ਨਹੀਂ ਤਾਂ ਬਿਨਾਂ ਗੁਰੂ ਮਨੁੱਖ ਆਦਮਖੋਰ ਹੁੰਦਾ ਹੈ। ਇੱਕ ਕਵੀ ਦਾ ਕਥਨ ਹੈ:-

**ਫਰਿਸਤੇ ਸੇ ਬਹਿਤਰ ਹੈ ਇਨਸਾਨ ਬਣਨਾ।**
**ਮਗਰ ਇਸ ਮੇਂ ਲਗਤੀ ਹੈ ਮੇਹਨਤ ਜ਼ਿਆਦਾ।**

ਉਹ ਮੇਹਨਤ ਕੀ ਹੈ? ਪੂਰਨ ਸਤਿਗੁਰ ਦੀ ਉਟ ਜਿਹੜੀ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਗੁਰੂ ਦੀ ਸ਼ਰਨ ਲੈਣ ਨਾਲ ਹਉਮੈ ਦਾ ਰੋਗ ਉਡਾਰੀ ਮਾਰ ਜਾਂਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ 1959 ਵਿਚ ਭਾਣਾ ਵਰਤਾ ਗਏ ਤਾਂ ਉਹ ਜੋਤ ਸਤਿਗੁਰੂ ਜਗਜੀਤ ਸਿੰਘ ਜੀ ਵਿਚ ਆਣ ਬਰਾਜੀ। ਇਹਨਾਂ ਕੌਮ ਦਾ ਭਾਰ ਮੋਡਿਆ ਤੇ ਸੰਭਾਲਿਆ। ਮੇਰੇ ਭਰਮ ਵੀ ਖੰਭ ਲਾ ਉੱਡੇ। ਇਹਨਾਂ ਮੈਨੂੰ ਕੀਲ ਲਿਆ। ਜਿਸ ਸਦਕਾ ਇਹਨਾਂ ਦੇ ਹਰ ਆਦੇਸ਼ ਤੇ ਚੱਲਣ ਨਾਲ ਪ੍ਰਸੰਤਾ ਦੇ ਸਾਗਤ ਉਮਡ ਆਉਂਦੇ। ਇਹ ਭੀ ਰਸ ਕਾਰ ਨਿਆਈ ਮੇਰੇ ਚੌਗਿਰਦੇ ਕਿਰਪਾ ਕਰਦੇ। ਮੇਰੇ ਹਰ ਕਾਰਜ ਵਿਚ ਸਹਾਈ ਹੁੰਦੇ। ਮੇਰੀ ਹਰ ਪੀਡੀ ਹੋਈ ਗੰਡ ਨੂੰ ਖੋਲਦੇ ਤੇ ਮੇਰੇ ਹਰ ਮੋਰਚੇ ਤੇ ਚੌਕਸ ਰਹਿੰਦੇ। ਮੇਰੇ ਸਰੀਰ ਦਾ ਰੋਮ ਰੋਮ ਇਤਨਾ ਧੰਨਵਾਦ ਨਹੀਂ ਕਰ ਸਕਦਾ ਜਿਨ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਇਸ ਅਪਨੇ ਸੇਵਕ ਦੀ ਲਾਜ ਰੱਖੀ।

ਨਰੋਬੀ ਤੋਂ ਕੋਈ 120 ਮੀਲ ਦੂਰ ਇੱਕ ਫਾਰਮ ਹੈ। ਜਿਸ ਦਾ ਮਾਲਿਕ ਮਿਸਟਰ ਸਮਿਥ ਬੜੀ ਢਾਲ ਦਾ ਮਾਲਿਕ ਹੈ। ਉਸ ਫਾਰਮ ਦੀ ਸੰਚਾਈ ਲਈ ਇੱਕ ਪੰਪ ਲਾਇਆ, ਪਰ ਇੰਜਣ ਕੰਮ ਨਾ ਕਰੇ। ਸਮਿਥ ਨੇ ਬੜੇ ਹੀਲੇ ਕੀਤੇ, ਪਰ ਸਫ਼ਲ ਨਾ ਹੋਇਆ। ਉਸ ਨੇ ਪ੍ਰਸਿੱਧ ਕੰਪਨੀਆਂ ਜਿਵੇਂ ਗੈਲੀ ਗਵਣ, ਜੀਨਾਥ ਤੇ ਡਾਲਗੇਟੀ ਐਂਡ ਕੰਪਨੀ ਦੇ ਇੰਜੀਨੀਅਰ ਤੋਂ ਓਵਰ ਹਾਲ ਕਰਾਇਆ। ਹਜ਼ਾਰਾਂ ਰੁਪਏ ਫੀਸਾਂ ਭਰੀਆਂ, ਪਰ ਇੰਜਣ ਟਸ ਤੋਂ ਮਸ ਨਾ ਹੋਇਆ। ਮੁੜ ਉਹ ਡੇਵਸ ਸ਼ਰਟਲਿਫਟ ਕੋਲ ਆਇਆ। ਉਸ ਨਾਲ ਮੇਰੀ ਮੁਲਾਕਾਤ ਹੋਈ ਤੇ ਮੈਨੂੰ ਸਾਰੀ ਵਾਰਤਾ ਸੁਣਾਈ। ਮੈਂ ਸਤਿਗੁਰਾਂ ਦਾ ਆਸਰਾ ਲੈ ਹਾਂ ਕਰ ਦਿੱਤੀ। ਜਦ ਮੇਰੀ ਹਾਂ ਦਾ ਪਤਾ ਮਿਸਟਰ ਡੇਵਸ ਨੂੰ ਲੱਗਾ ਤਾਂ ਉਹ ਬੜਾ ਹੈਰਾਨ ਹੋਇਆ ਕਿ ਜਸਵੰਤ ਸਿੰਘ ਤੁਮ ਹਾਂ ਕਿਉਂ ਭਰੀ। ਜਦ ਵੱਡੇ ਵੱਡੇ ਇੰਜੀਨੀਅਰ ਨਿਰਾਸ਼ਤਾ ਦਾ ਮੂੰਹ ਦੇਖ ਚੁੱਕੇ ਤਾਂ ਸਾਨੂੰ ਕੀ ਲੋੜ

Sri Satguru Jagjit Singh Ji eLibrary NamdhariElibrary@gmail.com

ਸੀ ਬਲਾ ਗਲ ਪਾਉਣ ਦੀ। ਡਾਰੈਕਟਰ ਨੇ ਮੈਨੂੰ ਬੁਲਾਇਆ ਤੇ ਆਖਿਆ ਮਿਸਟਰ ਸਿੰਘ ਤੁਮ ਨੇ ਬੜੀ ਗ਼ਲਤੀ ਕੀ, ਅਗਰ ਹਮ ਸੇ ਠੀਕ ਨਾ ਹੂਆ ਤੋ ਅਮਾਹੀ ਭਾਰੀ ਬਦਨਾਮੀ ਹੋਗੀ। ਪਰ ਮੇਰਾ ਉੱਤਰ ਸੀ, ਜੇ ਅਸੀਂ ਸਫ਼ਲ ਹੋ ਗਏ ਤਾਂ ਸਾਡੀ ਗੁੱਡੀ ਆਕਾਸ਼ ਵਿਚ ਚੜ੍ਹੇਗੀ। ਜੇ ਤੂੰ ਰਾਜੀ ਨਹੀਂ ਤਾਂ ਮੈਨੂੰ ਛੁੱਟੀ ਦੇ ਮੈਂ ਜ਼ਰੂਰ ਜਾਵਾਂਗਾ। ਮੈਂ ਬਚਨ ਦੇ ਚੁੱਕਾ ਹਾਂ:-

**ਬਚਨ ਕਰੇ ਨਰ ਖਿਸਕ ਜਾਏ ਬੋਲੇ ਨਰ ਕੱਚਾ।**

ਮੈਂ ਕੱਚਾ ਨਹੀਂ ਬਣਨਾ। ਮੇਰਾ ਹਰ ਸਮੇਂ ਮੇਰੀ ਰਾਹਨੁਮਾਈ ਕਰਦਾ ਹੈ, ਖ਼ੈਰ ਮੈਨੂੰ ਡੇਵਸ ਨੇ ਕੰਪਨੀ ਵੱਲੋਂ ਭੇਜ ਦਿੱਤਾ ਤੇ ਮੈਂ ਕੁਝ ਮਿਸਤਰੀਆਂ ਨੂੰ ਨਾਲ ਲੈ ਅਰਦਾਸ ਸੋਧ ਰਵਾਨਾ ਹੋਇਆ। ਇਹ 1964 ਦਾ ਜ਼ਿਕਰ ਹੈ।

ਅਸੀਂ ਚਾਰ ਆਦਮੀ ਗੱਡੀ ਵਿਚ ਬੈਠੇ, ਮੈਂ ਹੱਥ ਵਿਚ ਮਾਲਾ ਫੜੀ। ਮਾਲਾ ਉਹ ਸ਼ਸਤਰ ਹੈ ਜੋ ਹਰ ਮੈਦਾਨ ਫਤਹਿ ਦਿੰਦਾ ਹੈ। ਇਹ ਹਰ ਗੁੰਝਲ ਦੀ ਕੁੰਜੀ ਹੈ। ਮਾਲਾ ਰੋਗੀ ਵਾਸਤੇ ਸੰਜੀਵਣੀ, ਮਾਲਾ ਚਿੰਤਾਗ੍ਰਸਿਆਂ ਲਈ ਚਿੰਨਮਣੀ, ਮਾਲਾ ਕੰਗਲਿਆਂ ਲਈ ਪਾਰਸ, ਮਾਲਾ ਵੈਰੀ ਦਲਾਂ ਵਿਚ ਭੰਗੀਆਂ ਦੀ ਤੋਪ, ਮਾਲਾ ਡੁੱਬਦਿਆਂ ਵਾਸਤੇ ਬੇੜੀ, ਮਾਲਾ ਮੈਦਾਨੇ ਜੰਗ ਵਿਚ ਰਾਮ ਬਾਣ, ਮਾਲਾ ਸੁੱਖਾਂ ਦੀ ਖਾਨ, ਮਾਲਾ ਮਾਂ-ਪਿਉ, ਭਰਾ, ਸਖਾ ਮਿੱਤਰ ਸਮਾਨ।

ਗੱਡੀ ਹਵਾ ਨਾਲ ਗੱਲਾਂ ਕਰਨ ਲੱਗੀ ਵਾਹ ਸਤਿਗੁਰੂ ਜਗਜੀਤ ਸਿੰਘ ਤੈਥੋਂ ਕੁਰਬਾਨ! ਤੈਥੋਂ ਸਦਕੜੇ ਤੂੰ ਸੇਵਕਾਂ ਹਿਤ ਨਾ ਦਿਨੇ ਚੈਨ ਨਾ ਰਾਤੀ ਆਰਾਮ। ਕਿੱਥੇ ਸ੍ਰੀ ਭੈਣੀ ਸਾਹਿਬ, ਹਜ਼ਾਰਾਂ ਕੋਹਾਂ ਦਾ ਫ਼ਾਸਲਾ ਚਲਦੀ ਗੱਡੀ ਵਿਚ ਆ ਦਰਸ਼ਨ ਦਿੱਤੇ। ਗੱਡੀ ਵਿਚ ਬੈਠਿਆਂ ਬੈਠਿਆਂ ਊਂਗ ਆ ਗਈ ਤਾਂ ਮੋਢਿਆਂ ਤੋਂ ਫੜ ਹਿਲਾਇਆ ਤਾਂ ਆਖਿਆ ਜਸਵੰਤ ਸਿੰਘਾਂ! ਘਾਬਰਿਆ ਕਿਉਂ ਏਂ। ਇੰਜਣ ਦਾ ਪਿਸਟਨ ਅਪਸਾਈਡ ਏ। ਹੋਰ ਕੋਈ ਨੁਕਸ ਨਹੀਂ। ਜਾਂਦਿਆਂ ਹੀ ਸਿੱਧਾ ਕਰ। ਇਹ ਕਹਿ ਅਲੋਪ ਹੋ ਗਏ। ਅੱਖ ਖੁੱਲ੍ਹੀ ਉਹ ਗੱਡੀ, ਉਹ ਸੜਕ, ਉਹ ਨੀਮ ਮਾਰੂਸਥਲ ਅਤੇ ਝਾੜੀਆਂ ਪਰ ਮੇਰੀ ਸੁਰਤ ਸੱਚਖੰਡ ਸ੍ਰੀ ਭੈਣੀ ਸਾਹਿਬ ਦੀ ਪ੍ਰਕ੍ਰਮਾਂ ਕਰਨ ਲੱਗੀ।

ਖ਼ੈਰ ਅਸੀਂ ਫਾਰਮ ਤੇ ਪੁੱਜੇ। ਮਿਸਟਰ ਸਮਿਥ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ। ਅਸੀਂ ਇੰਜਣ ਕੋਲ ਗਏ। ਸਤਿਗੁਰਾਂ ਦੇ ਚਰਨਾਂ ਨਾਲ ਜੁੜ੍ਹੇ। ਇੱਧਰ ਉੱਧਰ ਤੱਕਿਆ। ਜਦ ਹੈਡ ਖੋਲਿਆ ਤਾਂ ਪਿਸਟਨ ਤੇ ਨਜ਼ਰ ਗਈ। ਪਿਸਟਨ ਵਾਕਿਆ ਹੀ ਅਪਸਾਈਡ ਸੀ। ਅੱਖਾਂ ਬੰਦ ਹੋ ਗਈਆਂ। ਸ਼ੁਕਰ ਸ਼ੁਕਰ ਦੀ ਲਹਿਰਾਂ ਉੱਠਣ ਲੱਗੀਆਂ।

ਜਾਂਦਿਆਂ ਹੀ ਇੰਜਣ ਠੀਕ ਹੋ ਗਿਆ। ਮਿਸਟਰ ਸਮਿਥ ਖ਼ੁਸ਼ੀ ਨਾਲ ਫੁਲਿਆ ਨਾ ਸਮਾਏ। ਮੈਨੂੰ ਜੱਫੀ ਵਿਚ ਲੈ ਲਿਆ। ਹੌਲੀ ਹੌਲੀ ਦਫ਼ਤਰ ਪੁੱਜੇ। ਸੌ ਸੌ ਰੁਪਇਆ ਤਿੰਨਾਂ ਮਿਸਤਰੀਆਂ ਨੂੰ ਇਨਾਮ। ਸੌ ਰੁਪਇਆ ਡਰਾਈਵਰ ਨੂੰ। ਚੋਦ੍ਹਾਂ ਸੌ ਰੁਪਏ ਦਾ ਚੈੱਕ ਫੀਸ ਵੱਜੋਂ। ਬੰਦ ਲਿਫ਼ਾਫ਼ੇ ਵਿਚ ਪੰਜ ਸੌ ਰੁਪਇਆ ਮੇਰੇ ਮੂੰਹ ਮਿੱਠੇ ਵਾਸਤੇ। ਤੇ ਇੱਕ ਪ੍ਰਸੰਸਾ ਪੱਤਰ। ਅਸੀਂ ਵਾਪਸ ਮੁੜੇ।

Sri Satguru Jagjit Singh Ji eLibrary NamdhariElibrary@gmail.com

ਅਗਲੀ ਸਵੇਰ ਦਫ਼ਤਰ ਗਿਆ। ਚੈੱਕ ਤੇ ਬੰਦ ਲਿਫ਼ਾਫ਼ਾ ਤੇ ਪ੍ਰਸੰਸਾ ਪੱਤਰ ਮੇਜ ਤੇ ਰੱਖੇ। ਤੇ ਮਿਸਟਰ ਡੇਵਸ ਨੂੰ ਵਧਾਈ ਦਿੱਤੀ। ਉਹ ਲਿਫ਼ਾਫ਼ਾ ਖੋਲ੍ਹਿਆ। ਮੇਰੇ ਵਾਸਤੇ ਉਸ ਵਿਚ ਪੰਜ ਸੌ ਰੁਪਏ ਸਨ। ਉਸ ਨੇ ਉਹ ਪੰਜ ਸੌ ਰੁਪਏ ਮੇਰੇ ਵੱਲ ਪੇਸ਼ ਕੀਤੇ। ਮੈਂ ਲਵਾਂ ਨਾ ਕਿਉਂਕਿ ਮੈਂ ਕੰਪਨੀ ਵੱਲੋਂ ਗਿਆ ਸੀ। ਇਸ ਤੇ ਮੇਰਾ ਕੋਈ ਹੱਕ ਨਹੀਂ। ਇਸ ਸਭ ਕੁਝ ਕੰਪਨੀ ਦਾ ਹੈ। ਇਹ ਪੰਜ ਸੌ ਰੁਪਿਆ ਮੇਰੇ ਵਾਸਤੇ ਗਊ ਹੈ। ਮਿਸਟਰ ਡੇਵਸ ਮੇਰੀ ਦ੍ਰਿੜ੍ਹਤਾ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਸ ਨੇ ਲਿਫ਼ਾਫ਼ੇ ਵਾਲਾ ਪੰਜ ਸੌ ਤੇ ਪੰਜ ਸੌ ਕੋਲੋਂ ਪਾ ਕੇ ਮੇਰੇ ਬੱਚਿਆਂ ਵਿਚ ਵੰਡ ਦਿੱਤਾ। ਪਰ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੋਮਲ ਚਰਨਾਂ ਨਾਲ ਜੁੜਿਆ ਕੁਰਬਾਨ ਸੱਦਕੜੇ ਹੁੰਦਾ। ਬਖਸ਼ਿਸ਼ਾਂ ਵਾਸਤੇ ਝੋਲੀ ਅੱਡੀ ਖਲੋਤਾ ਰਿਹਾ।

ਮੈਂ ਕਿਹੜੀ ਕਿਹੜੀ ਬਖਸ਼ਿਸ਼ਾਂ ਦੀਆਂ ਕਥਾ ਸੁਣਾਵਾਂ ਮੁਕਦੀ ਨਹੀਂ। 1973 ਦੀ ਗੱਲ ਹੈ ਕਿ ਸੱਚੇ ਪਾਤਸ਼ਾਹ ਬਚਨ ਕੀਤਾ ਅਵਲ ਤਾਂ ਪੱਕੀ ਸੋਧ ਧਾਰ ਲੈ। ਨਹੀਂ ਤਾਂ ਘੱਟੋ ਘੱਟ ਸਾਲ ਵਿਚ ਇੱਕ ਮਹੀਨਾ ਸੋਧ ਰਖ ਲਿਆ ਕਰ। ਹਾਂ ਤਾਂ ਮੈਂ ਇਹੋ ਜਿਹਾ ਪਰ ਹੁਕਮ ਅੱਗੇ ਸਿਰ ਨਿਵਾ ਦਿੱਤਾ। ਅਜੇ ਥੋਹੜੇ ਹੀ ਦਿਨ ਬੀਤੇ ਸਨ ਕਿ ਇੱਕ ਸਕੂਲ ਵਾਸਤੇ, ਪਾਣੀ ਸਰਵੇਖਣ ਵਾਸਤੇ ਮੇਰੀ ਡਿਊਟੀ ਲੱਗੀ। ਇਹ ਜਗ੍ਹਾ ਨਰੋਬੀ ਤੋਂ ਕੋਈ 300 ਮੀਲ ਦੂਰ ਸੀ। ਇਸ ਦਾ ਨਾਮ ਗਰਬਾਫੂਲਾ ਅਤੇ ਨੀਮ ਮਰੂਸਥਲ ਵਿਚ ਖੜੀ ਹੈ। ਜਿੱਥੇ ਲਾਗੇ ਚਾਗੇ ਵੀਹ ਵੀਹ ਕੋਹ ਤੱਕ ਪਾਣੀ ਨਹੀਂ ਮਿਲਦਾ। ਗਰਮੀ ਇਨ੍ਹੀ ਪੈਂਦੀ ਹੈ ਕਿ ਬਾਹਰ ਦਾਣੇ ਰੱਖੇ ਤਿੱੜਕ ਜਾਂਦੇ ਹਨ। ਲੋਕ ਊਠਾਂ ਦਾ ਦੁੱਧ ਅਤੇ ਊਠਾਂ ਦਾ ਮਾਸ ਖਾ ਕੇ ਨਿਰਵਾਹ ਕਰਦੇ ਹਨ। ਮੈਂ ਕੁਝ ਕਰਮਚਾਰੀਆਂ ਨੂੰ ਨਾਲ ਲਿਆ ਤੇ ਤਿਆਰ ਹੋ ਗਿਆ ਅਤੇ ਪਾਇਲਟ ਗਰਬਾਫੂਲਾ ਦੀ ਢਾਣੀ ਦੀ ਜੂਹ ਵਿਚ ਛੱਡ ਆਇਆ। ਜੱਦ ਆਲੇ ਦੁਆਲੇ ਨਜ਼ਰ ਦੁਰੜਾਈ ਤਾਂ ਖੁਸ਼ਕੀ ਹੀ ਨਜ਼ਰ ਆਵੇ। ਵੇਖਣ ਤਾਂ ਸਕੂਲ ਵਾਸਤੇ ਪਾਣੀ ਆਏ ਸਾਂ ਪਰ ਚੁੱਲਾ ਕਰਨ ਲਈ ਵੀ ਪਾਣੀ ਨਾ ਲੱਭੇ। ਅਵੱਲ ਤਾਂ ਬੁੱਲ ਸੁੱਕੇ, ਚਿਹਰਾ ਕੁਮਲਾਇਆ। ਸੋਚੀਂ ਪੈ ਗਿਆ ਕਿ ਸਰਵੇ ਕਰਦਾ ਕਰਦਾ ਆਪ ਹੀ ਤਿਹਾਇਆ ਨ ਮਰ ਜਾਵਾਂ, ਤੇ ਫੇਰ ਸੋਧੀ, ਜਿਹੜਾ ਹੁੰਦਾ ਹੀ ਜਲ ਜੀਵੜਾ ਏ। ਹਵਾਈ ਜਹਾਜ਼ ਤਾਂ ਛੱਡ ਕੇ ਵਾਪਿਸ ਮੁੜਿਆ ਤੇ ਅਸੀਂ ਆਪਣਾ ਝੰਡਾ ਗੱਡਿਆ। ਹੁਣ ਨਾ ਅੱਗੇ ਜੋਗੇ ਨਾ ਪਿੱਛੇ ਜੋਗ। ਫੇਰ ਸ੍ਰੀ ਭੈਣੀ ਸਾਹਿਬ ਯਾਦ ਆਇਆ। ਮਾਸਟਰ ਜੀ ਦੁਨਿਆਵੀ ਯਾਰ ਨਿਰੇ ਮਤਲਵੀ, ਤੋਤਾ ਚਸ਼ਮ, ਖਾਣ ਪੀਣ ਦੇ ਬੇਲੀ ਜਿਹੜੇ:-

**ਅੱਜ ਦੇ ਹੈਨਸਾਰੇ ਕੱਲ੍ਹ ਦਾ ਕੋਈ।**
**ਚੌਰ ਪਿਆਲੇ ਤੇ ਝੁਰਮਟ ਆ ਪੈਂਦੇ,**
**ਬਿਸਤਰ ਦਾ ਪਾਸਾ ਮਲਦਾ ਹੈ ਕੋਈ**

ਇਸੇ ਵਾਸਤੇ ਬਾਣੀ ਕਹਿੰਦੀ ਹੈ:-

**ਨਾਨਕ ਕਚੜਿਆ ਸਿਉ ਤੋੜਿ।**
**ਢੂਢਿ ਸਜਣ ਸੰਤ ਪਕਿਆ॥**
**ਓਇ ਜੀਵੰਦੇ ਵਿਛੁੜੇ ਇਹ ਮੋਇਆ ਨਾ ਜਾਈ ਛੋਡ॥**

ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ ਕੀਤੀ ਤੁਰੰਤ ਅੰਦਰੋਂ ਟੈਲੀਫੂਨ ਆਇਆ। ਜਲ ਦੂਰ ਨਹੀਂ ਜਤਨ ਕਰ। ਉਠਿਆ ਢਾਣੀ ਵੱਲ ਗਿਆ। ਇੱਕ ਬੁੱਢਾ ਮਿਲਿਆ ਤੇ ਪਾਣੀ ਬਾਰੇ ਪੁੱਛਿਆ। ਉਸ ਕਿਹਾ ਸਰਦਾਰਾ ਇੱਥੇ ਕੋਈ ਪਾਣੀ ਨਹੀਂ। ਮੁੜ ਦੁਹਰਾਇਆ ਕੋਈ ਝਰਨਾ ਕੋਈ ਕੂਲ? ਉਸ ਸਿਰ ਫੇਰਦਿਆਂ ਕਿਹਾ, ਇੱਥੇ ਪਾਣੀ ਕਿੱਥੇ। ਕਦੇ ਮੀਂਹ ਪਵੇ ਤਾਂ ਇਸ ਢਲਾਨ ਥੀਂ ਪਾਣੀ ਵਗਦਾ ਏ। ਮੈਂ ਬੇਲਦਾਰਾਂ ਨੂੰ ਕਿਹਾ ਫੜੋ ਕੱਸੀ ਤੇ ਇੱਥੋਂ ਪੁੱਟੋ। ਬੇਲਦਾਰ ਉਠੇ ਤੇ ਥਾਂ ਪੁੱਟਣਾ ਸ਼ੁਰੂ ਕੀਤਾ। ਬਲਿਹਾਰ ਜਾਈਏ ਸਤਿਗੁਰੂ ਤੋਂ ਚਾਰ ਫੁਟ ਟੋਇਆ ਪੁੱਟਿਆ ਸੀ ਕਿ ਸਿਲ੍ਹੀ ਮਿੱਟੀ ਆਈ। ਹੋਰ ਪੁੱਟਿਆ ਤਾਂ ਮਿੱਠਾ ਤੇ ਠੰਡਾ ਜਲ। ਇਹ ਮੇਰੇ ਸਤਿਗੁਰੂ ਜੀ ਦੀ ਕਰਾਮਾਤ ਸੀ। ਨਹੀਂ ਤਾਂ ਇਹ ਕਲਿਆ ਦੀ ਧਰਤੀ ਸਦੀਆਂ ਦੀ ਸੁੱਕੀ ਸੜੀ, ਜਿੱਥੇ ਸਾਲਾਂ ਵਦੀ ਵਰਸ਼ਾ ਨਾ ਹੋਵੇ। ਉਸ ਰੇਗਿਸਤਾਨ 'ਚੋਂ ਅੱਠ ਫੁਟ ਤੋਂ ਪਾਣੀ ਮਿਲ ਜਾਣਾ। ਮੁਅਜਜੇ ਤੋਂ ਘੱਟ ਨਹੀਂ। ਝਟ ਸੂਰਤ ਉਡਾਰੀਆਂ ਭਰੀ ਅਤੇ ਭੈ ਹੀਣ ਧਰਤੀ ਜਿਸ ਦੀਆਂ ਬ੍ਰਹਮਾ, ਸ਼ਿਵਜੀ ਅਤੇ ਇੰਦਰ ਪ੍ਰਕਰਮਾ ਕਰਦੇ ਹਨ ਤੇ ਉਸ ਤਪੱਸਵੀ ਦੇ ਚਰਨਾਂ ਨਾਲ ਜੁੜੀ। ਵਿਸ਼ਵਾਸ ਹੋ ਗਿਆ ਕਿ ਇਹ ਉਹ ਛਲੀਆ ਹੈ। ਜਿਸ ਨੇ ਸਤਿਜੁਗ ਵਿਚ ਸਾਰੀ ਧਰਤੀ ਢਾਈ ਕਦਮਾਂ ਵਿਚ ਮਿਣ ਲੀਤੀ ਸੀ। ਜਿਸ ਨੇ ਤਰੇਤੇ ਵਿਚ ਪੱਥਰ ਨੂੰ ਚਰਨ ਲਾਇਆ ਸੀ ਤਾਂ ਉਹ ਖੰਭ ਲਾ ਆਕਾਸ਼ ਵੱਲ ਉੱਡਿਆ ਸੀ। ਇਹ ਉਹ ਕਾਨ੍ਹ ਹੈ ਜਿਸਨੇ ਕੁਬਜਾ ਦਾ ਕੁਬ ਕੱਢਿਆ ਸੀ। ਇਹ ਉਹੋ ਹੈ ਜਿਸਨੇ ਰਾਜੇ ਨੂੰ ਮੁੱਠੀਆਂ ਭਰੀਆਂ ਸਨ। ਇਹ ਉਹੋ ਹੈ ਜਿਸਨੇ ਧੰਨੇ ਦੇ ਵੱਛੇ ਚਾਰੇ ਸਨ ਤੇ ਕਿਆਰੇ ਬੰਨੇ ਸਨ। ਇਹ ਉਹ ਹੀ ਹੈ, ਜਿਸ ਨੇ ਮੱਖਣ ਸ਼ਾਹ ਦਾ ਜਹਾਜ਼ ਬੰਨੇ ਲਾਉਂਦਿਆਂ ਲਾਉਂਦਿਆਂ ਮੋਢਾ ਛਿਲਾਇਆ ਸੀ। ਇਹ ਉਹ ਹੀ ਹੈ ਜਿਸ ਨੌਨਿਹਾਲ ਸਿੰਘ ਰਿਜਮਿੰਟ ਵਿਚ ਕਾਬੁਲ ਸਿੰਘ ਬਣ ਹਾਜ਼ਰੀ ਲਾਈ ਸੀ। ਇਹ ਉਹ ਹੀ ਹੈ ਜਿਸਨੇ ਮਿੰਟਗੁਮਰੀ ਕਾਟਨ ਮਿਲ ਵਿਚ ਬੰਤਾ ਸਿੰਘ ਦੀ ਮਸ਼ੀਨ ਦੇ ਪੇਚ ਠੀਕ ਕੀਤੇ ਸਨ। ਇਹ ਨਿਰਮਲ ਜਲ ਦਾ ਸੋਮਾ ਉਸੇ ਪਟਾਇਆ ਹੈ। ਜਲ ਕੀ ਸੀ ਨਿਰੀ ਬਰਫ਼, ਨਿਰਮਲ, ਮਿੱਠਾ ਤੇ ਸਹਿਤ ਬਖਸ਼। ਉਸ ਟੋਏ ਨੂੰ ਹੋਰ ਡੂੰਗਾ ਕੀਤਾ ਅਤੇ ਪਾਈਪ ਫਿਟ ਕੀਤੇ। ਆਲੇ ਦੁਆਲੇ ਮਿੱਟੀ ਪਾ ਦਿੱਤੀ। ਇੱਥੋਂ ਹੀ ਪੀਣਾ ਅਤੇ ਇੱਥੋਂ ਹੀ ਵਰਤਾ ਤੇ ਇਸ਼ਨਾਨ ਕਰਾਂ। ਸਭ ਨੂੰ ਕਹਿ ਦਿੱਤਾ ਕੋਈ ਹੱਥ ਨਾ ਲਾਵੇ। ਜਿਨ੍ਹਾਂ ਕਿਸੇ ਨੂੰ ਲੋੜ ਹੋਵੇ ਪਾਣੀ ਮੈਂ ਆਪ ਦਿਆਂਗਾ। ਹੁਣ ਪੀਣ ਦੇ ਪਾਣੀ ਵੱਲੋਂ ਨਿਸ਼ਚਿੰਤ ਹੋ ਸਕੂਲ ਦੇ ਪਾਣੀ

ਵਾਸਤੇ ਸਰਵੇ ਕਰਨਾ ਅਰੰਭ ਦਿੱਤਾ। ਅਠਾਰ੍ਹਾਂ ਮੀਲ ਊਠਾਂ ਤੇ ਚੱਕਰ ਲਾਏ। ਪਾਣੀ ਕਿਤੋਂ ਨਾ ਲੱਭਾ।

ਇੱਕ ਸਾਤਾ ਬੀਤਿਆ ਤਾਂ ਨਵੀਂ ਸਮੱਸਿਆ ਖੜੀ ਹੋ ਗਈ ਲਿਆਂਦੇ ਰਾਸ਼ਨ ਦਾ ਭੋਗ ਪੈ ਗਿਆ। ਦੁੱਧ, ਮੱਖਣ, ਰੋਟੀ, ਫੱਲ ਸਭ ਪੇਟ ਦੀ ਅੱਗ ਵਿਚ ਭਸਮ ਹੋ ਗਏ। ਹੋਰ ਇੱਥੋਂ ਲੱਭਣਾ ਕੀ ਸੀ। ਇਹ ਕਾਲੇ ਤਾਂ ਮਾਸ ਖਾ ਊਠਾਂ ਦੇ ਦੁੱਧ ਵਿਚ ਮੱਕੀ ਦਾ ਆਟਾ ਰਲਾ ਉਧਰ ਪੂਰਤੀ ਕਰਦੇ ਸਨ। ਮੈਨੂੰ ਰਾਸ਼ਨ ਕਿੱਥੋਂ ਲੱਭਣਾ ਸੀ। ਇਤਨੇ ਨੂੰ ਐਜੂਕੇਸ਼ਨ ਡਾਇਰੈਕਟਰ ਆ ਗਿਆ। ਉਸ ਕਿਹਾ ਮਿਸਟਰ ਸਿੰਘ ਜਿਹੜੀ ਚੀਜ਼ ਦੀ ਲੋੜ ਹੈ ਮੈਥੋਂ ਲੈ, ਘਬਰਾ ਨਾ। ਮੈਂ ਪੈਸੇ ਦੇਵਾਂ ਉਹ ਪੈਸੇ ਲਵੇ ਨਾ ਮੁਫ਼ਤ ਲੈਣਾ ਮੈਂ ਕਿਤੇ ਪੜਿਆ ਨਹੀਂ ਸੀ। ਸੌਦਾ ਨਾ ਹੋਇਆ। ਆਖ਼ਰ ਥੋੜ੍ਹੇ ਦਿਨਾਂ ਪਿੱਛੋਂ ਉਹ ਵਾਪਿਸ ਚਲਾ ਗਿਆ। ਮੈਂ ਸੋਚਿਆ ਚਲੋ ਸੋਧ ਢਿੱਲੀ ਕਰ ਲੈਂਦਾ ਹਾਂ ਮੁੜ ਰੱਖ ਲਵਾਂਗਾ। ਪਰ ਉਹ ਭੈਣੀ ਸਾਹਿਬ ਦਾ ਪਹਿਰੇਦਾਰ ਲਾਗੇ ਹੀ ਸੁਣਦਾ ਸੀ। ਮੇਰੀ ਪੀੜਾ ਨੂੰ ਤਾੜ ਗਿਆ ਅਤੇ ਰਾਤ ਨੂੰ ਡਾਂਟਿਆ ਤੇ ਕਿਹਾ:-

**ਸੋਧ ਨਹੀਂ ਛਡਣੀ,**
**ਕਿਸੇ ਤੋਂ ਮੰਗਣਾ ਕੁਝ ਨਹੀਂ,**
**ਮਰਦਾ ਤੂੰ ਹੈ ਨਹੀਂ,**
**ਫ਼ਿਕਰ ਨਾ ਕਰ**

ਅੰਮ੍ਰਿਤ ਵੇਲੇ ਅੱਖ ਖੁੱਲ੍ਹੀ ਸ਼ਰੀਰ ਬਲਵਾਨ ਸੀ। ਚਿਹਰੇ 'ਤੇ ਖ਼ੁਸ਼ੀ ਖੇਡ ਰਹੀ ਸੀ। ਉਸ ਦਿਨ ਤੋਂ ਮੇਰੀ ਭੁੱਖ ਕਿਸੇ ਸਾਗਰ ਵਿਚ ਜਾ ਡੁੱਬੀ। ਫੇਰ ਮੰਗਣ ਦੀ ਲੋੜ ਨਹੀਂ ਰਹੀ। ਪੂਰੇ ਅਠਾਈ ਦਿਨ ਉੱਥੇ ਰਿਹਾ। ਸ਼ਰੀਰਕ ਲੋੜਾਂ ਪਤਾ ਨਹੀਂ ਕਿਹੜੇ ਦੇਸ਼ ਉਡਾਰੀ ਮਾਰ ਗਈਆਂ। ਇਸੇ ਹੀ ਜਲ ਤੋਂ ਇਸ਼ਨਾਨ ਕਰਾਂ, ਇਹ ਹੀ ਮੇਰੇ ਵਾਸਤੇ ਦੁੱਧ ਸੀ, ਇਹੋ ਜਲ ਫਲ ਸਨ, ਇਹ ਹੀ ਜਲ ਸਬਜ਼ੀ ਸੀ। ਇਹ ਹੀ ਮੱਖਣ ਟੋਸਟ ਨਿਰਾ ਹੀ ਅੰਮ੍ਰਿਤ।

ਮਾਸਟਰ ਜੀ ਤੁਸੀਂ ਇਹ ਸੁਣ ਹੈਰਾਨ ਹੋਵੋਗੇ ਕਿ ਸਾਰਾ ਦਿਨ ਕੜਾਕੇ ਦੀ ਗਰਮੀ ਵਿਚ ਚੱਕਰ ਲਗਾਉਣੇ। ਹੇਠਾਂ ਭਠ ਵਰਗਾ ਤੱਪਿਆ ਰੇਤਾ। ਆਕਾਸ਼ ਵਿਚ ਅੱਗ ਵਰਾਉਂਦਾ ਸੂਰਜ। ਸਾਰਾ ਦਿਨ ਮਾਰੂਸਥਲ ਦੇ ਜਹਾਜ਼ ਦੀ ਸਵਾਰੀ ਤੇ ਭੌਂ ਕਸਾਈ। ਉਹ ਜਲ ਦੀ ਕੂਹਣੀ ਸਾਰੇ ਕੰਮ ਸਾਰੇ। ਸਾਰਾ ਇਲਾਕਾ ਛਾਣ ਮਾਰਿਆ। ਸਕੂਲ ਵਾਸਤੇ ਪਾਣੀ ਕਿਤੋਂ ਨਾ ਲੱਭਿਆ। ਅੰਤ ਸੁਰਤ ਇੱਥੇ ਆ ਟਿੱਕੀ ਕਿ ਜਸਵੰਤ ਸਿੰਘ ਐਵੇਂ ਭੰਬਲਭੂਸੇ ਵਿਚ ਫੱਸਿਆ ਪਿਆ ਹੈਂ। ਉਹ ਸ਼ਿਵਜੀ ਭਗਵਾਨ ਘਰ ਵਿਚ ਹੀ ਗੰਗਾ ਦੇ ਗਿਆ ਸੀ। ਬਾਹਰ ਤਰਲੇ ਮਾਰਨ ਦੀ ਕੀ ਲੋੜ ਅੰਤ ਉਹ ਚਸ਼ਮਾ ਆਬੇਹਯਾਤ ਸਿੱਧ ਹੋਇਆ। ਉਸੇ ਨੂੰ ਹੀ ਲੰਮਾ ਚੌੜਾ, ਡੂੰਗਾ ਕੀਤਾ। ਆਲੇ ਦੁਆਲੇ ਦੀਵਾਰਾਂ ਡੂੰਗੀਆਂ ਕਰ ਦਿੱਤੀਆਂ। ਪੱਕਾ ਫਰਸ਼ ਬਣਵਾ ਦਿੱਤਾ ਇੱਕ ਵਧੀਆ ਸਰੋਵਰ ਬਣ ਗਿਆ। ਪਾਈਪਾਂ

ਫਿਟ ਹੋ ਗਈਆਂ। ਜੰਗਲ ਵਿਚ ਮੰਗਲ ਹੋ ਗਿਆ। ਸਭ ਨਗਰੀ ਵਿਚ ਜੈ ਜੈ ਕਾਰ ਹੋਈ।

ਮਹੀਨੇ ਪਿੱਛੋਂ ਵਾਪਿਸ ਮੁੜਿਆ ਸਾਰੇ ਪਰਿਵਾਰ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਜਦ ਸੋਧ ਦੀ ਕਥਾ ਸੁਣਾਈ ਤਾਂ ਸਾਰੇ ਹੈਰਾਨੀ ਦੇ ਸਰੋਵਰ ਵਿਚ ਜਾ ਡਿੱਗੇ। ਇਹ ਸੁਣ ਸਭ ਨੇ ਉਂਗਲਾਂ ਮੂੰਹ ਵਿਚ ਪਾ ਲਈਆਂ। ਜਿਉਂ ਜਿਉਂ ਸੁਣਦੇ ਜਾਣ ਬਿਸਮਾਧ ਹੁੰਦੇ ਜਾਣ। ਇਹ ਐਸਾ ਚਸ਼ਮਾ ਸੀ ਜਿਸਨੇ ਐਪਲ ਜੂਸ ਤੇ ਮੈਂਗੋ ਜੂਸ ਦਾ ਕੰਮ ਦਿੱਤਾ। ਮੁਸ਼ਕਣੀਆਂ ਭਰਦਿਆਂ ਕੰਡੇ ਤੇ ਤੁਲਿਆ ਤਾਂ ਪਹਿਲਾਂ ਨਾਲੋਂ ਇੱਕ ਪੌਂਡ ਭਾਰ ਵੱਧ ਦੱਸਿਆ। ਮੇਰੇ ਅੰਦਰ ਕ੍ਰਿਤਗਤਾ ਦੀ ਲਹਿਰਾਂ ਉਛਾਲੇ ਮਾਰ ਰਹੀਆਂ ਸਨ ਤੇ ਮੇਰੇ ਕੰਨਾਂ ਵਿਚ ਇਹ ਗੂੰਜ ਰਿਹਾ ਸੀ:-

**ਆਦਿ ਮਧ ਪ੍ਰਭ ਅੰਤਿ ਸੁਆਮੀ।**
**ਆਪਨਾ ਥਾਟ ਬਨਾਇਓ ਆਪਿ।**
**ਆਪਨੇ ਸੇਵਕ ਕੀ ਆਪੇ ਰਾਖੇ।**
**ਪ੍ਰਭ ਮੇਰੇ ਕੋ ਵਡ ਪ੍ਰਤਾਪ॥** (ਮਹਲਾ ੫-੮੨੫)

**ਜਸਵੰਤ ਸਿੰਘ**

Sri Satguru Jagjit Singh Ji eLibrary NamdhariElibrary@gmail.com

## ਜਿਸਕਾ ਸਾਹਿਬ ਡਾਢਾ.....

ਭਾਗਾਂ ਭਰਿਆ ਆਜ਼ਾਦੀ ਦਾ ਦਿਨ ਚੜ੍ਹਿਆ। ਭਾਰਤੀ ਹਿੱਕ ਕੱਢ ਸੰਸਾਰ ਦੀ ਸਵੈਤੰਤਰ ਬਰਾਦਰੀ ਵਿਚ ਤੁਰਨ ਜੋਗ ਹੋਏ। ਪਰ ਸ਼ੈਤਾਨ ਦੇ ਬੀਜੇ ਬੀ ਅੰਗੂਰ ਫੜਿਆ। ਉਨ੍ਹਾਂ ਆਪਣਾ ਰੰਗ ਵਖਾਇਆ ਫਿਰਕੂ ਭਾਂਬੜ ਮੱਚ ਖਲੋਤੇ। ਪਗ ਵਟਾਊ ਯਾਰ ਅੱਖਾਂ ਫੇਰ ਗਏ। ਆਕਾਸ਼ ਅਬਲਾਵਾਂ ਦੇ ਹਉਕਿਆਂ ਨਾਲ ਧੁਆਖਿਆ ਗਿਆ। ਇਹ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਸੀ, ਜਿੰਨ੍ਹਾਂ ਸਮਾਂ ਆਉਣ ਤੋਂ ਪਹਿਲਾਂ ਪੰਜਾਬੀਆਂ ਨੂੰ ਖ਼ਬਰਦਾਰ ਕਰ ਦਿੱਤਾ ਸੀ ਤੇ ਜਿੰਨ੍ਹਾਂ ਬਚਨ ਮੰਨਿਆ ਉਹ ਬਾਲ ਬੱਚਿਆਂ ਸਮੇਤ ਰਾਵੀਉ ਪਾਰ ਹੋ ਗਏ ਤੇ ਆਪਣਾ ਮਾਲ ਧੰਨ ਤੇ ਬਹੂ-ਬੇਟੀਆਂ ਦੀ ਇੱਜ਼ਤ ਬਚਾ ਸੁਰੱਖਿਅਤ ਥਾਵਾਂ ਜਾ ਡੇਰੇ ਲਾਏ।

ਮਾਸਟਰ ਜੀ! ਮੇਰੇ ਪਿਤਾ ਜੀ ਜ਼ਿਲ੍ਹਾ ਲਾਇਲਪੁਰ ਦੇ ਚੌਕ 117-18 ਵਿਚ ਰਹਿੰਦੇ ਸਨ ਉਹ ਵੀ ਹੋਰਨਾਂ ਵਾਂਗੂੰ ਉੱਜੜ-ਪੁੱਜੜ ਏਧਰ ਆ ਗਏ। ਉਨ੍ਹਾਂ ਖੱਜਲ ਖੁਆਰੀ ਤਾਂ ਬੜੀ ਦੇਖੀ ਪਰ ਨਾਮਬਾਣੀ ਵਾਲੇ ਪਾਸੇ ਢਿੱਲ ਨ ਪੈਣ ਦਿੱਤੀ। ਕੁਝ ਸਮਾਂ ਬਤੀਤ ਕੀਤਾ ਮੁੜ ਜਗਾਧਰੀ ਰੇਲਵੇ ਵਰਕਸ਼ਾਪ ਵਿਚ ਬਤੌਰ ਫਿਟਰ ਭਰਤੀ ਹੋ ਗਏ। 1959 ਵਿਚ ਉਨ੍ਹਾਂ ਦੀ ਬਦਲੀ ਸ਼ਕੂਰ ਬਸਤੀ, ਰੇਲਵੇ ਬਿਜਲੀ ਘਰ, ਦਿੱਲੀ ਵਿਚ ਹੋ ਗਈ। ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਉਨ੍ਹਾਂ ਨੂੰ ਬਚਪਨ ਤੋਂ ਗੁਰ ਘਰ ਦੇ ਇਤਿਹਾਸ ਤੇ ਕੀਰਤਨ ਦੀ ਲਗਨ ਸੀ। ਮੈਨੂੰ ਵੀ ਇਤਿਹਾਸ ਦੀ ਚੇਟਕ ਉਨ੍ਹਾਂ ਤੋਂ ਲੱਗੀ ਏ। ਇੱਥੇ ਆ ਕੇ ਉਨ੍ਹਾਂ ਵੀਰਵਾਰ ਦਾ ਨਾਮ ਸਿਮਰਨ ਤੇ ਐਤਵਾਰ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦਾ ਨੇਮ ਬਣਾ ਲਿਆ। ਇਸ ਕੰਮ ਵਿਚ ਪੰਥ ਰਤਨ ਸੰਤ ਅਨੰਤਾ ਸਿੰਘ ਦੇ ਲੜਕੇ ਸੇਵਾ ਸਿੰਘ, ਸ਼ਰਮ ਸਿੰਘ ਵਾਜਿਆਂ ਵਾਲਾ, ਸਵਰਨ ਸਿੰਘ, ਕੇਹਰ ਸਿੰਘ ਢੋਲਕੀ ਮਾਸਟਰ ਤੇ ਜਥੇਦਾਰ ਅੱਛਰ ਸਿੰਘ ਦਾ ਚੰਗਾ ਜੁੱਟ ਬਣ ਗਿਆ, ਲੱਗੇ ਰੰਗ ਬੱਝਣ।

ਮਾਸਟਰ ਜੀ! ਲਓ ਅੱਗੋਂ ਸੁਣੋ ਭਾਣਾ ਕਰਤਾਰ ਦਾ ਪਿਤਾ ਜੀ ਨੂੰ ਹਿੱਚਕੀ ਨੇ ਆ ਘੇਰਿਆ। ਹੌਲੀ ਹੌਲੀ ਟੀ.ਬੀ. ਵਿਚ ਬਦਲ ਗਈ। ਰੇਲਵੇ ਵਾਲਿਆਂ ਉਨ੍ਹਾਂ ਨੂੰ ਕਸੌਲੀ ਘੱਲ ਦਿੱਤਾ। ਉੱਥੇ ਇਹ ਲੱਗਪਗ ਢਾਈ ਸਾਲ ਰਹੇ। ਇੱਕ-ਦੋ ਉਪਰੇਸ਼ਨ ਵੀ ਹੋਏ, ਪਰ ਇਨ੍ਹਾਂ ਇੱਥੇ ਆ ਕੇ ਵੀ ਆਪਣੇ ਨਿਤਨੇਮ ਵਿਚ ਫਰਕ ਨਹੀਂ ਪੈਣ ਦਿੱਤਾ। ਦਿਨ ਰਾਤ ਹੱਥ ਵਿਚ ਮਾਲਾ। ਰਮਨਾਂ ਟੱਕ

Sri Satguru Jagjit Singh Ji eLibrary NamdhariElibrary@gmail.com

ਟੱਕ ਚਲੇ। ਰਾਤ ਪਵੇ ਤਾਂ ਵੀ ਇਹੋ ਵਾਜਾ ਜੋੜੀ। ਹਸਪਤਾਲਾਂ ਵਿਚ ਰਾਤ ਸਮੇਂ ਸਿਰ ਸੌਣਾ ਪੈਂਦਾ ਏ, ਪਰ ਇਨ੍ਹਾਂ ਨੂੰ ਸੌਣ ਦੀ ਕੋਈ ਪ੍ਰਵਾਹ ਨਹੀਂ, ਸਾਰੀ ਸਾਰੀ ਰਾਤ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜੁੜੇ ਰਹਿਣ। ਨਰਸਾਂ ਬੜੇ ਅਦਬ ਨਾਲ ਬੇਨਤੀ ਕੀਤੀ ਪਰ ਇਹ ਧੁੰਨ ਦੇ ਪੱਕੇ, ਇਨ੍ਹਾਂ ਉਨ੍ਹਾਂ ਦੇ ਕਹੇ ਵਲ ਧਿਆਨ ਨਹੀਂ ਦਿੱਤਾ।

ਕਸੌਲੀ ਕੁਝ ਫ਼ਰਕ ਪਿਆ ਤਾਂ ਹਸਪਤਾਲ ਦੇ ਡਾਕਟਰਾਂ ਧਰਮਪੁਰੇ ਭੇਜ ਦਿੱਤਾ। ਧਰਮਪੁਰਾ ਇੱਕ ਪਹਾੜੀ ਸਥਾਨ ਹੈ। ਸਵੱਛ ਜਲਵਾਯੂ ਆਲੇ ਦੁਆਲੇ ਉੱਚੀਆਂ ਉੱਚੀਆਂ ਚੀਲਾਂ, ਜੰਗਲੀ ਫੁੱਲ, ਚੌਫੇਰੇ ਬਰਫ਼ਾਨੀ ਢੇਰ, ਕੁਦਰਤ ਦੇ ਸੁਹੱਪਣ ਦੇ ਭੰਡਾਰੇ ਖੁੱਲ੍ਹੇ ਪਏ ਹਨ। ਨਜ਼ਾਰਾ ਬੜਾ ਦਿਲਕਸ਼ ਏ। ਇਹ ਸ਼ਿਮਲੇ ਜਾਂਦਿਆਂ ਰਾਹ ਵਿਚ ਆਉਂਦਾ ਏ। ਏਥੇ ਆਮ ਕਰਕੇ ਤਪਦਿਕ ਦੇ ਮਰੀਜ਼ਾਂ ਦੀ ਤੀਮਾਰਦਾਰੀ ਕੀਤੀ ਜਾਂਦੀ ਏ।

ਇੱਥੇ ਸੈਨਾਟੋਰੀਅਮ ਵਾਲਿਆਂ ਹਸਪਤਾਲ ਦੇ ਲਾਗੇ ਨੁੱਕਰ ਵਾਲਾ ਕਮਰਾ 8'x8' ਦਾ ਅਲਾਟ ਕੀਤਾ, ਪਰ ਪਿਤਾ ਜੀ ਨੇ ਇੱਕ ਨਵੇਕਲਾ ਕਮਰਾ ਜਿਹੜਾ ਦੇਰ ਤੋਂ ਬੰਦ ਪਿਆ ਸੀ, ਉਹ ਮੰਗ ਲਿਆ ਤਾਂ ਕਿ ਉਨ੍ਹਾਂ ਦੇ ਭਜਨ ਬਾਣੀ ਦੇ ਨੇਮ ਵਿਚ ਫ਼ਰਕ ਨ ਪਵੇ ਅਤੇ ਪ੍ਰਬੰਧਕਾਂ ਦੇ ਪ੍ਰਬੰਧ ਵਿਚ ਖ਼ਲਲ।

'ਗੁਰੂ ਕਿਆ ਲਾਲਾ! ਸਤਿਗੁਰੂ ਰਾਮ ਸਿੰਘ ਜੀ ਦਾ ਫ਼ੁਰਮਾਨ ਹੈ, ਕਿ ਮੇਰਾ ਨਾਮ ਲਸੂੜੇ ਦੀ ਗਿੱਟਕ ਵਾਂਗੂੰ ਹੈ, ਜਿਸਨੂੰ ਚੰਬੜ ਜਾਵੇ ਛੇਤੀ ਕੀਤਿਆਂ ਮਗਰੋਂ ਨਹੀਂ ਲਹਿੰਦਾ ਇਹ ਤਾਂ ਸੱਤ ਜਨਮਾਂ ਤੱਕ ਪਿੱਛਾ ਨਹੀਂ ਛੱਡਦਾ। ਤੇਰੇ ਪਿਤਾ ਜੀ ਦੀ ਸਾਂਝ ਭਿਆਲੀ, ਉਸੇ ਨਾਮ ਨਾਲ ਸੀ। ਏਸੇ ਵਾਸਤੇ ਉਨ੍ਹਾਂ ਵੱਖਰਾ ਕਮਰਾ ਪਸੰਦ ਕੀਤਾ ਤਾਂਕਿ ਨਾਮੀ ਨਾਲ ਤਾਰਾਂ ਜੁੜੀਆਂ ਰਹਿਣ।

ਪਰ ਮਾਸਟਰ ਜੀ! ਇਸ ਕਮਰੇ ਵਿਚ ਡੇਰਾ ਲਾਣ ਦੀ ਦੇਰ ਸੀ ਕਿ ਹਸਪਤਾਲ ਦੇ ਕਰਮਚਾਰੀ ਕੀ ਮਰੀਜ਼ ਮੂੰਹ ਨਾਲ ਮੂੰਹ ਜੋੜ ਲੱਗੇ ਗੱਲਾਂ ਕਰਨ ਕਿਉਂਕਿ ਉਹ ਸਮਝਦੇ ਸਨ ਕਿ ਇਸ ਕਮਰੇ ਵਿਚ ਬਾਹਰਲਿਆਂ ਦਾ ਵਾਸਾ ਏ। ਉਨ੍ਹਾਂ ਇਸ ਨੂੰ ਰਾਤ ਨਹੀਂ ਕੱਟਣ ਦੇਣੀ। ਇਹ ਹਾਲ ਪਾਹਰਿਆਂ ਕਰੇਗਾ, ਅੱਗੇ ਜਿਹੜਾ ਵੀ ਮਰੀਜ਼ ਏਥੇ ਆਉਂਦਾ ਰਿਹਾ ਹੈ, ਉਹ ਚੀਕਾਂ ਮਾਰ ਮਾਰ ਨਿਕਲਦਾ ਰਿਹਾ ਹੈ। ਇਹ ਬੁੱਢਾ ਕਿਹੜੇ ਬਾਗ਼ ਦੀ ਮੂਲੀ ਏ। ਇਸ ਇੱਕ ਰਾਤ ਵੀ ਨਹੀਂ ਕੱਟਣੀ। ਹੌਲੀ ਹੌਲੀ ਪਿਤਾ ਜੀ ਕੋਲ ਖ਼ਾਸੀ ਭੀੜ ਹੋ ਗਈ। ਜਦ ਉਹ ਵਾਪਸ ਮੁੜੀ ਤਾਂ ਉਨ੍ਹਾਂ ਕਿਹਾ, ਬਾਬਾ ਤਗੜੇ ਹੋ ਕੇ ਰਹਿਣਾ। ਘਬਰਾਣਾ ਨਹੀਂ, ਜੇ ਲੋੜ ਪਵੇ ਤਾਂ ਵਾਜ ਮਾਰ ਲਵੀਂ, ਅਸੀਂ ਤੇਰੇ ਲਾਗੇ ਈ ਆਂ - ਪਿਤਾ ਜੀ ਸੁਣਿਆ ਅਣਸੁਣਿਆ ਕਰ, ਆਪਣਾ ਡੇਰਾ ਉਸ ਕੋਠੜੀ ਵਿਚ ਲਾ ਲਿਆ। ਰਾਤ ਹੋਈ ਪਿਤਾ ਜੀ ਪੰਜ ਇਸ਼ਨਾਨ ਕੀਤਾ, ਮਾਲਾ ਫੜੀ ਤੇ ਲੱਗੇ ਅਣਦਿੱਸੇ ਦੇਸ਼ ਨਾਲ ਤਾਰਾਂ ਖੜਕਾਣ। ਕੁਝ ਸਮਾਂ ਆਰਾਮ ਕੀਤਾ ਬਾਕੀ ਕੀਰਨੇ ਪਾਂਦਿਆਂ ਗੁਜ਼ਰਿਆ 'ਪਰ ਭਾਈ ਸਾਧਾ! ਤੇਰੇ ਪਿਤਾ ਦੀ ਆਸ਼ਕਾਂ ਵਾਲੀ ਬਿਰਤੀ ਏ। ਆਸ਼ਿਕ ਨੂੰ ਸਦਾ ਮਾਸ਼ੂਕ ਦੀ ਤਾਂਘ ਰਹਿੰਦੀ

ਏ। ਉਸ ਦੀ ਅੱਖਾਂ ਵਿਚ ਨੀਂਦ ਕਿੱਥੇ? ਤੂੰ ਸੁਣਿਆ ਨਹੀਂ, ਇੱਕ ਸੂਫ਼ੀ ਫ਼ਕੀਰ ਦਾ ਕਥਨ ਹੈ:-

**ਆਸ਼ਕਾਂ ਰਾ ਨੌ ਨਿਸ਼ਾਨੀ ਐ ਪਿਸਰ**
**ਰੰਗ ਜ਼ਰਦੋ, ਆਹ ਸਰਦੋ, ਚਸ਼ਮ ਡਰ,**
**ਕਮ ਖੁਰਦਨ, ਕਮਗੁਫਤਨ, ਖਾਬੇ ਹਰਾਮ,**
**ਇੰਤਜ਼ਾਰੀ, ਬੇਕਰਾਰੀ, ਬੇ ਡੂਅਮ।**

'ਭਾਈ ਗੁਰਮੁਖਾ! ਤੇਰੇ ਪਿਤਾ ਵੀ ਰੰਗੀਲੇ ਫ਼ਕੀਰ ਸਨ। ਉਹ ਮਸਤ ਦੀਵਾਨੇ ਸਨ, ਉਨ੍ਹਾਂ ਦਾ ਵਾਹ ਖਾਣ, ਪੀਣ, ਸੌਣ ਨਾਲ ਨਹੀਂ ਸੀ ਉਹ ਤਾਂ ਸਦਾ ਮਾਹੀ ਦੀ ਉਡੀਕ ਵਿਚ ਰਹਿੰਦੇ ਸਨ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਕੀਰਨੇ ਪਾਂਦੇ। ਭੂਤ ਪ੍ਰੇਤ ਤਾਂ ਅਜਿਹੇ ਮਹਾਂ ਪੁਰਸ਼ਾਂ ਦੀ ਚਰਨ ਛੂਹ ਪ੍ਰਾਪਤ ਕਰਕੇ ਜਨਮ ਸਫਲਾ ਕਰਦੇ ਹਨ।

ਸਵੇਰ ਹੋਈ। ਜਿਹੜਾ ਮਰੀਜ਼ ਬਾਹਰ ਨਿਕਲੇ ਪਹਿਲਾਂ ਉਹ ਇਸ ਕੁੱਟੀਆ ਵੱਲ ਝਾਂਕੇ ਤੇ ਮੁੜ ਏਧਰ ਰੁਖ ਕਰ ਲਵੇ। ਜੱਦ ਖ਼ਾਸੀ ਭੀੜ ਹੋ ਗਈ ਤਾਂ ਲੱਗੀ ਘੁਸਰ ਮੁਸਰ ਕਰਨ। ਪਰ ਪਿਤਾ ਜੀ ਨੂੰ ਕੁਝ ਨ ਪੁੱਛਣ। ਤੂੰ ਵੀ ਭੋਲਾ ਏ! ਉਨ੍ਹਾਂ ਗ਼ਰੀਬਾਂ ਨੂੰ ਕੀ ਪਤਾ, ਕਿ ਇਸ ਪੁਰਸ਼ ਦੀ ਭਿਆਲੀ ਨਾਮ ਨਾਲ ਹੈ ਤੇ ਜਿਸ ਦੀ ਸਾਂਝ ਨਾਮ ਨਾਲ ਪੈ ਜਾਵੇ ਉਸ ਦੇ ਵਸ ਵਿਚ ਆਕਾਸ਼ ਪਾਤਾਲ। ਉਹ ਨਿਰਭਉ ਤੇ ਨਿਰਵੈਰ। ਨਾਮ ਦੀ ਮਹਿਮਾ ਕੌਣ ਕਰ ਸਕਦਾ ਏ? ਨਾਮ ਦੀ ਮਹਿਮਾ ਦਾ ਅਲੰਕਾਰ ਤਾਂ ਗੁਰੂ ਅਰਜਨ ਦੇਵ ਜੀ ਬੰਨਿਆ ਹੈ।

**ਐਸੋ ਸਹਾਈ ਹਰਿ ਕੋ ਨਾਮ ਸਾਧ ਸੰਗਤ ਭਜ ਪੂਰਨ ਕਾਮ।**
**ਬੂਡਤ ਕਉ ਜੈਸੀ ਬੇੜੀ ਮਿਲਤ ਬੂਝਤ ਦੀਪਕ ਮਿਲਤ ਤਿਲਤ।**
**ਜਲਤ ਅਗਨੀ ਮਿਲਤ ਨੀਰ, ਜੈਸੇ ਬਾਰਿਕ ਮੁਖਹਿ ਖੀਰ।**
**ਜੈਸੇ ਰਣ ਮਹ ਸਖਾ ਭ੍ਰਾਤ, ਜੈਸੇ ਭੂਖੇ ਭੋਜਨ ਮਾਤ।**
**ਜੈਸੇ ਕਿਰਖਹਿ ਬਰਸ ਮੇਘ, ਜੈਸੇ ਪਾਲਨਿ ਸਰਨਿ ਸੇਂਘ।**
**ਗਰੁੜ ਮੁਖਿ ਨਾਹੀ ਸ੍ਰਪਤ੍ਰਾਸ, ਸੂਆ ਪਿੰਜਰ ਨਹੀਂ ਖਾਇ ਬਿਲਾਸੁ।**
**ਜੈਸੇ ਆਂਡੋਂ ਹਿਰਦੇ ਮਾਹੇਂ ਜੈਸੇ ਦਾਨੋ ਚੱਕੀ ਦਰਾਇ।**
**ਬਹੁਤ ਉਪਮਾ ਥੋਰ ਕਹੀ, ਹਰਿ ਅਗਮ ਅਗਾਧ ਤੁਹੀ।**
**ਊਚ ਮੂਚੋ ਬਹੁ ਅਪਾਰ, ਸਮਰਤ ਨਾਨਕ ਤਹੋ ਸਾਰ। (੯੮੬-੮੭)**

ਮਾਸਟਰ ਜੀ! ਇਸ ਕੁੱਟੀਆ ਵਿਚ ਰਹਿਣ ਸਦਕਾ ਪਿਤਾ ਜੀ ਦਾ ਪ੍ਰਭਾਵ ਆਮ ਮਰੀਜ਼ਾਂ ਤੇ ਚੰਗਾ ਪਿਆ। ਉਹ ਇਨ੍ਹਾਂ ਨੂੰ ਅਲੌਕਿਕ ਰੂਹ ਸਮਝਣ ਲੱਗੇ।

'ਵਾਹ ਭੋਲਿਆ! ਪ੍ਰਭਾਵ ਪੈਂਦਾ ਵੀ ਕਿਉਂ ਨ, ਇਹ ਤਾਂ ਭਲਾ ਸਾਧਾਰਨ, ਧਰਤੀ ਦੇ ਬੰਦੇ ਸਨ, ਅਜੇਹੇ ਮਹਾਂ ਪੁਰਸ਼ਾਂ ਤੋਂ ਧਰਮ ਰਾਜ ਵੀ ਪ੍ਰਭਾਵਤ ਹੋਏ'

Sri Satguru Jagjit Singh Ji eLibrary NamdhariElibrary@gmail.com

ਬਿਨਾਂ ਨਹੀਂ ਰਹਿੰਦਾ। ਗੁਰੂ ਅਰਜਨ ਦੇਵ ਜੀ ਕਿਆ ਸੁੰਦਰ ਨਕਸ਼ਾ ਉਲੀਕਿਆ ਹੈ:-

**ਜਹ ਸਾਧੂ ਗੋਬਿੰਦ ਭਜਨੁ ਕੀਰਤਨ ਨਾਨਕ ਨੀਤ**
**ਣਾ ਹਉ ਣ, ਤੂੰ ਣਹ ਛੁਟਹਿ ਨਿਕਟਿ**
**ਨ ਜਾਈਅਹੁ ਦੂਤ।** (੨੫੬)

'ਲਉ! ਅੱਗੇ ਹੋ ਸੁਣੋ। ਪਿਤਾ ਜੀ ਨੂੰ ਧਰਮਪੁਰੇ ਰਹਿੰਦਿਆਂ ਕੋਈ ਦੋ-ਢਾਈ ਮਹੀਨੇ ਗੁਜ਼ਰੇ ਹੋਣੇ ਨੇ ਕਿ ਉੱਥੇ ਬਠਿੰਡੇ ਰੇਲਵੇ ਲੋਕੋ ਸ਼ੈਡ ਤੋਂ ਰਿਟਾਇਰਡ ਬੰਤਾ ਸਿੰਘ ਬਿਮਾਰੀ ਦਾ ਗ੍ਰਸਿਆ ਆ ਮਿਲਿਆ ਉਹ ਜਵਾਨੀ ਸਮੇਂ ਬੜਾ ਸ਼ਰਾਬੀ, ਕਬਾਬੀ, ਵਿਭਚਾਰੀ, ਡਾਕੂ ਤੇ ਛਟਿਆ ਫੂਕਿਆ ਸੀ। ਉਸ ਨੂੰ ਸੂਹ ਲੱਗ ਗਈ, ਕਿ ਮੇਰੇ ਪਿਤਾ ਜੀ ਬੜੇ ਭਜਨੀਕ ਹਨ, ਤੇ ਜਿਸ ਕਮਰੇ ਵਿਚ ਇਹ ਰਹਿ ਰਹੇ ਹਨ, ਇੱਥੇ ਚੁੜੈਲਾਂ ਦਾ ਵਾਸਾ ਸੀ, ਅੱਗੇ ਜਿਹੜਾ ਕੋਈ ਰਾਤ ਰਹਿੰਦਾ ਸੀ, ਉਹ ਚੀਕਾਂ ਮਾਰਦਾ ਹਾਲ ਪਾਹਰਿਆ ਕਰਦਾ ਤੇ ਕਮਰੇ ਤੋਂ ਬਾਹਰ ਦੌੜ ਦੌੜ ਜਾਂਦਾ, ਪਰ ਇਹ ਬੜੀ ਦੇਰ ਤੋਂ ਇਸ ਵਿਚ ਰਹਿ ਰਿਹਾ ਹੈ, ਉਹ ਉਸ ਨੂੰ ਕੁਝ ਨਹੀਂ ਕਹਿੰਦੀਆਂ। ਤਾਂ ਉਸ ਦਾ ਮਨ ਇਨ੍ਹਾਂ ਵੱਲ ਖਿੱਚਿਆ ਗਿਆ। ਇਨ੍ਹਾਂ ਦੀ ਰਹਿਣੀ ਬਹਿਣੀ ਨੇ ਉਸ ਨੂੰ ਕੀਲ ਲਿਆ। ਉਹ ਪਿਤਾ ਜੀ ਕੋਲ ਆਇਆ ਤੇ ਨਿਮ੍ਰਤਾ ਨਾਲ ਕਿਹਾ 'ਸੰਤ ਜੀ! ਮੇਰੇ ਤੇ ਵੀ ਕੁਝ ਕਿਰਪਾ ਕਰੋ, ਮੈਂ ਗੰਦੇ ਟੋਏ ਵਿਚ ਡਿੱਗ ਪਿਆ ਆਂ।'

'ਜਸਵਿੰਦਰ! ਤੂੰ ਨਹੀਂ ਸੁਣਿਆ ਕਿ ਚੰਦਨ ਲਾਗੇ ਉੱਗੇ ਰੁੱਖਾਂ ਵਿਚ ਚੰਦਨ ਦੀ ਸੁਗੰਧੀ ਆ ਜਾਂਦੀ ਏ, ਪਰਬਤਾਂ ਤੇ ਗਿਆ ਠੰਡ ਦਾ ਪਤਾ ਸੈਲਾਨੀਆਂ ਨੂੰ ਸੁੱਤੇ ਹੀ ਜਾਂਦਾ ਏ। ਬੰਤਾ ਸਿੰਘ ਨੂੰ ਵੀ ਸੰਤਾਂ ਦੀ ਖੁਸ਼ਬੋਈ ਨੂੰ ਖਿੱਚ ਲਿਆ। ਬੁੱਧੀ ਨਿਰਮਲ ਹੋ ਗਈ। ਮਾਸ, ਸ਼ਰਾਬ ਤੋਂ ਤੌਬਾ ਕੀਤੀ। ਮੰਦੇ ਕਰਮਾਂ ਤੋਂ ਕੰਨਾਂ ਨੂੰ ਹੱਥ ਲਾਏ। ਵੈਲੀ ਬੰਤਾ ਸਿੰਘ ਤੋਂ ਸੰਤ ਬੰਤਾ ਸਿੰਘ ਬਣ ਗਿਆ।

ਛੇ ਮਹੀਨਿਆਂ ਉਪਰੰਤ ਪਿਤਾ ਜੀ ਨੂੰ ਹਸਪਤਾਲੋਂ ਛੁੱਟੀ ਮਿਲ ਗਈ। ਉਨ੍ਹਾਂ ਦਿੱਲੀ ਮੁੜਨ ਲਈ ਤਿਆਰੀ ਕੀਤੀ। ਵਾਕਫ਼ ਚਾਕਫ਼ ਆ ਜੁੜੇ ਸਭਨਾਂ ਪ੍ਰਸੰਸਾ ਪੂਰਵਕ ਵਧਾਇਗੀ ਦੇਂਦਿਆਂ ਕਿਹਾ! 'ਮਹਾਰਾਜ ਜੀ! ਜਿਸ ਦੌਲਤ ਸਦਕਾ ਤੁਹਾਡਾ ਮਸਤਕ ਡਲਕਾ ਮਾਰ ਰਿਹਾ ਹੈ, ਉਸ ਵਿੱਚੋਂ ਕਣ ਮਾਤਰ ਸਾਨੂੰ ਵੀ ਬਖਸ਼ਸ਼ ਕਰ ਜਾਓ।' ਪਰ ਪਿਤਾ ਜੀ ਬੜੀ ਨਿਮਰਤਾ ਨਾਲ ਕਿਹਾ - ਭਲਿਓ ਲੋਕੋ! ਮੇਰੀਆਂ ਤਾਂ ਚਾਰੇ ਕੰਨੀਆਂ ਖਾਲ ਮਖਾਲੀ ਹਨ। ਰਿੱਧੀਆਂ ਸਿੱਧੀਆਂ ਦਾ ਮਾਲਕ ਸਤਿਗੁਰੂ ਹੈ। ਉਹਦੇ ਚਰਨਾਂ ਵਿਚ ਨੌ ਨਿਧਾ ਹਨ।

ਅੱਗੋਂ ਪਿਤਾ ਜੀ ਕਿਹਾ, ਸਿੰਘਾਂ! ਮੈਂ ਤਾਂ ਗੁਨਾਹਗਾਰ ਲੂਣ ਹਰਾਮ ਆਂ ਸਤਿਗੁਰੂ ਰਾਮ ਸਿੰਘ ਜੀ ਕਲਿਜੁਗ ਵਿਚ ਨਾਮ ਦਾ ਖਜ਼ਾਨਾ ਖੋਲਿਆ ਹੋਇਆ ਹੈ ਤੂੰ ਵੀ ਭੋਗ ਲੈ ਚੱਖ, ਤੇਰੇ ਐਬ ਖੰਭ ਲਾ ਉੱਡ ਜਾਣਗੇ। ਬੰਤਾ ਸਿੰਘ ਸਿਰ ਝੁਕਾ ਦਿੱਤਾ। ਲੱਗਾ ਸਿਮਰਨ ਕਰਨ, ਥੋੜ੍ਹੇ ਸਮੇਂ ਵਿਚ ਈ ਬਿਰਤੀ ਬਦਲ

Sri Satguru Jagjit Singh Ji eLibrary NamdhariElibrary@gmail.com

ਗਈ। ਰਾਖਸ਼ ਬੁੱਧੀ ਉਡਾਰੀ ਮਾਰ ਗਈ, ਦੇਵ ਬਿਰਤੀ ਆ ਟਿਕਾਣਾ ਮਲਿਆ। ਜੇ ਕੋਈ ਅਵੱਗਿਆ ਹੋਈ ਹੋਵੇ, ਜਾਂ ਬੋਲ ਕਬੋਲ ਬੋਲਿਆ ਗਿਆ ਹੋਵੇ ਤਾਂ ਖਿਮਾ ਕਰਨਾ। ਸਤਿ ਸ੍ਰੀ ਅਕਾਲ।

ਏਧਰ ਇਨ੍ਹਾਂ ਬਿਸਤਰ ਸੰਭਾਲਿਆ ਤੇ ਸਟੇਸ਼ਨ ਦਾ ਰਾਹ ਫੜਿਆ, ਪਰ ਆਕਾਸ਼ ਵਿੱਚੋਂ ਗੂੰਜਾਂ ਪੈ ਰਹੀਆਂ ਸਨ:-

**ਜਿਸਦਾ ਸਾਹਿਬੁ ਡਾਢਾ ਹੋਇ।**
**ਤਿਸ ਨੋ ਮਾਰਿ ਨ ਸਾਕੈ ਕੋਇ।**
**ਸਾਹਿਬ ਕੀ ਸੇਵਕੁ ਰਹੈ ਸਰਣਾਈ**
**ਆਪੇ ਬਖਸ਼ੇ ਦੇ ਵਡਿਆਈ।**
**ਤਿਸ ਤੇ ਉਪਰ ਨਾਹੀਂ ਕੋਇ।**
**ਕਉਣ ਡਰੈ ਡਰੁ ਕਿਸ ਕਾ ਹੋਇ।** (੮੪੨)

**ਜਸਵਿੰਦਰ ਸਿੰਘ ਹਿਸਟੋਰੀਅਨ**
2348/ਬੀ, ਰਾਜਾ ਪਾਰਕ, ਸ਼ਕੂਰ ਬਸਤੀ, ਦਿਲੀ।

Sri Satguru Jagjit Singh Ji eLibrary NamdhariElibrary@gmail.com

## ਮੇਰੀ ਦਸਤਾਰ ਸਿੱਧੀ ਇਉਂ ਹੋਈ

ਕੀ ਵੇਖ ਰਹੇ ਹੋ? ਜੇਹੋ ਜਿਹਾ ਮੈਂ ਦਿਸ ਰਿਹਾ ਹਾਂ ਪਹਿਲਾਂ ਮੈਂ ਅਜਿਹਾ ਨਹੀਂ ਸਾਂ। ਮੇਰੀ ਪੰਜ ਸਾਲ ਪਹਿਲਾਂ ਦੀ ਫ਼ੋਟੋ ਵੇਖੋ ਤਾਂ ਪਛਾਣ ਨਹੀਂ ਸਕੋਗੇ। ਜ਼ਮੀਨ ਅਸਮਾਨ ਦਾ ਫ਼ਰਕ ਚੜ੍ਹਦੀ ਜਵਾਨੀ ਸਰਦਾਰੀ ਠਾਠ, ਰੰਗਦਾਰ ਠੋਕਵੀਂ ਪੱਗ, ਚੂੜੀਦਾਰ ਪਾਜਾਮਾ, ਸ਼ਾਹੀ ਸ਼ੇਰਵਾਨੀ, ਕੂਲਾ ਕੂਲਾ ਰੇਸ਼ਮੀ ਕਾਲਾ ਦਾੜ੍ਹਾ, ਚੁੱਭਵੀਟ ਮੁੱਛਾਂ, ਜਦ ਬਾਜ਼ਾਰ ਵਿਚ ਥੀਂ ਲੰਘਣਾ ਤਾਂ ਮਹਾਰਾਜਾ ਪਹਿਆਲਾ ਦੀ ਰੂਹ ਭੜਕ ਪੈਂਦੀ। ਪਰ ਪਿਉ-ਦਾਦੇ ਵਾਲੀ ਕੂਕਾ ਲੇਸ ਅੰਦਰ ਕਾਇਮ ਸੀ। ਇਕ ਦਿਨ ਵਿਚਾਰ ਆਇਆ ਚਲੋ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕਰ ਆਈਏ। ਉਨ੍ਹੀਂ ਦਿਨੀਂ ਪ੍ਰਯੋਗ ਚੱਲ ਰਿਹਾ ਸੀ। ਸੂਟਕੇਸ ਵਿਚ ਕਪੜੇ ਪਾਏ। ਸਿਖਣੀ ਨੂੰ ਨਾਲ ਲਿਆ ਅਰਦਾਸਾ ਸੋਧਿਆ ਤੇ ਰਵਾਨਾ ਹੋਏ।

ਕੋਈ ਡੇਢ-ਦੋ ਘੰਟਿਆ ਵਿਚ ਅਸੀਂ ਭੈ-ਹੀਣ ਧਰਤੀ ਤੇ ਪੁੱਜ ਗਏ। ਸਵੱਛ ਧਰਤੀ, ਮਾਂਜੀਆਂ ਧੋਤੀਆਂ ਸੜਕਾਂ। ਸੜਕਾਂ ਵਿਚ ਮਰਦ ਜਨਾਨੇ, ਮੱਠੇ, ਮੱਠੇ ਬੁੱਲ ਹਿਲਦੇ, ਸੇਵਾ ਕਰਦੇ ਨਜ਼ਰੀਂ ਆਏ। ਦਿਲਾਂ ਦੀਆਂ ਤੈਹਾਂ ਤੇ ਸੁੱਤੇ ਹੀ ਛਾਪਾਂ ਲੱਗਦੀਆਂ ਜਾਣ। ਮਹਾਂ ਪੁਰਸ਼ਾਂ ਤੋਂ ਸੁਣਿਆ ਕਰਦੇ ਸਾਂ, ਅਤੇ ਉਨ੍ਹਾਂ ਦੇ ਅੰਮ੍ਰਿਤਮਈ ਬਚਨਾਂ ਤੋਂ ਪਤਾ ਲੱਗਦਾ ਸੀ, ਕਿ ਏਥੇ ਉਟਾਲਾ ਦਾ ਰਿਖੀ ਸਿੰਘ ਘਰ ਬਾਹਰ ਤਿਆਗ ਬੰਦਗੀ ਕਰਨ ਹਿੱਤ ਆਸਣ ਵਛਾਣ ਲੱਗਾ ਤਾਂ ਆਵਾਜ਼ ਆਈ ਰਿਖੀਆ! ਇੱਥੇ ਕਈ ਜੁੱਗ ਤੱਕ ਫਲਾਂ ਰਿਸ਼ੀ ਤੱਪ ਕੀਤਾ ਸੀ, ਅੱਗੇ ਹੋ ਜਾ। ਰਿਖੀ ਸਿੰਘ ਅੱਗੇ ਹੋ ਬੈਠਣ ਲੱਗਾ ਤਾਂ ਆਵਾਜ਼ਾਂ ਹੋਇਆਂ, ਗੁਰੂ ਕੇ ਲਾਲਾ! ਇੱਥੇ ਫਲਾਂ ਰਿਸ਼ੀ ਸਿਮਰਨ ਕਰਦਾ ਹੁੰਦਾ ਸੀ ਹੋਰ ਅੱਗੇ ਹੋ ਜਾ, ਤੀਸਰੇ ਥਾਵੇਂ ਵੀ ਇਹੋ ਆਵਾਜ਼ ਗੂੰਜੀ। ਪ੍ਰੇਮੀਆ! ਦੂਰ ਜਾ ਡੇਰਾ ਕਰ।

ਅਸੀਂ ਕਾਰ ਖੜੀ ਕਰ ਹਰਿਮੰਦਰ ਸਾਹਿਬ ਅੰਦਰ ਪ੍ਰਵੇਸ਼ ਕੀਤਾ। ਸਤਿਗੁਰੂ ਜੀ ਦੇ ਦਰਸ਼ਨ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਰੀਕਾਰਡ ਕੀਤੇ ਉਪਦੇਸ਼ ਹੰਸਲੇ ਤੇ ਹੰਸਣੀਆਂ ਮੋਤੀ ਚੁੱਗਦੇ ਡਿੱਠੇ ਅੰਦਰ ਠੰਡ ਪੈ ਗਈ। ਨਾਮ ਸਿਮਰਨ ਉਪਰੰਤ ਕੀਰਤਨੀ ਸਿੰਘਾਂ ਵੱਲੋਂ ਰਸ ਭਰਿਆ ਕੀਰਤਨ:-

**ਮਹਿਮਾ ਸਾਧੂ ਸੰਗਦੀ, ਸੁਣਿਓ ਮੇਰੇ ਮੀਤਾ**

ਨੇ ਵਜਦ ਵਿਚ ਲੈ ਆਂਦਾ। ਠੀਕ ਇਹ ਸਥਾਨ ਉਹ ਸੀ, ਜਿਸਦੀ ਮਹਿਮਾ ਰੱਬੀ ਬਾਣੀ ਵਿਚ ਗਾਈ ਗਈ ਏ।

Sri Satguru Jagjit Singh Ji eLibrary NamdhariElibrary@gmail.com

**ਬੇਗਮ ਪੁਰਾ ਸਹਰ ਸਹਰ ਕਾ ਨਾਉਂ**
**ਦੂਖ ਅੰਦੋਹ ਨਹੀਂ ਤਿਹਿ ਠਾਉ**
**ਨ ਤਸਵੀਸ ਖਿਰਾਜੁ ਨ ਮਾਲੁ।**
**ਖਉਫੁ ਨ ਖਤਾ ਨ ਤਰਮੁ ਜਵਾਲੁ। (ਰਵਿਦਾਸ: ੩੪੫)**

ਹਰਿਮੰਦਰੋਂ ਉੱਠ ਕੇ ਗੁਰੂ ਕੇ ਲੰਗਰੋਂ ਪ੍ਰਸ਼ਾਦ ਛੱਕਿਆ, ਨਿਰਾ ਅੰਮ੍ਰਿਤ, ਛੱਤੀ ਪਦਾਰਥ, ਪ੍ਰਸ਼ਾਦ ਛੱਕ ਕਪਾਟ ਖੁੱਲ੍ਹ ਗਏ।

ਸੰਤ ਪੂਰਨ ਸਿੰਘ ਜੀ ਦੇ ਡੇਰੇ ਗਏ। ਮਸਤਾਨਾ ਜੀ ਦੇ ਸਿਰ ਤੇ ਨਿੱਕੀਆਂ ਨਿੱਕੀਆਂ ਬੌਰੀਆਂ, ਤੇੜ ਕੇਵਲ ਕਛਹਿਰਾ, ਸ਼ਰੀਰ ਨੰਗਾ। ਸਾਨੂੰ ਵੇਖ ਕਹਿਣ ਲੱਗੇ। ਜੀਅ ਆਇਆਂ ਨੂੰ, ਜੀਅ ਆਇਆਂ ਨੂੰ, ਜੀਅ ਆਇਆਂ ਨੂੰ, ਅਸੀਂ ਸੀਸ ਝੁਕਾਇਆ, ਉਨ੍ਹਾਂ ਬਾਹਵਾਂ ਵਿਚ ਲੈ ਜੱਫੀ ਪਾ ਲਈ ਅਤੇ ਮੁੱਖੋਂ ਉਚਾਰਣ ਲੱਗੇ। ਧੰਨ ਮੇਰਾ ਸਤਿਗੁਰ, ਧੰਨ ਸਤਿਗੁਰੂ ਜਗਜੀਤ ਸਿੰਘ, ਜਿਸਦੀ ਮਹਿਮਾ ਅਪਰਾ ਪਾਰ ਵਾਹ! ਵਾਹ!! ਵਾਹ!!! ਗੁਰੂ ਵਰਗੀ ਕੋਇ. ਸ਼ਕਤੀ ਨਹੀਂ ਗੁਰੂ ਜੇਡੀ ਕੋਈ ਹਸਤੀ ਨਹੀਂ ਗੁਰੂ ਬ੍ਰਹਮਾ, ਗੁਰੂ ਸ਼ਿਵ, ਗੁਰੂ ਵਿਸ਼ਨੂੰ, ਗੁਰੂ ਜੇਹਾ ਸੰਸਾਰ ਤੇ ਕੌਣ? ਪੇ ਨ ਮਾਂ, ਭਰਾ ਨ ਭੈਣ, ਸਖਾ ਨ ਮਿੱਤਰ। ਗੁਰੂ ਸਭ ਦਾਤਾਂ ਦਾ ਮਾਲਕ ਹੀਰੇ ਜਵਾਹਰਾਤ ਮੋਤੀ ਲਾਲ ਸਭ ਗੁਰੂ ਚਰਨਾਂ ਵਿਚ, ਅਠਾਹਠ ਤੀਰਥ, ਉੱਥੇ ਜਿੱਥੇ ਪੈਰ ਧਰੇ। ਧੰਨ ਮੇਰਾ ਸਤਿਗੁਰ, ਧੰਨ ਮੇਰਾ ਸਤਿਗੁਰੂ।

ਬਚਨ ਬਿਲਾਸ ਚਲਦੇ ਰਹੇ। ਗਲੀਂ ਬਾਤੀਂ ਸੰਤਾਂ ਮੇਰਾ ਹੱਥ ਫੜਿਆ, ਰੇਖਾਂ ਨੂੰ ਤੱਕਿਆ ਤੇ ਕਿਹਾ 'ਤੈਨੂੰ ਕਦੇ ਪੀੜ ਤਾਂ ਨਹੀਂ ਹੋਈ?' 'ਨਹੀਂ ਮਹਾਰਾਜ'। ਰਾਤ ਸੰਤਾਂ ਦੇ ਡੇਰੇ ਕੱਟੀ ਸਵੇਰ ਇਸ਼ਨਾਨ ਪਾਨ ਕਰ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਿਆ ਤੇ ਚੰਡੀਗੜ੍ਹ ਮੁੜ ਆਏ। ਇਹ 1965 ਦੀ ਗੱਲ ਏ।

ਥੋੜ੍ਹੇ ਦਿਨ ਬੀਤੇ ਤਾਂ ਸੱਜੀ ਲੱਗ ਵਿਚ ਪੀੜ ਹੋਈ। ਕੁਝ ਦਿਨ ਕੋਈ ਗੋਲੀ ਖਾਦੀ ਤੇ ਮਾਲਿਸ਼ ਕਰਾਈ, ਪਰ ਫ਼ਰਕ ਨ ਪਿਆ। ਹੌਲੀ ਹੌਲੀ ਪੀੜ ਵੱਧਦੀ ਗਈ, ਆਖ਼ਰ ਉੱਠਣ ਬੈਠਣੋਂ ਰਹਿ ਗਿਆ। ਹੋਰ ਭੱਜ ਦੌੜ ਕੀਤੀ, ਪਟਿਆਲੇ, ਚੰਡੀਗੜ੍ਹ ਦੇ ਮੰਨੇ ਪ੍ਰਮੰਨੇ ਵੈਦ ਜਾਂ ਡਾਕਟਰਾਂ ਦੀ ਸਲਾਹ, ਵੈਦਕ, ਹੋਮੋਪੈਥੀ, ਐਲੋਪੈਥੀ ਦੀਆਂ ਗੋਲੀਆਂ ਟੀਕੇ, ਕੈਪਸੂਲ, ਪਰ ਮਰਜ਼ ਬੜਤਾ ਗਿਆ, ਜੂੰ ਜੂੰ ਦਵਾ ਕੀ ਪਿੰਜਰ ਨਿਕਲ ਆਇਆ ਹਾਰ ਕੇ ਯਾਰ੍ਹਾਂ ਮਹੀਨਿਆਂ ਦੀ ਖੱਜਲ ਖੁਆਰੀ ਪਿੱਛੋਂ ਪੀ.ਜੀ.ਆਈ. ਵਿਚ ਦਾਖ਼ਲ ਹੋ ਗਿਆ। ਇਹ ਐਮਰਜੈਂਸੀ ਵਾਰਡ ਸੀ।

ਇੱਥੋਂ ਦਾ ਨਕਸ਼ਾ ਭਿਆਨਕ ਸੀ। ਕਿਸੇ ਨੂੰ ਗੁਲੂਕੋਸ ਲੱਗ ਰਿਹਾ ਸੀ, ਕਿਸੇ ਦੇ ਅਪ੍ਰੇਸ਼ਨ ਦੀ ਤਿਆਰੀ ਹੋ ਰਹੀ ਸੀ ਕਿਸੇ ਪਾਸਿਉਂ ਹਾਏ, ਹਾਏ ਤੇ ਚੀਕਾਂ ਸੁਣਾਈ ਦੇ ਰਹੀਆਂ ਸਨ। ਡਾਕਟਰ ਅਤੇ ਨਰਸਾਂ ਜਮ ਵਖਾਈ ਦੇਂਦੇ ਸਨ।

ਇਹ ਵੇਖ ਦਿਲ ਦਹਿਲ ਗਿਆ ਤੇ ਨਿਰਾਸ਼ਾ ਦੇ ਬੱਦਲਾਂ ਘੇਰ ਲਿਆ, ਅੱਖਾਂ ਅੱਗੇ ਹਨ੍ਹੇਰਾ, ਹਨ੍ਹੇਰਾ ਦਿੱਸਣ ਲੱਗਾ, 'ਭਲਿਆ ਪੁਰਸ਼ਾ! ਬਾਣੀ ਦਾ ਕਥਨ ਹੈ:-

**ਵੈਦਾ ਸੰਦਾ ਸੰਗ ਇਕੱਠਾ ਹੋਇਆ**
**ਅਉਖਦ ਆਏ ਰਾਸਿ ਬਿਚਿ ਆਪ ਖਲੋਇਆ।** (ਮਹਲਾ ੫-੧੩੬੩)

ਨਿਰੀ ਦਵਾਈ ਕੀ ਕਰੇ, ਜਦ ਤੱਕ ਮਾਲਕ ਦੀ ਰਹਿਮਤ ਨ ਹੋਵੇ। ਵਾਰਡ ਵਿਚ ਬੈਠਿਆਂ ਸ੍ਰੀ ਭੈਣੀ ਸਾਹਿਬ ਯਾਦ ਆਇਆ। 'ਫੇਰ ਵੀ ਚੰਗਾ ਹੋਇਆ ਗੁਰੂ ਘਰ ਯਾਦ ਆਇਆ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ।'

**ਜਾ ਕਉ ਚਿੰਤਾ ਬਹੁਤ ਬਹੁਤ ਦੇਹੀ ਵਿਆਪੈ ਰੋਗੁ।**
**ਗ੍ਰਿਸਤਿ ਕੁਟੰਬ ਪਲੇਟਿਆ ਕਦੇ ਹਰਖੁ ਕਦੇ ਸੋਗੁ।**
**ਗਉਣ ਕਰੇ ਚਹੁ ਕੁੰਟਕਾ ਘੜੀ ਨੇ ਬੈਸਣੁ ਸੋਇ।**
**ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁਸੀਤਲੁ ਹੋਇ।**

'ਤੁਹਾਡਾ ਮੂੰਹ ਸੁਲੱਖਣਾ! ਇਨ੍ਹਾਂ ਵਿਚਾਰਾਂ ਵਿਚ ਊਂਘ ਆ ਗਈ, ਤਾਂ ਵੈਦਾਂ ਦਾ ਵੈਦ, ਤਬੀਬਾਂ ਦਾ ਤਬੀਬ, ਡਾਕਟਰਾਂ ਦਾ ਡਾਕਟਰ, ਜਿਸ ਨੇ ਅਫਲਾਤੂ ਨੂੰ ਤਿੱਬ ਦਾ ਨੁਸਖ਼ਾ ਦੱਸਿਆ ਸੀ, ਜਿਸ ਨੇ ਧਨੰਤਰ ਨੂੰ ਔਸ਼ੁਧੀ ਦੇ ਭੰਡਾਰੇ ਬਖਸ਼ੇ ਸਨ ਆ ਦਰਸ਼ਨ ਦਿਤੇ, ਇਸੇ ਹਸਪਤਾਲ, ਇਸੇ ਕਮਰੇ, ਇਸੇ ਬਿਸਤਰ ਤੇ ਆ ਕੇ ਮੇਰੇ ਮੋਢੇ ਤੋਂ ਫੜ ਉਠਾ ਬਠਾਇਆ ਤੇ ਪੁਸ਼ਪ ਵਰਸ਼ਾ ਕਰਦਿਆਂ ਬਚਨ ਕੀਤਾ - 'ਕਿਰਪਾਲ! ਤੈਨੂੰ ਤਾਂ ਕੋਈ ਰੋਗ ਨਹੀਂ, ਤੂੰ ਚੰਗਾ ਭਲਾ ਏਂ।' ਬਸ ਇਤਨਾ ਕਹਿ ਕਿਸੇ ਹੋਰ ਬਿਪਤ ਗ੍ਰਸੇ ਦਾ ਕਸ਼ਟ ਨਿਵਾਰਨ ਚਲੇ ਗਏ।'

'ਵਾਹ ਭਾਈ ਵਾਹ! ਤੂੰ ਤਾਂ ਵੱਡਭਾਗਾ ਏਂ, ਜਿਸਨੂੰ ਸਤਿਗੁਰਾਂ ਦੇ ਦਰਸ਼ਨ ਹੋ ਗਏ। ਜੇ ਸਤਿਗੁਰ ਦੇ ਦਰਸ਼ਨ ਹੋ ਜਾਣ ਫੇਰ ਓਥੇ ਰੋਗਾਂ ਸੋਗਾਂ ਦਾ ਕੀ ਕੰਮ! ਰੱਬੀ ਬਾਣੀ ਵਿਚ ਆਇਆ ਹੈ:-

**ਦਰਸਨੁ ਦੇਖਤ ਦੋਖ ਨਸੇ**
**ਕਬਹੁ ਨ ਹੋਵਹੁ ਦ੍ਰਿਸਟ ਅਗੋਚਰ**
**ਜੀਅ ਕੇ ਸੰਗ ਬਸੈ।** (ਮਹਲਾ ੫-੮੨੬)

ਅੱਗੇ ਹੋਰ ਕਿਹਾ ਹੈ:-

**ਦਰਸਨੁ ਦੇਖਿ ਨਿਹਾਲ ਨਾਨਕ ਪ੍ਰੀਤਿ ਇਹ।** (ਮਹਲਾ ੫-੯੬੧)

ਇੱਥੇ ਹੀ ਬਸ ਨਹੀਂ:-

**ਦਰਸਨੁ ਭੇਟਤ ਪਾਪ ਸਭ ਨਾਸਹਿ**
**ਹਰਿ ਸਿਉ ਦੇਇ ਮਿਲਾਈ।** (ਮਹਲਾ ੫-੯੧੫)

ਗੁਰੂ ਕਿਆ ਲਾਲਾ! ਕਲਾ ਭਟ ਮਸਤਾਨਾ ਹੋਇਆ ਜੋ ਕਹਿੰਦਾ ਏ, ਉਸ ਵਲ ਵੀ ਧਿਆਨ ਦੇ:-

**ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸ ਸਹਜਿ ਸੁਭਾਇ**
**ਦਰਸਨ ਪਰਸਿਐ ਗੁਰੂ ਕੇ ਜਨਮ ਮਰਣ ਦੁਖੁ ਜਾਇ।** (੧੩੯੨)

Sri Satguru Jagjit Singh Ji eLibrary NamdhariElibrary@gmail.com

'ਇਹ ਸੁਣ ਛਲਕਦੀਆਂ ਅੱਖਾਂ ਨਾਲ ਕਿਰਪਾਲ ਸਿੰਘ ਕਿਹਾ ਅਗਾਂਹ ਹੋਰ ਸੁਣੋ। ਦਿਨ ਚੜ੍ਹਿਆ ਤਾਂ ਦਲਜੀਤ ਕੌਰ ਨੂੰ ਕਿਹਾ, ਮੈਨੂੰ ਘਰ ਲੈ ਚਲੋ, ਮੈਂ ਹਸਪਤਾਲ ਨਹੀਂ ਰਹਿਣਾ ਕੋਲ ਬੈਠੇ ਸੋਚਾਂ ਵਿਚ ਡੁੱਬ ਗਏ, ਪਰ ਪਤਨੀ ਨੇ ਕਿਹਾ 'ਸਵਾਮੀ ਜੀ! ਕੀ ਕਹਿ ਰਹੇ ਹੋ? ਕੀ ਕਰਨ ਲੱਗੇ ਓ? ਘਰ ਜਾਕੇ ਕੀ ਕਰਾਂਗੇ, ਬੇੜੀ ਮੰਝਧਾਰ ਵਿਚ ਏ।'

'ਮੈਂ ਨਹੀਂ ਰਹਿਣਾ। ਮੈਂ ਕੋਈ ਦਵਾਈ ਨਹੀਂ ਲੈਣੀ' ਇਹ ਗੱਲ ਡਾਕਟਰਾਂ ਤੱਕ ਵੀ ਪਹੁੰਚ ਗਈ, ਉਹ ਵੀ ਆ ਗਏ ਨਰਸਾਂ ਦਾ ਜਮਘਟਾ ਬਜ ਗਿਆ। ਸਭ ਨੇ ਹਮਦਰਦੀ ਵਖਾਈ, ਤਸੱਲੀ ਦਿੱਤੀ, ਪਰ ਮੇਰਾ ਇੱਕੋ ਉੱਤਰ ਸੀ, ਮੈਂ ਨਹੀਂ ਰਹਿਣਾ, ਮੈਂ ਦਵਾਈ ਨਹੀਂ ਖਾਣੀ। ਤੁਸੀਂ ਕਾਗ਼ਜ਼ ਲਿਆਓ, ਮੈਂ ਦਸਤਖ਼ਤ ਕਰ ਦੇਂਦਾ ਹਾਂ, ਮੇਰਾ ਅੰਗੂਠਾ ਲਵਾ ਲਵੋ ਜੋ ਮਰਜ਼ੀ ਆਵੇ ਲਿਖ ਲਵੇ। ਮੈਂ ਇੱਥੇ ਨਹੀਂ ਰਹਿਣਾ। ਮੇਰੀ ਦ੍ਰਿੜ੍ਹਤਾ ਅੱਗੇ ਸਭ ਨੂੰ ਝੁਕਣਾ ਪਿਆ। ਪ੍ਰਤਾਪ ਸਿੰਘ ਨੇ ਇੱਕ ਮੋਢਿਓ ਤੇ ਮੁਹਿੰਦਰ ਸਿੰਘ ਨੇ ਦੂਜੇ ਮੋਢਿਓ ਫੜ ਸਹਾਰਾ ਦਿੱਤਾ, ਮੰਜੇ ਤੋਂ ਉਠਾਇਆ ਆਸਰਾ ਦੇ ਲਿਫਟ ਤਕ ਲਿਆਏ। ਲਿਫਟ ਤੋਂ ਨਿਕਲੇ ਬੜੀ ਮੁਸ਼ਕਲ ਨਾਲ ਗੱਡੀ ਵਿਚ ਪਾਇਆ ਤੇ ਘਰ ਪੁੱਜਾ, ਤੁਸੀਂ ਗੁਰੂ ਕੇ ਸਿੱਖ ਹੋ ਘਰ ਆ ਕੇ ਕੋਈ ਦਵਾਈ ਨਹੀਂ ਲਈ ਅੱਜ ਹੋਰ ਕੱਲ੍ਹ ਹੋਰ ਥੋੜ੍ਹੇ ਸਮੇਂ ਤਕ ਸੋਟੀ ਦੇ ਸਹਾਰੇ ਤੁਰਨ ਲੱਗਾ। ਹਫ਼ਤੇ ਖੰਡ ਪਿੱਛੋਂ ਉਹ ਵੀ ਛੱਡ ਦਿੱਤੀ ਬਸ ਪੀੜ ਪਰ ਲਾਕੇ ਉਠ ਗਈ। ਸੱਜਣਾਂ ਮਿੱਤਰਾਂ ਘਰ ਆ ਵਧਾਈਆਂ ਦਿੱਤੀਆਂ।'

'ਵਾਹ ਭਾਈ ਵਾਹ ਅਜਬ ਕਥਾ ਏ! ਅੱਜ-ਕੱਲ੍ਹ ਦੇ ਪਾੜ੍ਹਿਆਂ ਦੀ ਖੋਪਰੀ ਵਿਚ ਨਹੀਂ ਸਮਾਣੀ।'

**'ਸਮਾਵੇ ਜਾਂ ਨਾ ਸਮਾਵੇ, ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ।'**

ਲਓ ਅੱਗੇ ਸੁਣੋ, ਪੱਗ ਦੀ ਗੱਲ ਤੇ ਅਜੇ ਵਿੱਚੇ ਪਈ ਏ। ਚੰਡੀਗੜ੍ਹ ਦੇ ਟੈਗੋਰ ਓਪਨ ਥੀਏਟਰ ਵਿਚ ਸੰਗੀਤ ਦਾ ਪ੍ਰੋਗਰਾਮ ਸੀ, ਪ੍ਰਬੰਧਕਾਂ ਵੱਲੋਂ ਸੱਚੇ ਪਾਤਸ਼ਾਹ ਦੀ ਸੇਵਾ ਵਿਚ ਉਚੇਚਾ ਨਿਮੰਤਰਣ ਪੱਤਰ ਸੀ। ਉਨ੍ਹਾਂ ਉੱਥੇ ਦਰਸ਼ਨ ਦਿੱਤੇ। ਸਤਿਗੁਰੂ ਦਾ ਆਉਣਾ ਸੁਣ ਨਾਮਧਾਰੀ ਸਿੰਘ ਹੁਮ ਹੁਮਾ ਕੇ ਪੁੱਜੇ। ਸੱਚੇ ਪਾਤਸ਼ਾਹ ਜੀ ਦੇ ਨਾਲ ਸ੍ਰੀ ਠਾਕੁਰ ਦਲੀਪ ਸਿੰਘ ਸੇਵਕ ਪੂਰਬਾ ਸਿੰਘ ਜੀ ਸੰਤ ਤਰਸੇਮ ਸਿੰਘ ਤੇ ਕੁਝ ਹੋਰ ਵਿਅਕਤੀ ਸਨ। ਹਾਲ ਵਿਚ ਚਿੱਟੇ ਬਸਤਰਾਂ ਦਾ ਸਾਗਰ ਠਾਠਾਂ ਮਾਰ ਰਿਹਾ ਸੀ। ਸੰਗੀਤ ਸਮਾਗਮ ਦੀ ਸਮਾਪਤੀ ਹੋਈ। ਸੱਚੇ ਪਾਤਸ਼ਾਹ ਬਾਹਰ ਆਏ ਸਿੰਘਾਂ ਘਰੀਂ ਚਰਨ ਪਾਣ ਲਈ ਬੇਨਤੀ ਕੀਤੀ। ਮੈਂ ਵੀ ਹੱਥ ਜੋੜ ਸਾਮ੍ਹਣੇ ਜਾ ਖਲੋਤਾ। ਉਨੀਂ ਦਿਨੀਂ ਮੇਰੀ 22 ਸੈਕਟਰ ਵਿਚ ਰਹਾਇਸ਼ ਸੀ। ਬੇਨਤੀ ਸੁਣ ਮੇਹਰਾਂ ਵਿਚ ਆ ਗਏ, ਹੁਕਮ ਹੋਇਆ ਤੇਰੇ ਘਰ ਸਵੇਰੇ ਵਾਰਾ ਲੱਗੇਗਾ। ਨਿਰੇ ਚਰਨ ਨਹੀਂ ਪਾਣੇ। ਬਚਨਾ ਅੱਗੇ ਸਿਰ ਝੁਕਾਇਆ। ਘਰ ਪੁੱਜ ਵਾਰੇ ਦੇ ਪ੍ਰਬੰਧ ਲੱਗ ਗਏ। ਸੰਗਤਾਂ ਨੂੰ ਵਾਰੇ ਦੀ ਖ਼ਬਰ ਦਿੱਤੀ। ਅੰਮ੍ਰਿਤ ਵੇਲਾ ਹੋਇਆ।

Sri Satguru Jagjit Singh Ji eLibrary NamdhariElibrary@gmail.com

ਅਨੇਕਾਂ ਦਿੱਸਦੀਆਂ ਅਤੇ ਅਣਦਿੱਸਦੀਆਂ ਰੂਹਾਂ ਦੀ ਕਲਿਆਣ ਹੋਈ। ਵਾਰੇ ਉਪਰੰਤ ਭੇਟਾ ਲੈ ਹਾਜ਼ਰ ਹੋਏ ਸੀਸ ਨਿਵਾਇਆ, ਪਰ ਬਚਨ ਹੋਇਆ ਭੇਟਾ ਨਹੀਂ ਲੈਣੀ। ਤੇਰੇ ਘਰ ਚਰਨ ਪੈ ਗਏ। ਇਹ ਸ਼ਬਦ ਸੱਚੇ ਪਾਤਸ਼ਾਹ ਜੀ ਦੇ ਮੁਖਾਰਬਿੰਦ ਤੋਂ ਨਿਕਲਣੇ ਸਨ ਤਾਂ ਪੰਡਾਲ ਵਿਚ ਸੰਨਾਟਾ ਛਾ ਗਿਆ, ਸਭ ਨੇ ਕੰਨ ਚੁੱਕ ਲਏ। ਅਰਜ਼ ਕੀਤੀ, ਗ਼ਰੀਬ ਨਿਵਾਜ਼ ਗੁਨਾਹ ਦੇ ਤਾਂ ਵਘਾਂ ਦੇ ਵਘ ਹਨ, ਹੋਰ ਕਿਹੜੀ ਨਵੀਂ ਖੁਨਾਮੀ?

'ਤੇਰੀ ਦਸਤਾਰ ਸਿੱਧੀ ਨਹੀਂ ਇਹ ਠੀਕ ਕਰ'

'ਜੀ ਪੱਗ ਦੀ ਕੀ ਗੱਲ ਤੁਹਾਡਾ ਈਆ'

'ਇਹ ਸਿੱਧੀ ਦਸਤਾਰ ਤੈ ਚੰਗੀ ਨਹੀਂ ਲੱਗਦੀ?'

'ਜੀ ਲੱਗਦੀ ਕਿਉਂ ਨਹੀਂ।'

'ਫੇਰ ਕਿਉਂ ਡਰਦਾ ਏ?'

'ਜੀ ਸੰਗ ਲੱਗਦੀ ਏ।'

'ਸਿੱਧੀ ਪੱਗ ਨਾਲ ਕੋਈ ਐਸੀ ਵੈਸੀ ਹਰਕਤ ਹੋ ਜਾਵੇ ਤਾਂ ਮਖੌਲ ਉੱਡਦਾ ਏ।'

'ਫੇਰ ਤਾਂ ਸਿੱਧੀ ਪੱਗ ਚੰਗੀ ਹੋਈ ਜਿਹੜੀ ਮਾੜੇ ਕਰਮਾਂ ਤੋਂ ਬਚਾਂਦੀ ਏ।'

'ਜੀ ਅਜੇ ਮਨ ਨਹੀਂ ਮੰਨਦਾ।'

'ਜੀ ਮੈਂ ਸਿਨਮੇ ਜਾਂਦਾ ਹਾਂ, ਓਥੇ ਸਿੱਧੀ ਪੱਗ ਸ਼ੋਭਾ ਨਹੀਂ ਪਾਂਦੀ'

'ਸਿਨਮਾ ਛੱਡ ਦੇ।'

'ਜੀ ਸਿਨਮਾ ਵੀ ਨਹੀਂ ਛੁੱਟਦਾ। ਤੁਹਾਡੇ ਅੱਗੇ ਝੂਠ ਨਹੀਂ ਬੋਲਿਆ ਜਾ ਸਕਦਾ।'

'ਚਲ ਤੈਨੂੰ ਇਤਨੀ ਛੋਟ ਸਿਨਮਾ ਘਟਾ ਦੇ।'

'ਸਤਿ ਬਚਨ।'

'ਅੱਗੇ ਪਿੱਛੇ ਸਿੱਧੀ ਦਸਤਾਰ, ਜੇ ਸਿਨਮੇ ਜਾਣੋ ਨਾ ਰਹਿ ਸਕੇ ਤਾਂ ਉਸ ਘੜੀ ਟੇਢੀ ਕਰ ਲਿਆ ਕਰ ਤੈਨੂੰ ਇਤਨੀ ਛੋਟ।'

ਕੋਲੇ ਸੰਤ ਮੰਗਲ ਸਿੰਘ ਕਿਹਾ, ਕਿਰਪਾਲ! ਜਿੱਦ ਛੱਡ ਤੂੰ ਹੁਣੇ ਸੁਣਿਆ ਸੀ:-

**ਸਲਾਮੁ ਜਬਾਬਾ ਦੋਵੈ ਕਰੇ ਮੁੰਢਹਾ ਘੁਥਾ ਜਾਇ**
**ਨਾਨਕ ਦੋਵੇਂ ਕੂੜੀਆ ਥਾਇਨ ਕਾਈ ਪਾਇ।** (ਮਹਲਾ ੨-੪੭੪)

ਉਸ ਸਮੇਂ ਪਟਿਆਲੇ ਦੇ ਡਾਕਟਰ ਕਰਮ ਸਿੰਘ ਕਪੂਰ ਦੇ ਸ਼ਬਦ ਕੰਨਾਂ ਵਿਚ ਗੂੰਜਣ ਲੱਗੇ:-

**ਸਿਰ ਬਣਿਆ ਸਜਦਾ ਕਰਨ ਲਈ**
**ਆਈਆ ਕਰਨ ਦੀਦਾਰ ਅੱਖੀਆਂ**

ਹੁਣ ਮੈਂ ਸਾਰੇ ਹਥਿਆਰ ਸੁੱਟ ਦਿੱਤੇ। ਦਸਤਾਰ ਨੂੰ ਸਰਕਾਇਆ ਸੰਗਤਾਂ ਜੈਕਾਰਾ ਛੱਡ ਦਿੱਤਾ। ਭੇਟਾ ਕਬੂਲ ਹੋ ਗਈ। ਖ਼ੁਸ਼ੀਆਂ ਹੋ ਗਈਆਂ। ਉਸ ਤੋਂ ਉਪਰੰਤ ਕੋਈ ਸੰਗ ਨਹੀਂ ਰਹੀ। ਹੋਲਾ ਫੂਲ ਹੋਇਆ ਫਿਰਦਾ ਹਾਂ। ਅੰਦਰ ਖੇੜਾ ਏ, ਪਰਉਪਕਾਰ ਲਈ ਉਤਸ਼ਾਹ ਰਹਿੰਦਾ ਏ।

**ਕਿਰਪਾਲ ਸਿੰਘ**
ਨੰ: 1616, ਸੈਕਟਰ ਬੀ-44, ਚੰਡੀਗੜ੍ਹ
31-10-89

Sri Satguru Jagjit Singh Ji eLibrary NamdhariElibrary@gmail.com

# ਸਤਿਗੁਰ ਮੇਰੇ ਪਤੀ ਨੂੰ ਜਮਾਂ ਦੇ ਸੰਗਲਾਂ 'ਚ ਜਕੜੇ ਨੂੰ ਛੁਡਾਇਆ

ਅਸੀਂ ਪੌੜੀਆਂ ਤੇ ਚੜ੍ਹੀ ਜਾ ਰਹੇ ਸਾਂ। ਦਰਵਾਜ਼ੇ ਦੇ ਲਾਗੇ ਹੋਏ ਤਾਂ ਕੰਨਾਂ ਵਿਚ ਮਧੁਰ ਧੁਨੀ ਪਈ।

**ਸਤਿਗੁਰ ਮੂਰਤਿ ਕਉ ਬਲ ਜਾਓ**
**ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ**
**ਸਫਲ ਦਰਸਨ ਕਦਿ ਪਾਉ-ਰਹਾਉ**

ਬੂਹੇ ਨੂੰ ਦਸਤਕ ਦਿੱਤੀ, ਫਟ ਖੁੱਲ ਗਏ। ਸਤ ਸ੍ਰੀ ਅਕਾਲ ਬੁਲਾਈ। ਬੀਬੀ *ਬਲਕਾਰ ਦੇ ਚਿਹਰੇ ਤੇ ਮੁਸਕਣਾਂ ਖਿਲਰਨ ਲੱਗੀਆਂ। ਹੱਥ ਜੋੜ ਸਤਿ ਸ੍ਰੀ ਅਕਾਲ ਦਾ ਉੱਤਰ ਦੇਂਦਿਆਂ, ਕੁਰਸੀਆਂ ਖਿੱਚ ਬਹਿਣ ਦਾ ਇਸ਼ਾਰਾ ਕੀਤਾ। ਬੀਬੀ ਰੰਗ ਵਿੱਚ ਰੰਗੀ, ਸਤਿਗੁਰ ਚਰਨਾਂ ਨਾਲ ਜੁੜੀ, ਫਰਿੱਜ ਵਿਚ ਹੱਥ ਮਾਰ ਅੰਗੂਰ, ਕੇਲੇ ਸੰਤਰੇ ਲਿਆ ਰੱਖੇ ਤੇ ਦੂਜੀ ਥਾਲੀ ਵਿਚ ਪਿਸਤਾ, ਬਦਾਮਾਂ ਦੀਆਂ ਰਿਰੀਆਂ, ਸੌਂਗੀ। ਸੁਰਤ ਗੁਰ ਚਰਨਾਂ ਨਾਲ ਜੁੜੀ, ਕਮਰੇ ਨੂੰ ਮਿਠਾਸ ਨਾਲ ਲਬਾ ਲਬ ਕਰੀ ਜਾਵੇ:-

**ਅਨਾਥਾਂ ਕਉ ਨਾਥ ਸਰਬ ਪ੍ਰਤਿ ਪਾਲਕ ਭਗਤਿ ਵਛਲ ਹਰਿ ਨਾਉ।**
**ਜਾ ਕਉ ਨਾ ਰਾਖੈ ਪ੍ਰਾਣੀ ਤਿਸੁ ਤੂ ਦੇਇ ਅਸਰਾਉ।**
**ਨਿਧਰਿਆ ਥਰ ਨਿਗਤਿਆ ਗਤਿ ਨਿਥਾਵਿਆ ਤੂ ਥਾਓ**
**ਦਹ ਦਿਸ ਜਾਉ ਤਹਾਂ ਤੂੰ ਸੰਗੇ ਤੇਰੀ ਕੀਰਤ ਕਰਮ ਕਮਾਉ**
(ਮਹਲਾ ੫-੧੨੦੨)

ਬੀਬੀ! ਧੰਨ ਭਾਗ ਜਿਹੜੀ ਸਤਿਗੁਰ ਯਾਦ ਵਿਚ ਗਵਾਚੀ ਫਿਰਦੀ ਏਂ। ਤੇਰਾ ਧੰਨ ਜਨਮ। ਧੰਨ ਤੇਰੀ ਮਾਤਾ, ਜਿਸ ਤੈਨੂੰ ਜਨਮ ਦਿੱਤਾ।

ਮਾਸਟਰ ਜੀ! ਮੈਂ ਧੰਨ ਕਾਹਦੀ! ਮੈਂ ਪਾਪਣ, ਮੈਂ ਔਗਣਹਾਰੀ, ਨਿਕਰਮਣ, ਖਿਨ ਖਿਨ ਭੁੱਲਣਹਾਰ। ਮੈਂ ਤਾਂ ਸਤਿਗੁਰਾਂ ਦੀਆਂ ਬਖਸ਼ਿਸ਼ਾਂ ਨੂੰ ਗਿਣ ਨਹੀਂ ਸਕਦੀ। ਰਹਿਮਤ ਦੇ ਸਾਗਰ ਦੀਆਂ ਲਹਿਰਾਂ ਗਿਣੀਆਂ ਨਹੀਂ ਜਾਂਦੀਆਂ ਮੈਂ

---

* ਸੁਪਤਨੀ ਜਸਵੰਤ ਸਿੰਘ (1939) ਪਿਤਾ ਹਰਨਾਮ ਸਿੰਘ, ਮਾਤਾ ਮਾਇਆ, ਚੂਹੜ ਕਾਣਾ, ਜ਼ਿਲ੍ਹਾ ਸ਼ੇਖੂਪੁਰਾ, ਪਾਕਿਸਤਾਨ। ਹਾਲਓ ਖਲਾ ਦਿੱਲੀ।

Sri Satguru Jagjit Singh Ji eLibrary NamdhariElibrary@gmail.com

ਤਾਂ ਲੱਖ ਜਨਮ ਧਾਰਕੇ ਵੀ ਸਤਿਗੁਰ ਦੇ ਗੁਣਗਾਨ ਨਹੀਂ ਕਰ ਸਕਦੀ। ਇਨ੍ਹਾਂ ਦੀ ਮਿਹਰ ਦਾ ਤਾਂ ਬ੍ਰਹਮਾ ਵੀ ਵਰਨਣ ਕਰ ਸਕਦਾ। ਇਨ੍ਹਾਂ ਮੈਨੂੰ ਨਰਕੋਂ ਕੱਢਿਆ ਹੈ, ਭਾਂਬੜਾਂ ਤੋਂ ਚੱਕ ਫੁੱਲਾਂ ਦੀ ਸੇਜਾ ਬਖਸ਼ੀ। ਗੁਰਦੇਵ ਪਤੀ ਨੂੰ ਜਮਾਂ ਦੇ ਸੰਗਲਾਂ ਵਿਚ ਜਕੜਿਆਂ ਨੂੰ ਕੱਢ ਮੈਨੂੰ ਬਖਸ਼ਿਆ। ਮੈਂ ਕਿਹੜੀ ਜਬਾਨ ਨਾਲ ਜਸ ਕਰਾਂ। ਮੈਂ ਨਿਮਾਣੀ ਦੀਆਂ ਧੀਆਂ ਨੂੰ ਬਖਸ਼ੀਆਂ ਰੂਹਾਂ ਨਾਲ ਜੋੜਿਆ ਜਿਨ੍ਹਾਂ ਦੇ ਵਿਹੜੇ ਲਛਮੀ ਝਾੜੂ ਦੇਂਦੀ ਏ। ਰੂਹਾਨੀਅਤ ਦੇ ਸੋਮੇ ਛਲਕਦੇ ਨੇ। ਮੇਰਾ ਕਰਮ ਬੜਾ ਮਾੜਾ ਸੀ, ਸਤਿਗੁਰਾਂ ਕਟਿਆ। ਇਸ ਵੇਲੇ ਮੈਂ ਨਾਚੀਜ਼ ਦੇ ਘਰ ਕੋਈ ਥੁੜ ਨਹੀਂ, ਗ੍ਰਿਸਤੀ ਵਾਸਤੇ - ਕੁਲੀ, ਗੁਲੀ ਤੇ ਜੁਲੀ ਚਾਹੀਦੀ ਏ - ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਅੱਜ ਰਹਿਣ ਵਾਸਤੇ ਫਸਟ ਕਲਾਸ ਫਲੈਟ, ਫਲੈਟ ਹੇਠਾਂ ਵਰਕਸ਼ਾਪ, ਬੂਹੇ ਅੱਗੇ ਕਾਰ, ਆਗਿਆਕਾਰੀ ਪੁਤ, ਸਾਧ ਸੰਗਤ ਦੇ ਦਰਸ਼ਨ ਇਸ ਤੋਂ ਵੱਧ ਹੋਰ ਕੀ ਚਾਹੀਦਾ ਏ। ਮਨ ਮੂਰਖ ਤਾਂ ਰੱਜਦਾ ਨਹੀਂ।

ਮੇਰਾ ਸੰਤ *ਜਸਵੰਤ ਸਿੰਘ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ 1956 ਵਿਚ ਅਨੰਦ ਹੋਇਆ। ਨਵਾਂ ਘਰ ਮਿਲਿਆ। ਖ਼ੁਸ਼ੀ ਖ਼ੁਸ਼ੀ ਜੀਵਨ ਬਤੀਤ ਹੋਣ ਲੱਗਾ, ਪਰ ਹੋਣੀ ਬੜੀ ਬਲੀ ਏ। ਕਿਸੇ ਵੇਲੇ ਦਾ ਬੀਜਿਆ, ਅੱਗੇ ਆਇਆ। ਸੰਤਾਂ ਦਾ ਸਰੀਰ ਕੁਝ ਢਿੱਲਾ ਰਹਿਣ ਲੱਗ ਪਿਆ। ਕੋਈ ਕਹੇ ਕਿਸੇ ਤਵੀਤ ਪਵਾਏ ਨੇ, ਕਈ ਕਹਿਣ ਕਿਸੇ ਜਾਦੂ ਕੀਤਾ ਏ। ਬਿਮਾਰੀ ਕਾਰਨ ਮੇਰੇ ਨਾਲ ਵੀ ਨਫ਼ਰਤ ਹੋ ਗਈ, ਦੁੱਧ ਦੇ ਕੜਾਹੇ ਵਿਚ ਖਟਿਆਈ ਪੈ ਗਈ। ਸਾਰਾ ਦੁੱਧ ਦਾ ਚਾਟਾ ਫੁਟ ਗਿਆ। ਦਾਤਰੀ ਨੂੰ ਇੱਕ ਪਾਸੇ ਹੁੰਦੇ ਨੇ ਸੰਸਾਰ ਨੂੰ ਦੋਹੀਂ ਪਾਸੀ। ਕੋਈ ਮੈਨੂੰ ਕੋਸੇ, ਕੋਈ ਇਨ੍ਹਾਂ ਤੇ ਦੋਸ਼ ਲਾਏ, ਕੈਲਾਸ਼ ਨਗਰ ਛੱਡ ਦਿੱਤਾ ਅਤੇ ਕ੍ਰਿਸ਼ਨ ਨਗਰ ਆ ਡੇਰਾ ਲਾਇਆ। ਏਥੇ ਵੀ ਹੋਣੀ ਪਿੱਛਾ ਨ ਛੱਡਿਆ। ਭਲਾ ਥਾਂ ਬਦਲਣ ਨਾਲ ਦਿਨ ਬਦਲਦੇ ਨੇ।

ਮਾਸਟਰ ਜੀਓ! ਤੁਸੀਂ ਤਾਂ ਜਾਣਦੇ ਈਓ ਕਿ ਜੇ ਪਤੀ ਦੀ ਇਸਤ੍ਰੀ ਨਾਲ ਅਜੋੜ ਹੋਵੇ ਤਾਂ ਉਸ ਗ਼ਰੀਬਣੀ ਨਾਲ ਕਿਵੇਂ ਬੀਤਦੀ ਏ। ਉਸ ਦਾ ਜੀਵਨ ਸੂਲਾਂ ਦੀ ਸੇਜਾ। ਉਹ ਇਉਂ ਤੜਫਦੀ ਏ, ਜਿਵੇਂ ਮੱਛੀ ਬਿਨ ਪਾਣੀ, ਚਕੋਰ ਬਿਨਾ ਚੰਨ, ਚਕਵੀ ਬਿਨਾ ਸੂਰਜ, ਕਵਲ ਬਿਨਾ ਜਲ, ਮਾਂ ਬਿਨਾ ਪੁੱਤ, ਗਊ ਬਿਨਾ ਵੱਛਾ। ਮੇਰਾ ਪਤੀ ਤਾਂ ਕਿਤੇ ਬਸਰੇ ਨਹੀਂ ਗਿਆ ਸੀ ਉਹ ਤਾਂ ਰਹਿੰਦਾ ਵੀ ਦਿੱਲੀ ਸੀ, ਮੇਰੇ ਨਾਲ ਅੱਖ ਤੱਕ ਨ ਮਲਾਂਦਾ, ਸਦਾ ਬੱਚਿਆਂ ਤੋਂ ਦੂਰ ਮਨ ਸਦਾ ਪਾਰੇ ਵਾਂਗੂ ਕਦੀ ਏਧਰ, ਕਦੀ ਉਧਰ ਡੋਲੇ ਖਾਵੇ। ਸ੍ਰੀ ਗੁਰੂ ਨਾਨਕ ਦੇਵ ਜੀ ਬਿਰਹਣੀ ਦਾ ਨਕਸ਼ਾ ਖਿੱਚਿਆ ਏ।

---

* ਜਸਵੰਤ ਸਿੰਘ (1936) ਸਪੁੱਤਰ ਬਿਹਾਰੀ ਲਾਲ, ਮਾਤਾ ਰਖ, ਜਨਮ ਅਸਥਾਨ ਗੁਜਰਾਂਵਾਲਾ, ਪਾਕਿਸਤਾਨ। ਹਾਲਓ ਖਲਾ, ਦਿੱਲੀ।

Sri Satguru Jagjit Singh Ji eLibrary NamdhariElibrary@gmail.com

**ਪਿਰ ਘਰਿ ਨਹੀਂ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਇ**
**ਸੇਜ ਇਕੇਲ ਖਰੀ ਦੁਹੇਲੀ ਮਰਣੁ ਭਇਆ ਦੁਖ ਮਾਏ।** (੧੧੦੮)

ਗੁਰੂ ਅਰਜਨ ਦੇਵ ਜੀ ਏਵੇਂ ਦਾ ਕੁਝ ਕਿਹਾ ਹੈ।

**ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖ ਟੇਰੀਉ**
**ਨੀਦ ਪਲਿਕ ਨਹੀਂ ਜਾਗਿਉ।**
**ਹਾਰ ਕਜ਼ਰ ਬਸਤਰ ਅਨਿਕ ਸੀਗਾਰ**
**ਬਿਨ ਪਿਰ ਸਭੈ ਬਿਖੁ ਲਾਗਿਓ।** (੧੨੦੪)

ਮੇਰੇ ਵਾਸਤੇ ਹਾਰ ਸ਼ਿੰਗਾਰ ਦੀ ਤਾਂ ਗੱਲ ਕਾਹਦੀ, ਸਿਰ ਖੁਰਣ ਦੀ ਵਿਹਲ ਨਹੀਂ ਸੀ। ਮੈਨੂੰ ਯਾਦ ਆਉਂਦਾ ਏ, ਮੇਰੇ ਪਿਤਾ ਜੀ ਬਾਬਾ ਜੰਗ ਸਿੰਘ ਜੀ ਦੇ ਇਹ ਸ਼ਬਦ ਗੁਣਗਣਾਇਆ ਕਰਦੇ ਸਨ।

ਜਿਨ੍ਹਾਂ ਦੇ ਪਤੀ ਪਰਦੇਸੀ, ਉਨ੍ਹਾਂ ਦੇ ਕਿਲੀਆਂ ਨਾਲ ਪਰਾਂਦੇ ਸਾਕਸੈਨ ਵੀ ਅੱਖਾਂ ਫੇਰ ਗਏ। ਬੀਬੀ ਤੂੰ ਠੀਕ ਆਖਦੀ ਏ, ਜਦ ਮਾੜੇ ਦਿਨ ਆਉਂਦੇ ਹਨ ਤਾਂ ਗਲੀ ਦੇ ਕੱਖ ਕੰਡਿਆਂ ਵਾਂਗੂੰ ਪਛਦੇ ਹਨ। ਇੱਕ ਕਵੀ ਦਾ ਕਥਨ ਏ:-

**ਸਿਆਹ ਬਖਤੀ ਮੈਂ ਕਬ ਕੋਈ ਕਿਸੀ ਦਾ ਸਾਥ ਦੇਤਾ ਹੈ।**
**ਕਿ ਤਾਰੀਕੀ ਮੈਂ ਸਾਯਾ ਭੀ ਇਨਸਾਨ ਸੇ ਜੁਦਾ ਹੋਤਾ ਹੈ।**

ਝੱਲੀਆਂ ਵਾਂਗੂੰ ਕਦੇ ਕਿਸ਼ਨ ਨਗਰ, ਕਦੇ ਪੂਸਾ ਰੋਡ, ਕਦੇ ਪ੍ਰਤਾਪ ਬਾਗ ਸ੍ਰੀ ਲੀਲਾ ਵੰਤੀ ਕੋਲ।

ਜਦ ਕਦੇ ਕ੍ਰਿਸ਼ਨ ਨਗਰ ਆਉਣਾ ਤਾਂ ਬਾਪੂ ਜੀ ਭਰਾ ਸੇਵਾ ਸਿੰਘ ਦੇ ਪਿਤਾ ਬੜਾ ਹਿੱਤ ਕਰਨ। ਉਹ ਮੇਰਾ ਦੁੱਖ ਸਹਾਰ ਨ ਸਕਣ ਮੇਰਾ ਸਿਰ ਹਿੱਕ ਨਾਲ ਲਾਣ। ਅੱਖਾਂ ਭਰ ਆਖਣ-ਕੁੜੀਏ ਮੈਂ ਤੇਰੀ ਹਾਲਤ ਵੇਖ ਨਹੀਂ ਸਕਦਾ। ਤੇਰਾ ਇਹ ਘਰ ਮੈਨੂੰ ਮੜ੍ਹੀ ਲੱਗਦਾ ਏ। ਮੈਂ ਕਿਹਣਾ, ਬਾਪੂ ਜੀ ਇਹ ਨ ਆਖੋ, ਮੈਂ ਇਹ ਸ਼ਬਦ ਨਹੀਂ ਸਹਾਰ ਸਕਦੀ, ਕੋਲੋਂ ਭਰਾ ਸੇਵਾ ਸਿੰਘ ਕਿਹਣਾ ਬਾਪੂ ਜੀ ਤੁਸੀਂ ਅਰਦਾਸ ਕਰੋ ਤੁਹਾਡੀ ਸਤਿਗੁਰ ਸੁਣਦੇ ਨੇ। ਬਾਪੂ ਜੀ ਕਿਹਣਾਂ ਮੈਂ ਤੈਥੋਂ ਪੁੱਛਕੇ ਕਰਨੀ ਏ। ਮੈਂ ਕਈ ਅਰਦਾਸਾਂ ਕਰ ਚੁੱਕਾ ਹਾਂ। ਕੁੜੀਏ ਤੂੰ ਭਰੋਸਾ ਰੱਖੀ ਤੈਨੂੰ ਬੜੇ ਸੁੱਖ ਹੋਣਗੇ। ਤੂੰ ਸਤਿਗੁਰ ਤੇ ਡੋਰੀ ਰੱਖੀਂ। ਕਾਸ਼! ਬਾਪੂ ਜੀ ਅੱਜ ਹੁੰਦੇ ਤਾਂ ਉਨਾਂ ਦਾ ਮਨ ਖਿੜਦਾ। ਭਾਣਾ ਮੰਨ ਸਮੇਂ ਨਾਲ ਰਿੜਦੀ ਗਈ। ਨਿਤਨੇਮ ਕਰਦੀ, ਬਾਣੀ ਵੀ ਪੜ੍ਹਦੀ, ਪਰ ਮਨ ਨੂੰ ਧੁੜਕੂ ਲੱਗਾ ਰਹੇ।

ਬੀਬੀ! ਫੇਰ ਵੀ ਤੇਰੇ ਭਾਗ ਚੰਗੇ ਜਿਸ ਨੂੰ ਔਖ ਵੇਲੇ ਸਤਿਗੁਰੂ ਚਿੱਤ ਆਵੇ, ਜੇ ਸਤਿਗੁਰ ਦਾ ਹੱਥ ਅੰਦਰ ਹੋਵੇ ਤਾਂ ਸਾਰੀਆਂ ਮੁਸ਼ਕਲਾਂ ਹਲ ਹੋ ਜਾਂਦੀਆਂ। ਕਾਲੇ ਬੱਦਲ ਉੱਡ ਜਾਂਦੇ ਨੇ, ਚਾਨਣ ਹੋਣ ਦੀ ਆਸ ਲੱਗ ਪੈਂਦੀ ਏ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਏ:-

Sri Satguru Jagjit Singh Ji eLibrary NamdhariElibrary@gmail.com

**ਜਾ ਕਉ ਚਿੰਤਾ ਬਹੁਤ ਬਹੁਤ ਦੇਹੀ ਵਿਆਪੇ ਰੋਗ।**
**ਗ੍ਰਿਸਤ ਕੁਟੰਬ ਪਲੇਟਿਆ ਕਦੇ ਹਰਖ ਕਦੇ ਸੋਗ।**
**ਗਉਣ ਨਰੇ ਚਹੁ ਕੁੰਟ ਕਾ ਘੜੀ ਨ ਬੈਸਣ ਸੋਇ।**
**ਚਿਤਿ ਆਵੈ ਉਸ ਪਾਰਬ੍ਰਹਮ ਤਨ ਮਨ ਸੀਤਲ ਹੋਇ।**

ਇੱਕ ਵੇਰ ਮਹਾਰਾਜ ਬੀਰ ਸਿੰਘ ਜੀ ਘਰ ਚਰਨ ਪਾਏ। ਮੈਂ ਸਾਰਾ ਹਾਲ ਸੁਣਾਇਆ। ਮਹਾਰਾਜ ਜੀ ਦਾ ਵੀ ਦਿਲ ਭਰ ਆਇਆ ਅਤੇ ਆਖਿਆ ਬੀਬੀ ਮਾਲਾ ਫੇਰੀ ਜਾਂ ਮਾਲਾ ਈ ਸਾਰੇ ਦੁੱਖਾਂ ਦਾ ਇਲਾਜ਼ ਏ। ਮਹਾਰਾਜ ਜੀ ਸ੍ਰੀ ਭੈਣੀ ਸਾਹਿਬ ਗਏ ਤਾਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਜ ਕੀਤੀ। ਕੁਝ ਸਮੇਂ ਉਪਰੰਤ ਸੱਚੇ ਪਾਤਸ਼ਾਹ ਦਿੱਲੀ ਚਰਨ ਪਾਏ। ਮੈਂ ਦੁੱਖਾਂ ਦੀ ਮਾਰੀ ਪੂਸਾ ਰੋਡ ਪੁੱਜੀ। ਜਾ ਚਰਨ ਫੜੇ। ਅੱਖਾਂ ਵਿੱਚੋਂ ਛਮ ਛਮ ਅੱਥਰੂ ਵਹਿ ਤੁਰੇ। ਅਰਜ਼ ਕੀਤੀ, ਗ਼ਰੀਬ ਨਿਵਾਜ਼ ਤੁਸੀਂ ਮੇਰੇ ਮਾਤਾ, ਤੁਸੀਂ ਮੇਰੇ ਪਿਤਾ, ਤੁਸੀਂ ਮੇਰੇ ਪਤੀ, ਤੁਸੀਂ ਮੇਰੇ ਸਾਕ-ਸੰਬੰਧੀ ਇਸ ਵੇਲੇ ਮੇਰਾ ਕੋਈ ਆਸਰਾ ਨਹੀਂ। ਸੱਚੇ ਪਾਤਸ਼ਾਹ ਧੀਰਜ ਦੇਂਦਿਆਂ ਕਿਹਾ, ਬੀਬੀ ਵੇਖ ਦੁਨਿਆਵੀ ਪਤੀ ਬਿਨਾਂ ਇਸਤਰੀ ਦਾ ਗੁਜ਼ਾਰਾ ਨਹੀਂ। 'ਫੇਰ ਮੇਰਾ ਪਤੀ ਮੇਰੀ ਝੋਲੀ ਪਾਓ।'

'ਤੇਰਾ ਪਤੀ ਤੈਨੂੰ ਦਿੱਤਾ'

'ਸੱਚੇ ਪਾਤਸ਼ਾਹ ਜੀ! ਅੱਜ ਈ ਕਿਰਪਾ ਹੋਵੇ।'

ਅਜੇ ਨਹੀਂ ਕੁਝ ਸਮਾਂ ਲੱਗੇਗਾ, ਤੂੰ ਨਹੀਂ ਜਾਣਦੀ ਕਿ ਜੱਦ ਮੈਂ ਦੀਵਾਨ ਵਿਚ ਆਉਂਦਿਆਂ ਵੇਖਦਾ ਹਾਂ, ਤਾਂ ਮੇਰਾ ਸੇਰ ਖ਼ੂਨ ਵੱਧ ਜਾਂਦਾ ਏ। ਉਸ ਵੇਲੇ ਮੇਰੇ ਕੋਲ ਕੈਮਰਾ ਨਹੀਂ ਹੁੰਦਾ ਤਾਂ ਮੈਂ ਫ਼ੋਟੋ ਖਿੱਚ ਲਵਾਂ।' ਮੈਂ ਖ਼ੁਸ਼ੀਆਂ ਲੈ ਮੁੜੀ।

ਕੁਝ ਸਮੇਂ ਪਿੱਛੋਂ ਕ੍ਰਿਸ਼ਨ ਨਗਰ ਭਰਾ ਸੇਵਾ ਸਿੰਘ ਦੇ ਘਰ ਵਾਰਾ ਸੀ। ਸੱਚੇ ਪਾਤਸ਼ਾਹ ਬਚਨ ਕੀਤਾ ਉੱਥੇ ਆਓ, ਮੈਂ ਤਾਂ ਬੱਚਿਆਂ ਨੂੰ ਲੈ ਦੋ ਵਜੇ ਈ ਪੁੱਜ ਗਈ। ਵਾਰ ਦਾ ਬੜਾ ਅਨੰਦ ਆਇਆ। ਭੋਗ ਪਿਆ। ਸੰਗਤਾਂ ਜਲ ਪ੍ਰਸ਼ਾਦ ਛੱਕਿਆ ਤੇ ਘਰੋ ਘਰੀ। ਇਤਨੇ ਨੂੰ ਮੇਰੇ ਸੰਗ ਵੀ ਆ ਗਏ। ਮੱਥਾ ਟੇਕਿਆ। ਸੱਚੇ ਪਾਤਸ਼ਾਹ ਬਚਨ ਕੀਤਾ ਜਸਵੰਤ! ਲਿਆ ਚਾਬੀ ਦਰਵਾਜ਼ਾ ਖੋਲ੍ਹ ਤੇਰ ਘਰ ਚਰਨ ਪਾਣੇ ਨੇ। ਅੱਗੋਂ ਇਨ੍ਹਾਂ ਦਾ ਉੱਤਰ ਸੀ, ਜੀ ਚਾਬੀ ਵੱਡੇ ਭਰਾ ਕੋਲ ਏ। ਸੱਚੇ ਪਾਤਸ਼ਾਹ ਮੁਸਕਰਾਂਦਿਆਂ ਕਿਹਾ, ਲਓ! ਅੱਜ ਵੀ ਬੇਇਮਾਨੀ ਕਰ ਗਿਆ ਏ ਮੁੜ ਪੁੱਛਿਆ, ਤੇਰੀ ਕਾਰ ਕਿਥੇ ਹੈ। ਸੰਤ ਤਾਂ ਕੁਝ ਨ ਬੋਲੇ, ਪਰ ਕੋਲੋਂ ਰਾਮ ਰਤਨ ਸਿੰਘ ਸਕੂਟਰ ਵੱਲ ਇਸ਼ਾਰਾ ਕਰਦਿਆਂ ਕਿਹਾ, 'ਜੀ ਇਹੋ ਇਨ੍ਹਾਂ ਦੀ ਕਾਰ ਏ। ਇਸੇ ਤੇ ਸਾਰਾ ਟੱਬਰ ਬਹਿ ਜਾਵੇਗਾ, ਕੋਈ ਪਿੱਛੇ, ਕੋਈ ਅੱਗੇ, ਕੋਈ ਮੋਢਿਆਂ ਤੇ। 'ਸੱਚੇ ਪਾਤਸ਼ਾਹ ਕਿਹਾ, 'ਮੈਂ ਤੇਰੇ ਨਾਲ ਗੱਲ ਨਹੀਂ ਕਰਦਾ, ਮੈਂ ਇਸ ਦੇ ਬੱਚਿਆਂ ਵਾਸਤੇ ਕਾਰ ਦੀ ਗੱਲ਼ ਕਰ ਰਿਹਾ ਹਾਂ।' ਰਾਮ ਰਤਨ ਵੀ ਭੋਲਾ ਸੀ। ਉਹ ਸਤਿਗੁਰ ਨੂੰ

Sri Satguru Jagjit Singh Ji eLibrary NamdhariElibrary@gmail.com

ਕੀ ਸਮਝੇ। ਇਨ੍ਹਾਂ ਨੂੰ ਤਾਂ ਵੱਡੇ ਵੱਡੇ ਵਿਦਵਾਨ ਨਹੀਂ ਸਮਝ ਸਕਦੇ। ਇੱਕ ਉਰਦੂ ਕਵੀ ਦਾ ਕਥਨ ਹੈ:-

**ਪੜੇ ਭਟਕਤੇ ਹੈ, ਲਾਖੋ ਦਾਨਾਂ, ਕਰੋੜੋਂ ਪੰਡਿਤ ਹਜਾਰੇ ਸਿਆਨੇ।**
**ਪਰ ਜੋ ਦੇਖਾ ਯਾਰ ਆਖਰ, ਖ਼ੁਦਾ ਕੀ ਬਾਤੇ ਖ਼ੁਦਾ ਹੀ ਜਾਨੇ।**

ਬੀਬੀ! ਇਹ ਖ਼ੁਦਾ ਏ ਖ਼ੁਦਾ। ਇਹ ਉਹ ਖ਼ੁਦਾ ਏ, ਜਿਸਨੇ ਸਮੁੰਦਰ ਤੇ ਪੁਲ ਬੱਧਾ ਸੀ, ਜਿਸ ਨੇ ਸੁਦਾਮੇ ਦੇ ਮੰਦਰ ਪਾਏ ਸਨ। ਜਿਸ ਨੇ ਨਾਮਦੇਵ ਦੀ ਛੰਨ ਬੰਨੀ ਸੀ, ਜਿਸ ਨੇ ਫੂਲ ਵੰਸ਼ੀਆਂ ਨੂੰ ਰਾਜ ਬਖਸ਼ਿਆ ਸੀ, ਜਿਸਨੇ ਨੰਗੇ ਪੈਰਾਂ ਵਾਲੇ ਨੂੰ ਕੋਠੀਆਂ ਦਾ ਮਾਲਿਕ ਬਣਾਇਆ ਸੀ, ਪੁਰਾਣੀਆਂ ਗੱਲਾਂ ਦਾ ਭੋਗ ਪਾਓ, ਇਨ੍ਹਾਂ ਦੀ ਬਖਸ਼ਿਸ਼ ਨਾਲ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਮਨੋਹਰ ਸਿੰਘ ਕਾਰਖਾਨੇ ਦਾ ਮਾਲਿਕ ਬਣਿਆ ਬੈਠਾ ਏ, ਉਸਦੇ ਭੱਠੇ ਚੱਲਦੇ ਹਨ। ਸ੍ਰੀ ਹਰਭਜਨ ਸਿੰਘ ਔਰੰਗਾਬਾਦੀਆ ਕਰੋੜਾਂ ਵਿਚ ਖੇਡਦਾ ਏ। ਅਨੇਕਾਂ ਹੋਰ ਹਨ, ਜਿਹੜੇ ਇਸ ਵੇਲੇ ਗਿਣੇ ਨਹੀਂ ਜਾਂਦੇ।

ਗੱਲਾਂ ਵਿੱਚੋਂ ਗੱਲਾਂ ਨਿਕਲ ਆਉਂਦੀਆਂ ਹਨ। ਬੀਬੀ ਦਰਿੰਦਰ ਵਰਯੋਗ ਹੋਈ। ਹੈਦਰਾਬਾਦੀਏ ਕੁਝ ਵਿਆਹ ਤੋਂ ਝਿਜਕਣ ਕਿ ਲੜਕੇ ਦਾ ਕੰਮ ਨਰਮ ਏ, ਜਰਾ ਰਿੜ ਲਵੇ, ਪਰ ਸੱਚੇ ਪਾਤਸ਼ਾਹ ਬਖਸ਼ਿਸ਼ ਕਰਦਿਆਂ ਕਿਹਾ, ਤੁਸੀਂ ਅਨੰਦ ਕਰੋ, ਅੰਨ ਪਾਣੀ ਮੇਰੇ ਜਿੰਮੇ। ਅੰਤ ਉਹ ਰਾਜ਼ੀ ਹੋ ਗਏ। ਅਨੰਦ ਵਾਸਤੇ ਸ੍ਰੀ ਭੈਣੀ ਸਾਹਿਬ ਪੁਜੇ। ਰਾਤੋਂ ਰਾਤ ਕਪੜੇ ਸੀਤੇ। ਮਾਤਾ ਜੀ ਦੁਪੱਟਿਆਂ ਦੀ ਕਿਰਪਾ ਕੀਤੀ। ਅਸੀਂ ਛੇ ਵਜੇ ਤੋਂ ਪਹਿਲਾਂ ਈ ਹਵਨ ਲਾਗੇ ਜਾ ਆਸਣ ਜਮਾਇਆ। ਲਾਵਾਂ ਸਮੇਂ ਇਨਾਂ ਵੀ ਆ ਦਰਸ਼ਨ ਦਿੱਤੇ। ਸੱਚੇ ਪਾਤਸ਼ਾਹ ਜੀ ਬੜੀਆਂ ਖ਼ੁਸ਼ੀਆਂ ਬਖਸ਼ੀਆਂ ਅਤੇ ਆਖਿਆ ਦਿਲੀ ਅਨੰਦ ਹੁੰਦਾ ਤਾਂ ਇਸ ਕਿੱਥੇ ਆਉਣਾ ਸੀ, ਇੱਥੇ ਆ ਤਾਂ ਗਿਆ ਏ। ਹਰਵਿੰਦਰ ਸਿੰਘ ਹੰਸਪਾਲ ਵੱਲੋਂ ਵਧਾਈ ਦਾ ਟੈਲੀਫੂਨ ਗਿਆ ਤਾਂ ਮੌਜੀ ਸੱਚੇ ਪਾਤਸ਼ਾਹ ਮੋੜਵੀ ਵਧਾਈ ਦੇਂਦਿਆਂ ਕਿਹਾ ਕਿ ਇਸ ਜੋੜੀ ਦਾ ਵੀ ਨਵਾਂ ਅਨੰਦ ਕਰ ਦਿੱਤਾ ਏ। ਸ੍ਰੀ ਭੈਣੀ ਸਾਹਿਬੋਂ ਦਿੱਲੀ ਪਰਤੇ।

ਮਾਸਟਰ ਜੀ ਦੁੱਖਾਂ ਦੀ ਲੰਮੀ ਰਾਤ ਮੁੱਕਣ ਵਿਚ ਨ ਆਵੇ। ਮੁੰਡੇ ਕੁੜੀਆਂ ਦੇ ਇਮਤਿਹਾਨ ਵਰ੍ਹੇ, ਛਿਮਾਹੀ, ਮੇਰੇ ਇਮਤਿਹਾਨ ਦੀਆਂ ਮੁੜ ਮੁੜ ਤਰੀਕਾਂ। ਇਨ੍ਹਾਂ ਨੂੰ ਬੁਖਾਰ ਰਹਿਣ ਲੱਗਾ। ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਜ ਕੀਤੀ, ਉਹਨਾਂ ਹੁਕਮ ਕੀਤਾ, ਜਸਵੰਤ ਨੂੰ ਫਿਲੌਰ ਕੁਦਰਤੀ ਇਲਾਜ਼ ਵਾਲੇ ਹਸਪਤਾਲ ਵਿਚ ਲੈ ਜਾਓ। ਹੁਕਮ ਅੱਗੇ ਸਿਰ ਨਵਾਇਆ ਤੇ ਫਲੌਰ ਆ ਡੇਰਾ ਲਾਇਆ। ਡਾਕਟਰ ਬੜੀ ਹਮਦਰਦੀ ਵਖਾਈ, ਮਨੋ ਇਲਾਜ਼ ਕੀਤਾ, ਪਰ ਫ਼ਰਕ ਨਾ ਪਿਆ। ਬੀਬੀ ਰਾਣੀ! ਡਾਕਟਰਾਂ ਤਾਂ ਆਪਣੀ ਅਕਲ ਨਾਲ ਇਲਾਜ਼ ਕਰਨਾ ਏ, ਰਾਜ਼ੀ ਤਾਂ ਸਤਿਗੁਰ ਕਰਦਾ ਏ। ਬਾਣੀ ਵੀ ਦੱਸਦੀ ਏ:-

**ਵੈਦਾ ਸੰਦਾ ਸੰਗ ਇਕੱਠਾ ਹੋਇਆ**
**ਅਉਖਦ ਆਏ ਰਾਸਿ ਵਿਚਿ ਆਪਿ**
**ਖਲੋਇਆ।** (ਮਹਲਾ ੫-੧੩੬੩)

ਇੱਥੇ ਸੱਚੇ ਪਾਤਸ਼ਾਹ ਰੋਜ਼ ਦਰਸ਼ਨ ਦੇਂਦੇ, ਪਰ ਬੁਖਾਰ ਘੱਟਣ ਦੀ ਬਜਾਏ 108 ਡਿਗਰੀ ਤੱਕ ਪੁੱਜਾ। ਹੁਣ ਤਾਂ ਸਾਹ ਲੱਗੇ ਸੁੱਕਣ। ਕੁਝ ਕਾਰਨਾਂ ਕਰਕੇ ਸੱਚੇ ਪਾਤਸ਼ਾਹ ਵੀ ਦਰਸ਼ਨ ਨਾ ਦਿੱਤੇ। ਮੈਂ ਘਬਰਾ ਗਈ। ਅਸੀਂ ਸ੍ਰੀ ਭੈਣੀ ਸਾਹਿਬ ਆ ਗਏ। ਭਰਾ ਡਾਕਟਰ ਸੁਰਜੀਤ ਸਿੰਘ ਵੀ ਆ ਗਿਆ। ਪਾਤਸ਼ਾਹਾਂ ਦੇ ਦਰਸ਼ਨ ਹੋਏ। ਸਾਰਾ ਹਾਲ ਦੱਸਿਆ, ਜੀ ਬੁਖਾਰ 108 ਡਿਗਰੀ ਵੀ ਕੋਈ ਬੁਖਾਰ ਏ। ਮੈਨੂੰ ਵੀ ਕਈ ਵੇਰ 108 ਡਿਗਰੀ ਬੁਖਾਰ ਵੀ ਕੋਈ ਬੁਖਾਰ ਏ। ਮੈਨੂੰ ਵੀ ਕਈ ਵੇਰ 108 ਡਿਗਰੀ ਬੁਖਾਰ ਹੋ ਜਾਂਦਾ ਏ। ਮੈਂ ਮੁਹ ਵਸ ਅਰਦਾਸਾ ਕੀਤਾ, ਸੱਚੇ ਪਾਤਸ਼ਾਹ! ਮੇਰੇ ਸੰਤਾਂ ਦਾ ਬੁਖਾਰ ਉਤਰ ਜਾਏ ਤੇ ਮੈਨੂੰ ਬੁਖਾਰ ਚੜ ਜਾਏ ਅਰਦਾਸ ਕਰਨ ਦੀ ਦੇਰ ਸੀ। ਇਨ੍ਹਾਂ ਦਾ ਬੁਖਾਰ ਉਤਰ ਗਿਆ ਤੇ ਮੈਨੂੰ ਚੜ ਗਿਆ। ਥੋੜ੍ਹੇ ਦਿਨਾਂ ਪਿੱਛੋਂ ਮੇਰਾ ਬੁਖਾਰ ਉਤਰ ਗਿਆ ਤੇ ਇਨ੍ਹਾਂ ਨੂੰ ਮੁੜ ਚੜ ਗਿਆ। ਸ੍ਰੀ ਭੈਣੀ ਸਾਹਿਬੋਂ ਅਸੀਂ ਡੇਹਰਾਦੂਨ ਤੇ ਡੇਹਰਾਦੂਨੋਂ ਦਿੱਲੀ ਆ ਗਏ। ਏਥੇ ਆ ਕੇ ਮਿਹਰਾਂ ਹੋ ਗਈਆਂ। ਬੁਖਾਰ ਘਟਨਾ ਸ਼ੁਰੂ ਹੋ ਗਿਆ। ਰੋਜ਼ ਇੱਕ ਡਿਗਰੀ ਘੱਟੇ ਅੱਠੀ ਦਿਨੀਂ ਨਾਰਮਲ ਹੋ ਗਿਆ ਅਤੇ ਕੰਮ ਸੰਭਾਲ ਲਿਆ।

ਸਮਾਂ ਬੀਤਦਾ ਗਿਆ। ਕਰਮਾਂ ਦਾ ਗੇੜ ਇਨ੍ਹਾਂ ਨੂੰ ਮੁੜ ਕਸਰ ਹੋ ਗਈ। ਮੇਰੇ ਨਾਲ ਤਾਂ ਕੋਈ ਗੱਲ ਨ ਕਰਨ, ਪਰ ਡਾਕਟਰਾਂ ਨੂੰ ਵਖਾਂਦੇ ਫਿਰਨ, ਉਹ ਜੋ ਕਹਿਣ ਕਰੀ ਜਾਣ। ਦਵਾਈਆਂ ਖਾ ਖਾ ਅੰਦਰ ਲੂਸ ਗਿਆ। ਦਰਿਆ ਗੰਜ ਦੇ ਡਾਕਟਰ ਉ.ਪੀ. ਜੱਗੀ ਨੂੰ ਵਖਾਇਆ। ਨਿਰਨੇ ਕਾਲਜੇ 7-7 ਗੋਲੀਆਂ ਖਾਧੀਆਂ।

**ਮਰਜ਼ ਬੜਤਾ ਗਿਆ ਜੂੰ ਜੂੰ ਦਵਾ ਕੀ**

ਜੰਗਲ ਤੇ ਪਸ਼ਾਬ ਰਾਹੀਂ ਲਹੂ ਜਾਣ ਲੱਗ ਪਿਆ। ਕੁਝ ਸੱਜਣਾਂ All India Medical Institute of Science, Delhi ਵਿਚ ਦਾਖ਼ਲ ਕਰਾਣ ਲਈ ਸਲਾਹ ਦਿੱਤੀ। ਮੇਰਾ ਨੰਨਾ ਸੀ। ਮੈਂ ਕਿਹਾ ਵਖਾ ਭਾਵੇਂ ਲਵਾਂ ਉੱਥੇ ਦਾਖ਼ਲ ਨਹੀਂ ਕਰਾਣਾ। ਇੱਥੇ ਅੱਗੇ ਮੰਡੀ ਤੋਂ ਸੇਠ ਜੈਮਲ ਸਿੰਘ ਦਾ ਲੜਕਾ ਅਰਿਵਿੰਦਰ ਸਿੰਘ ਡਾਕਟਰ ਚੜ ਗਿਆ ਸੀ ਰੋਜ਼ ਕੋਈ ਨਾ ਕੋਈ ਟੁਰਿਆ ਰਹਿੰਦਾ ਏ। ਇਹ ਹਸਪਤਾਲ ਕਾਹਦੇ ਨੇ, ਜਮਰਾਜ ਦੇ ਦੇਸ਼ ਦੇ ਪੜਾਂ ਨੇ ਚੈਕ-ਅਪ ਭਾਵੇਂ ਕਰਾ ਲਿਆ, ਪਰ ਦਾਖ਼ਲ ਨਾ ਕੀਤਾ। ਮੈਂ ਕਿਹਾ ਮੇਰਾ ਫ਼ਿਕਰ ਮੇਰੇ ਸਤਿਗੁਰੂ ਨੂੰ ਏ। ਖ਼ੈਰ ਬਹੁਤਿਆਂ ਦੇ ਆਖਣ ਤੇ ਕੈਂਪ ਵਾਲੇ ਹਸਪਤਾਲ ਦਾਖ਼ਲ ਕਰਾਇਆ। ਡਾਕਟਰਾਂ ਦੀ ਰਾਏ ਸੀ, ਕਿ ਇਨ੍ਹਾਂ ਨੂੰ ਕੈਂਸਰ ਏ, ਦੂਜਾ ਕਹੇ ਟੀ.ਬੀ. ਏ, ਸੰਤਾਂ ਦੇ ਵਾਲ ਝੜ ਗਏ। ਦਾੜ੍ਹੀ ਵੀ ਜਵਾਬ ਦੇ ਗਈ, ਸਰੀਰ ਵਿੱਚੋਂ ਬੋ ਆਵੇ।

ਕੈਂਪ ਹਸਪਤਾਲ ਵਿਚ ਜਨਰਲ ਵਾਰਡ ਸੀ। ਬਿਨਾਂ ਮਰੀਜ਼ ਕੋਈ ਰਹਿ ਨਹੀਂ ਸੀ ਸਕਦਾ। ਪ੍ਰਬੰਧਕਾਂ ਨੂੰ ਕਿਹਾ ਮੈਂ ਸੰਤਾਂ ਨੂੰ ਇਕੱਲਿਆਂ ਛੱਡ ਨਹੀਂ ਸਕਦੀ। ਸੱਚੇ ਪਾਤਸ਼ਾਹ ਮੇਰਾ ਨਵਾਂ ਅਨੰਦ ਕੀਤਾ ਏ, ਮੈਂ ਇਨ੍ਹਾਂ ਕੋਲ ਈ ਰਹਾਂਗੀ। ਭੈਣ ਸੁਰਿੰਦਰ ਘਰੋਂ ਬਿਸਤਰਾ ਮੰਗਵਾਇਆ। ਤਿੰਨ ਸਟੂਲ ਜੋੜੇ ਤੇ ਬਿਸਤਰਾਂ ਵਿਛਾ ਇਨ੍ਹਾਂ ਨੂੰ ਝੋਲੀ ਵਿਚ ਪਾ ਸਾਰੀ ਸਾਰੀ ਰਾਤ ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਵਿਚ ਜੋਦੜੀ ਕਰਦਿਆਂ ਗੁਜ਼ਾਰਦੀ। ਮਾਸਟਰ ਜੀ! ਜਦ ਉਹ ਦਿਨ ਯਾਦ ਆਉਂਦੇ ਹਨ, ਤਾਂ ਅੱਖਾਂ ਅੱਗੇ ਸਰੋਂ ਫੁੱਲ ਜਾਂਦੀ ਏ। ਸਿਰ ਚਕਰਾਣ ਲੱਗਦਾ ਏ ਜ਼ਬਾਨ ਰੁਕ ਜਾਂਦੀ ਏ। ਹਾਏ ਰੱਬਾ! ਇਹ ਜੰਗਲ ਜਾਣ ਤਾਂ ਪਿੱਛਾ ਨਿਕਲ ਜਾਵੇ, ਹੱਥਾਂ ਨਾਲ ਅੰਦਰ ਧੱਕਣਾ। ਰਿਸ਼ਤੇਦਾਰ ਆਉਣ ਤਾਂ ਨੱਕ ਵਲੇਟ, ਦੂਰ ਖੜੇ ਰਹਿਣ ਤੇ ਮੂੰਹ ਨਾਲ ਮੂੰਹ ਜੋੜ ਗੱਲਾਂ ਕਰਨ, ਜਸਵੰਤ ਤਾਂ ਕੋਈ ਦਿਨਾਂ ਦਾ ਪ੍ਰਾਹੁਣਾ ਏ। ਇਕ ਦਿਨ ਡਾਕਟਰ ਚੋਪੜਾ ਨੇ ਕਹਿ ਈ ਦਿੱਤਾ, ਵੇਖ ਬੀਬੀ! ਮਰੀਜ਼ ਦੇ ਸਾਹਮਣੇ ਅਸੀਂ ਤਸੱਲੀ ਦੇਂਦੇ ਆ, ਪਰ ਤੂੰ ਇਨ੍ਹਾਂ ਪਾਸੋਂ ਜੋ ਲਿਖਾਣਾ ਈ ਲਿਖਵਾ ਲੈ। ਦੁਨੀਆਂ ਵਿਚ ਪੈਸੇ ਬਿਨਾ ਕੋਈ ਬੇਲੀ ਨਹੀਂ ਭਾਵੇਂ ਕਈ ਇੱਲਾਂ ਗਿਰਜਾਂ ਝਪੱਟਾ ਮਾਰਨ ਵਾਸਤੇ ਮੌਕਿਆਂ ਦੀ ਤਾੜ ਵਿਚ ਸਨ, ਪਰ ਮੇਰਾ ਉੱਤਰ ਸੀ, ਡਾਕਟਰ ਜੀ! ਮੈਨੂੰ ਏਹ ਨਾ ਆਖੋ ਮੈਨੂੰ ਪੈਸੇ ਦੀ ਲੋੜ ਨਹੀਂ, ਮੈਨੂੰ ਮੇਰੇ ਸੰਤ ਚਾਹੀਦੇ ਹਨ, ਇਨ੍ਹਾਂ ਨੂੰ ਕੋਈ ਖ਼ਤਰਾ ਨਹੀਂ। ਇਨ੍ਹਾਂ ਦਾ ਰਾਖਾ ਮੇਰਾ ਸਤਿਗੁਰ ਏ। ਇਹ ਕਹਿੰਦਿਆਂ ਮੇਰੇ ਅੰਦਰੋਂ ਆਪ ਮੁਹਾਰੇ ਫੁਹਾਰੇ ਵਾਂਗੂੰ ਸ਼ਬਦਾਂ ਦਾ ਵਹਿਣ ਵਹਿ ਟੁਰਨਾ।

**ਉਨ੍ਹਾਂ ਨੂੰ ਮਾਰਨ ਵਾਲਾ ਕੌਣ, ਜਿੰਨ੍ਹਾਂ ਦਾ ਸਤਿਗੁਰ ਰਾਖਾ ਏ,**
**ਜਿਨ੍ਹਾਂ ਦਾ ਸਤਿਗੁਰ ਰਾਖਾ ਏ ਜਿੰਨ੍ਹਾਂ ਦਾ ਜਗਜੀਤ ਰਾਖਾ ਏ।**
**ਉਹਨਾਂ ਨੂੰ ਮਾਰਨ ਵਾਲਾ...........?**

ਗੁਰੂ ਅਰਜਨ ਦੇਵ ਜੀ ਦੀ ਬਾਣੀ ਭਰੋਸਾ ਬੰਨਾਵੇ:-

**ਗੁਰ ਕਾ ਸਬਦ ਰਖਵਾਰੇ, ਚਉਕੀ ਚਉਗਿਰਦ ਹਮਾਰੇ।**
**ਰਾਮ ਨਾਮਿ ਮਨ ਲਾਗਾ, ਜਮ ਲਜਾਇ ਕਰ ਭਾਗਾ॥** (ਮਹਲਾ ੫-੬੨੬)

ਲੇਡੀ ਡਾਕਟਰ ਕਹੇ, "ਇਸ ਕੁੜੀ ਦੇ ਦਿਮਾਗ਼ ਦੀਆਂ ਚੂਲਾਂ ਹਿਲ ਗਈਆਂ ਹਨ, ਇਸਨੂੰ ਮਰੂਸਥਲ, ਨਖਲਸਥਾਨ ਨਜ਼ਰੀ ਆਉਂਦਾ ਏ, ਅੱਕ-ਖਖੜੀਆਂ ਅੰਬ ਵਖਾਈ ਦੇਂਦੇ ਹਨ। ਚਲੋ ਅਸੀਂ ਕਿਸੇ ਦੇ ਢਿੱਡ ਵਿਚ ਨਹੀਂ ਵੜ ਬਹਿਣਾ" ਅਸੀਂ ਪੰਦਰ੍ਹਾਂ ਦਿਨ ਕੈਂਪ ਵਾਲੇ ਹਸਪਤਾਲ ਰਹੇ, ਮੁੜ ਘਰ। ਸੱਚੇ ਪਾਤਸ਼ਾਹ ਪੂਸਾ ਰੋਡ ਦਰਸ਼ਨ ਦਿੱਤੇ। ਅਸੀਂ ਦਰਸ਼ਨਾਂ ਨੂੰ ਗਏ। ਸਤਿਗੁਰ ਦੇ ਦਰਸ਼ਨਾਂ ਠੰਡ ਪਾ ਦਿੱਤੀ ਸੱਚੇ ਪਾਤਸ਼ਾਹ ਕਿਰਪਾ ਕਰਕੇ ਆਪੇ ਕਾਰ ਦਾ ਦਰਵਾਜ਼ਾ ਖੋਲ, ਜੱਫੀ ਵਿਚ ਲੈ ਲਿਆ। ਸਾਰੀ ਬਿਮਾਰੀ ਖਿੱਚ ਲਈ ਤੇ ਮੁਖਾਰਬਿੰਦ ਤੋਂ ਬਚਨ ਕੀਤਾ। ਮਾਸਟਰ ਜੀ! ਉਸ ਦਿਨ ਸੱਚੇ ਪਾਤਸ਼ਾਹ ਦੇ ਦਰਸ਼ਨਾਂ ਵਿੱਚੋਂ ਭਗਵਾਨ ਕ੍ਰਿਸ਼ਨ ਦੇ ਦਰਸ਼ਨ ਹੋਏ ਜਿਨ੍ਹਾਂ ਅਰਜਨ ਨੂੰ ਕਿਹਾ

Sri Satguru Jagjit Singh Ji eLibrary NamdhariElibrary@gmail.com

ਸੀ, ਅਰਜਨ! ਵੇਖ ਜਮਣਾ ਮਰਨਾ ਮੇਰੇ ਵਸ, ਪੌਣ ਪਾਣੀ, ਸੂਰਜ ਚੰਨ ਸਭ ਮੇਰੇ ਹੁਕਮ ਵਿਚ, ਸਭ ਥਾਈਂ ਮੈਂ ਈ ਆਂ:-

**ਸੁਣ ਅਰਜਨ ਨਹੀਂ ਕੁਛ ਭੀ ਮੇਰੇ ਸਵਾ।**
**ਨ ਹੈ ਬੜ ਕਰ, ਮੁਝ ਸੇ ਦੂਸਰਾ।**
**ਪਰੋਇਆ ਸਭ ਕਿਛ ਮੇਰੇ ਤਾਰ ਮੇ।**
**ਕਿ ਹੀਰੇ ਹੋ ਜੈਸੇ ਕਿਸੀ ਹਾਰ ਮੇ।**

ਬੀਬੀ ਇਸ ਤੋਂ ਬੜੇ ਕੰਮ ਲੈਣੇ ਨੇ। ਦਵਾਈ ਭਾਵੇਂ ਮਹਾਰਾਜ ਜੀ ਦੀ ਕਰ ਲੈ ਜਾਂ ਕਿਸੇ ਡਾਕਟਰ ਦੀ ਇਸ ਨੂੰ ਰਾਜ਼ੀ ਮੈਂ ਕਰਨਾ ਏ। ਮੈਂ ਇਸ ਨੂੰ ਜਮਾਂ ਦੇ ਸੰਗਲਾਂ ਵਿੱਚੋਂ ਜਕੜਿਆਂ ਨੂੰ ਕੱਢ ਕੇ ਲਿਆਂਦਾ ਏ। ਤੂੰ ਇਸ ਨੂੰ ਉਖਲੇ ਲੈ ਜਾ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦਾ ਆਸਰਾ ਰਖਾ ਉਧਰ ਭਰਾ ਸੇਵਾ ਸਿੰਘ ਨੂੰ ਟੈਲੀਫੂਨ ਕਰ ਕਿਹਾ, ਕਿ ਬੀਬੀ ਬਲਕਾਰ ਨੂੰ ਉਖਲੇ ਪਹੁੰਚਾ ਦਿਓ। ਉਨ੍ਹੀਂ ਦਿਨੀਂ ਉਖਲੇ ਦਾ ਇਲਾਕਾ ਭਿਆਨਕ ਉਜਾੜ, ਦੂਰ ਦੂਰ ਤੱਕ ਕੋਈ ਕੁਲੀ ਨਜ਼ਰ ਨਹੀਂ ਸੀ ਆਉਂਦੀ। ਪਰ ਸਤਿਗੁਰ ਦੇ ਬਚਨਾਂ ਅੱਗੇ ਸਿਰ ਝੁਕਾ ਦਿੱਤਾ।

ਅਗਲੇ ਦਿਨ ਭਰਾ ਸੇਵਾ ਸਿੰਘ ਮੀਂਹ ਵਰਦੇ ਵਿਚ ਈ ਮੇਰਾ ਸਾਮਾਨ ਇੱਕ ਟਰੱਕ ਵਿਚ ਰਖ ਭਿਜਦਿਆਂ ਭਿਜਾਂਦਿਆਂ ਉਖਲੇ ਛਡ ਆਇਆ ਸੰਤਾਂ ਦੇ ਸਰੀਰ ਤੇ ਸੋਜਾ ਸੀ, ਪੈਰ ਮਣ ਮਣ ਦੇ, ਪੇਟ ਤੇਲੀ ਦਾ ਕੁੱਪਾ ਪਰ ਵਾਹ ਸਤਿਗੁਰੂ ਜਗਜੀਤ ਸਿੰਘ ਜੀ ਤੈਨੂੰ ਵੇਖਣ ਵਾਲੀਆਂ ਹੋਰ ਅੱਖਾਂ ਚਾਹੀਦੀਆਂ ਹਨ। ਤੈਨੂੰ ਸਮਝਣ ਲਈ ਦੁਨਿਆਵੀ ਗਿਆਨ ਕੰਮ ਨਹੀਂ ਦੇਂਦਾ। ਭਲਾ ਬਿਮਾਰ ਤੇ ਪ੍ਰੇਮੀ ਨੂੰ ਰਾਤੀ ਨੀਂਦ ਕਿੱਥੇ ਅੱਧੀ ਰਾਤ ਹੋਈ ਤਾਂ ਸੰਤਾਂ ਕਿਹਾ, ਬਲਕਾਰ ਮੇਰੇ ਸਰੀਰ ਵਿਚ ਕੁਝ ਹੋ ਗਿਆ ਹੈ। ਉਬੜਵਾਹੇ ਉਠੀ, ਪੈਰਾਂ ਨੂੰ ਛੂਹਿਆ, ਪੈਰ ਹੌਲੇ ਹੌਲੇ, ਸੋਜਾ ਘਟਿਆ ਘਟਿਆ। ਮੁੜ ਪਿੰਡੇ ਤੇ ਹੱਥ ਮਾਰਿਆ ਉਹ ਵੀ ਨਰਮ ਧੀਰੇ ਧੀਰੇ ਸਾਰੇ ਸਰੀਰ ਤੇ ਨਵੀਂ ਰੌ ਆ ਗਈ। ਚਿਹਰਾ ਚਮਕ ਉੱਠਿਆ ਦਲਿੱਦਰ ਰਫੂ ਚੱਕਰ। ਕਿਸੇ ਮੰਗਣਾ ਨਹੀਂ ਬਿਨਾ ਦਵਾਈ ਬਿਨਾ ਟੀਕੇ ਅੱਠਾਂ ਦਿਨਾਂ ਵਿਚ 8 ਪੌਂਡ ਭਾਰ ਵਧ ਗਿਆ। ਡਾਕਟਰਾਂ ਅਮਰੀਕਾ ਤੋਂ 9000/- ਦੇ ਟੀਕੇ ਮੰਗਵਾਏ ਸਨ, ਸਭ ਧਰੇ ਦੇ ਧਰੇ ਪਏ ਹਨ। ਇਹ ਅਲਿਫ਼ ਲੈਲਾ ਦੀ ਕਹਾਣੀ ਨਹੀਂ, ਸਚਾਈ ਈ ਸਚਾਈ। ਹਡਬੀਤੀ ਏ ਤੇ ਰਹਿਮਤ ਏ ਮੇਰੇ ਦੀਨ ਦਿਆਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਮੇਰੇ ਸੰਤਾਂ ਮੁੜ ਜਵਾਨੀ ਵਿਚ ਪੈਰ ਪਾਇਆ ਕੰਮ ਧੰਦਾ ਸੰਭਾਲਿਆ ਦਿਨ ਫਿਰੇ। ਡੁੱਬੀਆਂ ਰਕਮਾਂ ਘਰ ਨੂੰ ਆਈਆਂ। ਜਿਹੜੇ ਡਾਕਟਰ ਬਿਮਾਰੀ ਨੂੰ ਲਾ ਇਲਾਜ਼ ਦੱਸਦੇ ਸਨ ਤੇ ਇਨ੍ਹਾਂ ਨੂੰ ਘੜੀ ਪਲ ਦਾ ਪ੍ਰਾਹੁਣਾ ਸਮਝਦੇ ਸਨ, ਉਨ੍ਹਾਂ ਕਾਰ ਵਿਹਾਰ ਕਰਦਿਆਂ ਵੇਖਿਆ ਤੇ ਆਖਿਆ ਬੀਬੀ ਇਹ ਡਾਕਟਰੀ ਦਵਾਈ ਦਾ ਕੰਮ ਨਹੀਂ, ਸਾਡੇ ਵੱਲੋਂ ਤੇ ਕੋਰਾ ਜਵਾਬ ਸੀ, ਇਹ ਸਭ ਤੇਰੇ ਸਤਿਗੁਰ ਦੀ ਬਖਸ਼ਿਸ਼ ਏ।

Sri Satguru Jagjit Singh Ji eLibrary NamdhariElibrary@gmail.com

ਵੇਖ ਬੀਬੀ! ਇਹ ਸਭ ਕੁਝ ਤੇਰੇ ਭਰੋਸੇ ਦਾ ਫਲ ਏ। ਭਰੋਸਾ ਓਹ ਸ਼ਕਤੀ ਏ ਜਿਸ ਨੇ ਦਮੰਤੀ ਦੇ ਮੋਏ ਪਤੀ ਨੂੰ ਮਿਲਾਇਆ ਸੀ। ਇਹ ਭਰੋਸਾ ਈ ਸੀ, ਜਿਸ ਨੇ ਸੀਤਾ ਮਾਤਾ ਨੂੰ ਰਾਵਨ ਦੀ ਕੈਦ ਵਿੱਚੋਂ ਕਢਾ ਰਾਜ ਮਹਿਲਾਂ ਵਿਚ ਮੋੜ ਲਿਆਂਦਾ ਸੀ। ਇਹ ਤੇਰੇ ਭਰੋਸੇ ਤੋਂ ਈ ਕਿ ਤੈਨੂੰ ਨਵੇਂ ਸਿਰਿਓਂ ਤੇਰੇ ਸੁਹਾਗ ਦੀ ਪ੍ਰਾਪਤੀ ਹੋਈ ਏ। ਭਰੋਸਾ ਕਹਿ ਲਵੋ ਸਿਦਕ ਕਹਿ ਲਵੋ ਇੱਕੋ ਲਾਲ ਦੇ ਨਾਉ ਇਹ ਉਹ ਫੁੱਲ ਨੇ ਜਿਹੜੇ ਕਦੇ ਨਹੀਂ ਕੁਮਲਾਂਦੇ ਇਸ ਤੇ ਸਦਾ ਬਹਾਰਾਂ, ਇਹ ਉਹ ਰੁੱਖ ਏ ਜਿਸ ਨੂੰ ਸਦਾ ਮਿੱਠੇ ਫਲ, ਇਹ ਉਹ ਗੁਲਸ਼ਨ ਏ, ਜਿੱਥੇ ਪੱਤਝੜ ਪੈਰ ਨਹੀਂ ਪਾਂਦੀ, ਸਦਾ ਲਹਿਰ ਬਹਿਰ, ਨਿੱਤ ਖੇੜਾ ਈ ਖੇੜਾ।

Sri Satguru Jagjit Singh Ji eLibrary NamdhariElibrary@gmail.com

## ਲਾਜਪਾਲ

**ਮੇਰੇ ਸਤਿਗੁਰ ਜੇਹਾ ਨਹੀਂ ਕੋਈ**
**ਦੁਨੀਆਂ ਮੈਂ ਸਾਰੀ ਵੇਖੀ ਏ।**
**ਮੇਰੇ ਸਤਿਗੁਰ ਜੇਹਾ ਨਹੀਂ ਕੋਈ**
**ਦੁਨੀਆਂ ਮੈਂ ਸਾਰੀ ਵੇਰੀ ਏ।**
**ਊਚ ਅਪਾਰ ਬੇਅੰਤ ਸੁਆਮੀ**
**ਕਉਰ ਜਾਣੈ ਗੁਣ ਤੇਰੇ।**

ਇਸ ਮਧੁਰ ਸੰਗੀਤ ਦੀ ਲੈਅ ਮੇਰੇ ਕੰਨਾਂ ਵਿਚ ਉਸ ਵੇਲੇ ਪਈ ਜਦ ਮੈਂ ਸਵੇਰ ਦੇ ਨਿਤ ਨੇਮ ਤੋਂ ਵਿਹਲਾ ਹੋ, ਸੇਠ ਪਿਆਰਾ ਸਿੰਘ ਦੇ ਸ੍ਰੀ ਭੈਣੀ ਸਾਹਿਬ ਵਾਲੇ ਚੁਬਾਰੇ ਦੇ ਦਰਵਾਜ਼ੇ ਵੱਲ ਜਾ ਰਿਹਾ ਸਾਂ। ਅੰਦਰ ਕਦਮ ਰਖਿਆ ਤਾਂ ਬੀਬੀ ਪ੍ਰਕਾਸ਼ ਕੌਰ ਮੰਜੇ ਤੇ ਲੇਟੇ ਲੇਟੇ ਨੇਤਰ ਮੂੰਧੀ ਵਾਯੂ ਮੰਡਲ ਵਿਚ ਸੁਗੰਧੀ ਦਾ ਪਸਾਰ ਕਰ ਰਹੀ ਸੀ। ਦਰਵਾਜ਼ੇ ਦਾ ਖੜਾਕ ਸੁਣ, ਬੀਬੀ ਉੱਠ ਕੇ ਬਹਿ ਗਈ ਤੇ ਮੰਜੇ ਦੇ ਲਾਗੇ ਪਈ ਕੁਰਸੀ ਤੇ ਬੈਠਣ ਦਾ ਇਸ਼ਾਰਾ ਕੀਤਾ। ਬੀਬੀ ਨੂੰ ਤੂੰ ਧੰਨ ਏਂ! ਤੇਰੇ ਸਤਿਗੁਰ ਵੀ ਧੰਨ ਏ! ਬੈਠਦਿਆਂ ਇਹ ਸ਼ਬਦ ਮੇਰੇ ਮੂੰਹੋਂ ਨਿਕਲੇ ਬੀਬੀ ਨੇ ਇੱਕ ਸੇਉ ਤੇ ਇੱਕ ਕੇਲਾ ਪੇਸ਼ ਕਰਦਿਆਂ ਪ੍ਰਸੰਨਤਾ ਪ੍ਰਗਟਾਈ ਤੇ ਮੁੜ ਉਨ੍ਹਾਂ ਪ੍ਰੇਮ ਲਹਿਰਾਂ ਵਿਚ ਗੁਆਚ ਗਈ।

ਵਾਹ ਮੇਰੇ ਗੁਰਦੇਵ! ਤੈਥੋਂ ਬਲਿਹਾਰ! ਸੱਦਕੜੇ, ਵਾਰੀ ਘੋਲੀ। ਤੇਰੀ ਉਪਮਾ ਮਹਿਮ ਫਕੀ ਵੀ ਨਹੀਂ ਕਰ ਸਕਦਾ! ਤੂੰ ਉਝਿਆਂ ਥੁੜਿਆਂ ਦਾ ਸਹਾਰਾ! ਤੂੰ ਕੱਲਰਾਂ ਵਿਚ ਕੌਲ ਪੈਦਾ ਕਰ ਦੇਵੇਂ! ਤੂੰ ਬੰਜਰਾਂ ਨੂੰ ਗੁਲਜ਼ਾਰਾਂ ਵਿਚ ਬਦਲ ਦੇਵੇਂ! ਤੂੰ ਉਜਾੜ ਬੀਆਬਾਨਾਂ ਵਿਚ ਗਹਿਮਾ ਗਹਿਮ ਕਰ ਦੇਵੇਂ ਤੇਰੀ ਮਹਿਮਾ ਨਹੀਂ ਹੋ ਸਕਦੀ।

ਬੀਬੀ! ਇਉਂ ਮਲੂਮ ਹੁੰਦਾ ਹੈ, ਤੂੰ ਅਰਸ਼ਾਂ 'ਚ ਉਡਾਰੀਆਂ ਮਾਰ ਰਹੀ ਹੈ, ਇਸ ਮਾਤ ਲੋਕ ਵਿਚ ਵਖਾਈ ਨਹੀਂ ਦੇਂਦੀ।

ਨਹੀਂ ਮਾਸਟਰ ਜੀ! ਇਹ ਕਲਪਣਾ ਨਹੀਂ ਇਹ ਤਾਂ ਸੱਚ ਹੈ। ਇਸ ਵਿਚ ਅੱਤਕਥਨੀ ਦਾ ਸਵਾਲ ਨਹੀਂ ਪੈਦਾ ਹੁੰਦਾ। ਮੈਨੂੰ ਗੱਲ ਤਾਂ ਕਰਨੀ ਆਉਂਦੀ ਨਹੀਂ ਐਵੇਂ ਅੱਲ ਪਲਲਦੀਆਂ ਹਨ।

ਬੀਬੀ! ਤੂੰ ਕਹਾਣੀ ਛਹ ਸਤਿਗੁਰ ਦੇ ਗੁਣ ਬ੍ਰਹਮਾ ਵੀ ਨਹੀਂ ਗਾ ਸਕਦਾ। ਸੁਰਸਤੀ ਵਰਨਣ ਨਹੀਂ ਕਰ ਸਕਦੀ।

ਮਸਾਟਰ ਜੀ! ਤੁਸੀਂ ਠੀਕ ਕਹਿੰਦੇ ਹੋ ਪਰ ਮੈਂ ਕਰਾਂ ਵੀ ਕੀ? ਜੇ ਮੇਰੇ ਰੋਮ ਰੋਮ ਨੂੰ ਜੀਭਾਂ ਲੱਗ ਜਾਣ ਤਾਂ ਵੀ ਸਤਿਗੁਰ ਦੇ ਉਪਕਾਰ ਨਹੀਂ ਗਿਣ ਸਕਦੀ। ਮਹਾਂ ਪੁਰਸ਼ਾਂ ਕਿਹਾ ਹੈ ਕਿ ਸੱਤਾਂ ਸਮੁੰਦਰਾਂ ਦੀ ਸਾਹੀ ਹੋਵੇ, ਸਾਰੀ ਧਰਤੀ ਕਾਗ਼ਜ਼ ਬਣ ਜਾਵੇ, ਕੁਲ ਆਲਮ ਦੀ ਬਨਸਪਤੀ ਦੀਆਂ ਕਲਮਾਂ ਘੜ ਲਈਆਂ ਜਾਣ ਪੌਣ ਗੁਣੀ ਦੀ ਚਾਲ ਵਾਲੇ ਲਿਖਾਰੀ ਹੋਣ ਤਾਂ ਵੀ ਗੁਰ ਪੀਰਾਂ ਦੇ ਪਰਉਪਕਾਰ ਲਿੱਖੇ ਨਹੀਂ ਜਾ ਸਕਦੇ।

ਬੀਬੀ ਜੋ ਤੂੰ ਕਹਿ ਰਹੀ ਹੈ ਸੋਲਾਂ ਆਨੇ ਸੱਚ।

ਲਓ ਸੁਣੋ। ਬੀਬੀ ਤੇਜਿੰਦਰ ਕੌਰ ਦਾ ਸ਼ੁਭ ਅਨੰਦ ਕਾਰਜ ਸੇਠ ਧਰਮ ਸਿੰਘ ਨਾਲ ਹੋਇਆ। ਮਾਪਿਆਂ ਬੜੀਆਂ ਖ਼ੁਸ਼ੀਆਂ ਮਨਾਈਆਂ। ਸੱਜਣਾਂ, ਮਿੱਤਰਾਂ, ਸਾਕ ਸੰਬੰਧੀਆਂ ਵਧਾਈਆਂ ਦਿੱਤੀਆਂ। ਨਵਯੁਵਤੀ ਬੜਾ ਅਨੰਦ ਪੂਰਵਕ ਜੀਵਨ ਬਿਤਾਣ ਲੱਗੇ। ਥੋੜ੍ਹਾ ਸਮਾਂ ਗੁਜ਼ਰਿਆ ਸੀ ਕਿ ਤੇਜਿੰਦਰ ਦੇ ਰੂਪ ਵਿਚ ਚਮਕ ਵੱਧਣ ਲੱਗੀ। ਉਸਦਾ ਖੇੜਿਆ ਸਾਂਭਿਆ ਨ ਜਾਵੇ। ਸਖੀਆਂ ਸਹੇਲੀਆਂ ਨੂੰ ਮੋਹਿਤ ਕਰੀ ਜਾਵੇ। ਕੁਝ ਦੇਰ ਉਪਰੰਤ ਤੇਜਿੰਦਰ ਘਰ ਲੜਕੀ ਨੇ ਜਨਮ ਲਿਆ। ਵਾਹ ਬਿਧ ਮਾਤਾ ਤੇਰਾ ਅੰਤ ਨਹੀਂ ਪਾਇਆ ਜਾ ਸਕਦਾ। ਤੇਜਿੰਦਰ ਦੇ ਪੇਕੇ ਕਰੋੜਾਂ ਵਿਚ ਖੇਡਦੇ ਹਨ ਤੇ ਸਹੁਰੇ ਘਰ ਵੀ ਮਾਇਆ ਬੁਹਾਰੀ ਫੇਰਦੀ ਏ। ਸਮਾਜ ਵਿਚ ਵੀ ਬੜਾ ਆਦਰ ਮਾਣ ਏ, ਪਰ ਕੰਨਿਆ ਰੋਗੀ। ਦਿਮਾਗ਼ ਵਿਚ ਨੁਕਸ। ਬੱਚੀ ਅਜਬ ਹਰਕਤਾਂ ਕਰੇ। ਬੱਚੀ ਦੀ ਇਹ ਦਸ਼ਾ ਵੇਖ ਤੇਜਿੰਦਰ ਦੇ ਮਨ ਦੀ ਕਲੀ ਕੁਮਲਾਣ ਲੱਗੀ। ਖ਼ੁਸ਼ੀਆਂ ਸੁਘੜਨੀਆਂ ਅਰੰਭੀਆਂ। ਖੇੜੇ ਦੀ ਥਾਏਂ ਉਦਾਸੀ ਮਲ ਲਈ ਕੁਝ ਸਮੇਂ ਉਪਰੰਤ ਦੂਜੇ ਬੱਚੇ ਦੇ ਆਸਾਰ ਪ੍ਰਗਟੇ। ਕੁਝ ਕੌਲ ਟਹਿਕੇ, ਪਰ ਵਾਹ ਕਾਦਰ ਦੀ ਕੁਦਰਤੇ ਦੂਸਰੀ ਬੱਚੀ ਸੰਸਾਰ 'ਚ ਆਈ। ਉਹ ਵੀ ਆਪਣੀ ਵੱਡੀ ਭੈਣ ਦੇ ਚਿੰਨ੍ਹਾਂ ਚਿੱਤਰਾਂ ਤੇ। ਉਸੇ ਤਰ੍ਹਾਂ ਦੀਆਂ ਹਰਕਤਾਂ, ਉਸੇ ਤਰ੍ਹਾਂ ਦੀ ਢਿਲਕਵੀ ਚਾਲ ਢਾਲ। ਮਾਪਿਆਂ ਦੇ ਦਿਲਾਂ ਨੂੰ ਰੁਗ ਭਰਿਆ ਗਿਆ। ਸਾਰੇ ਚਾਉ ਮਲ੍ਹਾਰ ਖੂਹ ਖਾਤੇ ਜਾ ਪਏ ਸੰਸਾਰੀਆਂ ਵਾਸਤੇ ਔਲਾਦ ਮਿੱਠਾ ਮੇਵਾ ਹੈ, ਜੇ ਉਹ ਸੁਘੜ ਹੋਵੇ, ਸੁੰਦਰ ਹੋਵੇ ਤੇ ਤੰਦਰੁਸਤ ਹੋਵੇ, ਮਾਪਿਆਂ ਦੇ ਘਰ ਨੂੰ ਚਾਰ ਚੰਨ ਲਾਣ ਵਾਲੀ ਹੋਵੇ, ਪਰ ਜੇ ਸੰਤਾਨ ਰੋਗੀ ਹੋਵੇ, ਜਾਂ ਕਲੰਕੀ ਹੋਵੇ, ਤਾਂ ਮਾਪਿਆਂ ਦਾ ਕਲੇਜਾ ਚੂਰ-ਚੂਰ ਹੋ ਜਾਂਦਾ ਹੈ। ਸੇਠ ਹੁਰਾਂ ਤੇਜਿੰਦਰ ਦਾ ਮੈਡੀਕਲ ਚੱਕ-ਅਪ ਕਰਾਇਆ। ਡਾਕਟਰ ਮੰਨਿਆ ਪ੍ਰਮੰਨਿਆ ਸੀ, ਉਹ ਨਤੀਜੇ ਤੇ ਪੁੱਜਾ ਕਿ ਬੱਚੇ ਤੇ ਮਾਂ ਦਾ ਖ਼ੂਨ ਮੇਲ ਨਹੀਂ ਖਾਂਦਾ ਇਸ ਵਾਸਤੇ ਬੱਚੇ ਦਾ ਅਰੋਗ ਰਹਿਣਾ ਉੱਕਾ ਹੀ ਅਸੰਭਵ ਹੈ। ਚੰਗਾ ਹੋਵੇ ਬੱਚਾ ਪੈਦਾ ਨਾ ਕੀਤਾ ਜਾਵੇ। ਇਹ ਸੁਣ ਪਰਿਵਾਰ ਦਾ ਰੰਗ ਫੱਕ ਹੋ ਗਿਆ। ਹੱਥਾਂ ਦੇ ਤੋਤੇ ਉੱਡ ਗਏ।

ਬੱਚਾ ਨਾ ਹੋਵੇ ਜਾਂ ਬੱਚਾ ਪੈਦਾ ਨ ਕੀਤਾ ਜਾਵੇ, ਇਹ ਤਾਂ ਕਿਸੇ ਯੋਗੀ ਦੀ ਅਵਸਥਾ ਹੈ। ਗ੍ਰਿਸਤੀ ਵਾਸਤੇ ਤਾਂ ਇਹ ਵਾਰਾ ਨਹੀਂ ਖਾਂਦਾ ਸਰਦਾ ਪੁਜਦਾ ਪਰਿਵਾਰ ਹੋਵੇ, ਹਰ ਪ੍ਰਕਾਰ ਦੇ ਸੁੱਖ ਸਾਧਨ ਹੋਣ, ਜੋਬਨ ਦੀਆਂ ਨਵਾਂ

Sri Satguru Jagjit Singh Ji eLibrary NamdhariElibrary@gmail.com

ਬਹਾਰਾਂ ਹੋਣ, ਮਾਹੌਲ ਵੀ ਐਸ਼ੋਇਸ਼ਰਤ ਵਾਲਾ ਹੋਵੇ, ਫੇਰ ਸੰਤਾਨ ਉੱਕਾ ਨਾ ਹੋਵੇ, ਇਹ ਬਿਲਕੁਲ ਨਾ ਮੁਮਕਿਨ ਹੈ।

ਡਾਕਟਰ ਦਾ ਇਹ ਸਰਟੀਫਿਕੇਟ ਭਾਵੇਂ ਸਾਰੇ ਪਰਿਵਾਰ ਵਾਸਤੇ ਚਿੰਤਾ ਦਾ ਬੀਮਾ ਸੀ, ਪਰ ਵਧੇਰੇ ਗ਼ਮ ਤਾਂ ਗ਼ਰੀਬਣੀ ਤੇਜਿੰਦਰ ਨੂੰ ਸੀ, ਜਿਸਨੂੰ ਆਪਣਾ ਭਵਿੱਖ ਧੁੰਦਲਾ ਵਿਖਾਈ ਦੇਣ ਲੱਗ ਪਿਆ ਸੀ ਤੇ ਉਸ ਦਾ ਸ਼ੱਕ ਹੈ ਵੀ ਸੀ ਠੀਕ। ਕਿਉਂਕਿ ਵੇਖਿਆ ਜਾਵੇ ਕਿ ਕੱਲਰੀ ਜਮਾਲ ਵਲ ਜੱਟ ਉੱਕਾ ਧਿਆਨ ਨਹੀਂ ਦਿੰਦਾ, ਜੇ ਰੱਬ ਸਬਬੀ ਕਿਸੇ ਸਮੇਂ ਖੇਤ ਵਿਚ ਨਰਮ ਫਸਲ ਹੋਵੇ ਤਾਂ ਉਹ ਉਸਨੂੰ ਵਾਹ ਸੁਟੱਦਾ ਏ, ਗਊ ਜੇ ਫੰਡਰ ਨਿਕਲੇ ਤਾਂ ਮਾਲਿਕ ਡੰਡਾ ਮਾਰ ਬਾਹਰ ਕੱਢ ਦੇਂਦਾ ਏ, ਜੇ ਬਾਗ਼ ਵਿਚ ਕੋਈ ਅਜੇਹਾ ਰੁੱਖ ਨਜ਼ਰੀਂ ਪਵੇ, ਜੇਹੜਾ ਫਲ ਨਾ ਦੇਵੇ ਜਾਂ ਫੁੱਲ ਵੀ ਨ ਲੱਗਦੇ ਹੋਣ ਤਾਂ ਮਾਲੀ ਕੁਹਾੜੀ ਲੈ ਉਸ ਦੇ ਦੁਆਲੇ ਆ ਹੁੰਦਾ ਏ। ਪਰ ਹੁਣ ਤਾਂ ਰਾਹ ਵੀ ਸਾਫ਼ ਸੀ। ਡਾਕਟਰੀ ਸਰਟੀਫਿਕੇਟ ਵਿਚਾਰੀ ਤੇਜਿੰਦਰ ਵਾਸਤੇ ਰਾਹੂ ਕੇਤੂ ਸੀ ਜਿਹੜੇ ਚੰਨ ਸੂਰਜ ਨੂੰ ਢੱਕ ਦੇਂਦੇ ਹਨ, ਕਈ ਮਨ ਚਲੇ ਤਾਂ ਇਕ ਪਤਨੀ ਦੇ ਹੁੰਦਿਆਂ ਵੀ ਨਵਾਂ ਡੋਲਾ ਲੈ ਆਉਂਦੇ ਹਨ, ਪਰ ਹੁਣ ਤਾਂ ਰਾਹ ਵੀ ਸਾਫ਼ ਸੀ। ਭਾਵੇਂ ਸੇਠ ਧਰਮ ਸਿੰਘ ਜਾਂ ਉਨ੍ਹਾਂ ਦੇ ਮਾਤਾ-ਪਿਤਾ ਦੇ ਮਨਾਂ ਵਿਚ ਚੰਗਾ ਮਾੜਾ ਖ਼ਿਆਲ ਨਾ ਆਇਆ ਪਰ ਤੇਜਿੰਦਰ ਦੇ ਮਨ ਗ਼ਮ ਧੁਣ ਵਾਂਗੂੰ ਖਾਣ ਲੱਗ ਪਿਆ।

ਡਾਕਟਰ ਦੇ ਕਥਨ ਉਪਰੰਤ ਮਾਂ-ਪਿਉ, ਭੈਣ-ਭਰਾ ਕੀ ਕਰ ਸਕਦੇ ਹਨ। ਹੁਣ ਤੇਜਿੰਦਰ ਦਾ ਮਨ ਗੁਰ ਚਰਨਾਂ ਵੱਲ ਦੌੜਿਆ। ਇਹ ਵੀ ਚੰਗਾ ਹੋਇਆ ਨਹੀਂ ਤਾਂ ਗਰਜ਼ਮੰਦ ਗ੍ਰਿਸਤੀ ਹੋਰ ਟੂਣਿਆਂ ਟੰਗਰਾਂ ਵਿਚ ਫਸ ਜਾਂਦੇ ਹਨ ਤੇ ਝੁੱਗੇ ਨੂੰ ਉਜਾੜ ਬਹਿੰਦੇ ਹਨ। ਲੋਕਾਂ ਦੀ ਹਾਸੀ ਵੱਖਰੀ।

ਤੇਜਿੰਦਰ ਨੇ ਅਪਣੀ ਨਿਨਾਣ ਬੀਬੀ ਅਬਨਾਸ਼ ਅੱਗੇ ਹਾੜਾ ਘਤਿਆ ਕਿ ਭੈਣ ਤੂੰ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕਰ ਤਾਕਿ ਸੇਠ ਧਰਮ ਸਿੰਘ ਦਾ ਅੰਙਣਾ ਸੁਹਾਵਣਾ ਹੋਵੇ। ਅਬਨਾਸ਼ ਨੂੰ ਆਪਣੇ ਪੇਕੇ ਘਰ ਦਾ ਮਾਣ ਸੀ, ਉਹ ਸਤਿਗੁਰੂ ਜਗਜੀਤ ਸਿੰਘ ਵਿਚ ਜਾ ਹਾਜ਼ਰ ਹੋਈ ਤੇ ਸਾਰੀ ਵਿਥਿਆ ਸੁਣਾਈ। ਪਰ ਸਤਿਗੁਰ ਸਤਿਗੁਰ ਏ! ਉਹ ਮੌਜੀ ਏ, ਬੜਾ ਚੋਜੀ ਏ, ਜੇ ਰਜ਼ਾ ਹੋਵੇ ਤਾਂ ਤੁਰਤ ਫੁਰਤ ਝੋਲੀਆਂ ਭਰ ਦੇਵੇ, ਨਹੀਂ ਤਾਂ ਟਾਲ ਵੀ ਦੇਂਦਾ ਏ। ਸਤਿਗੁਰੂ ਜੀ ਬਚਨ ਕੀਤਾ, ਬੀਬੀ! ਤੂੰ ਸੇਠਣੀ ਪ੍ਰਕਾਸ਼ ਕੌਰ ਨੂੰ ਰਾਮ ਕਹਾਣੀ ਸੁਣਾ ਉਸ ਨੂੰ ਚੰਗੀ ਜਾਚ ਏ। ਅਬਨਾਸ਼ ਇਹ ਸੁਣ ਮੁੜੀ ਤੇ ਭਰਜਾਈ ਨੂੰ ਸਾਰੀ ਗੱਲ ਕਹਿ ਸੁਣਾਈ।

ਤੇਜਿੰਦਰ ਦੇ ਡੁੱਬਦੇ ਦਿਲ ਨੂੰ ਢੁਮਣਾ ਮਿਲਿਆ ਉਹ ਸੱਧਰਾ ਲੈ ਸਾਡੇ ਬੰਗਲੇ ਪੁੱਜੀ ਤੇ ਸਾਰੀ ਕਹਾਣੀ ਅਲਫ਼ ਤੋਂ ਯਿਹ ਤਕ ਸੁਣਾਈ। ਉਸ ਦੀ ਵਿਥਿਆ ਸੁਣ ਮੇਰਾ ਮਨ ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਨਾਲ ਜਾ ਜੁੜਿਆ ਚੁੱਪ ਹੋ ਗਈ। ਇਉਂ ਭਾਸੇ ਮੇਰੀ ਬੋਲਣ ਦੀ ਸ਼ਕਤੀ ਖਿੱਚੀ ਗਈ, ਹੂੰ ਨ ਹਾਂ, ਕੁਝ ਨਾ ਕਿਹਾ। ਔੜੇ ਵੀ ਕੁਝ ਨਹੀਂ, ਆਖਾਂ ਕੀ ਨ ਆਖਾਂ।

ਸੋਚਾਂ ਦੇ ਸਾਗਰ ਵਿਚ ਗੋਤੇ ਖਾਣ ਲੱਗੀ ਕਿ ਸਤਿਗੁਰ ਬੇਪਰਵਾਹ ਹਨ, ਉਹ ਮੌਜ ਦੇ ਮਾਲਿਕ ਹਨ। ਉਨ੍ਹਾਂ ਦੇ ਚਰਨਾਂ ਵਿਚ ਹੀਰੇ, ਮੋਤੀ, ਪੰਨੇ, ਲਾਲਾਂ ਦੇ ਢੇਰਾਂ ਦੇ ਢੇਰ ਹਨ। ਉਸ ਦੇ ਵਿਹੜੇ ਕਾਮਧੇਨਾਂ ਦੇ ਵਗਾਂ ਦੇ ਵਗ ਹਨ। ਉਸ ਦੇ ਬਾਗ਼ ਵਿਚ ਕਲਪਬ੍ਰਿਛਾਂ ਦਾ ਕੋਈ ਅੰਤ ਨਹੀਂ। ਪਰ ਹਨ ਬੇਮੁਹਤਾਜ, ਬੇਪ੍ਰਵਾਹ। ਉਸ ਅੱਗੇ ਜ਼ੋਰ ਨਹੀਂ ਉਸ ਸਾਮ੍ਹਣੇ ਹੈ ਅਧੀਨਤਾ, ਜੋਦੜੀ ਤੇ ਲਿਲਕਣੀ।

ਮੈਂ ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਤੇ ਜਿਨਾਂ ਮਾਣ ਕਰਾਂ ਥੋੜ੍ਹਾ ਹੈ। ਉਨ੍ਹਾਂ ਦੀ ਦਿਆਲਤਾ ਤੇ ਬਖਸ਼ਸ਼ਾਂ ਦੇ ਅੰਬਾਰ ਲੱਗੇ ਪਏ ਹਨ। ਜਦ ਕਦੇ ਵੀ ਉਨ੍ਹਾਂ ਦੇ ਦਰ ਤੇ ਸਵਾਲੀ ਹੋ ਕੇ ਗਈ, ਮੇਰੇ ਮਨ ਦੀਆਂ ਮੁਰਾਦਾਂ ਪੂਰੀਆਂ। ਨੱਕੋ ਨੱਕ। ਮੈਂ ਕਦੇ ਖ਼ਾਲੀ ਨਹੀਂ ਮੁੜੀ, ਪਰ ਉੱਥੇ ਜ਼ੋਰ ਤੇ ਕੋਈ ਨਹੀਂ। ਮੈਂ ਚੁੱਪ ਰਹੀ। ਉਸ ਮੇਰੀ ਬਾਂਹ ਫੜੀ ਤੇ ਚੰਗੀ ਤਰ੍ਹਾਂ ਹਲੂਣਿਆਂ ਤੇ ਡਿਡੋਲਿਕੀ ਹੋ ਆਖਣ ਲੱਗੀ, ਚਾਚੀ, ਚਾਚੀ! ਤੂੰ ਸੁਣਦੀ ਨਹੀਂ? ਮੇਰੇ ਨਾਲ ਨਾਰਾਜ਼ ਏ? ਤੂੰ ਮੇਰੇ ਨਾਲ ਚੱਲ ਤੇ ਸਤਿਗੁਰ ਦੇ ਚਰਨਾਂ ਵਿਚ ਅਰਜ਼ ਕਰ। ਤੇਰੀ ਸੱਚੇ ਪਾਤਸ਼ਾਹ ਸੁਣਦੇ ਹਨ। ਮੇਰਾ ਮਨ ਡੋਬੂ ਖਾਣ ਲੱਗਾ ਕਿ ਆਖਾਂ ਤੇ ਕੀ ਆਖਾਂ? ਡਾਕਟਰਾਂ ਵੱਲੋਂ ਕੋਰਾ ਜਵਾਬ ਏ। ਸੱਚੇ ਪਾਤਸ਼ਾਹ ਵੀ ਰਜ਼ਾ ਦੇ ਮਾਲਿਕ ਹਨ। ਕਹਿਣੋਂ ਡਰ ਲੱਗਦਾ ਏ ਤੇ ਨਾ ਕਰਨੀ ਵੀ ਕਠਨ ਸੀ। ਜਦ ਕੋਈ ਚਾਰਾ ਚੱਲਦਾ ਨ ਵੇਖਿਆ ਤਾਂ ਕਿਹਾ ਚੰਗਾ ਬੀਬੀ ਰਾਣੀ ਅਰਜ਼ ਕਰਾਂਗੀ ਜੇ ਖ਼ੈਰ ਪੈ ਜਾਵੇ।

ਇਹ ਉੱਤਰ ਸੁਣ ਤੇਜਿੰਦਰ ਤਾਂ ਮੁੜ ਆਈ, ਪਰ ਮਨ ਬੇਚੈਨ:-

**ਕਬਹੂ ਮਨੂਆ ਊਭਿ ਚੜਤ ਹੈ,**
**ਕਬਹੂ ਜਾਇ ਪਇਆਲੇ।**

ਇਨ੍ਹਾਂ ਦਿਨਾਂ ਵਿਚ ਕਈ ਸਮਾਗਮ ਵੀ ਖੁੰਜਾਏ ਨ ਇੰਡੀਆ ਆਈ ਨ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕੀਤੇ। ਕਿ ਜੇ ਗਈ ਤਾਂ ਸਤਿਗੁਰਾਂ ਅੱਗੇ ਸਵਾਲ ਕਰਾਂਗੀ? ਤੇਜਿੰਦਰ ਨੂੰ ਕੀ ਉੱਤਰ ਦਿਆਂਗੀ। ਇੱਕ ਵੇਰ ਬਿਨਾਂ ਦੱਸੇ ਦਿੱਲੀ ਆ ਗਏ ਤਾਂ ਕਿ ਤੇਜਿੰਦਰ ਨੂੰ ਭਿਣਖ ਨ ਪਵੇ। ਗਰਜ਼ਮੰਦ ਹਰ ਸਮੇਂ ਚੌਕਸ ਰਹਿੰਦਾ ਹੈ, ਉਸ ਨੂੰ ਪਤਾ ਲੱਗਦਿਆਂ ਨੋਟਾਂ ਦਾ ਥੈਲਾ ਭਰ, ਸੂਟਕੇਸਾਂ ਨੂੰ ਕਪੜਿਆਂ ਨਾਲ ਤੂੜ, ਦਿੱਲੀ ਆ ਮਿਲੀ ਤੇ ਉਹੋ ਪਹਿਲੀ ਰਟ, ਚਾਚੀ ਚੱਲ ਸ੍ਰੀ ਭੈਣੀ ਸਾਹਿਬ। ਕਰ ਜੋਦੜੀ ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਵਿਚ। ਮੈਂ ਨਿਮੂਝੂਣ ਹੋਈ ਸ੍ਰੀ ਭੈਣੀ ਸਾਹਿਬ ਪੁੱਜੀ।

ਸੇਵਾਦਾਰਾਂ ਡੇਰਾ ਲੁਆਇਆ ਤੇ ਸੱਚੇ ਪਾਤਸ਼ਾਹ ਦੇ ਚਰਲਾਂ ਵਿਚ ਅਰਜ਼ ਪਹੁੰਚਾ ਦਿੱਤੀ ਕਿ ਸੇਠਣੀ ਪ੍ਰਕਾਸ਼ ਕੌਰ, ਸਿਆਮ ਤੋਂ ਦਰਸ਼ਨ ਕਰਨਾ ਚਾਹੁੰਦੀ ਏ। ਜਾਣੀ ਜਾਣ ਪਾਤਸ਼ਾਹ ਨੇ ਕਿਹਾ ਸੇਠਣੀ ਨੂੰ ਲੈ ਆਓ! ਮੈਂ ਟੁਰ ਪਈ, ਪਰ ਪੈਰ ਮਣ ਮਣ ਦੇ। ਸੋਚੀ ਜਾਵਾਂ ਕੀ ਕਹਾਂ ਕੀ ਦੱਸਾਂ? ਖ਼ੈਰ ਅਸੀਂ ਦੋਵੇਂ ਜਣੀਆਂ ਬਾਗ਼ ਵਾਲੀ ਕੋਠੀ ਪੁੱਜੀਆਂ ਫਲ ਆਦਿ ਰਖ ਮੱਥਾ ਟੇਕਿਆ ਤਾਂ

Sri Satguru Jagjit Singh Ji eLibrary NamdhariElibrary@gmail.com

ਸਹੀ, ਪਰ ਮੂੰਹ ਨੂੰ ਤਾਲਾ ਲੱਗ ਗਿਆ। ਅੱਖਾਂ ਵਿੱਚੋਂ ਗੰਗਾ ਤੇ ਜਮਨਾ ਦੋਵੇਂ ਬਹਿ ਟੁਰੀਆਂ, ਹੜ ਆ ਗਿਆ। ਸੱਚੇ ਪਾਤਸ਼ਾਹ ਮੁਸਕਰਾਈ ਜਾਣ। ਮੇਰੇ ਮੂੰਹੋਂ ਗੱਲ ਨਾ ਨਿਕਲੇ ਅੰਤ ਥਿੜਕਵੀ ਆਵਾਜ਼ ਵਿਚ ਗੁਣਗਣਾਈ:-

**ਲਾਜਾਂ ਰਖ ਮੇਰੀਆਂ**
**ਤੈਨੂੰ ਲਾਜਾਂ ਪਾਣ ਦੀਆਂ ਬਾਣਾਂ**

ਬੀਬੀ! ਤੇਰਾ ਗੁਰ ਬਿਲਕੁਲ ਠੀਕ। ਬਾਣੀ ਉਚਾਰਦੀ ਏ:-

ਧਨਾਸਰੀ ਮਹਲਾ ੫

**ਚਤੁਰ ਦਿਸਾ ਕੀਨੋ ਬਲੁ ਅਪਨਾ**
**ਸਿਰ ਊਪਰਿ ਕਰੁ ਧਾਰਿਓ।**
**ਕ੍ਰਿਪਾ ਕਟਾਖ ਅਵਲੋਕਨ ਕੀਨੋ**
**ਦਾਸ ਕਾ ਦੂਖੁ ਬਿਦਾਰਿਓ।**
**ਹਰਿਜਨ ਰਾਖੇ ਗੁਰ ਗੋਬਿੰਦ।**
**ਕੰਠਿ ਲਾਇ ਅਵਗੁਣ ਸਭਿ ਮੇਟੇ**
**ਦਇਆਲ ਪੁਰਖ ਬਖਸੰਦ। ਰਹਾਓ**
**ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ**
**ਨਾਨਕ ਦਾਸੁ ਮੁਖ ਤੇ ਜੋ ਬੋਲੇ ਇਹਾਂ ਉਹਾਂ ਸਚ ਹੋਵੇ।**

ਸੱਚੇ ਪਾਤਸ਼ਾਹ ਕਿਹਾ ਕਿ ਬੀਬੀ ਕੁਝ ਬੋਲ ਤਾਂ ਸਹੀ ਕਿਉਂ ਬਿਹਬਲ ਏਂ? ਅਰਜ਼ ਕੀਤੀ, ਗ਼ਰੀਬ ਨਿਵਾਜ਼! ਤੇਜਿੰਦਰ ਦੀ ਝੋਲੀ ਭਰ ਦਿਓ। ਡਾਕਟਰਾਂ ਵੱਲੋਂ ਤਾਂ ਜਵਾਬ ਏ। ਉਹ ਕਹਿੰਦੇ ਹਨ ਮਾਂ-ਬੱਚੇ ਦਾ ਲਹੂ ਮੇਲ ਨਹੀਂ ਖਾਂਦਾ। ਬੱਚਾ ਤੰਦਰੁਸਤ ਨਹੀਂ ਹੋ ਸਕਦਾ। ਤੁਸੀਂ ਸੁਲੱਖਣੀ ਦੀ ਗੋਦ ਹਰੀ ਕੀਤੀ, ਤੁਹਾਡੇ ਦਰ ਤੋਂ ਵਰ ਲੈ ਸੰਤ ਕਰਮ ਸਿੰਘ ਜੀ ਹਿੰਮਤ ਪੁਰੀਏ ਅਨੇਕ ਹਨ੍ਹੇਰੇ ਘਰਾਂ ਵਿਚ ਚਾਨਣ ਕੀਤਾ ਸੀ, ਕਈ ਬਾਂਝ ਇਸਤਰੀਆਂ ਨੂੰ ਸ਼ੇਰਾਂ ਵਰਗੇ ਬੱਚੇ ਬਖਸ਼ੇ ਸਨ। ਤੁਸੀਂ ਮਾਲਿਕ ਹੋ ਇਹ ਕਹਿੰਦਿਆਂ ਮੈਂ ਚਰਨਾਂ ਵਿਚ ਲੇਟ ਗਈ। ਚਰਨ ਘੁੱਟ ਕੇ ਫੜ ਲਏ। ਸੱਚੇ ਪਾਤਸ਼ਾਹ ਛੁਡਾਣ ਮੈਂ ਛੱਡਾਂ ਨਾ। ਦੁਆਲੇ ਖੜੀਆਂ ਸੰਗਤਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਅਖ਼ੀਰ ਰਹਿਮਤਾਂ ਦੇ ਬੱਦਲ ਫੱਟੇ। ਹਜ਼ੂਰ ਨੇ ਮੁਸਕਰਾਂਦਿਆਂ ਬਚਨ ਕੀਤਾ। "ਬੀਬੀ! ਡਾਕਟਰ ਕੋਈ ਰੱਬ ਨੇ। ਤੂੰ ਸਤਿਗੁਰੂ ਪ੍ਰਤਾਪ ਸਿੰਘ ਤੇ ਡੋਰੀ ਸੱਟ। 40 ਦਿਨ ਇਕ ਮਾਲਾ ਭਜਨ ਤੇ ਇਕ ਭਗਉਤੀ ਦੀ ਫੇਰ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕਰ ਉਹ ਬਖਸ਼ਸ਼ ਕਰਨਗੇ।" ਇਹ ਸੁਣ ਮੈਂ ਚਰਨ ਛੱਡੇ, ਮੱਥਾ ਟੇਕਿਆ ਤੇ ਦੋਵੇਂ ਡੇਰੇ ਮੁੜੀਆਂ।

ਹੁਣ ਤੇਰਿੰਦਰ ਲੱਗੀ ਮਾਇਆ ਵੰਡਣ ਪਹਿਲਾ ਇੱਕ ਵਰਨੀ ਕਰਾਈ। ਸਾਧਾਂ ਨੂੰ ਮਾਇਆ ਕੱਪੜੇ ਤੇ ਜੋੜੇ ਅਰਪਨ ਕੀਤੇ। ਸ੍ਰੀ ਭੈਣੀ ਸਾਹਿਬੋਂ ਸ੍ਰੀ ਜੀਵਨ ਨਗਰ ਵੱਲ ਤਿਆਰੀ ਕੀਤੀ। ਉੱਥੇ ਵੀ ਮਹਾਰਾਜ ਤੇ ਬੇਬੇ ਜੀ ਦੇ ਚਰਨ ਪਰਸੇ। ਇੱਕ ਵਰਨੀ ਕਰਵਾਈ, ਲੀੜਾ ਕੱਪੜਾ ਸਾਧਾਂ ਨੂੰ ਅਰਪਨ

Sri Satguru Jagjit Singh Ji eLibrary NamdhariElibrary@gmail.com

ਕੀਤਾ। ਸਰੋਵਰ ਵਿਚ ਇਸ਼ਨਾਨ ਕੀਤਾ ਤੇ ਸਿਆਮ ਨੂੰ ਮੁੜੀਆਂ।

ਤੇਜਿੰਦਰ ਨੇ ਵਾਪਸ ਪੁੱਜ ਚਾਲੀਸਾ ਤੌਰ ਦਿੱਤਾ। ਦੱਸੇ ਅਨੁਸਾਰ ਧੂਪ, ਦੀਪ ਰਖ ਸ਼ੁਰੂ ਕੀਤਾ। ਪਰ ਮੇਰੀ ਚਿੰਤਾ ਵੱਧਦੀ ਜਾਵੇ। ਸੋਚਾਂ ਸੋਚੋਂ। ਸੱਚੇ ਪਾਤਸ਼ਾਹ ਲਜ ਪੱਤ ਦੇ ਮਾਲਿਕ ਹਨ। ਡਾਕਟਰ ਵੀ ਬੜਾ ਲਾਇਕ ਹੈ। ਉਸ ਆਪਣੇ ਵੱਲੋਂ ਪੂਰੀ ਤਸੱਲੀ ਕਰਕਕੇ ਕਿਹਾ ਸੀ। ਜੇ ਹੁਣ ਅਰਦਾਸ ਪ੍ਰਵਾਨ ਨਾ ਹੋਈ ਤਾਂ ਡੁੱਬ ਮਰਨ ਦਾ ਮੁਕਾਮ ਹੈ। ਕਿਸ ਨੂੰ ਮੂੰਹ ਵਖਾਵਾਂਗੀ, ਲੋਕ ਸਤਿਗੁਰਾਂ ਦੀ ਵੀ ਨਿੰਦਿਆ ਕਰਨਗੇ। ਇਸ ਦੋਸ਼ ਦੀ ਵੀ ਮੈਂ ਹੀ ਭਾਗੀ ਬਣਾਂਗੀ। ਉਸ ਵੇਲੇ ਜਿੰਨੇ ਮੂੰਹ ਉਤਨੀਆਂ ਗੱਲਾਂ।

ਪਰ ਵਾਹ! ਵਾਹ!! ਵਾਹ!!! ਮੇਰੇ ਚੀਨੀ ਵਾਲੇ ਪਾਤਸ਼ਾਹ। ਤੇਰੇ ਵਸ ਠੀਕ ਪੌਣ ਪਾਣੀ, ਚੰਦ ਸੂਰਜ, ਧਰਤ ਆਕਾਸ਼! ਵਿਗਿਆਨ ਅਧੂਰਾ, ਡਾਕਟਰੀ ਲੰਝੀ ਲੂਲੀ, ਸਤਿਗੁਰ ਬਚਨ ਅਟੱਲ। ਮਨ ਮੰਨ ਗਿਆ ਕਿ ਸਤਿਗੁਰੂ ਠੀਕ ਰੇਖ ਵਿਚ ਮੇਖ ਮਾਰ ਸਕਦਾ ਹੈ, ਵਿਗੜੀ ਸਵਾਰ ਸਕਦਾ ਹੈ, ਖੋਟੇਆਂ ਨੂੰ ਖਰੇ ਕਰ ਸਕਦਾ ਹੈ, ਪੱਥਰਾਂ ਵਿਚ ਵੀ ਜਾਨ ਪਾ ਸਕਦਾ ਹਾਂ।

ਠੀਕ ਨੌ ਮਹੀਨੇ ਮਗਰੋਂ ਚੰਨ ਵਰਗੇ ਬਾਲ ਜਨਮ ਲਿਆ। ਸੇਠ ਧਰਮ ਸਿੰਘ ਦਾ ਵਿਹੜਾ ਖ਼ੁਸ਼ੀਆਂ ਨਾਲ ਭਰ ਗਿਆ। ਵਧਾਈ ਦੇਣ ਵਾਲਿਆਂ ਦਾ ਤਾਂਤਾ ਬਜ ਗਿਆ। ਦਾਦਕੇ ਨਾਨਕੇ ਜਾਮਿਆਂ ਵਿਚ ਫੁੱਲੇ ਨਾ ਸਮਾਵਣ। ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਕੋਟਾਨ ਕੋਟਾਨ ਧੰਨਵਾਦ ਕਰਦਿਆਂ ਵਧਾਈ ਦੀ ਤਾਰ ਭੇਜੀ। ਮੁੜ ਦਰਸ਼ਨ ਦੇਣ ਲਈ ਵਿਖਰੀ ਬਿਨਾ ਪੱਤਰ ਘੱਲੀ। ਗ਼ਰੀਬ ਨਿਵਾਜ਼ ਜੀ ਸੇਵਕਾਂ ਸਹਿਤ ਦਰਸ਼ਨਾਂ ਦੀ ਕਿਰਪਾਲਤਾ ਕੀਤੀ। ਵੱਡਾ ਮੇਲਾ ਹੋਇਆ ਸੰਗਤਾਂ ਹੁਮ ਹੁਮਾ ਦਰਸ਼ਨ ਦਿੱਤੇ। ਮੇਰੀ ਝੋਲੀ ਵਿਚ ਕਾਕੇ ਨੂੰ ਪਾਇਆ। ਇੱਕ ਸੋਨੇ ਦੀ ਮਾਲਾ, ਨਕਦੀ ਤੇ ਹੋਰ ਬਸਤਰ ਰਖ ਪ੍ਰੇਮ ਹੰਝੂ ਕੇਰਦਿਆਂ ਕਾਕੇ ਨੂੰ ਮੱਥਾ ਟਕਾਇਆ। ਸੱਚੇ ਪਾਤਸ਼ਾਹ ਬਖਸ਼ਸ਼ ਕਰਦਿਆਂ ਬੱਚੇ ਦੇ ਸਿਰ ਤਸ ਮਿਹਰਾਂ ਭਰਿਆ ਹੱਥ ਰਖਿਆ ਤੇ ਸੇਠ ਕਹਿ ਕੇ ਬੁਲਾਣ ਲੱਗੇ, ਬਸ ਇਤਨਾਂ ਕਹਿ ਸੀਸ ਚਰਨਾਂ ਤੇ ਰਖਿਆ:-

**ਸੁਹਣੀ ਦਸਤਾਰ ਵਾਲਿਆ,**
**ਤੇਰੀ ਉਪਮਾ ਕਥੀ ਨ ਜਾਵੇ।**
**ਸੁਹਣੀ ਮਾਲਾ ਵਾਲਿਆ,**
**ਤੇਰੀ ਮਹਿਮਾ ਕਹੀ ਨਾ ਜਾਵੇ।**

**ਬੀਬੀ ਪ੍ਰਕਾਸ਼ ਕੌਰ**
ਪਤਨੀ ਸੇਠ ਪਿਆਰਾ ਸਿੰਘ
ਸਿਆਮ

Sri Satguru Jagjit Singh Ji eLibrary NamdhariElibrary@gmail.com

## ਸੁਪਨ ਦਰਸ਼ਨ ਅਤੇ ਰੋਗ ਨਿਵਰਤੀ

*ਮੈਨੂੰ ਰੀਹ ਦੀ ਦਰਦ ਆ ਘੇਰਿਆ। ਨ ਦਿਨੇ ਚੈਨ ਨਾ ਰਾਤ ਆਰਾਮ, ਬਥੇਰੇ ਡਾਕਟਰ ਹਕੀਮਾਂ ਨੂੰ ਵਖਾਇਆ ਤੇ ਦਵਾਈਆਂ ਖਾਦੀਆਂ ਪਰ ਅਰਾਮ ਨਾ ਆਇਆ। ਕੁਝ ਸਮੇਂ ਉਪਰੰਤ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਘਰ ਚਰਨ ਪਾਏ। ਪਰਿਵਾਰ ਵਿਚ ਖੇੜਾ ਪਸਰਿਆ। ਮੈਂ ਆਪਣੀ ਵੇਦਨ ਸੁਣਾਈ। ਹੁਕਮ ਹੋਇਆ ਲੱਤਾਂ ਦੀ ਕਸਰਤ ਕਰਿਆ ਕਰ। ਸਤਿ ਬਚਨ ਕਹਿ ਜਿਵੇਂ ਦੱਸਿਆ ਸੀ ਤਿਵੇਂ ਅਮਲ ਕੀਤਾ। ਥੋੜ੍ਹੇ ਦਿਨਾਂ ਅੰਦਰ ਮਿਹਰਾਂ ਹੋ ਗਈਆਂ। ਅੰਦਰੋਂ ਧੰਨਵਾਦ ਕੀਤਾ।

ਕੁਝ ਸਮੇਂ ਪਿੱਛੋਂ ਲੱਕ ਦਰਦ ਹੋਣ ਲੱਗੀ। ਹੁਣ ਮੁੜ ਹਕੀਮਾਂ ਨਾਲ ਵਾਹ ਪੈ ਗਿਆ, ਗਰਮ ਤੇ ਵਾਈ ਨਾਸ਼ਕ ਦਵਾਈਆਂ ਵਰਤੀਆਂ, ਪਰ ਨਤੀਜਾ ਢਾਲ ਕੇ ਤੀਨ ਪਾਠ। ਮੁੜ ਗੁਰੂ ਯਾਦ ਆਇਆ। ਔਖੇ ਵੇਲੇ ਦਾ ਸਹਾਈ ਸਤਿਗੁਰੂ। ਯਾਦਾਂ ਵਿਚ ਈ ਬਰਾਜ਼ ਗਈ। ਧੰਨ, ਧੰਨ, ਧੰਨ ਸਤਿਗੁਰੂ ਜਗਜੀਤ ਸਿੰਘ ਜੀ ਜਿਨ੍ਹਾਂ ਬੇਨਤੀ ਪ੍ਰਵਾਨ ਕਰਦਿਆਂ ਸੁੱਤਿਆਂ ਪਇਆਂ ਆ ਦਰਸ਼ਨ ਦਿੱਤੇ।

ਚਰਨਾਂ ਤੇ ਲੇਟ ਗਈ। ਸਾਰੀ ਰਾਮ ਕਹਾਣੀ ਸੁਣਾਈ। ਬੇਨਤੀ ਪ੍ਰਵਾਨ ਹੋ ਗਈ। ਨੁਸਖ਼ਾ ਤਿਆਰ ਹੋ ਗਿਆ। ਸੱਚੇ ਪਾਤਸ਼ਾਹ ਪੁਸ਼ਪ ਵਰਸ਼ਾ ਕਰਦਿਆਂ ਕਿਹਾ। ਨਿੱਕੀ, ਇੱਥੇ ਮੇਰੀ ਚਾਦਰ ਪਈ ਆ। ਬੀਬਾ ਜੀ ਕੋਲੋਂ ਮੇਰੀ ਚਾਦਰ ਲੈਕੇ, ਉਹ ਲੱਕ ਦੁਆਲੇ ਬੰਨ੍ਹ ਕੇ ਵੇਖ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕਰ, ਉਹ ਕ੍ਰਿਪਾ ਕਰਨਗੇ। ਇਹ ਬਚਨ ਕੀਤਾ ਤੇ ਅਲੋਪ ਹੋ ਗਏ। ਅਲੋਪ ਹੋਣ ਨਾਲ ਅੱਖ ਵੀ ਖੁਲ੍ਹ ਗਈ।

ਹੁਣ ਨੀਂਦ ਕਿੱਥੋਂ? ਖ਼ੈਰ ਦਿਨ ਚੜ੍ਹਿਆ। ਇਸ਼ਨਾਨ ਕੀਤਾ ਤੇ ਬੀਬਾ ਜੀ ਪਾਸੋਂ ਸਤਿਗੁਰਾਂ ਦੀ ਚਾਰਦ ਮੰਗੀ।**ਬੀਬਾ ਜੀ ਇਹ ਸੁਪਨਾ ਸੁਣ ਖੀਵੇ ਹੋ ਗਏ ਤੇ ਅੰਦਰ ਜਾ ਚਾਦਰ ਦਿੱਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰ, ਸੱਚੇ ਪਾਤਸ਼ਾਹ ਜੀ ਦੀ ਚਾਰਦ ਲੱਕ ਦੁਆਲੇ ਲਪੇਟ

---

* ਕੁਲਵੰਤ ਕੌਰ, ਨਿੱਕੀ (1973) ਪੁੱਤਰੀ ਸਤਿਨਾਮ ਸਿੰਘ, ਭਿਲਾਣੀ ਜ਼ਿਲ੍ਹਾ ਸਿਰਸਾ।

**ਬੀਬਾ ਜੀ ਸਾਹਿਬ ਕੌਰ, ਸਪੁੱਤਰੀ ਸਤਿਗੁਰੂ ਜੀ।

Sri Satguru Jagjit Singh Ji eLibrary NamdhariElibrary@gmail.com

ਲਈ। ਦੋ ਦਿਨ ਚਾਦਰ ਬੰਨ੍ਹੀ, ਤੀਜੇ ਦਿਨ ਅਤ ਦੀ ਦਰਦ ਹੋਈ। ਮੈਂ ਵੀ ਜੀਭ ਦੰਦਾਂ ਹੇਠ ਦਬਾ, ਅੰਦਰੋਂ ਅਰਦਾਸੇ ਕਰਦੀ ਗਈ ਤੇ ਨਾਲ ਈ ਚਾਦਰ ਬੰਨ੍ਹਣੋਂ ਨਾ ਹੱਟੀ। ਅੰਤ ਬੇਨਤੀ ਪ੍ਰਵਾਨ ਹੋ ਗਈ। ਲੱਕ ਦਰਦ ਕਿਸੇ ਹੋਰ ਦੇਸ਼ ਜਾ ਡੇਰਾ ਲਾਇਆ। ਥੋੜ੍ਹੇ ਦਿਨਾਂ ਵਿਚ ਨਵੀਂ ਨਰੋਈ ਹੋ ਗਈ, ਹੁਣ ਮਾਲਾ ਫੇਰਨ ਦਾ ਪੱਕਾ ਮਨ ਬਣਾ ਲਿਆ ਹੈ ਤੇ ਕਿਸੇ ਦਿਨ ਵੀ ਕੁਤਾਹੀ ਨਹੀਂ ਕਰਨੀ।

ਇਸੇ ਤਰ੍ਹਾਂ ਦੀ ਵੰਨਗੀ ਹੋਰ ਵੇਖੋ। ਦਿੱਲੀ ਵਿਚ ਸ੍ਰ: ਗੁਰਬਖਸ਼ ਸਿੰਘ ਰਹਿੰਦੇ ਹਨ, ਚੰਗੇ ਸਰਦੇ ਪੁੱਜਦੇ। ਲੀਡਰ ਕਰਕੇ ਪ੍ਰਸਿੱਧ ਹਨ। ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਧੇਰੇ ਆਸ਼ਿਕ ਹਨ, ਤੇ ਉਨ੍ਹਾਂ ਦੀ ਉਪਮਾ ਕਰਦੇ ਰਜਦੇ ਨਹੀਂ। ਪਰ ਸ਼ਰਧਾ ਸਮੇਂ ਦੇ ਸਤਿਗੁਰਾਂ ਤੇ ਵੀ ਪੂਰੀ ਹੈ। ਇਨ੍ਹਾਂ ਦੇ ਘਰੋਂ ਬੀਬੀ ਸੁਰਿੰਦਰ ਨੇ ਇਉਂ ਵਾਰਤਾ ਸੁਣਾਈ।

ਸਮੇਂ ਦੇ ਅਸ਼ੁੱਧ ਅਹਾਰ ਕਾਰਨ ਰੋਗਾਂ ਦੀਆਂ ਫ਼ੌਜਾਂ ਚੜੀਆਂ ਫਿਰਦੀਆਂ ਹਨ। ਕੋਈ ਭਾਗਾਂ ਵਾਲੀ ਰੂਹ ਹੋਵੇਗੀ, ਜਿਸਨੂੰ ਕਿਸੇ ਨ ਕਿਸੇ ਰੋਗ ਗ੍ਰਸਿਆ ਨਾ ਹੋਵੇ। ਤੇ ਡਾਕਟਰਾਂ ਦਾ ਗੁਮਾਸ਼ਤਾ ਨਾ ਬਣਿਆ ਹੋਵੇ। ਮੇਰੇ ਪਤੀ ਨੂੰ ਸ਼ੂਗਰ ਨੇ ਆ ਘੇਰਿਆ ਤੇ ਯੂਰੀਆ ਵੀ ਸਵਾਰ ਹੋ ਗਈ। ਜਦ ਦਿਨ ਮੰਦੇ ਹੁੰਦੇ ਹਨ ਤਾਂ ਸੌ ਦੁੱਖ ਘੇਰ ਲੈਂਦੇ ਹਨ। ਮੇਰੇ ਸੰਤਾਂ ਤੇ ਇੱਕ ਫੋੜੇ ਵੀ ਹੱਲਾ ਬੋਲ ਦਿੱਤਾ। ਬਸ ਡਾਕਟਰਾਂ ਦੀ ਚਾਂਦੀ। 1989 ਦੀ ਜੂਨ ਵਿਚ ਤਿੰਨਾਂ ਇਕੱਠਾ ਜ਼ੋਰ ਮਾਰਿਆ। ਫੋੜਾ ਜੋਬਨ ਤੇ ਸੀ ਤੇ ਸ਼ੂਗਰ ਦੀ ਡਿਗਰੀ 350 ਤੇ ਯੂਰੀਆ 120 ਦਰਜੇ ਦਾ ਇਹ ਵੇਲ ਮੇਰੀ ਤਾਂ ਖਾਨਿਉ ਗਈ, ਕਿਉਂਕਿ ਸ਼ੂਗਰ ਦੇ ਬਿਮਾਰ ਦੇ ਜ਼ਖ਼ਮ ਭਰਦੇ ਨਹੀਂ। ਲੀਡਰ ਜੀ ਨੂੰ ਹਸਪਤਾਲੇ ਦਾਖ਼ਲ ਕਰਵਾ ਦਿੱਤਾ, ਮੇਰੇ ਅਪਣੇ ਗੋਡੇ ਕੰਮ ਨਹੀਂ ਕਰਦੇ, ਪਰ ਮੈਨੂੰ ਬਹੁਤੀ ਚਿੰਤਾ ਸੰਤਾਂ ਦੀ ਸੀ। ਖਾਣਾ-ਪੀਣਾ ਜ਼ਹਿਰ ਤੇ ਸੌਣਾ ਸੂਲਾ ਦੀ ਸੇਜ। ਅਰਦਾਸੇ ਅਤੇ ਸੁਖਣਾ ਤੇ ਜ਼ੋਰ। ਅੰਤ ਮੇਰੀ ਗ਼ਰੀਬਣੀ ਦੀ ਸੁਣੀ ਗਈ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਚਾਵਲਾ ਨਰਸਿੰਗ ਹੋਮ, ਸਬਜ਼ੀ ਮੰਡੀ, ਦਿੱਲੀ ਅੰਮ੍ਰਿਤ ਵੇਲੇ ਆ ਦਰਸ਼ਨ ਦਿੱਤੇ। ਤੇ ਬਚਨ ਕੀਤਾ, ਬੀਬੀ! ਘਬਰਾਂਦੀ ਕਿਉਂ ਏਂ, ਕਰ ਸਤਿਗੁਰੂ ਦੇ ਚਰਨਾਂ ਵੱਲ ਧਿਆਨ, ਉਹ ਬੇੜਾ ਬੰਨੇ ਲਾਵੇਗਾ। ਇਹ ਕਹਿ ਸੱਚੇ ਪਾਤਸ਼ਾਹ ਜੀ ਕਾਰ ਵਿਚ ਬੈਠ ਚਲੇ ਗਏ। ਮੇਰੀ ਅੱਖ ਖੁੱਲ੍ਹ ਗਈ। ਮਨ ਰਾਜ਼ੀ ਪਰ ਧੁੜਕੂ ਅਜੇ ਵੀ। ਡਾਕਟਰ ਸਾਹਿਬ ਸਮੇਂ ਸਿਰ ਮਰੀਜ਼ ਦੀ ਰਿਪੋਰਟ ਵੇਖਣ ਆਇਆ। ਚੈਕ-ਅਪ ਕੀਤਾ, ਤਾਂ ਬੜਾ ਹੈਰਾਨ ਹੋਇਆ ਕਿ ਕੱਲ੍ਹ ਤਕ ਤਾਂ ਸ਼ੂਗਰ ਕਿਤੇ ਸੀ ਅੱਜ 180 ਕਿਵੇਂ ਹੋ ਗਈ ਤੇ ਯੂਰੀਆ ਵੀ 120 ਤੋਂ 32 ਤੇ ਆ ਗਿਆ ਏ। ਡਾਕਟਰ ਘੜੀ ਮੁੜੀ ਚਾਰਟ ਵੇਖੇ ਮੁੜ ਤਾਜ਼ਾ ਹਾਲ ਤੱਕੇ, ਪਰ ਮੈਂ ਕੱਪੜਿਆਂ ਵਿਚ ਫੁੱਲੀ ਨਹੀਂ ਸਮਾ ਰਹੀ ਸਾਂ। ਮੈਂ ਜਾਣ ਰਹੀ ਸਾਂ ਕਿ ਇਹ ਫ਼ਰਕ ਕਿਸੇ ਦਵਾਈ, ਕੈਪਸੂਲ ਜਾਂ ਟੀਕੇ ਕਾਰਨ

Sri Satguru Jagjit Singh Ji eLibrary NamdhariElibrary@gmail.com

ਨਹੀਂ, ਇਹ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਮਤ ਏ ਜਿਹੜੀ ਸੰਜੀਵਨੀ ਨਾਲੋਂ ਵੀ ਵੱਧ ਲਾਭਕਾਰੀ ਹੁੰਦੀ ਏ।

ਮੈਨੂੰ ਪਤਾ ਲੱਗਾ ਕਿ ਸੱਚੇ ਪਾਤਸ਼ਾਹ ਰਮੇਸ਼ ਨਗਰ ਦਰਸ਼ਨ ਦੇ ਰਹੇ ਹਨ। ਮੈਂ ਗੁਰਦੇਵ ਪਤੀ ਨੂੰ ਖ਼ਬਰ ਸੁਣਾਈ। ਉਨ੍ਹਾਂ ਉਸੇ ਵੇਲੇ 100 ਰੁਪਏ ਦਾ ਨੋਟ ਹੱਥ ਫੜਾਇਆ ਤੇ ਆਖਿਆ ਮੇਰੇ ਵੱਲੋਂ ਮੱਥਾ ਟੇਕ ਮੇਰੀਆਂ ਭੁੱਲਾਂ ਬਖਸ਼ਵਾਈਂ। ਮੇਰੇ ਅੰਦਰ ਵੀ ਖ਼ੁਸ਼ੀ ਦਾ ਹੜ ਆ ਗਿਆ ਮੈਂ ਚਾਈਂ ਚਾਈਂ ਗੁਰਦੁਆਰੇ ਗਈ। ਸੀਸ ਨਵਾਇ ਤੇ ਅੰਦਰੋਂ ਜੋਦੜੀ ਕੀਤੀ। ਥੋੜ੍ਹੇ ਦਿਨਾਂ ਪਿੱਛੋਂ ਹਸਪਤਾਲੋਂ ਸੰਤਾਂ ਨੂੰ ਛੁੱਟੀ ਹੋ ਗਈ। ਉਹ ਘਰ ਆਏ। ਸਾਰੇ ਪਰਿਵਾਰ ਨੂੰ ਲੱਡੂ ਵੰਡੇ ਅਤੇ ਮੇਰੀ ਜ਼ੁਬਾਨ ਤੇ ਸੀ ਸਤਿਗੁਰੂ ਜਗਜੀਤ ਸਿੰਘ ਤੇਰਾ ਕੋਟਾਨ ਕੋਟਾਨ ਧੰਨਵਾਦ, ਜਿਨ੍ਹਾਂ ਬੁਝ ਰਹੇ ਦੀਵੇ ਵਿਚ ਤੇਲ ਪਾ ਅਨੇਰੇ ਤੇ ਸੁੰਞੇ ਵਿਹੜੇ ਨੂੰ ਲਟ ਲਟ ਪ੍ਰਕਾਸ਼ ਕਰ ਦਿੱਤਾ ਹੈ।

Sri Satguru Jagjit Singh Ji eLibrary NamdhariElibrary@gmail.com

## ਤ੍ਰਿਲੋਕੀ ਨਾਥ

"ਬਖਸ਼! ਬਖਸ਼!! ਬਖਸ਼!!!

"ਕਾਹਦੀ ਬਖਸ਼?"

"ਰਹਿਮ! ਰਹਿਮ!!! ਰਹਿਮ"

"ਕੋਈ ਗੱਲ? ਕੋਈ ਬਾਤ?"

"*ਮੈਂ ਪਾਮਰ, ਮੈਂ ਸ਼ਰਾਬੀ, ਮੈਂ ਕਬਾਬੀ ਵੈਲੀ, ਕਿਰਪਾ ਕਰੋ" ਜਾ ਭਜਨ ਪੁੱਛ ਲੈ! ਅੰਮ੍ਰਿਤ ਛਕ ਲੈ! ਅੱਗੋਂ ਤੋਂ ਨਾ, ਖਾਈਂ ਪੀਵੀਂ। ਇਹ ਕਹਿ ਗ਼ਰੀਬ ਨਿਵਾਜ਼ ਸਤਿਗੁਰੂ ਜੀ ਅੱਗੇ ਨਿਕਲ ਗਏ।

"ਹੁਣ ਮੇਰੀ ਸੁਰਤ ਇੱਕ ਦਮ ਸਤਵੇਂ ਅਕਾਸ਼ ਤੇ ਚਲੀ ਗਈ ਹੌਲਾ ਫੁਲ ਹੋ ਗਿਆ। ਪੈਰ ਧਰਤੀ ਤੇ ਨ ਲੱਗਣ। ਮਹਾਂ ਪੁਰਸ਼ ਦੇ ਬਚਨ ਬਿਲਕੁਲ ਠੀਕ ਹਨ:-

**ਅੰਮ੍ਰਿਤ ਨਾਮੁ ਰਿਦੈ ਮਹਿ ਦੀਨੋ,**
**ਜਨਮ ਜਨਮ ਕੀ ਮੈਲੁ ਗਈ।**

ਅਗਾਂ ਅਜੇ ਚਾਰ ਕਦਮ ਹੀ ਗਿਆ ਸਾਂ ਕਿ ਅੱਗੋਂ ਮਹਾਰਾਜ ਬੀਰ ਸਿੰਘ ਜੀ ਦੇ ਦਰਸ਼ਨ ਹੋ ਗਏ। ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਿਆ ਉਨ੍ਹਾਂ ਜੱਫੀ ਵਿਚ ਲੈ ਲਿਆ ਤੇ ਮੁਸਕਰਾਂਦਿਆਂ ਕਿਹਾ 'ਕਿੱਡਾ ਸੁਹਣਾ ਲੱਗਦਾ ਏ।' ਇਹ ਸੁਣ ਮੇਰੀਆਂ ਅੱਖਾਂ ਵਿਚ ਅੱਥਰੂ ਆ ਗਏ ਮਹਾਰਾਜ ਜੀ ਅਗਾਂਹ ਨਿਕਲ ਗਏ। ਮੈਂ ਜਲ ਪ੍ਰਸ਼ਾਦ ਛੱਕ ਮਸਤਾਨਗੜ੍ਹ ਚਲਾ ਗਿਆ। ਅੱਗੋਂ ਕੋਠੀ ਦੇ ਸਭ ਦਰਵਾਜ਼ੇ ਬੰਦ ਸਨ। ਸੰਗਤਾਂ ਦੁਆਲੇ ਪ੍ਰਕਰਮਾਂ ਕਰ ਰਹੀਆਂ ਸਨ। ਮੈਂ ਵੀ ਇੱਕ ਪਾਸੇ ਖਲੋ ਗਿਆ। ਲੱਗਾ ਮਨ ਈ ਮਨ ਅਰਦਾਸੇ ਕਰਨ। ਸਤਿਗੁਰੂ ਜੀ ਆਰਾਮ ਕਰ ਰਹੇ ਸਨ। ਥੋੜ੍ਹੇ ਸਮੇਂ ਪਿੱਛੋਂ ਕਮਰੇ ਤੋਂ ਬਾਹਰ ਆਏ। ਛੱਤ ਤੇ ਖਲੋ ਸਭ ਨੂੰ ਦਰਸ਼ਨ ਦਿੱਤੇ। ਸੰਗਤਾਂ ਦੇ ਮਨ ਹਰੇ ਹੋ ਗਏ। ਸਤਿਗੁਰੂ ਜੀ ਉਪਰੋਂ ਹੇਠਾਂ ਆਏ ਤੇ ਸਭ ਦਰਸ਼ਕਾਂ ਨੂੰ ਨਵਾਜਿਆ। ਮੈਂ ਅਗਾਂਹ ਵੱਧਿਆ ਤੇ ਲੰਗਰ ਵਾਸਤੇ ਅਰਜ਼ ਕੀਤੀ, ਸਤਿਗੁਰੂ ਜੀ ਬਚਨ ਕੀਤਾ, 'ਜਦ ਗੱਲ ਕਰਨੀ ਹੋਵੇ ਸਿੱਧੀ ਆਪ ਕਰੋ। ਵਿਚੋਲੇ ਨਾ ਪਾਓ।' ਮੁੜ ਬੇਨਤੀ ਦੁਹਰਾਈ

---

* ਸੁਰਜੀਤ ਸਿੰਘ ਘੁੜਾਮ (ਜ਼ਿਲ੍ਹਾ ਸੰਗਰੂਰ)

Sri Satguru Jagjit Singh Ji eLibrary NamdhariElibrary@gmail.com

ਗ਼ਰੀਬ ਨਿਵਾਜ਼! ਬੜਾ ਉਧਾਰ ਸਿਰ ਚੜ੍ਹ ਗਿਆ ਏ। ਕਈ ਲੰਗਰ ਜਮਾਂ ਹੋ ਗਏ ਨੇ। ਮੇਲੇ ਵੀ ਬਾਕੀ ਹਨ। ਇੱਕ ਲੰਗਰ ਦੀ ਤਾਂ ਹੁਣ ਹੀ ਕਿਰਪਾਲਤਾ ਕਰੋ। ਸਤਿਗੁਰੂ ਜੀ ਤਰੁਠ ਪਏ ਅਤੇ ਬਚਨ ਕੀਤਾ *ਗੁਰਭਜਨ ਨੂੰ ਕਹਿ ਦਿਓ। ਸੁਮਾਣੇ ਦੀ ਬਜਾਏ ਘੁੜਾਮ ਸੁਰਜੀਤ ਸਿੰਘ ਦੇ ਘਰ ਲੰਗਰ ਹੋਵੇਗਾ, ਸਮਾਣੇ ਇਤਲਾਹ ਦੇ ਦਿਓ। 'ਮੈਨੂੰ ਗਜ ਗਜ ਲਾਲੀਆਂ ਚੜ੍ਹ ਗਈਆਂ ਤੇ ਚਾਈਂ ਚਾਈਂ ਘਰ ਨੂੰ ਮੁੜਿਆ।'

'ਪਰ ਸਰਦਾਰਾ! ਇਸ ਬਖਸ਼ਬੰਦੀ ਦੀ ਮੈਨੂੰ ਅਜੇ ਤਕ ਸਮਝ ਨਹੀਂ ਆਈ ਕਿ ਇਹ ਬਖਸ਼ਬੰਦੀ ਕਿਸ ਗੱਲ ਦੀ? ਤੇਰੇ ਪਾਸੋਂ ਕਿਹੜੀ ਖੁਨਾਮੀ ਹੋ ਗਈ। ਤੂੰ ਕਿਹੜੀ ਗੱਲੋਂ ਛੇਕਿਆ ਗਿਉਂ?' ਮਾਸਟਰ ਜੀ! ਆਖੇ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ! ਗੁਰੂ ਤਾਂ ਵੈਸੇ ਹੀ ਮਿਹਰਾਂ ਦੇ ਦਾਤੇ ਹਨ, ਭੁੱਲੇ ਭਟਕਿਆਂ ਨੂੰ ਰਾਹੇ ਪਾਂਦੇ ਰਹੇ ਹਨ। ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਹੋਏ ਹਨ। ਇਨ੍ਹਾਂ ਦੀ ਗਤ ਵਰਨਣ ਨਹੀਂ ਕੀਤੀ ਜਾ ਸਕਦੀ। ਦੁਰਭਾਗਤਾ ਨਾਲ ਕੋਈ ਸਿੱਖ ਸੰਗਤ ਨਾਲੋਂ ਵਿਛੜ ਜਾਏ। ਪਰ ਇਹ ਸਿੱਖ ਨੂੰ ਸਿੱਧੇ ਰਾਹ ਲਿਆਉਣ ਤੇ ਕੋਈ ਕਸਰ ਨਹੀਂ ਰਹਿਣ ਦਿੰਦੇ। ਡਿੱਗਿਆਂ ਨੂੰ ਉਠਾਂਦੇ ਹਨ। ਉਸ ਦੇ ਕੰਡੇ ਕੱਢਦੇ ਹਨ ਅਤੇ ਮੁੜ ਬਖਸ਼ਾਂ ਦੇ ਭੰਡਾਰੇ ਖੋਲ ਦੇਂਦੇ ਹਨ। ਸਤਿਗੁਰੂ ਜੀ ਚੋਰਾਂ ਧਾੜਵੀਆਂ ਤੇ ਪਾਮਰਾਂ ਨੂੰ ਇੱਕੋ ਮਿਹਰ ਨਜ਼ਰ ਨਾਲ ਦੇਵਤੇ ਬਣਾ ਦਿੰਦੇ ਹਨ। ਜਿਵੇਂ ਕੂੰਜ ਦੂਰ ਪਇਆ ਆਂਡਿਆਂ ਨੂੰ ਯਾਦ ਵਿਚ ਰਖ ਪਾਲਦੀ ਪੋਸਦੀ ਹੈ, ਤਿਵੇਂ ਸਤਿਗੁਰੂ ਜੀ ਭੁੱਲਿਆਂ ਭਟਕਿਆਂ ਨੂੰ ਖੂਹ ਖਾਤੇ ਵਿਚ ਪਏ ਨੂੰ ਅੱਖੋਂ ਉਹਲੇ ਨਹੀਂ ਹੋਣ ਦੇਂਦੇ। ਲਓ ਮੇਰੀ ਰਾਮ ਕਹਾਣੀ ਸੁਣੋ।

ਮੇਰੇ ਪਿਤਾ ਸ੍ਰ: ਤਾਰਾ ਸਿੰਘ ਚੱਕ ਰਾਮਦਾਸ ਜ਼ਿਲ੍ਹਾ ਗੁਜਰਾਂਵਾਲਾ ਪਾਕਿਸਤਾਨ ਰਹਿੰਦੇ ਸਨ। ਮੇਰੇ ਨਿੱਕਿਆਂ ਹੁੰਦਿਆਂ ਈ ਚੜ੍ਹਾਈ ਕਰ ਗਏ। ਸ਼ਰੀਕਾਂ ਦੀ ਮਿਹਰ ਨਾਲ ਅਸੀਂ ਕੱਖੋਂ ਹੋਲੇ ਤੇ ਪਾਣੀਓਂ ਪਤਲੇ ਪੈ ਗਏ। ਪਰ ਜਦ ਸੰਤਾਂ ਸੁੰਦਰ ਸਿੰਘ ਤਿਗੜੀ ਵਾਲਿਆਂ ਕੰਨ ਵਿਚ ਫੂਕ ਮਾਰੀ ਤਾਂ ਦਿਨ ਫਿਰਨੇ ਸ਼ੁਰੂ ਹੋ ਗਏ। ਗਹਿਮਾ ਗਹਿਮੀ ਹੋਣ ਲੱਗ ਪਈ। ਸਾਧਾਂ ਦੇ ਆਸਣ ਸਾਡੇ ਘਰ ਖੁਲਣ ਲੱਗੇ। ਹਰ ਸਾਲ ਸਤਿਗੁਰੂ ਜੀ ਦਾ ਦੌਰਾ ਆਉਣ ਲੱਗਾ। ਸ਼ਬਦ ਕੀਰਤਨ ਹੁੰਦਾ ਜੈਕਾਰੇ ਛੁਟਦੇ।

ਦੇਸ਼ ਦਾ ਵੰਡਾਰਾ 1947 ਵਿਚ ਹੋਇਆ। ਅਸੀਂ ਪਹਿਲਾਂ ਪਰਿਵਾਰ ਸਮੇਤ ਸ੍ਰੀ ਭੈਣੀ ਸਾਹਿਬ ਆਏ, ਮੁੜ ਸ੍ਰੀ ਜੀਵਨ ਨਗਰ ਦੇ ਲਾਗੇ ਨਕੌੜੇ ਰਹਿਣ ਦਾ ਹੁਕਮ ਹੋਇਆ। ਪਰ ਮਾਸਟਰ ਜੀ! ਜਦ ਦਿਨ ਮਾੜੇ ਆਉਂਦੇ ਹਨ ਤਾਂ ਉਸ ਵੇਲੇ ਬੁਧ ਬਦਲ ਜਾਂਦੀ ਏ। ਬਦਾਮ ਚੰਗੇ ਨਹੀਂ ਲੱਗਦੇ। ਅੱਕਾਂ ਦੀਆਂ

---

* ਸਕੱਤਰ ਸ੍ਰੀ ਸਤਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਖਖੜੀਆਂ ਅੰਬ ਵਿਖਾਈ ਦੇਂਦੀਆਂ ਹਨ। ਛੱਪੜਾਂ ਦਾ ਪਾਣੀ ਗੰਗਾ ਜਲ ਪ੍ਰਤੀਤ ਹੁੰਦਾ ਏ। ਨਕੌੜਾ ਨੱਕ ਦਾ ਰੋੜਾ ਦਿਖਾਈ ਦੇਣ ਲੱਗਾ। ਕੋਠੀ ਕੋਠੀ ਪ੍ਰਤੀਤ ਹੋਏ। ਇੱਕ ਦਿਨ ਕਿਸੇ ਨੂੰ ਬਿਨਾ ਦੱਸੇ ਦਸਾਏ, ਪਰਿਵਾਰ ਨੂੰ ਲੈ ਨਿਕਲਿਆ ਤੇ ਝੱਲ ਜ਼ਿਲ੍ਹਾ ਸੰਗਰੂਰ ਜਾ ਜ਼ਮੀਨ ਅਲਾਟ ਕਰਾਈ। ਲਗਭਗ ਇਹ 1952 ਸੰਨ ਦੀ ਗੱਲ ਏ। ਪਰ ਝੱਲ ਮੈਨੂੰ ਝੱਲਾ ਕਰ ਦਿੱਤਾ। ਗੁਰਮਤ ਉਡ ਗਈ, ਮਨ ਮਤ ਆ ਛੌਣੀਆਂ ਪਾਈਆਂ। ਹੋਸ਼ ਉਡਾਰੀ ਮਾਰ ਗਏ, ਕਾਂਵਾਂ ਰੌਲੀ ਸ਼ੁਰੂ ਹੋ ਗਈ। ਲਗੀਆਂ ਬੋਤਲਾਂ ਖੁੱਲ੍ਹਣ ਤੇ ਕਬਾਬ ਭੁੱਜਣ। ਮਹਿਫ਼ਲ ਹਰ ਵੇਲੇ ਗਰਮ। ਇੱਕ ਚੰਡਾਲ ਚੌਕੜੀ ਜਾਏ ਤੇ ਦੂਜੀ ਆਏ। ਸਾਧ ਸੰਗਤ ਭਜਨ ਬੰਦਗੀ, ਰੱਬ ਰਹੀਮ ਪਾਖੰਡ ਨਜ਼ਰੀਂ ਆਉਣਾ। ਪਰ ਮੇਰੇ ਭਰਾ ਸੰਤੋਖ ਸਿੰਘ, ਬਲਕਾਰ ਸਿੰਘ ਅੰਦਰ ਸਿਲ ਕਾਇਮ ਰਹੀ। ਉਨ੍ਹਾਂ ਦੇ ਪੈਰ ਨ ਥਿੜਕੇ। ਉਹ ਤਿਆਰ ਬਰ ਤਿਆਰ ਰਹੇ। 1960 ਵਿਚ ਝੱਲ ਛੱਡ ਦਿੱਤਾ ਤੇ ਘੁੜਾਮ ਜਾ ਡੇਰਾ ਲਾਇਆ, ਪਰ ਕੌਲੀ ਵਿਚ ਸਭ ਕੁਝ ਡੁੱਬ ਗਿਆ। ਹੱਥ ਮਾਰਿਆਂ ਵੀ ਕੁਝ ਨ ਲੱਭੇ। ਪੈਰ ਦਿਨ-ਬ-ਦਿਨ ਥਿੜਕਦੇ ਗਏ। ਲਿਫ਼ਾਫ਼ਾ ਕਿੰਨਾ ਕੁ ਚਿਰ ਰਹਿ ਸਕਦਾ ਸੀ, ਕਰਜ਼ੇ ਨਾਲ ਵਾਲ ਵਾਲ ਵਿੰਨਿਆ ਗਿਆ।

ਖ਼ਿਆਲ ਏ 60 ਦੇ ਈ ਦਿਨ ਹੋਣਗੇ ਕਿ ਮਹਾਰਾਜ ਬੀਰ ਸਿੰਘ ਜੀ ਘੁੜਾਮ ਆਏ। ਪੰਜਾਂ ਦਾ ਨੋਟ ਮੱਥਾ ਟੇਕਿਆ, ਪਰ ਮਹਾਰਾਜ ਜੀ ਮਹਾਰਾਜ ਹੀ ਹਨ, ਧਰਮ ਪ੍ਰਾਇਣ, ਮਰਯਾਦਾ ਦੇ ਦ੍ਰਿੜ੍ਹ, ਰਹਿਤ ਮਰਯਾਦਾ ਦੇ ਪੱਕੇ ਤੇ ਸੁੱਚੇ, ਨਿਤਨੇਮੀ। ਉਨ੍ਹਾਂ ਕਿਹਾ ਆ ਲੈ ਪੰਜ ਮੈਂ ਦੇਨਾਂ ਹਾਂ ਤੂੰ ਆਪਣੇ ਚੱਕ ਤੇ ਜਾਹ ਕੇ ਇਨ੍ਹਾਂ ਦੀ ਵੀ ਪੀ ਲਵੀਂ। ਹੰਕਾਰ ਨੇ ਮੇਰੀਆਂ ਮੌਰਾਂ ਕਸੀਆਂ ਹੋਈਆਂ ਸਨ, ਕੋਈ ਉੱਤਰ ਨਾ ਬਣਿਆ, ਪਰ ਮੇਰੀ ਸਿੰਘਣੀ ਤੇ ਕਿਰਪਾ ਸੀ, ਉਹ ਆਪਣੇ ਨੇਮ ਤੇ ਪੱਕੀ ਰਹੀ। ਮਰਯਾਦਾ ਵਿਚ ਢਿੱਲ ਨਾ ਪਈ। ਆਏ ਗਏ ਸਾਧ ਦੀ ਸੇਵਾ ਕਰਦੀ। ਸ੍ਰੀ ਭੈਣੀ ਸਾਹਿਬ ਦੀ ਉਗਰਾਹੀ ਨੇਮ ਨਾਲ ਦੇਂਦੀ। ਅਸਲ ਗੱਲ ਇਹ ਹੈ ਕਿ ਮੇਰੀ ਸਿੰਘਣੀ ਸਦਕਾ ਹੀ ਮੇਰੇ ਦਿਨ ਟੱਪ ਗਏ। ਨਹੀਂ ਤਾਂ ਪਤਾ ਨਹੀਂ ਕਿਵੇਂ ਰੁਲਦਾ। ਮਹਾਰਾਜ ਜੀ ਕਿਹਾ, 'ਬੀਬੀ ਲਿਆ ਦੁੱਧ! ਇਸ ਨੂੰ ਹੁਣ ਦੂਜੀ ਤਰ੍ਹਾਂ ਠੀਕ ਕਰਾਂਗੇ।' ਪਰ ਮਹਾਰਾਜ ਜੀ ਦੇ ਕਹਿਣ ਤੇ ਵੀ ਢੀਠਾਂ ਵਾਂਗੂੰ ਬੁਲੀਆਂ ਵਿਚ ਹਸਦਿਆਂ ਆਪਣਾ ਨੋਟ ਚੁੱਕ ਜੇਬ ਵਿਚ ਪਾ ਲਿਆ। ਮਹਾਰਾਜ ਜੀ ਪਟਿਆਲੇ ਚਲੇ ਗਏ। ਹੁਣ ਮੇਰੀ ਹਾਲਤ ਹੋਰ ਵੀ ਵਿਗੜਨੀ ਸ਼ੁਰੂ ਹੋ ਗਈ, ਬੇਮੁਖਤਾ ਦੀ ਕੰਧ ਮੋਟੀ ਤੇ ਚੌੜੀ ਹੋ ਗਈ। ਆਪਣੀ ਬੀਬੀ ਨੂੰ ਪੰਡੋਰੀਆਂ ਦੇ ਜੈਲਦਾਰ ਕਪੂਰ ਸਿੰਘ ਦੇ ਘਰ ਮੰਗ ਦਿੱਤਾ। ਉਹ ਵੀ ਮੇਰੇ ਵਾਂਗੂੰ ਖਾਂਦਾ ਪੀਂਦਾ ਸੀ। ਡੇਰੇ ਨੂੰ ਭੈੜਾ ਸੌ ਕੋਹ ਦਾ ਵਲਾ ਮਾਰ ਕੇ ਮਿਲਦਾ ਏ। ਇਨ੍ਹਾਂ ਹੀ ਘੱਟੇ ਕੌਡੀਆਂ ਵਿਚ ਦਿਨ ਚੜ੍ਹਦਾ ਰਿਹਾ, ਤਾਰੇ ਚਮਕਦੇ ਰਹੇ, ਮਗਰ ਮਨ ਨੂੰ ਅੰਨੇਰੇ ਨੇ ਬੁਰੀ ਤਰ੍ਹਾਂ ਘੇਰ ਲਿਆ।

ਸਿੱਟਾ ਇਹ ਨਿਕਲਿਆ ਕਿ ਬਿਪਤਾ ਲੱਗੀ ਘੇਰਾ ਭੰਗ ਕਰਨ। ਅੱਜ ਢੱਗਾ

Sri Satguru Jagjit Singh Ji eLibrary NamdhariElibrary@gmail.com

ਮਰ ਗਿਆ, ਕੱਲ੍ਹ ਨੂੰ ਬੱਚਾ ਬਿਮਾਰ ਹੋ ਗਿਆ। ਫਸਲ ਨਾ ਹੋਈ, ਝਾੜ ਨ ਫੜਿਆ। ਮੁਕਦੀ ਗੱਲ ਦਿਨ ਘਟਦੇ ਘਟਦੇ ਘਟਦੇ ਗਏ ਤੇ ਪੈਸੇ ਵਿੰਹਦਿਆਂ ਵਿੰਹਦਿਆਂ ਹੱਥਾਂ ਵਿੱਚੋਂ ਉਡਾਰੀਆਂ ਮਾਰ ਗਏ। 1970 ਦਾ ਸਾਲ ਚੜਿਆ ਤਾਂ ਉਸ ਨੇ ਨਵਾਂ ਗੁਲ ਖਿਡਾਇਆ। ਮੇਰੇ ਭਤੀਜੇ ਪਾਸੋਂ ਗੋਲੀ ਚਲ ਗਈ। ਪ੍ਰੀਤਮ ਸਿੰਘ ਫੱਟੜ ਹੋ ਗਿਆ। ਮੁਸੀਬਤਾਂ ਹੋਰ ਟੁੱਟ ਪਈਆਂ। ਪ੍ਰੀਤਮ ਸਿੰਘ ਦੇ ਸੰਬੰਧੀਆਂ ਜਾ ਥਾਣੇ ਰਪਟ ਲਿਖਵਾਈ ਕਿ ਮਾਮਲਾ ਦੇਣ ਗਏ ਸਾਂ। ਸਾਡੇ ਕੋਲ ਰੁਪਏ ਸਨ ਇਹ ਖੋਹਣ ਲੱਗੇ। ਅਸਾਂ ਬਚਾ ਕੀਤਾ ਇਨ੍ਹਾਂ ਗੋਲੀ ਚਲਾ ਦਿੱਤੀ, ਪ੍ਰੀਤਮ ਸਿੰਘ ਜ਼ਖ਼ਮੀ ਹੋ ਗਿਆ, ਵੈਸੇ ਰੁਪਿਆ ਪੈਸਾ ਬਚਾ ਘਰ ਆ ਗਏ। ਬਸ ਪੁਲਿਸ ਦੇ ਪੌ ਬਾਰਾਂ।

ਮਾਸਟਰ ਜੀ! ਉਹੋ ਹੀ ਪੁਲਸੀਏ ਜਿਹੜੇ ਮੇਰੇ ਨਾਲ ਘਿਓ ਖਿਚੜੀ ਸਨ, ਸਭ ਅੱਖਾਂ ਫੇਰ ਗਏ। ਦਰਸ਼ਨ ਸਿੰਘ ਤੇ ਮੇਰੇ ਤਿੰਨ ਭਰਾਵਾਂ ਤੇ ਪਰਚਾ। ਉਨ੍ਹਾਂ ਦੀ ਤਾਂ ਜਮਾਨਤ ਹੋ ਗਈ, ਮਗਰ ਮੈਨੂੰ ਬਗਾਨੇ ਪੁੱਤਾਂ ਹਵਾਲਾਤ ਦੀ ਹਵਾ ਖਾਣ ਵਾਸਤੇ ਅੰਦਰ ਡੱਕ ਦਿੱਤਾ। ਮੈਂ ਲੱਗਾ ਰੱਬ ਦੇ ਰੰਗ ਵੇਖਣ। ਸੋਚਾਂ ਹਾਏ! ਕੀ ਬਣ ਗਿਆ! ਪਰ ਮੇਰੀ ਸਿੰਘਣੀ ਘਰ ਵਿਚ ਵਰਨੀਆਂ ਤੋਰ ਦਿੱਤੀਆਂ। ਜੇਲ੍ਹ ਵਿਚ ਰੱਬ ਯਾਦ ਆਇਆ ਸਿਆਣਿਆਂ ਠੀਕ ਆਖਿਆ 'ਮਾਂ ਤੇ ਰੱਬ ਔਖੇ ਵੇਲੇ ਮੂੰਹੋਂ ਨਿਕਲਦੇ ਹਨ।' ਲੱਗਾ ਅਰਦਾਸਾਂ ਤੇ ਅਰਦਾਸਾਂ ਕਰਨ। ਇੱਕ ਦਿਨ ਹਵਾਲਾਤੇ ਪਇਆ ਮਨ ਦੇ ਲੱਡੂ ਭੋਰ ਰਿਹਾ ਸਾਂ, ਕਿ ਪੁਰਾਣੇ ਯਾਰ ਨੇ ਆ ਦਰਵਾਜ਼ਾ ਖੜਕਾਇਆ। ਨਿਗਾਹ ਪਈ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ। ਸਿਰ ਬਦੋ ਬਦੀ ਚਰਨਾਂ ਤੇ ਜਾ ਢੱਠਾ। ਡਾਡਾਂ ਨਿਕਲ ਗਈਆਂ। ਹੱਥ ਜੋੜੇ ਤੇ ਬੇਨਤੀ ਕੀਤੀ 'ਬਖਸ਼ੋ!' ਸਤਿਗੁਰੂ ਜੀ ਬਚਨ ਕੀਤਾ "ਤੂੰ ਬਾਜ ਆ ਜਾ।" ਚਰਨਾਂ ਤੇ ਮੁੜ ਢੱਠਾ ਤੇ ਡੁਸਕੇ ਭਰਦਿਆਂ ਕਿਹਾ "ਕ੍ਰਿਪਾ ਨਿਧਾਨ! ਕਾਲ ਕੋਠੜੀ 'ਚੋਂ ਕੱਢੋ। ਮਿਹਰਾਂ ਕਰੋ।" 'ਖਾਣ ਪੀਣ ਛੱਡ ਦੇ' ਸਤਿ ਬਚਨ ਕਹਿ ਨਮਸਕਾਰ ਕੀਤੀ। ਥੋੜ੍ਹੇ ਦਿਨਾਂ ਪਿੱਛੋਂ ਰਿਹਾ ਹੋ ਗਿਆ। ਖ਼ੁਸ਼ੀ ਖ਼ੁਸ਼ੀ ਘਰ ਆਇਆ ਪਰ ਮੇਰੀ ਬਦਕਿਸਮਤੀ ਨੇ ਪੂਰਾ ਖਹਿੜਾ ਨ ਛੱਡਿਆ। ਉਸੇ ਚੰਡਾਲ ਚੌਕੜੀ ਮੁੜ ਆ ਘੇਰਿਆ ਜੇਲ੍ਹ ਵਿਚ ਕੀਤੇ ਬਚਨ ਭੁੱਲ ਗਏ। ਕੋਠਾ ਉਸਰਿਆ ਤਰਖਾਣ ਵਿਸਰਿਆ। ਉਹੋ ਮੁੜ ਦੌਰ ਪਿਆਲੇ ਦੇ। ਕੁਕੜਾਂ ਤੇ ਬਕਰੀਆਂ ਦੀ ਅਲਖ ਲੱਗੀ ਲਹਿਣ। ਪਰ ਸਤਿਗੁਰੂ ਵਿਚ ਇਹੋ ਵਾਧਾ ਏ, ਉਹ ਸਿਖ ਨੂੰ ਛੱਡਦਾ ਨਹੀਂ ਪਰ ਦਵਾਈ ਵੱਖਰੀ ਵੱਖਰੀ ਏ ਜੇਹੋ ਜਿਹਾ ਰੋਗੀ ਤੇਹੋ ਜਿਹਾ ਇਲਾਜ਼। ਜੇਹੋ ਜਹੀ ਸਾਮੀ ਤੇਹੋ ਜਿਹਾ ਹੋ ਟਕਰਦਾ ਏ।

ਹੁਣ ਸਤਿਗੁਰੂ ਜੀ ਮੁਹਰਕੇ ਤਾਪ ਨੂੰ ਮੇਰੀ ਸੇਵਾ ਤੇ ਲਾ ਦਿੱਤਾ। ਲੱਗਾ ਉਹ ਮੇਰੀ ਟਹਿਲ ਸੇਵਾ ਕਰਨ। ਨਾਲ ਈ ਯਰਕਾਨ। ਬਾਣੀ ਠੀਕ ਆਖਿਆ ਏ:-

**ਪ੍ਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।**
**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ।**

ਦੋਹਾਂ ਟਹਿਲੂਆਂ ਸਰੀਰ ਭੰਨ ਸੁਟਿਆ। ਲਹੂ ਮਿੱਝ ਖਾ ਪੀ ਗਏ। ਹੱਡੀਆਂ ਨਿਕਲ ਆਈਆਂ ਫੇਫੜੇ ਵੀ ਗਲ ਗਏ। ਨਾੜਾਂ ਸੁੱਕ ਗਈਆਂ। ਮੇਰੀ ਸਿੱਖਣੀ ਪਟਿਆਲੇ ਲੈ ਗਈ। ਉੱਥੇ ਮੇਰਾ ਦੋਸਤ ਬੀ.ਡੀ. ਸ਼ਰਮਾ ਵੈਦ ਜਾਣੂ ਸੀ। ਉਸ ਹਮਦਰਦੀ ਨਾਲ ਸਪੈਸ਼ਲ ਵਾਰਡ ਵਿਚ ਦਾਖ਼ਲ ਕਰਾ ਦਿੱਤਾ। ਨਰਸਾਂ ਤੇ ਡਾਕਟਰਾਂ ਨੂੰ ਬੁਲਾ ਕੇ ਉਚੇਚਾ ਕਿਹਾ 'ਖ਼ਾਸ ਖ਼ਿਆਲ ਰਖਣਾ।' ਮੇਰੀ ਬੀਬੀ ਮੁਹਿੰਦਰ ਮੰਜੇ ਤੇ ਬਹਿ ਗਈ। ਡਾਕਟਰ ਲੱਗੇ ਵੇਖਣ ਚਾਖਣ। ਪਰ ਉਨ੍ਹਾਂ ਦੇ ਖਲਿਆਂ ਖਲੋਤਿਆਂ ਮੇਰੇ ਪ੍ਰਾਣ ਨਿਕਲ ਗਏ। ਡਾਕਟਰਾਂ ਕਹਿਆ ਚੁੱਪ ਰਹੋ, ਕਿਸੇ ਨੂੰ ਕੁਝ ਨਾ ਕਹੋ ਮਤੇ ਚੀਕ ਚਹਾੜਾ ਮੱਚ ਜਾਵੇ। ਸਵੇਰੇ ਵਾਰਸਾਂ ਦੇ ਹਵਾਲੇ ਕਰਾਂਗੇ। ਉਹ ਮੇਰੇ ਉੱਤੇ ਕਪੜਾ ਪਾ ਬਾਹਰ ਨਿਕਲ ਗਏ। ਦੂਜੇ ਪਾਸੇ ਜਮਾਂ ਮੈਨੂੰ ਪਕੜ ਲਿਆ ਤੇ ਧਰਮ ਰਾਜ ਪਾਸ ਲੈ ਚਲੇ। ਧਰਮ ਰਾਜ ਕਿਹਾ 'ਇਸ ਫਿੱਟਕੇ ਨੂੰ ਅੱਗ ਵਿਚ ਸੁੱਟ ਦਿਉ।' ਮਾਸਟਰ ਜੀ! ਆਖੋ ਧਨ ਸਤਿਗੁਰੂ ਪ੍ਰਤਾਪ ਸਿੰਘ। ਜਿਸ ਵੇਲੇ ਜਮ ਭੱਠੀ ਵਲ ਲਿਜਾ ਰਹੇ ਸਨ ਤਾਂ ਓਸੇ ਵੇਲੇ ਗ਼ਰੀਬ ਨਿਵਾਜ਼ ਸਤਿਗੁਰੂ ਪ੍ਰਤਾਪ ਸਿੰਘ ਜੀ ਸਾਹਮਣੇ ਆ ਦਰਸ਼ਨ ਦਿੱਤੇ ਤੇ ਗਰਜਵੀਂ ਅਵਾਜ਼ ਵਿਚ ਕਿਹਾ "ਇਸ ਨੂੰ ਕਿਉਂ ਲਿਆਏ ਓ? ਜਾਓ! ਉੱਥੇ ਛੱਡ ਆਓ।' ਜਮ ਮੁੜ ਧਰਮ ਰਾਜ ਪਾਸ ਲੈ ਗਏ। ਉਸ ਨੇ ਮੁੜ ਦੁਹਰਾਇਆ 'ਇਹ ਬੜਾ ਬੇਮੁਖ ਏ। ਇਸ ਨੇ ਇੱਕ ਨਹੀਂ ਮੰਨੀ। ਇਸ ਨੂੰ ਇੰਜਨ ਅੱਗੇ ਸੁੱਟੋ' ਜਮ੍ਹਾਂ ਮੈਨੂੰ ਪੰਜ ਟਿਕਾਈਆਂ ਤੇ ਮੁੜ ਓਧਰ ਲੈ ਟੁਰੇ ਜਿਧਰੋਂ ਆ ਰਿਹਾ ਸੀ। ਉਸੇ ਪਾਸੇ ਸਤਿਗੁਰਾਂ ਦਾ ਬੜਾ ਸ਼ਾਨਦਾਰ ਡੇਰਾ ਸੀ ਤੇ ਬੜਾ ਭਾਰੀ ਦੀਵਾਨ ਲੱਗਾ ਹੋਇਆ ਸੀ। ਸੰਤ ਅਸੀਟਦਿਆਂ ਅਸੀਟਦਿਆਂ ਇੰਜਨ ਅੱਗੇ ਲਿਆ ਸੁਟਿਆ। ਇਤਨੇ ਨੂੰ ਸਤਿਗੁਰੂ ਜੀ ਮੁੜ ਆ ਦਰਸ਼ਨ ਦਿੱਤੇ। ਇੰਜਨ ਉੱਤੋਂ ਦੀ ਲੰਘ ਗਿਆ। ਪਰ ਵਾਲ ਵਿੰਗਾ ਨਾ ਹੋਇਆ। 'ਸਤਿਗੁਰੂ ਜੀ ਮੁੜ ਜਮਾਂ ਨੂੰ ਕਿਹਾ ਤੁਹਾਨੂੰ ਇੱਕ ਵੇਰ ਕਿਹਾ ਏ ਇਸ ਸਿੱਖ ਨੂੰ ਉੱਥੇ ਹੀ ਛੱਡ ਆਓ।' ਮੈਂ ਰੋਂਦਿਆਂ ਰੋਂਦਿਆਂ ਅਰਜ਼ ਕੀਤੀ "ਗ਼ਰੀਬ ਨਿਵਾਜ਼! ਬੜਾ ਪਾਮਰ ਹਾਂ। ਬਚਨ ਨਹੀਂ ਮੰਨਿਆ। ਮੈਨੂੰ ਬਖਸ਼ੋ" ਸਤਿਗੁਰੂ ਜੀ ਬਚਨ ਕੀਤਾ ਤੂੰ ਬੰਦਾ ਬਣ ਜਾ। ਹੁਣ ਤੈਨੂੰ ਓਥੇ ਵੱਡਾ ਕਾਕਾ (ਸਤਿਗੁਰੂ ਜਗਜੀਤ ਸਿੰਘ) ਬਖਸ਼ੇਗਾ।' ਆਪਣੀਆਂ ਕਰਤੂਤਾਂ ਤੋਂ ਕੰਨਾਂ ਨੂੰ ਹੱਥ ਲਾ। ਦੂਜਾ ਆਪਣੀ ਬੀਬੀ ਨੂੰ ਜੈਲਦਾਰਾਂ ਘਰ ਨਹੀਂ ਦੇਣਾ। ਤੇਰਾ ਕੋਈ ਕੁਝ ਨਹੀਂ ਵਿਗਾੜ ਸਕਦਾ।' ਇਹ ਕਹਿ ਸਤਿਗੁਰੂ ਜੀ ਅਲੋਪ ਹੋ ਗਏ ਤੇ ਮੇਰੇ ਪ੍ਰਾਣ ਮੁੜ ਸਰੀਰ ਵਿਚ ਆ ਗਏ।

ਹੁਣ ਮੇਰਾ ਸਰੀਰ ਹੌਲਾ ਫੁਲ ਸੀ। ਉਡਾਰੀਆਂ ਭਰਨ ਨੂੰ ਜੀ ਕਰੇ। ਮੇਰਾ ਦਿਲ ਇਸ਼ਨਾਨ ਕਰਨ ਨੂੰ ਕਰ ਆਇਆ, ਵੇਖਿਆ ਕੋਈ ਡਾਕਟਰ ਤੇ ਨਹੀਂ ਵੇਖਦਾ। ਪਰ ਕਹਿੰਦੇ ਨੇ ਮੁਹਰਕਾ ਤਾਪ ਜਾਂਦਾ ਜਾਂਦਾ ਕੋਈ ਅੰਗ ਮਾਰ ਜਾਂਦਾ

Sri Satguru Jagjit Singh Ji eLibrary NamdhariElibrary@gmail.com

ਏ। ਮੈਂ ਲੱਤ ਹਲਾਈ। ਮੁੜ ਦੂਜੀ। ਉਠਕੇ ਬਹਿ ਗਿਆ। ਸਹਿਜ ਨਾਲ ਬਿਨਾਂ ਖੜਕਾ ਕੀਤੇ ਉਠਿਆ। ਨਰਸ ਦੀ ਅੱਖ ਲਗੀ ਪਈ ਸੀ। ਨਾਲ ਦੇ ਗੁਸਲਖਾਨੇ ਵਿਚ ਵੜ ਗਿਆ। ਟੂਟੀ ਖੋਲ੍ਹੀ ਤੇ ਇਸ਼ਨਾਨ ਕਰਨ ਲੱਗਾ। ਕੇਸ ਧੋਤੇ ਪਿੰਡਾ ਚੰਗਾ ਮਲ ਮਲ ਸਾਫ਼ ਕੀਤਾ। ਤੌਲੀਏ ਨਾਲ ਪਿੰਡਾ ਪੂੰਜਿਆ ਤੇ ਕੱਛਾ ਇਕ ਪਾਸੇ ਲਟਕਾ, ਚਾਦਰ ਲੈ ਕੇ ਗੁਛੂ ਮੁਛੂ ਹੋ ਪੈ ਗਿਆ। ਨਰਸ ਦੀ ਅੱਖ ਖੁੱਲ੍ਹੀ ਤਾਂ ਉਸ ਮੇਰੇ ਵਲ ਝਾਕਿਆ, ਮੇਰੀ ਅੱਖ ਖੁੱਲ੍ਹੀ ਵੇਖ ਮੇਰੇ ਕੋਲ ਆ ਗਏ ਤੇ ਨਬਜ਼ ਵੇਖੀ। ਕਾਹਲੀ ਕਾਹਲੀ ਗਈ ਤੇ ਬੀਬੀ ਮੁਹਿੰਦਰ ਨੂੰ ਦੱਸਿਆ 'ਬੀਬੀ! ਤੇਰੇ ਪਿਤਾ ਠੀਕ ਠਾਕ ਹਨ। ਸਵੇਰ ਸਾਰ ਰਾਤ ਦੀ ਡਿਊਟੀ ਵਾਲੇ ਡਾਕਟਰ ਆਏ ਤੇ ਵੇਖ ਕੇ ਹੈਰਾਨ ਵੀ ਹੋਏ ਤੇ ਪ੍ਰਸੰਨ ਵੀ। ਪਰ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਮੈਂ ਰਾਤੀ ਉਠ ਕੇ ਨਹਾ ਵੀ ਬੈਠਾ ਹਾਂ ਤੇ ਸਾਰੀ ਰਾਤ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਾਪ ਵੀ ਜਪਦਾ ਰਿਹਾ ਹਾਂ। ਡਾ: ਸ਼ਰਮਾ ਆਇਆ ਤਾਂ ਵੇਖ ਚਾਖ ਕਿਹਾ, 'ਸੁਰਜੀਤ! ਰੋਗ ਤਾਂ ਛੱਡ ਗਿਆ। ਤੇਰੇ ਫੇਫੜੇ ਠੀਕ ਨਹੀਂ ਤੈਨੂੰ 4 ਮਹੀਨੇ ਨੂੰ ਛੁੱਟੀ ਮਿਲੇਗੀ। ਪਰ ਮੈਨੂੰ ਤਸੱਲੀ ਸੀ ਛੁੱਟੀ ਮਿਲੇ ਜਾਂ ਨਾ, ਮੈਂ ਸਤਿਗੁਰਾਂ ਦੇ ਲੰਗਰ ਕਰਨੇ ਹਨ, ਹੁਣ ਮੈਂ ਮਰਦਾ ਨਹੀਂ ਭਾਵੇਂ ਮੇਰੇ ਦਰਸ਼ਨ ਵੀ ਜ਼ੋਰ ਲਾਵਣ ਖ਼ੈਰ ਮਹੀਨੇ ਪਿੱਛੋਂ ਛੁੱਟੀ ਮਿਲ ਗਈ। ਵੈਦ ਸ਼ਰਮਾ ਨੇ ਪੱਕੀ ਕੀਤੀ ਕੋਈ ਭਾਰਾ ਕੰਮ ਨਹੀਂ ਕਰਨਾ ਨਹੀਂ ਤੇ.....।' ਮੈਂ ਚਾਈਂ ਚਾਈਂ ਘਰ ਆ ਗਿਆ ਸਭ ਨੇ ਖ਼ੁਸ਼ੀਆਂ ਮਨਾਈਆਂ। ਹੁਣ ਮੇਰੇ ਮਨ ਗੁਰ ਚਰਨਾਂ ਵਲ ਦੌੜੇ। ਭਾਵੇਂ ਮਹਾਰਾਜ ਬੀਰ ਸਿੰਘ ਜੀ ਦੇ ਦਰਸ਼ਨ ਕਈ ਵਾਰ ਹੋਏ ਸਨ ਮਗਰ ਤਖਤ ਚਵਰ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ। ਹੁਣ ਮੇਰੀ ਹਾਲਤ ਇਉਂ ਸੀ ਜਿਵੇਂ ਗੁਰੂ ਅਰਜਨ ਦੇਵ ਜੀ ਨੇ ਵਰਨਣ ਕੀਤਾ ਹੈ:-

**ਖੰਭ ਵਿਕੰਦੜੇ ਜੇ ਲਹਾ ਘਿੰਨਾ ਸਾਵੀ ਤੋਲਿ,**
**ਤੰਨਿ ਜੜਾਈ ਆਪਣੇ ਲਹਾ ਸੁ ਸਜਣ ਟੋਲਿ।**

ਖ਼ੈਰ ਅਮਰਾ ਸਰ ਦਾ ਹੋਲਾ ਆ ਗਿਆ। ਮਨ ਵਿਚ ਹੋਲੇ ਜਾਣ ਦਾ ਉਤਸ਼ਾਹ ਜਾਗਿਆ। ਇਹ ਗੱਲ ਘਰ ਵਿਚ ਕੀਤੀ ਤਾਂ ਸਾਰੇ ਪਰਿਵਾਰ ਨੂੰ ਖ਼ੁਸ਼ੀਆਂ ਚੜ੍ਹ ਗਈਆਂ ਕਿ ਸ਼ੁਕਰ ਹੈ ਕਿ ਮੇਰੀ ਲਗਨ ਗੁਰ ਚਰਨਾਂ ਨਾਲ ਲੱਗਣ ਲੱਗੀ ਏ। ਪਰ ਡਰਾਂ ਬਹੁਤ। ਪਹਾੜ ਜੇਡੇ ਕੁਕਰਮ ਮੇਰੇ ਸਾਹਮਣੇ ਆ ਖਲੋਤੇ ਤੇ ਸੋਚਾਂ ਸਤਿਗੁਰਾਂ ਬਖਸ਼ਨਾਂ ਨਹੀਂ। ਮੈਂ ਕਿਧਰ ਜਾਵਾਂਗਾ। ਏਡਾ ਵੱਡਾ ਗੁਨਾਹੀ। ਏਡਾ ਵੱਡਾ ਬੇਮੁਖ! ਕਿਵੇਂ ਬਖਸ਼ਨਗੇ? ਸੁਣਿਆ ਏ ਉਹ ਹਜ਼ਾਰਾਂ ਦੀ ਤਨਖ਼ਾਹ ਲਾਂਦੇ ਹਨ। ਮੇਰੇ ਪਾਸ ਪੈਸਾ ਵੀ ਨਹੀਂ। 'ਹੇ ਸਤਿਗੁਰੂ ਪ੍ਰਤਾਪ ਸਿੰਘ ਜੀ ਕੀ ਕਰਾਂ?' ਪਰ ਬੀਬੀ ਉਪਦੇਸ਼ ਤੇ ਬੜੀ ਕਿਰਪਾ ਏ। ਉਹ ਆਖੇ, ਪਿਤਾ ਜੀ! ਹੋਲੇ ਜ਼ਰੂਰ ਜਾਓ। 200/- ਮੈਂ ਦੇਂਦੀ ਹਾਂ। ਮੈਂ ਜੀਪ ਲੈਣ ਵਾਸਤੇ ਚਲਾ ਗਿਆ ਤੇ 60/- ਤੇਲ ਵਾਸਤੇ ਦੇ ਆਇਆ। ਪਰ ਸਾਥੀ

ਨਾ ਮੰਨੇ ਉਹ ਕਹਿਣ ਇਹ ਖ਼ਰਚਾ ਬਹੁਤਾ ਏ। ਹੁਣ ਬੜਾ ਪਛਤਾਇਆ 60 ਵੀ ਗਵਾ ਬੈਠਾਂ। ਪਰ ਬੀਬੀ ਜ਼ੋਰ ਮਾਰੇ 'ਪਿਤਾ ਜੀ! ਹੋਲੇ ਜ਼ਰੂਰ ਜਾਓ! ਮੈਂ 50/- ਇਕ ਸਹੇਲੀ ਪਾਸੋਂ ਲਿਆ ਕੇ ਦੇਂਦੀ ਹਾਂ। ਉਹ ਗਈ ਤੇ ਝਟਪਟ 50/- ਲੈ ਆਈ। ਇਤਨੇ ਨੂੰ ਦਰਿਆਉ ਸਿੰਘ ਵਕੀਲ ਗੱਡੀ ਦਾ ਮਾਲਕ ਆਇਆ ਤੇ ਸਾਥੀਆਂ ਦੀ ਢਿੱਲੀ ਮੱਠੀ ਸਲਾਹ ਵੇਖ ਸਾਈ ਮੋੜ ਗਿਆ ਤੇ ਮੈਂ ਅਮਰਾਸਰ ਰਵਾਨਾ ਹੋ ਗਿਆ।

ਜਾਂਦਿਆਂ ਈ ਗੁਰੂ ਕੇ ਲਾਲ ਪੰਡਿਤ ਗੋਪਾਲ ਸਿੰਘ ਦੇ ਦਰਸ਼ਨ ਹੋ ਗਏ। ਉਹ ਵੇਖ ਬੜੇ ਪ੍ਰਸੰਨ ਹੋਏ ਤੇ ਆਖਿਆ, 'ਸੁਰਜੀਤ ਸਿੰਘ ਫ਼ਿਕਰ ਨਾ ਕਰ। ਬਖਸ਼ ਬੰਦੀ ਕਰਾਵਾਂਗੇ।' ਦੀਵਾਨ ਵਿਚ ਗਿਆ ਤਾਂ ਪੰਡਤ ਜੀ ਕਿਹਾ 'ਵੇਖਦਾ ਕੀ ਏ? ਖਲੋ ਜਾ।' ਪਰ ਮੇਰੀਆਂ ਲੱਤਾਂ ਕੰਬਣ, ਦਿਲ ਧੜਕੇ। ਕਿਉਂਕਿ ਅੱਗੇ ਖਲੋਤਿਆਂ ਨੂੰ ਹਜ਼ਾਰ ਹਜ਼ਾਰ ਦੀ ਤਨਖ਼ਾਹ ਲੱਗ ਰਹੀ ਸੀ। ਮੈਥੋਂ ਖਲੋਤਾ ਨਾ ਗਿਆ। ਅਗਲੇ ਦਿਨ ਰਛਪਾਲ ਸਿੰਘ ਨਾਲ ਲਿਆਇਆ। ਆਸਾ ਦੀ ਵਾਰ ਦਾ ਸਮਾਂ ਸੀ। ਉਹ ਤਾਂ ਲੰਘ ਗਿਆ। ਪਰ ਮੇਰੀ ਵਾਰੀ ਆਈ ਤਾਂ ਦਰਵਾਜ਼ਾ ਬੰਦ ਹੋ ਗਿਆ। ਮੈਂ ਰਾਹ ਵਿਚ ਈ ਬਹਿ ਗਿਆ। ਮੇਰੀ ਦਸ਼ਾ ਇਹ ਸੀ ਕਿ ਸਾਹਮਣੇ ਠੰਡੇ ਜਲ ਦਾ ਗੜਵਾ ਪਿਆ ਨਜ਼ਰੀਂ ਆਵੇ ਤੇ ਤਰੇਹ ਵੀ ਲੱਗੀ ਹੋਵੇ ਪਰ ਮੇਰੇ ਹੱਥ ਗੜਵੇ ਤਕ ਨਾ ਪੁੱਜਣ, ਜੇ ਹੱਥ ਪੈਣ ਲੱਗੇ ਤਾਂ ਰੁਕ ਜਾਓ ਦੀ ਅਵਾਜ਼ ਆਵੇ। ਖ਼ੈਰ ਥੋੜ੍ਹਾ ਈ ਸਮਾਂ ਬੀਤਿਆ ਸੀ ਕਿ ਦਰਵਾਜ਼ਾ ਖੁੱਲ੍ਹ ਗਿਆ। ਮੈਂ ਉਠ ਅਰਜ਼ੀ ਰੱਖ ਮੱਥਾ ਟੇਕਿਆ। ਜਾਣੀ ਜਾਣ ਸਤਿਗੁਰੂ ਜੀ ਮੇਰੇ ਖੜਿਆਂ ਖੜਿਆਂ ਈ ਪੜ੍ਹ ਲਈ ਤੇ ਮਿਹਰਾਂ ਕਰ ਦਿੱਤੀਆਂ। ਬਖਸ਼ਸ਼ ਦੇ ਭੰਡਾਰੇ ਖੋਲ੍ਹ ਦਿੱਤੇ। ਮੇਰਾ ਜਨਮ ਜਨਮਾਂਤਰਾਂ ਦਾ ਕੋਹੜ ਦੂਰ ਕਰ ਦਿੱਤਾ। ਗੁਲਾਬ ਦੇ ਫੁੱਲ ਵਾਂਗੂੰ ਹੋਲਾ ਫੁਲ ਹੋ ਗਿਆ। ਘਰ ਨੂੰ ਮੁੜਿਆ। ਸਾਰੇ ਪਰਿਵਾਰ ਨੇ ਖ਼ੁਸ਼ੀਆਂ ਮਨਾਈਆਂ ਬੀਬੀ ਉਪਦੇਸ਼ ਜਾਮੇ ਵਿਚ ਫੁੱਲੀ ਨ ਸਮਾਏ।

**ਸੁਰਜੀਤ ਸਿੰਘ**

10-12-77

Sri Satguru Jagjit Singh Ji eLibrary NamdhariElibrary@gmail.com

## ਕੁਰਲਾਂਦੀ ਕੂੰਜ

**ਵਿਸਮਾਦੁ ਨਾਦ ਵਿਸਮਾਦੁ ਵੇਦ।**
**ਵਿਸਮਾਦੁ ਜੀਅ ਵਿਸਮਾਦੁ ਭੇਦ।**
**ਵਿਸਮਾਦੁ ਰੂਪ ਵਿਸਮਾਦੁ ਰੰਗ।**
**ਵਿਸਮਾਦੁ ਨਾਗੇ ਫਿਰਹਿ ਜੰਤ।**
**ਵਿਸਮਾਦੁ ਪਉਣ ਵਿਸਮਾਦੁ ਪਾਣੀ।**
**ਵਿਸਮਾਦੁ ਅਗਨੀ ਖੇਡਹਿ ਵਿਡਾਣੀ।**

ਮੰਡੀ ਦੇਵਪੁਰੀ ਹੈ। ਇਹ ਇੱਕ ਸੁਹਵਣਾ ਥਾਉਂ ਹੈ। ਇੱਥੇ ਨ ਬਹੁਤੀ ਸਰਦੀ, ਬਿਆਸਾ ਦੀ ਅਨੋਖੀ ਲੈਅ, ਨਿਰਛਲ ਤੇ ਸੂਧੇ ਪਹਾੜੀਏ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਾਨਦਾਰ ਗੁਰਦੁਆਰਾ, ਦਰਿਆ ਦੀ ਗੋਦੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਮਹਾਰਾਜ ਜੀ ਦਾ ਪਹਿਲੇ ਦਰਜੇ ਦਾ ਸਾਦਾ, ਵਿਸ਼ਰਾਮ ਅਸਥਾਨ, ਮਨਾਂ ਨੂੰ ਸੁੱਤੇ ਹੀ ਆਪਣੇ ਵਲ ਖਿੱਚਦੇ ਹਨ। ਇਨ੍ਹਾਂ ਸਭਨਾਂ ਤੋਂ ਵਿਸ਼ੇਸ਼ਤਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਦੇ ਭੌਰਿਆਂ ਦੀ ਸਤਿਜੁਗੀ ਸੰਗਤ, ਇਸ ਪਰਬਤੀ ਟੁਕੜੀ ਨੂੰ ਅਤਿ ਸੁਹਾਵਣਾ ਬਣਾਉਣ ਵਿਚ ਸਹਾਈ ਹੁੰਦੀ ਹੈ।

ਇਸ ਤੋਂ ਅੱਗੇ ਕੀ ਹੈ? ਸੱਪ ਵਾਂਗੂੰ ਵਲੇਵੇਂ ਖਾਂਦੀਆਂ ਨਦੀਆਂ, ਚੰਦੀ ਦੇ ਚਸ਼ਮੇ, ਅੱਖਾਂ ਨੂੰ ਚੁੰਧਿਆਉਣ ਵਾਲੀਆਂ ਝਾਲਾਂ ਉੱਚੀਆਂ ਚੀਲਾਂ ਸੁਗੰਧੀ ਭਰਪੂਰ ਦੇਉਦਾਰ, ਸੇਉਆਂ ਤੇ ਖੁਰਮਾਨੀਆਂ ਦਾ ਘਰ ਕੁੱਲੂ ਪਰਬਤਾਂ ਦੀ ਰਾਣੀ ਮੁਨਾਲੀ, ਠੰਡੇ ਤੇ ਗਰਮ ਕੁੰਡ ਜਿੱਥੇ ਪੰਜਾਂ ਮਿੰਟਾਂ ਪਿੱਛੋਂ ਭੋਜਨ ਤਿਆਰ ਬਰ ਤਿਆਰ। ਮੀਲਾਂ ਬੱਧੀ ਚਿੱਟੀਆਂ ਮਖ਼ਮਲੀ ਚਾਦਰਾਂ, ਜਿਹੜੀਆਂ ਸ਼ੈਲਾਨੀਆਂ ਦੇ ਮਨਾਂ ਦੀ ਮੈਲ ਨੂੰ ਧੋਣ ਲਈ ਪ੍ਰੇਰਨਾ ਦੇ ਰਹੀਆਂ ਹਨ। ਬ੍ਰਹਮੀ ਬੂਟੀ ਦੀਆਂ ਚਰਾਂਦਾਂ, ਆਪਣੇ ਪੀਲੇ ਫੁੱਲਾਂ ਨਾਲ ਪਾਂਧੀਆਂ ਦੇ ਤਪਦੇ ਹਿਰਦਿਆਂ ਨੂੰ ਬਿਨਾ ਫੀਸ ਠਾਰਦੀਆਂ ਚਲੀਆਂ ਜਾਂਦੀਆਂ ਹਨ। ਜਿੱਥੇ ਐਨਾ ਕੁਝ ਵਡਮੁੱਲਾ ਤੇ ਬੇਅੰਤ ਪਿਆ ਹੈ। ਉੱਥੇ ਬਿੱਛੂ ਬੂਟੀ ਸਾਵਧਾਨੀ ਨਾਲ ਟੁਰਨ ਦੀ ਤਾੜਨਾ ਕਰਦੀ ਹੈ। ਮਗਰ ਕੁਦਰਤ ਬੜੀ ਰੰਗੀਲੀ ਹੈ, ਭੁੱਲੇ ਪਾਂਧੀ ਨੂੰ ਮੁੜ ਰਾਹੇ ਪਾਉਣ ਵਾਸਤੇ ਪਾਲਕ ਕੋਲ ਹੀ ਵਿਛਾ ਰਖੀ ਹੈ। ਉਹ ਬਿੱਛੂ ਬੂਟੀ ਦੀ ਜਲਨ ਨੂੰ ਇਉਂ ਦੂਰ ਕਰ ਦੇਂਦੀ ਹੈ, ਜਿਵੇਂ ਬਾਣੀ ਕਲਜੁਗੀ ਤਪਿਆਂ ਨੂੰ ਠਾਰ ਦੇਂਦੀ ਹੈ। ਇਥੇ ਕੁਦਰ ਦੇ ਵਡਮੁੱਲੇ ਤੇ ਅਨੋਖੇ ਖਜ਼ਾਨੇ ਖੁੱਲ੍ਹੇ ਪਏ ਹਨ ਮਗਰ ਕੁਦਰਤ

Sri Satguru Jagjit Singh Ji eLibrary NamdhariElibrary@gmail.com

ਇੱਥੋਂ ਦੇ ਮਨੁੱਖ ਤੇ ਮਨੁੱਖ ਦੇ ਲਾਗੇ ਰਹਿਣ ਵਾਲਿਆਂ ਪਸ਼ੂਆਂ ਤੇ ਬੜੀ ਕਰੋਪ ਜਾਪਦੀ ਹੈ। ਜਿੰਨੀ ਇੱਥੇ ਕੁਦਰਤ ਵਿਚ ਅਮੀਰੀ ਹੈ, ਉਤਨੀ ਇੱਥੋਂ ਦੇ ਮਨੁੱਖ ਵਿਚ ਗ਼ਰੀਬੀ ਹੈ। ਵਿਚਾਰੇ ਗ਼ਰੀਬ, ਦਬੈਲ ਤੇ ਲਿੱਸੇ। ਗਊਆਂ ਵੀ ਬਕਰੀਆਂ ਤੁੱਲ ਹਨ। ਦੁੱਧ ਵੱਲੋਂ ਤਾਂ ਬਕਰੀਆਂ ਨਾਲੋਂ ਵੀ ਨਿਘਰੀਆਂ ਹੋਈਆਂ। ਦੋ ਸੇਰ ਦੁੱਧ ਦੇਣ ਵਾਲੀ ਗਊ ਦਾ ਮਾਲਕ ਆਪਣੇ ਆਪ ਨੂੰ ਭਗਵਾਨ ਸਮਝਦਾ ਹੈ। ਮਗਰ ਪ੍ਰਕਿਰਤੀ ਵਿਚ ਇੱਕ ਵਾਧਾ ਹੈ। ਜਿੱਥੇ ਕੋਈ ਵਸਦਾ ਹੈ, ਇਹ ਉਸਨੂੰ ਉੱਥੇ ਹੀ ਪ੍ਰਸੰਨ ਰਖਦੀ ਹੈ। ਗ਼ਰੀਬ ਪਹਾੜੀਏ ਤੇ ਸਾਦ ਮੁਰਾਦੇ ਲੌਹਲੇ ਤੇ ਛੱਜ ਛੱਜ ਲੀਰੀਂ ਤੇ ਨੰਗੀ ਪੈਰੀਂ ਸੁਹਲੇ ਗਾਉਂਦੇ ਸੁਣਾਈ ਦੇਂਦੇ ਹਨ ਅਤੇ ਆਪਣੀਆਂ ਚਮਕਦੀਆਂ ਅੱਖਾਂ ਨਾਲ ਸੈਲਾਨੀਆਂ ਨੂੰ ਪ੍ਰਸੰਨ ਕਰਦੇ ਜਾਂਦੇ ਹਨ। ਉਨ੍ਹਾਂ ਦੇ ਟੱਟੂ ਤੇ ਘੋੜੇ ਬਿਖੜੇ ਰਸਤਿਆਂ ਨੂੰ ਚੜ੍ਹਦੇ ਭਾਰ ਢੋਂਦੇ ਟੀਟਣੇ ਮਾਰਦੇ ਹਨ, ਜਿਹੜੀ ਕਿ ਮੈਦਾਨ ਦੇ ਰਾਤਬ ਖੋਰ ਅਰਾਕੀਆਂ ਤੋਂ ਆਸ ਨਹੀਂ ਕੀਤੀ ਜਾ ਸਕਦੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਇਨ੍ਹਾਂ ਨੌਰੰਗੀਆਂ ਨੂੰ ਵਖਾਉਣ ਦਾ ਸਾਡੇ ਵਾਸਤੇ ਬਹਾਨਾ ਪੈਦਾ ਕਰ ਦਿੱਤਾ। ਪੰਡਤ ਗੋਪਾਲ ਸਿੰਘ, ਡਾ: ਤ੍ਰਿਲੋਕ ਸਿੰਘ, ਤੁਰਨ ਸਿੰਘ ਵਹਿਮੀ, ਅਮਰ ਭਾਰਤੀ, ਸੰਤ ਗਿਆਨ ਸਿੰਘ, ਸੇਵਾ ਦੀ ਮੂਰਤੀ ਤੇ ਹਮਦਰਦੀ ਦੇ ਪੁਤਲੇ ਸੰਤ ਰਤਨ ਸਿੰਘ ਜੀ, ਸਤਿਗੁਰੂ ਜੀ ਦੀ ਹਜ਼ੂਰੀ ਸੇਵਾਦਾਰ, ਸੰਤ ਗੁਲਜ਼ਾਰ ਸਿੰਘ ਤੇ ਨਿਜੀ ਸਕੱਤਰ ਸ੍ਰ: ਗੁਰਦੇਵ ਸਿੰਘ, ਅਫਰੀਕਾ ਦੇ ਇੱਕ ਨੌਜਵਾਨ ਅਮਰੀਕ ਸਿੰਘ ਮੰਡੀ ਪੁੱਜ ਗਏ। ਇਨ੍ਹਾਂ ਤੋਂ ਵੱਖ ਸ੍ਰ: ਸਾਧੂ ਸਿੰਘ ਜਲੰਧਰ, ਸ੍ਰ: ਮਿਤ ਸਿੰਘ ਦਿੱਲੀ ਵੀ ਕੁੱਲੂ ਆ ਮਿਲੇ। ਇਨ੍ਹਾਂ ਤੋਂ ਛੁੱਟ ਮੰਡੀ ਦੇ 4 ਨੌਜਵਾਨ ਮਾਹੀ ਲਾਲ 4 ਦਿਨ ਗੁਜ਼ਾਰਨ ਵਾਸਤੇ ਪਹੁੰਚੇ ਹੋਏ ਸਨ, ਬਹੁਤ ਸਾਰਾ ਭਾਰ ਸੇਵਾ ਦਾ ਇਨ੍ਹਾਂ ਉਠਾਇਆ।

ਕੁੱਲੂ ਕੋਈ ਇੱਕ ਸਾਤਾ ਗੁਜ਼ਾਰਿਆ। ਖੁਸ਼ਨੁਮਾ ਵਾਦੀ, ਸਬਜਾਜਾਰ ਚਾਰ ਚੁਫੇਰੇ ਪਹਾੜੀਆਂ, ਠੰਡੀ ਠੰਡੀ ਸੁਖਾਵੀ ਪੌਣ ਸਿਹਤ ਵਾਸਤੇ ਚੰਗੀ ਹੈ। ਸਵੇਰ ਸਮੇਂ ਇੱਕ ਪੁਸਤਕ ਨੂੰ ਵਾਚਣਾ ਦੁਪਹਿਰ ਉਪਰੰਤ ਬਿਆਸੇ ਦੀਆਂ ਲਹਿਰਾਂ ਨਾਲ ਭਾਈਚਾਰਾ। ਅੱਧ ਪੌਣੇ ਘੰਟੇ ਦੀ ਜਲ-ਕ੍ਰੀੜਾ ਪਿੱਛੋਂ ਗ਼ਰੀਬ ਨਿਵਾਜ਼ ਜੀ ਦਾ ਵਗਦੇ ਜਲ ਵਿਚ ਇਕ ਵੱਡੇ ਸਾਰੇ ਪੱਥਰ ਤੇ ਆਸਣ ਵਿਛਾ ਨਾਮ ਸਿਮਰਨ, ਬਾਕੀ ਸੱਜਣਾਂ ਦਾ ਬਸਤਰ ਆਦਿ ਧੋ ਸਮਾਧੀਆਂ ਵਿਚ ਜੁੜ ਜਾਣਾ ਇਹੋ ਇੱਥੋਂ ਦਾ ਨਿਤ ਦਾ ਪ੍ਰੋਗਰਾਮ ਸੀ। ਗੁਰੂਆਂ ਪੀਰਾਂ ਦਾ ਠੀਕ ਇਹੋ ਕੰਮ ਕਰ ਰਿਹਾ ਹੈ ਕਿ ਚੰਗਾ ਖੁਆਣਾ ਪਿਆਣਾ, ਫਿਰ ਨਾਮ ਸਿਮਰਨ ਵੱਲ ਜੋੜਨਾ।

ਆਮ ਲੋਕ ਪਰਬਤ ਤੇ ਜਾ ਕੇ ਆਪਣੇ ਕੰਮ ਤੋਂ ਵਿਹਲੇ ਹੋ ਮੌਜ ਮੇਲਾ ਲੋਟਦੇ ਹਨ, ਪਰ ਸਤਿਗੁਰੂ ਜੀ ਤਾਂ ਆਪਣੇ ਕੰਮ ਨੂੰ ਪਹਿਲੇ ਨਾਲੋਂ ਵੀ ਤਗੜੇ ਹੋ ਕੇ ਲੱਗ ਪਏ, ਕੀ ਮਜਾਲ ਜੇ, 3॥ ਵੱਜਣ ਤੇ ਆਸਾ ਦੀ ਵਾਰ ਸ਼ੁਰੂ ਨਾ ਹੋ

ਜਾਵੇ। ਜੇ ਕਿਸੇ ਵੇਲੇ ਦਾਨ ਸਿੰਘ ਤੇ ਗਿਆਨ ਸਿੰਘ ਹੋਰੀਂ ਲੇਟ ਹੋ ਜਾਣ ਤਾਂ ਆਪ ਹੀ ਵਾਜੇ ਤੇ ਕਰ ਕਮਲਾਂ ਨਾਲ ਉਂਗਲਾਂ ਫੇਰ - 'ਅੰਮ੍ਰਿਤ ਭਿੰਨੇ ਲੋਇਣਾ, ਮਨ ਪ੍ਰੇਮ ਰਤੰਨਾ ਦੀ ਸੁਰ ਅਲਾਪ ਲੈਣੀ, ਉਡੀਕਣਾ ਨਹੀਂ। ਪਿਛਲੇ ਪਹਿਰ ਦਾ ਕੀਰਤਨ ਜੰਗਲੀ-ਆਰਾਮ-ਘਰ ਦੇ ਅਫ਼ਸਰਾਂ ਨੂੰ ਸੱਦਾ ਦੇਣੋਂ ਸੰਕੋਚ ਨਹੀਂ ਕਰਦਾ ਸੀ।

ਛੇਵੇਂ ਦਿਨ ਤੰਬੂ ਸ਼ੰਬੂ ਪੁਟ ਦਿੱਤੇ। ਗਊ ਪਿੱਛਾਂ ਮੋੜ ਦਿੱਤੀ ਤੇ ਸੇਵਕਾਂ ਨੂੰ ਮੁਨਾਲੀ ਰਾਤ ਜਾ ਰਹਿਣ ਦਾ ਹੁਕਮ ਹੋਇਆ। ਮਨਾਲੀ ਨੂੰ ਤਕ ਤਾਂ 'ਵਹਿਮੀ' ਜੀ ਦੀਵਾਨੇ ਹੋ ਗਏ। ਇੱਕੋ ਸਾਹੇ ਰਟਨ ਕਰੀ ਜਾਣ ਵਾਹ! ਮੁਨਾਲੀ ਕਰਮਾਂ ਵਾਲੀ ਵਾਹ-ਮੁਨਾਲੀ ਕਰਮਾਂ ਵਾਲੀ। ਸਵੇਰ ਸਾਰ ਪੰਜ ਵਜੇ ਤੋਂ ਪਹਿਲਾਂ ਗ਼ਰੀਬ ਨਿਵਾਜ਼ ਜੀ, ਹਜ਼ੂਰੀ ਸਿੰਘ ਨਾਲ ਆ ਦਰਸ਼ਨ ਦਿੱਤੇ ਤੇ ਸੰਗਤਾਂ ਜੈਕਾਰੇ ਛੱਡਦੀਆਂ ਰਾਹੁਲੇ ਵਾਸਤੇ ਬਸ ਤੇ ਜਾ ਸਵਾਰ ਹੋਈਆਂ। ਮੁਨਾਲੀ ਤੋਂ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ। ਮਗਰ ਰਾਹੁਲੇ ਤੋਂ ਪੈਦਲ ਚੜ੍ਹਨਾ ਪੈਂਦਾ ਹੈ। ਸੈਰ ਦਾ ਸਵਾਦ ਤਾਂ ਬਗਾਨੀ ਟੰਗੀਂ ਬਹੁਤਾ ਆਉਂਦਾ ਹੈ, ਮਗਰ ਆਪਣੀ ਟੰਗੀਂ ਜ਼ਰਾ ਖਿੱਚ ਪੈਂਦੀ ਹੈ। ਸਤਿਗੁਰੂ ਜੀ ਬੜੇ ਦਿਆਲ ਸਨ ਉਨ੍ਹਾਂ 40 ਸੰਨਿਆਂ ਅਤੇ ਸਾਮਾਨ ਵਾਸਤੇ ਘੋੜਿਆਂ ਦਾ ਬੰਦੋਬਸਤ ਕਰ ਦਿੱਤਾ। ਖ਼ੈਰ ਸਾਡੇ ਵਿੱਚੋਂ ਕੁਝ ਪੈਦਲ, ਕੁਝ ਘੋੜਿਆਂ ਤੇ ਠਿੱਲ ਪਏ। ਘੋੜੇ ਕਾਹਦੇ ਸਨ ਇਨ੍ਹਾਂ ਨੂੰ ਸ਼ੁਤਰ ਬੇਮੁਹਾਰ ਕਹਿਣਾ ਤਾਂ ਠੀਕ ਨਹੀਂ, ਘੋੜੇ ਬੇ-ਲਗਾਮ ਬੇ-ਰਕਾਬ। ਪੰਡਿਤ ਜੀ ਦੇ ਸਵਾਰ ਹੁੰਦਿਆਂ ਮਸਤਾਨਾ ਹੋ ਗਿਆ। ਲੱਗਾ ਏਧਰ ਓਧਰ ਕੁਦਾੜੇ ਮਾਰਨ, ਪੰਡਿਤ ਜੀ ਹੌਂਸਲਾ ਛੱਡ ਦਿੱਤਾ, ਹੇਠਾਂ ਉਤਰ ਆਏ, ਮੁੜ ਦੁਬਾਰਾ ਸਵਾਰ ਹੋਏ। ਸੰਗਤਾਂ ਚੜ੍ਹਦੀਆਂ ਗਈਆਂ, ਚੜ੍ਹਦੀਆਂ ਗਈਆਂ। ਇਹੋ ਜੇਹੇ ਸਮੇਂ ਤਾਂ ਸ੍ਰ: ਗੁਰਦੇਵ ਸਿੰਘ ਜੀ ਦਾ ਸਬਕ ਯਾਦ ਕਰ ਲੈਣਾ ਚਾਹੀਦਾ ਹੈ, ਜਿਹੜੇ ਆਖਦੇ ਸਨ:- 'ਪੈਰ ਨੂੰ ਪੈਰ ਨਾਲ ਜੋੜ ਕੇ ਰਖੋ।'

ਮੜ੍ਹੀ ਦਾ ਸਥਾਨ ਤੇ ਪੈਦਲ ਸੰਗਤਾਂ ਸਤਿਗੁਰਾਂ ਦੇ ਜਾ ਦਰਸ਼ਨ ਕੀਤੇ। ਮੜ੍ਹੀ ਤਕ ਤਾਂ ਪੰਡਿਤ ਜੀ ਉੱਕਾ ਹੀ ਦਿਲ ਛੱਡ ਦਿੱਤਾ ਤੇ ਆਖਣ ਲਗ ਪਏ:- 'ਮੈਂ ਤਾਂ ਗ਼ਰੀਬ ਨਿਵਾਜ਼ ਜੀ ਦੀ ਮੋਟਰ ਦੀ ਰਾਖੀ ਹੀ ਰਹਾਂਗਾ।' ਮਗਰ ਸੰਤ ਰਤਨ ਸਿੰਘ ਜੀ ਹਰ ਮਿਸਾਲੇ ਪਿਪਲਾ ਮੂਲ ਸਨ। ਕੋਈ ਐਸੀ ਗੋਲੀ ਦਿੱਤੀ ਪੰਡਿਤ ਜੀ ਮਿੰਟਾਂ ਵਿਚ ਤਿਆਰ ਬਰ ਤਿਆਰ ਹੋ ਘੋੜੇ ਤੇ ਸਵਾਰ ਹੋ ਗਏ। ਸ੍ਰੀ ਸਤਿਗੁਰੂ ਜੀ ਬਰਸਾਤੀ ਬੂਟ ਪਹਿਨ ਲਏ ਬੇ-ਲਗਾਮ ਘੋੜੇ ਤੇ ਸਵਾਰ ਹੋ ਅਗਵਾਈ ਆਰੰਭੀ।

ਸਤਿਗੁਰੂ ਜੀ ਦੀ ਦੇਹ ਵੇਖਣ ਨੂੰ ਤਾਂ ਬੜੀ ਹੌਲੀ ਜੇਹੀ ਤੇ ਕਮਜ਼ੋਰ ਮਾਲੂਮ ਹੁੰਦੀ ਹੈ, ਮਗਰ ਬਲ ਤੇ ਹਿੰਮਤ ਬਲਵਾਨ। ਘੋੜੇ ਤੇ ਥੋੜੇ ਹੀ ਗਏ ਸਨ ਕਿ ਘੋੜੇ ਨੂੰ ਛੱਡ ਪਰਬਤਾਂ ਨੂੰ ਚੀਰਨਾ ਸ਼ੁਰੂ ਕਰ ਦਿੱਤਾ। ਫੇਰ ਰਾਹ ਨਹੀਂ ਵੇਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗੂੰ ਉੱਡਾਰੀਆਂ ਹੀ ਲੱਗਦੀਆਂ ਵੇਖੀਆਂ। ਉਸ ਪਹਾੜੀ ਤੇ ਉਸ ਰਸਤੇ ਤੇ ਸਾਡੇ ਸਾਰਿਆਂ ਨਾਲੋਂ ਪਹਿਲਾਂ

Sri Satguru Jagjit Singh Ji eLibrary NamdhariElibrary@gmail.com

ਰੋਟਾਂਗ ਪੁੱਜ ਗਏ। ਮਗਰ ਅਸਾਂ ਸਰਦਾਰ ਗੁਰਦੇਵ ਸਿੰਘ ਦੀ ਸੰਥਾ ਨਹੀਂ ਭੁਲਾਈ।

ਜਦ ਅਸੀਂ ਰੋਟਾਂਗ ਪੁੱਜੇ ਤਾਂ ਗ਼ਰੀਬ ਨਿਵਾਜ਼ ਜੀ, ਪਿਸਤਾ ਸੌਗੀ ਖਾਜਾ ਤੇ ਛੁਹਾਰਿਆਂ ਦੇ ਗੱਫੇ ਲਵਾਉਣੇ ਆਰੰਭ ਦਿੱਤੇ ਤੇ ਕਈ ਢਿਲਕਿਆਂ ਮੂੰਹਾਂ ਨੂੰ ਵੇਖ ਕਹਿਣ ਲੱਗੇ - 'ਐਵੇਂ ਨਹੀਂ ਏਸ ਥਾਂ ਦਾ ਨਾਉਂ ਰੋਟਾਂਗ ਰਖਿਆ ਹੋਇਆ, ਏਥੇ ਆ ਕੇ ਟੰਗਾਂ ਰੋਣ ਲੱਗ ਪੈਂਦੀਆਂ ਹਨ।' ਪਕੇਰੀ ਉਮਰ ਵਾਲਿਆਂ ਦਾ ਸਤਿਗੁਰੂ ਜੀ ਪਕੇਰਾ ਧਿਆਨ ਰਖਦੇ ਤੇ ਹਰੇਕ ਨੂੰ ਪੁੱਛਦੇ ਕੋਈ ਤਕਲੀਫ਼ ਤਾਂ ਨਹੀਂ? ਅੱਗੋਂ ਸਭ ਠੀਕ ਦਾ ਉੱਤਰ ਮਿਲਦਾ ਸੀ। ਭਲਾ ਜਦ ਮਾਲਿਕ ਬਿਰਦੇ ਦਾ ਖ਼ਿਆਲ ਰੱਖੇ ਤਾਂ ਬਿਰਦੇ ਨੂੰ ਥਕੇਵਾਂ ਕਾਹਦਾ? ਵੈਸੇ ਰੋਟਾਂਗ ਵੇਖਣ ਵਾਲੀ ਥਾਂ ਹੈ। ਇਹ ਸਾਗਰ ਤਟ ਤੋਂ 13,050 ਫੁਟ ਉੱਚੀ ਹੈ। ਇੱਥੇ ਮੁਸਾਫਰਾਂ ਦੇ ਠਹਿਰਨ ਵਾਸਤੇ ਦੋ ਮਮੂਲੀ ਜਿਹੇ ਹੋਟਲ ਹਨ। ਹੋਟਲਾਂ ਨੂੰ ਵੇਖਣ ਦਾ ਕੋਈ ਲਾਭ ਨਹੀਂ, ਕੇਵਲ ਚੁਫੇਰੇ ਨਜ਼ਰ ਮਸਤਾਨੀ ਹੋਈ ਫਿਰਦੀ ਹੈ। ਸੱਜੇ ਖੱਬੇ, ਅੱਗੇ, ਪਿੱਛੇ, ਹੇਠਾਂ, ਉਪਰ, ਸਭ ਬਰਫ਼ ਹੀ ਬਰਫ਼ ਹੈ। ਜਦੋਂ ਦੁਪਹਿਰ ਪਿੱਛੋਂ ਪਰਬਤਾਂ ਨੂੰ ਛੁੰਹਦੀ ਪੌਣ ਸੈਲਾਨੀ ਨੂੰ ਲੱਗਦੀ ਹੈ ਤਾਂ ਇਕ ਵਾਰ ਤਾਂ ਪਾਂਧੀ ਠਠੰਬਰ ਜਾਂਦਾ ਹੈ। ਸਾਨੂੰ ਵੀ ਕੋਈ ਅਲੂੜਾਂ ਡਰਾਇਆ ਹੋਇਆ ਸੀ, ਉੱਥੇ ਪੈਰ ਧਰਨ ਦੀ ਥਾਂ ਹੈ। ਫੁਲ ਬੂਟ ਚਾਹੀਦੇ ਹਨ, ਜਰਸੀਆਂ ਦੀ ਲੋੜ ਪਵੇਗੀ, ਸੇਲੇ ਜ਼ਰੂਰੀ ਹਨ। ਛਤਰੀ ਬਿਨਾਂ ਗੁਜ਼ਾਰਾ ਨਹੀਂ ਭਾਰਤੀ ਜੀ, ਵਹਿਮੀ ਜੀ ਤੇ ਡਾਕਟਰ ਉਨ੍ਹਾਂ ਤੇ ਵਿਸ ਗਏ। ਮੁਨਾਲੀਓਂ ਸਮਾਨ ਖ਼ਰੀਦ ਲਿਆ। ਪਰ ਅਸੀਂ ਰੱਬ ਤੇ ਡੋਰੀ ਰੱਖ ਵਗੇ ਗਏ। ਇੱਥੇ ਅੱਗੇ ਸੰਤ ਰਤਨ ਸਿੰਘ ਤੇ ਕੁਝ ਸੱਜਣ, ਵਿਚਾਲੇ ਗ਼ਰੀਬ ਨਿਵਾਜ਼ ਜੀ, ਫਾਡੀ ਮੈਂ ਤੇ ਸ੍ਰ: ਮਿਤ ਸਿੰਘ ਅਤੇ ਸਭ ਤੋਂ ਪਿੱਛੇ ਸ੍ਰ: ਗੁਰਦੇਵ ਸਿੰਘ। ਇੱਥੇ ਅਸੀਂ ਕੋਈ ਡੇਢ ਮੀਲ ਬਰਫ਼ ਤੇ ਚਲੇ, ਘੋੜੇ ਤਾਂ ਵਾਹੋਦਾਰ ਖਹਿੰਦੇ ਟੀਟਣੇ ਮਾਰਦੇ ਜਾ ਰਹੇ ਹਨ, ਮਗਰ ਰਘਬੀਰ ਸਿੰਘ ਵਿਚਾਰਾ ਤਾਂ ਤਿਲਕ ਤਿਲਕ ਨਮਸਕਾਰਾਂ ਕਰ ਰਿਹਾ ਸੀ। ਇਕ ਵਾਰੀ ਤਾਂ ਸ੍ਰ: ਸਾਧੂ ਸਿੰਘ ਤੇ ਮਿਤ ਸਿੰਘ ਵੀ ਬਾਜ਼ੀ ਮਾਰਨੋਂ ਸੰਕੋਚ ਨ ਕੀਤੀ ਪਤਲੂਨ ਤੋਂ ਵਿਚਾਰੀ ਜਰਸੀ ਦਾ ਨੀਮ-ਇਸ਼ਨਾਨ ਹੋ ਗਿਆ ਤੇ ਉਨ੍ਹਾਂ ਵੀ ਠੰਡੀਆਂ ਮਿੱਠੀਆਂ ਬਰਫ਼ਾਂ ਦਾ ਸਵਾਦ ਚੱਖਿਆ। ਮਨ ਵਿਚ ਸੋਚਿਆ 'ਦੜ ਵਟ ਜਮਾਨਾਂ ਕੱਟ' ਜੇ ਉਖਲੀ ਸਿਰ ਦਿੱਤਾ ਏ ਤਾਂ ਦੋ-ਚਾਰ ਸੱਟਾਂ ਵੱਧ ਕੀ ਤੇ ਘੱਟ ਕੀ?

ਸ਼ੁਕਰ ਸ਼ੁਕਰ ਕਰਦੇ ਚਾਰ ਮੀਲ ਦੀ ਉਤਰਾਈ ਉਤਰੀ। ਲੱਤਾਂ ਚੀਕੂ ਚੀਕੂ ਕਰ ਰਹੀਆਂ ਸਨ। ਬਿਆਸਾ ਰਾਮ ਸਤ ਕੀਤੀ ਤੇ ਚੰਦਰ ਨਦੀ ਆ ਸਤਿ ਸ੍ਰੀ ਅਕਾਲ ਬੁਲਾਈ, ਪਹਾੜ ਦੇ ਚਰਨਾਂ ਵਿਚ ਅੱਧ ਮੀਲ ਗਏ ਹੋਵਾਂਗੇ ਕਿ ਸ੍ਰੀ ਸਤਿਗੁਰੂ ਜੀ ਸੰਤ ਗੁਲਜ਼ਾਰ ਸਿੰਘ ਜੀ ਦੇ ਦਰਸ਼ਨ ਹੋ ਗਏ।

ਸ੍ਰੀ ਸਤਿਗੁਰੂ ਜੀ ਤਾਂ ਇਸ਼ਨਾਨ ਕਰ ਨਿਤਨੇਮ ਅਰੰਭਿਆ ਤੇ ਵਹਿਮੀ ਜੀ, ਗੁਲਜ਼ਾਰ ਸਿੰਘ ਤੇ ਲੇਖਕ ਪੰਜ ਇਸ਼ਨਾਨੇ ਨਾਲ ਹੀ ਕੰਮ ਸਾਰ ਸਮਾਧੀਆਂ

Sri Satguru Jagjit Singh Ji eLibrary NamdhariElibrary@gmail.com

ਵਿਚ ਜੁੜ ਬੈਠੇ। ਜੁੜਨਾਂ ਤਾਂ ਕੁਦਰਤੀ ਸੀ, ਪਾਸਿਆਂ ਵਿੱਚੋਂ ਸੇਕ ਆ ਰਿਹਾ ਸੀ। ਮੇਰੀਆਂ ਅੱਖਾਂ ਤਾਂ ਊਂਘ ਰਹੀਆਂ ਸਨ, ਮਗਰ ਗੁਲਜ਼ਾਰ ਸਿੰਘ ਤਾਂ ਧਰਮ ਪੁੱਤਰੀ ਨਾਲ ਪੂਰਾ ਪਿਆਰ ਪਾ ਲਿਆ ਸੀ, ਜੇ ਇਕ-ਦੋ ਵਾਰੀ ਮੋਢਿਓਂ ਫੜ ਹਿਲਾਇਆ ਨਾ ਜਾਂਦਾ, ਤਾਂ ਸਾਡਾ ਨਿਤਨੇਮ ਵਿੱਚੇ ਰਹਿ ਜਾਣਾ ਸੀ ਤੇ ਗੁਲਜ਼ਾਰ ਸਿੰਘ ਪੰਜੀ ਫੁਟ ਰਿੜਦਿਆਂ ਥੱਲੇ ਜਾ ਆਰਾਮ ਕਰਨਾ ਸੀ, ਪਰ ਸਤਿਗੁਰੂ ਜੀ ਆਪਣੇ ਸੇਵਕ ਦੀ ਮਾਲਾ ਨਾਲ ਹੀ ਲਾਜ ਰਖੀ ਗਏ।

ਕੋਕਸਰ ਚੰਦਰ ਦੇ ਕੰਢੇ ਤੇ ਹੈ, ਇਹ ਸਾਗਰ ਤਲ ਤੋਂ 10,200 ਫੁਟ ਹੈ ਅਤੇ ਰੋਟਾਂਗ ਤੋਂ 3000 ਫੁਟ ਹੇਠਾਂ ਇੱਥੇ ਸਰਕਾਰੀ ਬੰਗਲੇ ਹਨ। ਸ੍ਰ: ਸਾਧੂ ਸਿੰਘ ਜਾ ਕੇ ਬੰਗਲੇ ਦਾ ਪ੍ਰਬੰਧ ਕਰ ਲਿਆ ਤੇ ਸ੍ਰ: ਮਿਤ ਸਿੰਘ, ਪੰਡਿਤ ਜੀ, ਭਾਰਤੀ ਜੀ ਤੇ ਦਾਨ ਸਿੰਘ ਹੋਰਾਂ ਪੂਰਾ ਪੂਰਾ ਲਾਭ ਉਠਾਇਆ। ਜਦ ਅਸੀਂ ਪੁੱਜੇ ਤਾਂ ਸਵਾਏ ਸੰਤ ਰਤਨ ਸਿੰਘ ਹੋਰਾਂ ਦੇ ਕੋਈ ਨਜ਼ਰੀਂ ਨਾ ਆਇਆ ਕੁਝ ਮੰਜਿਆਂ ਤੇ ਕੁਝ ਮੰਜਿਆਂ ਹੇਠਾਂ ਮੂੰਹ ਸਿਰ ਵਲੇਟੀ ਗੁੱਛੂ ਮੁੱਛੂ ਨਜ਼ਰੀਂ ਆਏ। ਡਾ: ਤ੍ਰਿਲੋਕ ਸਿੰਘ ਜੀ ਬਾਹਰ ਬਰਾਂਡੇ ਦੀ ਗੁਠੇ ਹੀ ਲਗੇ ਪਏ ਸਨ। ਮਾਲੂਮ ਹੁੰਦਾ ਸੀ ਕਿ ਬੁਖਾਰ ਉਨ੍ਹਾਂ ਦੀ ਨਬਜ਼ ਵੇਖ ਰਿਹਾ ਹੈ, ਪਰ ਡਾ: ਜੀ ਵੀ ਪੂਰੇ ਹਜ਼ਰਤ ਨਿਕਲੇ ਲੋਕਾਂ ਨੂੰ ਤਾਂ ਕੌੜੀਆਂ ਕੁਸੈਲੀਆਂ ਦਵਾਈਆਂ ਦੇਂਦੇ ਹਨ ਆਪ ਗਰਮ ਪਾਣੀ ਵਿਚ ਸਤ ਪਾ ਨਿੰਬੂ ਨਿਚੋੜ ਬੁਖਾਰ ਨੂੰ ਝਾਂਸਾ ਦੇ ਗਏ ਸੰਤ ਰਤਨ ਸਿੰਘ ਜੀ ਸੇਵਾ ਦੀ ਮੂਰਤੀ ਸਨ ਸਵੇਰੇ ਇਕ ਵਜੇ ਤੋਂ ਜਾਗੇ, ਸਾਥੀਆਂ ਨਾਲ ਪੈਦਲ 10 ਮੀਲ ਪੈਂਡਾ ਫਿਰ ਲੰਗਰ ਦੀ ਸੇਵਾ। ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਦਾ ਸਿੱਟਾ ਸੀ ਕਿ ਉਨ੍ਹਾਂ ਪਾਸੋਂ ਇਹ ਕਾਰ ਲਈ। ਉਥੋਂ ਦੇ ਐਕਸ.ਸੀ.ਐਨ. ਸਾਹਿਬ ਬੜੇ ਦਿਆਲ ਸਨ। ਉਨ੍ਹਾਂ ਰੈਸਟ ਰੂਮਾਂ ਤੋਂ ਇਲਾਵਾ ਦਫ਼ਤਰ ਦੀਆਂ ਚਾਬੀਆਂ ਸੌਂਪ ਸਤਿਗੁਰਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਇੱਥੇ ਸੰਗਤਾਂ ਰਜਵੇਂ ਪ੍ਰਸ਼ਾਦੇ ਛੱਕੇ। ਦੁੱਧ ਦਾ ਨਾਉਂ ਕੀ ਲੈਣਾ ਸੀ, ਦੁੱਧ ਦੇ ਸਤ ਦੇ ਚਾਹਟੇ ਬਣਾ ਬਣਾ ਖ਼ੂਬ ਗਹਿਰੇ ਗੱਫੇ ਲਾਏ ਤੇ ਲੰਮੀਆਂ ਤਾਣ ਸੌਂ ਗਏ।

ਇਹ ਸੈਲਾਨੀ ਤਾਂ ਚਾਹੁੰਦੇ ਸਨ ਕਿ ਸ਼ਾਲਾ! ਅੱਜ ਸੂਰਜ ਦੀ ਟਿੱਕੀ ਨਾ ਹੀ ਨਿਕਲੇ, ਮਗਰ ਧਨ ਹਨ ਗੁਰਾਵਤਾਰ ਜਿਹੜੇ ਆਪਣੀ ਮਰਿਯਾਦਾ ਨਹੀਂ ਛੱਡਦੇ। ਤਿੰਨ ਨਹੀਂ ਵੱਜੇ ਹੋਣੇ ਕਿ ਵਾਰੇ ਦਾ ਹੁਕਮ ਹੋ ਗਿਆ। ਸੰਤ ਰਤਨ ਸਿੰਘ ਜੀ ਗਰਮ ਜਲ ਦਾ ਪਹਿਲਾਂ ਹੀ ਪ੍ਰਬੰਧ ਕਰ ਦਿੱਤਾ ਹੋਇਆ ਸੀ, ਵਾਰੇ ਉਪਰੰਤ ਲੰਗਰ ਛਕਿਆ ਤੇ ਕੀਲਿੰਗ ਜਾਣ ਦਾ ਪ੍ਰੋਗਰਾਮ ਬਣਿਆ। ਕੀਲਿੰਗ ਕੋਕਸਰ ਤੋਂ 27 ਮੀਲ ਤੇ ਹੈ। ਕੇਵਲ ਇੱਕ ਜੀਪ ਦਾ ਪ੍ਰਬੰਧ ਹੋਇਆ, ਇਸ ਵਾਸਤੇ ਅਧਿਆਂ ਸਰੀਰਾਂ ਦੇ ਜਾਣ ਦਾ ਪ੍ਰੋਗਰਾਮ ਬਣਿਆ।

ਹਰੇਕ ਕੰਮ ਵਾਸਤੇ ਆਪਣੀ ਆਪਣੀ ਰੁਚੀ ਹੁੰਦੀ ਹੈ। ਪੇਟੂ ਨੂੰ ਲੀਚੀਆਂ ਖੁਰਮਾਨੀਆਂ ਚੰਗੀਆਂ ਲੱਗਦੀਆਂ ਹਨ, ਦਰਸ਼ਕਾਂ ਨੂੰ ਦ੍ਰਿਸ਼ਾਂ ਦੀ ਭੁੱਖ ਹੁੰਦੀ ਹੈ, ਗੱਪੀ ਗਪੌੜ ਸੰਖ ਵਜਾ ਵਜਾ ਮਨ ਰਾਜ਼ੀ ਕਰਦਾ ਹੈ, ਮਗਰ ਮਹਾਂ ਪੁਰਸ਼

Sri Satguru Jagjit Singh Ji eLibrary NamdhariElibrary@gmail.com

ਵਿਚਰਨ ਭਾਵੇਂ ਕਿਤੇ, ਨਿਸ਼ਾਨਾ ਉਨ੍ਹਾਂ ਦਾ ਜੀਅ ਦਾਨ ਦੇਣਾ ਹੀ ਹੁੰਦਾ ਹੈ। ਖ਼ੈਰ ਸਾਡੀ ਜੀਪ ਚੰਦਰ ਨਦੀ ਦੇ ਕੰਢੇ ਕੰਢੇ ਪੈਂਡੇ ਨੂੰ ਚੀਰਨ ਲੱਗ ਪਈ। ਅਸੀਂ ਖੱਡਾਂ ਤੇ ਪਾਗ਼ਲ ਨਾਲਿਆਂ ਨੂੰ ਉਲੰਘਦੇ ਚੰਦਰ ਦੇ ਭਾਗਾਂ ਦੇ ਮੇਲ ਸਥਾਨ ਤੇ ਪੁੱਜ ਗਏ। ਥਾਓ ਬੜਾ ਸੁਹਾਵਣਾ ਸੀ, ਇਸ ਗੱਲ ਦੀ ਵੀ ਖ਼ੁਸ਼ੀ ਹੋ ਰਹੀ ਸੀ ਕਿ ਇਸ ਸਮੇਂ ਵਿਚ ਵੀ ਇਹ ਭਾਗਾਂ ਵਾਲੀਆਂ ਇਕੱਠੀਆਂ ਹੋ ਵਹਿਣਾ ਪਸੰਦ ਕਰਦੀਆਂ ਹਨ, ਨਹੀਂ ਤਾਂ ਅੱਜ-ਕੱਲ੍ਹ ਭਾਊ ਨਾਲ ਭਾਊ ਕਦਮ ਮਿਲਾ ਕੇ ਰਾਜ਼ੀ ਨਹੀਂ ਹੁੰਦਾ। ਅੱਗੇ ਅਸੀਂ ਰੁੱਖਾਂ ਵਿਚ ਲੁੱਕੀ ਉਸ ਵਸਤੀ ਤੇ ਪੁੱਜ ਗਏ, ਮੇਰੇ ਖ਼ਿਆਲ ਵਿਚ ਜਿੱਥੇ ਪੁੱਜਣ ਵਾਸਤੇ, ਇਸ ਮਾਹੀ ਨੇ, ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਪਰਬਤਾਂ ਨੂੰ ਚੀਰਦੇ ਮਾਈ ਭਾਗ ਭਰੀ ਨੂੰ ਖ਼ੁਸ਼ੀਆਂ ਦੇਣ ਗਏ ਸਨ, ਤਿਵੇਂ ਵਿਛੜੀ ਕੂੰਜ ਨੂੰ ਅੰਮ੍ਰਿਤ ਦਰਸ ਦੇ ਨਿਹਾਲ ਕਰਨ ਹਿਤ ਇਹ ਸਾਰਾ ਕੌਤਕ ਰਚਿਆ ਸੀ।

ਕੀਲਿੰਗ ਇਕ ਸਬ ਡਵੀਜਨ ਹੈ। ਇੱਥੇ ਸਰਕਾਰੀ ਖਜ਼ਾਨਾ ਹੈ। ਇਕ ਨਰਸਰੀ ਹੈ, ਇਕ ਦਸਤਕਾਰੀ ਟਰੇਨਿੰਗ ਸੈਂਟਰ ਹੈ। ਇੱਥੇ ਵਿਦਿਆਰਥੀਆਂ ਨੂੰ ਉਨ ਰੰਗਣ, ਕੱਤਣ ਤੇ ਬੁਨਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇੱਥੇ ਬਰਫ਼ ਤਾਂ ਭਾਵੇਂ ਫੁਟਾਂ ਦੀ ਫੁਟ ਪੈ ਜਾਵੇ, ਮਗਰ ਮੀਂਹ ਵੱਲੋਂ ਸਿਰਸਾ ਹੀ ਹੈ। ਗ਼ਰੀਬ ਨਿਵਾਜ਼ ਜੀ ਟਰੇਨਿੰਗ ਸੈਂਟਰ ਨੂੰ ਵੇਖਣ ਵਾਸਤੇ ਗਏ। ਉੱਥੇ ਇੱਕ ਗੱਭਰੂ ਮਿਲਿਆ, ਜਿਸ ਦੇ ਸਿਰ ਤੇ ਲਾਲ ਚੀਰਾ ਤੇੜ ਪਤਲੂਨ ਸੀ। ਪਹਿਲਾਂ ਤਾਂ ਉਹ ਸਿੱਧੀਆਂ ਪੱਗਾਂ ਵਾਲਿਆਂ ਨੂੰ ਤਕ ਕੇ ਚਕ੍ਰਿਤ ਜਿਹਾ ਹੋ ਗਿਆ ਕਿ ਇਹ ਚਿੱਟ ਕਪੜੀਏ ਕਿੱਥੋਂ ਆ ਗਏ। ਮਗਰ ਸਾਨੂੰ ਵੇਖਣ ਨਾਲ ਉਸ ਨੂੰ ਆਪਣਾ ਪਿੱਛਾ ਯਾਦ ਆ ਗਿਆ ਕਿ ਇਹ ਤਾਂ ਉਹ ਹੀ ਹਨ ਜਿਨ੍ਹਾਂ ਦੇ ਸਿਰਤਾਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ, ਜਿਨ੍ਹਾਂ ਮੈਨੂੰ ਨਰਕੋਂ ਕੱਢਣ ਦਾ ਪਰ-ਉਪਕਾਰ ਕੀਤਾ ਸੀ। ਮਗਰ ਮੁੜ ਸਮੇਂ ਨੇ ਧਕ ਕੇ ਉਸ ਖੂਹ ਵਿਚ ਸੁਟ ਦਿੱਤਾ ਹੈ, ਜਿੱਥੋਂ ਜੀਆ ਦਾਨ ਬਖਸ਼ਣ ਵਾਲੇ ਨੇ ਧਰੂਇਆ ਸੀ। ਬਾਹਰ ਰਹਿਣ ਕਰਕੇ ਸਮੇਂ ਦੇ ਸਤਿਗੁਰੂ ਦੇ ਦਰਸ਼ਨ ਤੋਂ ਵਾਂਝਿਆ ਸੀ। ਜਦੋਂ ਪਤਾ ਲੱਗਾ ਕਿ ਵੇਲੇ ਦੇ ਹਾਕਮ ਸਾਹਮਣੇ ਦਰਸ਼ਨ ਦੇ ਰਹੇ ਹਨ, ਤਾਂ ਅੱਖਾਂ ਵਿਚ ਪ੍ਰੇਮ ਹੰਝੂ ਵਹੀਰਾਂ ਘਤ ਟੁਰੇ। ਤੇ ਜੋਗਿੰਦਰ ਸਿੰਘ ਨੇ ਅਰਜ਼ ਕੀਤੀ - ਗ਼ਰੀਬ ਨਿਵਾਜ਼ ਜੀ ਘਰ ਚਰਨ ਪਾਓ। ਸੱਚੇ ਪਾਤਸ਼ਾਹ ਗਏ ਹੀ ਉਸ ਦੇ ਵਾਸਤੇ ਸਨ। ਸਤਿਗੁਰੂ ਜੀ ਬੜੇ ਠਰੰਮੇ ਨਾਲ ਪੁੱਛਿਆ:-

'ਕਾਕਾ! ਮਾਸ ਤਾਂ ਨਹੀਂ ਖਾਂਦਾ?'

'ਸੱਚੇ ਪਾਤਸ਼ਾਹ! ਕੁਰਾਹੇ ਪੈ ਗਿਆ ਹਾਂ ਸਰਦੀਆਂ ਬੜੀਆਂ ਹਨ। ਖਾਏ ਬਿਨਾਂ ਜੀਉਣਾ ਮੁਸ਼ਕਲ ਜਾਪਦਾ ਏ।'

'ਤੇਰੇ ਘਰ ਨਹੀਂ ਜਾਣਾ ਤੂੰ ਖਾਣ ਪੀਣ ਲੱਗ ਪਿਆ ਏ।' ਪਰ ਪੰਡਿਤ ਜੀ ਸਹਿਜੇ ਕਿਹਾ, ਜੋਗਿੰਦਰ ਸਿੰਘ ਹੁਣ ਛੱਡ ਦੇ।' ਸਤਿ ਬਚਨ ਪਰ ਚਰਨ ਜ਼ਰੂਰ ਪਾਓ।'

Sri Satguru Jagjit Singh Ji eLibrary NamdhariElibrary@gmail.com

ਇਹ ਕਹਿ ਜੋਗਿੰਦਰ ਸਿੰਘ ਅੱਗੇ ਅੱਗੇ ਟੁਰ ਪਿਆ ਤੇ ਅਸੀਂ ਸਾਰੇ ਉਸ ਦੇ ਘਰ ਵਲ ਟੁਰ ਪਏ।

ਜਦ ਉਸਦੀ ਸਿੱਖਣੀ, ਬੀਬੀ ਕਰਤਾਰ ਕੌਰ, ਪੁੱਤਰੀ ਸੰਤ ਸੇਵਾ ਸਿੰਘ ਕੰਗ, ਜ਼ਿਲ੍ਹਾ ਗੁਰਦਾਸਪੁਰ ਨੇ ਸੋ ਸੁਣੀ, ਤਾਂ ਉਹ ਵਿਚਾਰੀ ਬੌਰੀ ਹੋ ਗਈ। ਹੰਝੂਆਂ ਨੇ ਵੇਖਣ ਸ਼ਕਤੀ ਦਾ ਰਾਹ ਰੋਕ ਲਿਆ। ਇਕ ਨੀਲੀ ਜੇਹੀ ਚਾਦਰ ਵਿਛਾਉਣ ਲੱਗ ਪਈ! ਸੱਚੇ ਪਾਤਸ਼ਾਹ ਉਹ ਚਾਦਰ ਪਰੇ ਕਰ, ਇਕ ਸਾਦੇ ਕਪੜੇ ਤੇ ਸ਼ਸ਼ੋਭਤ ਹੋ ਗਏ। ਬੀਬੀ ਦੇ ਅੰਦਰ ਜੋ ਖ਼ੁਸ਼ੀ ਦਾ ਸ਼ੋਮਾ ਫਟਿਆ ਸੀ, ਉਹ ਹੱਦਾਂ ਤੋਂ ਬਾਹਰ ਹੋ ਕੇ ਵਹਿਣ ਲੱਗਾ। ਜੋਗਿੰਦਰ ਸਿੰਘ ਸ਼ਰਧਾ ਅਨੁਸਾਰ ਭੇਟਾ ਰਖੀ ਤੇ ਅਰਜ਼ ਕੀਤੀ:-

'ਪਿਛਲੇ ਔਗਣ ਬਖਸ਼ੋ, ਅੱਗੇ ਤੇ ਮਾਰਗ ਪਾਵੋ।'

'ਕਾਕਾ! ਬਖਸ਼ਣ ਵਾਲੇ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਹਨ। ਅੱਗੋਂ ਨਾ ਖਾਈਂ।'

ਗ਼ਰੀਬ ਨਿਵਾਜ਼! ਉਨ੍ਹਾਂ ਦੀ ਹਜ਼ੂਰੀ ਵਿਚ ਹੀ ਮੇਰਾ 1958 ਵਿਚ ਅੰਮ੍ਰਿਤਸਰ ਅਨੰਦ ਹੋਇਆ ਸੀ।

ਸੰਗਤ ਤੋਂ ਵਿਛੜਨ ਕਰਕੇ ਸਭ ਕਝ ਭੁਲ ਹੀ ਬੈਠਾ ਹਾਂ।

'ਭਜਨ ਪੁੱਛਿਆ ਹੋਇਆ?'

'ਨਹੀਂ ਮਹਾਰਾਜ ਜੀ।'

ਮਗਰ ਬੀਬੀ ਕਰਤਾਰ ਕੌਰ ਲਾਗਿਓਂ ਬੋਲ ਉਠੀ, ਜੀ ਪੁੱਛਿਆ ਹੋਇਆ ਨੇ ਅਨੰਦ ਵੇਲੇ ਜੁ ਦੱਸਿਆ ਗਿਆ ਸੀ 'ਜੀ ਹਾਂ, ਉਹ ਤਾਂ ਮਿਲਿਆ ਹੋਇਆ ਹੈ।'

ਚੰਗਾ ਫਿਰ ਤਗੜਾ ਹੋ, ਮਾਲਾ ਫੇਰਿਆ ਕਰ, ਇਹ ਭਜਨ ਹੀ ਇਸ ਯੁੱਗ ਵਿਚ ਸਭ ਦੁੱਖਾਂ ਦਾ ਇੱਕੋ ਇਲਾਜ਼ ਹੈ।

'ਤੁਸੀਂ ਕਿਰਪਾ ਕਰੋ।'

'ਤੂੰ ਤਗੜਾ ਹੋ ਕਿਰਪਾ ਸਤਿਗੁਰੂ ਜੀ ਕਰਨਗੇ।

'ਬੀਬੀ! ਚੂੜੀਦਾਰ ਸੁੱਥਣ ਹੈਈ?'

ਹਾਂ ਗ਼ਰੀਬ ਨਿਵਾਜ਼! ਬੀਬੀ ਨੇ ਅੱਥਰੂ ਪੂੰਝਦਿਆਂ ਕਿਹਾ!'

'ਪਾਠ ਕਰਦੀ ਹੁੰਦੀ ਏ?'

'ਹਾਂ ਸੱਚੇ ਪਾਤਸ਼ਾਹੋ!'

'ਅਰਦਾਸ ਆਉਂਦੀ ਆ!'

ਪੰਡਿਤ ਜੀ! ਅਰਦਾਸ ਵਿਚ ਸੱਚੇ ਪਾਤਸ਼ਾਹ ਜੀ ਦਾ ਨਾਉਂ ਲਿਖ ਦਿਉ।' ਪੰਡਿਤ ਜੀ ਗੁਟਕੇ ਵਿਚ ਅਰਦਾਸ ਵਿਚ ਵੀ ਇਹ ਵਾਧਾ ਕਰ ਦਿੱਤਾ। 'ਧੰਨ ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਜਿਨ੍ਹਾਂ ਕਲਿਜੁਗ ਵਿਚ ਸੁੱਚ, ਸੋਧ, ਨਾਮ-ਬਾਣੀ ਦਾ ਪ੍ਰਵਾਹ ਦਿੱਤਾ ਚਲਾਏ।'

ਜਦ ਸਤਿਗੁਰੂ ਜੀ ਤੁਰਨ ਲੱਗੇ ਤਾਂ ਕਰਤਾਰ ਕੌਰ ਦਾ ਵੈਰਾਗ ਠਲਿਆ

Sri Satguru Jagjit Singh Ji eLibrary NamdhariElibrary@gmail.com

ਨਾ ਜਾਵੇ। ਕੂੰਜ ਵਾਂਗ ਕੁਰਲਾ ਉੱਠੀ। ਭਰਿਆ ਦਿਲ ਉਛਾਲਾ ਮਾਰ ਬਾਹਰ ਵਹਿ ਟੁਰਿਆ। ਬੋਲੀ ਜਾਵੇ, ਤੁਸੀਂ ਧੰਨ ਹੋ ਮੈਂ ਗ਼ਰੀਬਣੀਂ ਖ਼ਾਤਰ ਪਰਬਤਾਂ ਨੂੰ ਚੀਰਨ ਵਾਲੇ! ਮਿਹਰਾਂ ਦੇ ਦਾਤਿਓ! ਤੁਸੀਂ ਧੰਨ ਹੋ ਮੇਰੇ ਹਿਰਦੇ ਦੀ ਅੱਗ ਤੇ ਸੀਤਲ ਜਲ ਪਾਣ ਵਾਲੇ। ਕਈ ਰਾਤਾਂ ਤੋਂ ਨੀਂਦ ਨਹੀਂ ਸੀ ਪੈਂਦੀ। ਦਿਨੇ ਵੀ ਚੈਨ ਨਹੀਂ ਆਉਂਦਾ। ਜਦ ਤੋਂ ਇਹ ਖਾਣ ਪੀਣ ਲੱਗ ਪਏ, ਮਨ ਵਿਚ ਹੌਲ ਉਠਦਾ ਸੀ ਅਤੇ ਅਰਜ਼ਾਂ ਕਰਦੀ ਸੀ, ਸਤਿਗੁਰੂ ਪ੍ਰਤਾਪ ਸਿੰਘ ਕੀ ਭਾਣਾ ਵਰਤਿਆ! ਮਾਪਿਆਂ ਇਨ੍ਹਾਂ ਲੜ ਲਾਇਆ। ਇਨ੍ਹਾਂ ਖ਼ਾਤਰ ਘਰ ਛੱਡਿਆ। ਇਹ ਹੰਸਾਂ ਨੂੰ ਛੱਡ ਕਾਂਵਾਂ ਵਿਚ ਜਾ ਰਲੇ। ਹੁਣ ਕਿਧਰ ਜਾਵਾਂ? ਕੀ ਕਰਾਂ? ਕਿੱਥੇ ਮਰਾਂ? ਮਾਪੇ ਨਾ ਸਹੁਰੇ ਕਿਦੇ ਅੱਗੇ ਦਿਲ ਦੀ ਹਵਾੜ ਕੱਢਾਂ? ਦੇਸ਼ੋਂ ਪ੍ਰਦੇਸ਼। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਚੋਦੜੀਆਂ ਕਰਦੀ ਸਾਂ। ਸੁਖਣਾ ਸੁਖਦੀ ਸਾਂ, ਮੁੜ ਔਸੀਆਂ ਪਾਂਦੀ ਸਾਂ। ਕਾਂ ਵੀ ਉਡਾਂਦੀ ਸਾਂ। ਫਿਰ ਸੋਚਦੀ ਸਾਂ। ਇਹ ਕਲਿਜੁਗ ਏ। ਇੱਥੇ ਕਿਸ ਆਉਣਾ ਏ। ਕਿੱਥੇ ਸ੍ਰੀ ਭੈਣੀ ਸਾਹਿਬ ਕਿੱਥੇ ਇਹ ਲੌਹਲਿਆਂ ਦੀ ਧਰਤੀ। ਰਾਹ ਵਿਚ ਪਰਬਤ ਨਾਲੇ। ਉਹ ਸਮੇਂ ਬੀਤ ਗਏ, ਜਦ ਗੁਰੂ ਪੀਰ ਭਗਤਾਂ ਖ਼ਾਤਰ ਆ ਦਰਸ਼ਨ ਦੇ ਮਨੋਂ ਕਾਮਨਾਵਾਂ ਪੂਰੀਆਂ ਕਰਿਆ ਕਰਦੇ ਸਨ। ਮੈਂ ਕੀਰਨੇ ਪਾਂਦੀ ਵਿੱਚੇ ਸੜ ਮਰਾਂਗੀ। ਪਰ ਨਹੀਂ। ਵਾਹ ਸਤਿਗੁਰੂ! ਤੂੰ ਸੱਚਾ ਸਤਿਗੁਰੂ! ਤੂੰ ਕਲਜੁਗ ਦਾ ਸੱਚਾ ਅਵਤਾਰ! ਤੂੰ ਅੰਤਰਜਾਮੀ ਤੇ ਘਟਿ ਘਟਿ ਜਾਨਣਹਾਰ! ਤੂੰ ਪੱਥਰਾਂ ਵਿਚ ਵਸਦੇ ਕੀੜੇ ਨੂੰ ਰੋਜੀ ਪਹੁੰਚਾਣ ਵਾਲਾ। ਤੇਰੇ ਦਰਸ਼ਨ ਦੱਸਦੇ ਹਨ ਕਿ ਤੂੰ ਉਹੀ ਹੈ, ਜਿਸ ਨੇ ਤਰੇਤੇ ਵਿਚ ਪੱਥਰ ਅਹਿਲਿਆ ਨੂੰ ਚਰਨ ਛੂ ਬਖਸ਼ ਪਾਰ ਉਤਾਰਾ ਕੀਤੀ ਸੀ! ਤੂੰ ਉਹੀ ਮੁਰਲੀ ਮਨੋਹਰ ਹੈ ਜਿਸ ਕੁਰਲਾਂਦੀ ਦਰੋਪਦੀ ਦੀ ਸਭਾ ਵਿਚ ਲਾਜ ਰੱਖੀ ਸੀ। ਤੂੰ ਉਹੀ ਬੀਬੀ ਨਾਨਕੀ ਦਾ ਵੀਰ ਹੈ ਜਿਸ ਨੇ ਭੈਣ ਦੀ ਮਿੱਠੀ ਯਾਦ ਤੇ ਕੁਹ ਕਾਫਾਂ ਨੂੰ ਚੀਰ ਸੁਲਤਾਨਪੁਰ ਆ ਦਰਸ਼ਨ ਦਿੱਤੇ ਸਨ। ਤੁਸੀਂ ਉਹੋ ਮੀਰੀ ਪੀਰੀ ਦੇ ਮਾਲਿਕ ਹੋ, ਜਿਨ੍ਹਾਂ ਪਰਬਤ ਟੱਪ ਮਾਈ ਭਾਗ ਭਰੀ ਦਾ ਲਗੂਣਾ ਖੱਦਰ ਲਾ ਚੋਲਾ ਪ੍ਰਵਾਨ ਕੀਤਾ ਸੀ! ਤੁਸੀਂ ਉਹੀ ਹੋ ਜਿਹੜੇ ਭਾਰੇ ਰੁਝੇਵਿਆਂ ਨੂੰ ਛੱਡ ਛੜਾ ਮਾਈ ਦਾਨੀ ਦੀਆਂ ਅੱਖਾਂ ਠਾਰਿਆ ਕਰਦੇ ਸੀ। ਤੁਸੀਂ ਧੰਨ ਹੋ! ਤੁਹਾਡੀ ਮਹਿਮਾ ਕਥੀ ਨਹੀਂ ਜਾ ਸਕਦੀ! ਤੁਸੀਂ ਬੇਅੰਤ ਹੋ! ਤੁਸੀਂ ਬੇਅੰਤ ਹੋ, ਕਹਿੰਦੀ ਚਰਨਾਂ ਤੇ ਢਹਿ ਪਈ।

Sri Satguru Jagjit Singh Ji eLibrary NamdhariElibrary@gmail.com

## ਬਖਸ਼ਿੰਦ

**ਹਉਂ ਅਪ੍ਰਾਧੀ ਗੁਨਹਗਾਰੁ ਹਉਂ ਬੇਮੁਖ ਮੰਦਾ।**
**ਚੋਰ ਜਾਰੁ ਜੂਆਰ ਹਉ ਪਰ ਘਰਿ ਜੋਹੰਦਾ।**
**ਨਿੰਦਕ ਦੁਸਟ ਹਰਾਮ ਖੋਰੁ ਠਗ ਦੇਸ ਠਗੰਦਾ।**
**ਕਾਮ ਕਰੋਧ ਮਦੁ ਲੋਭ ਮੋਹ ਅਹੰਕਾਰ ਕਰੰਦਾ।**
**ਵਿਸਵਾਸ ਘਾਤੀ ਅਕਿਰਤਘਨ ਮੈਂ ਕੋ ਨ ਰਖੰਦਾ।**
**ਸਿਮਰਿ ਮੁਰੀਦਾਂ ਢਾਢੀਆ ਸਤਿਗੁਰ ਬਖਸ਼ੰਦਾ।**

(ਵਾਰ-੩੬)

"ਵਾਹ! ਵਾਹ!! ਵਾਹ!!! ਆਖੀ ਨ ਜਾਇ ਉਪਮਾ ਤੇਰੀਆਂ
ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ,
ਮੇਰੇ ਸਾਹਿਬ ਗੁਣੀ ਨਿਧਾਨਾ।"

**"ਤੇਰੇ ਜੇਡਾ ਪਰਉਪਕਾਰੀ! ਤੇਰੇ ਵਰਗਾ ਬਖਸ਼ਿੰਦ! ਤੇਰੇ ਵਰਗਾ ਗ਼ਰੀਬ ਨਿਵਾਜ਼! ਕਿਤੇ ਦਿਸ ਨਹੀਂ ਆਉਂਦਾ।"**

"ਸਰਦਾਰਾ! ਤੂੰ ਵੀ ਧੰਨ ਹੈ, ਜਿਸਨੂੰ ਇਹ ਅੱਖਾਂ ਮਿਲ ਗਈਆਂ ਜਿਸ ਅੰਦਰ ਲਟ ਲਟ ਪ੍ਰਕਾਸ਼ ਹੋ ਗਿਆ।"

"ਸਭ ਇਸੇ ਦੀਆਂ ਮਿਹਰਾਂ ਹਨ, ਨਹੀਂ ਤਾਂ ਮੇਰੇ ਵਰਗੇ ਪਾਮਰਾਂ ਨੂੰ ਧਰਤੀ ਨਾ ਝੱਲੇ। ਮੈਂ ਸ਼ਰਾਬੀ, ਮੈਂ ਕਬਾਬੀ, ਵੈਲੀ, ਨਿੰਦਕ, ਉਪੱਦਰਵੀ ਨਾ ਮਲੂਮ ਧਰਮਰਾਜ ਨੇ ਮੇਰੇ ਵਾਸਤੇ ਕਿਹੜਾ ਨਰਕ ਦਾ ਖੂੰਜਾ ਸਾਂਭੀ ਰਖਿਆ ਸੀ, ਪਰ ਵਾਰਨੇ ਜਾਵਾਂ ਸ਼ਾਂਤ ਮੂਰਤ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਲੱਖ ਲੱਖ ਵਾਰੀ ਇਸ ਸਾਦਗੀ ਦੇ ਮੁਜੱਸਮੇ ਤੋਂ, ਹੱਦਕੜੇ ਜਾਵਾਂ ਇਸ ਨੂਰਾਨੀ ਮੁਖੜੇ ਤੋਂ, ਜਿਸ ਨੇ ਸਭ ਕਾਲ ਕੋਠੜੇ ਢਾਹ ਢੇਰੀ ਕਰ ਦਿੱਤੇ ਹਨ, ਜਿਸ ਨੇ ਬੰਦੀਖਾਨਿਆਂ ਦਾ ਸਫਾਇਆ ਕਰ ਦਿੱਤਾ ਹੈ। ਇਸ ਦੇ ਚਰਨਾਂ ਤੇ ਕੋਟ ਕੋਟ ਵਾਰ ਨਮਸਕਾਰਾ।"

"ਅਜੀਤ ਸਿੰਘ! ਇਸ ਰਹਿਮਤ ਦੇ ਸਾਗਰ ਦੀ ਇੱਕ ਬੂੰਦ ਦਾ ਸਵਾਦ ਮੈਨੂੰ ਵੀ ਜ਼ਰਾ ਚਖਾ ਦੇ ਤਾਂਕਿ ਮੈਂ ਖੀਵਾ ਹੋ ਜਾਵਾਂ।"

"ਮਾਸਟਰ ਜੀ! ਜੀਭ ਥਿੜਕਦੀ ਏ, ਦਿਲ ਪਾਰੇ ਵਾਂਗੂੰ ਡੋਲੇ ਖਾਂਦਾ ਏ। ਕਰਤੂਤ ਦੱਸੀ ਨਹੀਂ ਜਾਂਦੀ। ਬੀਤੇ ਦਿਨ ਯਾਦ ਆਉਂਦੇ ਹਨ ਤਾਂ ਕਲੇਜਾ ਧੱਕ ਧੱਕ ਵੱਜਣ ਲੱਗ ਪੈਂਦਾ ਏ। ਕੁਕਰਮਾਂ ਦੀ ਫ਼ਿਲਮ ਅੱਖਾਂ ਸਾਹਮਣੇ ਆਉਂਦੀ

Sri Satguru Jagjit Singh Ji eLibrary NamdhariElibrary@gmail.com

ਏ, ਤਾਂ ਲੂੰ ਕੰਡੇ ਹੋ ਜਾਂਦੇ ਹਨ। ਨਾਪਾਕ ਯਾਦਾਂ ਚੁੱਭਦੀਆਂ ਹਨ, ਰੋਹ ਦੀਆਂ ਕਾਂਗਾਂ ਦੀਆਂ ਛੱਲਾਂ ਦਾ ਝਾਉਲਾ ਪੈਂਦਾ ਹੈ ਤਾਂ ਹਨ੍ਹੇਰਾ ਛਾ ਜਾਂਦਾ ਹੈ।''

''ਕਿਹੜੀ ਗੱਲੋਂ?''

''ਗੱਲਾਂ ਦੇ ਤਾਂ ਪੜੂਲ ਬੱਝੇ ਪਏ ਹਨ।''

''ਬਸ!''

''ਬਸ ਕਾਹਦੀ! ਮੈਂ ਉਹ ਦੋਜ਼ਖੀ ਕੀੜਾ ਹਾਂ, ਜਿਹੜਾ ਸਤਿਗੁਰੂ ਪ੍ਰਤਾਪ ਸਿੰਘ ਹਰਨ ਫਰਨ ਜਾ ਕੇ ਨੇਤਰ ਫੋਰ-ਨੂੰ ਖ਼ਤਮ ਕਰਨ ਲਈ ਹੈਂਡ ਗ੍ਰੀਨੇਡ ਚੁੱਕੀ ਫਿਰਦਾ ਸਾਂ। ਦਿਨ ਰਾਤ ਓਸੇ ਦਾ ਕਾਲ ਕਰਨ ਦੇ ਮਨਸੂਬੇ ਬੰਨ੍ਹਦਾ ਰਹਿੰਦਾ ਸਾਂ, ਉਸੇ ਦੀ ਨਿੰਦਾ ਕਰਨੀ ਤੇ ਉਸੇ ਨਿੰਦਿਆਂ ਦੇ ਕਿਲ੍ਹੇ ਉਸਾਰਨ ਬਿਨਾਂ ਮੇਰਾ ਕੰਮ ਨਹੀਂ ਸੀ, ਮੈਂ ਕੀ ਦੱਸਾਂ?''

''ਨਹੀਂ ਭਾਈ! ਜਿਵੇਂ ਧਰਤੀ ਡਿੱਗਾ ਦਾਣਾ ਜਾ ਮਿੱਟੀ ਨਾਲ ਦਬਿਆ ਜਾਵੇ ਤਾਂ ਜੜ੍ਹ ਫੜ ਲੈਂਦਾ ਹੈ, ਫੇਰ ਉਸਦਾ ਖਲਾਰ ਵੱਧ ਜਾਂਦਾ ਹੈ, ਪਰ ਜੇ ਉਹ ਦਾਣਾ ਨੰਗਾ ਰਹੇ ਤਾਂ ਉਹ ਦਾਣਾ ਜਨੌਰ ਚੁੱਕ ਲੈਂਦਾ ਹੈ, ਉਸਦਾ ਕੰਮ ਮੁੱਕ ਜਾਂਦਾ ਹੈ। ਵੱਧਦਾ ਫੁੱਲਦਾ ਨਹੀਂ, ਇਸੇ ਤਰਾਂ ਪਾਪ ਨੂੰ ਲੁਕਾਉਣ ਨਾਲ ਪਾਪਾਂ ਦੀਆਂ ਫ਼ੌਜਾਂ ਬਣ ਜਾਂਦੀਆਂ ਹਨ, ਪਰ ਪਾਪ ਨੂੰ ਨੰਗਾ ਕਰ ਦੇਈਏ ਤਾਂ ਉਹ ਆਪ ਹੀ ਨਸ਼ਟ ਹੋ ਜਾਂਦਾ ਹੈ।''

''ਮੇਰਾ ਜਨਮ ਤਾਂ ਨਾਮਧਾਰੀ ਘਰ ਦਾ ਏ ਤੇ ਭਜਨ ਵੀ ਸੰਤ ਫ਼ੌਜਾ ਸਿੰਘ ਪਾਸੋਂ ਪ੍ਰਾਪਤ ਹੋਇਆ ਸੀ, ਮਗਰ ਸੰਗਤ ਮਾੜੀ ਮਿਲ ਗਈ। ਮਾਸਟਰ ਜੀ! ਸੱਚ ਜਾਣੋ ਸੰਗਤ ਈ ਤਾਰਦੀ ਏ ਤੇ ਸੰਗਤ ਈ ਡੋਬਦੀ ਏ। ਸਿਆਣਿਆਂ ਪਾਸੋਂ ਸੁਣਿਆ ਕਿ ਅਕਾਸ਼ੋਂ ਕਣੀ ਡਿੱਗੇ ਤੇ ਉਹ ਕੋਲੇ ਦੀ ਸੰਗਤ ਕਰਕੇ ਕਪੂਰ ਬਣ ਜਾਂਦੀ ਹੈ, ਅੰਬਾਂ ਦੀ ਸੰਗਤ ਕਰ ਰਸਦਾਇਕ ਪਦਾਰਥ ਵਿਚ ਬਦਲ ਜਾਂਦੀ ਏ, ਨਿੰਮ ਦੀ ਸੰਗਤ ਨਾਲ ਕੌੜੀ ਬਣ ਖਲੋਂਦੀ ਏ, ਮੇਰੀ ਸੰਗਤ ਉਨ੍ਹਾਂ ਪੁਰਸ਼ਾਂ ਨਾਲ ਹੋ ਗਈ, ਜਿਨ੍ਹਾਂ ਦਾ ਪੇਸ਼ਾ ਖਾਣਾ, ਪੀਣਾ ਤੇ ਮੌਜ ਮੇਲਾ ਮਾਨਣਾ ਸੀ। ਸੰਤਾਂ ਦੀ ਬਖਸ਼ੀ ਨਾਮ ਕਣੀ ਕਿਤੇ ਦੱਬੀ ਗਈ। ਦੇਸ਼ ਦੇ ਵੰਡਾਰੇ ਉਪਰੰਤ ਮੈਂ ਸਿਮਬੋਲੀ ਸ਼ੂਗਰ ਮਿਲ ਵਿਚ ਅਲੈਕਟ੍ਰੀਕਲ ਇੰਜੀਨੀਅਰ ਲੱਗ ਗਿਆ। ਤਨਖ਼ਾਹ ਚੰਗੀ ਸੀ। ਨੌਕਰੀ ਤੋਂ ਵਿਹਲਿਆਂ ਹੁੰਦਿਆਂ ਈ ਹੋਰ ਕੰਮ ਨਹੀਂ ਸੀ।''

''ਫਿਰ ਕੀ ਹੋਇਆ?''

''ਮੇਰੇ ਪਿਤਾ ਰਸਾਲ ਸਿੰਘ ਹੁਰਾਂ ਸੇਠਾਂ ਦੀ ਜ਼ਮੀਨ ਤੇ ਆ ਵਸੇਬਾ ਕੀਤਾ। ਸੇਠ ਤ੍ਰਿਲੋਕ ਸਿੰਘ ਹੁਰੀਂ ਤਾਂ ਸਿਆਮ ਰਹਿੰਦੇ ਸਨ, ਮਗਰੋਂ ਗੁਰਚਰਨ ਸਿੰਘ ਕੰਮ ਕਾਰ ਚਲਾਂਦਾ ਸੀ, ਉਸ ਪਾਸੋਂ ਜ਼ਮੀਨ ਲੈ ਲਈ ਤੇ ਵਾਹੀ ਸ਼ੁਰੂ ਕੀਤੀ। ਸਿਆਣੇ ਕਹਿੰਦੇ ਨੇ - ਜਰ ਜੋਰੂ ਤੇ ਜ਼ਮੀਨ ਤਿੰਨੇ ਪੁਆੜੇ ਦੀਆਂ ਜੜ੍ਹਾਂ ਹਨ। ਇਹ ਬਿਲਕੁਲ ਠੀਕ ਹੈ। ਗ੍ਰੰਥ ਪੜ੍ਹੀਏ ਤਾਂ ਪਤਾ ਲੱਗਦਾ ਏ ਕਿ ਇਨ੍ਹਾਂ ਸਦਕਾ ਈ ਧਰਤੀ ਲਹੂ ਨਾਲ ਲਾਲੋਂ ਲਾਲ ਹੋਈ ਪਈ ਏ। ਰਾਵਣ ਦਾ ਜੁਧ,

Sri Satguru Jagjit Singh Ji eLibrary NamdhariElibrary@gmail.com

ਕੈਰੋਂ ਪਾਂਡਵਾਂ ਦੀਆਂ ਅਠ੍ਹਾਰਾਂ ਖੂਹਣੀਆਂ ਲਗ ਗਈਆਂ ਤੇ ਇਸੇ ਤਰ੍ਹਾਂ ਯੂਨਾਨ, ਯੂਰਪ ਆਦਿ ਦੀਆਂ ਲੜਾਈਆਂ ਦੇ ਵੀ ਇਹੋ ਕਾਰਨ ਹਨ। ਅਸੀਂ ਵੀ ਓਸੇ ਸਹੇ ਤਕਲੇ ਨੂੰ ਜਾ ਹੱਥ ਪਾਇਆ। ਸੇਠਾਂ ਦੀ ਜ਼ਮੀਨ ਦੀ ਗਰਦੌਰੀ ਆਪਣੇ ਨਾਂ ਕਰਵਾ ਲਈ ਤੇ ਲੱਗੇ ਹੱਥ ਪੈਰ ਮਾਰਨ। ਕਦੇ ਕੈਰੋਂ ਸਾਹਿਬ ਪਾਸ ਚੰਡੀਗੜ੍ਹ, ਕਦੇ ਗਿਆਨੀ ਕਰਤਾਰ ਸਿੰਘ ਦੇ ਬੰਗਲੇ ਦੁਆਲੇ ਲੱਗੇ ਪ੍ਰਕਰਮਾਂ ਕਰਨ ਤੇ ਗੁਰੂ ਕਿਆਂ ਕੰਡ ਲਾਉਣ ਲਈ ਦਿਨ ਰਾਤ ਇੱਕ ਕਰ ਦਿੱਤਾ। ਉਨ੍ਹਾਂ ਵੀ ਸਾਡੀ ਪਿੱਠ ਤੇ ਹੱਥ ਫੇਰਿਆ। ਬਸ ਫੇਰ ਕੀ ਸੀ ਅਸੀਂ ਠੂਹੇਂ ਵਾਂਗੂੰ ਪੂਛਲਾਂ ਚੁੱਕ ਲਈਆਂ। ਕਿਸੇ ਨੂੰ ਨੱਕ ਹੇਠਾਂ ਨਾ ਲਿਆਈਏ।'

ਏਧਰ ਸ੍ਰ: ਅਵਤਾਰ ਸਿੰਘ ਗੁਰੂ ਕਿਆਂ ਵੱਲੋਂ ਜ਼ਮੀਨ ਦਾ ਕਬਜ਼ਾ ਲੈਣਾ ਚਾਹੁੰਦੇ ਸਨ। ਅਸੀਂ ਸੋਚਿਆਂ ਜੀਊਂਦਿਆਂ ਤਾਂ ਨਹੀਂ ਕਬਜ਼ਾ ਛੱਡਦੇ, ਸਾਡੀਆਂ ਲਾਸ਼ਾਂ ਪਿੱਛੋਂ ਕਬਜ਼ਾ ਹੋ ਜਾਵੇ। ਮੈਨੂੰ ਸੁਨੇਹਾ ਪੁੱਜਾ। ਮੈਂ ਆਪਣੇ ਫ਼ੌਜੀ ਮਿੱਤਰ ਨੂੰ ਲੈ ਕੇ ਇੱਥੇ ਪੁੱਜਾ ਅਤੇ ਮਨ ਬਣਾ ਲਿਆ, ਅਜੇਹਾ ਕੰਮ ਕਰੋ, ਨਾ ਰਹੇ ਬਾਂਸ ਨਾ ਵਜੇ ਬਾਂਸਰੀ। ਮਹਾਰਾਜ ਪ੍ਰਤਾਪ ਸਿੰਘ ਨੂੰ ਚੁੱਕ ਦਿਓ, ਫੇਰ ਸਭ ਸ਼ਾਂਤੀ ਹੋ ਜਾਵੇਗੀ। ਇਹ 1958 ਦੀ ਗੱਲ ਏ। ਹਾਏ ਇੱਡਾ ਵੱਡਾ ਪਾਪ! ਕਿੰਨੇ ਘਟੀਆ ਵਿਚਾਰ!! ਕਿੰਨਾਂ ਨੀਚ ਕਰਮ!! ਧ੍ਰਿਗ ਧ੍ਰਿਗ ਸਾਡੇ ਜਨਮ ਤੇ। ਅਸੀਂ ਫਿਟਿਆਂ ਹੋਇਆ, ਓਸ ਸਤਿਗੁਰੂ ਜਿਸ ਨੇ ਪੰਜਾਬ ਦੇ ਬਟਵਾਰਾ ਹੋਣ ਤੋਂ ਪਹਿਲਾਂ ਖ਼ਬਰਦਾਰ ਕਰ ਦਿੱਤਾ, ਜਿਸ ਨੇ ਹਜ਼ਾਰਾਂ ਦੇਵੀਆਂ ਦੀ ਇੱਜ਼ਤ ਲੁਟਣੋਂ ਬਚਾਇਆ, ਜਿਸ ਨੇ ਮਸੂਮਾਂ ਨੂੰ ਦਰਿੰਦਿਆਂ ਦੀਆਂ ਛੁਰੀਆਂ ਹੇਠੋਂ ਕੱਢਣ ਵਾਸਤੇ ਦਿਨ ਰਾਤ ਇਕ ਕਰ ਦਿੱਤਾ। ਜਿਸ ਮਹਾਰਾਜ ਨੇ ਬੁੱਢਿਆਂ ਤੇ ਬੁੱਢੀਆਂ ਦੀਆਂ ਹੱਡੀਆਂ ਰੁਲਣੋਂ ਬਚਾਉਣ ਹਿਤ, ਆਪ ਕਈ ਕਈ ਦਿਨ ਆਰਾਮ ਨਹੀਂ ਕੀਤਾ, ਉਜੜੇ ਲੋਕਾਂ ਨੂੰ ਵਸਾਉਣ ਖ਼ਾਤਰ ਆਪਣੇ ਸਾਹਿਬਜ਼ਾਦਿਆਂ ਨੂੰ ਚੈਨ ਨਹੀਂ ਲੈਣ ਦਿੱਤਾ, ਜਿਸ ਸਤਿਗੁਰੂ ਗ਼ਰੀਬਾਂ, ਨਿਆਸਰਿਆਂ ਥੁੜਿਆਂ ਤੇ ਦਰ ਦਰ ਦੇ ਧੱਕੇ ਖਾਣ ਵਾਲਿਆਂ ਰਾਮਦਾਸੀਆਂ, ਮਜਬੀਆਂ, ਕੁਮਾਰਾਂ, ਤਰਖਾਣਾਂ ਤੇ ਵਾਹਕਾਂ ਨੂੰ ਜ਼ਮੀਨ ਦੇ ਕੇ ਤਖਤ ਤੇ ਬਠਾਇਆ, ਉਸ ਨੂੰ ਸਦਾ ਦੀ ਨੀਂਦਰੇ ਸੁਲਾਉਣ ਲਈ ਗੋਂਦਾਂ ਗੁੰਦੀਆਂ, ਲਾਨ੍ਹਤ! ਸੌ ਵਾਰ ਫਿਟਕਾਂ ਮੇਰੇ ਜੰਮਣ ਨੂੰ।

ਮੇਰੇ ਤੇ ਜਵਾਨੀ ਦਾ ਭੂਤ ਸਵਾਰ ਸੀ, ਹਕੂਮਤ ਦੀ ਸ਼ਹਿ ਸੀ, ਮੈਂ ਫ਼ੌਜੀ ਮਿੱਤਰ ਨੂੰ ਨਾਲ ਲਿਆ ਤੇ ਕੋਠੀ ਦੇ ਲਾਗੇ ਨਹਿਰ ਦੇ ਪੁਲ ਕੋਲ ਇਕ ਵਣ ਦਾ ਆਸਰਾ ਲੈ ਸਰੂਟਾਂ ਪਿੱਛੇ ਛਹਿ ਲਾ ਕੇ ਬਹਿ ਗਏ। ਸਾਡੇ ਇਕ ਸੂਹੀਏ ਨੇ ਇਹ ਦੱਸ ਦਿੱਤਾ ਸੀ ਕਿ ਅੱਜ ਰਾਤ ਸਤਿਗੁਰਾਂ ਬਾਹਰੋਂ ਆਉਣਾ ਏ। ਮੇਰੇ ਹੱਥ ਰਾਈਫਲ ਤੇ ਸਾਥੀ ਦੇ ਕੋਲ ਹੈਂਡ ਗ੍ਰਿਨੇਡ ਸੀ, ਮਨ ਵਿਚ ਪੱਕੀ ਤਰ੍ਹਾਂ ਧਾਰਿਆ ਸੀ ਕਿ ਅੱਜ ਇਹ ਕੰਡਾ ਕੱਢ ਦੇਣਾ ਏ। ਉਨ੍ਹੀਂ ਦਿਨੀਂ ਮੋਟਰ ਨਹਿਰੋ ਨਹਿਰ ਆਉਂਦੀ ਸੀ। ਸਾਨੂੰ ਮੋਟਰ ਦੀਆਂ ਬੱਤੀਆਂ ਦਿਸ ਪਈਆਂ। ਅਸੀਂ ਦੋਵਾਂ ਪੋਜੀਸ਼ਨਾਂ ਸੰਭਾਲ ਲਈਆਂ ਪੂਰੇ ਤਿਆਰ ਸਾਂ, ਬੰਦਾ ਬੰਦਾ ਏ,

Sri Satguru Jagjit Singh Ji eLibrary NamdhariElibrary@gmail.com

ਤੇ ਸਤਿਗੁਰ ਸਤਿਗੁਰ। ਬਗ਼ਦਾਦ ਦੇ ਪੀਰਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੰਗਸਾਰ ਕਰਨ ਵਾਸਤੇ ਫਤਵਾ ਦਿੱਤਾ, ਪਰ ਝੋਲਿਆਂ ਦੇ ਹੱਥ ਪਿਛਾਂਹ ਦੇ ਪਿਛਾਂਹ ਖਿੱਚੇ ਗਏ। ਸੈਦ ਖ਼ਾਂ ਪਠਾਣ, ਔਰੰਗਜ਼ੇਬ ਦੀ ਕਚਹਿਰੀ ਵਿਚ ਪਾਨ ਦਾ ਬੀੜਾ ਖਾ, ਕਸਮ ਕੁਰਾਨ ਦੀ ਚੁੱਕ, ਗੁਰੂ ਗੋਬਿੰਦ ਸਿੰਘ ਦਾ ਸੀਸ ਲਾਹੁਣ ਵਾਸਤੇ ਫੂੰਕਾਰੇ ਮਾਰਦਾ ਅਨੰਦਪੁਰ ਸਾਹਿਬ ਵਲ ਵੱਧ ਰਿਹਾ ਸੀ, ਪਰ ਆਉਂਦਿਆਂ ਹੀ ਕੋਹਿਆ ਗਿਆ, ਫੇਰ ਪਤਾ ਨਹੀਂ ਕਿਹੜੀ ਗੁਫ਼ਾ ਵਿਚ ਜਾ ਕੇ ਗੋਸ਼ਾ ਨਸ਼ੀਨ ਹੋ ਬਾਕੀ ਦੇ ਦਿਨ ਅਬਾਦਤ ਕਰਦਿਆਂ ਗੁਜ਼ਾਰੇ।

ਅਸੀਂ ਨਿਸ਼ਾਨੇ ਕਸੀ ਖੜੇ ਸਾਂ। ਮੋਟਰ ਆਈ ਅਤੇ ਕੋਲੋਂ ਦੀ ਲੰਘ ਗਈ। ਅਜੇ ਤਕ ਸਮਝ ਨਹੀਂ ਆ ਰਹੀ, ਹੱਥ ਕਿਵੇਂ ਰੁਕ ਗਏ? ਅੱਖਾਂ ਨੂੰ ਕਿਵੇਂ ਦਿੱਸਣਾ ਬੰਦ ਹੋ ਗਿਆ। ਮੋਟਰ ਉਸ ਵੇਲੇ ਨਜ਼ਰੀਂ ਆਈ, ਜਦ ਸਾਡੀ ਜਦ ਵਿੱਚੋਂ ਨਿਕਲ ਪੁਲ ਪਾਰ ਕਰ ਗਈ। ਹੈਰਾਨ ਪ੍ਰੇਸ਼ਾਨ! ਮੁੜਕੋ ਮੁੜਕਾ ਸਰੀਰ ਕੰਬਣ ਲੱਗ ਪਿਆ। ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਮਰਨ ਨੂੰ ਧਰਤੀ ਵਿਹਲ ਨਾ ਦੇਵੇ। ਹੱਥ ਮਲਦੇ ਡੇਰੇ ਜਾ ਸੁੱਤੇ।

ਕੁਝ ਦਿਨ ਬੀਤੇ ਸਨ ਕਿ ਘਰ ਵਿਚ ਬਾਬਾ ਚੁੰਜ ਵਾਲਾ ਬੰਤਾ ਸਿੰਘ, ਜਿਨ੍ਹਾਂ ਗੁਰੂ ਘਰ ਦੀ 50 ਵਰ੍ਹੇ ਗੱਡਿਆਂ ਦੀ ਸੇਵਾ ਕੀਤੀ ਸੀ। ਉਹ ਆਏ ਹੋਏ ਹਨ ਅਤੇ ਹੁਣੇ ਉਹਨਾਂ ਨੇ ਮੁੜਨਾ ਏ, ਉਹ ਦਰਸ਼ਨਾਂ ਵਾਸਤੇ ਗਿਆ। ਪੁਲ ਤੇ ਇਕੱਠ ਜੁੜਿਆ ਖੜ੍ਹਾ ਸੀ, ਇਹ ਇੱਕ ਪਾਸੇ ਹੋ ਕੇ ਕਹਿ ਗਿਆ। ਉਸ ਦਿਨ ਮੈਂ ਟਿਬੀਓਂ ਪੈਂਟ ਕਸੀ, ਰਾਈਫਲ ਮੋਢੇ ਤਾ ਪਾਈ ਤੇ ਆ ਨਿਕਲਿਆ। ਪਹਿਲਾਂ ਹਰੀ ਪੁਰੇ ਦਾ ਲਾਲ ਸਿੰਘ ਮਿਲਿਆ। ਇਹ ਮੇਰਾ ਮਿੱਤਰ ਸੀ ਮੈਂ ਪੁੱਛਿਆ ਰਸਾਲਦਾਰ ਦਾ ਕੀ ਹਾਲ ਏ? ਉਸ ਕਿਹਾ ਕੀ ਪੁਛਨੈਂ ਇਹ ਸਾਰੇ ਉਸਦਾ ਲਾਲੁਣਾ ਢਾਹੁਣ ਤੋਂ ਬਚਾਉਣ ਲਈ ਇਕੱਠੇ ਹੋਏ ਹੋਏ ਸਨ। ਇਤਨੇ ਨੂੰ ਬਾਬੇ ਦੇ ਵੀ ਦਰਸ਼ਨ ਹੋ ਗਏ। ਓਸ ਕਿਹਾ, 'ਅਜੀਤ ਸਿਹਾਂ ਅਜੇ ਸਮਾਂ ਈ ਸਮਝ ਜਾ। ਬਥੇਰੀ ਖੇਹ ਖਾ ਲਈ ਜੇ। ਸਤਿਗੁਰੂ ਨੂੰ ਸਤਿਗੁਰੂ ਜਾਣੋਂ। ਉਸਨੂੰ ਜ਼ਮੀਨਾਂ ਦੀ ਭੁੱਖ ਨਹੀਂ, ਉਹ ਅਕਾਸ਼ਾਂ ਪਾਤਾਲਾਂ ਦਾ ਮਾਲਕ ਏ। ਇਹ ਤਾਂ ਸਾਰੀ ਉਸਦੀ ਖੇਡ ਏ, ਚਰਨੀਂ ਲੱਗ ਜਾਓ, ਭਲਾ ਇਸੇ ਵਿਚ ਏ।'

ਇਤਨੇ ਨੂੰ ਕਰੀ ਵਾਲਿਓਂ ਕਾਰ ਮੁੜ ਆਈ। ਗ਼ਰੀਬ ਨਿਵਾਜ਼ ਖੜਿਆਂ ਨੂੰ ਵੇਖ ਰੁਕ ਗਏ। ਸੰਗਤਾਂ ਨੇ ਚਰਨਾਂ ਤੇ ਨਮਸ਼ਕਾਰਾਂ ਕੀਤੀਆਂ ਚੁੰਜ ਵਾਲੇ ਵੀ ਅੱਗੇ ਹੋ ਮੱਥਾ ਟੇਕਿਆ। ਸਤਿਗੁਰੂ ਬਾਬੇ ਨੂੰ ਪੁੱਛਿਆ, 'ਚੁੰਜ ਵਾਲਿਆ ਤੂੰ ਇੱਥੇ ਕਿਵੇਂ?' ਮੈਂ ਵੀ ਦਰਸ਼ਨ ਕਰਨ ਆ ਗਿਆ ਹਾਂ। ਪਤਾ ਲੱਗਾ ਸੀ ਤੁਸੀਂ ਅਗੇ ਗਏ ਹੋਏ ਹੋ। ਪਰ ਸੱਚੇ ਪਾਤਸ਼ਾਹ! ਸਿਖਾਂ ਤੇ ਕਿਰਪਾ ਕਰੋ, ਇਹ ਮਿੱਟੀ ਦੀ ਮੁੱਠ ਪਿੱਛੇ ਪਿਛਾਂਹ ਹਟ ਰਹੇ ਹਨ। 'ਸਤਿਗੁਰੂ ਜੀ ਬਚਨ ਕੀਤਾ, 'ਬਾਬਾ! ਤੂੰ ਰਸਾਲਦਾਰ ਨੂੰ ਕਹੋ, ਸ਼ਰਾਬ ਪੀਣੀ ਛੱਡ ਦੇ। ਜ਼ਮੀਨ ਉਸ ਪਾਸੋਂ ਕੋਈ ਨਹੀਂ ਛੁਡਾਂਦਾ।' ਬਸ ਵਰ ਹੋ ਗਿਆ, ਜ਼ਮੀਨ ਕੋਈ ਨਹੀਂ ਛੁਡਾਂਦਾ। ਸਤਿਗੁਰੂ ਜੀ ਇਹ ਕਹਿ ਸ੍ਰੀ ਜੀਵਨ ਨਗਰ ਆ ਗਏ। ਅਸੀਂ ਵੀ ਘਰੀਂ ਆ ਬੈਠੇ।

Sri Satguru Jagjit Singh Ji eLibrary NamdhariElibrary@gmail.com

ਬਾਬਾ ਜ਼ੋਰ ਦੇਵੇ ਬਖਸ਼ਬੰਦੀ ਕਰਵਾਓ, ਅਸੀਂ ਬਖਸ਼ਬੰਦੀ ਨਾ ਕਰਵਾਈ, ਝਗੜਾ ਚੱਲਦਾ ਰਿਹਾ ਤੇ ਮੈਂ ਨੌਕਰੀ ਤੇ ਚਲਾ ਗਿਆ।

ਮੈਂ 1965 ਵਿਚ ਮਿਲ ਦੀ ਨੌਕਰੀ ਛੱਡ ਦਿੱਤੀ ਤੇ ਕਿਹਰ ਵਾਲੇ 12 ਕਿੱਲੇ ਜ਼ਮੀਨ ਖ਼ਰੀਦ ਲਈ, ਪਰ ਮਾਸਟਰ ਜੀ! ਤਕਦੀਰ ਦਾ ਚੱਕਰ ਚੱਲਦਾ ਤਾਂ ਹੌਲੀ ਹੌਲੀ ਹੈ, ਮਗਰ ਖ਼ਾਲੀ ਨਹੀਂ ਜਾਂਦਾ। ਹੈਂਕੜ ਨੇ ਧੌਣ ਵਿਚ ਕਿੱਲਾ ਠੋਕੀ ਰਖਿਆ, ਸ਼ਰਾਬ ਪੀਣੀ ਤੇ ਨਿੰਦਿਆ ਭਖਣੀ ਤੇ ਹੋਰ ਊਲ ਜਲੂਲ ਵਾਧੂ ਦਾ। ਪਰ ਬਾਬਾ ਕਹਿੰਦਾ ਏ:-

**ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ।**
**ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ।**

ਹੰਕਾਰ ਦਾ ਸਿਰ ਸਦਾ ਨੀਵਾਂ ਹੁੰਦਾ ਹੈ। ਸ਼ਰਾਬ ਵੀ ਪੀਣੀ ਤੇ ਨਿੰਦਿਆ ਵੀ ਭਖਣੀ ਤੇ ਹੋਰ ਊਲ ਜਲੂਲ ਵਾਧੂ ਦਾ, ਪਰ ਇਕ ਦਿਨ ਹਿਸਾਬ ਦਾ ਦਿਨ ਆ ਗਿਆ। ਸਤਿਗੁਰ ਕੋਲ ਕਈ ਰਾਹ ਹੁੰਦੇ ਹਨ। ਅਪ੍ਰੈਲ ਮਈ ਦੇ ਦਿਨ ਹੋਣਗੇ। ਖੂਹ ਵਿੱਚੋਂ ਪੱਖਾ ਕੱਢ ਰਹੇ ਸਾਂ। ਇੰਜਣ ਨੂੰ ਰੱਸਾ ਪਾਇਆ ਹੋਇਆ ਸੀ, ਦੂਜਾ ਸਿਰਾ ਮੇਰੇ ਲੱਕ ਦੁਆਲੇ ਸੀ। ਹੋਣੀ ਕੀ ਕੀਤਾ? ਪੱਖਾ ਠਾਹ ਕਰਦਾ ਖੂਹ ਵਿਚ ਜਾ ਪਿਆ। ਜ਼ਹਿਰ ਬੀਜਿਆ ਸੀ, ਉਸਦਾ ਅੰਗੂਰ ਫੁਟਿਆ। ਮੇਰੇ ਲਕ ਨੂੰ ਖਿੱਚ ਪਈ, ਸੰਗਲੀ ਟੁੱਟ ਗਈ, ਲਗੇ ਭਜ ਦੌੜ ਕਰਨ। ਦੋ ਸਾਲ ਹਸਪਤਾਲਾਂ ਦੀ ਖੇਹ ਛਾਣੀ। ਕਿਤੋਂ ਖ਼ੈਰ ਨਾ ਪਿਆ। ਆਦਿ ਗ੍ਰੰਥ ਸਾਹਿਬ ਦੀ ਬਾਣੀ ਦਾ ਫ਼ੁਰਮਾਨ ਏ:-

**ਵੈਦਾ ਸੰਦਾ ਸੰਗੁ ਇਕੱਠਾ ਹੋਇਆ।**
**ਅਉਖਦ ਆਵੈ ਰਾਸ ਜੇ ਵਿਚਿ ਖਲੋਆ।**

ਪਰ ਮੈਂ ਤਾਂ ਵਿਚ ਖਲੋਣ ਵਾਲੇ ਦੀ ਦਿਨ ਰਾਤ ਜਪੁਜੀ ਦੇ ਪਾਠ ਵਾਂਗੂੰ ਨਿੰਦਿਆ ਕਰਦਾ ਰਿਹਾ ਸਾਂ। ਵਿਚ ਕਿਵੇਂ ਖਲੋਂਦਾ। ਖੱਜਲ ਖੁਆਰੀ ਤੇ ਪੈਸੇ ਦੀ ਬਰਬਾਦੀ। ਪਰਿਵਾਰ ਸਾਰਾ ਚਿੰਦਾ ਦੇ ਖੂਹ ਵਿਚ। ਹੌਲੀ ਹੌਲੀ ਹੇਠਲਾ ਹਿੱਸਾ ਮਾਰਿਆ ਗਿਆ। ਇੱਕ ਰਾਤ ਪਿਸ਼ਾਬ ਕਰਨ ਉੱਠਿਆ ਲੱਤਾਂ ਜਵਾਬ ਦੇ ਗਈਆਂ। ਪੈਰ ਥਿੜ੍ਹਕ ਗਿਆ। ਧੜੁੰਮ ਕਰਕੇ ਡਿੱਗਾ। ਚੀਕਾਂ ਨਿਕਲ ਗਈਆਂ, ਪਰ ਮਾਸਟਰ ਜੀ! ਮਾਂ ਮਾਂ ਹੀ ਹੁੰਦੀ ਏ। ਮਾਂ ਦੀ ਮਮਤਾ ਦਾ ਪਾਰਾਵਾਰ ਨਹੀਂ ਪਾਇਆ ਜਾਂਦਾ। ਮਾਂ ਬੁੱਢੇ ਹੋਏ ਬੱਚੇ ਦੀਆਂ ਵੀ ਸੁਖਣਾ ਸੁਖਦੀ ਰਹਿੰਦੀ ਏ, ਕਿ ਮੇਰੇ ਪੁੱਤਰ ਨੂੰ ਤੱਤੀ ਵਾ ਨਾ ਲੱਗੇ। ਬੱਚਾ ਨਿੱਕਾ ਹੁੰਦਾ ਸਰਦੀਆਂ ਦੇ ਦਿਨੀਂ ਬਿਸਤਰੇ ਤੇ ਪਿਸ਼ਾਬ ਕਰ ਦੇਂਦਾ ਏ। ਮਾਂ ਆਪ ਪਿਸ਼ਾਬ ਵਾਲੇ ਗਿੱਲੇ ਥਾਂ ਤੇ ਲੇਟਦੀ ਏ, ਬੱਚੇ ਨੂੰ ਸੁੱਕੇ ਥਾਂ ਸੁਲਾਂਦੀ ਏ। ਪੁੱਤਰ ਢਿੱਲਾ ਹੋ ਜਾਵੇ ਸੌ ਸੌ ਪਾਪੜ ਵੇਲਦੀ ਏ। ਆਪ ਸੁੱਕੀ ਰੋਟੀ ਖਾ ਲਵੇ ਪਰ ਪੁੱਤਰ ਨੂੰ ਚੋਂਘੇ ਕੱਢਕੇ, ਦੂਜਿਆਂ ਦੀ ਨਜ਼ਰ ਤੋਂ ਬਚਾ ਕੇ, ਮਖਣ ਲਾ ਕੇ ਖੁਆਂਦੀ ਏ। ਪੁੱਤਰ ਪ੍ਰਦੇਸ਼ ਗਿਆ ਹੋਵੇ, ਘਰ ਬੈਠਿਆਂ ਉਸਦੀ ਸੁੱਖ ਸਾਂਦ ਵਾਸਤੇ ਅਰਦਾਸੇ ਕਰਦੀ ਏ। ਮਾਂ, ਪ੍ਰੀਤਮ ਕੌਰ ਪਾਸੋਂ, ਮੇਰਾ ਦੁੱਖ ਝਲਿਆ

Sri Satguru Jagjit Singh Ji eLibrary NamdhariElibrary@gmail.com

ਨਾ ਗਿਆ। ਕੋਲ ਬਹਿ ਕੇ ਆਖਿਆ, 'ਪੁਤ! ਵੇਖ ਇਹ ਦੁੱਖ ਬੇਮੁਖਤਾ ਕਾਰਨ ਹਨ। ਛੱਡ ਦੇ ਸਿਆਣਪਾਂ! ਲੱਗ ਜਾ ਚਰਨੀਂ। ਅੰਦਰੋਂ ਬਾਹਰੋਂ ਇਕ ਹੋ, ਫਿਰ ਰੋਗ ਨਹੀਂ ਰਹੇਗਾ।' ਮਾਂ ਦੀ ਪ੍ਰੇਰਨਾ ਨਾਲ ਮੇਰੇ ਅੱਥਰੂ ਵਹਿ ਤੁਰੇ। ਅੰਦਰੋਂ ਬਖਸ਼ਬੰਦੀ ਵਾਸਤੇ ਅਰਦਾਸ ਕੀਤੀ, ਹੇ ਤਖਤ ਚੰਵਰ ਦੇ ਮਾਲਿਕ ਸਤਿਗੁਰੂ ਜਗਜੀਤ ਸਿੰਘ! ਮੈਂ ਵੱਡਾ ਗੁਨਾਹੀ, ਮੈਂ ਪਾਪੀ ਵਾਹ ਕੋਈ ਨਹੀਂ ਬਖਸ਼ਸ਼ ਕਰ ਜਾਂ ਜਾਨ ਲੈ ਲੈ ਜਾਂ ਨਰਕ ਵਿੱਚੋਂ ਕੱਢ! ਵਾਹ ਕੋਈ ਨਹੀਂ।'
ਭਾਈ ਗੁਰਦਾਸ ਜੀ ਦਾ ਕਥਨ ਹੈ:-

**ਚਰਨ ਸਰਨ ਗੁਰ ਏਕ ਪੈਂਡ ਜਾਇ ਚਲਿ**
**ਸਤਿਗੁਰ ਕੋਟ ਪੈਂਡ ਆਗੇ ਹੋਇ ਲੇਤ ਹੈਂ।**

ਸਤਿਗੁਰ ਵਿਚ ਇਹੋ ਵਾਧਾ ਏ ਕਿ ਉਹ ਸਿੱਖ ਦੇ ਕੁਕਰਮਾਂ ਨੂੰ ਨਜ਼ਰੋਂ ਇਕ ਪਾਸੇ ਕਰ ਇਉਂ ਆਪਣੇ ਵਲ ਖਿੱਚਦਾ ਏ ਜਿਵੇਂ ਚੁਮਕ ਪੱਥਰ। ਉਹ ਸਿੱਖ ਦੇ ਔਗੁਣਾਂ ਨੂੰ ਨਹੀਂ ਚਿਤਰਦਾ। ਭਾਈ ਗੁਰਦਾਸ ਜੀ ਨੇ ਸ੍ਰੀ ਕ੍ਰਿਸ਼ਨ ਭਗਵਾਨ ਦੇ ਜੀਵਨ ਬਿਰਤਾਂਤ ਵਿਚੋਂ ਇੱਕ ਝਾਕੀ ਨੂੰ ਇਉਂ ਉਲੀਕਿਆ ਹੈ:-

**ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।**
**ਚਰਨ ਕਮਲ ਵਿਚ ਪਦਮ ਹੈ, ਝਿਲਮਿਲ ਝਲਕੇ ਵਾਂਗੂ ਤਾਰੇ।**
**ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣ ਲੈ ਮਾਰੇ।**
**ਦਰਸਨ ਡਿਠੋਸੁ ਜਾਇਕੈ ਕਰਣ ਪਲਾਵ ਕਰੇ ਪੁਕਾਰੇ।**
**ਗਲਿ ਵਿਚ ਕ੍ਰਿਸ਼ਨ ਜੀ ਅਵਗੁਣ ਕੀਤੇ ਹਰਿ ਨ ਚਿਤਾਰੇ।**
**ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੈ।**
**ਭਲੇ ਭਲੇ ਕਰ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।**
**ਪਾਪ ਕਰੇਂਦੇ ਪਤਿਤ ਉਧਾਰੇ॥੨੩॥**

ਪੂਤਨਾ ਪਾਪਣ ਸੀ, ਜਿਸ ਤੋਂ ਨਰਕ ਵੀ ਡਰਦਾ ਸੀ, ਪਰ ਭਗਵਾਨ ਨੇ ਉਸ ਨੂੰ ਵੀ ਮਾਂ ਦੇ ਬਰਾਬਰ ਕਰ ਉਸਦਾ ਪਾਰ ਉਤਾਰਾ ਕਰ ਦਿੱਤਾ। ਮੈਂ ਇਹਨਾਂ ਵਹਿਣਾਂ ਵਿਚ ਲਿਲੜੀਆਂ ਕੱਢਦਿਆਂ ਪੰਜ ਗੋਲੀਆਂ ਸਲੀਪਿੰਗ ਪਿਲਜ਼ ਦੀਆਂ ਨਿਗਲ ਗਿਆ। ਨਸ਼ੇ ਵਿਚ ਮੰਜੇ ਤੇ ਲੇਟ ਗਿਆ। ਵਾਹ ਗੁਰੂ ਵਾਹ। ਕੋਈ ਢਾਈ ਕੁ ਵਜੇ ਦਾ ਸਮਾਂ ਹੋਵੇਗਾ ਕਿ ਆ ਦਰਸ਼ਨ ਦਿੱਤੇ। ਇਹ ਭਾਗਾਂ ਭਰਿਆ ਸੁਪਨਾ ਸੀ ਜਿਸ ਵਿਚ ਮਿਹਰਾਂ ਦੇ ਸਾਂਈਂ ਨੇ ਦਰਸ਼ਨ ਦੇ ਕੇ ਮੇਰਾ ਕੋਹੜ ਦੂਰ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਹੱਸਦੇ ਹੱਸਦੇ ਆਏ। ਬਾਬਾ ਚੁੰਜ ਵਾਲਾ, ਮੇਰੀ ਮਾਤਾ, ਬਾਪੂ ਕਿਸ਼ਨ ਸਿੰਘ ਤੇ ਬਾਕੀ ਪਰਿਵਾਰ ਅੱਗੇ ਵੱਧੇ ਤੇ ਚਰਨਾਂ ਤੇ ਸੀਸ ਰਖ ਨਮਸਕਾਰ ਕੀਤੀ। ਮੈਂ ਮੰਜੇ ਤੇ ਪਿਆ ਪਿਆ ਅਥਰੂ ਕੇਰੀ ਜਾਵਾਂ ਤੇ ਬਿੱਤਰ ਬਿੱਤਰ ਤੱਕੀ ਜਾਵਾਂ। ਕਿਰਪਾ ਸਾਗਰ ਅੱਗੇ ਵੱਧੇ ਤੇ ਮੇਰੇ ਮੱਥੇ ਤੇ ਚਰਨ ਰੱਖਿਆ ਤੇ ਬਚਨ ਕੀਤਾ :- "ਅਜੀਤ ਸਿੰਘ! ਤੂੰ ਹਰਮੇਜ ਸਿੰਘ ਨੂੰ ਨਾਲ ਲੇ ਕੇ ਅੰਮ੍ਰਿਤਸਰ ਜਾ। ਹੋਰ ਕਿਸੇ ਨੂੰ ਨਾਲ ਲੈ ਜਾਣ ਦੀ ਲੋੜ ਨਹੀਂ। ਸਤਿਗੁਰੂ ਪ੍ਰਤਾਪ ਸਿੰਘ ਦਾ ਆਸਰਾ ਲੈ ਉਹ ਤੇਰਾ ਰੋਗ ਦੂਰ

ਕਰ ਦੇਣਗੇ।" ਸੱਚੇ ਪਾਤਸ਼ਾਹ ਇਹ ਕਹਿ ਅਲੋਪ ਹੋ ਗਏ।

ਸਵੇਰੇ ਅੱਖ ਖੁੱਲ੍ਹੀ ਤੇ ਅੰਮ੍ਰਿਤਸਰ ਜਾਣ ਦਾ ਪ੍ਰੋਗਰਾਮ ਤਾਂ ਪਹਿਲਾਂ ਈ ਬਣਿਆ ਪਿਆ ਸੀ। ਗੱਡੀ ਵੀ ਆਈ ਖੜੀ ਸੀ, ਪਰ ਹੁਣ ਸਤਿਗੁਰਾਂ ਦੇ ਬਚਨਾਂ ਨੂੰ ਧਿਆਨ ਹੇਠਾਂ ਰਖਦਿਆਂ ਕਾਕੇ ਨੂੰ ਨਾਲ ਲਿਆ ਤੇ ਬਸ ਉੱਤੇ ਬੈਠ ਅੰਮ੍ਰਿਤਸਰ ਵਲ ਰਵਾਨਾ ਹੋਇਆ। ਹਸਪਤਾਲ ਪੁੱਜਦਿਆਂ ਦੇਰ ਹੋ ਗਈ। ਡਾ: ਕਰਮ ਸਿੰਘ ਨੇ ਉਡੀਕ ਉਡੀਕ ਮੇਰੇ ਚੌਥੇ ਨੰਬਰ ਤੇ ਇੱਕ ਲੜਕੀ ਦਾ ਉਪ੍ਰੇਸ਼ਨ ਕਰ ਦਿੱਤਾ। ਉਹ ਵਿਚਾਰੀ ਤਾਂ ਸੁਆਸ ਪੂਰੇ ਕਰ ਗਈ। ਡਾਕਟਰ ਸਾਹਿਬ ਨੇ ਕਿਹਾ, "ਅਜੀਤ ਸਿੰਘ! ਅੱਜ ਸਮਾਂ ਹੋ ਗਿਆ ਹੈ। ਹੁਣ ਕਿਸੇ ਦਿਨ ਦੂਜਾ ਡਾਕਟਰ ਉਪ੍ਰੇਸ਼ਨ ਕਰੇਗਾ, ਮੈਂ ਇੱਥੇ ਨਹੀਂ ਰਹਿਣਾ, ਉਹ ਵੀ ਬੜਾ ਹਮਦਰਦ ਤੇ ਤਜਰਬੇਕਾਰ ਏ। ਘਬਰਾ ਨਾ! ਮੈਂ ਅਮਰੀਕਾ ਜਾ ਰਿਹਾ ਹਾਂ।" ਮਨ ਵਿਚ ਬੜਾ ਨਿਰਾਸ ਹੋਇਆ, ਮਗਰ ਮੁੜ ਸਤਿਗੁਰੂ ਨੇ ਅੰਦਰ ਆ ਹੱਥ ਰਖਿਆ ਤੇ ਹੌਂਸਲਾ ਕਰ ਖਿਆਲੇ ਚਲਾ ਗਿਆ। ਉੱਥੇ ਜਾ ਕੇ ਆਪਣੀ ਸਾਲੀ ਬੀਬੀ ਲਖਬੀਰ ਨੂੰ ਬਾਰਤਾ ਦੱਸੀ, ਉਸ ਕਿਹਾ, "ਇਹ ਵੀ ਚੰਗਾ ਹੋਇਆ। ਸਤਿਗੁਰਾਂ ਨੇ ਇਹ ਸਾਰਾ ਸਾਂਗ ਆਪ ਵਰਤਾਇਆ ਏ। ਅੱਗੇ ਡਾਕਟਰਾਂ ਪਾਸੋਂ ਖੁਲ੍ਹ ਨਹੀਂ ਲੁਹਾ ਵੇਖੀ। ਅੰਮ੍ਰਿਤਸਰ, ਪਹਿਲਵਾਨ ਬਿੱਲਾ ਏ। ਉਹ ਹੱਡੀਆਂ ਜੋੜਨ ਦਾ ਮੰਨਿਆ ਪ੍ਰਮੰਨਿਆ ਉਸਤਾਦ ਏ ਤੂੰ ਉਸ ਨੂੰ ਵਿਖਾ। ਡਾਕਟਰਾਂ ਦੀ ਆਸ ਲਾਹ ਛੱਡ।" ਅਗਲੇ ਦਿਨ ਦੋਵੇਂ ਪਿਉ ਪੁੱਤ ਅੰਮ੍ਰਿਤਸਰ ਬਿੱਲੇ ਕੋਲ ਪੁੱਜੇ। ਉਸ ਸਾਰਾ ਟੋਹਿਆ ਟਾਹਿਆ ਤੇ 15 ਦਿਨਾਂ ਵਾਸਤੇ ਮਾਲਸ਼ ਦਾ ਤੇਲ ਦਿੱਤਾ। ਸਤਿਗੁਰੂ ਦਾ ਨਾਉਂ ਲੈ ਮਾਲਸ਼ ਸ਼ੁਰੂ ਕੀਤੀ, ਦਰਦ ਘੱਟ ਗਈ। ਜਦ ਉਸ ਨੂੰ ਮੁੜ ਜਾ ਕੇ ਵਿਖਾਇਆ ਤਾਂ ਉਸ ਲੱਕ ਉਪਰ ਚੜ੍ਹ ਹੱਡੀ ਥਾਂ ਸਿਰ ਕਰ ਦਿੱਤੀ ਤੇ ਉਪਰ ਠੀਕਰੀ ਰੱਖ ਪੱਟੀ ਬੰਨ੍ਹ ਦਿੱਤੀ। ਮਹੀਨੇ ਪਿੱਛੋਂ ਪੱਟੀ ਖੋਲ ਦਿੱਤੀ ਤੇ ਬਿੱਲੇ ਨੂੰ ਵਿਖਾਇਆ ਓਸ ਕਿਹਾ, "ਭਾਈਆ! ਆਪਣੇ ਗੁਰੂ ਦੀ ਸ਼ਰਨ ਪਓ ਜਿਸ ਮਿਹਰ ਕੀਤੀ ਆ। ਮੇਰਾ ਤਾਂ ਬਹਾਨਾ ਈ ਆ। ਜਗ੍ਹਾ ਕੁਥਾਂ ਸੀ, ਹੱਡੀ ਦਾ ਜੁੜਨਾ ਬੜਾ ਕਠਨ ਸੀ। ਕਿਸੇ ਵੇਲੇ ਦਾ ਬੀਜਿਆ ਤੈਨੂੰ ਫਲ ਮਿਲਿਆ ਏ।" ਮੈਂ ਪੱਟੀ ਖੁਲ੍ਹਾ ਘਰ ਮੁੜਿਆ ਸਭਨਾਂ ਵਧਾਈਆਂ ਦਿੱਤੀਆਂ।

ਅੰਦਰ ਭਾਨ ਪਵੇ ਕਿ ਸਿੱਧਾ ਹੋ ਕੇ ਸਤਿਗੁਰਾਂ ਦੇ ਕੋਲ ਹਾਜ਼ਰ ਨਹੀਂ ਹੋਇਆ ਤੇ ਖਿਮਾਂ ਨਹੀਂ ਮੰਗੀ। ਸੂਰਜ ਚੜ੍ਹਦਾ ਰਿਹਾ, ਡੁੱਬਦਾ ਰਿਹਾ, ਸਰਦੀਆਂ ਆਈਆਂ, ਲੰਘ ਗਈਆਂ। ਗਰਮੀਆਂ ਆਈਆਂ ਲੰਘ ਗਈਆਂ, ਪਰ ਮਨ ਬੇਸ਼ਰਮੀ ਦੇ ਘੁੰਡ ਪਿੱਛੇ ਵਿਹੜਿਆ ਰਿਹਾ। 1973 ਵਿਚ ਨਾਮਧਾਰੀ ਕਾਟਨ ਮਿਲਜ਼ ਸ਼ੁਰੂ ਹੋਈ। ਮੈਜ ਪਿੰਡਾ ਵਿੱਚੋਂ ਕਪਾਹ ਲਿਆ ਲਿਆ ਕੇ ਸੌਦੇ ਕਰਦਾ। ਮੇਰਾ ਕੰਮ ਚੰਗਾ ਰਿੜ ਪਿਆ। ਫੈਕਟਰੀ 1975 ਵਿਚ ਸੇਠ ਮਹਿੰਦਰ ਸਿੰਘ ਦੇ ਪ੍ਰਬੰਧ ਹੇਠਾਂ ਆ ਗਈ, ਉਸ ਮੇਰਾ ਕੰਮ ਜੋਖਿਆ ਜਾਚਿਆ ਤੇ ਮਿਲ

Sri Satguru Jagjit Singh Ji eLibrary NamdhariElibrary@gmail.com

ਦੀ ਸੇਵਾ ਵਾਸਤੇ ਪ੍ਰੇਰਨਾ ਦਿੱਤੀ। ਮੈਂ ਰਾਜ਼ੀ ਹੋ ਗਿਆ, ਪਰ ਮਾਸਟਰ ਜੀਓ! ਮੈਨੂੰ ਨੌਕਰੀ ਦੀ ਇਤਨੀ ਖ਼ੁਸ਼ੀ ਨਹੀਂ ਸੀ ਹੋਈ ਜਿੰਨੀ ਸੇਠ ਮਹਿੰਦਰ ਸਿੰਘ ਦੇ ਮੇਲ ਮਿਲਾਪ ਕਾਰਨ। ਉਹ ਮੇਰਾ ਮਿੱਤਰ ਬਣ ਗਿਆ। ਉਹ ਮੇਰਾ ਸਲਾਹਕਾਰ, ਉਹ ਮੇਰੇ ਦਿਲ ਦੀਆਂ ਲੈਂਦਾ ਤੇ ਦਿਲ ਦੀਆਂ ਦੇਂਦਾ। ਉਸ ਦੀ ਕੰਢ ਸੁਣਦੀ ਏ। ਉਹ ਗੁਰਸਿੱਖਾਂ ਵਿੱਚੋਂ ਗੁਰਸਿੱਖ, ਭਰਾਵਾਂ ਵਿੱਚੋਂ ਭਰਾ ਤੇ ਮਿੱਤਰਾਂ ਵਿੱਚੋਂ ਮਿੱਤਰ ਸੀ। ਜਦ ਮੈਂ ਉਸਨੂੰ ਹੱਡ ਬੀਤੀ ਸੁਣਾਈ ਤਾਂ ਉਸ ਕਿਹਾ, 'ਅਜੀਤ ਸਿੰਹਾ! ਲਿੱਲ ਪੋਪੋ ਨਾ ਕਰ, ਸਤਿਗੁਰਾਂ ਪਾਸੋਂ ਭੁੱਲ ਬਖਸ਼ਾ। ਬਖਸ਼ਸ਼ ਬਿਨਾਂ ਕੌਡੀਆਂ ਵਿਹਾਜਨ ਵਾਲੀ ਗੱਲ ਏ। ਤੂੰ ਸੌ ਬਾਣੀ ਪੜ੍ਹੇਂ, ਮਾਲਾ ਵੀ ਫੇਰੇਂ, ਪਰ ਫਲੀਭੂਤ ਤਾਈਏਂ ਹੋਊਗਾ ਜਦ ਸਤਿਗੁਰੂ ਜੀ ਪਾਸੋਂ ਬਖਸ਼ਬੰਦੀ ਕਰਵਾ ਲਏਂਗਾ। ਭਾਵੇਂ ਗੁਰੂ ਨਾਨਕ ਦੇਵ ਦੀ ਅਠੋਤਰੀ ਫੇਰੇਂ, ਭਾਵੇਂ ਗੁਰੂ ਗੋਬਿੰਦ ਸਿੰਘ ਜੀ ਅੱਗੇ ਅਰਦਾਸੇ ਕਰੇਂ, ਪਰ ਜਦ ਤਕ ਸਮੇਂ ਦੇ ਮਾਲਿਕ ਸਤਿਗੁਰੂ ਜਗਜੀਤ ਸਿੰਘ ਤੋਂ ਬਖਸ਼ਬੰਦੀ ਨਹੀਂ ਕਰਾਂਦਾ। ਸਾਰੇ ਭਜਨ ਬੰਦਗੀ ਰੇਤੇ ਵਿਚ ਪਾਣੀ ਛਿੜਕਣ ਵਾਲੀ ਗੱਲ ਏ। ਤੂੰ ਸਿੱਧਾ ਹੋ ਕੇ ਸਤਿਗੁਰਾਂ ਦੇ ਚਰਨ ਜਾ ਫੜ।

"ਪਰ ਸੇਠ ਜੀ ਮੈਨੂੰ ਤਾਂ ਡਰ ਲੱਗਦਾ ਏ, ਜਦ ਕੁਕਰਮਾਂ ਦੇ ਬਚਨਾਂ ਨਾਲ ਸੂਰਜ ਢੱਕਿਆ ਜਾਂਦਾ ਏ ਤਾਂ ਰਾਹ ਨਹੀਂ ਲੱਭਦਾ। ਤਿਵੇਂ ਮੈਂ ਸੋਚਦਾ ਹਾਂ ਕੀ ਕਰਾਂ? ਕਿਧਰ ਜਾਵਾਂ?' 'ਤੂੰ ਘਬਰਾ ਨਾ! ਜਦ ਸਿੱਖ ਬਖਸ਼ਬੰਦੀ ਵਾਸਤੇ ਮਨੋ ਤਿਆਰ ਹੋ ਕੇ ਗੁਰੂ ਵਲ ਪੈਰ ਪੁੱਟਦਾ ਹੈ, ਤਾਂ ਅੱਧੀ ਬਖਸ਼ਬੰਦੀ ਪਹਿਲਾਂ ਹੀ ਮਿਲ ਜਾਂਦੀ ਏ ਤੇ ਅੱਧੀ ਦਰਬਾਰ ਵਿਚ ਹਾਜ਼ਰ ਹੋ ਕੇ ਖੜੇ ਹੋਣ ਨਾਲ। ਮਨ ਨੂੰ ਤਕੜਾ ਕਰ। ਗਿੱਟੀਆਂ ਨਾ ਗਿਣ।"

ਦੇਵਨੇਤ ਸ੍ਰੀ ਜੀਵਨ ਨਗਰ ਸਥਾਪਨਾ ਦਿਵਸ ਦਾ ਮੇਲਾ ਆ ਗਿਆ। ਖ਼ੂਬ ਰੌਣਕਾਂ ਦੀਆਂ ਤਿਅਰੀਆਂ ਹੋਈਆਂ। ਰੱਬੀ ਬਾਣੀ ਤੇ ਸ਼ਬਦ ਕੀਰਤਨ ਦੀ ਵਰਖਾ ਹੋਈ। ਧੂਲ ਮਿੱਟੀ ਨਾਲ ਲਿਬੜੇ ਜੰਡ ਕਰੀਰ ਨ੍ਹਾਤੇ ਧੋਤੇ ਗਏ। ਮੈਂ ਵੀ ਦੀਵਾਨ ਵਿਚ ਜਾ ਹਾਜ਼ਰ ਹੋਇਆ ਤੇ ਜੋਦੜੀ ਕੀਤੀ:-

**ਜਿਉਂ ਜਾਨਹੁ ਤਿਉਂ ਰਾਖੁ ਹਰਿ ਪ੍ਰਭ ਤੇਰਿਆ।**
**ਕੇਤੇ ਗਨਉ ਅਸੰਖ ਅਵਗੁਣ ਮੇਰਿਆ।**
**ਅਸੰਖ ਅਵਗੁਣ ਖਤੇ ਫੇਰੇ ਨਿਤ ਪ੍ਰਤਿ ਸਦ ਭੂਲੀਐ।**
**ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ।**
**ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਹਰੂ ਤੇ ਨੇਰਿਆ।**
**ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ।**

(ਜੈਤਸਰੀ ਮਹਲਾ ੫)

**ਅਨੇਕ ਜਨਮ ਪਾਪ ਕਰਿ ਭਰਮੇ ਹੁਣ ਤਉ ਸਰਣਾਗਤਿ ਆਏ।**
**ਦਇਆ ਕਰਹੁ ਬਖ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ।**

(ਤੁਖਾਰੀ ਛੰਤ ਮਹਲਾ ੪)

Sri Satguru Jagjit Singh Ji eLibrary NamdhariElibrary@gmail.com

"ਇਹ ਜੋਦੜੀ ਸੁਣ ਸਤਿਗੁਰੂ ਜੀ ਤਰੁਠ ਪਏ ਤੇ ਬਚਨ ਕੀਤਾ, ਅਜੀਤ ਸਿੰਘਾਂ! ਜ਼ਮੀਨ ਦਾ ਕਬਜ਼ਾ ਤੈਨੂੰ ਛੱਡਣਾ ਪਵੇਗਾ।"

"ਸਤਿ ਬਚਨ ਜੀ! ਮੈਂ ਛੱਡੀ।"

ਕੋਲ ਹੀ ਮਹਾਰਾਜ ਬੀਰ ਸਿੰਘ ਜੀ ਬੈਠੇ ਸਨ, ਉਨ੍ਹਾਂ ਕਿਹਾ ਰਿਸ਼ਤੇ ਬਾਰੇ ਕਿਵੇਂ? ਸਤਿਗੁਰੂ ਜੀ ਮਿਹਰਾਂ ਵਿਚ ਸਨ, ਉਨ੍ਹਾਂ ਬਚਨ ਕੀਤਾ, 'ਉਹ ਵੀ ਛੱਡ ਦੇਵੇਂਗਾ।"

"ਬਿਲਕੁਲ ਠੀਕ ਸੱਚੇ ਪਾਤਸ਼ਾਹੋ! ਅੱਜ ਤੋਂ ਓਧਰੋਂ ਵੀ ਰਿਸ਼ਤਾ ਤੋੜਿਆ।"

"ਬਸ ਜਾ ਬੈਠ। ਮਾਲਾ ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਿਆ ਕਰ ਕਿ ਅੱਗੋਂ ਤੋਂ ਮਨ ਡੋਲਾ ਨਾ ਖਾਇ।" ਮੈਂ ਚਰਨਾਂ ਤੇ ਢਹਿ ਪਇਆ। ਅੱਥਰੂਆਂ ਨਾਲ ਚਰਨ ਧੋਤੇ। ਸਤਿਗੁਰੂ ਜੀ ਨੇ ਥਾਪੜਾ ਦਿੱਤਾ ਤੇ ਮੈਂ ਆਪਣੀ ਜਗ੍ਹਾ ਤੇ ਅੱਖਾਂ ਪੂੰਝਦਾ ਬਹਿ ਗਿਆ ਤੇ ਧੰਨ ਭਾਗ ਜਾਣੇ।

**ਅਜੀਤ ਸਿੰਘ**

Sri Satguru Jagjit Singh Ji eLibrary NamdhariElibrary@gmail.com

## ਪੂਰਬਾ

**ਗੁਰ ਕੈ ਗ੍ਰਿਹਿ ਸੇਵਕ ਜੋ ਰਹੈ।**
**ਗੁਰ ਕੀ ਆਗਿਆ ਮਨ ਮਹਿ ਸਹੈ।**
**ਆਪਸ ਕਉ ਕਹਿ ਕਛੁ ਨ ਜਨਾਵੈ।**
**ਹਰਿ ਹਰਿ ਨਾਮ ਰਿਦੈ ਸਦ ਧਿਆਵੈ।**
**ਮਨੁ ਬੇਚੈ ਸਤਿਗੁਰ ਕੇ ਪਾਸਿ।**
**ਤਿਸ ਸੇਵਕ ਕੇ ਕਾਰਜ ਰਾਸਿ।**
**ਸੇਵਾ ਕਰਤ ਹੋਇ ਨਿਹਕਾਮੀ।**
**ਤਿਸ ਕਉ ਹੋਤਿ ਪ੍ਰਾਪਤ ਸੁਆਮੀ।**
**ਆਪਨੀ ਕਿਰਪਾ ਜਿਸ ਆਪਿ ਕਰੇਇ।**
**ਨਾਨਕ ਸੋ ਸੇਵਕ ਗੁਰ ਕੀ ਮਤਿ ਲੇਇ॥**

'ਫੜ ਲਓ! ਫੜ ਲਓ!! ਜਾਣਾ ਨਾ ਪਵੇ!!! ਇਹ ਕਾਲੇ ਮੂਹੀਏ ਸਮਾਂ ਕੁ ਸਮਾਂ ਨਹੀਂ ਵਿਚਾਰਦੇ। ਬੰਦਾ ਕੁ ਬੰਦਾ ਨਹੀਂ ਸਿੰਞਾਣਦੇ ਇਹ ਪੱਰੇ ਬਨ ਉਜਾੜਾ ਕਰਦੇ ਫਿਰਦੇ ਨੇ। ਇਹਨਾਂ ਪਾਮਰਾਂ ਨੂੰ ਜਾਣ ਨਹੀਂ ਦੇਣਾ। ਇਹਨਾਂ ਨੀਲਾਧਰੀ ਕਲਿਜੁਗੀ ਸ਼ੈਤਾਨਾਂ ਦਾ ਕੰਧ ਮੂਲ ਮੁਕਾ ਦਿਓ। ਇਹ ਕਹਿੰਦਿਆਂ ਕਹਿੰਦਿਆਂ ਠਾਕੁਰ ਦਲੀਪ ਸਿੰਘ, ਮਿਆਨ ਵਿੱਚੋਂ ਸ੍ਰੀ ਸਾਹਿਬ, ਜਿਸ ਦੀ ਚਮਕ ਨਾਲ ਵੈਰੀਆਂ ਦੀਆਂ ਅੱਖਾਂ ਬੰਦ ਹੋ ਗਈਆਂ, ਧੂਹੀ ਤੇ ਆਪਣੇ ਚਿੱਟੇ ਘੋੜੇ ਨੂੰ ਅੱਡੀ ਲਾ, ਅੱਖ ਦੇ ਪਲਕਾਰੇ ਵਿਚ ਜਾ ਖਲੋਤੇ। ਉਨ੍ਹਾਂ ਉਖਲੀਆਂ ਨਾਸਾਂ, ਆਲੇ ਆਲੇ ਜੇਡੇ ਮੂੰਹ ਵਾਲਿਆਂ ਸ਼ਤਰੂਆਂ, ਲੰਮੇਂ ਲੰਮੇਂ ਦੰਦ ਕਰੀਚੇ ਤੇ ਸ੍ਰੀ ਠਾਕੁਰ ਜੀ ਤੇ ਟੁੱਟ ਪਏ। ਇੱਥੇ ਬੱਗਿਆਂ ਤੇ ਕਾਲਿਆਂ ਵਿਚ ਘਮਸਾਨ ਦਾ ਯੁੱਧ ਹੋਇਆ। ਲਹੂ ਦੀਆਂ ਧਾਰਾਂ ਬਹਿ ਟੁਰੀਆਂ। ਲੋਥਾਂ ਤੇ ਲੋਥਾਂ ਚੜ੍ਹ ਗਈਆਂ। ਸ੍ਰੀ ਠਾਕੁਰ ਜੀ ਨੇ ਆਪ ਚੰਗੇ ਹੱਥ ਵਿਖਾਏ, ਅਤੇ ਕਲਜੁਗੀ ਸੈਨਾ ਦਮ ਤੋੜ ਗਈ ਤੇ ਬਚੇ ਖੁਚੇ ਸਿਰ ਪੈਰਾਂ ਤੇ ਹੱਥ, ਮੂੰਹ ਵਿਚ ਘਾਹ ਲੈ ਹਰਨ ਹੋ ਗਏ ਚੌਹੀਂ ਪਾਸੀਂ ਜੈ ਜੈ ਕਾਰ ਹੋਈ, ਦੇਵਗਣਾਂ ਫੁੱਲਾਂ ਦੀ ਵਰਸ਼ਾ ਕੀਤੀ।

ਬੁਖਾਰ ਸਮੇਂ ਪੂਰਬੇ ਮੁਹਿੰਦਰ ਸਿੰਘ ਸਾਹਮਣਿਓਂ ਇਹ ਸਾਰੀ ਫ਼ਿਲਮ ਲੰਘੀ। ਪਰ ਗੁਰੂ ਨਾਨਕ ਦੇਵ ਦੇ ਘਰ ਦੀ ਕਿਹੜੀ ਕਿਹੜੀ ਫ਼ਿਲਮ ਦਾ ਵਰਨਣ ਕੀਤਾ ਜਾਵੇ, ਕੋਈ ਮਹਿਮਾ ਨਹੀਂ ਹੋ ਸਕਦੀ।

Sri Satguru Jagjit Singh Ji eLibrary NamdhariElibrary@gmail.com

**ਗੁਰ ਕੀ ਮਹਿਮਾਂ ਕਿਆ ਕਹਉ, ਗੁਰ ਬਬੇਕ ਸਤਿ ਸਰ।**
**ਉਹ ਆਦਿ ਜੁਗਾਦਿ ਜੁਗਹ ਜੁਗਹ ਪੂਰਾ ਪਰਮੇਸਰ।**

ਇਸ ਪੁਰਖ ਪਰਮੇਸ਼ਰ ਦੇ ਕੌਤਕ ਨਿਰਾਲੇ ਹਨ। ਇਸ ਦੀਆਂ ਖੇਡਾਂ ਅਚੰਭਾ ਹਨ। ਇਹ ਮੁੱਢ ਕਦੀਮਾਂ ਤੋਂ ਸੁੱਤਿਆਂ ਨੂੰ ਜਗਾਂਦਾ, ਜਾਗਦਿਆਂ ਨੂੰ ਤੋਰਦਾ ਤੇ ਤੁਰਦਿਆਂ ਨੂੰ ਰੇੜੇ ਪਾਉਂਦਾ ਆਇਆ ਹੈ। ਇਹ ਸਦੈਵ ਭੁਲਿਆਂ ਭਟਕਿਆਂ ਨੂੰ ਸਿੱਧੇ ਰਾਹ ਤੋਂ ਲਿਆਉਂਦਾ ਹੈ, ਰਾਹੋਂ ਘੁਥਿਆਂ ਤੇ ਔਝੜੀਂ ਫਸਿਆਂ ਨੂੰ ਫੁੱਲਾਂ ਦੀ ਸੇਜ ਤੇ ਲਿਟਾਂਦਾ ਹੈ। ਪਰ ਕਈ ਕਿਸਮਤ ਦੇ ਮਹਰੇ ਕੋਲ ਬੈਠਿਆਂ ਨੂੰ ਭੁਲਾਈ ਫਿਰਦਾ ਹੈ, ਉਨ੍ਹਾਂ ਨੂੰ ਅੱਖਾਂ ਨਹੀਂ ਬਖਸ਼ਦਾ, ਉਹ ਮੁੜ ਘਿੜ ਗੰਦੇ ਟੋਏ ਵਿਚ ਡਿੱਗਦੇ ਹਨ। ਮਗਰ ਸਤਿਗੁਰੂ ਜੀ ਦੀ ਪਰਬਲ ਇੱਛਾ ਹੈ ਕਿ ਸਮੂੰਹ ਜੀਵ-ਜੰਤ ਭਾਂਬੜਾਂ ਤੋਂ ਨਿਕਲਣ ਤੇ ਸੀਤਲ ਸੋਮਿਆਂ ਤੇ ਆ ਮੌਜਾਂ ਮਾਰਣ। ਪਰ ਬੇਅੰਤ ਦੀ ਬੇਅੰਤ ਲੀਲਾ ਹੈ। ਇਸ ਦੀ ਰਹਿਮਤ ਦਾ ਪਾਰਾਵਾਰ ਨਹੀਂ, ਕਿੰਨਿਆਂ ਦਾ ਬੇੜਾ ਪਾਰ ਕਰਦੇ ਹਨ, ਇਸ ਦੀਆਂ ਉਹੋ ਹੀ ਜਾਣਦਾ ਹੈ ਇਹ ਸੱਚ ਹੈ ਕਿ:-

**ਤਾਰੇ ਗਿਣੇ ਜਾਤ ਹੈਂ, ਨ ਤਾਰੇ ਗਿਣੇ ਜਾਤ ਹੈਂ।**

ਪੂਰਬੇ ਦੇ ਵੱਡੇ ਵਡੇਰੇ ਗ਼ੈਰ ਨਾਮਧਾਰੀ ਸਨ, ਪਰ ਇਸ ਦੇ ਦਾਦੇ ਤਾਰਾ ਸਿੰਘ ਨਿੱਛਤਰ ਸਿੰਘ ਤੇ ਮੱਘਰ ਸਿੰਘ ਦਾ ਗੁਰੂ ਘਰ ਨਾਲ ਪਿਆਰ ਸੀ। ਪਰ ਜ਼ਰਾ ਵਗਦੇ ਢਿੱਲੇ ਸਨ। ਸਿੱਖੀ ਉਘਲਾਂਦੀ ਸੀ, ਜੇ ਇਸ਼ਨਾਨ ਕੀਤਾ ਤੇ ਕੀਤਾ, ਜੇ ਨਾ ਕੀਤਾ, ਤੇ ਨਾ ਸਹੀ। ਪੰਦਰ੍ਹਾਂ ਪੰਦਰ੍ਹਾਂ ਦਿਨ ਲੰਘ ਗਏ ਤਾਂ ਵੀ ਕੋਈ ਚਿੰਤਾ ਨਹੀਂ। ਮਾਈਆਂ ਬੀਬੀਆਂ ਦੇ ਰੰਗਦਾਰ ਲੀੜੇ। ਖੁੱਲ੍ਹੀਆਂ ਸਲਵਾਰਾਂ। ਸਤਿਗੁਰੂ ਜੀ ਨੇ ਸਿੱਖੀ ਮਾਰਗ ਤੇ ਲਿਆਉਣ ਵਾਸਤੇ ਇੱਕ ਕੌਤਕ ਰਚਿਆ।

ਨਛੱਤਰ ਸਿੰਘ ਹਵੇਲੀ ਵਿਚ ਸੰਵਿਆ ਕਰਦਾ ਸੀ। ਸਤਿਗੁਰੂ ਜੀ ਤਰੁਠੇ ਤੇ ਇੱਕ ਰਾਤ ਹੱਥ ਵਿਚ ਖੂੰਡਾ ਫੜਿਆ ਤੇ ਨਛੱਤਰ ਸਿੰਘ ਦੇ ਦੁਆਲੇ ਜਾ ਕਿਰਪਾ ਕੀਤੀ ਤੇ ਤੇਜ਼ੀ ਵਿਚ ਬਚਨ ਕੀਤਾ, ਨਛੱਤਰਾ! ਸ਼ਰਮ ਨਹੀਂ ਆਉਂਦੀ, ਪੰਦਰ੍ਹਾਂ ਪੰਦਰ੍ਹਾਂ ਦਿਨ ਤਕ ਤੁਹਾਡੀ ਇਸ਼ਨਾਨ ਨਾ ਪਾਣੀ। ਤੁਹਾਡੀਆਂ ਬੀਬੀਆਂ ਦੇ ਰੰਗਦਾਰ ਲੀੜੇ ਤੇ ਖੁੱਲ੍ਹੀਆਂ ਸਲਵਾਰਾਂ। ਭਜਨ ਨ ਬਾਣੀ ਇਹ ਕੀ ਕਾਰਾ?' ਇਤਨਾ ਕਹਿ ਖੂੰਡਾ ਉਲ੍ਹਾਰਿਆ। ਨਛੱਤਰ ਸਿੰਘ ਅੱਗੇ ਉਠ ਨੱਸਿਆ ਤੇ ਸਤਿਗੁਰੂ ਜੀ ਅਲੋਪ ਹੋ ਗਏ। ਨਛੱਤਰ ਸਿੰਘ ਇਹ ਕੌਤਕ ਵੇਖ ਕੇ ਹੈਰਾਨੀ ਵਿਚ ਮੁੜ ਮੰਜੇ ਤੇ ਪੈ ਗਿਆ। ਪਰ ਅਜੇ ਅੱਖ ਲਗੀ ਈ ਸੀ ਕਿ ਮੁੜ ਉਹੋ ਦਰਸ਼ਨ ਓਹੋ ਰੂਪ। ਨਛੱਤਰ ਸਿੰਘ ਭੁੱਲ ਬਖਸ਼ਾ ਮੁੜ ਲੇਟ ਗਿਆ। ਤੀਜੀ ਵੇਰ ਤੇਜ਼ ਸਰੂਪ ਤੇ ਤੇਜ਼ ਨੇਤਰ ਵਿਚ ਦਰਸ਼ਨ ਦਿੱਤੇ। ਹੁਣ ਨਛੱਤਰ ਸਿੰਘ ਚਰਨਾਂ ਤੇ ਡਿੱਗ ਪਿਆ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਲੋਪ ਹੋ ਗਏ।

ਇਸ ਪਰਿਵਾਰ ਦਾ ਇਹ ਨੇਮ ਸੀ ਕਿ ਹਰ ਚਾਨਣੀ ਦਸਮੀਂ ਨੂੰ ਸ੍ਰੀ ਭੈਣੀ ਸਾਹਿਬ ਦੇ ਲੰਗਰ ਵਿਚ ਘਿਓ ਜ਼ਰੂਰ ਪਾਇਆ ਕਰਦਾ ਸੀ। ਦਸਮੀਂ ਵਾਲੇ

ਦਿਨ ਪੀਪੀ ਵਿਚ ਘਿਓ ਪਾਇਆ, ਨਛੱਤਰ ਸਿੰਘ ਸਾਈਕਲ ਤੇ ਲੱਤ ਰੱਖੀ ਤੇ ਸ੍ਰੀ ਭੈਣੀ ਸਾਹਿਬ ਆ, ਮੱਥੇ ਨੇ ਚਰਣ ਧੂੜ ਲਾਈ। ਅੱਗੋਂ ਆਉਂਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੋਏ। ਨਮਸਕਾਰ ਕੀਤੀ, ਚਰਨਾਂ ਵਿਚ ਘਿਓ ਦੀ ਪੀਪੀ ਰੱਖੀ। ਖ਼ੁਸ਼ੀਆਂ ਹੋ ਗਈਆਂ। ਮੁੜ ਅਗਾਂਹ ਲਾਂਗਰੀ ਸਿੰਘਾਂ ਦੇ ਡੇਰੇ ਪੁੱਜਾ। ਸ਼ਹੀਦੀ ਤਿਆਰ ਸੀ। ਇੱਕ ਗੱਫਾ ਲਾਇਆ। ਕੁਝ ਚਿਰ ਆਰਾਮ ਕੀਤਾ। ਪਿਛਲੇ ਪਹਿਰ ਘੋੜਿਆਂ ਦੇ ਸੇਵਾਦਾਰ ਘੋੜਿਆਂ ਨੂੰ ਚੱਕਰ ਲਵਾ ਰਹੇ ਸਨ। ਸਤਿਗੁਰੂ ਜੀ ਘੋੜਿਆਂ ਨੂੰ ਹਰਾ ਘਾਹ ਦੇ ਰਹੇ ਸਨ ਤੇ ਘੋੜੇ ਵੀ ਸਤਿਗੁਰੂ ਜੀ ਦੇ ਕਰ ਕਮਲਾਂ ਦੀ ਛੂਹ ਪ੍ਰਾਪਤ ਕਰ, ਜਾਮਿਆਂ ਵਿਚ ਫੁੱਲੇ ਨਹੀਂ ਸਨ ਸਮਾਉਂਦੇ। ਇੱਥੇ ਨਛੱਤਰ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੀ ਦਰਸ਼ਨ ਹੋਣ ਲੱਗੇ। ਪਰ ਜਦ ਇਹ ਜ਼ਰਾ ਖ਼ੁਸ਼ੀ ਦਾ ਪ੍ਰਗਟਾਵਾ ਕਰਨ ਲੱਗੇ ਤਾਂ ਸੱਚੇ ਪਾਤਸ਼ਾਹ ਖੂੰਡਾ ਵਖਾਉਣ। ਇਹ ਫਿਰ ਦੜ ਵਟ ਜਾਵੇ। ਕਾਫ਼ੀ ਸਮਾਂ ਇਹ ਰੰਗ ਮਾਣਦਾ ਰਿਹਾ, ਅੰਤ ਅਰਦਾਸਾ ਸੋਧ ਘਰ ਨੂੰ ਮੁੜਿਆ। ਸਾਈਕਲ ਤੇ ਬੈਠਾ ਤਾਂ ਮਨ ਬਣਾ ਲਿਆ ਕਿ ਜਾਂਦਿਆਂ ਮਜਾਲੀਆਂ ਹੁੰਦਾ ਜਾਵਾਂ। ਓਥੇ ਉਸਦੇ ਨਾਨਕੇ ਸਨ। ਪਰ ਜਦ ਸੜਕ ਤੇ ਚੜ੍ਹਿਆ ਤਾਂ ਮੁੜ ਸਤਿਗੁਰੂ ਜੀ ਦੀ ਕਾਰ ਨਜ਼ਰੀਂ ਆਈ। ਸਾਈਕਲ ਤੇ ਕਾਰ ਅੱਗੇ ਪਿੱਛੇ ਚੱਲਦੇ ਗਏ, ਖੁਲ੍ਹੇ ਦੀਦਾਰਿਆਂ ਦਾ ਅਨੰਦ ਮਾਣਿਆ, ਪਰ ਸਤਿਗੁਰੂ ਜੀ ਕਿਹਾ ਅਰਦਾਸਾ ਪੂਰਬੇ ਦਾ ਤੇ ਜਾਣਾ ਮਜਾਲੀਆਂ ਇਹ ਠੀਕ ਨਹੀਂ ਨਾਨਕੇ ਪੁੱਜੇ ਤੇ ਸਾਰੀ ਵਾਰਤਾ ਸੁਣਾਈ। ਇਹ ਸੁਣ ਮਹਿੰਦਰ ਸਿੰਘ ਅੰਦਰ ਵੀ ਸ੍ਰੀ ਭੈਣੀ ਸਾਹਿਬ ਦੇ ਦਰਸ਼ਨਾਂ ਦੀ ਲਾਲਸਾ ਪੈਦਾ ਹੋ ਗਈ। 1970 ਵਿਚ ਹਾੜੀ ਤੋਂ ਵਿਹਲਾ ਹੋ ਆ ਦਰਸ਼ਨ ਕੀਤੇ ਪਹਿਲੇ ਦਰਸ਼ਨਾਂ ਨੇ ਧੂਹ ਪਾ ਦਿੱਤੀ। ਮਨ ਟਿਕ ਗਿਆ। ਘਰ ਮੁੜਨ ਨੂੰ ਜੀਅ ਨ ਕੀਤਾ:-

**ਕਬੀਰ ਗੂੰਗਾ ਹੂਆ ਬਾਵਰਾ, ਬਹਰਾ ਹੂਆ ਕਾਨ।**
**ਪਾਵੋਹੁ ਤੇ ਪਿੰਗੁਲ ਭਇਆ, ਮਾਰਿਆ ਸਤਿਗੁਰ ਬਾਨ।**

ਪੂਰਬੇ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਸੇਵਾ ਲਈ ਅਰਜ਼ ਕੀਤੀ। ਓਸ ਸਮੇਂ ਪੰਡਿਤ ਮਨਸ਼ਾ ਸਿੰਘ ਜੀ ਦੀ ਸੇਵਾ ਦਾ ਹੁਕਮ ਹੋਇਆ, ਪੁੰਨ ਨਾਲੇ ਫਲੀਆਂ, ਇਨ੍ਹਾਂ ਪਾਸੋਂ ਸਾਰਕਤਾਵਲੀ ਪੜ੍ਹੀ, ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਕੀਤਾ ਤੇ ਨਾਲ ਹੀ ਭਰਪੂਰ ਖ਼ੁਸ਼ੀਆਂ ਪ੍ਰਾਪਤ ਹੋਈਆਂ। ਉਸ ਨਾਲ ਸਤਿਗੁਰੂ ਰਾਮ ਸਿੰਘ ਪ੍ਰਦੇਸ਼ ਗਮਨ ਸ਼ਤਾਬਦੀ ਸਦਕਾ ਵੈਸਾਖੀ ਦਾ ਮੇਲਾ ਦਮਦਮੇ ਸੀ। ਪੂਰਬੇ ਉੱਥੇ ਜਾ ਕੇ ਦਰਸ਼ਨ ਕੀਤੇ ਤੇ ਨਿਜੀ ਸੇਵਾ ਦਾ ਸੁਭਾਗ ਬਖਸ਼ਿਆ! ਨਦਰੀ ਨਦਰ ਨਿਹਾਲ ਕਰ ਦਿੱਤਾ। ਅੰਦਰ ਬਾਹਰ ਖੇੜਾ ਹੀ ਖੇੜਾ ਪਸਰ ਗਿਆ।

ਇੱਥੋਂ ਸਤਿਗੁਰੂ ਜੀ ਸਾਧ ਸੰਗਤ ਨੂੰ ਦਰਸ਼ਨ ਦੇਂਦਿਆਂ ਇਲਾਕੇ ਨੂੰ ਤਾਰਦਿਆਂ ਜੀਵਨ ਨਗਰ ਪੁੱਜੇ। ਓਥੇ ਜੇਠ ਦੇ ਮਹੀਨੇ ਵਿਚ ਦੱਖਣ ਹੈਦਰਾਬਾਦ ਨੂੰ ਤਿਆਰੀ ਹੋ ਗਈ। ਪੂਰਬਾ ਜੀ ਨੂੰ ਬੁਖਾਰ ਹੋ ਗਿਆ। ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

ਹੈਦਰਾਬਾਦ ਚਲੇ ਗਏ। ਬੁਖਾਰ ਕਾਹਦਾ ਸੀ? ਕਾਲਕਾ ਮਾਈ ਦਾ ਸ਼ੇਰ। ਰਤ ਪੀਣਾ। ਉਸ ਨੇ ਪੂਰਬੇ ਦੀਆਂ ਹੱਡੀਆਂ ਭੰਨ ਸੁੱਟੀਆਂ। ਜੀਭ ਖਿੱਚੀ। ਇਸ ਦੇ ਦੂਜੇ ਸਾਥੀਆਂ ਤਰਲੋਚਨ ਸਿੰਘ, ਰਣਧੀਰ ਸਿੰਘ ਤੇ ਫਤਹਿ ਸਿੰਘ ਸਾਰਿਆਂ ਨੂੰ ਬੁਖਾਰ ਨੇ ਦਬੋਚ ਲਿਆ। ਉਹਨਾਂ ਇਸ ਦੀ ਸੁਰਤ ਕਾਹਦੀ ਲੈਣੀ ਸੀ ਉਨ੍ਹਾਂ ਦੀ ਆਪਣੀ ਸੁਰਤੀ ਵੀ ਗਵਾਚੀ ਫਿਰਦੀ ਸੀ। ਪੂਰਬੇ ਨੇ ਰਜਾਈ ਮੰਗੀ ਤਾਂ ਚੈਨ ਸਿੰਘ ਕਿਹਾ, ਜੇਠ ਦਾ ਮਹੀਨਾ ਏ, ਰਜਾਈ ਮੰਗਦਾ ਏ, ਉਸ ਰਜਾਈ ਨਾ ਦਿੱਤੀ। ਡਾ: ਤ੍ਰਲੋਕ ਸਿੰਘ ਦਾ ਇਲਾਜ਼ ਚੱਲ ਰਿਹਾ ਸੀ। ਪਿਆਸ ਲੱਗੀ। ਮੂੰਹ ਸੁੱਕ ਗਿਆ। ਪਾਣੀ ਦੇਣ ਵਾਲਾ ਕੋਈ ਨਹੀਂ ਸੀ। ਉਸ ਬਾਥ ਵਾਲੇ ਟੱਬ ਵਿੱਚੋਂ ਬੇਹੋਸ਼ੀ ਦੀ ਹਾਲਤ ਵਿਚ ਪਾਣੀ ਦਾ ਘੁੱਟ ਲੈ ਜੀਭ ਗਿੱਲੀ ਕੀਤੀ। ਮਹਾਰਾਜ ਬੀਰ ਸਿੰਘ ਸੇਵਕਾਂ ਦੀ ਸੁਰਤ ਲੈਣ ਆਏ। ਸਭਨਾਂ ਨੂੰ ਵੇਖਿਆ ਪਰ ਪੂਰਬੇ ਦੀ ਹਾਲਤ ਵੇਖ ਸਿਰ ਫੇਰ ਚਲੇ ਗਏ। ਜਦ ਮਸਤਾਨ ਗੜ੍ਹ ਗਏ ਉੱਥੇ ਜਾ ਉਨ੍ਹਾਂ ਹਰਦੇਵ ਸਿੰਘ ਮਸਤਾਨੇ ਨੂੰ ਕਿਹਾ ਕਿ ਪੂਰਬੇ ਦੀ ਹਾਲਤ ਖ਼ਰਾਬ ਏ ਇਹ ਘੜੀਆਂ ਪਲਾਂ ਦਾ ਪ੍ਰਹੁਣਾ ਏ। ਮਹਾਰਾਜ ਬਾਹਰ ਗਏ ਈ ਸਨ ਕਿ ਪੂਰਬੇ ਦੇ ਪ੍ਰਾਣ-ਪੰਖੇਰੂ ਉਡਾਰੀ ਮਾਰ ਗਏ, ਪਰ ਭਾਈ ਜਿਸ ਦਾ ਸਾਹਿਬ ਡਾਢਾ ਹੋਇ ਉਸ ਨੂੰ ਮਾਰ ਨਾ ਸਕੇ ਕੋਇ। ਪੂਰਬੇ ਦਾ ਮਾਲਿਕ ਸੀ:-

**ਦੁਰਜਨ ਦਲ ਦੰਡਣ, ਅਸੁਰ ਬਿਹੰਡਣ ਦੁਸ਼ਟ ਟਿਕੰਦਣ ਆਦਿ ਬ੍ਰਿਤੇ॥**
**ਚਛਰਾਸੁਰ ਮਾਰਣ, ਪਤਿਤ ਉਧਾਰਣ, ਨਰਕ ਨਿਵਾਰਣ ਗੂੜ ਗਤੇ॥**
**ਅਛੇ ਅਖੰਡੇ, ਤੇਜ ਪ੍ਰਚੰਡੇ ਖੰਡ ਉਦੰਡੇ ਅਲਖ ਮਤੇ॥**
**ਜੈ ਜੈ ਹੋਸੀ ਮਹਖ਼ਾਸੁਰ ਮਰਦਨ ਰੰਮ ਕਪਰਦਨ ਛਤ੍ਰ ਛਿਤੇ॥੧॥੨੧੧॥**

ਭਾਵੇਂ ਉਹ ਦੱਖਣ ਹੈਦਰਾਬਾਦ ਵਿਚ ਭੁੱਲੀਆਂ ਭਟਕੀਆਂ ਰੂਹਾਂ ਨੂੰ ਸਿੱਧੇ ਮਾਰਗ ਪਾ ਰਿਹਾ ਸੀ। ਪਰ ਫਿਰ ਵੀ ਕਿਹੜਾ ਥਾਂ ਸੀ, ਜਿੱਥੇ ਉਹਦਾ ਵਾਸਾ ਨਾ ਹੋਵੇ। ਉਹ ਜਲਾਂ ਵਿਚ, ਥਲਾਂ ਵਿਚ, ਪਰਬਤਾਂ ਵਿਚ, ਕੰਧਰਾਂ ਵਿਚ, ਬਸਤੀਆਂ ਵਿਚ, ਵੀਰਾਨਿਆਂ ਵਿਚ, ਅਕਾਸ਼ਾਂ ਵਿਚ, ਪਤਾਲਾਂ ਵਿਚ। ਉਸ ਦੀ ਅੰਮ੍ਰਿਤ ਦ੍ਰਿਸ਼ਟੀ ਆਪਣੇ ਸੇਵਕ ਤੇ ਸੀ। ਉਨ੍ਹਾਂ ਓਥੇ ਆ ਦਰਸ਼ਨ ਦਿੱਤੇ। ਇੱਥੇ ਆ ਕੇ ਕੀ ਵੇਖਿਆ? ਜਮਾਂ ਦੇ ਦੂਤ ਹੁਕਮ ਦੇ ਬੱਧੇ ਪੂਰਬੇ ਦੇ ਸੁਆਸ ਕੱਢ ਟੁਰੇ। ਇਹਨਾਂ ਆਉਂਦਿਆਂ ਲਲਕਾਰਾ ਮਾਰਿਆ, ਪਰ ਉਹ ਆਪਣੇ ਧਿਆਨ ਟੁਰ ਗਏ। ਸਤਿਗੁਰੂ ਜੀ ਪਾਸ ਇੱਕ ਅਧਭੁਤ ਤਲਵਾਰ ਸੀ। ਇਨ੍ਹਾਂ ਮਿਆਨ ਵਿੱਚੋਂ ਖਿੱਚੀ। ਉਸ ਦੇ ਤੇਜ਼ ਸਾਹਮਣੇ ਸੂਰਜ ਮੱਧਮ ਪੈ ਗਿਆ। ਇਨ੍ਹਾਂ ਨੇ ਕਾਲੇ ਕਲੂਟੇ ਦੂਤਾਂ ਨੂੰ ਘੇਰ ਲਿਆ। ਇੱਕੋ ਝਟਕੇ ਨਾਲ ਸਿਰ ਧੜਾਂ ਤੋਂ ਵੱਖ ਕਰ ਦਿੱਤੇ ਤੇ ਉਸ ਪਾਸੋਂ ਪੂਰਬੇ ਦੇ ਸਵਾਸ ਖੋਹ ਸੇਵਕ ਦੇ ਮੂੰਹ ਵਿਚ ਪਾ ਦਿੱਤੇ।

ਇਤਨੇ ਨੂੰ ਪੂਰਬੇ ਦੇ ਹੱਥ ਪੈਰ ਹਿੱਲਣ ਲੱਗ ਪਏ। ਨਬਜ ਚੱਲ ਪਈ। ਪੂਰਬੇ 'ਚੋਂ ਬੁਖਾਰ ਜਾਂਦਾ ਨਾ ਦਿੱਸਿਆ। ਚਿਮਚਾ ਚਿਮਚਾ ਦੁੱਧ ਦੇਣਾ ਸ਼ੁਰੂ

Sri Satguru Jagjit Singh Ji eLibrary NamdhariElibrary@gmail.com

ਕੀਤਾ। ਫਲਾਂ ਦਾ ਰਸ, ਖਿਚੜੀ, ਦਲੀਆ, ਸਾਬੂਦਾਨਾ ਸ਼ੁਰੂ ਕੀਤਾ। ਅਤੇ ਖੁਸ਼ਕ ਫੁਲਕਾ, ਮੂੰਗੀ ਦੀ ਦਾਲ ਨਾਲ ਹੌਲੀ ਹੌਲੀ ਪੂਰਬਾ ਟੁਰਨ ਫਿਰਨ ਲੱਗ ਪਿਆ। ਸੇਵਕਾਂ ਅੰਦਰ ਵੀ ਜਾਨ ਆਈ।

ਪੂਰਬਾ ਸੰਤ ਰਤਨ ਸਿੰਘ ਵਾਲੀ ਕੁਟੀਆਂ ਦੇ ਦਰਵਾਜ਼ੇ ਵਿਚ ਬੈਠਾ ਸੀ ਕਮਜ਼ੋਰੀ ਦੀ ਹਾਲਤ ਵਿਚ ਸੋਚ ਰਿਹਾ ਸੀ। ਮੈਨੂੰ ਬੁਖਾਰ ਨੇ ਮਾਰ ਸੁੱਟਿਆ ਪ੍ਰਾਣ ਵੀ ਨਿਕਲ ਗਏ ਸਨ। ਸਤਿਗੁਰੂ ਜੀ ਆਪ ਬਾਹਰ ਦਰਸ਼ਨ ਦੇ ਰਹੇ ਹਨ, ਮੇਰਾ ਕੌਣ ਵਾਲੀ ਮੇਰੇ ਸਾਥੀ ਸੇਵਾਦਾਰ ਵੀ ਮਨ ਮਰਜ਼ੀ ਕਰਦੇ ਹਨ। ਇਹਨਾਂ ਸੋਚਾਂ ਵਿਚ ਤਾਰੀਆਂ ਲਾ ਰਿਹਾ ਸੀ, ਕਿ ਪੂਰਬੇ ਨੂੰ ਇਕ ਉਡਨ-ਖਟੋਲਾ ਅਕਾਸ਼ ਵਿਚ ਉਡਦਾ ਨਜ਼ਰੀਂ ਆਇਆ। ਉਹ ਖਟੋਲਾ ਕੋਠੀ ਦੇ ਵਿਹੜੇ ਵਿਚ ਆ ਉਤਰਿਆ। ਉਸ ਦੇ ਕਿਵਾੜ ਖੁੱਲ੍ਹੇ ਤਾਂ ਬੜਾ ਪ੍ਰਕਾਸ਼ ਹੋਇਆ। ਪ੍ਰਕਾਸ਼ ਵਿੱਚੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੋਏ। ਪੂਰਬੇ ਨਮਸਕਾਰ ਕੀਤੀ। ਸਤਿਗੁਰੂ ਜੀ ਪੂਰਬੇ ਨੂੰ ਦਲਾਸਾ ਦਿੱਤਾ।

ਸਤਿਗੁਰਾਂ ਨੂੰ ਵੇਖ ਚੈਨ ਸਿੰਘ ਤੇ ਸ਼ੰਗਾਰਾ ਸਿੰਘ ਵੀ ਆ ਗਏ। ਉਨ੍ਹਾਂ ਜਲਪਾਣੀ ਲਈ ਅਰਜ਼ ਕੀਤੀ। ਸਤਿਗੁਰੂ ਜੀ ਤੇਜ਼ੀ ਨਾਲ ਬਚਨ ਕੀਤਾ, "ਤੁਸੀਂ ਮੇਰੇ ਸੇਵਕ ਦੀ ਦੇਖਭਾਲ ਨਹੀਂ ਕਰ ਸਕਦੇ, ਮੈਂ ਤੁਹਾਡੇ ਹਥੋਂ ਜਲ ਨਹੀਂ ਛੱਕਣਾ। ਸ੍ਰੀ ਭੈਣੀ ਸਾਹਿਬ ਜਾਕੇ ਛੱਕਾਂਗਾ। ਸਤਿਗੁਰੂ ਜੀ ਮੁੜ ਓਸੇ ਖਟੋਲੇ ਵਿਚ ਜਾ ਬੈਠੇ ਤੇ ਖਟੋਲਾ ਵੇਖਦਿਆਂ ਵੇਖਦਿਆਂ ਉਡਾਰੀ ਮਾਰ ਗਿਆ।"

ਸਤਿਗੁਰੂ ਜੀ ਦੌਰੇ ਉਪਰੰਤ ਸ੍ਰੀ ਜੀਵਨ ਨਗਰ ਚਰਨ ਪਾਏ। ਪੂਰਬਾ ਚਰਨਾਂ ਤੇ ਢਹਿ ਪਿਆ ਤੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਅਨਜਲ ਤਾਂ ਮੁੱਕ ਗਿਆ ਸੀ, ਆਪ ਨੇ ਹੀ ਕਿਰਪਾ ਸਹਿਤ ਕੋਈ ਸੇਵਾ ਲੈਣੀ ਸੀ। ਮੁੜ ਮਾਤ ਲੋਕ ਤੇ ਬੁਲਾ ਲਿਆ ਹੈ।" ਸਤਿਗੁਰੂ ਜੀ ਮੁਸਕਰਾਂਦਿਆਂ ਬਚਨ ਕੀਤਾ, "ਪੂਰਬਾ ਘਬਰਾਈ ਦਾ ਨਹੀਂ। ਮੇਰਾ ਧਿਆਨ ਵੀ ਤੇਰੇ ਵਲ ਹੀ ਰਿਹਾ ਏ। ਸੰਸਾਰ ਤੇ ਦੁੱਖ ਸੁੱਖ ਕਾਂਗੜੀਆਂ ਪਾਈ ਫਿਰਦੇ ਹਨ। ਉਹ ਵੀ ਮਾਲਿਕ ਦੀ ਰਜ਼ਾ ਵਿਚ ਚੱਲਦੇ ਹਨ। ਸਾਨੂੰ ਵੀ ਉਸੇ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ।" ਪੂਰਬਾ ਮੁੜ ਸਿਸਕੀਆਂ ਭਰਦਾ ਚਰਨਾਂ ਤੇ ਲੇਟ ਗਿਆ। ਗ਼ਰੀਬ ਨਿਵਾਜ਼ ਆਪ ਪੂਰਬੇ ਦੀ ਕੰਢ ਤੇ ਹੱਥ ਫੇਰਦਿਆਂ ਦਲਾਸਾ ਦਿੱਤਾ ਤੇ ਪੂਰਬਾ ਉੱਠ ਕੇ ਬਹਿ ਗਿਆ।

**ਮੁਹਿੰਦਰ ਸਿੰਘ 'ਪੂਰਬਾ'**
ਹਜ਼ੂਰੀ ਸੇਵਕ

Sri Satguru Jagjit Singh Ji eLibrary NamdhariElibrary@gmail.com

# ਟੈਂਕ ਦੀ ਵੀਰਤਾ

"ਸ਼ਾਵਾਸ਼ ਜਵਾਨ, ਸ਼ਾਵਾਸ਼!"

"ਸ਼ਾਵਾਸ਼ ਮੈਨੂੰ ਨਹੀਂ, ਸ਼ਾਵਾਸ਼ ਉਸ ਸਤਿਗੁਰੂ ਨੂੰ ਜਿਨ੍ਹਾਂ ਦੀ ਮਿਹਰ ਦ੍ਰਿਸ਼ਟੀ ਨਾਲ ਇਹ ਮਾਣ ਪ੍ਰਾਪਤ ਹੋਇਆ ਹੈ।"

"ਕਮਾਲ! ਸ਼ਾਨਦਾਰ! ਸਪਲੈਂਡਡ! ਇੰਨੀ ਜੁਰੱਅਤ! ਇੰਨੀ ਦਲੇਰੀ! ਸ਼ਾਵਾਸ਼।"

"ਮੇਜਰ ਸਾਹਿਬ! ਮੈਂ ਕੌਣ? ਮੂੜ ਜੱਟ! ਮੇਰੇ ਨਾਲੋਂ ਬਲੀ ਅੱਖ ਦੇ ਪਲਕਾਰੇ ਵਿਚ ਪੋਟਾ ਪੋਟਾ ਹੋ ਗਏ। ਟੈਂਕਾਂ, ਗਨਰਾਂ ਦੀਆਂ ਚਿੰਪਰਾਂ ਨਜ਼ਰੀਂ ਨਹੀਂ ਆਈਆਂ। ਇਹ ਸਭ ਉਨ੍ਹਾਂ ਦੀ ਕਿਰਪਾ ਏ, ਧੰਨ ਹਨ ਮੇਰੇ ਸਤਿਗੁਰੂ ਜਗਜੀਤ ਸਿੰਘ ਜੀ, ਜਿਨ੍ਹਾਂ ਕੀੜੀ ਨੂੰ ਬਲ ਬਖਸ਼ਿਆ! ਬਲਿਹਾਰ! ਸਦੱਕੜੇ! ਵਾਰੀ ਬੇਅੰਤ ਪਾਤਸ਼ਾਹ ਤੋਂ, ਜਿਹੜੇ ਜੁਗ ਜੁਗਾਂਤਰਾਂ ਤੋਂ ਸੇਵਕਾਂ ਦੀ ਰੱਖਿਆ ਕਰਦੇ ਆਏ ਹਨ।"

"*ਜਵਾਨ! ਮੈਂ ਕੁਝ ਹੋਰ ਕਹਿਤਾ ਹੂੰ, ਤੁਮ ਕੁਝ ਹੋਰ। ਪਲੇ ਕੁਝ ਨਹੀਂ ਪੜਤਾ।"

"ਮੇਰੇ ਰੋਮ ਰੋਮ ਵਿਚ ਪ੍ਰਸੰਨਤਾ ਦੀਆਂ ਕਾਂਢਾਂ ਚੜੀਆਂ ਹੋਈਆਂ ਹਨ, ਪਰ ਮੇਰੀ ਵਿਥਿਆ ਜ਼ਰਾ ਡੂੰਘੀ ਏ।"

"ਡੂੰਘੀ? ਕੀ ਭਾਵ!"

"ਹਾਂ ਸਰਕਾਰ! ਤੁਸੀਂ ਪੱਛਮੀ ਰੰਗ ਵਿਚ ਰੰਗੇ, ਇਸ ਰਚਨਾ ਨੂੰ ਸ਼ੇਖ਼ ਚਿੱਲੀ ਦੇ ਕਿਲਿਆਂ ਨਾਲੋਂ ਵੱਧ ਨਹੀਂ ਸਮਝਣਾ, ਪਰ ਹੈ ਇਹ ਚਿੱਟਾ ਸੱਚ।'

"ਜਵਾਨ! ਪੰਜੇ ਉਂਗਲਾਂ ਬਰਾਬਰ ਨਹੀਂ। ਮੈਂ ਕਿਹੜਾ ਗੋਰਾ ਆ। ਪੰਜਾਬ ਦਾ ਜਮਪਲ। ਤੂੰ ਆਪਣੀ ਦਾਸਤਾਨ ਸੁਣਾ।"

ਚੰਗਾ! ਸੁਣੋ! ਮੈਂ ਕੂਕਾ ਹਾਂ। ਸਤਿਗੁਰੂ ਰਾਮ ਸਿੰਘ ਦਾ ਸਿੱਖ। ਜਿਸ ਨੇ ਭਾਰਤ ਦੀਆਂ ਗ਼ੁਲਾਮੀ ਦੀਆਂ ਜੰਜ਼ੀਰਾਂ ਤੋੜਨ ਖ਼ਾਤਰ, ਸ਼ਾਂਤਮਈ ਢੰਗ ਨਾਲ ਅੰਗਰੇਜ਼ ਵਿਰੁੱਧ ਝੰਡਾ ਖੜਾ ਕੀਤਾ। ਉਸ ਨੂੰ ਦੇਸੋਂ ਕੱਢਣ ਹਿੱਤ, ਉਸਦੀਆਂ

---

* ਅਮਰਾਓ ਸਿੰਘ (1940) ਸਪੁੱਤਰ ਕੁੰਦਨ ਸਿੰਘ, ਪਿੰਡ ਰਾਜੋਕੇ ਪਲੋਹਾਲ ਸ੍ਰੀ ਜੀਵਨ ਨਗਰ। ਇਸ ਨੇ ਭਜਨ ਦੀ ਦਾਤ ਸੰਤ ਪ੍ਰੀਤਮ ਸਿੰਘ ਚੇਲੇ ਵਾਲਿਆਂ ਤੋਂ ਪ੍ਰਾਪਤ ਕੀਤੀ।

Sri Satguru Jagjit Singh Ji eLibrary NamdhariElibrary@gmail.com

ਕਚਹਿਰੀਆਂ, ਸਕੂਲਾਂ, ਰੇਲਾਂ, ਉਸਦੀਆਂ ਨੌਕਰੀਆਂ ਆਦਿ ਦਾ ਬਾਈਕਾਟ ਕੀਤਾ। ਉਸ ਨੇ ਮਾਲ ਦਾ ਬਾਈਕਾਟ ਕੀਤਾ। ਅਸੀਂ ਕੂਕਿਆਂ ਲਗਭਗ ਸੌ ਸਾਲ ਲੜਾਈ ਲੜੀ। 1947 ਵਿਚ ਦੇਸ਼ ਆਜ਼ਾਦ ਹੋਇਆ ਤਾਂ ਮੈਂ ਨਵੰਬਰ 1962 ਵਿਚ ਫ਼ੌਜ ਵਿਚ ਭਰਤੀ ਹੋ ਗਿਆ। ਮੈਂ ਜੰਮੂ ਵਿਚ ਸੇਵਾ ਕਰ ਰਿਹਾ ਸਾਂ, ਇੱਥੇ ਆਪਣੀ ਡਿਊਟੀ ਵੀ ਭੁਗਤਾਂਦਾ ਤੇ ਵਿਹਲੇ ਸਮੇਂ ਸਤਿਗੁਰ ਦੇ ਬਚਨਾਂ ਦੇ ਪਾਲਣਾ ਦਾ ਵੀ ਯਤਨ ਕਰਦਾ।''

''ਵੈਲ!'' ਯੈਹ ਤੋਂ ਬੜੀ ਦਿਲਚਸਪ ਵਾਰਤਾ ਹੈ, ਫਿਰ?

'ਫੇਰ ਕੀ! ਗਰਮੀਆਂ ਦੇ ਦਿਨ ਸਨ। ਮੈਨੂੰ ਪਤਾ ਲੱਗਾ ਸਤਿਗੁਰੂ ਜਗਜੀਤ ਸਿੰਘ ਜੀ ਜੰਮੂ ਦੀ ਸੰਗਤ ਨੂੰ ਦਰਸ਼ਨ ਦੇਣ ਵਾਸਤੇ ਉੱਥੇ ਆ ਰਹੇ ਹਨ। ਮੈਨੂੰ ਗਜ ਗਜ ਲਾਲੀਆਂ ਚੜ੍ਹ ਗਈਆਂ। ਰੋਮ ਰੋਮ ਵਿਚ ਖ਼ੁਸ਼ੀ ਦੀਆਂ ਲਹਿਰਾਂ ਦੌੜ ਗਈਆਂ। ਛੁੱਟੀ ਲਈ ਤੇ ਸੜਕ ਤੇ ਡੇਰਾ ਜਾ ਲਾਇਆ ਖੋਸਲਾ ਸਾਹਿਬ! ਸਤਿਗੁਰੂ ਦੇ ਦਰਸ਼ਨਾਂ ਦਾ ਬੜਾ ਸਵਾਦ ਏ। ਵੈਸੇ ਵੀ ਜਿੱਥੇ ਪਿਆਰ ਹੋਵੇ, ਉਸਦੇ ਦੀਦਾਰਿਆਂ ਲਈ ਅੱਖਾਂ ਤਰਸਦੀਆਂ ਹਨ। ਤੁਸੀਂ ਸੁਣਿਆ ਹੋਵੇਗਾ ਹੀਰ ਰਾਂਝੇ ਨੂੰ ਵੇਖਣ ਖ਼ਾਤਰ ਕਿਵੇਂ ਜੰਗਲਾਂ ਬੇਲਿਆਂ ਵਿਚ ਕਮਲੀ ਹੋਈ ਫਿਰਦੀ ਸੀ? ਸੱਸੀ ਤੇ ਪੁੰਨੂੰ ਨੂੰ ਲੱਭਦਿਆਂ ਲੱਭਦਿਆਂ ਥਲਾਂ ਵਿਚ ਪ੍ਰਾਣ ਦੇ ਦਿੱਤੇ ਸਨ। ਸੋਹਣੀ ਮਹੀਂਵਾਲ ਨੂੰ ਕੂਕਦੀ ਕੂਕਦੀ ਝਨਾਂ ਦੀਆਂ ਲਹਿਰਾਂ ਵਿਚ ਗਵਾਚ ਗਈ ਸੀ। ਤੇ ਮਹਿਲਾਂ ਦਾ ਪਲਿਆ ਕੈਸ ਲੈਲਾ ਲੈਲਾ ਕਰਦਾ ਸੁੱਕ ਕੇ ਤੀਲਾ ਹੋ ਗਿਆ। ਮੇਜਰ ਸਾਹਿਬ ਨੇ ਵੀ ਸੜਕ ਤੇ ਅੱਖਾਂ ਵਿਛਾ ਦਿੱਤੀਆਂ। ਥੋੜ੍ਹਾ ਈ ਸਮਾਂ ਬੀਤਿਆ ਸੀ ਕਿ ਚਿੱਟੀ ਝੰਡੀ ਵਾਲੀ ਗੱਡੀ ਪੰਜਾਬੋਂ ਆਉਂਦੀ ਦਿੱਸੀ। ਮਣ ਮਾਹੀ ਦੇ ਚਰਨਾਂ ਵਿਚ ਗਵਾਚ ਗਿਆ। ਸੇਵਕ ਨੂੰ ਵੇਖ ਗੱਡੀ ਰੁਕ ਗਈ। ਚਰਨਾਂ ਵਿਚ ਲਿਪਟ ਗਿਆ। ਪਤਾ ਨਹੀਂ ਕਿੰਨਾ ਚਿਰ ਵਿਸਮਾਦ ਰਿਹਾ। ਸਿਰ ਚੁੱਕਿਆ ਤੇ ਮੇਰੀ ਪਿੱਠ ਤੇ ਕਮਲ ਨਾਲੋਂ ਕੋਮਲ ਉਂਗਲਾਂ ਮੇਰੇ ਜਨਮ ਜਨਮਾਂਤਰਾਂ ਦਾ ਕੋਹੜ ਦੂਰ ਕਰ ਰਹੀਆਂ ਸਨ। ਜਿਨ੍ਹਾਂ ਰੂਹਾਂ ਨੂੰ ਇਹ ਭਾਗਾਂ ਭਰਿਆ ਸਮਾਂ ਮਿਲਿਆ, ਉਹ ਸ਼ਤਵੇਂ ਤਬਕਾਂ ਤੇ ਚੜ੍ਹ ਮਸਤੀ ਵਿਚ ਫੁੱਲਾਂ ਨਾਲੋਂ ਹੌਲੇ ਹੋ, ਪਸ਼ੂ ਪੰਛੀਆਂ ਨੂੰ ਅਰਸ਼ਾਂ ਕੁਰਸ਼ਾਂ ਦੇ ਸੈਲ ਸਪਾਟੇ ਕਰਾਂਦੀਆਂ ਰਹੀ ਹਨ।

**ਸੋ ਕਹੁ ਅਟਲ ਗੁਰ ਸੇਵੀਐ ਅਹਿਨਿਸ ਸਹਿਜ ਸੁਭਾਇ।**
**ਦਰਸ਼ਨ ਪਰਸੀਐ ਗੁਰੂ ਕੇ ਜਨਮ ਮਰਨ ਦੁਖ ਜਾਇ।**

ਮੇਰੇ ਸਤਿਗੁਰੂ ਜੀ ਮੈਨੂੰ ਨਾਲ ਹੀ ਜੰਮੂ ਲੈ ਗਏ। ਜਿਤਨਾ ਅਨੰਦ ਉਨ੍ਹਾਂ ਨਾਲ ਉਹ ਥੋੜ੍ਹਾ ਸਮਾਂ ਸਫਰ ਕਰਨ ਵਿਚ ਮਾਣਿਆ, ਉਹ ਖ਼ੁਸ਼ੀ ਫੁੱਲਾਂ ਦੀ ਸੇਜਾਂ ਉੱਤੇ ਵੀ ਪ੍ਰਾਪਤ ਨਹੀਂ ਹੁੰਦੀ। ਜੰਮੂਓਂ ਮੁੜਨ ਲੱਗਾ ਤਾਂ ਗ਼ਰੀਬ ਨਿਵਾਜ਼ ਜੀ ਨਾਲ ਹੀ ਗਨ-ਫੈਕਟਰੀ ਵੇਖਣ ਆ ਗਏ। ਫੈਕਟਰੀ ਪੁੱਜ ਇੰਜੀਨੀਅਰਾਂ ਪਾਸੋਂ ਮਸ਼ੀਨਾਂ ਬਾਰੇ ਪੁੱਛ ਤਾਸ਼ ਕੀਤੀ ਤਾਂ ਉਹ ਵੀ ਚਕ੍ਰਿਤ ਹੋ ਗਏ ਕਿ ਇਸ ਸਾਦਗੀ ਦੀ ਮੂਰਤੀ ਸੈਨਕੀ ਸ਼ਸ਼ਤਰਾਂ ਬਾਰੇ ਇਤਨੀ ਜਾਣਕਾਰੀ ਲੈਣ ਦੇ

Sri Satguru Jagjit Singh Ji eLibrary NamdhariElibrary@gmail.com

ਚਾਹਵਾਨ ਹਨ। ਉਸ ਸਮੇਂ ਇਹ ਟੈਂਕ ਜਿਹੜਾ ਤੁਹਾਡੇ ਸਾਹਮਣੇ ਖੜਾ ਹੈ, ਤੇ ਅੱਗ ਦੇ ਲੂੰਬਿਆਂ ਵਿੱਚੋਂ ਇਉਂ ਨਿਕਲ ਆਇਆ ਜਿਵੇਂ ਮੱਖਣ ਵਿੱਚੋਂ ਵਾਲ, ਇਸ ਤੇ ਚਰਨ ਰਖਿਆ। ਸਟੀਰਿੰਗ ਨੂੰ ਪਕੜਿਆ ਤੇ ਸੀਟ ਤੇ ਵੀ ਸ਼ਸ਼ੋਭਤ ਹੋਏ। ਮੇਜਰ ਸਾਹਿਬ ਇਹ ਉਨ੍ਹਾਂ ਚਰਨਾਂ ਦੇ ਪਰਸਨ ਦਾ ਫਲ ਹੈ ਕਿ ਇਹ ਟੈਂਕ ਫਾਇਰ-ਪਰੂਫ, ਬੰਬ ਪਰੂਫ ਤੇ ਆਰ.ਸੀ.ਐਲ. ਗਨ ਸਿੱਧ ਹੋਇਆ।"

"ਮਾਸਟਰ ਜੀ! ਮੇਰੀ ਇਹ ਚਰਚਾ ਮੇਜਰ ਖੋਸਲਾ ਨਾਲ ਉਸ ਵੇਲੇ ਹੋਈ। ਜਦ ਮੈਨੂੰ ਰਾਸ਼ਟਰਪਤੀ ਵੱਲੋਂ ਐਵਾਰਡ ਦੇਣ ਦਾ ਐਲਾਨ ਹੋਇਆ।"

"ਤੂੰ ਕਿਸੇ ਜੰਗ ਵਿਚ ਵੀ ਗਿਆ ਏਂ, ਮੈਂ ਤਾਂ ਜਾਣਿਆ ਤੂੰ ਇੱਕ ਸਧਾਰਨ ਡਰਾਈਵਰ ਈ ਏਂ, ਤੇ ਸ੍ਰੀ ਜੀਵਨ ਨਗਰ ਵਿਚ ਰਹਿਣ ਸਦਕਾ ਇਤਨਾ ਸ਼ਰਧਾਲੂ ਏਂ।"

"ਸ਼ਰਧਾ ਸੁਰਧਾ ਤਾਂ ਉਹ ਹੀ ਜਾਣਦਾ ਏ, ਨਹੀਂ ਤਾਂ ਅਸੀਂ ਨਿਰੇ ਪਾਮਰ, ਜੱਟ ਕੀ ਜਾਣੇ ਲੌਂਗਾਂ ਦਾ ਭਾਅ?"

"ਤੂੰ ਕਿਹੜੀ ਲੜਾਈ ਵਿਚ ਲੜਿਆ?" ਹੁਣ ਅਮਰਾਓ ਸਿੰਘ ਦੇ ਚਿਹਰੇ ਤੇ ਮੁਸਕਣੀਆਂ ਦੀਆਂ ਲਿਸ਼ਕਾਂ ਸਨ ਤੇ ਉਸ ਨੇ ਨੇਤਰ ਮੂਧ ਨਮਸਕਾਰ ਕਰ, ਅਗਾਂਹ ਗੱਲ ਚਲਾਈ।

"ਇਹ ਜੰਗ ਸੀ 1965 ਦੀ ਪਾਕਿਸਤਾਨ ਨਾਲ। ਜਦ C.I.A. ਵੇਲੇ ਚੁੱਕੇ ਚੁਕਾਏ ਜਨੂਨੀ ਪਾਕਿਸਤਾਨੀਆਂ ਨੇ ਭਾਰਤ ਦਾ ਅਮਨ ਭੰਗ ਕਰ ਦਿੱਤਾ ਸੀ। ਵਸਦੇ ਰਸਦੇ ਲੋਕ ਬੇਘਰ ਕਰ ਦਿੱਤੇ। ਖੇਤ ਉਜਾੜ ਦਿੱਤੇ, ਪਿੰਡ ਫੂਕ ਦਿੱਤੇ। ਕਈ ਮੁਟਿਆਰਾਂ ਵਿਧਵਾ ਹੋ ਗਈਆਂ, ਬੱਚੇ ਯਤੀਮ ਬਣ ਗਏ। ਇਕ ਵੇਰ ਫਿਰ ਅਯੂਬਸ਼ਾਹੀ ਕਾਰਨ ਬਾਰਡਰ ਦੀ ਧਰਤੀ ਲਹੂਲੁਹਾਨ ਹੋ ਗਈ।"

"ਭਾਰਤ ਦੀ' ਹਾਂ, ਹਾਂ ਭਾਰਤ ਦੀ, ਪਰ ਨਾਲ ਹੀ ਪਾਕਿਸਤਾਨੀ ਪੰਜਾਬੀ ਦੇ ਪੂਰਬੀ ਭਾਗ ਦੀ। ਜੇਹੜਾ ਬੇਦਰਦ ਸਾਮਰਾਜੀਆਂ ਦੀ ਕੋਝੀ ਚਾਲ ਸਦਕਾ ਹਿੰਦੁਸਤਾਨ ਨਾਲੋਂ 1947 ਤੋਂ ਵੱਖ ਹੋ ਗਿਆ ਸੀ, ਜਿਸਦੀ ਮਿੱਟੀ ਨੂੰ ਮੱਥੇ ਲਾਉਣ ਲਈ ਅਸੀਂ ਸਦਾ ਤਰਸਦੇ ਰਹਿੰਦੇ ਹਾਂ, ਪਰ ਇਹ ਤਾਂ ਭਾਰਤ ਨੂੰ ਗੱਲ ਪਿਆ ਢੋਲ ਵਜਾਉਣਾ ਪਿਆ। ਭਰਾਵਾਂ ਦੀ ਭਾਜੀ ਮੋੜਨੀ ਪਈ, ਨਹੀਂ ਤਾਂ ਭਾਰਤ ਨਾਲ ਪਾਕਿਸਤਾਨ ਦਾ ਕੀ ਵੰਡ-ਵਿਹਾਰ। ਸ਼ੈਤਾਨਾਂ ਦੇਸ਼ ਦਾ ਬਟਵਾਰਾ ਕਰ ਦਿੱਤਾ। ਉਹ ਆਪਣੇ ਘਰ, ਅਸੀਂ ਅਪਣੇ ਘਰ, ਪਰ ਕਲਿਜੁਗ ਦੇ ਕਪਤਾਨ ਨਾਰਦ ਨੂੰ ਅਮਨ ਫੁੱਟੀ ਅੱਖ ਨਹੀਂ ਸੀ ਭਾਉਂਦਾ।"

"ਹੂੰ ਹੂੰ, ਉਹ ਕਿਵੇਂ?"

"ਬਰਸਾਤ ਅਜੇ ਟਲੀ ਹੀ ਸੀ ਤੇ ਰੁਤ ਫਿਰੀ ਸੀ ਕਿ ਪਾਕਿਸਤਾਨੀ ਬਘਿਆੜਾਂ ਬਿਨਾਂ ਵਜ੍ਹਾ ਤੋਪਾਂ ਦੇ ਮੂੰਹ ਭਾਰਤ ਵਲ ਖੋਲ੍ਹ ਦਿੱਤੇ। ਅੱਖ ਦੇ ਪਲਕਾਰੇ ਵਿਚ ਤੜ, ਤੜ, ਤੜ, ਠਾਹ, ਠੂਹ, ਗੜਮ ਗੜਮ ਗੋਲੇ ਵਸਣੇ ਸ਼ੁਰੂ ਹੋ ਗਏ। ਨੀਤੀਵਾਨ ਦੱਸਦੇ ਹਨ ਕਿ ਕਦੇ ਲੜਾਈ ਮੁੱਲ ਨਾ ਲਵੋ, ਪਰ ਜੇ ਮੱਲੋ ਮੱਲੀ ਗੱਲ ਪੈ ਜਾਵੇ ਤਾਂ ਢਿੱਲ ਨ ਕਰੋ, ਦੁਸ਼ਮਣ ਜਾਣਾ ਨਾ ਪਾਏ।

Sri Satguru Jagjit Singh Ji eLibrary NamdhariElibrary@gmail.com

ਦੇਸ਼ ਦੀ ਮਿੱਟੀ ਤੇ ਜਰਵਾਣਿਆਂ ਨੂੰ ਪੈਰ ਨਾ ਧਰਨ ਦਿਓ। ਮਰ ਮਿਟੋ ਜਾਂ ਮਾਰ ਮਿਟਾਓ। ਬਸ ਦੂਜੀ ਗੱਲ ਨਹੀਂ।"

"ਵਾਹ ਭਾਈ ਵਾਹ, ਅਮਰਾਓ ਸਿੰਘ! ਫੇਰ ਕਿਵੇਂ?"

"ਫੇਰ ਕਿਵੇਂ! ਚਿੱੜੀ ਜੇਡੇ ਸ਼ਾਸਤਰੀ ਨੇ ਗੋਲੀ ਦਾ ਜਵਾਬ ਗੋਲੀ ਨਾਲ ਦੇਣ ਦਾ ਹੁਕਮ ਕਰ ਦਿੱਤਾ। ਬਸ ਭਾਰਤੀਆਂ ਸੂਰਮਿਆਂ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਪਾਕਿਸਤਾਨੀ ਬੁਰਛਿਆਂ ਦੀਆਂ ਸਕੀਮਾਂ ਧਰੀਆਂ ਧਰਾਈਆਂ ਰਹਿ ਗਈਆਂ। ਉਹ ਫੜਾਂ ਮਾਰਦੇ ਸਨ ਕਿ ਅਸੀਂ ਜੁੰਮੇਂ ਦੀ ਨਮਾਜ਼ ਲਾਲ ਕਿਲ੍ਹੇ ਵਿਚ ਪੜ੍ਹਾਂਗੇ, ਪਰ ਭਾਰਤੀਆਂ ਮੌਕਿਆਂ ਨੂੰ ਸੰਭਾਲ ਲਿਆ। ਸਾਡੇ ਜਵਾਨ ਬੰਦੇ ਮਾਤਰਮ, ਜੈ ਹਿੰਦ ਤੇ ਸਤਿ ਸ੍ਰੀ ਅਕਾਲ ਬੁਲਾਂਦਿਆਂ ਟੁੱਟ ਪਏ। ਖੇਮਕਰਨ ਦੇ ਸੈਕਟਰ ਵਿਚ ਟੈਂਕ ਨਾਲ ਟੈਂਕ ਵਾਯੂਵਾਨ ਨਾਲ ਵਾਯੂਵਾਨ ਜੁੱਟ ਪਏ। ਉਨ੍ਹਾਂ ਦੀ ਘੁਰਰਰ, ਘੁਰਰਰ ਤੇ ਠਾਹ ਠੁਹ ਨੇ ਭੁਚਾਲ ਲੈ ਆਂਦਾ। ਮੇਜਰ ਨਰਿੰਦਰ ਸਿੰਘ ਜਵਾਨ ਨੇ ਚਾਰ ਟੈਂਕਾਂ ਦਾ ਚੂਰਾ ਚੂਰਾ ਕੀਤਾ ਤੇ ਚਾਲ੍ਹੀ ਟੈਂਕਾਂ ਨੂੰ ਕਮਾਲ ਹੁਸ਼ਿਆਰੀ ਨਾਲ ਕਾਬੂ ਕਰ ਲਿਆ। ਰਾਜੂ ਐਂਟੀਏਅਰ ਕਰੈਫਟ ਗਨਰ ਨੇ ਦੁਸ਼ਮਨ ਦੇ ਇੱਕ ਵੀ ਜਹਾਜ਼ ਨੂੰ ਵਾਪਿਸ ਨਹੀਂ ਜਾਣ ਦਿੱਤਾ। ਜਿਸ ਕਿਸੇ ਇਸ ਪਵਿਤ੍ਰ ਧਰਤੀ ਵਲ ਵੇਖਿਆ ਉਸਦੇ ਖੰਭ ਮਰੋੜ ਦਿੱਤੇ। ਘੜੀਆਂ ਪਲਾਂ ਵਿਚ ਲੋਥ ਤੇ ਲੋਥ ਚੜ੍ਹ ਗਈ। ਮਾਵਾਂ ਦੇ ਪੁੱਤ ਮੂਲੀ ਗਾਜਰ ਵਾਂਗ ਕੁਤਰੇ ਗਏ। ਕਿਤੇ ਧੜ, ਕਿਤੇ ਲੱਤਾਂ ਤੇ ਬਾਹਵਾਂ! ਭਿਆਨਕ ਨਜ਼ਾਰਾ ਸੀ। ਆਖ਼ਰ ਵੈਰੀ ਨੂੰ ਪਿੜ ਛੱਡਣਾ ਪਿਆ। ਪਾਕਿਸਤਾਨੀ ਗਾਜ਼ੀ ਪੂਛਲਾਂ ਚੁੱਕ ਚੁੱਕ ਭੱਜੇ। ਝਾੜੀਆਂ ਵਿਚ ਸਿਰ ਲੁਕਾਏ। ਸਾਡੇ ਹੌਸਲੇ ਬੁਲੰਦ ਹੋ ਗਏ। ਅਸਾਂ ਵੀ ਮਨ ਬਣਾ ਲਿਆ ਕਿ ਹੁਣ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਅਰਾਮ ਕਰਾਂਗੇ। ਸਾਡੇ ਟੈਂਕ ਵੈਰੀਆਂ ਦੀਆਂ ਹੱਡੀਆਂ ਪਸਲੀਆਂ ਤੋੜਦੇ ਸ਼ਾਲਾਮਾਰ ਬਾਗ਼ ਤੱਕ ਪੁੱਜ ਗਏ। ਦੁਸ਼ਮਣ ਵੀ ਪਿਛਾਂ ਹੱਟਦਾ ਗਿਆ। ਇਹ ਵੀ ਪਾਕਿਸਤਾਨੀਆਂ ਦੀ ਚਾਲ ਸੀ, ਸਾਡੇ ਕਮਾਂਡਰ ਵੀ ਤਾੜ ਗਏ ਤੇ ਸਿਗਨਲਾਂ ਨਾਲ ਜਵਾਨਾਂ ਨੂੰ ਵਾਪਸ ਮੁੜਨ ਦਾ ਆਦੇਸ਼ ਜਾਰੀ ਕਰ ਦਿੱਤਾ, ਪਰ ਹੁਣ ਅਸੀਂ ਬੁਰੀ ਤਰ੍ਹਾਂ ਘਿਰ ਚੁੱਕੇ ਸਾਂ। ਵੈਰੀ ਨੇ ਤਾਬੜ ਤੋੜ ਮੋੜਵਾਂ ਹੱਲਾ ਬੋਲ ਦਿੱਤਾ। ਮੇਰੇ ਨਾਲ ਦੇ ਜਵਾਨ ਇੱਕ ਇੱਕ ਕਰਕੇ ਡਿੱਗਣੇ ਸ਼ੁਰੂ ਹੋ ਗਏ। ਮੇਰੇ ਵੀ ਸਾਹ ਸੁਕਦੇ ਜਾਣ। ਭੀੜ ਬਣੀ ਤਾਂ ਮੁੜ ਸਤਿਗੁਰ ਯਾਦ ਆਇਆ। ਸੁਰਤ ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਵਿਚ ਜਾ ਜੁੜੀ। ਅਰਦਾਸ ਕੀਤੀ ਤੇ ਅਰਦਾਸ ਸਵੀਕਾਰ ਹੋ ਗਈ। ਸ੍ਰੀ ਭੈਣੀ ਸਾਹਿਬ ਨਾਲ ਜੁੜਿਆ ਮੈਂ Retreat ਕਰ ਰਿਹਾ ਸਾਂ ਤੇ ਦੁਸ਼ਮਣ ਸਾਡਾ ਸਫ਼ਾਇਆ ਕਰਨ ਦਾ ਪੂਰਾ ਟਿਲ ਲਾ ਰਿਹਾ ਸੀ। ਅਸੀਂ ਕੁਝ ਸਾਥੀਆਂ ਸਹਿਤ ਈਚੋਗਿਲ ਦੀ ਨਹਿਰ ਪਾਰ ਕੀਤੀ ਈ ਸੀ ਕਿ ਵੈਰੀਆਂ ਬੰਬ ਮਾਰ ਇਹ ਪੁਲ ਵੀ ਤੋੜ ਦਿੱਤਾ। ਅੰਧਾ ਧੁੰਦ ਬੰਬਾਡਮਿੰਟ ਨੇ ਭਾਰੀ ਨੁਕਸਾਨ ਪਹੁੰਚਾਇਆ। ਇੱਥੇ ਸਾਡੇ ਜਵਾਨ ਭੱਠ ਦੇ ਦਾਣਿਆਂ ਵਾਂਗ ਭੁੱਜੇ। ਉਹ ਵੇਲਾ ਵੀ ਪਰਲੋ ਦਾ ਸੀ। ਸੈਂਕੜੇ

ਜਵਾਨ ਜੂਝਦੇ ਸੁਰਗਪੁਰੀ ਸਿਧਾਰੇ। ਅਸੀਂ ਮੁੜ ਆਪਣੇ ਆਪ ਨੂੰ ਸੰਭਾਲਿਆ ਤੇ ਜਮ ਕੇ ਲੋਹੇ ਨਾਲ ਲੋਹਾ ਲਿਆ। ਅੰਤ ਸਤਿਗੁਰ ਨੇ ਲਾਜ ਰੱਖੀ। ਪਾਕਿਸਤਾਨ ਨੂੰ ਰਾਜੌਰੀ, ਸਿਆਲਕੋਟ ਤੇ ਹੋਰ ਹਰ ਫਰੰਟ ਤੇ ਹਾਰ ਹੋਈ। ਲੈਣੇ ਦੇ ਦੇਣੇ ਪੈ ਗਏ। ਅੰਤ ਉਨ੍ਹਾਂ ਚਿੱਟਾ ਝੰਡਾ ਖੜਾ ਕਰ ਦਿੱਤਾ। ਸਾਰੇ ਸੰਸਾਰ ਵਿਚ ਭਾਰਤ ਦੀ ਸ਼ਾਨ ਉੱਚੀ ਹੋਈ।

ਜੰਗ ਉਪਰੰਤ ਜਵਾਨਾਂ ਦੀਆਂ ਸੀਟ ਰੋਲਾਂ ਤਿਆਰ ਹੋਈਆਂ। ਸਤਿਗੁਰੂ ਦੀ ਕਿਰਪਾ ਨਾਲ ਮੇਰਾ ਨਾਉਂ ਵੀ ਅਵਾਰਡ ਲਿਸਟ ਵਿਚ ਸੀ। ਮੈਨੂੰ ਏ.ਐਲ.ਡੀ. ਰੈਂਕ ਪ੍ਰਾਪਤ ਹੋਇਆ ਅਤੇ ਰਾਸ਼ਟਰਪਤੀ ਵੱਲੋਂ 1967 ਵਿਚ ਮੈਡਲ ਤੇ ਹੋਰ ਸਰਟੀਫਿਕੇਟ ਪ੍ਰਾਪਤ ਹੋਏ। ਹਰ ਥਾਂ ਮਾਣ ਮਿਲਿਆ, 1977 ਵਿਚ ਪੈਨਸ਼ਨ ਹੋ ਗਈ।

ਹੁਣ ਘਰ ਦਾ ਕੰਮ ਕਰਦਾ ਹਾਂ, ਪ੍ਰਭੂ ਜਦ ਜੰਮੂ ਵਾਲਾ ਦ੍ਰਿਸ਼ ਅੱਖਾਂ ਸਾਹਮਣੇ ਆਉਂਦਾ ਹੈ ਤਾਂ ਸਰੀਰ ਵਿਚ ਪੁਲਕਾਵਲੀ ਛਿੜ ਜਾਂਦੀ ਏ, ਸੁਰਤ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜਾ ਜੁੜਦੀ ਏ ਤੇ ਪਹਿਰਾਂ ਬੱਧੀ ਵਿਸਮਾਦਤਾ ਛਾਈ ਰਹਿੰਦੀ ਏ।

**ਅਮਰਾਓ ਸਿੰਘ**
ਸ੍ਰੀ ਜੀਵਨ ਨਗਰ
13-8-90

Sri Satguru Jagjit Singh Ji eLibrary NamdhariElibrary@gmail.com

## ਪਹਿਰੇਦਾਰ

ਉਹ ਦੇਵਤਿਆਂ ਦਾ ਘਰ ਏ, ਜਿੱਥੇ ਪਤਨੀ ਪਤੀ ਦਾ ਬਾਹਰੋਂ ਆਉਣ ਤੇ ਖਿੜੇ ਮੱਥੇ ਸੁਆਗਤ ਕਰਦੀ ਏ, ਤੇ ਪਤੀ ਦੇਵ ਮੁਸਕਰਾਂਦਿਆਂ ਮਨ ਦੀਆਂ ਦੇਂਦਾ ਤੇ ਲੈਂਦਾ ਏ। ਉਹ ਭਾਗਾਂ ਵਾਲੇ ਮਿੱਤਰ ਹਨ, ਜਿਨ੍ਹਾਂ ਦੀਆਂ ਅੱਖਾਂ ਚਾਰ ਹੁੰਦਿਆਂ ਈ, ਇਕ ਦੂਏ ਦੇ ਚਰਨਾਂ ਨੂੰ ਛੂਹਣ ਵਾਸਤੇ ਡਿੱਗ ਪੈਂਦੇ ਹਨ, ਤੇ ਖ਼ੁਸ਼ੀ ਵਿਚ ਨ ਮਿਉਂਦਿਆਂ, ਉਨ੍ਹਾਂ ਦੀਆਂ ਬਾਹਾਂ ਗਲਵੱਕੜੀਆਂ ਵਿਚ ਲੈਣ ਲਈ ਉਤਾਵਲੀਆਂ ਹੋ ਪੈਂਦੀਆਂ ਹਨ। ਪਰ ਸਰਵੁਤਮ ਤੇ ਸੁਭਾਗ ਉਹ ਪੁਰਸ਼ ਹਨ, ਜਿਨ੍ਹਾਂ ਨੂੰ ਆਪਣੇ ਸਤਿਗੁਰਾਂ ਦੇ ਪ੍ਰਸੰਨਤਾ ਭਰਪੂਰ ਦੀਦਾਰੇ ਹੁਦੇ ਹਨ ਤੇ ਫੁੱਲਾਂ ਦੀ ਫੁਹਾਰ ਵਿਚ ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ।

**ਲਖ ਖੁਸ਼ੀਆਂ ਪਾਤਸਾਹੀਆਂ, ਜੇ ਸਤਿਗੁਰ ਨਦਰਿ ਕਰੇਇ।**
**ਨਿਮਖ ਏਕ ਹਰਿਨਾਮ ਦੇ, ਮੇਰਾ ਮਨ ਤਨ ਸੀਤਲ ਹੋਇ।**

ਸ੍ਰ: ਸੁਰਤ ਸਿੰਘ ਅੰਮ੍ਰਿਤਸਰੀ ਅਜੇਹੇ ਸਿੱਖਾਂ ਵਿੱਚੋਂ ਗਿਣੇ ਜਾ ਸਕਦੇ ਹਨ ਜਿਹੜੇ ਖ਼ੁਸ਼ੀਆਂ ਵਿਚ ਬਰਾਜਦੇ ਹਨ ਤੇ ਪ੍ਰਸੰਨਤਾ ਵਿਚ ਉਠਦੇ ਤੇ ਖੇੜੇ ਵਿਚ ਵਿਚਰਦੇ ਹਨ ਤੇ ਇਸਦੇ ਨਾਲ ਨਾਲ ਸਤਿਗੁਰੂ ਜੀ ਵੱਲੋਂ ਵੀ ਖ਼ੁਸ਼ੀਆਂ ਭਰਿਆ ਪਿਆਰ ਪ੍ਰਾਪਤ ਕਰਦੇ ਹਨ। ਸਤਿਗੁਰੂ ਜੀ ਜਦ ਵੀ ਅੰਮ੍ਰਿਤਸਰ ਜਾਂਦੇ ਹਨ, ਉਸ ਸੁਭਾਗੇ ਘਰ ਨੂੰ ਅਨੰਦ ਮੰਗਲਾਚਾਰ ਦੇ ਖੁੱਲ੍ਹੇ ਵਰਤਾਰੇ ਮਿਲਦੇ ਹਨ।

ਸਤਿਗੁਰੂ ਜੀ ਆਪ ਮੁਹਾਵੇ ਸੰਤ ਕੇਸਰ ਜੀ ਦੇ ਮੇਲੇ ਤੇ ਚਲੇ ਗਏ ਤੇ ਜਾਂਦਿਆਂ ਜਾਂਦਿਆਂ ਸੁਰਤ ਸਿੰਘ ਹੁਰਾਂ ਨੂੰ ਸੁਨੇਹਾ ਭਿਜਵਾ ਗਏ ਕਿ ਉਹ ਮੁਹਾਵੇ ਆ ਕੇ ਸਾਧ ਸੰਗਤ ਦੇ ਦਰਸ਼ਨ ਕਰਨ। ਸਰਦਾਰ ਨੇ ਸੁਨੇਹਾ ਲਿਆਉਣ ਵਾਲੇ ਦੇ ਚਰਨ ਛੂਹੇ, ਨਮਸਕਾਰ ਕੀਤੀ, ਜਲ ਪਾਣੀ ਛਕਾਇਆ ਤੇ ਬੜਾ ਧੰਨਵਾਦ ਕੀਤਾ ਕਿ ਉਸ ਨੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੁਨੇਹਾ ਲਿਆ ਕੇ ਸੁਨਾਇਆ ਹੈ। ਬਾਣੀ ਵੀ ਦਰਸਾਂਦੀ ਏ:-

**ਤੈਂ ਸਾਹਿਬ ਕੀ ਬਾਤ ਜੋ ਆਖੈ ਕਹੁ ਨਾਨਕ ਕਿਆ ਦੀਜੈ।**
**ਸੀਸ ਵਢੈ ਕਰਿ ਬੈਸਣੁ ਦੀਜੈ ਬਿਨ ਸਿਰ ਸੇਵ ਕਰੀਜੈ।**

ਸਰਦਾਰ ਨੇ ਕੰਮ ਕਾਜ ਸਮੇਟ ਲਿਆ ਤੇ ਨਾਲ ਮੁਹਿੰਦਰ ਕੌਰ ਨੂੰ ਕਿਹਾ 'ਭਾਗਾਂ ਵਾਲੀਏ ਤਿਆਰ ਹੋ ਜਾ। ਸਤਿਗੁਰਾਂ ਦਾ ਹੁਕਮ ਹੈ, ਕਿ ਮੁਹਾਵੇ ਪੁੱਜੋ' 'ਸਤਿ ਬਚਨ ਗੁਰਦੇਵ ਜੀ! ਬੜੀ ਕਿਰਪਾ ਹੋਈ ਏ ਯਾਦ ਕੀਤਾ ਨੇ ਪਰ

Sri Satguru Jagjit Singh Ji eLibrary NamdhariElibrary@gmail.com

ਘਰ!' ਜੰਗਲ ਵਿਚ ਡੇਰਾ ਏ। ਲੁੱਚੇ ਲਫੰਗੇ ਹਰਲ ਹਰਲ ਕਰਦੇ ਫਿਰਦੇ ਨੇ।' 'ਭਲੀਏ ਲੋਕੇ, ਘਰ ਜਾਣੇ ਤੇ ਘਰ ਦਾ ਮਾਲਿਕ, ਅਸੀਂ ਦਰਸ਼ਨ ਮੇਲਾ ਕਰ, ਘਰ ਆ ਜਾਵਾਂਗੇ। ਪਰ ਫਿਰ ਵੀ ਕੁੰਜੀ ਛੁਟਕੀ ਮਾਲਣ ਨੂੰ ਦੇ ਜਾਂਦੇ ਹਾਂ। ਜੇ ਕਿਤੇ ਦੇਰ ਹੋ ਗਈ ਤਾਂ ਬਿੜਕ ਰਖੇਗੀ।' ਮੁਹਿੰਦਰ ਕੌਰ ਕਛਹਿਰਾ ਪਰਨਾ ਤੇ ਹੋਰ ਵਸਤਰ ਸੰਭਾਲੇ ਤੇ ਬਹਿ ਗਏ। ਸਰਦਾਰ ਸੂਰਤ ਸਿੰਘ ਗੱਡੀ ਚਲਾਈ ਜਾ ਰਿਹਾ ਸੀ, ਪਰ ਮਨ ਮਾਹੀ ਦੇ ਚਰਨਾਂ ਵਿਚ ਪਰਦਖਣਾਂ ਕਰ ਰਿਹਾ ਸੀ। ਕੰਨਾਂ ਵਿਚ ਸਾਂਈਂ ਬੁੱਲੇ ਸ਼ਾਹ ਦੀ ਬਾਣੀ ਗੂੰਜ ਰਹੀ ਸੀ,

**ਨਿਹੁੰ ਲਾ ਲਿਆ ਬੇ-ਪ੍ਰਵਾਹ ਦੇ ਨਾਲ।**
**ਉਸ-ਦੀਨ ਦੁਨੀ ਦੇ ਸ਼ਾਹ ਦੇ ਨਾਲ।**
**ਕਾਜ਼ੀ ਮੁਲਾ ਮਤੀਂ ਦੇਂਦੇ**
**ਖਰੇ ਸਿਆਣੇ ਰਾਹ ਤਕੇਂਦੇ**
**ਇਸ਼ਕ ਦੀ ਜਾਣੇ ਰਾਹ ਦੇ ਨਾਲ।**
**ਨਿਹੁੰ ਲਾ ਲਿਆ ਬੇ-ਪ੍ਰਵਾਹ ਦੇ ਨਾਲ।**

ਸਰਦਾਰ ਸੂਰਤ ਸਿੰਘ ਤੇ ਮੁਹਿੰਦਰ ਕੌਰ, ਉਨ੍ਹਾਂ ਦੇ ਮਹਿਲ ਮੁਹਾਵੇ ਪੁੱਜ ਗਏ ਜਿਥੇ ਚਹੁੰ ਪਾਸੀਂ ਰੰਗ ਬੱਝਾ ਪਿਆ ਸੀ। ਸ਼ਬਦ ਚਲ ਰਿਹਾ ਸੀ:-

**ਮੈਂ ਬਉਬੀ ਮੇਰਾ ਰਾਮੁ ਭਤਾਰੁ**
**ਰਚਿ ਰਚਿ ਤਾਕਉ ਕਰਉ ਸਿੰਗਾਰੁ।**

ਸਰੋਤੇ ਮਸਤਾਂ ਦੇ ਦੇਸ਼ ਦੇ ਹੁਲਾਰੇ ਲੈ ਰਹੇ ਸਨ। ਦੰਪਤੀ ਨੇ ਜਾ ਚਰਨਾਂ ਤੇ ਸੀਸ ਰੱਖ ਮੱਥਾ ਟੇਕਿਆ। ਸਤਿਗੁਰੂ ਜੀ ਮਿਹਰ ਭਰੇ ਨੇਤਰ ਉਤਾਂ ਕੀਤੇ ਤੇ ਮੁਸਕਰਾਂਦਿਆਂ ਪੁੱਛਿਆ, 'ਸੂਰਤ ਸਿੰਘ ਆ ਗਿਆ ਏ?' ਬਸ ਰੰਗਣ ਚੜ੍ਹ ਗਈ। ਇਹ ਦੀਵਾਨ ਵਿਚ ਬਹਿ ਗਏ। ਕੀਰਤਨ ਹੁੰਦਾ ਰਿਹਾ। ਨਰ-ਨਾਰੀ, ਪਸ਼ੂ, ਪੰਛੀ, ਰੁੱਖ, ਬ੍ਰਿਛ, ਅੰਮ੍ਰਿਤ ਕਣਾਂ ਨਾਲ ਭਿੱਜੇ ਪਏ ਸਨ। ਭੋਗ ਪੈ ਗਿਆ ਤਾਂ ਸਤਿਗੁਰ ਜੀ ਇੱਕ ਸਿੱਖ ਨੂੰ ਹੁਕਮ ਕੀਤਾ, 'ਇਨ੍ਹਾਂ ਦਾ ਡੇਰਾ ਲੁਆ ਦਿਉ।' ਹੁਕਮ ਅੱਗੇ ਸਿਰ ਝੁਕਾ ਦਿੱਤਾ ਤੇ ਉਸ ਸਿੱਖ ਦੇ ਮਗਰ ਮਗਰ ਟੁਰ ਪਏ। ਘਰ ਵਾਲਿਆਂ ਮੰਜੇ ਡਾਹ ਦਿੱਤੇ। ਚਿੱਟੇ ਖੇਸ ਵਿਛਾ ਦਿੱਤੇ। ਬੜਾ ਆਦਰ ਮਾਣ ਕੀਤਾ। ਜਲ ਪ੍ਰਸ਼ਾਦ ਛੱਕਣ ਉਪਰੰਤ ਇਨ੍ਹਾਂ ਦਾ ਮਨ ਘਰ ਵੱਲ ਚਲਾ ਗਿਆ। ਲੁਗਾ ਮਕਾਨ ਏ। ਸਮੇਂ ਨੇ ਵੀ ਅੰਨ੍ਹੀ ਮਿੱਟੀ ਚੁੱਕੀ ਹੋਈ ਏ। ਕੀ ਪਤਾ ਛੁਟਕੀ ਧਿਆਨ ਕਰਦੀ ਏ ਕਿ ਨਹੀਂ। ਚੰਗਾ, ਜਿਵੇਂ ਰਜ਼ਾ! ਸਾਰੀ ਰਾਤ ਹੱਲੇ ਦੇ ਦੀਵਾਨ ਲੱਗੇ ਰਹੇ। ਸੰਤਾਂ ਦੀ ਮਹਿਮਾ ਦੇ ਗੀਤ ਗਾਉਂਦੇ ਰਹੇ ਹਰ ਪਾਸਿਉਂ ਆਤਮ ਰਸ ਵਿਚ ਭਿੱਜੀਆਂ ਤਾਂਨਾਂ ਅੰਦਰ ਪ੍ਰਵੇਸ਼ ਕਰ, ਤਪਤ ਹਿਰਦੇ ਨੂੰ ਠੰਡ ਪਾਂਦੀਆਂ ਰਹੀਆਂ।

Sri Satguru Jagjit Singh Ji eLibrary NamdhariElibrary@gmail.com

**ਤੁਮ ਰਾਮ ਕਹੋ, ਵਹੁ ਰਹੀਮ ਕਹੇਂ, ਦੋਨੋਂ ਕੀ ਗਰਜ ਅੱਲਾ ਸੇ ਹੈ।**
**ਤੁਮ ਦੀਨ ਕਹੋ, ਵਹੁ ਧਰਮ ਕਹੇਂ, ਮਨਸ਼ਾ ਤੌਂ ਉਸੀ ਕੇ ਰਾਹ ਸੇ ਹੈ।**
**ਤੁਮ ਇਸ਼ਕ ਕਹੋ, ਵਹੁ ਪ੍ਰੇਮ ਕਰੇ, ਮਤਲਬ ਤੌਂ ਉਸੀ ਕੀ ਢਾਹ ਸੇ ਹੈ।**
**ਤੁਮ ਮਾਲਕ ਹੋ, ਵਹੁ ਯੋਗੀ ਹੇ, ਮਤਲਬ ਤੋ ਦਿਲ ਅਗਾਹ ਸੇ ਏ।**
**ਕਿਉਂ ਲੜਤਾ ਹੈ, ਨਾਦਾਨ ਬੰਦੇ, ਯਿਹ ਤੇਰੀ ਖਾਮ ਖਿਆਲੀ ਹੈ।**
**ਹੈ ਪੇੜ ਕੀ ਜੜ ਤੇ ਏਕ ਵੁਹੀ, ਹਰ ਮਜਹਬ ਦਾ ਵੋਹ ਮਾਲੀ ਹੈ।**

ਓਧਰ ਛੁਟਕੀ ਆਪਣੇ ਪਰਿਵਾਰ ਨੂੰ ਭੋਜਨ ਖਲਾ, ਬੱਚਿਆਂ ਨੂੰ ਸੁਲਾ ਭਾਂਡੇ ਟੀਂਡੇ ਸਾਂਭ ਦਸ ਵਜੇ ਦੇ ਕਰੀਬ ਸੂਰਤ ਸਿੰਘ ਦੇ ਮਕਾਨ ਵੱਲ ਗਈ ਤਾਂ ਮਕਾਨ ਅੰਦਰ ਰੋਸ਼ਨੀ ਦਿੱਸੀ। ਰੋਸ਼ਨੀ ਵੇਖ ਛੁਟਕੀ ਘਬਰਾ ਗਈ, ਪਰ ਜਦ ਅਗ੍ਹਾਂ ਹੋ ਝਾਤ ਮਾਰੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਕੇਸ ਪਿਛਾਂ ਸੁੱਟੀ, ਉਪਰ ਪਰਨਾਂ ਲਈ, ਹੱਥ ਵਿਚ ਮਾਲਾ ਫੜੀ ਟਹਿਲਦੇ ਤੇ ਸਿਮਰਨ ਕਰਦਿਆਂ ਦੇ ਦਰਸ਼ਨ ਹੋਏ। ਬਾਹਰੋਂ ਈ ਨਮਸਕਾਰਾਂ ਕਰਦੀ ਆਪਣੀ ਕੁਟੀਆਂ ਵੱਲ ਮੁੜ ਆਈ। ਖ਼ਿਆਲ ਆਇਆ ਸਰਦਾਰ ਜੀ ਮੁੜ ਆਏ ਹੋਣਗੇ। ਉਨ੍ਹਾਂ ਨਾਲ ਗੁਰੂ ਜੀ ਆਏ ਹੋਣੇ ਹਨ। ਉਹ ਡੇਰੇ ਜਾ ਕੇ ਨਿਸਚਿੰਤ ਹੋ ਸੌ ਗਈ।

ਅਗਲੇ ਦਿਨ ਮੇਲੇ ਦਾ ਭੋਗ ਪਿਆ। ਸੰਗਤਾਂ ਘਰਾਂ ਨੂੰ ਪਰਤੀਆਂ। ਸੂਰਤ ਸਿੰਘ ਤੇ ਉਹਨਾਂ ਦੇ ਘਰੋਂ ਵਾਪਸ ਆ ਗਏ। ਬੜੇ ਪ੍ਰਸੰਨ ਸਨ। ਦਰਵਾਜ਼ੇ ਅੱਗੇ ਆ ਕੇ ਹਾਰਨ ਦਿੱਤਾ। ਛੁਟਕੀ ਚਾਬੀ ਲੈ ਕੁਟੀਆ ਵਿੱਚੋਂ ਬਾਹਰ ਆਈ। ਮੱਥਾ ਖਿੜਿਆ ਖਿੜਿਆ। ਚਿਹਰੇ ਤੇ ਚਮਕ, ਸਵਾਸਾਂ ਵਿਚ ਪ੍ਰਸੰਨਤਾ। ਸਰਦਾਰਨੀ ਮਹਿੰਦਰ ਕੌਰ ਨੇ ਕਹਿਆ। 'ਲਿਆ ਚਾਬੀ' 'ਮਾਤਾ ਜੀ ਲੋ ਚਾਬੀ।' ਲੇਕਨ ਰਾਤਰੀ ਕੋ ਆਪ ਆਏ ਭੀ, ਔਰ ਵਾਪਸ ਚਲੇ ਗਏ' 'ਹੈਂ?' 'ਹੈਂ ਕਿਆ। ਜਬ ਮੈਂ ਮਕਾਨ ਕੇ ਪਾਸ ਪਹੁੰਚੀ ਤੌਂ ਬਰਾਮਦੇ ਮੇਂ ਰੋਸ਼ਨੀ ਦੇਖੀ, ਔਰ ਗੁਰੂ ਜੀ ਟਹਿਲਤੇ ਟਹਿਲਤੇ ਸਿਮਰਨ ਕਰ ਰਹੇ ਥੇ। ਯਹ ਕੋਈ 10 ਵਜੇ ਕੀ ਬਾਤ ਹੈ ਪਗਲੀ! ਗੁਰੂ ਜੀ ਕਿੱਥੇ ਆ ਗਏ, ਉਹ ਤਾਂ ਮੁਹਾਵੇ ਸਨ। ਸੁਪਨਾ ਦਸ ਰਹੀਂ ਹੈਂ। ਨਹੀਂ ਮਾਤਾ ਜੀ! ਗੰਗਾ ਮਾਈ ਕੀ ਕਸਮ। ਸੁਪਨਾ ਨਹੀਂ ਯਹ ਤੌਂ ਦਸ ਬਜੇ ਕਾ ਸਮਾਂ ਥਾ। ਮੈਂਨੇ ਆਪਨੀ ਆਖੋਂ ਸੇ ਦੇਖਾ। ਮੈਂ ਉਨ ਕੋ ਪਹਚਾਨਤੀ ਹੂੰ। ਵਹਿ ਸਾਦਗੀ ਔਰ ਸੁੰਦਰਤਾ ਕੀ ਮੂਰਤੀ। ਜਿਨ ਕੇ ਮੁਖੜੇ ਸੇ ਅੰਮ੍ਰਿਤ ਵਰਸ਼ਾ ਹੋਤੀ ਹੈ, ਵਹਿ ਬਾਲ ਹਰੇ ਕਰ ਰਹੇ ਥੇ। ਮੈਂਨੇ ਸਮਝਾ ਆਪ ਭੀ ਆਏ ਹੋਂਗੇ। ਔਰ ਸਾਥ ਹੀ ਗੁਰੂ ਜੀ ਭੀ। ਮੈਂਨੇ ਆਪ ਕੋ ਤੌਂ ਨਹੀਂ ਦੇਖਾ, ਮਗਰ ਉਨਕੇ ਦਰਸ਼ਨ ਜ਼ਰੂਰ ਹੂਏ ਨਹੀਂ, ਨਹੀਂ ਅਸੀਂ ਬਿਲਕੁਲ ਨਹੀਂ ਆਏ, ਨ ਗੁਰੂ ਜੀ।' ਛੁਟਕੀ ਹੈਰਾਨ ਤਾਂ ਸੀ, ਮਗਰ ਵਿਸ਼ਵਾਸ ਨਾਲ ਰੁਮਕਦੀ ਗਈ, ਮਾਨੋ ਨਾ ਮਾਨੋ। ਗੁਰੂ ਜੀ ਆਏ ਥੇ ਜ਼ਰੂਰ। ਅਤੀ ਸੁੰਦਰ ਚਿਹਰਾ। ਉਨਕੀ ਕ੍ਰਿਪਾ ਸੇ ਤੌਂ ਮੈਂ ਸਾਰੀ ਰਾਤ ਫੂਲੋਂ ਕੇ ਬਾਗੋਂ ਮੇਂ ਘੂਮਤੀ ਰਹੀ ਹੂੰ। ਰਾਸ ਮੰਡਲ ਕ੍ਰਿਸ਼ਨ ਕਨ੍ਹੀਆ ਕੀ ਝਾਂਕੀਆਂ ਔਰ ਗੁਰੂ ਜੀ ਦੇ ਦਰਸ਼ਨ। ਅਬ ਭੀ ਮੇਰਾ ਮਨ ਬਲੀਓਂ ਉਛਲ ਰਿਹਾ ਹੈ।

ਏਧਰ ਛੁਟਕੀ ਵਾਰਤਾਲਾਪ ਕਰਦੀ ਜਾ ਰਹੀ ਸੀ। ਓਧਰ ਸ੍ਰ: ਸੂਰਤ ਸਿੰਘ ਮਨ ਈ ਮਨ ਵਿਚ ਵਿਚਾਰਾਂ ਕਰ ਰਹੇ ਸਨ। ਛੁਟਕੀ ਜੋ ਕਹਿ ਰਹੀ ਹੈ ਗ਼ਲਤ ਨਹੀਂ ਹੋ ਸਕਦਾ। ਜੋ ਸਤਿਗੁਰੂ ਜੀ ਇਸ ਨੂੰ ਵਖਾਇਆ ਏ ਇਹ ਉਹਨਾਂ ਸਤਿਗੁਰਾਂ ਦੀ ਆਪਣੀ ਲੀਲਾ ਏ। ਅਸੀਂ ਜੁ ਸੋਚਾਂ ਸੋਚਦੇ ਸਾਂ ਕਿ ਘਰ ਲੁਗਾ ਏ, ਕੋਈ ਗੁਆਂਢ ਵਿਚ ਨਹੀਂ। ਕਈ ਲੁੱਚੇ ਲਫੰਗੇ ਹਰਲ ਹਰਲ ਕਰਦੇ ਫਿਰਦੇ ਨੇ। ਸਤਿਗੁਰੂ ਜੀ ਆਪ ਬੇਆਰਾਮ ਰਹਿ ਕੇ ਸਾਡੇ ਘਰ ਦਾ ਪਹਿਰਾ ਦਿੱਤਾ। ਇਹ ਇਨ੍ਹਾਂ ਦਾ ਪੁਰਾਣਾ ਸੁਭਾ ਏ, ਜਿਹੜਾ ਸੇਵਕਾਂ ਦਾ ਸਦਾ ਖ਼ਿਆਲ ਰੱਖਦੇ ਹਨ। ਇਹ ਕੋਈ ਨਵੀਂ ਗੱਲ ਨਹੀਂ, ਇਵੇਂ ਪਰੰਪਰਾ ਤੋਂ ਚਲੀ ਆਈ ਏ। ਗੁਰੂ ਗੋਬਿੰਦ ਸਿੰਘ ਜੀ ਭਾਈ ਜੋਗਾ ਸਿੰਘ ਨੂੰ ਗੰਦੇ ਖੂਹ ਵਿਚ ਡਿੱਗਣ ਤੋਂ ਬਚਾਉਣ ਖ਼ਾਤਰ, ਸਾਰੀ ਰਾਤ ਕੰਜਰਾਂ ਦੇ ਬੂਹੇ ਅੱਗੇ ਪਹਿਰਾ ਦੇਂਦੇ ਰਹੇ। ਸਤਿਗੁਰੂ ਰਾਮ ਸਿੰਘ ਜੀ ਫ਼ੌਜ ਵਿਚ ਹੁੰਦਿਆਂ ਕਾਹਨ ਸਿੰਘ ਨੂੰ ਬਾਹਰ ਦੂਰ ਲੈ ਜਾ ਉਸ ਨਾਲ ਗੱਲਾਂ ਬਾਤਾਂ ਕਰਦਿਆਂ ਉਸ ਦੀ ਕਮਾਨ ਦੀ ਹਾਜ਼ਰੀ ਆਪ ਭਰੀ। ਟਈ ਦੇ ਜਵੰਦ ਸਿੰਘ ਜਿਹੜਾ ਸ੍ਰੀ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਸੀ, ਉਸਦੇ ਮਾਲ ਦੀ ਰਾਖੀ ਗੁਰੂ ਹਰੀ ਸਿੰਘ ਜੀ ਆਪ ਕੀਤੀ ਸੀ। ਸੁਹੇਵੇ ਸਾਹਿਬ ਦੇ ਅਖੰਡ ਪਾਠ ਸਮੇਂ ਇੱਕ ਕਾਲਾ ਸਿੰਘ ਪਾਠੀ ਸਿੰਘ ਵੈਰਾਗ ਵਿਚ ਟਿਬਿਆਂ ਵਿਚ ਢੂੰਡਦਾ ਫਿਰਦਾ ਸੀ, ਪਰ ਉਸਦੀ ਰੌਲ ਸਤਿਗੁਰੂ ਰਾਮ ਸਿੰਘ ਆਪ ਲਈ ਸੀ 'ਪਰ ਚਾਬੀ?' 'ਵਾਹ ਭਾਗਵਾਨੇ! ਉਸ ਨੂੰ ਚਾਬੀਆਂ ਦੀ ਲੋੜ?' ਉਹਨਾਂ ਦੇ ਨੇਤਰ ਉਤਾਂ ਕਰਨ ਦੀ ਦੇਰ ਏ, ਸੰਗਲ ਕੜੱਕ ਕੜੱਕ ਟੁੱਟਦੇ ਨੇ ਭਗਵਾਨ ਕ੍ਰਿਸ਼ਨ ਦੇ ਜਨਮ ਸਮੇਂ, ਬੰਦੀਖਾਨੇ ਦੇ ਜੰਦਰੇ ਆਪੇ ਖੁਲ੍ਹ ਗਏ। ਕੜੀਆਂ ਝੜ ਪਈਆਂ। ਇਹ ਵੀ ਤਾਂ ਉਹੋ ਰੂਪ, ਉਹੀ ਜੋਤ ਹਨ ਤੂੰ ਬਾਬਾ ਤਖਤ ਸਿੰਘ ਦਾ ਪ੍ਰਸੰਗ ਨਹੀਂ ਸੁਣਿਆ? ਉਹ ਸਤਿਗੁਰਾਂ ਦੇ ਦਰਸ਼ਨਾਂ ਨੂੰ ਗਏ। ਪਕੜੇ ਗਏ। ਉਨ੍ਹਾਂ ਨੂੰ ਬੇੜੀਆਂ ਲੱਗ ਗਈਆਂ। ਕੜੀਆਂ ਵੀ ਲਾ ਦਿੱਤੀਆਂ। ਜੇਲ੍ਹ ਵਿਚ ਡੱਕ ਦਿੱਤਾ ਗਿਆ। ਪਰ ਜਦ ਸੰਤਾਂ ਨੂੰ ਮੌਜ ਆਈ। ਬੇੜੀਆਂ ਕੜੀਆਂ ਆਪੇ ਲਹਿ ਗਈਆਂ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੇ ਕਰਾਮਾਤ ਕਰਨ ਤੋਂ ਰੋਕਿਆ ਮੁੜ ਬਚਨ ਮੰਨ, ਆਪ ਗ੍ਰਿਫ਼ਤਾਰ ਹੋ ਪਸ਼ੌਰ ਜੇਲ੍ਹ ਅੰਦਰ ਡੇਢ ਸਾਲ ਪੱਥਰ ਕੁੱਟ ਭਾਣਾ ਮੰਨਿਆ। ਉਹ ਸਭ ਕੁਝ ਕਰ ਸਕਦੇ ਹਨ। ਹਾਏ ਅਸੀਂ ਕਿੰਨੇ ਸਵਾਰਥੀ ਹਾਂ। ਸਤਿਗੁਰੂ ਜੀ ਨੂੰ ਸਾਰੀ ਰਾਤ ਬੇਆਰਾਮ ਕੀਤਾ। ਅਸੀਂ ਕਿੰਨੇ ਅਪਰਾਧੀ ਹਾਂ। ਇਹ ਸਤਿਗੁਰਾਂ ਦਾ ਆਪਣਾ ਹੀ ਚਮਤਕਾਰਾ ਹੈ ਛੁਟਕੀ ਝੂਠ ਨਹੀਂ ਬੋਲ ਰਹੀ।'

ਛੁਟਕੀ ਅੰਦਰ ਵੀ ਖ਼ੁਸ਼ੀ ਦਾ ਹੜ ਚੜ੍ਹਿਆ ਹੋਇਆ ਸੀ। ਉਹ ਦੰਪਤੀ ਜੋੜੇ ਨੂੰ ਕਥਾ ਸੁਣਾਈ ਜਾ ਰਹੀ ਸੀ ਤੇ ਨਾਲ ਹੀ ਨਾਲ ਪਸ਼ੂ ਪੰਖੇਰੂਆਂ ਨੂੰ ਵੀ ਮਸਤਾਨਾ ਕਰੀ ਜਾ ਰਹੀ ਸੀ। ਖ਼ੁਸ਼ੀਆਂ ਦੇ ਸਾਗਰ ਵਿਚ ਤਾਰੀਆਂ ਲਾਂਦੀ

Sri Satguru Jagjit Singh Ji eLibrary NamdhariElibrary@gmail.com

ਆਲੇ ਦੁਆਲੇ ਦੀ ਕੁਦਰਤ ਨੂੰ ਸੰਬੋਧਨ ਕਰਦੀ ਕੂਕਦੀ ਜਾਂਦੀ ਸੀ। ਨਾਲ ਹੀ ਤਾੜੀਆਂ ਮਾਰ ਰਹੀ ਸੀ, ਨਾਲ ਹੀ ਗਾਉਂਦੀ ਸੀ:-

**ਨਾਚੂੰ ਮੈਂ ਨਟ ਰਾਜੇ ਰੇ, ਨਾਚੂੰ ਮੈਂ ਮਹਾਰਾਜ ਰੇ।**
**ਸੂਰਯ ਨਾਚੋ, ਤਾਰੇ ਨਾਚੋ, ਨਾਚੋ ਬਨ ਨਹਿਤਾਬ ਰੇ।**
**ਬਾਦਰ ਨਾਚੋ, ਵਾਯੂ ਨਾਚੋ, ਨਾਚੋ ਨਦੀ ਤਾਲਾਬ ਰੇ।**
**ਜੱਰਾ ਨਾਚੋ, ਸਾਗਰ ਨਾਚੋ, ਨਾਚੋ ਹੋ ਗਹਿਰ ਰਾਜ ਰੇ।**
**ਰਾਗ ਗੀਤ ਸਭ ਹੋਵਤ ਹਰ ਦਮ, ਨਾਚੋ ਪੂਰਨ ਸਾਜ ਰੇ।**

**ਸ੍ਰ: ਸੂਰਤ ਸਿੰਘ**
ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

## ਪ੍ਰਕਾਸ਼

"ਕਿੰਨੇ ਪੁੱਤਰ?"
"ਸੱਚੇ ਪਾਤਸ਼ਾਹ ਜੀ! ਚਾਰ।"
"ਪੋਤਰੇ?"
"ਪੋਤਰੇ ਵੀ ਚਾਰ?"
"ਪਾਠਾਂ ਵਿਚ ਕਿੰਨੇ?"
"ਜੀ ਸਭ ਖਾਂਦੇ ਪੀਂਦੇ ਨੇ। ਮੇਰੇ ਨਾਲ ਕੇਵਲ ਇੱਕ ਏ, ਉਹ ਪੜ੍ਹਦਾ ਏ ਨੌਵੀਂ 'ਚ! ਉਸ ਇਮਤਿਹਾਨ ਦੇਣਾ ਏ।"
"ਚਲ ਪੜ੍ਹਨ ਵਾਲਾ ਸ੍ਰੀ ਭੈਣੀ ਸਾਹਿਬ ਭੇਜ ਦੇ।"

ਮੂਰਖ ਮਨ ਨੂੰ ਸਮਝ ਨਹੀਂ ਆਉਂਦੀ, ਉਹ ਨਹੀਂ ਜਾਣਦਾ ਕਿ ਜਿਸ ਨੇ ਇਹ ਧੰਨ, ਇਹ ਪਰਿਵਾਰ ਬਖਸ਼ਿਆ ਏ, ਉਹ ਕੀ ਨਹੀਂ ਕਰ ਸਕਦਾ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:-

**ਦਸ ਬਸਤੂ ਲੇ ਪਾਛੈ ਪਾਵੈ। ਏਕ ਬਸਤੁ ਕਾਰਨਿ ਬਿਖੋਇ ਗਵਾਵੈ।**
**ਏਕ ਭੀ ਨ ਦੇਇ ਦਸ ਭੀ ਹਿਰਿ ਲੇਇ। ਤਉ ਮੂੜਾ ਕਹੁ ਕਹਾ ਕਰੇਇ।**
**ਜਿਸੁ ਠਾਕੁਰ ਸਿਉ ਨਾਹੀ ਚਾਰਾ। ਤਾਕਉ ਕੀਜੈ ਸਦਾ ਨਮਸਕਾਰਾ।**

ਮਗਰ ਸੁੰਦਰ ਸਿੰਘ ਨੇ ਗਲ ਗੌਲ ਛੱਡੀ, ਕੋਈ ਠੀਕ ਉੱਤਰ ਨਾ ਦਿੱਤਾ। ਸਤਿਗੁਰੂ ਜੀ ਉਸੇ ਵੇਲੇ ਇਹ ਬਚਨ ਕਰ 'ਚੰਗਾ ਸੂਬਾ ਜੀ! ਨਾ ਇਨ੍ਹਾਂ ਦਾ ਨਾਉਂ ਲਿਖੋ, ਨਾ ਉਗਰਾਹੀ ਲਵੋ, ਜਿਹੜਾ ਪਾਠੀ ਭੇਜੇਗਾ, ਰਸਦਾਂ ਵੀ ਮਗਰੇ ਮਗਰ ਆਉਣਗੀਆਂ।' ਇਹ ਕਹਿ ਸੱਚੇ ਪਾਤਸ਼ਾਹ ਮੇਲੇ ਦਾ ਭੋਗ ਪਾ ਕੇ, ਹੋਰ ਸੰਗਤਾਂ ਨੂੰ ਭਾਰਨ ਹਿੱਤ, ਭੱਲਥੀਂ ਜ਼ਿਲ੍ਹਾ ਕਪੂਰਥਲਾ ਤੋਂ ਰਵਾਨਾ ਹੋ ਗਏ।

ਉਨੀਂ ਦਿਨੀਂ ਮੇਰੀ ਚਾਚੀ ਕਰਤਾਰ ਕੌਰ ਚੜ੍ਹਾਈ ਕਰ ਗਈ ਹੋਈ ਸੀ, ਉਸ ਦਾ ਭੋਗ ਮਾਘ ਦੀ 31 ਦਾ ਸੀ। ਮੈਂ ਲਿਟੀਂ ਗਿਆ, ਜਦ ਲਿਟੀਂ ਪੁੱਜਾ ਤੇ ਸਭ ਦੇ ਰੰਗ ਉੱਡੇ ਪਏ ਸਨ। ਬਿੱਲਾ ਬਿਮਾਰ ਏ ਉਸ ਨੂੰ ਕਰਤਾਰ ਪੁਰ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਾਇਆ ਹੋਇਆ ਹੈ, ਕੋਈ ਦਵਾਈ ਕਾਟ ਨਹੀਂ ਕਰਦੀ, ਹੋਸ਼ ਬਿਲਕੁਲ ਨਹੀਂ ਕਰਦਾ। ਚਾਰ ਜੀਅ ਹੋਰ ਵੀ ਲੇਟੇ ਪਏ ਨੇ, ਪਤਾ ਨਹੀਂ ਕੀ ਸਾੜ ਸਤੀ ਆ ਗਈ। ਭਲਾ ਕੋਈ ਪੁੱਛੇ ਦਵਾਈ ਵਿਚ ਕੀ ਸ਼ਕਤੀ ਏ, ਸਭ ਸ਼ਕਤੀਆਂ ਦਵਾਈ ਬਣਾਉਣ ਵਾਲੇ ਦੇ ਹੱਥ ਹਨ,

Sri Satguru Jagjit Singh Ji eLibrary NamdhariElibrary@gmail.com

ਜਿਸ ਨੇ ਮਿੱਟੀ ਵਿੱਚੋਂ ਪੈਦਾ ਕਰਕੇ, ਉਸਨੂੰ ਇਹ ਰੋਗ ਦੂਰ ਕਰਨ ਦੀ ਸਮਰਥਾ ਬਖਸ਼ੀ, ਪਰ ਜੇ ਮਾਲਕ ਚਾਹੇ ਤਾਂ ਇਸਦੇ ਸਾਰੇ ਗੁਣਾਂ ਨੂੰ ਛੀਨ ਕਰ ਲਵੇ ਫਿਰ ਦਵਾਈ ਵਿਚਾਰੀ ਕੀ ਕਰਨਾ ਏ, ਉਹ ਤਾਂ ਕੇਵਲ ਮਿੱਟੀ ਦੀ ਪੁੜੀ ਰਹਿ ਜਾਵੇਗੀ। ਸਾਰੇ ਦਵਾਈਆਂ ਤੋਂ ਨਿਰਾਸ਼ ਹੋ ਗਏ। ਸਾਧਾ ਸਿੰਘ ਤੇ ਕਸ਼ਮੀਰਾ ਸਿੰਘ ਕਿਸੇ ਜੋਤਸ਼ੀ ਪਾਸੋਂ ਬਿੱਲੇ ਵਾਰੇ ਟੇਵਾ ਲਗਾਉਣ ਗਏ ਹਨ। ਇਹ ਸੁਣਦਿਆਂ ਮੇਰੀ ਵੀ ਕੋਠੀ ਕਾਇਮ ਨਾ ਰਹੀ, 'ਭਲਾ ਚਾਚੀ ਤਾਂ ਖਾ ਹੰਢਾ, ਸਭ ਕੁਝ ਵੇਖ ਚਾਖ ਚੁੱਕੀ ਸੀ, ਇਹ ਕੱਲ੍ਹ ਦਾ ਮੁੰਡਾ! ਹੇ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ! ਤੁਸੀਂ ਸਹਾਈ ਹੋਵੋ।' ਘਰ ਵਾਲਿਆਂ ਸਾਕਾਂ ਸੰਬੰਧੀਆਂ ਨੂੰ ਚਿੱਠੀਆਂ ਭੇਜ ਦਿੱਤੀਆਂ, ਭੋਗ ਤੇ ਆਉਣ ਦੀ ਖੇਚਲ ਨਾ ਕਰਨ, ਅਰਦਾਸ ਕਰੋ, ਘਰ ਚਿ ਅੱਗੋਂ ਸੁੱਖ ਰਹੇ।' ਮੈਂ ਤਾਂ ਪੰਜ ਇਸ਼ਨਾਨਾਂ ਕੀਤਾ, ਅੰਦਰ ਕਮਰੇ ਵਿਚ ਵੜ ਗਿਆ ਤੇ ਸਤਿਗੁਰਾਂ ਦੇ ਚਰਨਾਂ ਵੱਲ ਧਿਆਨ ਧਰ ਨਿਤਨੇਮ ਅਰੰਭ ਦਿੱਤਾ। ਨਿਤਨੇਮ ਉਪਰੰਤ ਬਿੱਲੇ ਦੀ ਸਿਹਤ ਵਾਸਤੇ ਜੋਦੜੀ ਕੀਤੀ ਤੇ ਅਰਦਾਸ ਕਰ ਭੋਗ ਪਾ ਦਿੱਤਾ, ਓਧਰੋਂ ਸਾਧਾ ਸਿੰਘ ਵੀ ਆ ਗਿਆ, ਓਸ ਕਿਹਾ, 'ਜੋਤਸ਼ੀ ਕੋਈ ਵੀ ਗੱਲ ਸਪੱਸ਼ਟ ਨਹੀਂ ਕਰਦਾ!' ਪਰ ਬਾਣੀ ਤਾਂ ਬਾਰ ਬਾਰ ਕਹਿੰਦੀ ਏ:-

**ਜਾਕਉ ਚਿੰਤਾ ਬਹੁਤ ਬਹੁਤ ਦੇਹੀ ਵਿਆਪੈ ਰੋਗੁ।**
**ਗ੍ਰਿਸਤ ਕੁਟੰਬਿ ਪਲੇਟਿਆ ਕਦੇ ਹਰਖ ਕਦੇ ਸੋਗ।**
**ਗਉਣ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ।**
**ਚਿਤਿ ਆਵੈ ਓਸ ਪਾਰਬ੍ਰਹਮ ਤਨੁ ਮਨੁ ਸੀਤਲੁ ਹੋਇ।**

ਅਰਦਾਸ ਪਹੁੰਚ ਗਈ ਤੇ ਸੁਣਕੇ ਪ੍ਰਵਾਨ ਹੋਣ ਦੀ ਕ੍ਰਿਪਾਲਤਾ ਹੋ ਗਈ।

ਰਾਤ ਦੇ ਬਾਰ੍ਹਾਂ ਵੱਜੇ ਹੋਣਗੇ ਕਿ ਹਸਪਤਾਲ ਵਿਚ ਡਾਕਟਰਾਂ ਦੇ ਡਾਕਟਰ ਸਤਿਗੁਰੂ ਜੀ ਪੁੱਜ ਗਏ। ਬੱਚੇ ਨੂੰ ਦਰਸ਼ਨ ਦਿੱਤੇ, ਬਾਂਹ ਹੱਥ ਵਿਚ ਫੜੀ ਤੇ ਨਬਜ਼ ਵੇਖੀ ਤੇ ਬਚਨ ਕੀਤਾ, 'ਕਾਕਾ! ਘਬਰਾ ਨਾ! ਤੂੰ ਬਿਲਕੁਲ ਰਾਜ਼ੀ ਬਾਜ਼ੀ ਏਂ। ਜਦ ਇੱਥੋਂ ਨਿਕਲੇਂ ਸ੍ਰੀ ਭੈਣੀ ਸਾਹਿਬ ਆ ਜਾਈਂ, ਤੈਨੂੰ ਹੁਣ ਤੇਰਾ ਬਾਪੂ ਨਹੀਂ ਰੋਕਦਾ।' ਸਤਿਗੁਰ ਇਹ ਕਹਿ ਬਾਹਰ ਚਲੇ ਗਏ ਤੇ ਬਿੱਲੇ ਨੇ ਵਾਜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, 'ਬਾਪੂ ਬਾਪੂ! ਸਤਿਗੁਰੂ ਜੀ ਆਏ ਤੇ ਚਲੇ ਵੀ ਗਏ!' ਸੁੰਦਰ ਸਿੰਘ ਸਮਝਿਆ, ਬਿੱਲਾ ਬਰੜਾ ਰਿਹਾ ਹੈ ਤੇ ਕਿਹਾ, 'ਪੁੱਤਰ ਘਬਰਾ ਨਾ, ਮੈਂ ਤੇਰੇ ਕੋਲ ਆਂ। ਕਿੱਥੇ ਨੀ ਸਤਿਗੁਰੂ?' ਉਹ ਆਏ ਸਨ, ਮੇਰੇ ਸਰਹਾਣੇ ਖਲੋ ਕੇ ਮੇਰੀ ਨਬਜ਼ ਵੇਖੀ ਤੇ ਆਖਿਓ ਨੇ ਤੂੰ ਰਾਜ਼ੀ ਬਾਜ਼ੀ ਏਂ ਚਿੰਤਾ ਨਾ ਕਰ, ਤੂੰ ਇੱਥੋਂ ਨਿਕਲਕੇ ਸ੍ਰੀ ਭੈਣੀ ਸਾਹਿਬ ਆ ਜਾਵੀਂ, ਤੇਰੇ ਬਾਪੂ ਹੁਣ ਨਹੀਂ ਰੋਕਦਾ।' ਇਹ ਸੁਣ ਸੁੰਦਰ ਸਿੰਘ ਦੀਆਂ ਅੱਖਾਂ ਸੱਜਲ ਹੋ ਗਈਆਂ ਤੇ ਜਾਣਿਆ, 'ਸੁਪਨਾ ਆਇਆ ਸੂ।' ਪਰ ਸਵੇਰ ਸਾਰ ਹਾਲਤ ਬਦਲ ਗਈ, ਬਿਮਾਰੀ ਵੱਲੋਂ ਮੋੜਾ ਪੈ ਗਿਆ। ਥੋੜ੍ਹੇ ਦਿਨਾਂ ਪਿੱਛੋਂ ਬਿੱਲਾ ਨੌ-

Sri Satguru Jagjit Singh Ji eLibrary NamdhariElibrary@gmail.com

ਬਰ-ਨੌ ਹੋ ਗਿਆ। ਮੈਂ ਵੀ ਬਿੱਲੇ ਕੋਲ ਗਿਆ, ਓਸ ਸਾਰੀ ਰਾਮ ਕਹਾਣੀ ਕਹਿ ਸੁਣਾਈ। ਮੈਂ ਕਿਹਾ, 'ਵੇਖ ਬਿੱਲਿਆ! ਇਹ ਸਤਿਗੁਰੂ ਜੀ ਮਿਹਰਾਂ ਕੀਤੀਆਂ ਹਨ, ਤੈਨੂੰ ਨਵੇਂ ਸਿਰਿਓਂ ਪ੍ਰਾਣ ਮਿਲੇ ਹਨ। ਤੂੰ ਹੁਣ ਕਿਸੇ ਦੀ ਗੱਲ ਨਾ ਸੁਣੀਂ ਤੇ ਜਿਸ ਤੈਨੂੰ ਜਮਾਂ ਤੋਂ ਬਚਾ ਲਿਆ ਏ ਤੂੰ ਉਨ੍ਹਾਂ ਕੋਲ ਚਲਾ ਜਾਵੀਂ, ਮੇਰੀ ਗੱਲ ਪੱਲੇ ਬੰਨ ਲੈ।

ਬਿੱਲਾ (ਜਸਵਿੰਦਰ ਸਿੰਘ) ਹਸਪਤਾਲੋਂ ਘਰ ਆਇਆ, ਘਰ ਵਿਚ ਖ਼ੁਸ਼ੀਆਂ ਫੇਰਾ ਪਾਇਆ। ਆਂਢ ਗੁਵਾਂਢ ਵਧਾਈਆਂ ਦੇਣ ਆਏ। ਜਸਵਿੰਦਰ ਚਾਚੇ ਜੋਗਿੰਦਰ ਸਿੰਘ ਨੂੰ ਨਾਲ ਲੈ ਸ੍ਰੀ ਭੈਣੀ ਸਾਹਿਬ ਗਿਆ ਜਾਕੇ ਸਤਿਗੁਰਾਂ ਦੇ ਚਰਨਾਂ ਤੇ ਮੱਥਾ ਟੇਕਿਆ। ਸਤਿਗੁਰੂ ਜੀ ਨੇ ਪੁੱਛਿਆ ਕਾਕਾ! ਕਿੰਨਾ ਚਿਰ ਰਹੇਂਗਾ?' ਗ਼ਰੀਬ ਨਿਵਾਜ਼ ਜਿੰਨਾ ਚਿਰ ਪਾਠਾਂ ਦੇ ਭੋਗ ਨਹੀਂ ਪੈਂਦੇ।' ਕੁਝ ਸਮੇਂ ਪਿੱਛੋਂ ਛੁੱਟੀ ਲੈ ਘਰ ਆਇਆ, ਸਾਰੇ ਪਰਿਵਾਰ ਨੂੰ ਚਾਅ ਚੜ੍ਹ ਗਿਆ। ਬਿੱਲੇ ਨੂੰ ਸ੍ਰੀ ਭੈਣੀ ਸਾਹਿਬ ਦੀ ਮਹਿਮਾ ਦੱਸੀ, ਪਾਠਾਂ ਦਾ ਹਾਲ ਸੁਣਾਇਆ, ਭਜਨ ਬੰਦਗੀ ਦੀਆਂ ਸਾਖੀਆਂ ਸੁਣਾਈਆਂ, ਸਾਰੇ ਪਰਿਵਾਰ ਅੰਦਰ ਉਮਾਹ ਪੈਦਾ ਹੋਇਆ, ਚਲਕੇ ਗੁਰ ਦਰਬਾਰੇ ਦੇ ਦਰਸ਼ਨ ਕਰੀਏ। ਅਸੂ ਦਾ ਮੇਲਾ ਆ ਗਿਆ, ਸਾਰਾ ਪਰਿਵਾਰ ਟਰਾਲੀ ਵਿਚ ਸਵਾਰ ਹੋ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਜਾ ਕੀਤੇ, ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਲੈ ਘਰਾਂ ਨੂੰ ਮੁੜੇ।

ਬਿੱਲੇ ਉਪਰ ਉਹ ਕਿਰਪਾ ਹੋ ਗਈ, ਉਸਨੂੰ ਪ੍ਰਕਾਸ਼ ਹੋ ਗਿਆ ਅੱਠੇ ਪਹਿਰ ਰੰਗ ਚੜ੍ਹਿਆ ਰਹੇ, ਭਜਨ ਕਰੇ ਜਾਂ ਸ਼ਬਦ ਪੜ੍ਹੇ, ਮੁੰਡਿਆਂ ਵਾਲੀ ਗੱਲ ਗੁਵਾਚ ਗਈ, ਇੱਕ ਸਮੇਂ ਸੁਰਜਨ ਸਿੰਘ ਦੇ ਪੁੱਤਰ ਸੁਰਜੀਤ ਸਿੰਘ ਦਾ ਪਿਸ਼ਾਬ ਬੰਦ ਹੋ ਗਿਆ, ਲੱਗੀਆਂ ਚੀਸਾਂ ਪੈਣ, ਕੋਲੋਂ ਸਾਧਾ ਸਿੰਘ ਸਲਾਹ ਦਿੱਤੀ, ਅਰਦਾਸ ਕਰਾਓ! ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਵਿਚ ਬੇਨਤੀ ਕਰੋ, ਪਿਸ਼ਾਬ ਖੁੱਲ ਜਾਵੇਗਾ, ਮਗਰ ਬਿੱਲੇ ਨੇ ਤੇਜ਼ੀ ਵਿਚ ਬਚਨ ਕੀਤਾ, 'ਨਹੀਂ ਚਾਚਾ! ਅਰਦਾਸ ਨਾ ਕਰਨੀਂ? ਮਰਦਾ ਏ ਤਾਂ ਮਰਨ ਦਿਓ!' ਮੈਂ ਠਰੰਮੇ ਨਾਲ ਕਿਹਾ, 'ਨਹੀਂ ਕਾਕਾ! ਏਦਾਂ ਨਹੀਂ ਕਹੀਦਾ, ਚੰਗੇ, ਮੰਦੇ ਸਾਰੇ ਸਤਿਗੁਰੂ ਦੇ ਹਨ ਅਰਦਾਸਾ ਕਰਨ ਦੇ, ਇਹ ਵੀ ਤੇਰੇ ਵਾਂਗਰ ਸਿੱਖ ਸਜ ਜਾਏਗਾ।'

'ਪਰ ਜੇਹੜਾ ਕੁਰਾਹੇ ਪੈ ਜਾਵੇ, ਜੇਹੜਾ ਚੂਹੜਿਆਂ ਦੀਆਂ ਪਿਆਲੀਆਂ ਚਟਣੋਂ ਨਾ ਹੱਟੇ, ਉਸਦਾ ਕੀ ਇਲਾਜ?'

'ਲੈ ਭਾਈ! ਤੂੰ ਵੀ ਕਛਹਿਰਾ ਪਾ ਲੇਂ? ਦਾਹੜ੍ਹੀ ਕਟਵਾਣੀ ਬੰਦ ਕਰ ਦੇ! ਮਾਸ ਸ਼ਰਾਬ ਦੇ ਨੇੜੇ ਨਾ ਜਾਈਂ। ਚੂਹੜੀ ਚਾਹ ਵੀ ਨਾ ਵਰਤੀਂ, ਸਤਿਗੁਰੂ ਜੀ ਦੀ ਕਿਰਪਾ ਨਾਲ ਪਿਸ਼ਾਬ ਖੁੱਲ੍ਹ ਜਾਵੇਗਾ। ਸੁਰਜੀਤ ਸਿੰਘ ਮੰਨ ਗਿਆ, ਅਰਦਾਸਾ ਸੋਧਿਆ ਗਿਆ:-

**ਨਾਨਕ ਨਾਮ ਚੜ੍ਹਦੀ ਕਲਾ**
**ਤੇਰੇ ਭਾਣੇ ਸਰਬਤ ਦਾ ਭਲਾ।**

ਅਜੇ ਆਖਿਆ ਈ ਗਿਆ ਸੀ ਕਿ ਸੁਰਜੀਤ ਸਿੰਘ ਨੂੰ ਪਿਸ਼ਾਬ ਆ ਗਿਆ ਦਰਦ ਜਾਂਦੀ ਨਾ ਲੱਭੀ।

ਸੁਰਜੀਤ ਸਿੰਘ ਨੇ ਉਠ ਕੇ ਪੰਜ ਇਸ਼ਨਾਨਾ ਕੀਤਾ, ਸਤਿਗੁਰੂ ਜਗਜੀਤ ਸਿੰਘ ਜੀ ਦੀ ਫ਼ੋਟੋ ਘਰ ਵਿਚ ਲੱਗੀ ਪਈ ਸੀ, ਉਸ ਨੂੰ ਪੰਜਾ ਵਾਰ ਨਿਮਸ਼ਕਾਰ ਕੀਤੀ ਤੇ ਸੁਖਵਿੰਦਰ ਨੂੰ ਜੱਫੀ ਵਿਚ ਲੈਂਦਿਆਂ ਕਿਹਾ 'ਲੈ ਬਿਲਿਆ! ਐਤਕਾਂ ਮੈਂ ਵੀ ਸ੍ਰੀ ਭੈਣੀ ਸਾਹਿਬ ਜਾਵਾਂਗਾ ਤੇ ਸੇਵਾ ਕਰਾਂਗਾ।

**ਜਥੇਦਾਰ ਉਜਾਗਰ ਸਿੰਘ ਰਾਣੀਆਂ**

Sri Satguru Jagjit Singh Ji eLibrary NamdhariElibrary@gmail.com

## ਮਾਇਆ ਈ ਮਾਇਆ

ਅੰਤਰਜਾਮੀ ਸਤਿਗੁਰੂ ਜਗਜੀਤ ਸਿੰਘ ਜੀ ਪੂਸਾ ਰੋਡ ਸੇਠ ਤ੍ਰਿਲੋਕ ਸਿੰਘ ਦੇ ਬੰਗਲੇ ਵਿਚ ਸ਼ਸ਼ੋਭਤ ਸਨ। ਇੱਕ ਪਾਸੇ ਸ੍ਰੀ ਪ੍ਰੀਤਮ ਸਿੰਘ ਕਵੀ, ਅਮਰ ਸਿੰਘ ਭਾਰਤੀ ਤੇ ਮਨਧੀਰ ਬੈਠੇ ਕੁਝ ਵਿਚਾਰ ਕਰ ਰਹੇ ਸਨ ਕਿ ਅਵਾਤਰ ਸਿੰਘ ਨੇ ਹੱਥ ਜੋੜ ਨਮਸਕਾਰ ਕਰ ਸਾਹਮਣੇ ਬੈਠ ਗਿਆ। ਸੱਟ ਵਾਲੇ ਹੱਥ ਨੂੰ ਸੰਭਾਲਦਿਆਂ ਹੱਥ ਜੋੜ ਕੁਝ ਕਹਿਣ ਈ ਲੱਗਾ ਸੀ ਕਿ ਬੇਅੰਤ ਪਾਤਸ਼ਾਹ ਮੁਸਕਰਾਂਦਿਆਂ ਕਿਹਾ:-

'ਤੈਨੂੰ ਮਾਸੀ ਚਾਹੀਦੀ ਏ?'

'ਮਾਸੀ!'

'ਪਟਨੇ ਵਾਲੀ?'

ਅਵਤਾਰ ਸਿੰਘ ਨੇ ਜਦ ਪਟਨੇ ਦਾ ਸ਼ਬਦ ਸੁਣਿਆ ਤਾਂ ਮਨ ਵਿਚ ਵਿਚਾਰ ਆਇਆ ਕਿ ਸਤਿਗੁਰੂ ਜੀ ਮੇਰੀ ਕਾਮਨਾ ਜਾਣ ਗਏ ਹਨ ਤੇ ਹਾਸ ਬਿਲਾਸ ਰਾਹੀਂ ਮੇਰੇ ਮਨ ਨੂੰ ਟਟੋਲਣਾ ਚਾਹੁੰਦੇ ਹਨ। ਤਦ ਉਸ ਮੁੜ ਸਿਰ ਚਰਨਾਂ ਤੇ ਰੱਖ ਦਿੱਤਾ ਤੇ ਅਰਜ਼ ਕੀਤੀ ਕਿ ਗ਼ਰੀਬ ਨਿਵਾਜ਼ ਪ੍ਰੈਸ ਖ਼ਰੀਦਣਾ ਏ ਤੇ ਪੈਸੇ ਦੀ ਲੋੜ ਏ।

'ਕਿੰਨੀ ਕੁ?'

'ਦਸ ਹਜ਼ਾਰ।'

'ਇਕ ਸਾਲ, ਦੋ ਸਾਲ ਜਾਂ ਬਖਸ਼ਿਸ਼?'

'ਬਖਸ਼ਿਸ਼ ਵਰਗੀ ਤਾਂ ਕੋਈ ਦਾਤ ਨਹੀਂ?'

'ਜਾ ਮੇਰੇ ਵੱਲੋਂ ਬਖਸ਼ਿਸ਼, ਇਕ ਸਾਲ ਭਜਨ ਦੀ ਤੇ ਇਕ ਭਗਉਤੀਆਂ ਦੀ ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਿਆ ਕਰ।'

'ਗ਼ਰੀਬ ਨਿਵਾਜ਼ ਪੈਸੇ ਤਾਂ ਹੁਣ ਚਾਹੀਦੇ ਹਨ।'

'ਚੰਗਾ! ਮੇਰੇ ਕੋਲ ਤਾਂ ਇਹੀ ਹੈ, ਜੇ ਕਾਹਲੀ ਆ ਤਾਂ ਅੱਗੇ ਜਾ ਕੇ ਮਹਾਰਾਜ ਜੀ ਨੂੰ ਪੁੱਛ ਵੇਖ।'

ਇਹ ਸੁਣ ਅਵਤਾਰ ਸਿੰਘ ਦੇ ਸ਼ਰਧਾ ਦੇ ਥੰਮ ਥਿੜਕ ਗਏ। ਨਿਰਾਸਤਾ ਵਿਚ ਸਿਰ ਨਿਵਾਇਆ, ਪਰ ਸਿਆਸੀ ਭਗਤਾਂ ਵਾਲਾ। ਸਕੂਟਰ ਤੇ ਪੈਰ ਧਰਿਆ ਤੇ ਝਿਲਮਿਲ ਕਾਲੋਨੀ ਵੱਲ ਮੁੜਿਆ। ਮਗਰ ਬੇ-ਸਿਦਕੀ ਦੇ ਬੱਦਲਾਂ

Sri Satguru Jagjit Singh Ji eLibrary NamdhariElibrary@gmail.com

ਮਨ ਨੂੰ ਘੇਰਨਾ ਅਰੰਭਿਆ। ਸੁਦਾਮੇ ਵਾਂਗ ਗਿੱਟੀਆਂ ਗਿਣਦਿਆਂ ਜਾ ਰਿਹਾ ਸੀ ਅਤੇ ਕਾਲੀਆਂ ਘਟਾਵਾਂ ਵੀ ਗੂੜੀਆਂ ਹੁੰਦੀਆਂ ਜਾ ਰਹੀਆਂ ਸਨ।

ਵਿਚਾਰਾ ਅਵਤਾਰ ਸਿੰਘ ਸੋਚਾਂ ਸੋਚਦਾ ਜਾ ਰਿਹਾ ਸੀ, ਤਾਂ ਸਾਰਾ ਸੀਨ ਉਸ ਦੀਆਂ ਅੱਖਾਂ ਅੱਗੋਂ ਲੰਘ ਰਿਹਾ ਸੀ। ਕਿਸੇ ਮਿੱਤਰ ਨੇ ਹਾਂ ਨਹੀਂ ਕੀਤੀ। ਕਿਸੇ ਸੰਬੰਧੀ ਬਾਂਹ ਨਹੀਂ ਫੜੀ। ਸਭ ਤੋਂ ਵੱਡਾ ਸਤਿਗੁਰੂ ਦਾ ਆਸਰਾ ਸੀ। ਬਾਲੀ ਨਗਰੋਂ ਉਚੇਚਾ ਪੂਸਾ ਰੋਡ ਗਿਆ ਸਾਂ? ਕਿ ਸ਼ਾਂਤੀ ਨਾਲ ਅਰਜ਼ ਕਰ ਸਕਾਂਗਾ, ਪਰ ਸਤਿਗੁਰਾਂ ਵੀ ਕੋਈ ਧਿਆਨ ਨਹੀਂ ਕੀਤਾ। ਉਨ੍ਹਾਂ ਵੀ ਟਾਲਣ ਵਾਲੀ ਗੱਲ ਕੀਤੀ ਏ। ਕੀ ਕਰਾਂ? ਕਿੱਧਰ ਜਾਵਾਂ? ਕਿਸੇ ਠੀਕ ਆਖਿਆ ਏ:-

**ਸ਼ਿਆਹ ਬਖਤੀ ਮੇਂ ਕਬ ਕੋਈ ਸਾਥ ਦੇਤਾ ਹੈ।**
**ਕਿ ਤਾਰੀਕੀ ਮੇਂ ਸਾਯਾ ਭੀ ਇਨਸਾਂ ਸੇ ਜੁਦਾ ਹੋਤਾ ਹੈ।**

ਰਾਤ 'ਚ ਪ੍ਰਸ਼ਾਦੇ ਦਾ ਵੀ ਚਿਤ ਨਾ ਕੀਤਾ। ਉਗਲ ਨਿਗਲ ਦੋ ਗ੍ਰਾਹੀਆਂ ਮੂੰਹ ਵਿਚ ਪਾਈਆਂ। ਮੰਜੇ ਤੇ ਲੇਟਿਆ ਪਰ ਨੀਂਦ ਕਿੱਥੇ?

ਪਰ ਧੰਨ ਹਨ ਮੇਰੇ ਚੋਜੀ ਪ੍ਰੀਤਮ ਸਤਿਗੁਰੂ ਜਗਜੀਤ ਸਿੰਘ ਜੀ, ਜਿਹੜੇ ਸਿੱਖ ਨਾਲ ਮੌਜ ਮੇਲਾ ਤਾਂ ਜ਼ਰੂਰ ਕਰਦੇ ਹਨ, ਮਗਰ ਥਿੜਕਣ ਨਹੀਂ ਦੇਂਦੇ। ਅਵਤਾਰ ਸਿੰਘ ਤਾਰੇ ਗਿਣ ਰਿਹਾ ਸੀ ਕਿ ਅਚਾਨਕ ਸਿਦਕ ਦੀ ਕਿਰਨ ਨੇ ਮਨ ਦੇ ਅਨ੍ਹੇਰੇ ਕੋਨੇ ਵਿਚ ਆ ਲਿਸ਼ਕਾਰਾ ਮਾਰਿਆ। ਅੰਦਰ ਨਵੀਂ ਰੌਂ ਰੁਮਕੀ ਤੇ ਉਸ ਨੇ ਸੰਬੋਧਨ ਕੀਤਾ, 'ਅਵਤਾਰ ਸਿੰਘ! ਤੂੰ ਇੰਨੀ ਗੱਲ ਤੋਂ ਢੇਰੀ ਢਾਹ ਬੈਠੋਂ। ਐਵੇਂ ਪਾਠ ਕਰ ਕਰ ਪਤਰੇ ਘਸਾ ਦਿੱਤੇ ਨੀਂ? ਕੀਹਦੇ ਤੇ ਰੋਸਾ ਕਰਨ ਲੱਗਾ ਏਂ? ਜਿਹੜਾ ਸਾਰੇ ਸੰਸਾਰ ਦਾ ਆਧਾਰ ਏ। ਜਿਹੜਾ ਸਗਲੀ ਦੇ ਕਾਰਜ ਸਵਾਰਦਾ ਹੈ। ਕਿਹੜਾ ਖ਼ਾਲੀ ਭਾਂਡਿਆਂ ਨੂੰ ਅੱਖ ਦੇ ਪਲਕਾਰੇ ਵਿਚ ਭਰ ਸਕਦਾ ਏ। ਉਹਦੀਆਂ ਰਮਜ਼ਾਂ ਨਿਰਾਲੀਆਂ ਹਨ। ਗੁਰੂ ਰਾਮਦਾਸ ਜੀ ਨੇ ਸਾਫ ਕਿਹਾ ਹੈ:-

**ਨਾਨਕ ਜਿਸ ਬਿਨ ਘੜੀ ਨਾ ਜੀਵਣਾ ਵਿਸਰੇ ਸਰੇ ਨਾ ਬਿੰਦ।**
**ਤਿਸ ਸਿਉਂ ਕਿਉਂ ਮਨ ਰੂਸੀਐ ਜਿਸੈ ਹਮਾਰੀ ਚਿੰਦ।**

ਫਿਰ ਇਸ ਕੋਲ ਕੋਈ ਘਾਟਾ ਏ। ਇਸ ਨੇ ਕੋਈ ਹਲ ਜੋੜਨੇ ਨੇ, ਇਸ ਨੇ ਕੋਈ ਵਪਾਰ ਕਰਨਾ ਏ? ਇਸਨੇ ਕੋਈ ਤਕੜੀ ਤੋੜਨੀ ਏ। ਇਹਦੀ ਮਿਹਰ ਨਜ਼ਰ ਰੇਤ ਕਣਾਂ ਨੂੰ ਲਾਲਾਂ ਵਿਚ ਬਦਲ ਸਕਦੀ ਏ। ਇਸਦੇ ਗ੍ਰਹਿ ਅੱਗੇ ਚਿੰਤਾਮਣੀ ਦੇ ਅੰਬਾਰ, ਪਾਰਸਾਂ ਦੇ ਪਰਬਤ, ਕਾਮਧੇਨ ਦੇ ਵਗ, ਅਤੇ ਉਸਦੇ ਬਾਗ਼ ਵਿਚ ਕਲਪ ਬ੍ਰਿਛਾਂ ਦਾ ਅੰਤ ਨਹੀਂ ਯਾਕੂਤ, ਜਮੁਰਦ ਦੇ ਢੇਰਾਂ ਦੇ ਢੇਰ ਹਨ। ਮਨਾ ਮੂਰਖਾ! ਵੇਖ ਕਿਤੇ ਔਝੜੀਂ ਨ ਜਾ ਫੱਸੀ।

ਅਵਤਾਰ ਸਿੰਘ ਇਨ੍ਹਾਂ ਖ਼ਿਆਲਾਂ ਵਿਚ ਬਰਾਜ ਗਿਆ। ਅੰਮ੍ਰਿਤ ਵੇਲੇ ਉੱਠਿਆ। ਇਸ਼ਨਾਨ ਕੀਤਾ, ਆਸਣ ਵਛਾਇਆ। ਜਲ ਦਾ ਗੜਵਾ ਕੋਲ ਰਖਿਆ, ਧੂਪ ਧੁਖਾਈ ਤੇ ਮਾਲਾ ਫੇਰੀ। ਉਪਰੰਤ ਸਤਿਗੁਰੂ ਜਗਜੀਤ ਸਿੰਘ

Sri Satguru Jagjit Singh Ji eLibrary NamdhariElibrary@gmail.com

ਦਾ ਧਿਆਨ ਧਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸਾ ਕੀਤਾ। ਜਲ ਪ੍ਰਸ਼ਾਦ ਛੱਕਿਆ ਤੇ ਘਰੋਂ ਬਾਹਰ ਨਿਕਲਣ ਈ ਲੱਗਾ ਸੀ ਕਿ ਇੱਕ ਦਲਾਲ ਨੇ ਆ ਬੂਹਾ ਖੜਕਾਇਆ ਇਹ ਘਟਨਾ 1964 ਦੀ ਏ।'

'ਰਾਮ ਰਾਮ ਸਰਦਾਰ ਜੀ।'

'ਆਓ ਭਾਈ ਸਾਹਿਬ, ਰਾਮ ਰਾਮ।'

'ਪ੍ਰੈਸ ਲੈਣਾ ਏ?'

'ਹਾਂ! ਦਾਮ?'

'ਕੋਈ ਦਾਮ ਨਹੀਂ। ਕੌੜੀਉਂ ਕੇ ਭਾਉ।'

'ਫਿਰ ਭੀ?'

'ਕੇਵਲ ਦਸ ਹਜ਼ਾਰ।'

'ਓਹੋ! ਯਿਹ ਤੋ ਬਹੁਤ ਜ਼ਿਆਦਾ ਹੈ। ਮੈਂ ਤੋ ਦੋ ਹਜ਼ਾਰ ਕਾ ਗਾਹਕ ਹੂੰ।'

'ਨਹੀਂ ਨਹੀ ਯਿਹ ਭੀ ਕੋਈ ਮੋਲ ਹੈ। ਨਯਾ ਪ੍ਰੈਸ। ਚਾਲੂ ਪੰਦਰ੍ਹਾਂ ਹਜ਼ਾਰ ਕਾ ਹੈ।'

'ਮੈਂ ਤੋ ਦੋ ਹਜ਼ਾਰ ਕਾ ਗਾਹਕ ਹੂੰ।'

ਦਲਾਲ ਆਪਣਾ ਜ਼ੋਰ ਲਾ ਮੁੜਿਆ, ਪਰ ਸਤਿਗੁਰੂ ਨੇ ਇਹ ਪ੍ਰੈਸ ਅਵਤਾਰ ਸਿਘ ਨੂੰ ਦਵਾਉਣਾ ਸੀ। ਮਾਲਕ ਨੂੰ ਪੈਸਿਆਂ ਦੀ ਲੋੜ ਸੀ, ਦਲਾਲ ਨੂੰ ਕੋਈ ਹੋਰ ਗਾਹਕ ਨਾ ਲੱਭਾ ਤੇ ਉਹ ਮੁੜ ਅਵਤਾਰ ਸਿੰਘ ਕੋਲ ਆਇਆ ਤੇ ਆਖਿਆ, ਸਰਦਾਰ ਮੁਫ਼ਤ ਕਾ ਮਾਲ ਈ ਲਿਆ ਨੌ ਹਜ਼ਾਰ।

'ਨਹੀਂ ਭਾਈ! ਹਮ ਜੋ ਬਾਤ ਕਹਿਤੇ ਹੈਂ, ਏਕ ਬਾਰ ਕਹਿਤੇ ਹੈਂ, ਚਲੋ ਤੁਮ ਦੁਬਾਰਾ ਆਏ ਹੋ। ਤੁਮ੍ਹਾਰਾ ਆਨੇ ਕਾ ਪਾਂਚ ਸੌ ਔਰ ਬਸ। ਏਕ, ਦੋ, ਤੀਨ।' ਢਾਈ ਹਜ਼ਾਰ ਦਾ ਸੌਦਾ ਹੋ ਗਿਆ।

ਹੁਣ ਪ੍ਰੈਸ ਵਾਸਤੇ ਜਗ੍ਹਾ ਦੀ ਲੋੜ ਸੀ। ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ ਤੇ ਬਾਜ਼ਾਰ ਗਿਆ। ਪੁੱਛਦਾ ਪੁਛਾਂਦਾ ਪਹਾੜ ਗੰਜ, ਮੁਹੱਲਾ ਨਬੀ ਕਰੀਮ ਜਾ ਪੁੱਜਾ। 30/- ਰੁਪਏ ਮਹੀਨਾ ਕਰਾਇਆ ਤੇ 300/- ਰੁਪਏ ਪਗੜੀ ਤੇ ਜਗ੍ਹਾ ਮਿਲ ਗਈ। ਅਰਦਾਸ ਕਰ ਕੰਮ ਅਰੰਭਿਆ, ਦਿਨ ਫਿਰਨੇ ਸ਼ੁਰੂ ਹੋ ਗਏ। ਲੱਗੀ ਲਛਮੀ ਦੀ ਵਰਸ਼ਾ ਹੋਣ।

ਓਧਰ ਸੱਚੇ ਪਾਤਸ਼ਾਹ ਜੀ ਨੇ ਪਟਨੇ ਨੂੰ ਭਾਗ ਲਾਏ ਤਾਂ ਮਾਈ ਮਾਇਆ ਨੂੰ ਕਿਹਾ, 'ਮਾਇਆ! ਤੂੰ ਦਿੱਲੀ ਜਾ ਤੇਰੇ ਭਣੇਵਾ ਯਾਦ ਕਰਦਾ ਏ। ਤੇਰੀਆਂ ਔਸੀਆਂ ਪਾ ਰਿਹਾ ਏ। ਮਾਤਾ ਹੱਸ ਪਈ ਤੇ ਅਰਜ਼ ਕੀਤੀ, 'ਸੱਚੇ ਪਾਤਸ਼ਾਹਾ! ਮੇਰੀ ਦਿੱਲੀ ਜਾਣ ਦੀ ਕੀ ਲੋੜ ਏ? ਤੇਰੀ ਹਰ ਥਾਂ ਮਾਇਆ ਦਾ ਪਸਾਰਾ ਏ। ਚਵੀਂ ਕੂਟੀਂ ਤੇਰੀ ਮਾਇਆ ਪਸਾਰਾ ਪਸਰਿਆ ਹੋਇਆ ਏ।'

ਅਵਤਾਰ ਸਿੰਘ ਨੇ ਦਸ ਹਜ਼ਾਰ ਦੀ ਅਰਜ਼ ਕੀਤੀ ਸੀ, ਹੁਣ ਢਾਈ ਹਜ਼ਾਰ ਦਾ ਪ੍ਰੈਸ ਵਾਧੇ ਪੈ ਰਿਹਾ ਏ, ਘਰ ਦਾ ਖ਼ਰਚਾ ਵੀ ਟੁਰਦਾ ਏ ਤੇ ਨਵਾਂ ਸਾਮਾਨ ਵੀ ਨਾਲੋ ਨਾਲ ਆਈ ਜਾਂਦਾ ਏ। ਸਤਿਗੁਰਾਂ ਦੀ ਕਿਰਪਾ ਨਾਲ ਦਿੱਲੀ ਵਿਚ

Sri Satguru Jagjit Singh Ji eLibrary NamdhariElibrary@gmail.com

ਕੋਈ ਸਮਾਗਮ ਹੋਵੇ ਇਹ ਮੂਹਰੇ ਮੂਹਰੇ। ਉਗਰਾਹੀਏ ਪੰਜ ਸੌ ਮੰਗਣ ਤੇ ਪੰਜ ਸੌ, ਜੇ ਹਜ਼ਾਰ ਮੰਗਣ ਤਾਂ ਹਜ਼ਾਰ, ਉਸਨੂੰ ਸਮਝ ਆ ਗਈ ਏ ਕਿ ਇਹ ਮਾਇਆ ਮੇਰੇ ਸਤਿਗੁਰ ਦੀ ਏ। ਇਹ ਮੇਰੀ ਨਹੀਂ, ਇਹ ਮੇਰੀ ਕਮਾਈ ਨਹੀਂ। ਇਸ ਵਿਚ ਮੇਰੀ ਸਿਆਣਪ ਨਹੀਂ ਇਸਦੇ ਮਾਲਕ ਓਹੀ ਹਨ, ਜਿਹੜੇ ਹਾਥੀ ਤੋਂ ਲੈ ਕੇ ਕੀੜੀ ਨੂੰ ਪਾਲ ਰਹੇ ਹਨ। ਜਿਨ੍ਹਾਂ ਦੇ ਖਜ਼ਾਨੇ ਸਦਾ ਭਰਪੂਰ ਹਨ। ਜਿਸਦੀ ਪਹੁੰਚ ਇਸ ਦਾਤੇ ਤਕ ਹੋ ਜਾਂਦੀ ਏ ਉਸਨੂੰ ਸੰਸਾਰ ਦੇ ਸ਼ਾਹੂਕਾਰ ਭੁੱਲ ਜਾਂਦੇ ਹਨ, ਕਿਉਂਕਿ ਉਹ ਤੋਤਾ ਚਸ਼ਮ ਹੁੰਦੇ ਹਨ। ਉਹਨਾਂ ਦਾ ਹਰ ਥਾਂ ਸਵਾਰਥ ਕੰਮ ਕਰਦਾ ਹੈ। ਉਹ ਸਦਾ ਆਪਣੇ ਮਤਲਬ ਨੂੰ ਮੁੱਖ ਰੱਖਦੇ ਹਨ, ਮਗਰ ਇਹ ਦਾਤਾ ਉਹ ਹੈ ਜੇਹੜਾ

**ਦੇਂਦੇ ਦੇਹ ਲੈਂਦੇ ਥਕਿ ਪਾਹਿ।**
**ਜੁਗਹ ਜੁਗੰਤਰਿ ਖਾਹੀ ਖਾਹਿ।**

ਭਾਈ ਗੁਰਦਾਸ ਨੇ ਵੀ ਅਜੇਹੇ ਦਾਤੇ ਬਾਰੇ ਇਉਂ ਕਿਹਾ ਹੈ:-

**ਦਾਤਾ ਉਹ ਨ ਮੰਗੀਐ ਫਿਰ ਮੰਗਣਿ ਜਾਈਐ।**
**ਹੋਛਾ ਸ਼ਾਹ ਨਾ ਕੀਚਈ ਫਿਰ ਪਛੋਤਾਈਐ।**
**ਸਾਹਿਬ ਉਹ ਨ ਸੇਵੀਐ ਜਮ ਡੰਡ ਸਹਾਈਐ।**
**ਹਉਮੈ ਰੋਗੁ ਨ ਕੁਟਈ ਉਹ ਵੈਦ ਨਾ ਲਾਈਐ।**
**ਦੁਰਮਤਿ ਮੈਲ ਨ ਉਤਰੇ ਕਿਉਂ ਤੀਰਥ ਨਾਈਐ।**
**ਪੀਰ ਮੁਰੀਦਾਂ ਪਿਰਹੜੀ ਸੁਖ ਸਹਿਜ ਸਮਾਈਐ।੧੫।੨੭**

ਪਰ ਅਵਤਾਰ ਸਿੰਘ ਨੇ ਅਜੇਹੇ ਸ਼ਾਹ ਨੂੰ ਵੇਖ ਟੀਚਾ ਬਦਲ ਲਿਆ ਏ। ਪਹਿਲਾਂ ਉਸਦਾ ਨਿਸ਼ਾਨਾ ਦਸ ਹਜ਼ਾਰ ਸੀ, ਜਦ ਨੌ ਹਜ਼ਾਰ ਨੌਂ ਸੌ ਨੜਿੱਨਵੇਂ ਹੋਣ ਤਾਂ ਉਹ ਨਵਾਂ ਮਾਲ ਖ਼ਰੀਦ ਲੈਂਦਾ ਹੈ। ਦਸ ਨਹੀਂ ਹੋਣ ਦੇਂਦਾ, ਪਰ ਹੁਣ ਉਸ ਨੇ ਇੱਕ ਲੱਖ ਸਿੱਖ ਲਿਆ ਹੈ। ਭਲਾ ਕਿਉਂ?

**ਜੋ ਮਾਗੈ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ।**
**ਨਾਨਕ ਦਾਸ ਮੁਖ ਤੇ ਜੋ ਬੋਲੈ ਈਹਾਂ ਉਹਾਂ ਸਚ ਹੋਵੈ।**

**ਅਵਤਾਰ ਸਿੰਘ**
ਦਿੱਲੀ

Sri Satguru Jagjit Singh Ji eLibrary NamdhariElibrary@gmail.com

## ਬਾਗੀ

ਜਾ! ਕਿਤੇ ਦੂਰ ਚਲਾ ਜਾ! ਮੈਂ ਹੋਰ ਕੁਝ ਨਹੀਂ ਸੁਣਨਾ ਚਾਹੁੰਦਾ। 'ਨਹੀਂ! ਤੁਸੀਂ ਝੂਠੀਆਂ ਸੁਣ ਸੁਣ ਲੈਂਦੇ ਹੋ ਤੇ ਸਿੱਖ ਤੇ ਨਰਾਜ਼ ਹੁੰਦੇ ਹੋ' ਤੂੰ ਮੈਨੂੰ ਜਾਣਦਾ ਏਂ? ਜੋ ਕਰਦਾ ਹਾਂ, ਮੈਂ ਕਰਦਾ ਹਾਂ। ਜੋ ਕਰਾਉਂਦਾ ਹਾਂ, ਮੈਂ ਕਰਾਉਂਦਾ ਹਾਂ। ਇਸ ਵਿਚ ਦੂਜੇ ਕਿਸੇ ਦਾ ਹੱਥ ਨਹੀਂ।' 'ਇਹ ਸੁਣ ਮੈਂ ਸਤਿਗੁਰਾਂ ਨੂੰ ਅੰਗੂਰਾਂ ਵਾਲੀ ਸੜਕ ਤੇ ਛੱਡ ਭਰਿਆ ਪੀਤਾ ਘਰ ਆ ਗਿਆ ਤੇ ਮਨ ਅੰਦਰ ਘੋਲ ਕਰਾਂ ਕਿ ਜੇ ਇਨਸਾਫ਼ ਇਸ ਘਰ ਵੀ ਨਹੀਂ ਤਾਂ ਬਾਹਰਲੀ ਦੁਨੀਆਂ ਦਾ ਕੀ ਹਾਲ। ਇਹ ਗੱਲ ਸੰਨ 1973 ਦੀ ਏ। ਪਰ ਮੈਨੂੰ ਹੁਣ ਸਮਝ ਆ ਗਈ ਏ ਕਿ ਮੈਂ ਠੀਕ ਦੋਸ਼ੀ ਸਾਂ। ਇਸ ਵਿਚ ਨੰਬਰਦਾਰ ਅਮਰ ਸਿੰਘ ਨੇ ਜੋ ਕੁਝ ਕੀਤਾ ਉਹ ਮੇਰੇ ਭਲੇ ਵਾਸਤੇ ਕੀਤਾ ਸੀ। ਮੈਂ ਅੰਮ੍ਰਿਤ ਨੂੰ ਜ਼ਹਿਰ ਸਮਝਦਾ ਰਿਹਾ। ਜੇ ਇਹ ਕਾਰਨਾਮਾ ਨ ਵਰਤਦਾ ਤਾਂ ਹੋ ਸਕਦਾ ਸੀ, ਕਿ ਮੈਂ ਬੇ ਸਿਦਕੀ ਦੇ ਟੋਏ ਵਿਚ ਰਿੜ੍ਹਦਾ ਰਿੜ੍ਹਦਾ ਕਿੱਥੇ ਜਾ ਟਿਕਦਾ ਅਤੇ ਆਪਣਾ ਜਨਮ ਅਸਫਲ ਹੀ ਗਵਾ ਲੈਂਦਾ। ਮੈਂ ਦੋ ਮਹੀਨੇ ਜੀਵਨ ਨਗਰ ਰਿਹਾ ਤਾਂ ਸਹੀ ਪਰ ਮੋਇਆ ਦੇ ਤਾਣ। ਸਤਿਗੁਰਾਂ ਦੇ ਮੱਥੇ ਨਾ ਲੱਗਾ। ਜੇ ਉਹ ਸਾਹਮਣੇ ਆਏ ਵੀ ਤਾਂ ਵਲਾ ਕੇ ਨਿਕਲ ਗਿਆ। ਸੋਚਿਆ ਇਸ ਹਾਲਤ ਵਿਚ ਇੱਥੇ ਰਹਿਣਾ ਠੀਕ ਨਹੀਂ। ਮੈਂ ਅਮਰੋਹੇ ਸ੍ਰ: ਇੰਦਰ ਸਿਘ ਚੀਫ ਸਾਹਿਬ ਕੋਲ ਚਲਾ ਗਿਆ ਤੇ ਯੂ.ਪੀ. ਸਟੇਟ ਸ਼ੂਗਰ ਕਾਰਪੋਰੇਸ਼ਨ ਵਿਚ ਨੌਕਰੀ ਮਿਲ ਗਈ। ਉੱਥੇ ਨਰਿੰਦਰ ਸਿੰਘ, ਗੁਰਦੇਵ ਸਿੰਘ ਤੇ ਗੁਰਨਾਮ ਸਿੰਘ ਮੇਰੇ ਪੱਗ ਵਟਾਊ ਯਾਰ ਬਣ ਗਏ।

ਉੱਥੇ ਜਾ ਕੇ ਮੇਰੇ ਅੰਦਰ ਭਾਰੀ ਤਬਦੀਲੀ ਆ ਗਈ। ਵਿਗੜਿਆ ਹੋਇਆ ਤਾਂ ਪਹਿਲੇ ਹੀ ਸਾਂ ਪਰ ਮਨ ਦੇ ਘੋੜੇ ਨੇ ਸਰਪਟ ਦੌੜਨਾ ਸ਼ੁਰੂ ਕਰ ਦਿੱਤਾ। ਮਨਮਰਜ਼ੀ ਦਾ ਖਾਣਾ, ਮਨਮਰਜ਼ੀ ਦਾ ਪਾਣਾ ਤੇ ਮਨਮਰਜ਼ੀ ਦੀ ਲਾਣਾ। ਪਿਤਾ ਜੀ ਕੋਲ ਨਹੀਂ ਸਨ। ਸਿਰ ਤੇ ਨਹੀਂ ਤੇ ਕੁੰਡਾ ਤੇ ਹਾਥੀ ਫਿਰੇ ਲੰਡਾ।

**ਜਦੋਂ ਜਵਾਨੀ ਮੁਸੀ ਮੁਸੀ ਛਡਿਆ ਰਬ ਵਸਾਰ।**

ਰੱਬ ਦਾ ਵਿਸਾਰਨਾ ਕੀ ਸੀ, ਰੱਬ ਨੂੰ ਕੁਝ ਸਮਝਦਾ ਵੀ ਨਹੀਂ ਸਾਂ, ਪਰ ਇਹ ਕੋਈ ਨਵੀਂ ਗੱਲ ਨਹੀਂ। ਇਹ ਉਹ ਸਮਾਂ ਹੁੰਦਾ ਏ ਕਿ ਨੌਜਵਾਨ ਨੂੰ ਦਿਨੇ ਤਾਰੇ ਨਜ਼ਰੀਂ ਆਉਂਦੇ ਹਨ। ਉਸ ਵੇਲੇ ਹਮ ਚੂੰ ਮਾ ਦੀ ਗਰੇ ਨੇਸਤ। ਅੰਦਰੋਂ ਇਹ ਬੋ ਆਉਂਦੀ ਏ ਕਿ ਮੇਰੇ ਵਰਗਾ ਸਿਆਣਾ ਮੇਰੇ ਵਰਗਾ ਹੋਣਹਾਰ, ਮੇਰੇ ਵਾਰਗਾ ਚੱਤਰ, ਕੋਈ ਨਹੀਂ ਬਸ ਮੈਂ ਹੀ ਹਾਂ ਬਾਕੀ ਸਭ ਹੇਚ। ਸਭ

Sri Satguru Jagjit Singh Ji eLibrary NamdhariElibrary@gmail.com

ਕੀੜੇ ਮਕੌੜੇ। ਮੇਰਾ ਚਾਲਾ ਵੀ ਕੁਝ ਅਜੇਹਾ ਸੀ। ਹਰ ਹਾਲ ਹਿੱਕ ਨਾਲ ਕੰਧ ਢਾਹੁਣ ਦੀ ਗੱਲ ਕਰਦਾ। ਕਾਮਦੇਵ ਨੇ ਖੌਰੂ ਪਾਣੇ ਸ਼ੁਰੂ ਕਰ ਦਿੱਤੇ। ਉਸਨੇ ਸਿੰਗੋਂ ਮਿੱਟੀ ਚੁੱਕ ਲਈ। ਪਰ ਇਹ ਸਭ ਕੁਦਰਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੀ ਮਨੁੱਖ ਜੀਵਨ ਦੀ ਝਾਕੀ ਦਾ ਨਕਸ਼ਾ ਖਿੱਚ ਵਿਖਾਇਆ ਹੈ:-

ਮਹਲਾ ੧

**ਪਹਿਲੇ ਪਿਆਰਿ ਲਗਾ ਥਣ ਦੁਧਿ।**
**ਦੂਜੈ ਮਾਇ ਬਾਪ ਕੀ ਸੁਧਿ।**
**ਤੀਜੇ ਭਯਾ ਭਾਭੀ ਬੇਬ।**
**ਚੌਥੇ ਪਿਆਰਿ ਉਪੰਨੀ ਖੇਡ।**
**ਪੰਜਵੈ ਖਾਣ ਪੀਣ ਕੀ ਧਾਤੁ।**
**ਛਿਵੈ ਕਾਮੁ ਨ ਪੁੱਛੈ ਜਾਤਿ।** (ਪੰਨਾ ੧੩੭)

ਜਦ ਮਨੁੱਖ ਤੇ ਛੇਵੀਂ ਅਵਸਥਾ ਆਉਂਦੀ ਹੈ, ਤਾਂ ਅੰਨਾ ਹੋ ਜਾਂਦਾ ਹੈ।

ਨੇਕੋ ਬਦ ਸੂਝੈ ਨਹੀਂ, ਜਬ ਦਿਲ ਕਹੀ ਲਗ ਜਾਏ ਏ। ਮੇਰਾ ਦਿਲ ਲਗਣ ਕੀ ਸੀ ਭੈਂਸੇ ਵਾਂਗੂੰ ਲੱਗਾ ਬੂਥੀ ਚੁੱਕ ਚੁੱਕ ਝਾਕਲ। ਪਰ ਇਸ ਦੀ ਕਰਨੀ ਦੇ ਬਰੂਟੇ ਦੇ ਫਲ ਦੀ ਤਸਵੀਰ ਅਰਜਨ ਦੇਵ ਜੀ ਨੇ ਇਉਂ ਉਲੀਕੀ ਹੈ:-

**ਹੇ ਕਾਮੰ ਨਰਕ ਬਿਸ੍ਰਾਮ ਬਹੁ ਜੋਨੀ ਭ੍ਰਮਾਵਣਹ।**
**ਚਿਤ ਹਰਵੇ ਤਰੈ ਲੋਕ ਗੰਮੰ ਜਪ ਤਪ ਸੀਲ ਬਿਦਾਰਣਹ।**
**ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ।**
**ਤਵ ਭੈਬਿ ਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ।**

(੪੬-੧੩੫੮)

ਮਹਾਤਮਾ ਗਾਂਧੀ ਨੇ ਵੀ ਵਾਸਨਾਵਾਂ ਤੇ ਕਾਬੂ ਪਾਉਣ ਲਈ ਕਿਹਾ ਹੈ:-
Not to have control over senses is like sailing in a rudderless ship, bound to break in to pieces on coming in contact with very first rock.

ਸੌ ਸਿਆਣੇ ਇੱਕੋ ਮਤ, ਪਰ ਮੱਤ ਕਿਸੇ ਕਿਸੇ ਨੂੰ, ਬਾਕੀ ਤਿਖੇ ਵੇਗ।

ਇੱਥੇ ਨਰਕ ਕੀ ਤੇ ਸੁਰਗ ਕੀ? ਇਸ ਦੇ ਸਮਝਣ ਦੀ ਲੋੜ ਨਹੀਂ ਭਾਸਦੀ। ਮੈਂ ਸਿੱਧੀ ਪੱਗ ਵਗਾਹ ਮਾਰੀ। ਕਲੀਆਂ ਵਾਲਾ ਕੁੜਤਾ ਪਰ੍ਹੇ ਰੱਖ ਦਿੱਤਾ। ਪੈਂਟ ਕੋਟ, ਨੋਕਦਾਰ ਠੋਕਵੀਂ ਪੱਗ। ਉੱਚੀ ਅੱਡੀ ਵਾਲੇ ਬੂਟ। ਰੁਮਾਲ ਨਾਲ ਸੈਂਟ। ਸਤਿਗੁਰੂ ਵੱਲੋਂ ਸੁੱਖ ਫੇਰ ਲਿਆ। ਪੱਗ ਦੇ ਬਦਲਣ ਨਾਲ ਮਨ ਦੇ ਪੇਚ ਪੁੱਠੇ ਹੋ ਗਏ ਤੇ ਉਸ ਡੰਡੀਏ ਪੈ ਗਿਆ, ਜਿਹੜੀ ਅੰਨੇ ਖੂਹ ਵਿਚ ਸੁੱਟ ਦੇਂਦੀ ਏ; ਜਿੱਥੇ ਜਨਮ ਭਰਿਸ਼ਟ ਦਾ ਏ ਤੇ ਲਾਨ੍ਹਤਾਂ ਦੀ ਵਾਛੜ ਪੈਂਦੀ ਏ, ਜਿੱਥੋਂ ਕੋੜ ਪੈਦਾ ਹੁੰਦਾ ਏ। ਮਨ ਵਿਚ ਆਇਆ, ਮਨਾ ਚਲ ਖਾਂ ਗਨਕਾ ਪੁਰੀ ਦੇ ਸੈਲ ਸਪਾਟੇ ਕਰੀਏ। ਇਹ ਖ਼ਿਆਲ ਅੰਦਰ ਆਉਣ ਦੀ ਦੇਰ ਸੀ

Sri Satguru Jagjit Singh Ji eLibrary NamdhariElibrary@gmail.com

ਕਿ ਬਾਕੀ ਇੰਦਰਿਆਂ ਵੀ ਹਾਂ ਨਾਲ ਹਾਂ ਮਿਲਾ ਦਿੱਤੀ। ਕਪੜੇ ਬਦਲੇ ਤੇ ਅਜਾਮਲ ਦੇ ਬਾਜ਼ਾਰ ਜਾ ਵੜਿਆ। ਅੱਜ-ਕੱਲ੍ਹ ਬਿਉਪਾਰ ਦਾ ਯੁੱਗ ਹੈ। ਹਰ ਕੰਮ ਦੇ ਦਲਾਲ ਹਨ। ਮੈਨੂੰ ਏਧਰ ਉਧਰ ਝਾਕਦਿਆਂ ਨੂੰ ਇੱਕ ਅਧਖੜ ਉਮਰ ਦਾ ਆਦਮੀ ਆ ਮਿਲਿਆ ਤੇ ਪੁੱਛਣ ਲੱਗਾ, 'ਸਰਦਾਰ ਸਹਿਬ! ਮਾਸ਼ੂਕ ਚਾਹੀਏ? ਮੈਂ ਹਾਂ ਵਿਚ ਸਿਰ ਹਿਲਾ ਦਿੱਤਾ। ਉਸਦੀਆਂ ਵੀ ਵਾਛਾਂ ਖਿਲ ਗਈਆਂ ਤੇ ਬੜੇ ਤਪਾਕ ਨਾਲ ਕਿਹਾ, 'ਬਹਿਸ਼ਤ ਕਾ ਫੂਲ, ਹੂਰੇਂ ਉਸਕੇ ਪਾਉਂ ਧੋ ਧੋ ਪੀਏਂ। ਖ਼ੈਰ ਪੈਸੇ ਚੁਕਦੇ ਹੋਏ ਤੇ ਅੱਧਾ ਘੰਟਾ ਖੇਹ ਛਾਣ ਡੇਰੇ ਮੁੜ ਆਇਆ।

ਕੁਝ ਦਿਨ ਲੰਘੇ ਤਾਂ ਮਨ ਨੇ ਇੱਕ ਨਵਾਂ ਰਾਹ ਚੁਣਿਆ ਤੇ ਇੱਥੇ ਨਹੀਂ ਹੁਣ ਮੁਰਾਦਾਬਾਦ ਚਲੀਏ ਤੇ ਚਲੀਏ ਵੀ ਕੂਕਿਆਂ ਵਾਲੇ ਕਪੜੇ ਪਾ ਕੇ। ਜਦ ਵਿਚਾਰ ਮਨ ਵਿਚ ਫੁਰਿਆ ਤਾਂ ਰਾਤੀ ਸਤਿਗੁਰੂ ਜਗਜੀਤ ਸਿੰਘ ਵਾਲੀਏ ਦੋ ਜਹਾਨ, ਜਿਨ੍ਹਾਂ ਨਾਲ ਰੁਸ ਕੇ ਸ੍ਰੀ ਜੀਵਨ ਨਗਰ ਛੱਡ ਆਇਆ ਸਾਂ, ਦੇ ਦਰਸ਼ਨ ਹੋਏ। ਮੈਂ ਸੜਕ ਤੇ ਜਾ ਰਿਹਾ ਸਾਂ, ਕਿ ਸਤਿਗੁਰੂ ਦੀ ਮਰਸਰੀ ਕਾਰ ਆਈ ਤੇ ਮੇਰੇ ਲਾਗੇ ਆ ਕੇ ਰੁੱਕ ਗਈ। ਲਾਗੇ ਈ ਪੈਟਰੋਲ ਪੰਪ ਸੀ। ਗੁਰਮੁਖ ਸਿੰਘ ਤਾਂ ਤੇਲ ਪਵਾਣ ਲੱਗ ਪਿਆ ਪਰ ਸੱਚੇ ਪਾਤਸ਼ਾਹ ਗੱਡੀ ਵਿੱਚੋਂ ਉਤਰੇ ਤੇ ਮੇਰੇ ਵਲ ਆਏ ਪਰ ਮੈਂ ਮਨ ਮੁਖ ਨੇ ਮੂੰਹ ਮੋੜ ਲਿਆ। ਪਰ ਵਾਹ ਸਤਿਗੁਰ! ਤੇਰੀ ਦਇਆਲਤਾ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ! ਤੂੰ ਸਿੱਖ ਦੀ ਹਰ ਸਮੇਂ ਰਖਿਆ ਕਰਦਾ ਏਂ; ਤੂੰ ਉਸ ਨੂੰ ਔਝੜੀਂ ਪਏ ਨੂੰ ਸਿੱਧੇ ਰਾਹ ਲਿਆਉਂਦਾ ਏਂ, ਤੂੰ ਉਸਨੂੰ ਕੰਡਿਆਂ ਵਿਚੋਂ ਕੱਢਣ ਦਾ ਹਰ ਉਪਰਾਲਾ ਮਾਰਦਾ ਏਂ। ਪਰ ਖੋਟੇ ਕਰਮ ਪ੍ਰਕਾਸ਼ ਵਾਲੇ ਮੁਖ ਨੂੰ ਕਾਲੇ ਤਵੇ ਨਾਲ ਢੱਕ ਦੇਂਦੇ ਹਨ। ਸਤਿਗੁਰੂ ਜੀ ਛਪਾ ਛਪ ਆਏ ਤੇ ਮੈਨੂੰ ਮੋਢਿਓਂ ਤੋਂ ਫੜ ਝੰਜੋੜਿਆ ਤੇ ਪੁੱਛਿਆ, 'ਬੱਚੂ ਕੀ ਹਾਲ, ਤੂੰ ਇੱਥੇ ਕਦ ਦਾ?' 'ਕੋਈ ਦੋ-ਢਾਈ ਮਹੀਨਿਆਂ ਦਾ।' 'ਸ਼ਰਮ ਲਾਜ ਦਿੱਤੀ ਆ ਕਿ ਹਈ?' ਮੈਂ ਸ਼ਰਮਿੰਦਿਆਂ ਦੇ ਵਾਂਗ ਕਿਹਾ, ਹਾਂ ਤਾਂ ਤੁਹਾਡਾ ਜਦ ਚਾਹੋ ਠੀਕ ਕਰ ਲਵੋ। 'ਵੇਖ ਲੈ?' ਇਹ ਕਹਿ ਉਹ ਪਿਛਾਂ ਮੁੜੇ ਤੇ ਮੇਰੀ ਅੱਖ ਖੁਲ੍ਹ ਗਈ। ਸਵੇਰੇ ਕੁਝ ਚਿਰ ਸੋਚਿਆ, ਪਰ ਮੁੜ ਪਾਣੀ ਤੇ ਲੀਕ ਵਾਲਾ ਹਿਸਾਬ ਕਿਤਾਬ। ਫਿਰ ਉਹੋ ਰੱਸੇ ਉਹੋ ਪੈੜੇ।

ਕੁਝ ਦਿਨਾਂ ਉਪਰੰਤ ਛੁੱਟੀ ਵਾਲੇ ਦਿਨ ਚੂੜੀਦਾਰ ਪਜਾਮਾ ਕਸਿਆ ਕਲੀਆਂ ਵਾਲਾ ਕੁੜਤਾ, ਸਿਰ ਤੇ ਸਿੱਧੀ ਪੱਗ ਉਹ ਵੀ ਸ਼ੀਸ਼ਾ ਵੇਖ ਕੇ, ਗਲੇ ਐਚਕਨ, ਅੱਖਾਂ ਵਿਚ ਸੁਰਮਾ, ਥੋੜ੍ਹਾ ਜਿਹਾ ਸੈਂਟ ਲਾ ਘਰੋਂ ਨਿਕਲਿਆ ਤੇ ਮੁਰਾਦਾਬਾਦ ਚਲਾ ਗਿਆ। ਰਿਕਸ਼ਾ ਕੀਤਾ ਤੇ ਵੈਸ਼ ਪੁਰੀ ਦੇ ਬਾਜ਼ਾਰ ਉਤਰਿਆ। ਥਾਣਾ ਵੀ ਲਾਗੇ ਸੀ। ਉੱਥੇ ਜਾ ਕੇ ਸੱਜੇ ਖੱਬੇ ਝਾਕਣ ਲੱਗਾ। ਪਰ ਵਾਹ ਸਤਿਗੁਰੂ ਜਗਜੀਤ ਸਿੰਘ ਤੂੰ ਆਪਣੇ ਸਿੱਖ ਤੇ ਆਪਣੇ ਬਾਣੇ ਨੂੰ ਬਚਾਉਣ ਹਿਤ ਕੋਈ ਦਕੀਕੀ ਫਰੋਗ ਨਹੀਂ ਕਰਦਾ। ਕਿਉਂਕਿ ਕਈ ਵੇਰ ਬਾਣਾ ਵੀ ਬੁਰੀ ਨਜ਼ਰੋਂ

Sri Satguru Jagjit Singh Ji eLibrary NamdhariElibrary@gmail.com

ਤੇ ਬੁਰੇ ਕਰਮੋਂ ਬਚਾਈ ਰੱਖਦਾ ਏ। ਸਰਦਾਰਨੀ ਲੀਲਾ ਆਖਿਆ ਕਰਦੀ ਸੀ ਕਿ ਆਮ ਮੁਸ਼ਟੰਡੇ ਕੁੜੀਆਂ ਦੇ ਮੂੰਹ ਵੱਲ ਤੱਕਦੇ ਹਨ, ਪਰ ਮੈਂ ਸ਼ਿਮਲੇ ਮਾਲ ਰੋਡ ਤੇ ਚੂੜੀਦਾਰ ਸਲਵਾਰ ਪਾਈ ਕੁਝ ਬੀਬੀਆਂ ਨਾਲ ਜਾ ਰਹੀ ਸਾਂ, ਤਾਂ ਉਹ ਮੇਰੇ ਪੈਰਾਂ ਵੱਲ ਤਕਦੇ ਵਖਾਈ ਦਿੰਦੇ ਸਨ ਤੇ ਕਹਿੰਦੇ ਸੁਣੀਂਦੇ ਸਨ ਕਿ ਇਹ ਦੇਵੀ ਕਿਹੜੀ ਪੁਰੀ ਵਿਚੋਂ ਇੱਥੇ ਆ ਗਈ ਏ। ਰਾਵਣ ਦੀ ਤਾਂ ਸੀਤਾ ਦਾ ਸੱਤ ਭੰਗ ਕਰਨ ਲਈ ਰਾਮ ਦਾ ਰੂਪ ਧਾਰ ਲਿਆ ਸੀ, ਪਰ ਰਾਮ ਦਾ ਰੂਪ ਧਾਰਨ ਵਾਲਾ ਪਸ਼ੂ ਬਿਰਤੀ ਦੱਬੀ ਗਈ ਤੇ ਨਿਰਮਲ ਬੁੱਧੀ ਦਾ ਪ੍ਰਕਾਸ਼ ਹੋ ਗਿਆ। ਹੁਣ ਇੱਥੋਂ ਨਰਕੀ ਭੱਠੀ ਵਿਚ ਪੈਣ ਤੋਂ ਬਚਾਉਣ ਹਿਤ ਸਤਿਗੁਰੂ ਜਗਜੀਤ ਸਿੰਘ ਨਵੀਂ ਲੀਲਾ ਰਚਾ ਦਿੱਤੀ।

ਜਦ ਮੈਂ ਬਾਜ਼ਾਰ ਵਿਚ ਖੜਾ ਸਾਂ ਤਾਂ ਇੱਕ ਨੌਜਵਾਨ ਮੇਰੇ ਕੋਲ ਆ ਗਿਆ। ਉਹ ਨਾਮਧਾਰੀ ਵੀ ਨਹੀਂ ਜਾਪਦਾ ਸੀ। ਉਸ ਮੇਰੇ ਵਲ ਦੇਖਿਆ। ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਿਆ:-

'ਤੂੰ ਮੈਨੂੰ ਜਾਣਦਾ ਏਂ?'

'ਨਹੀਂ।'

'ਪਰ ਮੈਂ ਤੈਨੂੰ ਜਾਣਦਾ ਹਾਂ।'

'ਤੂੰ ਚੁਬਾਰੇ ਚੜਨਾ ਚਾਹੁੰਣਾ ਏਂ?'

'ਹਾਂ।'

'ਤੈਨੂੰ ਸ਼ਰਮ ਨਹੀਂ ਆਉਂਦੀ। ਤੂੰ ਆਪਣੇ ਵੱਲ ਵੇਖ ਤੂੰ ਕਿਸਦਾ ਏਂ। ਤੇਰਾ ਬਾਣਾ ਕੀ ਦਸਦਾ ਏ?'

'ਪਰ ਮੈਂ ਤੈਨੂੰ ਜਾਣਦਾ ਹਾਂ, ....ਤੈਨੂੰ ਸ਼ਰਮ ਨਹੀਂ ਆਉਂਦੀ' ਸੁਣਦਿਆਂ ਪੈਰਾਂ ਹੇਠੋਂ ਜ਼ਮੀਨ ਖਿਸਕਣੀ ਸ਼ੁਰੂ ਹੋ ਗਈ। ਮੇਰੇ ਮਨ ਤੇ ਇਉਂ ਸੱਟ ਵੱਜੀ ਜਿਵੇਂ ਬਿਜਲੀ ਦਾ ਸ਼ਾਟ। ਮੈਂ ਪਾਣੀਓਂ ਪਾਣੀ ਹੋ ਗਿਆ। ਤੇ ਭਰਿਆ ਭੀਤਾ ਮੁੜ ਆਇਆ। ਸਾਰੀ ਰਾਤ ਰੋਂਦਿਆਂ ਗੁਜ਼ਾਰੀ।

**ਹੋਸ਼ ਆਤੀ ਹੈ ਇਨਸਾਂ ਕੋ ਠੋਕਰੇਂ ਖਾਨੇ ਕੇ ਬਾਦ।**

ਕਿਸੇ ਕਵੀ ਦੇ ਇਹ ਸ਼ਬਦ ਠੀਕ ਸਿੱਧ ਹੋਏ। ਇਸ ਘਟਨਾ ਨੇ ਮੇਰੀ ਸੁੱਤੀ ਆਤਮਾ ਨੂੰ ਜਗਾ ਦਿੱਤਾ। ਉਸਨੇ ਕਿਹਾ ਮੂਰਖ ਮਨਾ! ਵੇਖ ਤੂੰ ਕਿਹੜੀ ਗਧੀ ਗੇੜ ਵਿਚ ਪੈ ਚਲਿਆ ਸੈਂ? ਤੂੰ ਕਿਸ ਨਾਲ ਰੁਸਿਆ ਫਿਰਦਾ ਹੈਂ? ਜਿਹੜਾ ਤੈਨੂੰ ਸੁੱਤਿਆਂ ਜਾਗਦਿਆਂ ਟੁੰਬਦਾ ਏਂ; ਜਿਹੜਾ ਹਰ ਥਾਂ ਤੈਨੂੰ ਵੇਖਦਾ ਏ; ਜਿਹੜਾ ਤੈਨੂੰ ਗੰਦੇ ਟੋਏ ਵਿਚ ਪੈਣ ਤੋਂ ਬਚਾਉਣ ਖ਼ਾਤਰ ਨਵੇਂ ਰੂਪ ਧਾਰਦਾ ਏ: ਸਮਝਿਆ ਈ ਮੁਰਾਦਾਬਾਦ ਥਾਣੇ ਦੇ ਲਾਗੇ ਕੌਣ ਸੀ? ਉਹੋ ਲਹਿਜਾ, ਉਹੋ ਬੋਲ, ਉਹੋ ਸ਼ਬਦ, ਮੈਂ ਤੈਨੂੰ ਜਾਣਦਾ ਹਾਂ, ਤੈਨੂੰ ਸ਼ਰਮ ਨਹੀਂ ਆਉਂਦੀ? ਧ੍ਰਿਗ, ਧ੍ਰਿਗ, ਧ੍ਰਿਗ, ਲਾਨਤ, ਸੌ ਵੇਰ ਫਿੱਟੇ ਮੂੰਹ। ਮੁੜ ਮਨਾਂ! ਕੰਨਾਂ ਨੂੰ ਹੱਥ ਲਾ! ਸਾਨੇ ਵਾਲੀ ਧੌਣ ਨੀਵੀਂ ਕਰ! ਨਹੀਂ ਤਾਂ ਵੇਲੇ ਦਾ ਘੁਥਾ ਕਿਤੇ ਜਾ ਪਵੇਗਾ,'

Sri Satguru Jagjit Singh Ji eLibrary NamdhariElibrary@gmail.com

ਅਗਲੀ ਸਵੇਰ ਉਠਿਆ। ਇਸ਼ਨਾਨ ਕੀਤਾ। ਮਾਲਾ ਫੜੀ ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਨਾਲ ਸੁਰਤੀ ਜੋੜੀ। ਮੁੜ ਦੂਜੇ ਦਿਨ, ਫਿਰ ਤੀਜੇ ਦਿਨ। ਹੁਣ ਨੇਮ ਬਣਾ ਲਿਆ। ਸਵਾਦ ਆਉਣਾ ਸ਼ੁਰੂ ਹੋ ਗਿਆ। ਲੱਗਾ ਰੰਗ ਬੱਝਣ। ਨਵੇਂ ਦ੍ਰਿਸ਼ ਨਵੇਂ ਰੰਗ, ਅਸਚਰਜ ਕੌਤਕ, ਵਰਨਣ ਨਹੀਂ ਕੀਤੇ ਜਾ ਸਕੀਦੇ। ਮਾਸਟਰ ਜੀ! ਸੱਚ ਜਾਣੋ ਇਹ ਜਿਹੜਾ ਵਾ-ਹਿ-ਗੁ-ਰੂ ਹੈ, ਇਹ ਸਤਿਗੁਰੂ ਜਗਜੀਤ ਸਿੰਘ ਜੀ ਹੀ ਹੈ। ਇਹੋ ਵੇਲੇ ਦਾ ਮਾਲਿਕ ਹੈ; ਇਸ ਦੇ ਹੁਕਮ ਵਿਚ ਹੀ ਸਾਰੀ ਰਚਨਾ ਚੱਲ ਰਹੀ ਹੈ, ਮੈਂ ਐਵੇਂ ਹੀ ਨੰਬਰਦਾਰ ਨੂੰ ਦੋਸ਼ ਦੇਂਦਾ ਰਿਹਾ। ਉਸ ਜੋ ਕੁਝ ਕੀਤਾ ਮੇਰੇ ਭਲੇ ਲਈ ਕੀਤਾ। ਜੇ ਉਹ ਇਉਂ ਨਾ ਕਰਦਾ ਤਾਂ ਪਤਾ ਨਹੀਂ ਕਿਹੜੇ ਨਰਕ ਵਿਚ ਗੋਤੇ ਖਾਣੇ ਸਨ। ਇਸ ਸਤਿਗੁਰੂ ਦੀ ਲੀਲਾ ਅਪਰ-ਅਪਾਰ ਏ। ਮੁੜ ਮੈਂ ਇੱਕ ਚਿੱਠੀ ਜਿਹਦੀ ਸਿਆਹੀ, ਅੱਥਰੂਆਂ ਨਾਲ ਤਿਆਰ ਹੋਈ ਹੋਈ ਸੀ, ਸਤਿਗਰੁਾਂ ਦੇ ਚਰਨਾਂ ਵਿਚ ਲਿਖੀ! ਖਿਮਾ ਮੰਗਦਿਆਂ ਇਹ ਸ਼ਬਦ ਲਿਖੇ:-

**ਤੂੰ ਓਹੀ ਰਾਮ ਸਿੰਘ ਹੈਂ ਜਿਹੜਾ ਵਿਚ ਪ੍ਰਦੇਸੀਂ ਡੇਰੇ ਲਾਈ ਬੈਠਾ।**
**ਰਾਂਝੇ ਵਾਂਗਰਾਂ ਭੇਸ ਵਟਾ ਕੇ ਤੇ, ਨਾਮ ਆਪਣਾ ਜਗਜੀਤ ਰਖਾਈ ਬੈਠਾ।**

ਮਿਹਰਾਂ ਹੋ ਗਈਆਂ! ਮਿਹਰਾਂ ਤਾਂ ਅੱਗੇ ਹੀ ਸਨ, ਪਰ ਉਹ ਫੁਲ ਨਹੀਂ ਸਨ ਭਾਸਦੇ ਸੂਲਾਂ ਮਾਲੂਮ ਹੁੰਦੀਆਂ ਸਨ। ਹੁਣ ਕਿਰਪਾਲਤਾ ਹੋ ਗਈ। ਇਹ ਸੁਰਮਾ ਰਾਸ ਆ ਗਿਆ। ਅੱਖਾਂ ਦੀ ਜੋਤ ਠੀਕ ਹੋ ਗਈ। ਬੇਸਿਦਕੀ ਦੀ ਐਨਕ ਟੁੱਟ ਗਈ।

**ਜਗਮੋਹਨ ਸਿੰਘ 'ਬਾਗੀ'**
ਪੁੱਤਰ ਸੰਤ ਸਾਧੂ ਸਿੰਘ
ਸ੍ਰੀ ਜੀਵਨ ਨਗਰ
24-6-81

Sri Satguru Jagjit Singh Ji eLibrary NamdhariElibrary@gmail.com

# ਝੋਟੇ ਨੂੰ ਨੱਥਣਾ

'ਸੰਤ ਜੀ! ਸਤਿ ਸ੍ਰੀ ਅਕਾਲ।'

'ਸਤਿ ਸ੍ਰੀ ਅਕਾਲ।'

'ਧੰਨ ਭਾਗ! ਤੁਹਾਡੇ ਮਹਾਂ ਪੁਰਸ਼ਾਂ ਦੇ ਦਰਸ਼ਨ ਹੋਏ ਹਨ; ਮੁੱਦਤਾਂ ਹੋ ਗਈਆਂ ਸਨ। ਦਿਲ ਤਰਸ ਰਿਹਾ ਸੀ।'

'ਵਾਹ ਤੁਸੀਂ ਵੀ ਧੰਨਤਾ ਦੇ ਯੋਗ ਹੋ, ਜਿੰਨਾਂ ਤੇ ਇੰਨ੍ਹੀ ਕਿਰਪਾ ਹੈ!'

ਧੰਨਤਾ ਦੇ ਯੋਗ, ਤਾਂ ਉਹੋ ਸਤਿਗੁਰੂ ਪ੍ਰਤਾਪ ਸਿੰਘ ਜੀ ਹਨ, ਜਿੰਨ੍ਹਾਂ ਤੁਹਾਡੇ ਵਾਲੀ ਦਸਤਾਰ ਦੇ ਸਮਝਣ ਦੀ ਬੁਧ ਪਾਈ। ਤੁਹਾਡੀ ਇਸ ਦਸਤਾਰ ਤੇ ਜਲ ਵਾਲੀ ਵਲਟੋਹੀ ਨੇ, ਮਨ ਨੂੰ ਧੂਹ ਪਾ ਦਿੱਤੀ। ਹੱਥ ਚਰਨਾਂ ਵਲ ਵੱਧੇ, ਕਿ ਸ਼ੁਕਰ ਹੈ, ਕਿ ਦੇਸ਼ ਦੀ ਰਾਜਧਾਨੀ ਦੀ ਇਸ ਸੁੰਦਰ ਨਗਰ ਦੀ ਨੁਕਰ ਵਿਚ ਗੁਰਭਾਈ ਦੇ ਦਰਸ਼ਨ ਹੋ ਗਏ ਹਨ! ਸਿੱਖ ਦੇ ਦਰਸ਼ਨ ਸਤਿਗੁਰੂ ਦੇ ਦਰਸ਼ਨ।' 'ਕੁਰਬਾਨ ਜਾਵਾਂ ਸਤਿਗੁਰੂ ਪ੍ਰਤਾਪ ਸਿੰਘ ਜੀ, ਜਿੰਨਾਂ ਨੇ ਤੁਹਾਨੂੰ ਇੰਨੀ ਲਖਤਾ ਕਰਾ ਦਿੱਤੀ। ਮੈਂ ਤੁਹਾਡੀ ਨੋਕੀਲੀ ਪੱਗ ਬੰਨੀ ਪੈਰਾਂ ਨੂੰ ਹੱਥ ਲਾਂਦਿਆਂ ਵੇਖ ਹੈਰਾਨੀ ਦੇ ਸਾਗਰ ਵਿਚ ਗੋਤੇ ਖਾਣ ਲੱਗ ਪਿਆ ਸਾਂ, ਕਿ ਇਹ ਅਣਪਛਾਣੇ ਕਿਥੋਂ ਆ ਗਏ, ਪਰ ਤੁਹਾਡੇ ਸ਼ਹਿਦ ਵਰਗੇ ਬੋਲਾਂ ਨੇ ਮੈਨੂੰ ਕੀਲ ਲਿਆ ਹੈ। ਕੀਲਣਾ ਕੀ! ਤੁਹਾਡੀ ਬੋਲਣੀ ਵਿਚ ਕੋਈ ਜਾਦੂ ਏ, ਜਿਸ ਨੇ ਮੈਨੂੰ ਅੱਗੇ ਪੈਰ ਨਹੀਂ ਪੁੱਟਣ ਦਿੱਤਾ ਤੇ ਮੇਰਾ ਸਿਰ ਤੁਹਾਡੇ ਕਦਮਾਂ ਤੇ ਝੁੱਕਣ ਵਾਸਤੇ ਆਪੇ ਤੋਂ ਬਾਹਰ ਹੋ ਗਿਆ। ਮਨ ਵਿਚ ਉਛਾਲ ਆਇਆ ਕਿ ਮੁਬਾਰਕ ਹਨ ਇਹ ਲੋਕ ਜਿਹੜੇ ਗੁਰੂ ਕੀ ਮਰਯਾਦਾ ਅਨੁਸਾਰ, ਇਸ ਫੈਸ਼ਨ ਗਰਸੇ ਪੱਛਮ ਦੇ ਵਹਿਣ ਵਿਚ ਰੁੱਝੇ ਜਾ ਰਹੇ ਸਮੇਂ ਵਿਚ ਵੀ ਚਲਕੇ ਪ੍ਰਸੰਨ ਹੁੰਦੇ ਹਨ।'

ਇਹ ਸ਼ਬਦ ਸੁਣ ਜਥੇਦਾਰ ਨੂੰ ਜਲ ਲਿਆਉਣਾ ਤਾਂ ਭੁੱਲ ਗਿਆ ਤੇ ਜੁਗਿੰਦਰ ਸਿੰਘ ਦੇ ਸ਼ਬਦਾਂ ਤੇ ਇਤਨਾ ਮੋਹਿਤ ਹੋਇਆ ਕਿ ਮੁਬਾਰਕ ਕੋਟਲੇ ਦੇ ਬਾਜ਼ਾਰ ਵਿਚ ਖੜੇ ਖਲੋਤਿਆਂ ਈ ਵਾਰਤਾਲਾਪ ਸ਼ੁਰੂ ਕਰ ਦਿੱਤੀ ਤੇ ਪੁੱਛਿਆ, 'ਸਰਦਾਰ ਜੀ! ਤੁਹਾਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਦ ਕੁ ਦਰਸ਼ਨ ਹੋਏ ਸਨ? ਅਤੇ ਉਨ੍ਹਾਂ ਕਿਵੇਂ ਬਖਸ਼ਸ਼ ਕੀਤੀ?'

Sri Satguru Jagjit Singh Ji eLibrary NamdhariElibrary@gmail.com

'ਬਖਸ਼ਸ਼? ਬਖਸ਼ਸ਼ਾਂ ਦਾ ਕੋਈ ਪਾਰਾਵਾਰ ਨਹੀਂ। ਮੈਂ ਮਨ ਮਨ ਦਾ ਮਾਰਿਆ ਅੰਨਾਂ ਹੋਇਆ ਫਿਰਦਾ ਸਾਂ, ਜੇ ਉਹ ਮਿਹਰ ਦੀ ਨਜ਼ਰ ਨਾ ਕਰਦੇ ਤਾਂ ਮੈਂ ਪਸ਼ੂ ਸਾਂ ਪਸ਼ੂ। ਸਗੋਂ ਪਸ਼ੂਆਂ ਤੋਂ ਵੀ ਪ੍ਰਾਦ।'

'ਸੰਤ ਜੀ! ਜਦ ਉਹ ਮੈਨੂੰ ਵੇਲਾ ਯਾਦ ਆਉਂਦਾ ਹੈ ਤਾਂ ਕਲੇਜਾ ਮੂੰਹ ਨੂੰ ਆਉਂਦਾ ਹੈ। ਕਿੱਡਾ ਵੱਡਾ ਅੜਬ। ਉੱਜੜ ਤੇ ਬਦਮਸਤ ਸਾਂ। ਸਾਧਾਂ ਸੰਤਾਂ ਨੂੰ ਵਿਹਲੜ ਤੇ ਬਗਲੇ ਭਗਤ ਤੇ ਨਿਰੇ ਕੜਾਹ ਖਾਣੇ ਸਮਝਦਾ ਸਾਂ। ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਐਸਾ ਕੁੰਡਾ ਪਾਇਆ ਕਿ ਹੁਣ ਸਿੱਖ ਦੇ ਦਰਸ਼ਨ ਬਿਨਾ ਚੈਨ ਨਹੀਂ ਆਉਂਦਾ। ਮਨ ਤੜਪਦਾ ਰਹਿੰਦਾ ਏ ਕਿ ਕਦ ਦਰਸ਼ਨ ਕਰਾਂ।'

'ਭਾਈ ਸਾਹਿਬ! ਤੁਹਾਡੇ ਤੇ ਕੱਦ ਤੋਂ ਕਿਰਪਾ ਹੋਈ ਹੈ?'

'ਪੂਰੀ ਤਾਰੀਖ਼ ਤਾਂ ਯਾਦ ਨਹੀਂ, ਹਾਂ, ਕੋਈ 56-57 ਦੀ ਗੱਲ ਹੋਵੇਗੀ। ਉਦੋਂ ਮੈਂ ਨੰਗਲ ਫਰਟੇਲਾਈਜ਼ਰ ਵਿਚ ਕੰਮ ਕਰਦਾ ਸਾਂ, ਮਹੀਨੇ ਦੀ ਬੱਧੀ ਤਨਖ਼ਾਹ ਆਉਂਦੀ ਸੀ। ਬਸ ਚੰਗਾ ਖਾਣਾ ਤੇ ਮੰਦਾ ਬੋਲਣਾ। ਇਹੋ ਕੰਮ ਸੀ।'

'ਫੇਰ?'

'ਫੇਰ ਕੀ? ਇੱਕ ਵੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੰਗਲ ਚਰਨ ਪਾਏ। ਸਿੰਘਾਂ ਨੂੰ ਚਾਉ ਚੜ੍ਹ ਗਿਆ। ਕਪੜਿਆਂ ਵਿਚ ਫੁੱਲੇ ਨ ਸਮਾਉਣ। ਪ੍ਰਬੰਧਕਾਂ ਚੰਗਾ ਪੰਡਾਲ ਸਜਾਇਆ, ਲਾਊਡ ਸਪੀਕਰ ਦੀ ਆਵਾਜ਼ ਰਾਹ ਜਾਂਦਿਆਂ ਨੂੰ ਖਿੱਚਦੀ ਸੀ। ਮੈਂ ਵੀ ਉਦੋਂ ਉਨ੍ਹਾਂ ਨੂੰ ਸਤਿਗੁਰੂ ਥੋੜਾ ਜਾਣਦਾ ਸਾਂ। ਉਸ ਵੇਲੇ ਮੇਰੀ ਬਿਰਤੀ ਮੱਝ ਦੇ ਚਿੱਚੜ ਵਾਲੀ ਸੀ ਜਿਹੜੀ ਅੰਮ੍ਰਿਤ ਦੇ ਮਟਕਿਆਂ ਕੋਲ ਹੁੰਦੀ ਵੀ ਗੰਦਾ ਲਹੂ ਪੀ ਕੇ ਰਾਜ਼ੀ ਸੀ। ਉਦੋਂ ਮੇਰੀਆਂ ਅੱਖਾਂ ਉੱਲੂ ਦੀਆਂ ਸਨ, ਸੂਰਜ ਚੜੇ ਵੀ ਹਨੇਰਾ ਵਿਖਾਈ ਦੇਂਦਾ ਸੀ। ਦੀਵਾਨ ਲੱਗਾ ਹੋਇਆ। ਖੰਡ ਬ੍ਰਹਿਮੰਡ ਦੇ ਮਾਲਿਕ ਬੈਠੇ ਅੰਮ੍ਰਿਤ ਦਰਸ਼ਨਾਂ ਨਲ ਮੁਰਦਿਆਂ ਅੰਦਰ ਜੀਵਨ ਸੰਚਾਰ ਕਰ ਰਹੇ ਸਨ। ਕੀਰਤਨ ਹੋ ਰਿਹਾ ਏ। ਰੰਗ ਬਣਿਆ ਹੋਇਆ ਸੀ। ਹੰਸਾਂ ਦੀ ਸੰਗਤ ਮੋਤੀ ਚੋਗ ਚੁੱਗ ਰਹੀ ਸੀ। ਪਰ ਮੈਂ ਸਮਝਾਂ ਇਹ ਬਗਲੇ ਹਨ। ਡਡੀਆਂ ਦੀ ਤਾੜ ਵਿਚ ਬੈਠੇ ਹਨ। ਚੋਰ ਹੋ ਰਿਹਾ ਏ। ਏਜੰਟ ਪੈਸੇ ਇਕੱਠੇ ਕਰਕੇ ਖੇਸ ਹੇਠਾਂ ਦਬਾਈ ਜਾਂਦੇ ਹਨ। ਇਹ ਸਾਰਾ ਮਾਇਆ ਜਾਲ ਏ; ਪੈਸੇ ਬਟੋਰਨ ਦਾ ਧੰਦਾ। ਉਸ ਵੇਲੇ ਮੇਰੇ ਵਾਸਤੇ ਇਹ ਪਿੱਤਲ ਦੀ ਲੰਕਾ ਸੀ। ਸਾਮ੍ਹਣੇ ਖਲੋ ਲੱਗਾ ਬਕੜਬਾਦ ਕਰਨ। ਜੋ ਊਲ ਜਲੂਲ ਆਇਆ, ਬਕਿਆ। ਪਰ ਵਾਹ ਸਤਿਗੁਰ ਪ੍ਰਤਾਪ ਸਿੰਘ! ਤੈਥੋਂ ਵਾਰੇ! ਤੈਥੋਂ ਸਦਕੜੇ! ਤੈਨੂੰ ਕਰੋੜਾਂ ਵੇਰਾਂ ਪ੍ਰਣਾਮ! ਤੂੰ ਧੰਨ! ਤੂੰ ਧੰਨ!! ਤੂੰ ਧੰਨ!!! ਤੇਰਾ ਬੜਾ ਜਿਗਰਾ ਵੇਖਿਆ! ਤੂੰ ਨਿਰਾ ਹਲੀਮੀ ਦਾ ਪੁਤਲਾ! ਤੂੰ ਮਿਠਾਸ ਦਾ ਸਾਗਰ! ਤੂੰ ਅੰਮ੍ਰਿਤ ਦਾ ਸੋਮਾ! ਤੂੰ ਮੈਨੂੰ ਮੂਰਖਤਾ ਦੇ ਟੋਏ ਵਿੱਚੋਂ ਕੱਢਿਆ। ਮੇਰੀ ਰਾਕਸ਼ ਬੁੱਧੀ ਨੂੰ ਦੇਵ ਬੁੱਧੀ ਵਿਚ ਬਦਲਿਆ। ਕੁਝ ਸਿੰਘ ਮੇਰੇ ਦੁਰ ਵਿਹਾਰ ਤੇ

ਕਚੀਚੀਆਂ ਵੱਟ ਰਹੇ ਸਨ। ਪਰ ਤੂੰ ਉਨ੍ਹਾਂ ਨੂੰ ਸ਼ਾਂਤ ਰਖਿਆ। ਜਦ ਕਾਫ਼ੀ ਸਮਾਂ ਬਕਦਿਆਂ ਬੀਤਿਆ ਤੇ ਕੋਈ ਹਿਲ ਜੁਲ ਨ ਹੋਈ ਤਾਂ ਸਤਿਗੁਰਾਂ ਨੂੰ ਚਿੜਾਨ ਲਈ ਬਿਲਕੁਲ ਸਾਮ੍ਹਣੇ ਜਾ ਖਲੋਤਾ, ਪਰ ਚੰਦਨ ਭਾਵੇਂ ਸੱਪਾਂ ਨਾਲ ਵਿਹੜਿਆ ਹੁੰਦਾ ਏ, ਉਸਤੇ ਉਨ੍ਹਾਂ ਦੇ ਜ਼ਹਿਰ ਦਾ ਅਸਰ ਨਹੀਂ ਹੁੰਦਾ। ਉਹ ਸਦਾ ਸੀਤਲ, ਉਹ ਸਦਾ ਠੰਡਾ। ਚੰਨ ਵਲ ਕਿੰਨਾ ਥੁੱਕੀ ਜਾਵੋ, ਪਰ ਉਹ ਸਦਾ ਨਿਰਮਲ, ਬੇਦਾਗ। ਸਤਿਗੁਰ ਜੀ ਨੇਤਰ ਮੂੰਦੀ ਪਤਾ ਨਹੀਂ ਕਿਹੜੇ ਕਿਹੜੇ ਦਾ ਬੇੜਾ ਪਾਰ ਕਰ ਰਹੇ ਸਨ। ਮੇਰੇ ਸਾਹਮਣੇ ਜਾਣ ਦੀ ਦੇਰ ਸੀ, ਕਿ ਗ਼ਰੀਬ ਨਿਵਾਜ਼ ਨੇਤਰ ਖੋਲੇ। ਉਨ੍ਹਾਂ ਨੇਤਰਾਂ ਵਿੱਚੋਂ ਪ੍ਰਕਾਸ਼ ਦੀ ਲਾਟ ਨਿਕਲੀ, ਜਿਸ ਨੇ ਮੇਰੀਆਂ ਅੱਖਾਂ ਨੂੰ ਚੁੰਧਿਆ ਦਿੱਤਾ ਤੇ ਮੈਂ ਧੜੈਂ ਕਰਕੇ ਧਰਤੀ ਤੇ ਡਿਗਾ। ਤੇ ਕੋਲ ਬੈਠੇ ਸੰਤ ਸੋਹਣ ਸਿੰਘ ਨੂੰ ਕਿਹਾ, 'ਸੰਤ ਜੀ! ਤੁਸੀਂ ਇਸ ਝੋਟੇ ਨੂੰ ਨੱਥੋ। ਸੰਤ ਉਠੇ, ਉਨ੍ਹਾਂ ਮੇਰੇ ਕੰਨ ਵਿਚ ਭਜਨ ਦੱਸ ਦਿੱਤਾ। ਭਜਨ ਮਿਲਣ ਦੀ ਡੇਰ ਸੀ। ਫੇਰ ਪਤਾ ਨਹੀਂ ਲੱਗਾ ਦੀਵਾਨ ਕਿਸ ਵੇਲੇ ਸਮਾਪਤ ਹੋਇਆ।

ਜਦ ਹੋਸ਼ ਆਈ ਤਾਂ ਮੈਂ ਲੰਗਰ ਕੋਲ ਪਿਆ ਸਾਂ ਤੇ ਇੱਕ ਸਿੰਘ ਦੁੱਧ ਦਾ ਗਲਾਸ ਲਈ ਮੇਰੇ ਸਰਾਹਣੇ ਖੜਾ ਸੀ ਤੇ ਕਹਿ ਰਿਹਾ ਸੀ, ਭਾਈ ਸਿੱਖਾਂ! ਬੜੀ ਦੇਰ ਤੋਂ ਤੂੰ ਇੱਥੇ ਪਿਆ ਏਂ, ਆਹ ਲੈ 'ਸਮੁੰਦਰ ਛਕ' ਮੈਂ ਦੁੱਧ ਘੁੱਟ ਘੁੱਟ ਕਰਕੇ ਪੀਤਾ ਤੇ ਧੀਰੇ ਧੀਰੇ ਘਰ ਪੁੱਜਾ। ਮੇਰੀ ਸਿਖਣੀ ਮੈਨੂੰ ਵੇਖ ਹੈਰਾਨ ਸੀ। ਉਸ ਕਿਹਾ, 'ਸਰਦਾਰ ਜੀ! ਸਰਦਾਰ ਜੀ!! ਕੀ ਗੱਲ ਏ? ਕਿਤੇ ਲੜਾਈ ਹੋ ਗਈ? ਇਦਾਂ ਢਿੱਲੇ ਢਿਲੇ ਕਿਉਂ ਹੋ? ਮੈਂ ਕਹਿਆ 'ਭਲੀਏ ਲੋਕੇ! ਭੈਣੀ ਵਾਲਾ ਸਤਿਗੁਰ ਕੁਹ ਗਿਆ। ਕੁਝ ਨ ਪੁੱਛ। ਮੇਰੇ ਅੰਦਰ ਹੂਕ ਜਿਹੀ ਉਠਦੀ ਏ ਕਿ ਉਡਕੇ ਉਸਦੇ ਦਰਸ਼ਨ ਕਰਾਂ।' ਖ਼ੈਰ ਕੁਝ ਸਮਾਂ ਲੰਘ ਗਿਆ। ਕਦੇ ਮਾਲਾ ਫੇਰਾਂ, ਕਦੇ ਛੱਡ ਦੇਵਾਂ ਇਤਨੇ ਸਮੇਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ। ਤੇ ਸਤਿਗੁਰੂ ਜਗਜੀਤ ਸਿੰਘ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਿਕ ਬਣੇ। ਇਸ ਪਰੰਪਰਾ ਵਾਰੇ ਸ੍ਰੀ ਗੁਰੂ ਅਮਰ ਦਾਸ ਜੀ ਨੇ ਬੜਾ ਸੋਹਣਾ ਫ਼ੁਰਮਾਇਆ ਹੈ:-

**ਨਾਨਕ ਗੁਰ ਤੇ ਗੁਰੁ ਹੋਇਆ**
**ਵੇਖਹੁ ਤਿਸਕੀ ਰਜਾਇ।**
**ਇਹ ਕਾਰਣੁ ਕਰਤਾ ਕਰੇ,**
**ਜੋਤੀ ਜੋਤਿ ਸਮਾਈ।** (ਗੁਜਰੀ)

ਪਰ ਮੇਰੀ ਬੁੱਧੀ ਤੇ ਫੇਰ ਪਰਦਾ ਪੈ ਗਿਆ, ਮੈਂ ਆਖਾਂ ਸਤਿਗੁਰ ਤਾਂ ਸਤਿਗੁਰੂ ਪ੍ਰਤਾਪ ਸਿੰਘ ਸਨ। ਉੱਚਾ ਕੱਦ, ਮੋਟੇ ਨੇਤਰ, ਗਰਜਵੀਂ ਆਵਾਜ਼, ਪਰ ਪਿਆਰ ਦੇ ਸ਼ਹਿਦ ਨਾਲ ਲਬਾ ਲਬ। ਇਹ ਤਾਂ ਕੁੜੀਆਂ ਮੁੰਡੇ ਹਨ। ਇਨ੍ਹਾਂ ਨੂੰ ਉਹ ਰੂਪ ਨ ਪਛਾਣਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਾੜੇ ਕੱਢਾਂ। ਇੱਕ ਦਿਨ ਉਨ੍ਹਾਂ ਦੀ ਯਾਦ ਵਿਚ ਕੀਰਨੇ ਪਾ ਰਿਹਾ ਸਾਂ ਕਿ ਉਂਗਲਾਂ ਗਿਆ।

Sri Satguru Jagjit Singh Ji eLibrary NamdhariElibrary@gmail.com

ਉਹ ਊਂਘ ਵੀ ਭਾਗਾਂ ਭਰੀ ਸੀ। ਕੀ ਵੇਖਿਆ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣ ਸਾਹਿਬ ਕੋਠੀ ਵਾਲੇ ਖੂਹ ਤੇ ਆਪ ਜਲ ਕੱਢਕੇ ਇਸ਼ਨਾਨ ਕਰ ਰਹੇ ਹਨ। ਮੈਂ ਚਰਨ ਕੰਵਲ ਤੇ ਨਮਸਕਾਰ ਕੀਤੀ। ਉਨ੍ਹਾਂ ਬਚਨ ਕੀਤਾ, 'ਕੀ ਚਾਹੀਦਾ ਏ?' 'ਜੀ ਸੱਚੇ ਪਾਤਸ਼ਾਹੋ ਦਰਸ਼ਨ।' ਦਰਸ਼ਨ ਤਾਂ ਹੋ ਗਏ ਜਾਓ। 'ਜੀ ਇਵੇਂ ਨਹੀਂ ਘਰ ਚਰਨ ਪਾਓ।' ਤਾਂ ਹੁਕਮ ਹੋਇਆ, 'ਤੂੰ ਸਤਿਗੁਰੂ ਜਗਜੀਤ ਸਿੰਘ ਅੱਗੇ ਜਾ ਕੇ ਅਰਜ਼ ਕਰ। ਉਹ ਤੇਰੇ ਘਰ ਚਰਨ ਪਾਉਣਗੇ। ਮੈਂ ਉਨ੍ਹਾਂ ਨਾਲ ਆਵਾਂਗਾ' ਇਹ ਸੁਣਦਿਆਂ ਸਾਰ ਮੇਰੇ ਸਾਰੇ ਥਮ ਹਿਲ ਗਏ ਕਿ ਮੈਂ ਕਿਹੜੀਆਂ ਉਲਝਣਾਂ ਵਚ ਫਸਿਆ ਪਿਆ ਹਾਂ। ਅਸਲ ਸਤਿਗੁਰੂ ਪ੍ਰਤਾਪ ਸਿੰਘ ਇਹੋ ਹਨ। ਜਿਨ੍ਹਾਂ ਦੇ ਸੀਸ ਤੇ ਚੌਰ ਝੁਲਦਾ ਹੈ। ਸਤਿਗੁਰੂ ਜੀ ਵੀ ਇਨ੍ਹਾਂ ਨੂੰ ਸਤਿਗੁਰੂ ਕਹਿੰਦੇ ਹਨ। ਮੈਂ ਮੁੜ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਤੇ ਅਰਜ਼ ਕੀਤੀ। ਇਨ੍ਹਾਂ ਪ੍ਰਵਾਨ ਕਰ ਲਈ। ਮੈਂ ਚਾਈਂ ਚਾਈਂ ਘਰ ਗਿਆ। ਪਲੰਘ ਡਾਹਿਆ, ਦੁੱਧ ਚਿੱਟਾ ਖੇਸ ਵਛਾਇਆ। ਪਾਤਸ਼ਾਹ ਦਰਸ਼ਨ ਦਿੱਤੇ। ਮੈਂ ਮੱਥਾ ਟੇਕਿਆ। ਮੇਰੀ ਸਿੰਘਣੀ ਵੀ ਜਾ ਸੀਸ ਨਿਵਾਇਆ। ਸਤਿਗੁਰੂ ਜੀ ਬਚਨ ਕੀਤਾ, 'ਬੀਬੀ! ਬੱਚਿਆਂ ਨੂੰ ਸਨਕੇਸੀ ਇਸ਼ਨਾਨ ਕਰਾਇਆ ਕਰ।' ਉਹ ਵਿਚਾਰੀ ਨਿੰਮੂਝੂਣ ਖਲੋਤੀ ਸੀ ਕਿ ਮੈਂ ਅਰਜ਼ ਕੀਤੀ ਜੀ, 'ਅਜੇ ਬੱਚੇ ਦੀ ਕਿਰਪਾ ਨਹੀਂ ਹੋਈ' ਤਾਂ ਫਿਰ ਬਚਨ ਹੋਇਆ, 'ਇੱਕ ਮਾਲਾ ਭਗਉਤੀਆਂ ਦੀ ਇੱਕ ਸਿਮਰਨ ਦੀ; ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਿਆ ਕਰੋ।' ਇਹ ਕਹਿ ਸੱਚੇ ਪਾਤਸ਼ਾਹ ਚਲੇ ਗਏ। ਜਿਵੇਂ ਸਤਿਗੁਰੂ ਜੀ ਬਚਨ ਕੀਤਾ ਸੀ। ਉਸਤੇ ਅਮਲ ਕੀਤਾ, ਸਮੇਂ ਸਮੇਂ ਦੋ ਲੜਕਿਆਂ ਦਾ ਜਨਮ ਹੋਇਆ। ਕੋਟਾਨ ਕੋਟਾਨ ਧੰਨਵਾਦ ਕੀਤਾ।

ਥੋੜ੍ਹੇ ਦਿਨਾਂ ਪਿੱਛੋਂ ਮੇਰੀ ਤਬਦੀਲੀ ਅਸਾਮ ਵਿਚ ਕਾਮਰੂਪ ਚਾਹ ਬਗੀਚੇ ਵਾਸਤੇ ਹੋ ਗਈ। ਮਨ ਬੜਾ ਉਦਾਸ ਹੋਇਆ ਰੋਟੀ ਦਾ ਸਵਾਲ ਸੀ। ਦੂਰ ਪ੍ਰਦੇਸ਼, ਕਾਲੇ ਕੁਹ ਕਾਫ; ਜਾਦੂ ਟੂਣੇ ਦੀ ਧਰਤੀ, ਮਨ ਕਾਂਪਾ ਖਾ ਗਿਆ। ਮੈਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਹਾਜ਼ਰ ਹੋ, ਸਾਰੀ ਕਹਾਣੀ ਸੁਣਾਈ। ਉਨ੍ਹਾਂ ਕਿਹਾ, 'ਵਾਹ ਭੋਲਿਆ। ਜਿਸ ਕੋਲ ਸ੍ਰੀ ਗੁਰੂ ਨਾਨਕ ਦੇਵ ਜੀ 40 ਜੁੱਗ ਤਪੱਸਿਆਂ ਕੀਤਾ ਨਾਮ ਹੋਵੇ, ਉਸ ਨੂੰ ਜਾਦੂ ਟੂਣੇ ਕੀ ਆਖਣ। ਇਹ ਮੰਤ੍ਰਾਂ ਦਾ ਮੰਤ੍ਰ ਹੈ। ਬਾਕੀ ਸਭ ਹੇਠਾਂ ਹਨ। ਭਰਮ ਨਾ ਕਰ। ਸਤਿਗੁਰੂ ਪ੍ਰਤਾਪ ਸਿੰਘ ਨੂੰ ਅੰਗ ਸੰਗ ਜਾਣ। ਮੈਂ ਪਰਿਵਾਰ ਸਮੇਤ ਅਸਾਮ ਚਲਾ ਗਿਆ। ਉੱਥੋਂ ਦੇ ਪ੍ਰਬੰਧਕਾਂ ਨੇ ਮੈਨੂੰ ਜੰਗਲ ਵਿਚ ਉਹ ਕੁਆਰਟਰ ਦਿੱਤਾ ਜਿਸ ਵਿਚ ਕੋਈ ਮੁਲਾਜ਼ਮ ਇੱਕ ਰਾਤ ਵੀ ਨਹੀਂ ਕੱਟਦਾ ਸੀ। ਜੰਗਲ ਇਤਨਾ ਭਿਆਨਕ ਸੀ ਕਿ ਅੱਜ ਘਾਹ ਵੱਢੋ ਸਾਤੇ ਅੰਦਰ ਲੱਕ ਲੱਕ ਹੋ ਜਾਵੇਗਾ। ਮੱਛਰ ਵੀ ਉਹ ਜਿਸਨੇ ਫਰਊਨ ਵਰਗੇ ਦਾ ਲਹੂ ਪੀਤਾ ਸੀ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰ ਕੁਆਰਟਰ ਅੰਦਰ ਜਾ ਆਸਣ ਵਿਛਾਇਆ

Sri Satguru Jagjit Singh Ji eLibrary NamdhariElibrary@gmail.com

ਰਾਤ ਪਈ, ਬੱਤੀ ਬੁਝਾਈ, ਅੱਖ ਲੱਗੀ ਈ ਸੀ ਕਿ ਛੱਤ ਤੇ ਗੜ ਗੜ ਸ਼ੁਰੂ ਹੋ ਗਈ। ਸਤਿਗੁਰੂ ਦਾ ਬਚਨ ਯਾਦ ਆਇਆ:-

**ਤਾਤੀ ਵਾਉ ਨ ਲਗਈ ਪਾਰ ਬ੍ਰਹਮ ਸਰਣਾਈ**
**ਚਉ ਗਿਰਦ ਹਮਾਰੈ ਰਾਮ ਕਾਰ,**
**ਦੁਖ ਲਗੈ ਨ ਭਾਈ।**

ਆਵਾਜ਼ਾਂ ਆਈਆਂ। 'ਭਗਉਤੀਆਂ ਦੀ ਮਾਲਾ ਫੇਰ।' ਆਵਾਜ਼ ਉਹੋ ਸੀ, ਜਿਨ੍ਹਾਂ ਟੁਰਨ ਤੋਂ ਪਹਿਲਾਂ ਕਿਹਾ ਸੀ 'ਵਾਹ ਭੋਲਿਆ! ਜਿਸ ਕੋਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼੍ਰੋਮਣੀ ਮੰਤਰ ਹੋਵੇ ਉਸ ਨੂੰ ਜਾਦੂ ਟੂਣੇ ਕੀ ਆਖਣ' ਮੇਰਾ ਹੱਥ ਝੱਟ ਮਾਲਾ ਤੇ ਚਲਾ ਗਿਆ। ਸੁਰਤੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਜੋੜੀ। ਗੜ ਗੜ ਬੰਦ ਹੋ ਗਈ। ਭਜਦਿਆਂ ਦੀਆਂ ਚੀਕਾਂ ਸੁਣਾਈ ਦਿੱਤੀਆਂ। ਫੇਰ ਕਦੇ ਭੈ ਨਹੀਂ ਆਇਆ ਨਾ ਕਦੇ ਗੜ ਗੜ ਸੁਣੀ।

ਇੱਕ ਸਾਲ ਉੱਥੇ ਰਿਹਾ। ਮੇਰੇ ਸਾਥੀ ਤੇ ਮੇਰੇ ਅਫ਼ਸਰ ਵੀ ਹੈਰਾਨ ਸਨ, ਕਿ ਜੋਗਿੰਦਰ ਸਿੰਘ ਤੇ ਕਿਸੇ ਕਾਮਲ ਮੁਰਸ਼ਦ ਦਾ ਹੱਥ ਹੈ,ਜਿਸ ਨੇ ਬੇਖ਼ੌਫ਼ ਹੋ ਇਸ ਕੁਆਰਟਰ ਵਿਚ ਸਾਲ ਗੁਜ਼ਾਰਿਆ ਹੈ। ਮੈਂ ਉਨ੍ਹਾਂ ਨੂੰ ਉੱਤਰ ਦਿੱਤਾ, ਭਾਈ! ਤੁਸੀਂ ਠੀਕ ਕਹਿੰਦੇ ਹੋ, ਮੇਰੇ ਵਿਚ ਕੋਈ ਖ਼ੂਬੀ ਨਹੀਂ। ਇਹ ਮੇਰੇ ਸਤਿਗੁਰੂ ਦੀ ਕਿਰਪਾ ਹੈ, ਜਿਹੜਾ ਆਪਣੇ ਸਿੱਖ ਨੂੰ ਹਰ ਗਰਮੀ, ਸਰਦੀ ਵਿੱਚੋਂ ਸਨ ਪਰੂਫ ਤੇ ਵਾਟਰ ਪਰੂਫ ਨਾਲ ਢੱਕੀ ਰੱਖਦਾ ਹੈ। ਉਸਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਅਰਸ਼ਾਦ ਹੈ:-

**ਰੋਗਨ ਤੇ ਅਰ ਸੋਗਨ ਤੇ ਜਲ ਜੋਗਲ ਤੇ ਬਹੁ ਭਾਂਤ ਬਚਾਵੈ।**
**ਸਤ੍ਰ ਅਨੇਕ ਚਗਾਵਤ ਘਾਵ**
**ਤਊ ਤਨ ਏਕ ਨ ਲਾਗਨ ਪਾਵੈ**
**ਰਾਖਤ ਹੈ ਅਪਨੋ ਕਰ ਦੈ ਕਰ**
**ਪਾਪ ਸੰਬੂਹ ਨ ਭੇਟਨ ਪਾਵੈ।**
**ਔਰ ਕੀ ਬਾਤ ਕਹਾ ਕਹ ਤੋ ਸੌ**
**ਸੁ ਪੇਟ ਹੀ ਕੇ ਪਟ ਬੀਚ ਬਚਾਵੈ।** (ਅਕਾਲ ਉਸਤਤ, 6-248)

**ਊਦਮ ਸਿੰਘ ਜਥੇਦਾਰ**
ਸ੍ਰੀ ਜੀਵਨ ਨਗਰ

# 'ਕਾਲ ਦੀਆਂ ਦਾੜ੍ਹਾਂ ਹੇਠੋਂ'

**...ਹਰੀ ਹਰੀ ਨਾਮ ਜਪੋ ਭਾਈ, ਹਰੀ ਹਰਿ ਨਾਮ ਜਪੋ ਭਾਈ;**
**ਪੰਪਾ ਸੁਰ ਤੋਂ ਭੀਲਣੀ ਤਾਰੀ, ਤਾਰੀ ਹੈ ਮੀਰਾਂ ਬਾਈ।**
**ਪੰਚਾਲੀ ਨੂੰ ਰਾਜ ਸਭਾ ਵਿੱਚ ਰਾਮ ਨਾਮ ਸੁਧ ਆਈ,**
**ਰੰਕਾ ਤਾਰਿਓ, ਬੰਕਾ ਤਾਰਿਓ, ਤਾਰਿਓ ਸਧਨਾ ਕਸਾਈ।**
**ਸੈਣ ਭਗਤ ਕਾ ਸੰਸਾ ਹਰਿਓ, ਆਪ ਬਣਿਓ ਸੈਣ ਨਾਈ।**

ਭੂਰੀ ਵਾਲੇ ਸੰਤਾਂ ਦੀ ਡਾਰ ਦਾ ਵਿਛੜਿਆ ਹੋਇਆ ਪੰਛੀ ਹਰ ਸਮੇਂ ਗੁਟਕੂੰ ਗੁਟਕੂੰ ਕਰਦਾ, ਸੁੰਦਰ ਮੁਖੜਾ, ਗੋਲ ਨੇਤਰ, ਮਿੱਠੇ ਬਚਨ, ਕਦਮਾਂ ਵਿਚ ਫੁਰਤੀ, ਸਾਹਸੀ, ਹਰ ਸਮੇਂ ਖਿੜਿਆ ਖਿੜਿਆ। ਘਸੀਟਾ ਸਿੰਘ, ਕੇਸਰ ਸਿੰਘ ਦੇ ਪੁੱਤਰ, ਹਰਿ ਕੌਰ ਮਾਂ ਦੇ ਲਾਡਲੇ, ਪਿੰਡ ਰਸਾਲਾ ਜ਼ਿਲ੍ਹਾ ਸਿਆਲਕੋਟ ਦੇ ਰਹਿਣ ਵਾਲੇ ਸਨ, ਜਿਨ੍ਹਾਂ ਦਾ ਜਨਮ ਸੰਮਤ 1970 ਬਿ: ਦੇ ਲਾਗੇ ਚਾਗੇ ਹੋਇਆ। ਰਜ਼ਾ ਸਤਿਗੁਰ ਦੀ, ਸਾਰੇ ਪਰਿਵਾਰ ਵਿੱਚੋਂ ਕੇਵਲ ਇਨ੍ਹਾਂ ਤੇ ਕ੍ਰਿਪਾ ਹੋਈ ਬਾਕੀ ਸਭ ਖੁੱਲੇ-ਡੁੱਲੇ। ਮਾਂ ਵੀ ਨਸਵਾਰ ਦੀ ਸ਼ੌਕੀਨ ਅਤੇ ਮੜ੍ਹੀਆਂ-ਗੁੱਗੇ ਅੱਗੇ ਸਿਰ ਰਗੜਨ ਵਾਲੀ।

ਘਰ ਵਿਚ ਗ਼ਰੀਬੀ ਵੀ ਬੜੀ ਸੀ। ਦੱਸ ਕਿਲਿਆਂ ਨਾਲ ਟੱਬਰ ਵਿਚ ਕੀ ਬਣਦਾ? ਜਦ ਘਸੀਟਾ ਸਿੰਘ ਜਵਾਨੀ ਵਿਚ ਪੈਰ ਧਰਿਆ ਤਾਂ ਸੰਤ ਰਤਨ ਸਿੰਘ ਇਨ੍ਹਾਂ ਦੇ ਕੰਨ ਵਿਚ ਫੂਕ ਮਾਰੀ। ਬੱਸ ਘਰ-ਬਾਰ ਵਿਸਰ ਗਿਆ ਅਤੇ ਸੰਤਾਂ ਦੇ ਜਥੇ ਨਾਲ ਰਲ ਗਿਆ। ਮਾਂ ਨੇ ਬਥੇਰੇ ਤਰਲੇ ਮਾਰੇ 'ਵੇ ਘਸੀਟਿਆ! ਤੇਰਾ ਵਿਆਹ ਕਰ ਦੇਨੀ ਆਂ, ਮੇਰੀਆਂ ਅੱਖਾਂ ਤੋਂ ਪਰ੍ਹੇ ਨਾ ਜਾਹ। ਘਰ ਨੂੰਹ ਰਾਣੀ ਆਵੇਗੀ, ਮੈਂ ਪੋਤੇ-ਪੋਤਰੀਆਂ ਖਿਡਾਵਾਂਗੀ। ਸਾਧਾਂ ਨਾਲ ਰਲ ਕੀ ਖੱਟੇਂਗਾ? ਪਰ ਇਹ ਮਸਤਾਨਾ ਹੋਇਆ ਫਿਰਦਾ ਜਿਵੇਂ ਲਾਲ ਦੀ ਪ੍ਰਾਪਤੀ ਹੋ ਗਈ ਹੋਵੇ। ਲੱਗਭਗ 8 ਸਾਲ ਸੰਤ ਅਤਰ ਸਿੰਘ ਜੀ ਨਾਲ ਰਿਹਾ। ਮੁੜ ਸੰਤ ਭੂਰੀ ਵਾਲਿਆਂ ਦੀ ਸੇਵਾ ਵਿਚ ਆ ਹਾਜ਼ਿਰ ਹੋਇਆ ਇਸ਼ਨਾਨ ਕਰਾਉਂਣਾ, ਬਸਤਰ ਸਾਖ਼ ਕਰਨੇ, ਆਪ ਦੇ ਹਿੱਸੇ ਆਇਆ। ਤਨੋ-ਮਨੋ ਹਾਜ਼ਿਰ।

ਅਜੇ ਥੋੜ੍ਹਾ ਸਮਾਂ ਹੀ ਗੁਜ਼ਰਿਆ ਕਿ ਇਨ੍ਹਾਂ ਦੀ ਮਾਤਾ ਨੇ ਸੱਚਖੰਡ ਜਾ ਨਿਵਾਸ ਕੀਤਾ। ਪੁੱਤ ਹੋਣ ਤਾਂ ਘਸੀਟਾ ਸਿੰਘ ਵਰਗੇ। ਜਿਹੜੇ ਨੇਕ ਸੰਗਤ ਕਾਰਨ ਕੁਲ ਦਾ ਵੀ ਉਧਾਰ ਕਰਨ।' ਸੰਤਾਂ ਦਾ ਸੇਵਕ ਹੋਣ ਸਦਕਾ ਮਾਈ

ਦੀ ਮੈਲ ਕੁਚੈਲ ਲਹਿ ਗਈ। ਸਵੱਛ-ਪਵਿੱਤਰ ਤੇ ਸੱਚਖੰਡ ਜਾ ਡੇਰਾ ਲਾਇਆ। ਅੰਤਿਮ ਭੋਗ ਵੇਲੇ ਸੰਤ ਭੂਰੀ ਵਾਲੇ ਵੀ ਆਏ ਕਿਉਂਕਿ ਘਸੀਟਾ ਸਿੰਘ ਨੇ ਸੇਵਾ ਕਰਕੇ ਸੰਤਾਂ ਨੂੰ ਵਸ ਕੀਤਾ ਹੋਇਆ ਸੀ। ਸੰਤਾਂ ਨੇ ਘਸੀਟਾ ਸਿੰਘ ਨੂੰ ਕਿਹਾ - 'ਬੱਚਾ ਤੇਰੀ ਮਾਤਾ ਦੇ ਮੇਲੇ ਸਮੇਂ ਲੰਗਰ ਦੀ ਸੇਵਾ ਮੈਂ ਕਰਾਂਗਾ, ਤੂੰ ਫਿਕਰ ਨਾ ਕਰੀਂ।'

ਘਸੀਟਾ ਸਿੰਘ ਕੋਲ ਕੀ ਸੀ? ....ਅੱਧੀ ਬੋਰੀ ਆਟਾ ਆਪਣੀ ਭੈਣ ਪਾਸੋਂ ਉਧਾਰਾ ਲੈ ਆਇਆ। 4 ਸੇਰ ਘਿਓ ਆਟੇ ਦੇ ਹਿਸਾਬ ਨਾਲ ਦਾਲਾਂ ਤੇ ਬੱਸ....। ਸੰਤਾਂ ਭੂਰੀ ਵਾਲਿਆਂ ਦਾ ਆਉਣਾ ਸੁਣ ਕੇ ਆਲੇ-ਦੁਆਲੇ ਦੇ ਪਿੰਡ ਇਕੱਠੇ ਹੋ ਗਏ। ਢੋਲਕੀਆਂ ਵੱਜਣ ਤੇ ਸ਼ਬਦ ਕੀਰਤਨ ਹੋਏ। ਸੰਤਾਂ ਨੇ ਘਸੀਟਾ ਸਿੰਘ ਨੂੰ ਕਹਿ ਦਿੱਤਾ - 'ਕਾਕਾ! ਇਕ ਪਰਾਤ ਆਟਾ ਗੁੰਨ ਲੈ, ਸਤਿਗੁਰੂ ਜੀ ਭਲੀ ਕਰਨਗੇ।' ਲੰਗਰ ਤਿਆਰ ਹੋ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸਾ ਸੋਧਿਆ। ਲੰਗਰ ਵਰਤਣਾ ਸ਼ੁਰੂ ਹੋਇਆ।

'ਆਖੀ ਨਾ ਜਾਇ ਉਪਮਾ ਤੇਰੀਆਂ'....।

ਸ੍ਰ: ਅਮਰ ਸਿੰਘ 'ਦੁਸਾਂਝ' ਨੇ ਇੱਕ ਵਾਰ ਆਪਣੀ ਪਤ੍ਰਿਕਾ ਵਿਚ ਲਿਖਿਆ ਸੀ - ਸ੍ਰੀ ਭੈਣੀ ਸਾਹਿਬ ਧਾਰ ਬੰਨ ਕੇ ਘਿਓ ਮਿਲਦਾ ਹੈ।' ਸੋ ਨਾਮਧਾਰੀਆਂ ਦੇ ਲੰਗਰ ਦੀ ਮਰਯਾਦਾ ਸਭ ਥਾਈਂ ਸ੍ਰੀ ਭੈਣੀ ਸਾਹਿਬ ਵਾਲੀ ਹੈ। ਇਸ ਗਏ ਗੁਜ਼ਰੇ ਜ਼ਮਾਨੇ ਵਿਚ ਵੀ ਘਿਓ ਧਾਰ ਬਨ ਕੇ ਹੀ ਮਿਲਦਾ ਹੈ।' ਮਾਤਾ ਹਰਿ ਕੌਰ ਦੇ ਮੇਲੇ ਤੇ ਵੀ ਦਾਲਾਂ ਪ੍ਰਸ਼ਾਦਾ ਤੇ ਘਿਓ ਪਿੰਡਾਂ ਦੇ ਪਿੰਡ ਛੱਕ ਗਏ। ਪਿੰਡ ਦੇ ਕਮੀਨਾਂ ਨੂੰ ਵੀ ਘਰੋਂ ਘਰੀਂ ਬੁਲਾ ਕੇ ਲੰਗਰ ਵਰਤਾਇਆ। ਫਿਰ ਵੀ ਦਾਲਾ ਪ੍ਰਸ਼ਾਦਾ ਵਧਿਆ ਸੀ। ਸਭ ਪਾਸੇ ਧੰਨ ਧੰਨ ਹੋਈ।

ਦੇਸ਼ ਵੰਡਾਰੇ ਪਿੱਛੋਂ ਘਸੀਟਾ ਸਿੰਘ ਤੇ ਇਸ ਦੇ ਭਰਾ ਅਮਰ ਸਿੰਘ ਹੋਰਾਂ ਨੇ ਪ੍ਰਤਾਪ ਨਗਰ ਆ ਡੇਰਾ ਲਾਇਆ। ਇੱਥੇ ਇਨ੍ਹਾਂ ਕੁਝ ਹੋਰ ਜ਼ਮੀਨ ਵੀ ਖ਼ਰੀਦ ਲਈ। ਹੁਣ ਘਸੀਟਾ ਸਿੰਘ ਕੋਲ ਸਾਢੇ ਸੋਲ੍ਹਾਂ ਕਿੱਲੇ ਜ਼ਮੀਨ ਹੋ ਗਈ। ਘਸੀਟਾ ਸਿੰਘ ਜ਼ਮੀਨ ਤਾਂ ਠੇਕੇ ਤੇ ਦੇ ਦਿੰਦਾ ਪਰ ਆਮ ਸੰਤਾਂ ਦੀ ਸੇਵਾ ਵਿਚ ਜਾਂ ਭੈਣੀ ਸਾਹਿਬ ਦੇ ਲੰਗਰ ਦੀ ਉਗਰਾਹੀ ਕਰਨੀ।

'ਸੇਵਾ ਨੂੰ ਮੇਵਾ ਮਿਲਦਾ, ਕਰਕੇ ਕੋਈ ਵੇਖ ਲਏ।'

ਜਦ ਵੀ ਸਤਿਗੁਰੂ ਜੀ ਵੱਲੋਂ ਉਗਰਾਹੀ ਦਾ ਹੁਕਮ ਹੁੰਦਾ ਜਾ ਹਾਜ਼ਿਰ....। ਖ਼ੁਸ਼ੀਆਂ ਲੈਣੀਆਂ ਤੇ ਖਿੜੇ ਰਹਿਣਾ। ਅੱਜ ਵੀ ਮੌਜ ਵਿਚ ਜਦ ਆਉਂਦਾ ਹੈ ਤਾਂ ਸ਼੍ਰੋਤਿਆਂ ਨੂੰ ਮਸਤ ਦੇ ਦੇਸ਼ ਦੇ ਹੁਲਾਰੇ ਦਿਵਾਉਂਦਾ ਹੈ:-

**'ਹਰਿ ਹਰਿ ਨਾਮ ਜਪੋ ਭਾਈ,**
**ਹਰਿ ਹਰਿ ਨਾਮ ਜਪੋ ਭਾਈ॥'**

ਪ੍ਰਤਾਪ ਨਗਰ ਇੱਕ ਸਿੰਘ ਵੀ ਰਹਿੰਦਾ ਸੀ। ਉਸ ਕਿਹਾ - 'ਚਾਚਾ! ਤੂੰ ਲੋਕਾਂ ਨੂੰ ਜ਼ਮੀਨ ਦੇ ਕੇ ਠੇਕਾ ਲੈਨਾਂ ਏ, ਤੂੰ ਜ਼ਮੀਨ ਮੈਨੂੰ ਦੇ ਦੇ ਜੋ ਵਿਹਾਰ

Sri Satguru Jagjit Singh Ji eLibrary NamdhariElibrary@gmail.com

ਹੈ ਮੈਥੋਂ ਲੈ ਲਈਂ।' ਤਾਂ ਘਸੀਟਾ ਸਿੰਘ ਕਿਹਾ - 'ਮੈਨੂੰ ਕੋਈ ਉਜਰ ਨਹੀਂ, ਜੇ ਤੂੰ ਲਵੇਂ ਮੈਨੂੰ ਖ਼ੁਸ਼ੀ ਏ, ਤੂੰ ਵੀ ਖਾਹ ਤੇ ਮੈਂ ਵੀ ਖਾਵਾਂ, ਸਗੋਂ ਮੇਰੀ ਚਿੰਤਾ ਮੁੱਕੀ।' ਘਸੀਟਾ ਸਿੰਘ ਨੇ ਆਪਣੀ ਜ਼ਮੀਨ 8000 ਦੇ ਠੇਕੇ ਤੇ ਦੇ ਦਿੱਤੀ। ਉਹ ਵਾਹੁਣ ਲੱਗਾ ਤੇ ਘਸੀਟਾ ਸਿੰਘ ਮੌਜ ਵਿਚ ਵਿਚਰਣ ਲੱਗਾ, ਅੰਦਰ ਬਾਹਰ ਸੇਵਾ ਕਰਦਾ ਮੁੜ-ਘਿੜ ਪ੍ਰਤਾਪ ਨਗਰ। ਦਿਨ ਬਤੀਤ ਹੋ ਗਏ। ਸਾਲ ਲੰਘ ਗਿਆ। ਘਸੀਟਾ ਸਿੰਘ ਨੇ ਠੇਕਾ ਯਾਦ ਕਰਾਇਆ ਤਾਂ ਸਿੰਘ ਕਿਹਾ, 'ਚਾਚਾ ਜੀ ਦੋ ਚਾਰ ਦਿਨ ਤੱਕ ਦੇ ਦੇਵਾਂਗਾ।' ਦਿਨ ਲੰਘ ਗਏ। ਠੇਕੇ ਦੀ ਤਾਰੀਖ਼ ਨੇੜੇ ਆ ਗਈ। ਘਸੀਟਾ ਸਿੰਘ ਨੇ ਮੁੜ ਯਾਦ ਕਰਾਇਆ - 'ਕਾਕਾ ਟਾਲ-ਮਟੋਲ ਨਾ ਕਰ, ਮੈਨੂੰ ਲੋੜ ਏ ਪੈਸੇ ਦੇ।'

'ਚਲੋ ਚਾਚਾ ਜੀ! ਅੱਜ ਤੁਹਾਡਾ ਠੇਕਾ ਮੁਕਾਂਦਾ ਹਾਂ, ਡੇਰੇ ਚਲੀਏ।' ਦੋਵੇਂ ਟਿਊਬਵੈੱਲ ਵੱਲ ਤੁਰ ਪਏ।

ਜਦ ਘਸੀਟਾ ਸਿੰਘ ਕਮਰੇ 'ਚ ਦਾਖ਼ਲ ਹੋਇਆ ਤਾਂ ਬੂਹਾ ਬੰਦ ਕਰ ਦਿੱਤਾ। ਇਕ ਫੁੱਟ ਲੰਮੇ ਫਲ ਵਾਲਾ ਚਾਕੂ ਕੱਢਿਆ, ਅੱਖਾਂ ਲਾਲ ਕਰ ਲਈਆਂ ਦੋਵਾਂ ਬਾਹਵਾਂ ਵਿਚ ਵਲੇਟ ਗਊ ਨੂੰ ਧਰਤੀ ਤੇ ਸੁੱਟ ਦਿੱਤਾ ਤੇ ਛਾਤੀ ਤੇ ਚੜ ਚਾਕੂ ਦੀ ਤੇਜ਼ ਧਾਰ ਨੂੰ ਗਲੇ ਤੇ ਰੱਖ ਆਖਿਆ, 'ਅੰਗੂਠਾ ਲਾ ਦੇ ਕਿ ਪੈਸੇ ਲੈ ਲਏ ਹਨ, ਤੇ ਹਿਸਾਬ ਕਿਤਾਬ ਮੁੱਕ ਗਿਆ ਹੈ।'

ਘਸੀਟਾ ਸਿੰਘ ਦੇ ਨੇਤਰ ਬੰਦ, ਕਮਰੇ ਵਿਚ ਕੱਲਮ-ਕੱਲਾ ਚਾਚਾ ਨਾ ਤਾਇਆ, ਪੁੱਤ ਨਾ ਭਰਾ, ਯਾਰ ਨਾ ਬੇਲੀ, ਬੂਹਾ ਬੰਦ, ਹੁਣ ਸੁਰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਪੁੱਜ ਗਈ।

ਇਤਿਹਾਸ ਦੱਸਦਾ ਹੈ ਕਿ ਜਦ ਪ੍ਰਹਿਲਾਦ ਨੂੰ ਪਹਾੜ ਤੋਂ ਸੁੱਟਿਆ ਗਿਆ ਤਾਂ ਪੱਥਰ ਫੁੱਲ ਬਣ ਗਿਆ। ਪਾਣੀ ਵਿਚ ਗੋਤੇ ਦਿੱਤੇ ਤਾਂ ਪਾਣੀ ਨੇ ਬੇੜੀ ਦਾ ਕੰਮ ਕੀਤਾ। ਕਬੀਰ ਨੂੰ ਬੇੜੀਆਂ ਮਾਰ ਗੰਗਾ ਵਿਚ ਸੁੱਟਿਆ ਤਾਂ ਕੜੀਆਂ ਬੇੜੀਆਂ ਚੂਰਾ ਚੂਰ ਹੋ ਗਈਆਂ, ਉਨ੍ਹਾਂ ਮਖ਼ਮਲੀ ਸੇਜ਼ਾਂ ਦਾ ਰੂਪ ਧਾਰਨ ਕਰ ਲਿਆ ਤਿਵੇਂ ਰਾਹਕ ਦੇ ਹੱਥੋਂ ਚਾਕੂ ਨਿਕਲ ਔਹ ਜਾ ਪਿਆ। 'ਵਾਹ! ਸਤਿਗੁਰੂ ਜਗਜੀਤ ਸਿੰਘ ਵਾਹ!! ਤੈਥੋਂ ਬਲਿਹਾਹ!! ਤੈਥੋਂ ਕੁਰਬਾਨ!! ਤੈਥੋਂ ਸਦਕੜੇ!!! ਤੈਨੂੰ ਕਰੋੜਾਂ ਵਾਰੀ ਨਮਸਕਾਰ!!!

ਤੂੰ ਮੰਡੀ ਦੀ ਸੰਗਤ ਨੂੰ ਤਾਰਦਿਆਂ ਘਸੀਟਾ ਸਿੰਘ ਜੀ ਜੋਦੜੀ ਪ੍ਰਵਾਨ ਕਰ ਲਈ। ਤੂੰ ਉਸ ਨੂੰ ਮੌਤ ਦੀਆਂ ਦਾੜ੍ਹਾਂ ਹੇਠੋਂ ਸਾਹ ਗਿਣਦਿਆਂ ਨੂੰ ਬੰਦ ਖਲਾਸ ਲਈ ਪੌਣ ਰਾਣੀ ਨੂੰ ਆਗਿਆ ਕਰ ਦਿੱਤੀ ਕਿ ਜਾਹ ਸਿੱਖ ਦੇ ਬੰਦ ਖਲਾਸ ਕਰਾ। ਪੌਣ ਉਸੇ ਸਮੇਂ ਰੁਮਕੀ ਜਿੱਥੇ ਘਸੀਟਾ ਸਿੰਘ ਚਾਕੂ ਦੀ ਧਾਰ ਹੇਠਾਂ ਪਲਕਾਂ ਬੰਦ ਕਰੀ ਪਿਆ ਸੀ। ਅੰਦਰ ਆਵਾਜ਼ ਆਈ - 'ਘਸੀਟਾ ਸਿੰਘਾ! ਘਸੀਟਾ ਸਿੰਘਾ!! ਸਤਿਗੁਰੂ ਜੀ ਨੇ ਹੁਕਮ ਭੇਜਿਆ ਹੈ ਕਿ ਛੇਤੀ ਆ ਤੇ ਉਗਰਾਹੀ ਵਾਲਿਆਂ ਨਾਲ ਮਿਲ ਕੇ ਉਗਰਾਹੀ ਕਰ ਬਾਹਰ ਨਿਕਲ।' ਇਹ ਆਵਾਜ਼ ਸੁਣ ਰਾਹਕ ਦੇ ਪਾਪ ਕੰਬ ਉੱਠੇ ਕਿ ਕੋਈ ਬਾਹਰ ਬੂਹੇ ਅੱਗੇ ਖਲੋਤਾ

Sri Satguru Jagjit Singh Ji eLibrary NamdhariElibrary@gmail.com

ਆਵਾਜ਼ਾਂ ਮਾਰ ਰਿਹਾ ਹੈ। 'ਪਾਪ ਉਘੜਨ ਲੱਗਾ ਹੈ ਹੁਣ ਮੇਰਾ ਦੋਹੀਂ ਜਹਾਨੀ ਮੂੰਹ ਕਾਲਾ ਹੋਵੇਗਾ।' ਅੰਨੇਵਾਹ ਉਠ ਖਲੋਤਾ ਅਤੇ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲ ਗਿਆ।

ਘਸੀਟਾ ਸਿੰਘ ਉੱਠਿਆ, ਅੱਖਾਂ ਪੂੰਜੀਆਂ, ਸਾਹ ਨਾਲ ਸਾਹ ਰਲਿਆ, ਪਰਨਾ ਵਲੇਟ ਕੇ ਬਾਹਰ ਆਇਆ। ਬੂਹੇ ਅੱਗੇ ਦੋ ਸਿੰਘ ਬਲਦੇਵ ਸਿੰਘ ਤੇ ਨਿਹੰਗ ਸਿੰਘ ਖੜੇ ਸਨ। ਉਨ੍ਹਾਂ ਕਿਹਾ:- 'ਅਸੀਂ ਤੇਰੀ ਉਡੀਕ ਕਰਦੇ ਕਰਦੇ ਪਿੰਡੋਂ ਇੱਥੇ ਆਏ ਹਾਂ, ਤੂੰ ਕਿਤੇ ਨਜ਼ਰੀਂ ਨਹੀਂ ਆਇਆ, ਢੂੰਡਦੇ ਇੱਥੇ ਪੁੱਜੇ ਹਾਂ। ਸਤਿਗੁਰੂ ਜੀ ਦਾ ਹੁਕਮ ਆਇਆ ਹੈ ਕਿ ਤੂੰ ਸਾਡੇ ਨਾਲ ਮਿਲ ਕੇ ਉਗਰਾਹੀ ਕਰਨੀ ਹੈ। ਚੱਲ ਸਾਡੇ ਨਾਲ ਤੁਰ।'

ਘਸੀਟਾ ਸਿੰਘ ਚੁੱਪਚਾਪ ਟੁਰ ਪਿਆ ਤੇ ਸਿੰਘ ਵੀ ਨਾਲ ਟੁਰ ਪਏ। ਘਰ ਜਾ ਕੇ ਸਰਦਾਈ ਰਗੜ ਕੇ ਜਲ ਛਕਾਇਆ ਤੇ ਫਿਰ ਉਨ੍ਹਾਂ ਨਾਲ ਸੇਵਾ ਕਰਨ ਲਈ ਚਲਾ ਗਿਆ।

ਘਸੀਟਾ ਸਿੰਘ ਨੇ ਇਹ ਗੱਲ ਕਿਸੇ ਅਗੇ ਨਾ ਕੀਤੀ। ਜਦ ਕੁਝ ਸਮੇਂ ਉਪਰੰਤ ਸਤਿਗੁਰੂ ਜੀ ਮਸਤਾਨ ਗੜ੍ਹ ਪੁੱਜੇ ਤਾਂ ਘਸੀਟਾ ਸਿੰਘ ਨੇ ਦਰਸ਼ਨ ਕੀਤੇ। ਅੱਖਾਂ ਵਿਚ ਹੰਝੂ ਸਨ ਤੇ ਰਸਨਾ ਚੁੱਪ ਸੀ ਜਾਂ ਚਰਨਾਂ ਤੇ ਸੀਸ ਰੱਖਿਆ। ਮੌਜੀ ਸਤਿਗੁਰੂ ਜੀ ਮੁਸਕਰਾਏ ਤੇ ਕਿਹਾ - "ਘਸੀਟਾ ਸਿੰਘਾ! ਠੇਕਾ ਲੈ ਆਇਆ ਏਂ?" ਇਹ ਸ਼ਬਦ ਸੁਣ ਘਸੀਟਾ ਸਿੰਘ ਦੀਆਂ ਅੱਖਾਂ ਵਿੱਚੋਂ ਧਾਰਾਂ ਵਹਿ ਤੁਰੀਆਂ। ਮੁੜ ਚਰਨਾਂ ਵਿਚ ਲੇਟ ਗਿਆ ਅਤੇ ਸਿਸਕੀਆਂ ਭਰਦਿਆਂ ਕਿਹਾ - "ਪਾਤਸ਼ਾਹ! ਤੂੰ ਸਭ ਜਾਣਦਾ ਹੈਂ। ਆਪ ਨੇ ਤਾਂ ਮੈਨੂੰ ਮੌਤ ਦੀਆਂ ਦਾੜ੍ਹਾਂ ਹੇਠੋਂ ਕੱਢਿਆ ਹੈ ਨਹੀਂ ਤਾਂ ਕਦੇ ਦਾ ਅੰਨ ਜਲ ਮੁੱਕ ਗਿਆ ਹੁੰਦਾ।" ਹੁਣ ਘਸੀਟਾ ਸਿੰਘ ਟਿੰਡ ਫੂਹੜੀ ਚੁੱਕ ਸ੍ਰੀ ਭੈਣੀ ਸਾਹਿਬ ਆ ਡੇਰਾ ਲਾਇਆ ਏ ਅਤੇ ਸੰਤ ਭੂਰੀ ਵਾਲੇ ਸਮੇਂ ਦੀਆਂ ਧਾਰਨਾਂ ਪੜ੍ਹ-ਪੜ੍ਹ ਸੰਗਤਾਂ ਨੂੰ ਨਿਹਾਲ ਕਰਦਾ ਹੈ।

**"ਹਰੀ ਹਰਿ ਨਾਮ ਜਪੋ ਭਾਈ....**
**ਹਰੀ ਹਰਿ ਨਾਮ ਜਪੋ ਭਾਈ...."**

**ਘਸੀਟਾ ਸਿੰਘ**
ਪ੍ਰਤਾਪ ਨਰਗ,
ਜ਼ਿਲ੍ਹਾਂ ਸਰਸਾ

Sri Satguru Jagjit Singh Ji eLibrary NamdhariElibrary@gmail.com

## ਪਟੋਕਨ ਪੁੜੀ

**ਏਕ ਜੇ ਸਰੀਰ ਕੇ ਬਪ ਹੋਵੇ ਕੋਟ ਕੋਟ,**
**ਛਿਨਵੇ ਕਰੋੜ ਰੋਮ ਏਕ ਏਕ ਸਰੀਰ ਕੇ**
**ਏਕ ਏਕ ਰੋਮ ਪਰ ਸੀਸ ਹੋਵੇ ਕੋਟ ਕੋਟ**
**ਏਕ ਏਕ ਸੀਸ ਪੈ ਮੁਖ ਹੋਵ ਚੀਰ ਕੇ**
**ਏਕ ਏਕ ਮੁਖ ਮੇਂ ਜਿਹਬਾ ਹੋਵੇ ਕੋਟ ਕੋਟ**
**ਏਕ ਏਕ ਜੇਹਬਾ ਭਣੇ ਗੁਣ ਜਗਦੀਸ਼ ਕੇ**
**ਕਹੇ ਗੁਰਦਾਸ ਭਲਾ ਤਉ ਭੀ ਹਉ ਅਜਾਣ ਮਤ**
**ਕਹਿ ਭੀ ਨ ਸਕਊ ਗੁਣ ਸਤਿਗੁਰ ਸਰੀਰ ਕੇ।**

'ਧੰਨ ਧੰਨ ਮੇਰੇ ਜਗਦੇਸ਼ਵਰ। ਕੁਰਬਾਨ ਇਸ ਸੋਹਣੀ ਮੂਰਤੀ ਤੋਂ ਬਲਿਹਾਰਨੇ ਇਸ ਸਾਦਗੀ ਦੀ ਸੂਰਤ ਤੋਂ।'

ਜਥੇਦਾਰ! ਤੇਰੀ ਜਬਾਨ ਮੁਬਾਰਕ! ਤੇਰੀ ਰਸਨਾ ਤੋਂ ਵਾਰੀ! ਜਿਹੜੀ ਸ਼ਹਿਦ ਟੇਪੇ ਕੇਰਦੀ ਏ। ਜਿਸਤੋਂ ਅੰਮ੍ਰਿਤ ਬੂੰਦਾਂ ਵਰਸਦੀਆਂ ਹਨ 'ਆਪਣੀ ਕਥਾ ਤਾਂ ਸੁਣਾਓ।'

'ਮੇਰੀ ਕਥਾ, ਸਭ ਅਲ ਪਲਲੀਆਂ, ਪਰ ਹੈ ਸਭ ਸੱਤ। ਤੁਸੀਂ ਜਾਣਦੇ ਹੋ ਵਡ ਪ੍ਰਤਾਪੀ ਗਰਮੀ ਦੇ ਦੋ ਮਹੀਨੇ ਮੰਡੀ ਦੀ ਸੰਗਤ ਦੇ ਤਪਦੇ ਹਿਰਦਿਆਂ ਨੂੰ ਠਾਰਿਆ ਕਰਦੇ ਸਨ। ਅਸੀਂ ਜੀਵ ਉਨ੍ਹਾਂ ਦੀਆਂ ਰਮਜ਼ਾਂ ਨੂੰ ਕੀ ਜਾਣੀਏ, ਅਸੀਂ ਸਮਝਦੇ ਹਾਂ, ਉਹ ਸਾਥੋਂ ਕੋਈ ਸੇਵਾ ਲੈਂਦੇ ਹਨ, ਪਰ ਉਹ ਤਾਂ ਇੱਕ ਬਹਾਨਾ ਹੋਇਆ ਕਰਦਾ ਏ। ਉਹ ਅੰਤਰਜਾਮੀ ਸਾਡੀਆਂ ਪੀੜਾਂ ਨੂੰ ਦੂਰ ਕਰਨ ਦਾ ਕੋਈ ਰਾਹ ਪੈਦਾ ਕਰਦੇ ਹਨ। ਬਾਣੀ ਦਰਸਾਂਦੀ ਹੈ:-

**ਸਰਬ ਸੁਖਾਂ ਕਾ ਦਾਤਾ ਸਤਿਗੁਰਿ, ਤਾਕੀ ਸਰਨੀ ਪਾਈਐ**
**ਦਰਸ਼ਨ ਭੇਟਤ ਹੋਤ ਅਨੰਦਾ, ਦੂਖ ਗਇਆ ਹਰਿ ਗਾਈਐ।**

ਸੰਨ 1954-55 ਦੇ ਦਿਨੀਂ ਗ਼ਰੀਬ ਨਿਵਾਜ਼ ਜੀ ਮੈਨੂੰ ਹੁਕਮ ਕੀਤਾ, 'ਸੇਵਾ ਸਿੰਘ ਤੂੰ ਬਰੋਟ ਜਾਣ ਦੀ ਤਿਆਰੀ ਕਰ, ਉੱਥੇ ਵੱਡੇ ਕਾਕੇ ਨੂੰ ਕੁਝ ਵਿਹਾਰ ਏ, ਤੂੰ ਜੋਗਿੰਦਰ ਨਗਰ ਜਾ ਕੇ ਇਨ੍ਹਾਂ ਦੀ ਰਾਹਦਾਰੀ ਦੇ ਪ੍ਰਵਾਨੇ ਦਾ ਬੰਦੋਬਸਤ ਕਰ ਆ।' ਮੈਂ ਧੰਨ ਭਾਗ ਜਾਣੇ, ਇੱਕ ਦਿਨ ਪਹਿਲਾਂ ਹੋ ਜੋਗਿੰਦਰ ਨਗਰ ਗਿਆ ਤੇ ਪਾਵਰ ਹਾਊਸ ਦੇ ਦਫ਼ਤਰ ਜਾ ਕੇ ਰਾਹਦਾਰੀ ਦੇ ਕਾਗ਼ਜ਼ ਬਣਵਾ ਲਏ। ਅਗਲੇ ਦਿਨ ਪੂਜ ਬਾਬਾ ਜਗਜੀਤ ਸਿੰਘ ਜੀ, ਸੰਤ ਗੁਲਜ਼ਾਰ ਸਿੰਘ, ਗੁਰਮੁਖ ਸਿੰਘ ਸੇਵਕ ਸੰਤ ਮੋਹਨ ਸਿੰਘ ਜੋਗਿੰਦਰ ਨਗਰ ਵਲ ਚਾਲੇ ਪਾ

Sri Satguru Jagjit Singh Ji eLibrary NamdhariElibrary@gmail.com

ਦਿੱਤੇ। ਜੋਗਿੰਦਰ ਨਗਰੋਂ ਬਰੋਟ ਟਰਾਲੀ ਰਾਹੀਂ ਜਾਣਾ ਹੁੰਦਾ ਹੈ, ਪਰ ਸਾਡੇ ਜਾਣ ਤੋਂ ਪਹਿਲਾਂ ਟਰਾਲੀ ਜਾ ਚੁੱਕੀ ਸੀ। ਅਸੀਂ ਰਾਤ ਸਿੰਘ ਸਭਾ ਦੇ ਗੁਰਦੁਆਰੇ ਕੱਟੀ ਤੇ ਅਗਲੀ ਸਵੇਰ ਟਰਾਲੀ ਵਿਚ ਸਵਾਰ ਹੋਏ। ਟਰਾਲੀ ਹੌਲੀ ਹੌਲੀ ਅਕਾਸ਼ ਵੱਲ ਵੱਧਣ ਲੱਗੀ। ਟਰਾਲੀ ਵਿਚ ਸਫਰ ਕਰਨਾ ਵੀ ਕੋਈ ਤਮਾਸ਼ਿਓਂ ਘੱਟ ਨਹੀਂ ਹੁੰਦਾ। ਟਰਾਲੀ ਪੌਣ ਰਾਣੀ ਦੀ ਛਾਤੀ ਤੇ ਉਤਾਂਹ ਚੜਦੀ ਜਾਂਦੀ ਏ, ਉਪਰ ਨੀਲਾ ਅਕਾਸ਼, ਸੱਜੇ ਪਰਬਤ, ਖੱਬੇ ਪਰਬਤ, ਚੜਦੇ ਪਹਾੜੀਆਂ, ਲਹਿੰਦੇ ਪਹਾੜੀਆਂ, ਆਲੇ ਦੁਆਲੇ ਹਰੇ ਹਰੇ ਉੱਚੇ ਉੱਚੇ ਬ੍ਰਿਛ ਮਨ ਨੂੰ ਮੋਹੀ ਜਾਂਦੇ ਸਨ।

ਟਰਾਲੀਓਂ ਉਤਰੇ, ਕੁਝ ਯਾਤਰਾ ਪੈਦਲ ਕੀਤੀ ਤੇ ਬਰੋਟ ਪੁੱਜੇ। ਉਪਰ ਇੱਕ ਨਦੀ ਵਗਦੀ ਏ। ਨਦੀ ਦਾ ਪਾਣੀ ਇੱਕ ਝੀਲ ਵਿਚ ਇਕੱਠਾ ਕੀਤਾ ਜਾਂਦਾ ਏ। ਅੱਗੇ ਦੋ ਪੰਪ ਲੱਗੇ ਹੋਏ ਹਨ। ਇਨ੍ਹਾਂ ਪੰਪਾਂ ਰਾਹੀਂ ਪਾਣੀ ਡਿੱਗਦਾ ਏ ਤੇ ਜੈਨਰੇਟਰ ਚਲਦੇ ਹਨ ਤੇ ਬਿਜਲੀ ਪੈਦਾ ਹੁੰਦੀ ਹੈ। ਉਸ ਝੀਲ ਦਾ ਪਾਣੀ ਅਤਿ ਨਿਰਮਲ ਤੇ ਠੰਡਾ। ਸਭਨਾਂ ਉਸ ਵਿਚ ਇਸ਼ਨਾਨ ਕੀਤਾ। ਬਾਬਾ ਜੀ ਤਾਂ ਤਿਆਰ ਬਰ ਤਿਆਰ ਸਨ ਤੇ ਖ਼ੂਬ ਤਾਰੀਆਂ ਲਾਂਦੇ ਸਨ, ਪਰ ਮੈਂ ਠੰਡ ਨਾਲ ਕੱਠਾ ਹੁੰਦਾ ਜਾਂਦਾ ਸਾਂ। ਦੰਦੋ ਤਿੜਕੇ ਵੱਜਣ ਲੱਗੇ। ਇਸ਼ਨਾਨ ਉਪਰੰਤ ਢਿੱਡ ਵਿਚ ਹਿਲਜੁਲ ਸ਼ੁਰੂ ਹੋ ਗਈ, ਪ੍ਰਸ਼ਾਦਾ ਛੱਕਿਆ ਤੇ ਧਰਾਸ ਆਈ। ਕੁਝ ਚਹਿਲ ਕਦਮੀ ਕੀਤੀ ਤੇ ਵਾਪਸ ਮੁੜੇ। ਟਰਾਲੀ ਵਿਚ ਸਵਾਰ ਹੋ ਵਾਪਸ ਆ ਰਹੇ ਸਾਂ ਕਿ ਹੇਠੋਂ ਟਰਾਲੀ ਆਕੇ ਰੁਕ ਗਈ। ਟਰਾਲੀ ਵਿਚ ਬੈਠਿਆਂ ਦੇ ਸੱਜਣਾਂ ਮਿੱਤਰਾਂ ਨਾਲ ਅੱਖਾਂ ਚਾਰ ਹੋਈਆਂ ਤਾਂ ਚਿਹਰੇ ਖਿੜ ਪਏ। ਇਸ ਸਥਾਨ ਦੇ ਲਾਗੇ ਇੱਕ ਬੇਰੀ ਸੀ। ਬੇਰੀ ਦੇ ਬੇਰ ਸਾਡੇ ਵਲ ਵੇਖਣ ਲਗੇ। ਉਹ ਬੇਰੀ ਭਾਗਾਂ ਵਾਲੀ ਸੀ। ਜਿਸਦੇ ਬੇਰਾਂ ਨੂੰ ਬਾਬਾ ਜੀ ਦੇ ਕਰ ਕਮਲਾਂ ਨੇ ਛੂਤਾ। ਕੁਝ ਬੇਰ ਉਨ੍ਹਾਂ ਮੇਰੇ ਵੱਲ ਸੁੱਟੇ ਤੇ ਬਚਨ ਕੀਤਾ, 'ਜਥੇਦਾਰਾ! ਬੜੇ ਸਵਾਦ ਹਨ ਛੱਕ ਜਾ।' ਛੂਹਣ ਦੀ ਗੱਲ ਆ ਗਈ ਏ, ਭਗਵਾਨ ਕ੍ਰਿਸ਼ਨ ਨੇ ਕੁਬਜਾਂ ਦਾ ਕੁਬ ਕੱਢ ਦਿੱਤਾ ਸੀ ਜਿਸਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਬੜੇ ਸੁੰਦਰ ਸ਼ਬਦਾਂ ਵਿਚ ਵਰਨਣ ਕੀਤਾ ਹੈ:-

**ਭਾਂਗ ਵਡੇ ਤਿਹ ਮਾਲਣ ਕੇ, ਹਰਿ ਕੇ ਤਨ ਕੋ ਜਿਨ ਹਾਥ ਛੁਹਾਇਓ।**

ਉਵੇਂ ਬਾਬਾ ਜੀ ਦੇ ਕਰ ਕਮਲਾਂ ਨਾਲ ਛੂਹਣ ਕਾਰਨ ਇਹ ਬੇਰ ਵੀ ਸਵਾਦੀ ਬਣ ਗਏ। ਖ਼ੈਰ ਮੈਂ ਬੇਰ ਖਾ ਤਾਂ ਲਏ ਪਰ ਬੇਰ ਖਾਂਦਿਆਂ ਮੇਰਾ ਦਿਲ ਕੱਚਾ ਕੱਚਾ ਹੋਣ ਲੱਗ ਪਿਆ। ਬੇਰਾਂ ਦਾ ਤਾਂ ਇਕ ਬਹਾਨਾ ਸੀ, ਮੈਂ ਜਦ ਕਦੇ ਬਸ ਵਿਚ ਸਫਰ ਕਰਾਂ ਤੇ ਮੇਰਾ ਜੀ ਖ਼ਰਾਬ ਹੋਣ ਲਗ ਪੈਂਦਾ ਏ। ਉਸ ਦਿਨ ਵੀ ਦਿਲ ਖ਼ਰਾਬ ਹੋਣ ਲਗ ਪਿਆ ਪਰ ਉਲਟੀ ਨਾ ਆਈ।

ਅਸੀਂ ਟਰਾਲਿਓਂ ਉਤਰੇ ਤਾਂ ਸੂਰਜ ਭਗਵਾਨ ਦਿਨ ਦਾ ਪੰਧ ਮੁਕਾ, ਆਬਨੂਸ ਦੇ ਮਹਿਲ ਵਿਚ ਜਾ ਕੇ ਆਰਾਮ ਕਰਨ ਬਾਰੇ ਵਿਚਾਰਾਂ ਕਰ ਰਿਹਾ ਸੀ। ਅਸੀਂ ਵੀ ਗੁਰਦੁਆਰੇ ਪੁੱਜ ਗਏ, ਪਰ ਬਾਬਾ ਜੀ ਹੁਕਮ ਕੀਤਾ, 'ਮੰਡੀ ਜਾਣਾ ਏ,

Sri Satguru Jagjit Singh Ji eLibrary NamdhariElibrary@gmail.com

ਤਿਆਰੀ ਕਰੋ। ਮੈਂ ਸੋਚ ਰਿਹਾ ਸਾਂ ਕਿ ਮੇਰਾ ਕੀ ਹਾਲ ਹੋਣਾ ਏ। ਮੈਂ ਅਰਜ਼ ਕੀਤੀ 'ਬਾਬਾ ਜੀ ਤੁਸੀਂ ਜਾਓ ਮੈਂ ਸਵੇਰੇ ਆ ਜਾਵਾਂਗਾ। ਮੇਰਾ ਜੀ ਖ਼ਰਾਬ ਹੋ ਰਿਹਾ ਹੈ, ਮੈਂ ਸਫਰ ਨਹੀਂ ਕਰ ਸਕਦਾ, ਪਰ ਮੌਜੀ ਬਾਬਾ ਜੀ ਮੁਖਾਰਬਿੰਦ ਤੋਂ ਪੁਸ਼ਪ ਵਰਸ਼ਾ ਕਰਦਿਆਂ ਕਿਹਾ, 'ਜਾਣਾ ਵੀ ਹੁਣੇ ਹੈ, ਤੇ ਖੜਨਾ ਵੀ ਨਾਲ ਹੈ।' ਬਚਨ ਮਨ ਸਾਮਾਨ ਸਿਰਾਂ ਤੇ ਚੁੱਕ ਬੱਸ ਅੱਡੇ ਵਲ ਟੁਰ ਪਏ। ਰਾਹ ਵਿਚ ਮੁੜ ਅਰਜ਼ ਗੁਜ਼ਾਰੀ, ਪਰ ਰਜ਼ਾ ਦੇ ਮਾਲਕਾਂ ਸੁਣੀ ਅਣਸੁਣੀ ਕਰ ਛੱਡੀ। ਮੁੜ ਟਾਲਣ ਦਾ ਜਤਨ ਕੀਤਾ, 'ਜੀ ਬਚਨ ਮਨ ਟੁਰ ਤਾਂ ਪਏ ਹਾਂ, ਪਰ ਗੱਡੀ ਨਹੀਂ ਮਿਲਣੀ' ਅੱਗੋਂ ਮਿਹਰਬਾਨ ਜੀ ਕਿਹਾ 'ਬੱਸ ਦਾ ਪ੍ਰਬੰਧ ਮੈਂ ਕਰਾਂਗਾ, ਤੁਸੀਂ ਨਰਾਸ਼ ਨਾ ਹੋਵੋ' ਅਸੀਂ ਬੱਸ ਅੱਡੇ ਵੱਲ ਜਾ ਰਹੇ ਸਾਂ, ਕਿ ਬਾਬਾ ਜੀ ਬੱਸ ਲੈ ਮੁੜੇ। ਬੱਸ ਦਾ ਡਰਾਈਵਰ ਕੋਈ ਇਨ੍ਹਾਂ ਦਾ ਪੁਰਾਣਾ ਸੇਵਕ ਸੀ ਤੇ ਨਾਉਂ ਵੀ ਸੇਵਾ ਸਿੰਘ।

ਬੱਸ ਤੇ ਚੜ੍ਹਨ ਲੱਗਿਆਂ, ਫਿਰ ਚਰਨਾਂ ਤੇ ਡਿੱਗਾ ਤੇ ਹਾੜ੍ਹਾ ਘਤਿਆ, ਪਰ ਉੱਤਰ ਸੀ ਘੜਿਆ ਘੜਾਇਆ, 'ਜਾਣਾ ਵੀ ਜ਼ਰੂਰ ਏ, ਤੇ ਖੜਨਾ ਵੀ ਜ਼ਰੂਰ।' ਭਾਣਾ ਮੰਨਿਆ ਤੇ ਬੱਸ ਵਿੱਚ ਬਹਿ ਗਿਆ। ਇੱਥੋਂ ਚੜ੍ਹਾਈ ਸੀ। ਬੱਸ ਨੇ ਸਫਰ ਅਰੰਭਿਆ, ਪਰ ਮੇਰਾ ਮਨ ਡੋਬੂ ਖਾਣ ਲੱਗਾ। ਤਿੰਨ ਮੀਲਾਂ ਤੋਂ ਉਤਰਾਈ ਸ਼ੁਰੂ ਹੋਈ ਸੀ ਤੇ ਮੈਨੂੰ ਆਪਣੀ ਹਾਲਤ ਤੇ ਤਰਸ ਆ ਰਿਹਾ ਸੀ। ਜਦ ਚੜ੍ਹਾਈ ਚੜ੍ਹ ਗਏ ਤਾਂ ਬਾਬਾ ਜੀ ਮੁਸਕਣੀ ਭਰਦਿਆਂ ਕਿਹਾ, 'ਜਥੇਦਾਰ ਜੀ! ਤੁਹਾਡਾ ਹੁਕਮ ਮੰਨ ਲੈਂਦੇ ਹਾਂ ਮੰਡੀ ਨਹੀਂ ਜਾਂਦੇ ਵਾਪਸ ਮੁੜਦੇ ਹਾਂ। ਤੁਹਾਨੂੰ ਨਰਾਜ਼ ਨਹੀਂ ਕਰਨਾ' ਪਰ ਮੈਂ ਲਿੱਲਾਂ ਲੈਂਦਿਆਂ ਮੁੜ ਤਰਲਾ ਮਾਰਿਆ, 'ਜੀ ਮੈਨੂੰ ਇੱਥੇ ਉਤਾਰ ਦਿਓ, ਮੈਂ ਤੁਰਕੇ ਆ ਜਾਵਾਂਗਾ, ਤੁਸੀਂ ਬੱਸ ਲੈ ਚਲੋ।' ਪਰ ਹਾਸੇ ਦੇ ਸ਼ਹਿਜਾਦੇ, ਬੱਸ ਨੂੰ ਵਾਪਸ ਮੁੜਨ ਦਾ ਆਦੇਸ਼ ਦੇ ਦਿੱਤਾ। ਹੁਣ ਮੇਰਾ ਮੂੰਹ ਉਪਰ ਛਲ ਨਾਲ ਭਰਿਆ ਪਿਆ ਸੀ। ਮੂੰਹ ਬੰਦ ਰਖਿਆ ਮੌਜੀ ਠਾਕੁਰ ਵੀ ਹੱਸੀ ਜਾਣ, ਨਾਲੇ ਛੇੜੀ ਜਾਣ ਅਤੇ ਨਾਲੇ ਬੁਲਾਈ ਵੀ ਜਾਣ ਮੈਂ ਬੋਲਣਾ ਕੀ ਸੀ। ਖਾਖਾਂ ਫੁਲ ਕੇ ਗੁਬਾਰਾ ਹੋ ਗਈਆਂ। ਇਸ ਅਫਰਾਈ ਵਿਚ ਅਸੀਂ ਗੁਰਦੁਆਰੇ ਦੇ ਲਾਗੇ ਪੁੱਜੇ। ਉਸ ਵੇਲੇ ਦੀ ਹਾਲਤ, ਮੈਂ ਹੀ ਜਾਣਦਾ ਹਾਂ, ਜਾਂ ਮੇਰੇ ਸਤਿਗੁਰ। ਬੱਸ ਅਜੇ ਪੂਰੀ ਤਰ੍ਹਾਂ ਰੁਕੀ ਵੀ ਨਹੀਂ ਸੀ, ਕਿ ਮੈਂ ਬਸ ਤੋਂ ਛਪਾ ਛਪ ਉਤਰਿਆ ਤੇ ਨਾਲੀ ਕੋਲ ਅਪੜ ਉਲਟੀਆਂ ਕਰਨ ਲੱਗਾ। 'ਪਰ ਵਾਹ! ਚੋਜੀ ਮੇਰੇ ਗੋਬਿੰਦਾ! ਚੋਜੀ ਮੇਰੇ ਪਿਆਰਿਆਂ! ਚੋਜੀ ਮੇਰੇ ਪ੍ਰੀਤਮਾਂ! ਤੇਰੀ ਲਖਤਾ ਕੌਣ ਕਰੇ। ਤੂੰ ਤਾਂ ਮੇਰੇ ਵਾਸਤੇ ਵੈਦ, ਵੈਦਾਂ ਦਾ ਵੈਦ, ਅਫਲਾਤੂ ਨੂੰ ਤਬਾਬਤ ਸਖਾਉਣ ਵਾਲਾ ਸਿੱਧ ਹੋਇਉਂ। ਰੱਬੀ ਬਾਣੀ ਦਰਸਾਉਂਦੀ ਏ:-

**ਮੇਰਾ ਬੈਦੁ ਗੁਰੂ ਗੋਬਿੰਦਾ**
**ਆਇ ਨ ਜਾਇ ਕਬਹੂ ਮਰਤਾ,**
**ਕਾਟੈ ਜਮ ਕੇ ਫੰਦਾ।**

Sri Satguru Jagjit Singh Ji eLibrary NamdhariElibrary@gmail.com

ਬਾਬਾ ਜੀ ਮੁਸਕਰਾਂਦੇ ਮੁਸਕਰਾਂਦੇ ਛਪਾ ਛਪ ਮੇਰੇ ਸਿਰ ਤੇ ਆ ਖਲੋਤੇ ਤੇ ਮਿਹਰ ਭਰਿਆ ਹੱਥ, ਜਿਨ੍ਹਾਂ ਹੱਥਾਂ ਦੀ ਭੱਟਾਂ ਸਲਾਹੁਣੀ ਕੀਤੀ ਏ:-

**ਸਮਰਥ ਗੁਰੂ ਸਿਰਿ ਹਥਿ ਧਰਿਅਉ**

ਪਰ ਇੱਕ ਪੋਲੀ ਜਿਹੀ ਪਟੋਕੀ ਮਾਰੀ ਤੇ ਮੁਖਾਰਬਿੰਦ ਤੋਂ ਉਚਾਰਿਆ 'ਜਥੇਦਾਰਾ! ਕਰ ਉਲਟੀ। ਹੋਰ ਬੇਰ ਖਾਹ।' ਬਾਬਾ ਜੀ ਪਟੋਕੀਆਂ ਮਾਰਨ ਮੈਨੂੰ ਉਲਟੀਆਂ ਆਈ ਜਾਣ। ਫਿਰ ਪਟੋਕੀ, ਫਿਰ ਪਟੋਕੀ, ਫਿਰ ਪਟੋਕੀ, ਫਿਰ ਉਲਟੀ, ਪਤਾ ਨਹੀਂ ਕਿੰਨਾ ਚਿਰ ਇਹ ਖੇਡ ਕਰਦੇ ਰਹੇ। ਮੇਰੀ ਛਾਤੀ ਹੌਲੀ ਹੋ ਗਈ ਤਾਂ ਬਚਨ ਕੀਤਾ, 'ਜਾ! ਉਲਟੀ ਨਹੀਂ ਆਉਂਦੀ; ਤੇਰੀਆਂ ਉਲਟੀਆਂ ਮੁਕਾ ਦਿੱਤੀਆਂ ਹਨ।' ਨਾਲੀ ਤੋਂ ਉਠ ਚੂਲੀ ਕੀਤੀ। ਰਾਤ ਗੁਰਦੁਆਰੇ ਦੇ ਕਮਰੇ ਵਿਚ ਜਾ ਬਿਰਾਜੇ। ਘੂਕਰਾਂ ਦੀ ਨੀਂਦ ਆਈ, ਸਵੇਰੇ ਉਠੇ ਇਸ਼ਨਾਨ ਕੀਤਾ। ਬੱਸ ਡੱਡੇ ਤੇ ਆਏ ਤੇ ਮੰਡੀ ਵੱਲ ਰਵਾਨਾ ਹੋ ਪਏ। ਬੜਾ ਸੁੱਖ, ਬੜਾ ਆਰਾਮ। ਹੁਣ ਕਦੇ ਉਲਟੀਆਂ ਦੀ ਸ਼ਕਾਇਤ ਨਹੀਂ ਹੋਈ। ਉਤਰਾਈ ਹੋਵੇ ਜਾਂ ਚੜ੍ਹਾਈ। ਸਦਾ ਖਿੜਿਆ ਖਿੜਿਆ। ਭਾਵੇਂ ਉਸ ਸਮੇਂ ਇਨ੍ਹਾਂ ਨੂੰ ਬਾਬਾ ਜੀ ਕਹਿ ਕੇ ਬੁਲਾਂਦਾ ਸੀ, ਪਰ ਅੰਦਰ ਦ੍ਰਿੜ੍ਹ ਹੋ ਚੁੱਕਾ ਸੀ, ਇਹ ਬਾਬਾ ਬਾਬਿਆਂ ਦਾ ਵੀ ਬਾਬਾ ਏ। ਪਾਰਸ ਹੋਵੇ ਭਾਵੇਂ ਪਰਬਤ ਹੋਵੇ ਤੇ ਭਾਵੇਂ ਪੰਸੇਰੀ, ਭਾਵੇਂ ਪਾਈਆਂ ਸ਼ਕਤੀ ਉਹੋ। ਲੋਹੇ ਨੂੰ ਕੰਚਣ ਬਣਾ ਸਕਦਾ ਏ ਦੇਰ ਨਹੀਂ ਲਾਉਂਦਾ। ਇਨ੍ਹਾਂ ਦੇ ਜਦ ਦਰਸ਼ਨ ਹੁੰਦੇ ਹਨ, ਮਸਤਕ ਚਰਨਾਂ ਨੂੰ ਛੂਹਣ ਵਾਸਤੇ ਬਿਹਬਲ ਹੋ ਉਠਦਾ ਹੈ ਤੇ ਅੰਦਰਲੇ ਅੰਦਰ ਤਾਰਾਂ ਛਿੜ ਪੈਂਦੀਆਂ ਹਨ ਤੇ ਅਲਾਪ ਉਠਦਾ ਹੈ:-

**ਦੁਖ ਭੰਜਨ ਤੇਰਾ ਨਾਮੁ ਜੀ, ਦੁਖ ਭੰਜਨ ਤੇਰਾ ਨਾਮੁ।**
**ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨ। ਰਹਾਉ**
**ਜਿਤੁ ਘਟਿ ਵਸੈ ਪਾਰ ਬ੍ਰਹਮੁ ਸੋਈ ਸੁਹਾਵਾ ਥਾਉ। (੧)**
**ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ। (੧)**
**ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ।**
**ਓਟਿ ਤੇਰੀ ਜਗ ਜੀਵਨਾ ਮੇਰੇ ਠਾਕੁਰ ਆਗ ਅਗਾਧਿ। (੨)**
**ਭਏ ਕਿਰਪਾਲ ਗੁਸਾਈਆ ਨਠੇ ਸੋਗ ਸੰਤਾਪ।**
**ਤਤੀ ਵਾਓ ਨ ਲਗਈ ਸਤਿਗੁਰ ਰਖੇ ਆਪਿ। (੩)**
**ਗੁਰੁ ਨਾਰਾਇਣ ਦਯੁ ਗੁਰ ਸੱਚਾ ਸਿਰਜਣਹਾਰ।**
**ਗੁਰਿ ਤੁਠੈ ਕਿਛੁ ਪਾਇਆ, ਜਨ ਨਾਨਕ ਸਦ ਬਲਿਹਾਰ। (੪)**

(ਗਉੜੀ ਮਹਲਾ ੫-੨੧੯)

**ਜਥੇਦਾਰ ਸੇਵਾ ਸਿੰਘ**
ਮੰਡੀ, ਹਿਮਾਚਲ ਪ੍ਰਦੇਸ਼

Sri Satguru Jagjit Singh Ji eLibrary NamdhariElibrary@gmail.com

## ਵੈਦ-ਉਲ-ਵੈਦ

ਸੱਦਕੜੇ ਜਾਵਾਂ ਨੀ!
ਇਹ ਵੈਦਾਂ ਦਾ ਵੈਦ!
ਇਹ ਸ਼ਾਹੀ ਤਬੀਬ,
ਇਹ ਸਰਜਨ, ਕੈਪਟਨ, ਮੇਜਰ,
ਧਨੰਤਰ ਤੇ ਅਫਲਾਤੂੰ ਇਸਦੇ ਚਾਟੜੇ।
ਇਹਦੇ ਅਨੇਕ ਦਰਸ਼ਨ,
ਇਹਦੇ ਅਣ-ਗਿਣਤ ਰੂਪ,
ਇਹਦੇ ਕਲਾਵੇ 'ਚ ਅਕਾਸ਼ ਪਤਾਲ,
ਚੰਨ ਸੂਰਜ ਇਸਦੇ ਖੇਨੂੰ,
ਇਹਦਾ ਪਸਾਰ ਤਾਰਿਆਂ ਤੋਂ ਪਰੇ,
ਪਰੇ ਤੋਂ ਪਰੇ।
ਇਹ ਉਹੀ
ਜਿਹਦੇ ਰਿਛਾਂ, ਬਾਂਦਰਾਂ,
ਪਾੜ ਸੁਟੀ ਸੈਨਾ ਰਾਵਣ ਦੀ
ਇਹ ਬਿੰਦਰਾ ਬਨ ਦਾ ਗਵਾਲਾ,
ਓਹੋ ਕਾਨ੍ਹ
ਗੋਪੀਆਂ ਨਾਲ ਰਾਸ ਰਚਾਉਂਦਾ।
ਇਹ ਮੱਝਾਂ ਦਾ ਛੇੜੂ
ਰਾਏ ਭੋਏ ਦੀਆਂ ਚਰਾਂਦਾ ਦਾ,
ਜਿਹੜਾ ਲਹਿ ਲਹਿ ਕਰਦਾ ਸੀ
ਉਜੜੇ ਪੁਜੜੇ ਖੇਤ।
ਉਹੀ,
ਘੜੇ ਤੋੜਨ ਵਾਲਾ ਤੀਰ ਕਮਾਨਾਂ ਨਾਲ
ਹਾਣੀਆਂ ਨਾਲ ਖਿਲੀ ਮਚਾਉਣਾ
ਰੀਗਾ ਮਾਈ ਦੇ ਕਿਨਾਰੇ।
ਇਹ ਮੋਮਨਾਂ ਵਾਸਤੇ ਅੱਲਾ,
ਕਾਫਰਾਂ ਵਾਸਤੇ ਗਫੂਰ।
ਉਹ ਮਸੀਹਾ।

Sri Satguru Jagjit Singh Ji eLibrary NamdhariElibrary@gmail.com

**ਮੇਰਾ ਰਾਂਝਾ ਚਾਰਦਾ ਮੱਝੀ**
**ਭਾਰਤ, ਸਿਆਮ, ਅਫਰੀਕਾ**
**ਯੂਰਪ ਅਮਰੀਕਨਿਆਂ ਦੇ ਝਲਾਂ 'ਚ।**
**ਮਸਤ ਕਰਦਾ ਫਿਰੇ ਵੰਜਲੀ ਵਜਾ,**
**ਨਾਲੇ ਵੰਡਦਾ ਫਿਰੇ ਜੜੀਆਂ ਬੂਟੀਆਂ,**
**ਕਰੇ ਨਵੇਂ ਨਰੋਏ**
**ਲੰਗੜੇ, ਲੂਲੇ, ਅੰਨੇ, ਬੋਲੇ,**
**ਨੇਤਰਾਂ 'ਚ ਅੰਮ੍ਰਿਤ ਛਿੜਕਾ,**

*ਭਾਈ! ਮੈਂ ਤਾਂ ਤੈਥੋਂ ਕੁਝ ਪੁੱਛਣ ਗਿੱਛਣ ਆਇਆ ਸੀ, ਪਰ ਤੂੰ ਮੰਜੇ ਤੇ ਬਹਿੰਦਿਆਂ ਈ ਮਸਤੀ ਦੇ ਗੇੜੇ ਪੈ ਗਿਆ ਏ।'

ਨਹੀਂ ਮਾਸਟਰ ਜੀ! ਮਸਤੀ ਕਾਹਦੀ! ਸੱਚ, ਨੰਗਾ ਸੱਚ, ਵਾਧੂ ਇਕ ਅੱਖਰ ਨਹੀਂ। ਜਿਹੜਾ ਵੇਖਿਆ ਸੁਣਿਆ ਕਿਹਾ ਏ। ਪਰ ਤੁਸੀਂ ਦਸੋ, ਛਕੋਗੇ ਕੀ? ਅਮਰਜੀਤ! ਲਿਆ ਮਾਸਟਰ ਜੀ ਵਾਸਤੇ ਦੁੱਧ।' ਨਹੀਂ, ਮੈਂ ਕੁਝ ਛੱਕਣਾ ਨਹੀਂ, ਹੁਣ ਈ ਪ੍ਰਸ਼ਾਦਾ ਛੱਕ ਕੇ ਆਇਆ ਹਾਂ। ਮੈਂ ਉਹੋ ਜਲ-ਪ੍ਰਸ਼ਾਦ ਛੱਕਾਂਗਾ, ਤੁਸੀਂ ਆਤਮ ਕਥਾ ਸੁਣਾਓ।'

'ਗੱਲ ਤਾਂ ਮੈਂ ਫੇਰ ਸ਼ੁਰੂ ਕਰਾਂਗਾ। ਚਾਟਾ ਛੱਕ ਲੈਂਦੇ ਓ।'

'ਚੰਗਾ, ਚਾਟਾ ਛੱਕ ਲਵਾਂਗਾ।'

'ਤੁਸੀਂ ਕਥਾ ਸ਼ੁਰੂ ਕਰੋ।'

'ਚੰਗਾ ਅਮਰਜੀਤ ਤੂੰ ਚਾਟਾ ਤਿਆਰ ਕਰ ਪਾਣੀ ਖੂਹ ਦਾ ਪਾਈ।'

'ਤੁਸੀਂ ਸ਼ੁਰੂ ਕਰੋ।'

'ਲਓ ਜੀ ਸੁਣੋ! ਦਿਨ ਸਨ! ਸ੍ਰ: ਸਾਹਿਬ ਸਿੰਘ ਮਾਨ ਦੇ ਘਰੋਂ ਚੜ੍ਹ ਗਏ ਸਨ। ਮੈਂ ਚੌਥੇ ਤੇ ਗਿਆ, ਆਉਂਦਿਆਂ ਈ ਬੁਖਾਰ ਚੜ੍ਹ ਗਿਆ। ਇਹ ਗੱਲ ਉਸ ਸਾਲ ਦੀ ਏ ਜਦ ਮਸਤਾਨ ਗੜ੍ਹ ਅਸੂ ਦਾ ਪ੍ਰਯੋਗ ਸੀ। ਬੁਖਾਰ ਨੇ ਹੱਡ ਭੰਨ ਸੁੱਟੇ। ਮਾਸਟਰ ਜੀ! ਤੁਸੀਂ ਜਾਣਦੇ ਹੋ, ਇਸ ਯੁੱਗ ਵਿਚ ਕਾਹਲੀ ਪ੍ਰਧਾਨ ਏ। ਕੰਮ ਵਿਚ ਕਾਹਲੀ ਸਫਰ 'ਚ ਕਾਹਲੀ, ਬਿਮਾਰੀ ਵਿਚ ਕਾਹਲੀ। ਝੱਟ ਸਰਸੇ ਗਿਆ ਤੇ ਡਾ: ਸੋਹਣ ਲਾਲ ਪਾਸੋਂ ਦਵਾਈ ਲਈ। ਇਸ ਦੇ ਨਾਲ ਈ ਡਾਕਟਰ ਨੇ ਕਿਹਾ, ਟਹਿਲ ਸਿੰਘਾ, ਬੁਖਾਰ ਜਾਂਦਾ ਨਹੀਂ ਲੱਭਦਾ। ਚੰਗਾ ਹੋਇਆ ਏ ਵੇਲੇ ਸਿਰ ਅਪੜ ਗਿਆ ਏਂ। ਉਸ ਕੁਝ ਕੈਪਸੂਲ, ਕੁਝ ਗੋਲੀਆਂ, ਤਜਵੀਜ ਕੀਤੀਆਂ। ਦਵਾਈ ਲੈਣ ਦੀ ਡੇਰ ਸੀ। ਅੱਖਾਂ ਬੰਦ

---

* ਟਹਿਲ ਸਿੰਘ (1936) ਪੁੱਤ੍ਰ ਦੁਆਨ ਸਿੰਘ ਮਾਤਾ ਤੇਜ਼ ਕੌਰ ਜਨਮ ਪਿੰਡ ਘਣੀਏ ਕੇ, ਜ਼ਿਲ੍ਹਾ ਗੁਰਦਾਸਪੁਰ। ਹਾਲ ਪਿੰਡ ਨਕੌੜਾ ਜ਼ਿਲ੍ਹਾ ਸਰਸਾ। ਭਜਨ ਸੰਤ ਭਗਤ ਸਿੰਘ ਦਾਤੇਵਾਲ।

Sri Satguru Jagjit Singh Ji eLibrary NamdhariElibrary@gmail.com

ਹੋ ਗਈਆਂ। ਦਿਨ ਦੀਵੀਂ ਅੰਨੇਰ ਛਾ ਗਿਆ। ਮੁਸ਼ਕਲਾਂ ਬਣ ਗਈਆਂ। ਸੱਜਣ ਮਿੱਤਰ ਆਏ, ਪਰ ਸਵਾਏ ਤਲੀਆਂ ਮੱਲਣ ਦੇ ਹੋਰ ਕਰ ਵੀ ਕੀ ਸਕਦੇ ਸਨ। ਖ਼ੈਰ ਫਿਰ ਸਰਸੇ ਵਲ ਮੂੰਹ ਚੁੱਕਿਆ। ਖੀਸਾ ਨੋਟਾਂ ਨਾਲ ਭਰਿਆ। ਗਊਸ਼ਾਲਾ ਵਾਲੇ ਅੱਖਾਂ ਦੇ ਹਸਪਤਾਲ ਪੁੱਜ ਗਏ। ਡਾਕਟਰ ਅੱਖਾਂ ਟੈਸਟ ਕੀਤੀਆਂ। ਦਵਾਈ ਦਿੱਤੀ, ਕੁਝ ਅੱਖਾਂ ਵਿਚ ਪਾਈ, ਪਰ ਸਭ ਬੇ-ਅਰਥ। ਆਖ਼ਰ ਡਾਕਟਰ ਸਾਹਿਬ ਨੇ ਕਿਹਾ ਸਰਦਾਰ ਸਾਹਿਬ ਹੁਣ ਕੁਝ ਨਹੀਂ ਬਣ ਸਕਦਾ, ਅਗਲੇ ਸਾਲ ਉਪ੍ਰੇਸ਼ਨ ਕਰਾਂਗੇ। ਭਗਵਾਨ ਦਇਆ ਕਰੇ, ਦਵਾਈ ਵਰਤੀ ਜਾਓ। ਆ ਲਵੋ ਪਰਚੀ।

'ਮੈਂ ਪਰਚੀ ਲੈ ਘਰ ਮੁੜਿਆ। ਘਰ ਵਿਚ ਸੰਨਾਟਾ ਛਾ ਗਿਆ। ਅਮਰਜੀਤ ਨੂੰ ਹੌਲ ਪੈ ਪੈ ਜਾਣ! ਕੀ ਕਰੀਏ? ਕਿਧਰ ਜਾਈਏ। ਮੁੜ ਖ਼ਿਆਲ ਆਇਆ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨੀਂ ਲਗੀਏ। ਖਬਰੇ ਕੋਈ ਦਵਾਈ ਮਿਲ ਜਾਵੇ।

ਖ਼ੈਰ ਫਿਰ ਵੀ ਚੰਗਾ ਹੋਇਆ ਟਹਿਲ ਸਿੰਘਾ! ਕਰਮਾਂ ਦੇ ਗੇੜ ਹਨ। ਪਰ ਚੰਗੇ ਭਾਗ ਹੋਣ ਤਾਂ ਸਤਿਗੁਰ ਦਾ ਪਾਸਾ ਯਾਦ ਆਉਂਦਾ ਏ ਅਤੇ ਜੇ ਦਿਲੋਂ ਓਹਦੇ ਹੋ ਜਾਈਏ ਤਾਂ ਫਿਰ ਘਾਟਾ ਨਹੀਂ ਪੈਂਦਾ।'

ਮੈਂ ਅਮਰਜੀਤ ਨੂੰ ਕਿਹਾ, ਭਲੀਏ ਲੋਕਣੇ! ਤੂੰ ਬੇਬੇ ਦਲੀਪ ਕੌਰ ਕੋਲ ਜਾਹ, ਉਹ ਕੋਈ ਰਾਹ ਦੱਸਣਗੇ। ਇਹ ਗ਼ਰੀਬਣੀ ਵੀ ਬਚਨ ਮੰਨ ਤੁਰ ਪਈ। ਨਾਲ ਹੀ ਇਸਦੀ ਮਾਤਾ ਆਸ ਕੌਰ। ਪਰ ਦੋਹਾਂ ਦੇ ਮਣ ਮਣ ਦੇ ਪੈਰ। ਅਮਰਜੀਤ ਦੱਸਦੀ ਏ ਕਿ ਅਸੀਂ ਸੋਚੀਏ, ਸਾਡੀ ਕਿਸ ਨੇ ਸੁਨਣੀ ਏ? ਉਹ ਪਾਤਸ਼ਾਹ ਦੇ ਪਾਤਸ਼ਾਹ! ਕਿਤੇ ਵੱਡਿਆਂ ਵਿਚ ਘਿਰੇ ਹੋਣਗੇ। ਸਾਨੂੰ ਕਿਸੇ ਲਾਗੇ ਲੱਗਣ ਨਹੀਂ ਦੇਣਾ। ਕਿਧਰ ਜਾਵਾਂਗੇ? ਕੀ ਕਰਾਂਗੇ। ਹੇ ਸਤਿਗੁਰੂ! ਤੂੰ ਆਪ ਈ ਕਿਰਪਾ ਕਰੀਂ। ਇਹ ਮਾਵਾਂ ਧੀਆਂ ਸ੍ਰੀ ਜੀਵਨ ਨਗਰ ਅਪੜ ਗਈਆਂ। ਜਾਂਦਿਆਂ ਈ, ਮਾਂ ਸੁਲੱਖਣੀ ਦੀ ਜਾਈ ਬੇਬੇ ਦਲੀਪ ਕੌਰ ਦੇ ਦਰਸ਼ਨ ਹੋਏ। ਉਨ੍ਹਾਂ ਕਿਹਾ ਚੰਗਾ ਹੋਇਆ ਤੁਸੀਂ ਆ ਗਈਓਂ ਸਤਿਗੁਰੂ ਜੀ ਮਸਤਾਨ ਗੜ੍ਹ ਹਨ। ਹੁਣੇ ਜਾਓ। ਪਰ ਅਮਰਜੀਤ ਕਿਹਾ, ਸਾਡੀ ਸੁਣੀ ਨਹੀਂ ਜਾਣੀ, ਤੁਸੀਂ ਚਲਕੇ ਸਾਡੀ ਅਰਜ਼ ਕਰੋ। ਖ਼ੈਰ ਤਸੱਲੀ ਦੇ, ਬੇਬੇ ਜੀ, ਇਨ੍ਹਾਂ ਦੋਹਾਂ ਨੂੰ ਮਸਤਾਨ ਗੜ੍ਹ ਤੋਰਿਆ। ਇਹ ਅਜੇ ਮਸਤਾਨ ਗੜ੍ਹ ਪੁੱਜੀਆਂ ਨਹੀਂ ਸਨ ਕਿ ਮਸਤਾਨ ਗੜ੍ਹ ਦੇ ਮੰਦਰਾਂ ਤੇ ਖਲੋਤੇ ਸਤਿਗੁਰਾਂ ਦੇ ਦਰਸ਼ਨ ਹੋ ਗਏ। ਇਨ੍ਹਾਂ ਓਧਰ ਮੂੰਹ ਕਰ ਲਿਆ। ਇਨ੍ਹਾਂ ਨੂੰ ਤੱਕ ਸਤਿਗੁਰੂ ਜੀ ਇਸ਼ਾਰਾ ਕੀਤਾ। ਅੰਦਰ ਆ ਜਾਓ। ਜਦ ਇਹ ਮਸਤਾਨ ਗੜ੍ਹ ਦੇ ਵਿਹੜੇ ਵਿਚ ਗਈਆਂ ਤਾਂ ਗਹਿਮਾ ਗਹਿਮੀ ਸੀ। ਕੁਝ ਦਰਸ਼ਨਾਂ ਵਾਲੇ, ਕੁਝ ਅਰਜ਼ਾ ਵਾਲੇ ਖੜੇ ਸਨ। ਸੱਚੇ ਪਾਤਸ਼ਾਹ ਝਭਦੇ ਹੀ ਆ ਗਏ। ਨਿਤਨੇਮ ਦਾ ਅਰਦਾਸਾ ਹੋ ਗਿਆ। ਭੋਗ ਉਪਰੰਤ ਇਹ ਲੜਖੜਾਉਂਦੀਆਂ ਉੱਠੀਆਂ ਤੇ ਸਤਿਗੁਰਾਂ ਦੇ ਸਾਹਮਣੇ ਖਲੋ ਗਈਆਂ ਇਨ੍ਹਾਂ ਸਾਰੀ ਵਿਥਿਆ ਸੁਣਾਈ ਸੱਚੇ ਪਾਤਸ਼ਾਹ ਬਚਨ ਕੀਤਾ, ਇਲਾਜ਼

Sri Satguru Jagjit Singh Ji eLibrary NamdhariElibrary@gmail.com

ਤਾਂ ਹਨ ਹਸਪਤਾਲਾਂ ਵਿਚ ਮੇਰੇ ਕੋਲ ਤਾਂ ਇੱਕੋ ਪੁੜੀ ਹੈ, ਨਾਮਬਾਣੀ ਦੀ। ਭਜਨ ਕਰੋ ਤੇ ਗਲ ਦੁਆਲੇ ਠੰਡਾ ਪਰਨਾ ਵਲੇਟੋ ਤੇ ਪਿੱਠ ਤੇ ਦੋ ਘੰਟੇ ਪਿੱਛੋਂ ਸਾਫ਼ ਗਿੱਲੀ ਮਿੱਟੀ ਦਾ ਲੇਪ ਕਰੋ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰੋ। ਸਵੇਰੇ ਵਾਰਾ ਸੰਤ ਨਗਰ ਏ, ਉੱਥੇ ਆਣਕੇ ਪਤਾ ਦਿਉ। ਇਹ ਹੁਕਮ ਸੁਣ, ਇਹ ਘਰਾਂ ਨੂੰ ਮੁੜ ਆਈਆਂ ਤੇ ਜਿਵੇਂ ਸੱਚੇ ਪਾਤਸ਼ਾਹ ਬਚਨ ਕੀਤਾ ਸੀ, ਉਵੇਂ ਕੀਤਾ। ਅੰਮ੍ਰਿਤ ਵੇਲੇ ਅੱਖਾਂ ਵਿਚ ਰੋਸ਼ਨੀ ਪਰਤ ਆਈ। ਘਰ ਬੈਠਿਆਂ ਈ ਸਤਿਗੁਰਾਂ ਦੇ ਚਰਨਾਂ ਤੇ ਨਮਸਕਾਰਾਂ ਕੀਤੀਆਂ ਤੇ ਵੱਡੇ ਭਰਾ ਮੰਗਲ ਸਿੰਘ ਨੂੰ ਖ਼ਬਰ ਦੇਣ ਲਈ ਘੱਲਿਆ।

ਮੰਗਲ ਸਿੰਘ ਸੰਤ ਨਗਰ ਪੁੱਜਾ। ਅੱਗੇ ਕੀਰਤਨ ਹੋ ਰਿਹਾ ਸੀ। ਚੌਂ ਪਾਸੀਂ ਸ਼ਾਂਤੀ ਸੀ। ਕਿਸੇ ਵੇਲੇ ਆਵਾਜ਼ ਉੱਠਦੀ ਸੀ, ਧੰਨ ਸਤਿਗੁਰੂ ਰਾਮ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ।

ਮੰਗਲ ਸਿੰਘ ਜਾ ਕੇ ਸੀਸ ਨਿਵਾਇਆ ਤੇ ਅਰਜ਼ ਕੀਤੀ ਜੀ ਕਿਰਪਾ ਹੋ ਗਈ ਏ। ਵਾਰੇ ਦੀ ਸਮਾਪਤੀ ਤੇ ਮੇਰੀ ਅਰੋਗਤਾ ਵਾਸਤੇ ਅਰਦਾਸ ਕੀਤੀ ਗਈ। ਬਖਸ਼ਸ਼ਾਂ ਹੋ ਗਈਆਂ, ਜੱਦ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਪੂਰੀ ਜਾਣਕਾਰੀ ਦਿੱਤੀ ਤਾਂ ਬਚਨ ਹੋਇਆ ਬਸ ਇਲਾਜ਼ ਇਹੋ ਠੀਕ ਹੈ। ਕੁਝ ਸਮੇਂ ਉਪਰੰਤ ਨਕੌੜੇ ਸਾਡੇ ਪਿੰਡ, ਹਰਨਾਮ ਸਿੰਘ ਪੱਦੁਰੀ ਵਾਲੇ ਘਰ ਪਾਠ ਦਾ ਭੋਗ ਸੀ। ਸੱਚੇ ਪਾਤਸ਼ਾਹ ਜੀ ਘਰ ਆ ਕੇ ਆਪ ਦਰਸ਼ਨ ਦਿੱਤੇ ਤੇ ਮੇਰੀ ਝਿਮਣੀ ਪੱਟ ਕੇ ਵੇਖ ਆਖਿਉ ਕੇ, ਅੱਖ ਵਿਚ ਕਾਲਾ ਜਿਹਾ ਨਿਸ਼ਾਨ ਹੈ, ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਉਹ ਵੀ ਝੜ ਜਾਏਗਾ। ਘਬਰਾਈਂ ਨਾ। ਤਿੰਨਾਂ ਮਹੀਨਿਆਂ ਪਿੱਛੋਂ ਮਸਤਾਨ ਗੜ੍ਹ ਗਿਆ। ਦਰਸ਼ਨ ਕੀਤੇ। ਸਾਧ ਸੰਗਤ ਵਧਾਈਆਂ ਦਿੱਤੀਆਂ। ਮੈਂ ਸਿਰ ਝੁਕਾਈ ਆਖੀ ਜਾਵਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵਧਾਈਆਂ ਦਿਓ, ਜਿਨ੍ਹਾਂ ਮਿਹਰਾਂ ਕੀਤੀਆਂ ਹਨ।

ਉੱਥੇ ਕਕੜਾਂ ਦਾ ਰਾਮ ਸਿੰਘ ਮਿਲ ਗਿਆ। ਉਸਦੇ ਹੱਥਾਂ ਪੈਰਾਂ ਤੇ ਨੁਕਸ ਸੀ, ਉਸ ਵੀ ਅਰਜ਼ ਕੀਤੀ। ਸੱਚੇ ਪਾਤਸ਼ਾਹ ਬਚਨ ਕੀਤਾ, ਸ੍ਰੀ ਜੀਵਨ ਨਗਰ ਚੱਲੋ। ਅਸੀਂ ਪਲਾਂਘਾਂ ਭਰਦੇ ਸ੍ਰੀ ਜੀਵਨ ਨਗਰ ਆ ਗਏ। ਅੱਗੋਂ ਡਾਕਟਰ ਤ੍ਰਿਲੋਕ ਸਿੰਘ ਮਿਲ ਗਿਆ। ਗ਼ਰੀਬ ਨਿਵਾਜ਼ ਵੀ ਆ ਦਰਸ਼ਨ ਦਿੱਤੇ। ਮਿਹਰਬਾਨ ਜੀ ਆਪ ਸਾਰੀ ਵਾਰਤਾ ਸੁਣਾਈ ਪਰ ਡਾਕਟਰ ਕਿਹਾ, ਜੀ ਇੱਕ ਦਾਰੂ ਅੱਖਾਂ ਵਿਚ ਪਾਣੀ ਚਾਹੀਦੀ ਹੈ, ਪਰ ਗ਼ਬੀਰ ਨਿਵਾਜ਼ ਜੀ ਫ਼ੁਰਮਾਇਆ ਦਾਰੂ ਦੀ ਕੋਈ ਲੋੜ ਨਹੀਂ ਸਾਧ ਸੰਗਤ ਸੱਚ ਜਾਣੋ ਮੈਂ ਕੋਈ ਦਵਾ-ਦਾਰੂ ਨਹੀਂ ਪਾਈ ਕੇਵਲ ਸੱਚੇ ਪਾਤਸ਼ਾਹ ਦੀ ਬਖਸ਼ਸ਼ ਨਾਲ ਅੱਖਾਂ ਠੀਕ ਠਾਕ ਹਨ। ਡਾਕਟਰ ਹੈਰਾਨ ਹਨ ਕਿ ਉਪ੍ਰੇਸ਼ਨ ਤੋਂ ਬਿਨਾਂ ਅੱਖਾਂ ਕਿਵੇਂ ਠੀਕ ਹੋ ਗਈਆਂ? ਮੇਰਾ ਇੱਕੋ ਉੱਤਰ ਹੈ ਮੇਰਾ ਡਾਕਟਰ ਕਮਾਲ ਹੈ, ਮੈਨੂੰ ਹੋਰ ਛਾਣ ਬੀਣ ਦੀ ਲੋੜ ਨਹੀਂ। ਅਮਰਜੀਤ ਲਿਆ ਮਾਸਟਰ ਜੀ ਵਾਸਤੇ ਚਾਟਾ, ਇਹ ਤਾਂ ਭੁੱਲ ਈ ਗਿਆ ਸੀ।'

Sri Satguru Jagjit Singh Ji eLibrary NamdhariElibrary@gmail.com

ਚੰਗਾ ਦੋਵੇਂ ਕਮ ਕਰੀਏ, ਨਾਲੇ ਚਾਣਾ ਛਕੀਏ, ਨਾਲ ਈ ਕਥਾ ਸੁਣੀਏ।'

'ਮੈਂ ਕਿਸ ਕਿਸ ਦਾ ਜ਼ਿਕਰ ਕਰਾਂ। ਮੈਂ ਜਹਾਨ ਦਾ ਦੌਰਾ ਥੋੜ੍ਹਾ ਕੀਤਾ ਹੈ। ਜਗ ਬੀਤੀ ਕਿ ਹੱਡ ਬੀਤੀ? ਲਓ ਹੋਰ ਸੁਣੋ। ਰਾਮ ਸਿੰਘ ਬਾਰੇ ਡਾਕਟਰ ਤ੍ਰਿਲੋਕ ਸਿੰਘ ਕਿਹਾ ਕਿ ਜੀ ਇਸ ਨੂੰ ਜੁਲਾਬ ਦੇਣਾ ਚਾਹੀਦਾ ਹੈ। ਸੱਚੇ ਪਾਤਸ਼ਾਹ ਕਿਹਾ, ਪੋਹ ਦੇ ਮਹੀਨੇ ਵਿਚ ਜੁਲਾਬ ਨਹੀਂ ਦੇਣਾ। ਉਸ ਵੀ ਜੁਲਾਬ ਨ ਲਿਆ, ਕੇਵਲ ਕਿਰਪਾ ਦ੍ਰਿਸ਼ਟੀ ਨਾਲ ਹੱਥ ਪੈਰ ਕੁੰਦਨ ਵਰਗੇ ਹੋ ਗਏ। ਹੋਰ ਸੁਣੋ! ਕਹਾਣੀ ਬੜੀ ਲੰਮੀ ਏ। ਅਸੀਂ ਸਾਰਾ ਪਰਿਵਾਰ ਸਰਸਿਓਂ ਬੱਸ ਵਿਚ ਆ ਰਹੇ ਸਾਂ। ਬੱਸ ਵਿਚ ਅੱਗ ਲੱਗ ਗਈ। ਹਰਜੀਤ ਅੱਗ ਦੀ ਲਪੇਟ ਵਿਚ ਆ ਗਈ। ਬਾਗੜੀਆਂ ਦੇ ਮੁੰਡੇ ਕੁੜੀਆਂ ਵੀ ਲਾਗੇ ਹੀ ਬੈਠੇ ਸਨ। ਬੱਸ ਵਿਚ ਧੂਆਂ ਹੋ ਗਿਆ। ਚੀਕ ਚਹਾੜਾ ਮੱਚ ਗਿਆ। ਮੈਂ ਕੁਝ ਗੱਭਰੂਆਂ ਨਾਲ ਲੈ ਕੇ ਸਵਾਰੀਆਂ ਨੂੰ ਕੱਢਣ ਲੱਗ ਪਿਆ। ਰੌਲੇ ਵਿਚ 4 ਸਾਲਾ ਹਰਜੀਤ ਦੀ ਆਵਾਜ਼ ਕੰਨੀ ਪਈ, ਪਿਤਾ ਜੀ, ਪਿਤਾ ਜੀ! ਸਾਨੂੰ ਵੀ ਕੱਢੋ। ਭੱਜ ਕੇ ਏਧਰ ਆਇਆ, ਅਮਰਜੀਤ ਨੂੰ ਲਿਪਟਾਂ ਵਿੱਚੋਂ ਧੂਹ ਕੇ ਕੱਢਿਆ। ਇਹ ਬੁਰੀ ਤਰ੍ਹਾਂ ਝੁਲਸੀ ਪਈ ਸੀ। ਛਾਤੀ, ਮੂੰਹ, ਹੱਥਾਂ ਵੱਲ ਵੇਖਿਆ ਨਹੀਂ ਸੀ ਜਾਂਦਾ। ਕੋਲ ਬੈਠੀਆਂ ਕੁੜੀਆਂ ਤਾਂ ਥਾਂ ਤੇ ਹੀ ਸੜ ਮੋਈਆਂ। ਇੱਕ ਹੋਰ ਮੁੰਡੇ ਨੇ ਹਸਪਤਾਲ ਜਾ ਕੇ ਸਵਾਸ ਦਿੱਤੇ। ਅਮਰਜੀਤ ਝੁਲਸੀ ਪਈ ਸੀ ਤੇ ਹਰਜੀਤ ਦੋਹਾਂ ਵਿਚਾਲੇ ਠੀਕ ਠਾਕ। ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਕੀਤੀ, ਉਹੋ ਵੀ ਥੋੜ੍ਹੇ ਦਿਨਾਂ ਪਿੱਛੋਂ ਠੀਕ ਠਾਕ ਹੋ ਗਈ, ਪਰ ਹੱਥ ਨਾ ਠੀਕ ਹੋਏ। ਡਾਕਟਰਾਂ ਵੀ ਬਥੇਰੀ ਵਾਹ ਲਾਈ, ਉਹ ਵੀ ਅਕਾਰਥ। ਪਾਤਸ਼ਾਹ ਹਸਪਤਾਲ ਗਏ ਤੇ ਸਹਿਜ ਸੁਭਾ ਬਚਨ ਕੀਤਾ, ਹੱਥਾਂ ਨਾਲ ਗੱਤਾ ਬੰਨੋ, ਸਵੇਰੇ ਖੋਲਕੇ ਮੁੱਠ ਬੰਦ ਕਰੋ, ਖੋਲੋ, ਬੰਦ ਕਰੋ, ਖੋਲੋ। ਇਸੇ ਤਰ੍ਹਾਂ ਕਰਨ ਨਾਲ ਹੱਥ ਠੀਕ ਹੋ ਗਏ, ਕੇਵਲ ਪਿਛਲੇ ਪਾਸੇ ਹੱਥ ਦੇ ਜ਼ਖ਼ਮ ਨਸੂਰ ਬਣ ਗਿਆ, ਬਾਹਾਂ ਦੀਆਂ ਨਾੜਾਂ ਵੀ ਮੋਟੀਆਂ ਹੋ ਗਈਆਂ। ਗ਼ਰੀਬ ਨਿਵਾਜ਼ ਜੀ! ਮੁੜ ਬਚਨ ਕੀਤਾ 'ਮਿੱਟੀ ਲਾਓ' ਬਸ ਮਿੱਟੀ ਕੀ ਸੀ, ਉਹ ਸੀ ਅਕਸੀਰ। ਹੱਥ ਨਵਾਂ ਨਰੋਆ।

ਨਿੱਕਾ ਹਰਜੀਤ ਘਰ ਪੁਜਾ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਵੇਖ, ਭੱਜ ਕੇ ਹਿੱਕ ਨਾਲ ਲਾ ਲਈ ਤੇ ਕਿਹਾ, ਪਿਤਾ ਜੀ ਇਸ ਬਾਬੇ ਨੇ ਮੈਨੂੰ ਅੱਗ ਤੋਂ ਬਚਾਇਆ ਸੀ। ਪਿਛਲੇ ਸਾਲ ਖੱਬੇ ਪੈਰ ਤੇ ਸੱਪ ਲੜ ਗਿਆ। ਮੁੜ ਅਰਦਾਸ ਕੀਤੀ ਤੇ ਜੀਵਨ ਵਿੱਚ ਮੋੜਾ ਪੈ ਗਿਆ, ਭਾਵੇਂ 5-6 ਮਹੀਨੇ ਮੰਜੇ ਤੇ ਪਿਆ ਰਿਹਾ, ਕੋਠੀ ਕਾਇਮ ਸੀ, ਕੁਝ ਸਮੇਂ ਸ੍ਰੀ ਕਿਰਪਾਲ ਸਿੰਘ ਮੈਂਬਰ, ਸ੍ਰੀ ਜੀਵਨ ਨਗਰ ਦੀਵਾਨ ਵਿਚ ਸੱਚੇ ਪਾਤਸ਼ਾਹ ਦਰਸ਼ਨ ਦੇ ਰਹੇ ਸਨ। ਮੈਂ ਵੀ ਉੱਥੇ ਜਾ ਕੇ ਦਰਸ਼ਨ ਕੀਤੇ, ਭੁੱਲਾਂ ਬਖਸ਼ਾਈਆਂ। ਹਜ਼ੂਰ ਨੇ ਬਚਨ ਕੀਤਾ, ਪੈਰ ਤੇ ਵੀ ਮਿੱਟੀ ਲਾਇਆ ਕਰ ਹੋਰ ਮਲ੍ਹਮਾਂ ਛੱਡ ਦੇ, ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਕਿਰਪਾ ਕਰਨਗੇ। ਬਚਨ ਮੰਨ ਮਿੱਟੀ

ਲੱਗਾ ਰੱਖਣ ਦੋ ਦੋ ਘੰਟੇ ਪਿੱਛੋਂ ਮਿੱਟੀ ਬਦਲਦਾ ਗਿਆ ਤੇ ਕਿਸਮਤ ਵੀ ਬਦਲਦੀ ਗਈ ਪਾਸਾ ਵੀ ਬਦਲਦਾ ਗਿਆ। ਅੱਜ ਹੋਰ, ਕੱਲ੍ਹ ਹੋਰ, ਡਾਕਟਰਾਂ ਵੱਲੋਂ ਲਾ-ਇਲਾਜ਼ ਜ਼ਖ਼ਮ ਦਿਨਾਂ ਵਿਚ ਠੀਕ ਹੋ ਗਿਆ। ਮੈਨੂੰ ਤਾਂ ਔੜਦਾ ਕੁਝ ਨਹੀਂ, ਮੈਂ ਅਨਪੜ੍ਹ ਗਵਾਰ, ਇਹ ਮਿੱਟੀ ਨਿਰੀ ਮਿੱਟੀ! ਮਿੱਟੀ ਵਿਚ ਜੰਮੀਆਂ ਜੜੀ-ਬੂਟੀਆਂ, ਉਹ ਮਿੱਟੀ; ਕੈਪਸੂਲ ਮਿੱਟੀ; ਦੁਸ਼ਾਂਦੇ ਤੇ ਕਾੜੇ ਮਿੱਟੀ; ਇਹ ਔਸ਼ਧੀਆਂ ਮਿੱਟੀ ਇਹ ਕੁਸ਼ਤੇ ਮਿੱਟੀ ਇਹ ਕੁਸ਼ਤੇ ਮਿੱਟੀ; ਕੈਪਸੂਲ ਮਿੱਟੀ ਟੀਕੇ ਮਿੱਟੀ, ਸਭ ਮਿੱਟੀਓਂ ਮਿੱਟੀ; ਕੇਵਲ ਇਹਦੇ ਚਰਨਾਂ ਦੀ ਧੂਲ, ਮੁਖੜੇ 'ਚੋਂ ਕਿਰਿਆ ਫੁੱਲ, ਨੇਤਰਾਂ ਦਾ ਇਕ ਝਲਕਾਰਾ, ਸੰਜੀਵਨੀ, ਅੰਮ੍ਰਿਤ। ਇਹਦੀਆਂ ਸਿਫ਼ਤਾਂ ਮੈਂ ਕੀ ਕਰਾਂ, ਇਸਦੇ ਗੁਣ ਬ੍ਰਹਮਾ ਕਥਨ ਨਹੀਂ ਕਰ ਸਕਦਾ। ਇਸਦੀ ਉਪਮਾ ਸੁਰਸਵਤੀ ਨਹੀਂ ਕਰ ਸਕਦੀ। ਮੈਂ ਤਾਂ ਇਤਨਾ ਕਹਿ ਸਕਦਾ ਹਾਂ, ਬੇਅੰਤ! ਬੇਅੰਤ!! ਬੇਅੰਤ!!!

**ਟਹਿਲ ਸਿੰਘ ਨਕੌੜਾ**
ਜ਼ਿਲ੍ਹਾ ਸਰਸਾ

Sri Satguru Jagjit Singh Ji eLibrary NamdhariElibrary@gmail.com

# ਸੇਵਾ ਤੋਂ ਮੇਵਾ

ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਭਾਗ ਜਾਗੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਘੋੜਿਆਂ ਤੇ ਦੌਰਾ ਅਰੰਭਿਆ। ਸੱਚੇ ਪਾਤਸ਼ਾਹ ਜੀ ਉਨ੍ਹਾਂ ਦੇ ਹਜ਼ੂਰੀ ਸੇਵਕ, ਪਤਵੰਤੇ ਤੇ ਗੁਰਮੁਖ ਪਿਆਰੇ ਰਾਗੀ ਤੇ ਜਥੇਦਾਰ ਸਭ ਨਾਲ ਸਨ। ਦੁੱਧ ਚਿੱਟੇ ਬਸਤਰ, ਹੰਸਾਂ ਦੀਆਂ ਡਾਰਾਂ। ਇਨ੍ਹਾਂ ਦੇ ਨਾਲ ਈ ਕੁਝ ਮਾਤਾਵਾਂ ਵੀ ਸਨ। ਚੰਗਾ ਵਹੀਰ ਸੀ।

ਸਾਰਾ ਜੱਥਾ ਦਮਦਮਿਓਂ ਰਵਾਨਾ ਹੋਇਆ। *ਮੈਨੂੰ ਵੀ ਨਾਲ ਜਾਣ ਦਾ ਹੁਕਮ ਸੀ, ਅਜੇ ਪਿੰਡੋਂ ਕਿਲੋਮੀਟਰ ਗਏ ਸਾਂ, ਕਿ ਆਗਿਆ ਮੰਗੀ ਤੇ ਬਹਾਨਾਂ ਇਹ ਬਣਾਇਆ ਕਿ ਦਮਦਮਾ ਕੁਆਪ੍ਰੇਟਿਵ ਸੁਸਾਇਟੀ ਦਾ ਸੈਕਟਰੀ ਹਾਂ, ਸੇਲਜ਼-ਮੈਨ ਵੀ ਮੈਂ ਹੀ ਹਾਂ, ਲੋਕਾਂ ਖਾਦ ਲੈਣ ਆਉਣਾ ਏ; ਕੰਮ ਕਿਵੇਂ ਚਲੇਗਾ, ਹਾਹਾਕਾਰ ਮਚੇਗੀ।' ਪਰ ਮੌਜੀ ਠਾਕੁਰ ਆਪਣੀ ਮੌਜ ਵਿਚ ਸਨ ਬਚਨ ਕੀਤਾ, ਚਾਬੀ ਆਪਣੇ ਵੱਡੇ ਭਰਾ ਨੂੰ ਪਹੁੰਚਾ ਦੇ। ਤੂੰ ਸ਼ਿਵ ਸਿੰਘ ਨੂੰ ਚਾਬੀ ਫੜਾ, ਇਹ ਆਪੇ ਪਹੁੰਚਾ ਦੇਵੇਗਾ।' ਮੈਂ ਉਸੇ ਵੇਲੇ ਚਾਬੀ ਸ਼ਿਵ ਸਿੰਘ ਦੇ ਹਵਾਲੇ ਕਰ ਦਿੱਤੀ; ਪਰ ਨਵਾਂ ਢੁਚਰ ਇਹ ਡਾਹਿਆ, 'ਜੀ ਬੀ ਬੀਜਣ ਦੇ ਦਿਨ ਹਨ, ਬਿਆਈ ਕੌਣ ਕਰੇਗਾ?' ਪਰ ਮੇਰਾ ਇਹ ਵਾਰ ਵੀ ਖ਼ਾਲੀ ਗਿਆ ਅਤੇ ਹੁਕਮ ਹੋਇਆ, ਭਰਮ ਨ ਕਰ ਬੀ ਬੀਜਿਆ ਜਾਵੇਗਾ। ਤੂੰ ਨਹੀਂ ਜਾ ਸਕਦਾ।' ਤੇ ਉਸੇ ਵੇਲੇ ਦਰਸ਼ਨ ਸਿੰਘ ਰੋਡੇ ਨੂੰ ਬਿਆਈ ਦੀ ਪੱਕੀ ਕਰ ਦਿੱਤੀ। ਪਰ ਅਗਲੀ ਗੱਲ ਇਹ ਕੀਤੀ। ਪਰ ਜੀ ਮੇਰੇ ਕੋਲ ਤਾਂ ਕੱਛ ਪਰਨਾ ਨਹੀਂ। ਲੈ ਕੱਛ ਪਰਨਾ ਅਸੀਂ ਦੇਂਦੇ ਆਂ, ਰਤਨ ਬਲਵਿੰਦਰ ਵਾਸਤੇ ਕਛਹਿਰੇ ਪਰਨੇ ਦਾ ਪ੍ਰਬੰਧ ਕਰ ਦੇਵੋ। ਹੁਣ ਭੁੱਥੇ ਵਿੱਚੋਂ ਸਾਰੇ ਤੀਰ ਨਿਕਲ ਚੁੱਕੇ ਸਨ, ਮੈਂ ਵੀ ਸਾਧਾਂ ਨਾਲ ਰਲ ਗਿਆ। ਕੀਰਤਨ ਸੁਣਨਾ, ਲੰਗਰ ਛੱਕਣਾ ਤੇ ਮਾੜੀ ਮੋਟੀ ਸੇਵਾ, ਹੋਰ ਕੁਝ ਨਹੀਂ। ਬਿਲਕੁਲ ਨਿਸਚਿੰਤ ਪਰ ਜਦ ਕਦੀ ਵਿਹਲ ਮਿਲੇ। ਮੁੜ ਘਰ ਵਲ ਧਿਆਨ ਦੌੜੇ ਤੇ ਕੰਮ ਕਾਜਾਂ ਦੇ ਜਾਲ ਵਿਚ ਆਪੇ ਈ ਬਝਦਾ ਜਾਵਾਂ।

---

* ਬਲਵਿੰਦਰ ਸਿੰਘ (1938) ਪੁੱਤਰ ਸ੍ਰ: ਕਿਹਰ ਸਿੰਘ, ਮਾਤਾ ਸ਼ਾਮ ਕੌਰ, ਪਿੰਡ ਚੱਕ ਕੂਕਿਆਂ, ਜ਼ਿਲ੍ਹਾ ਸੰਗਰੂਰ ਹਾਲ ਦਮਦਮਾ।

Sri Satguru Jagjit Singh Ji eLibrary NamdhariElibrary@gmail.com

ਖ਼ੈਰ, ਖਾਦ ਦਾ ਕੰਮ ਭਰਾ ਨੇ ਸਾਂਭ ਲਿਆ ਤੇ ਦਰਸ਼ਨ ਨੇ ਸੁਪਰ ਖਾਦ ਦਾ ਛੱਟਾ ਦੇ ਕੇ ਕਣਕ ਬੀਜ ਦਿਤੀ ਤੇ ਸਤਿਗੁਰਾਂ ਦੀ ਹਜ਼ੂਰੀ ਵਿਚ ਦਮਦਮਿਓਂ ਹਾਰਨੀ, ਹਾਰਨੀ ਤੋਂ ਦੂਜੀ ਹਾਰਨੀ, ਉੱਥੋਂ ਕਰੀ ਵਾਲ ਛੋਟਾ ਵੱਡਾ ਧਰਮਪੁਰਾ, ਜੀਵਨ ਨਗਰ ਨਕੌੜਾ। ਮੈਂ 7 ਦਿਨ ਨਾਲ ਰਿਹਾ। ਖ਼ੁਸ਼ੀਆਂ ਲੈ ਘਰ ਮੁੜਿਆ। ਤੇ ਲੱਤ ਤੇ ਲੱਤ ਧਰ ਬਹਿ ਗਿਆ। ਕਦੀ ਖੇਤ ਜਾਣਾ, ਫੇਰਾ ਮਾਰਨਾ, ਮਾਸਟਰ ਜੀ ਸੱਚ ਜਾਣਿਓਂ! ਮੇਰੀ ਫਸਲ ਵੇਖ ਵੇਖ ਕੇ ਸਭ ਹੈਰਾਨ 24-24 ਕੁਇੰਟਲ ਕਿਲੇ ਦਾ ਝਾੜ ਝੜਿਆ, ਮੌਜ ਮੇਲਾ ਵੱਖਰਾ ਤੇ ਖ਼ੁਸ਼ੀਆਂ ਦੇ ਲਹਿਰ ਬਹਿਰ। ਇਹ 1967 ਦੀ ਵਾਰਤਾ ਏ, ਅੱਗੋਂ ਸੁਣੋ ਦਮਦਮੇਂ ਦਾ ਪ੍ਰਯੋਗ ਮੇਲਾ। ਮੇਰੇ ਵਾਸਤੇ ਇੱਕ ਹੋਰ ਪ੍ਰੀਖਿਆ ਆਈ।

ਬਲਵਿੰਦਰ ਸਿੰਘ! ਤੂੰ ਪ੍ਰੀਖਿਆ ਨ ਕਹੋ, ਇਹ ਤਾਂ ਪ੍ਰੀਤਮ ਦੇ ਚੌਜ ਹਨ, ਜਿਹੜਾ ਇਨ੍ਹਾਂ ਦੇ ਹੁਕਮ ਤੇ ਚੱਲਦਾ ਏ, ਉਹਨਾਂ ਦੇ ਸਾਰੇ ਕੰਮ ਸਤਿਗੁਰ ਆਪ ਕਰਦਾ ਹੈ। ਗੁਰੂ ਜੀ ਫ਼ੁਰਮਾਇਆ ਹੈ:-

ਆਸਾ ਮਹਲਾ ੫

**ਅਪਨੇ ਸੇਵਕ ਕੀ ਆਪੇ ਰਾਖੈ,**
**ਆਪੇ ਨਾਮੁ ਜਪਾਵੈ।**
**ਜਹ ਜਹ ਕਾਜ ਕਿਰਤ ਸੇਵਕ ਕੀ,**
**ਤਹਾ ਤਹਾ ਉਠਿ ਧਾਵੈ। (੧)**
**ਜੋ ਜੋ ਕਹੈ ਠਾਕੁਰ ਪੈ ਸੇਵਕ,**
**ਸੇਵਕ ਕਉ ਨਿਕਟੀ ਹੋਇ ਦਿਖਾਵੈ।**
**ਤਤ ਕਾਲ ਹੋਇ ਆਵੈ॥** (ਰਹਾਓ, ਪੰਨਾ ੪੦੩)

'ਤੂੰ ਤਾਂ ਬੜਾ ਭਾਗਾਂ ਵਾਲਾ ਹੈਂ ਜਿਸ ਨੂੰ ਇਹ ਸੇਵਾ ਦਾ ਉੱਦਮ ਬਖਸ਼ਦਾ ਹੈ।'

'ਮਨ ਕਮਲਾ ਤਾਂ ਥਿੜਕਦਾ ਰਹਿੰਦਾ ਏ, ਪਾਰੇ ਵਾਂਗੂੰ ਟਿਕਦਾ ਨਹੀਂ, ਪਰ ਫਿਰ ਵੀ ਇਤਨੀ ਬਖਸ਼ਿਸ਼ ਜ਼ਰੂਰ ਏ ਤੇ ਅੱਜ ਤਕ ਕਿਸੇ ਬਚਨ ਤੋਂ ਨਾਂਹ ਨਹੀਂ ਕੀਤੀ।'

'ਤੂੰ ਧੰਨ ਭਾਗ ਜਾਣ! ਜਿਸ ਨੇ ਕਦੇ ਬਚਨ ਨਹੀਂ ਭੰਨਿਆ।' ਹਾਂ ਜੀ! ਅਗਲੀ ਘਟਨਾ ਇਉਂ ਏ ਕਿ 1972 ਵਿਚ ਸਾਡੇ ਨਗਰ ਸਲਾਨਾ ਪ੍ਰਯੋਗ ਸੰਤ ਨਿਧਾਨ ਸਿੰਘ ਤੇ ਉਨ੍ਹਾਂ ਦੇ ਨਾਲ ਭਰਾਵਾਂ ਦੇ ਉੱਦਮ ਨਾਲ ਹੋਣ ਦਾ ਪ੍ਰੋਗਰਾਮ ਬਣਿਆ। ਸੱਚੇ ਪਾਤਸ਼ਾਹ ਜੀ ਬਾਹਰ ਕੁਟੀਆ ਵਿਚ ਬਰਾਜਮਾਨ ਸਨ ਕਿ ਦਾਸ ਨੂੰ ਉੱਥੇ ਪੁੱਜਣ ਦਾ ਹੁਕਮ ਹੋਇਆ। ਹੁਕਮ ਸੁਣਦਿਆਂ, ਡੇਰੇ ਪੁੱਜਾ ਨਮਸਕਾਰ ਕੀਤੀ ਤੇ ਸਫ ਤੇ ਬਹਿ ਗਿਆ, 'ਬਲਵਿੰਦਰ ਸੁਣ ਲੈ! ਮਹੀਨਾ ਭਰ ਖੇਤ ਨਹੀਂ ਜਾਣਾ ਮੇਲੇ ਵਿਚ ਸੇਵਾ ਕਰਨੀ ਏ, ਤੇਰਾ ਕੰਮ ਭਾਵੇਂ ਹੋਵੇ ਨਾ ਹੋਵੇ ਇੱਥੋਂ ਗ਼ੈਰ ਹਾਜ਼ਰ ਨਹੀਂ ਹੋਣਾ।'

Sri Satguru Jagjit Singh Ji eLibrary NamdhariElibrary@gmail.com

'ਸਤਿ ਬਚਨ ਜੀ! ਆਪ ਦੀ ਕ੍ਰਿਪਾ ਚਾਹੀਦੀ ਏ।' ਮੇਲਾ ਸ਼ੁਰੂ ਹੋ ਗਿਆ, ਤੜਕੇ ਆਸਾ ਦੀ ਵਾਰ ਵਾਸਤੇ ਸਫਾਂ ਵਿਛਾਣੀਆਂ ਭੋਗ ਉਪਰੰਤ ਚੁੱਕਣੀਆਂ, ਦਸ ਵਜੇ ਦੇ ਪ੍ਰੋਗਰਾਮ ਵਾਸਤੇ ਪ੍ਰਬੰਧ ਕਰਨਾ? ਮੁੜ ਨਿਤਨੇਮ ਵਾਸਤੇ ਤੇ ਫੇਰ ਸੰਭਾਲਣਾ। ਹੋਰ ਭੱਜ ਦੌੜ ਵੱਖਰੀ। ਦਸ ਦਿਨ ਸੇਵਾ ਕੀਤੀ, ਮੁੜ ਲੰਗਰ ਦੀ ਸੇਵਾ ਸੌਂਪੀ ਗਈ ਅਰਜ਼ ਕੀਤੀ ਜੀ ਸਿਪਾਹੀ ਦਾ ਕੰਮ ਕੀ? ਲੜਨਾ, ਜਿੱਤਣ ਹਾਰਨ ਦਾ ਸਿਪਾਹੀ ਦਾ ਕੰਮ ਨਹੀਂ। ਪਰ ਜੋ ਕੰਮ ਕਰੋ ਦਿਲ ਨਾਲ, ਨੀਮਦਿਲੀ ਨਹੀਂ ਚਾਹੀਦੀ।'

ਪਰ ਦਿਲ ਕੀ ਕਰੇਗਾ? ਜਦ ਆਪ ਈ ਰਾਹ ਵਿਚ ਰੋੜੇ ਖਿਲਾਰ ਦੇਵੇ।'

'ਇਹ ਸਭ ਕੁਝ ਪ੍ਰੇਮ ਦੀ ਛਲ ਦੇ ਵੇਗ ਨੂੰ ਉਚੇਰਾ ਕਰਨ ਖ਼ਾਤਰ ਹੁੰਦਾ ਏ।'

'ਹੁੰਦਾ ਹੋਵੇਗਾ, ਪਰ ਉਹ ਅੱਖਾਂ ਵੀ ਤਾਂ ਮਿਲਣੀਆਂ ਚਾਹੀਦੀਆਂ ਹਨ। ਮੇਰੀ ਸਿੱਖਣੀ ਨੂੰ ਅਜਿਹਾ ਰੋਗ ਚੰਬੜਿਆ ਕਿ ਰਾਣੀਏ ਸਿਵਲ ਹਸਪਤਾਲ ਵਿਚ ਖੜਨੀ ਪਈ। ਉੱਥੇ ਉਸਦਾ ਉਪ੍ਰੇਸ਼ਨ ਹੋਇਆ। ਘਰ ਵਿਚ ਕੋਈ ਸੰਭਾਲ ਕਰਨ ਵਾਲਾ ਸਿਆਣਾ ਸੱਜਣ ਨਹੀਂ ਸੀ ਸਾਰੇ ਡਡਾਂ ਦੀ ਪਨਸੇਰੀ। ਵਿਚਾਰੇ ਬਾਲ ਲਿਲਾਂ ਲੈਣ। ਸਿਰ ਤੇ ਵਿਹੜਾ ਚੁੱਕਿਆ ਹੋਇਆ। ਮੱਝਾਂ ਨੂੰ ਚੋਣ ਵਾਲਾ ਵੀ ਕੋਈ ਨ, ਬਾਕੀ ਭਰਾ ਭੈਣ ਵੀ ਮੇਲੇ ਵਿਚ। ਮੈਨੂੰ ਵੀ ਬੁਖਾਰ ਹੋ ਗਿਆ। ਤੇ ਬੁਖਾਰ ਵੀ ਤਕੜਾ, ਉਹ ਆਖੇ ਮੈਂ ਅੱਜ ਈ ਸਾਰੀ ਕਸਰ ਕੱਢਣੀ ਏ। ਸਤਿਗੁਰਾਂ ਦੇ ਚਰਨਾਂ ਵਲ ਧਿਆਨ ਗਿਆ ਤੇ ਅੰਦਰੋਂ ਅੰਦਰੀ ਸੋਚ ਦੇ ਕਿਲ੍ਹੇ ਉਸਾਰੇ ਅਤੇ ਆਖੀ ਜਾਵਾਂ ਵਾਹ ਸਤਿਗੁਰੂ! ਤੂੰ ਆਪ ਈ ਗੱਲ ਬਲਾ ਪਾਨਾਂ ਏ ਅਤੇ ਮੁੜ ਆਪ ਈ ਸਹਾਰਾ ਦੇਂਦਾ ਏ। ਬਖਸ਼ਿਸ਼ ਐਸੀ ਹੋਈ ਕਿ ਔਖਾ ਸੌਖਾ ਹੋ ਕੇ ਸੇਵਾ ਵਿਚ ਢਿੱਲ ਨਹੀਂ ਪੈਣ ਦਿੱਤੀ। ਦੋਵੇਂ ਵੇਲੇ ਲੰਗਰ ਵਰਤਾ ਆਉਣਾ। ਸੱਚੇ ਪਾਤਸ਼ਾਹ ਜਾਣੀ ਜਾਣ ਹਨ। ਫਿਰ ਵੀ ਇਕ ਸਿੰਘ ਨੇ ਮੇਰੇ ਬਾਰੇ ਅਰਜ਼ ਕਰ ਈ ਦਿੱਤੀ, ਕਿ ਬਲਵਿੰਦਰ ਕਈ ਦਿਨਾਂ ਤੋਂ ਬੁਖਾਰ ਹੁੰਦਿਆਂ ਵੀ ਸੇਵਾ ਕਰਦਾ ਆ ਰਿਹਾ ਹੈ। ਇਕ ਰਾਤ ਬੁਖਾਰ ਨਾਲ ਲੇਟਿਆ ਪਿਆ ਸਾਂ, ਅੰਮ੍ਰਿਤ ਵੇਲਾ ਸੀ, ਕਿ ਮੇਰੇ ਕਮਰੇ ਵਿਚ ਪਊਆਂ ਦਾ ਖੜਾਕ ਹੋਇਆ ਅਤੇ ਸ੍ਰੀ ਠਾਕੁਰ ਦਲੀਪ ਸਿੰਘ ਜੀ ਦੀ ਆਵਾਜ਼ ਕੰਨੀ ਪਈ ਤੇ ਬਲਵਿੰਦਰ ਉਠ! ਚਲ ਸੇਵਾ ਤੇ' ਪਊਆਂ ਦੇ ਖੜਾਕ ਤੇ ਦਬਕੇ ਦੀ ਆਵਾਜ਼ ਨਾਲ ਅੱਖ ਖੁੱਲ ਗਈ, ਪਰ ਸ੍ਰੀ ਠਾਕੁਰ ਜੀ ਦੇ ਦਰਸ਼ਨ ਨਾ ਹੋਏ। ਹਾਂ ਇਕ ਕਾਲੀ ਬਿੱਲੀ ਮੇਰੇ ਮੰਜੇ ਹੇਠੋਂ ਭੱਜੀ ਜਾਂਦੀ ਵੇਖੀ। ਅਸਲ ਵਿਚ ਉਹ ਕਾਲੀ ਬਿੱਲੀ ਬੁਖਾਰ ਈ ਸੀ, ਜਿਸ ਸ੍ਰੀ ਜੀ ਦਾ ਦਬਕਾ ਸੁਣ ਬਿੱਲੀ ਤਾਂ ਭੱਜ ਗਈ ਤੇ ਮੈਂ ਇਸ਼ਨਾਨ ਕਰ ਧਾਰਾਂ ਕੱਢੀਆਂ ਤੇ ਲੰਗਰ ਵਲ ਚਲਾ ਗਿਆ। ਸਤਿਗੁਰਾਂ ਦੀ ਬਖਸ਼ਿਸ਼ ਨਾਲ ਕੋਈ ਸਵਾ ਮਹੀਨਾ ਸੇਵਾ ਕੀਤੀ, ਢਿੱਲ ਨ ਵਖਾਈ, ਗ਼ੈਰ ਹਾਜ਼ਰ ਮੈਂ ਨਾ ਹੋਇਆ। ਸਿਖਣੀ ਦੀ ਪ੍ਰਵਾਰ ਮੈਂ ਨ ਕੀਤੀ। ਬੱਚਿਆਂ ਦਾ ਖ਼ਿਆਲ ਮੈਂ ਨਾ ਲਿਆਂਦਾ। ਖੇਤ ਵਿਚ ਝਾਤੀ ਨਹੀਂ ਪਾਈ। ਭੋਗ ਉਪਰੰਤ

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਬਚਨ ਕੀਤਾ, 'ਬਲਵਿੰਦਰ ਕੋਈ ਤਕਲੀਫ਼ ਤਾਂ ਨਹੀਂ।'

'ਨਹੀਂ ਗ਼ਰੀਬ ਨਿਵਾਜ਼'

'ਚੰਗਾ ਜਾ ਛੁੱਟੀਆਂ'

ਛੁੱਟੀਆਂ ਲੈ ਘਰ ਮੁੜਿਆ ਸਿੱਖਣੀ ਵੀ ਠੀਕ ਹੋ ਗਈ। ਮੱਝਾਂ ਵੀ ਰਾਸ ਆ ਗਈਆਂ। ਖੇਤ ਵਿਚ ਪਾਣੀ ਲਾਣ ਵਿੱਚੋਂ ਛੁੱਟੀ ਹੋ ਗਈ, ਖਾਦ ਪਾਣ ਤੋਂ ਵੀ ਛੁੱਟੀ ਹੋ ਗਈ, ਕਿਸੇ ਕੰਮ ਨੂੰ ਹੱਥ ਨ ਲਾਇਆ ਪਰ ਬੋਲ੍ਹ ਸੰਭਾਲਣ ਨੂੰ ਮੂਹਰੇ। ਉਸ ਵੀ ਟੀਸੀ ਕੱਢੀ - ਮਾਣ ਨਾਲ ਛਾਤੀ ਉਭਰੀ, 4 ਕਿਲਿਆਂ ਵਿੱਚੋਂ 40 ਕੁਇਟਲ ਕਣਕ ਨਿਕਲੀ, ਗੁਆਂਢੀ ਹੈਰਾਨ ਪ੍ਰੇਸ਼ਾਨ ਕਹਿਣ ਬਲਵਿੰਦਰ ਨੇ ਜਾਦੂ ਕੀਤਾ ਈ, ਇਸਦੇ ਵਸ ਵਿਚ ਬਾਹਰਲੇ ਹਨ, ਵੇਖੋ ਸਾਰੇ ਪਿੰਡ ਨਾਲੋਂ ਇਹਦਾ ਨੰਬਰ ਏ ਕੰਮ ਭਾਵੇਂ ਕੋਈ ਨਹੀਂ ਕੀਤਾ। ਪਰ ਭੋਲਿਆ ਉਨ੍ਹਾਂ ਨੂੰ ਕੀ ਪਤਾ? ਧੰਨੇ ਦੇ ਢੱਗੇ ਕੌਣ ਚਾਰਦਾ ਸੀ? ਉਹਦੇ ਵੱਛੇ ਕੌਣ ਬੰਨਦਾ ਸੀ? ਉਸ ਗਾਡੀ ਤੇ ਕੌਣ ਬਹਿ ਖੂਹ ਚਲਾਂਦਾ ਸੀ? ਉਸਦੇ ਕਿਆਰੇ ਕੌਣ ਬੰਨਦਾ ਸੀ? ਇਹ ਉਹੋ ਸ਼ਕਤੀ ਹੈ, ਜਿਹੜੀ ਸੇਵਕਾਂ ਦੇ ਕਾਰਜ ਰਾਸ ਕਰਦੀ ਹੈ। 'ਮੈਨੂੰ ਤਾਂ ਇਉਂ ਭਾਸਦਾ ਏ, ਜੇ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਮਨੁੱਖ ਸਭ ਪਾਸੇ ਛੱਡ ਛਡਾ ਇੱਕੋ ਸਤਿਗੁਰੂ ਦਾ ਪੱਲਾ ਫੜ ਲਵੇ, ਢਿੱਲਾ ਨ ਹੋਣ ਦੇਵੇ? ਪੀਚ ਪਾ ਕੇ ਰੱਖ, ਫਿਰ ਲੱਤ ਤੇ ਲੱਤ ਧਰ ਸੌ ਜਾਵੇ। ਚਿੰਤਾ ਨ ਕਰੇ। ਕੰਮ ਜਾਨਣ ਜਾਂ ਸਤਿਗੁਰ।'

Sri Satguru Jagjit Singh Ji eLibrary NamdhariElibrary@gmail.com

## ਚੀਫ ਜਸਟਿਸ

'ਅਮਰੀਕ! ਅਮਰੀਕ!! ਸ੍ਰੀ ਜੀਵਨ ਨਗਰ ਚੰਗੀ ਗਹਿਮਾ ਗਹਿਮੀ ਏ, ਚਲ ਹੋਲੇ' ਜਦ ਇਹ ਸ਼ਬਦ ਮੇਰੇ ਕੰਨੀਂ ਪਏ ਤਾਂ ਅੱਖਾਂ ਕੰਨਾਂ ਮਗਰ ਦੌੜੀਆਂ ਤਾਂ ਸਾਮ੍ਹਣੇ ਅਤਿ ਸਾਦ ਮੁਰਾਦੇ ਦੁੱਧ ਚਿੱਟੇ ਬਸਤਰਾਂ ਵਿਚ ਸੋਹਣੀ ਮੂਰਤ, ਸੁੰਦਰ ਮੁਖੜਾ, ਹਸੂੰ ਹਸੂੰ ਕਰਦਾ ਖਿੜਿਆ ਚਿਹਰਾ ਸੀਸ ਦੁਆਲੇ ਨੂਰਾਨੀ ਪ੍ਰਕਾਸ਼ ਵਾਲੇ ਬਾਬਾ ਜਗਜੀਤ ਸਿੰਘ ਜੀ ਦੇ ਦਰਸ਼ਨ ਹੋਏ। ਅਗਾਂਹ ਵਧਿਆ, ਚਰਨਾਂ ਤੇ ਸੀਸ ਰਖਿਆ; ਉੱਠਿਆ ਤਾਂ ਨਾਲ ਹੀ ਅੱਖ ਖੁੱਲ ਗਈ। ਉਹੋ ਜੇਲ੍ਹ ਕੋਠੜੀ, ਸੀਖਾਂ ਵਾਲਾ ਦਰਵਾਜ਼ਾ, ਦਰਵਾਜ਼ੇ ਨੂੰ ਮੋਟਾ ਸਾਰਾ ਜੰਦਰਾ, ਕੋਈ ਸੰਨ 57 ਦੀ ਗੱਲ ਏ। ਸ੍ਰੀ ਜੀਵਨ ਨਗਰ ਕਹਿ ਅਲੋਪ ਹੋ ਗਏ, ਪਰ ਮੈਂ ਤਾਂ ਕੈਦੀ ਹਾਂ ਮੇਰੀ ਤਾਂ ਅਗਲਿਆਂ ਜ਼ਮਾਨਤ ਵੀ ਨ ਮਨਜ਼ੂਰ ਕਰ ਦਿੱਤੀ ਏ। ਇਹ ਕਿਵੇਂ ਹੋ ਸਕਦਾ ਏ। ਸੁਪਨਾ ਈ ਏ ਸੁਪਨਾ। ਸੁਪਨੇ ਵਿਚ ਕਈ ਵਾਰ ਬਾਦਸ਼ਾਹ ਬਣ ਜਾਈਦਾ ਏ, ਕੋਈ ਮੁਲਕ ਮਿਲ ਜਾਂਦਾ ਏ? ਕਈ ਵੇਰ ਕਿਸੇ ਸੁੰਦਰੀ ਨਾਲ ਮੁਲਾਕਾਤ ਹੋ ਜਾਂਦੀ ਏ, ਕੋਈ ਲਾੜੀ ਮਿਲ ਜਾਂਦੀ ਏ? ਕਈ ਵੇਰ ਉੱਡਣ ਲੱਗ ਪਈਦਾ, ਕੀ ਖੰਭ ਪੱਕੇ ਮਿਲ ਜਾਂਦੇ ਹਨ? ਮੂੰਹ ਤੇ ਕਪੜਾ ਲੈ ਫਿਰ ਪੈ ਗਿਆ।'

'ਕਹਾਣੀ ਕੀ ਏ?'

'ਕਹਾਣੀ ਕੀ ਦੱਸਾਂ?'

ਇਹ ਤਾਂ ਤੁਹਾਨੂੰ ਪਤਾ ਈ ਏ। ਤੁਸੀਂ ਵੀ ਮੈਨੂੰ ਕਮਿਊਨਿਸਟ ਸਮਝਦੇ ਹੋ, ਤੇ ਵਰਕਰ ਵੀ ਜ਼ਰੂਰ ਹਾਂ। ਪਰ ਗੁਰੂ ਘਰ ਨਾਲ ਸ਼ਰਧਾ ਪੂਰੀ ਏ, ਦੀਵਾਨਾਂ ਵਿਚ ਮੇਰਾ ਆਣਾ ਜਾਣਾ ਜ਼ਰੂਰ, ਸੰਗਤ ਦੇ ਦਰਸ਼ਨ ਕਰਕੇ ਵੀ ਮੇਰਾ ਮਨ ਹਰਾ ਹੋ ਜਾਂਦਾ ਏ; ਪਰ 'ਲੋਗਨ ਸਿਉਂ ਮੇਰਾ ਠਾਠਾ ਬਾਗਾ।' ਇਹ ਵਾਰਤਾ ਪੰਜਵੇਂ ਦੇਹਾਕੜੇ ਦੇ ਅੰਤਲੇ ਦਿਨਾਂ ਦੀ ਏ। ਉਨ੍ਹੀਂ ਦਿਨੀਂ ਬੈਟਰਮੈਂਟ ਦਾ ਰੌਲਾ ਸੀ। ਲੀਡਰੀ ਦਾ ਝਸ ਕਿਹਨੂੰ ਨਹੀਂ ਹੁੰਦਾ। ਇਸ ਸਭ ਤੋਂ ਬੁਰਾ ਏ; ਇਹ ਵੀ ਇੱਕ ਨਸ਼ਾ ਏ, ਜਿਸ ਨੂੰ ਇਹ ਪੈ ਜਾਵੇ, ਲਸੂੜੇ ਦੀ ਲੇਸ

---

**ਨੋਟ:** ਸੱਚੇ ਪਾਤਸ਼ਾਹ ਉਸ ਸਮੇਂ ਅਜੇ ਗੱਦੀ ਤੇ ਬਰਾਜਮਾਨ ਨਹੀਂ ਸਨ। ਇਸ ਵਾਸਤੇ ਇਹ ਸ਼ਬਦ ਵਰਤੇ ਗਏ।

Sri Satguru Jagjit Singh Ji eLibrary NamdhariElibrary@gmail.com

ਵਾਂਗੂ ਪਿੱਛਾ ਨਹੀਂ ਛੱਡਦਾ। ਬਲਦੇਵ ਬਖਸ਼ੀ; ਮੈਂ ਤੇ ਹੋਰ ਪਾਰਟੀ ਲੀਡਰਾਂ ਨੇ ਰੌਲਾ ਪਾਇਆ। ਸਰਕਾਰ ਵੀ ਰੌਲਿਆਂ ਗੌਲਿਆਂ ਨਾਲ ਰਾਜ਼ੀ ਰਹਿੰਦੀ ਏ। ਉਹ ਵੀ ਚਾਹੁੰਦੀ ਏ, ਕਿ ਇੱਟ ਖੜਕਾ ਹੁੰਦਾ ਰਹੇ, ਤਾਂਕਿ ਉਨ੍ਹਾਂ ਦੀ ਪੁੱਛ ਗਿੱਛ ਬਣੀ ਰਹੇ। ਖ਼ੈਰ ਸਾਨੂੰ ਬਗਾਨੇ ਪੁੱਤਾਂ ਅੱਗੇ ਧਰ ਲਿਆ ਤੇ ਜਾ ਕਚਹਿਰੀ ਪੇਸ਼ ਕੀਤਾ। ਉਨੀਂ ਦਿਨੀਂ ਚੌਧਰੀ ਹੁਸ਼ਿਆਰ ਸਿੰਘ ਸਰਸੇ ਦਾ ਐਸ.ਡੀ.ਓ. ਸੀ, ਪਤਾ ਨਹੀਂ ਉਹ ਕੂਕਿਆਂ ਨਾਲ ਕਿਉਂ ਲੱਗਦਾ ਸੀ। ਖਬਰੇ ਉਪਰੋਂ ਤਾਰਾਂ ਹਿਲਦੀਆਂ ਸਨ, ਚੌਧਰੀ ਸਾਹਿਬ ਮੈਨੂੰ ਪੁੱਛਿਆ ਤੇਰੀ ਪੱਗ ਸਿੱਧੀ ਏ?

'ਜੀ ਹਾਂ'

'ਤੂੰ ਕੂਕਾ ਏ?'

'ਸੋਲ੍ਹਾਂ ਆਨੇ।'

'ਕੂਕੇ ਤਾਂ ਦੂਸਰਿਆਂ ਨੂੰ ਘਟੀਆ ਸਮਝਦੇ ਹਨ।'

'ਬਿਲਕੁਲ ਗ਼ਲਤ। ਉਹ ਤਾਂ ਹਰੇਕ ਨਾਲ ਪਿਆਰ ਕਰਦੇ ਹਨ ਤੇ ਸਿਖਾਂਦੇ ਵੀ ਹਨ। ਇਹ ਕਿਸੇ ਨੂੰ ਉੱਚਾ ਨੀਵਾਂ ਨਹੀਂ ਸਮਝਦੇ। ਵੇਖੋ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਗ਼ਰੀਬਾਂ ਨੂੰ ਮੁਫ਼ਤ ਜ਼ਮੀਨਾਂ ਦੇ ਕੇ ਰਾਜੇ ਬਣਾ ਦਿੱਤਾ ਏ। ਉਨ੍ਹਾਂ ਦੇ ਲੰਗਰ ਵਿਚ ਗਊ ਦੀ ਰਤ ਨਾਲ ਲਿਬੜੀ ਛੁਰੀ ਵਾਲੇ ਨੂੰ ਪ੍ਰਸ਼ਾਦਾ ਪ੍ਰਸੰਨ ਹੋ ਕੇ ਛਕਾਂਦੇ ਹਨ। ਤਗੜੇ ਮਾੜੇ ਸਭ ਇਨ੍ਹਾਂ ਵਾਸਤੇ ਬਰਾਬਰ ਹਨ।'

'ਤੂੰ ਕਮਿਊਨਿਸਟ ਨਹੀਂ ਹੋ ਸਕਦਾ। ਕਮਿਊਨਿਸਟ ਕੀ ਤੇ ਮਜ਼੍ਹਬ ਕੀ? ਕੋਈ ਕਮਿਊਨਿਸਟ ਗੁਰੂ ਪੀਰ ਨਹੀਂ ਮੰਨਦਾ। ਤੂੰ ਤਾਂ ਬੰਦੇ ਦੇ ਪੈਰੀਂ ਪੈਂਦੇ ਏ।'

'ਕੋਈ ਮੰਨੇ ਭਾਵੇਂ ਨਾ ਮੰਨੇ, ਮੈਂ ਜ਼ਰੂਰ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਪੂਰੀ ਪੂਰੀ ਸ਼ਰਧਾ ਰੱਖਦਾ ਹਾਂ। ਕਮਿਊਨਿਸਟ ਹਰ ਭਲੇ ਪੁਰਸ਼ ਦੀ ਪ੍ਰਸੰਸਾ ਕਰੇਗਾ ਅਤੇ ਉਸ ਦੀਆਂ ਖ਼ੂਬੀਆਂ ਦਾ ਸਤਿਕਾਰ ਕਰੇਗਾ। ਉਹ ਤਾਂ ਪਾਤਸ਼ਾਹ ਹਨ, ਸੱਚੇ ਪਾਤਸ਼ਾਹ। ਮੇਰਾ ਵਕੀਲ ਰਾਮ ਪ੍ਰਕਾਸ਼ ਗੋਇਲ ਵੀ ਕੋਲ ਖਲੋਤਾ ਸੀ ਉਸ ਕਿਹਾ, ਜਨਾਬ! ਕੋਈ ਕੂਕਾ ਹੋਵੇ ਕੋਈ ਕਮਿਊਨਿਸਟ ਕਨੂੰਨ ਕੀ ਆਖਦਾ ਹੈ? ਤੁਸੀਂ ਕਾਨੂੰਨਾਂ ਅਨੁਸਾਰ ਜਮਾਨਤ ਲਵੋ। ਪਰ ਚੌਧਰੀ ਸਾਹਿਬ ਸਨ ਪੂਰੇ ਚੌਧਰੀ, ਉਨ੍ਹਾਂ ਦੇ ਕੰਨ ਤੇ ਜੂੰ ਨ ਸਰਕੀ ਤੇ ਨ ਕੋਈ ਸਾਡੀ ਗੱਲ ਸੁਣੀ, ਮੇਰੀ ਜਮਾਨਤ ਨ ਮਨਜ਼ੂਰ ਕਰ ਦਿੱਤੀ ਤੇ ਜੇਲ੍ਹ ਭੇਜ ਦਿੱਤਾ।'

'ਭਾਈ ਸਭ ਕੁਝ ਠੀਕ ਕਾਨੂੰਨ ਦੀ ਵਰਤੋਂ ਕਾਨੂੰਨ ਨੂੰ ਚਲਾਉਣ ਵਾਲੇ ਹੱਥ ਜੱਜ ਜਾਂ ਮਜਿਸਟਰੇਟ ਜਿਵੇਂ ਚਾਹੁਣ ਕਾਨੂੰਨ ਦੇ ਕੰਨ ਮਰੋੜ ਸੁੱਟਣ' 'ਖ਼ੈਰ ਰਾਤ ਜੇਲ੍ਹ ਵਿਚ ਗੁਜ਼ਾਰੀ ਤੇ ਓਧਰ ਚੀਫ ਜਸਟਿਸ ਬਾਬਾ ਜੀ ਨੇ ਹਿਸਾਰ ਡੀ.ਸੀ. ਨੂੰ ਅੰਦਰੋਂ ਤਾਰ ਭੇਜੀ, ਡੀ.ਸੀ. ਨੇ ਪ੍ਰਵਾਨ ਕਰ ਹੁਕਮ ਜਾਰੀ ਕਰ ਦਿੱਤੇ।' ਅਮਰੀਕ ਇਹ ਤੇਰੇ ਭਾਣੇ ਸੁਪਨਾ ਸੀ, ਪਰ ਅਸਲ ਸ਼ਕਤੀ ਸਤਿਗੁਰੂ ਦੀ ਸੀ ਜਿਹੜੀ ਕੰਮ ਕਰ ਰਹੀ ਸੀ, ਅਜਿਹੇ ਸੁਪਨੇ ਭਾਗਾਂ ਵਾਲਿਆਂ ਨੂੰ ਨਸੀਬ ਹੁੰਦੇ

Sri Satguru Jagjit Singh Ji eLibrary NamdhariElibrary@gmail.com

ਹਨ। ਸੁਪਨਿਆਂ ਦੀਆਂ ਤਾਬੀਰਾਂ ਬਾਰੇ ਪੁਸਤਕਾਂ ਛੱਪੀਆਂ ਹੋਈਆਂ ਹਨ; ਪਰ ਮਹਾਂ ਪੁਰਸ਼ਾਂ ਬਾਰੇ ਸੁਪਨੇ ਰੱਬੀ ਰਹਿਮਤਾਂ ਦੀਆਂ ਨਿਸ਼ਾਨੀਆਂ ਹੁੰਦੀਆਂ ਨੇ, ਇਹ ਭਾਗਾਂ ਵਾਲਿਆਂ ਨੂੰ ਆਉਂਦੇ ਹਨ।'

'ਇਹ ਤਾਂ ਮੈਂ ਵੀ ਮੰਨਦਾ ਹਾਂ। ਜੱਗ ਬੀਤੀ ਕਿ ਹੱਡ ਬੀਤੀ। ਦਿਨ ਚੜ੍ਹਿਆ। ਕੋਠੜੀ ਦਾ ਦਰਵਾਜ਼ਾ ਖੁੱਲ੍ਹਿਆ। ਮੂੰਹ ਹੱਥ ਧੋਤਾ ਪਰ ਰਾਤ ਵਾਲਾ ਸੁਪਨਾ ਅੱਖਾਂ ਅੱਗੇ ਚੱਕਰ ਕੱਟ ਰਿਹਾ ਸੀ, ਕਿ ਪਿਛਲੇ ਪਹਿਰ ਜੇਲ੍ਹ ਦਾ ਅਰਦਲੀ ਆਇਆ ਤੇ ਆਉਂਦਿਆਂ ਹੀ ਮੁਸਕਰਾਂਦਿਆਂ ਬੋਲਿਆ, 'ਅਮਰੀਕ ਸਿੰਘਾਂ ਮੁਬਾਰਕਾਂ, ਲਿਆ ਮਠਿਆਈ ਤੇਰੀ ਰਿਹਾਈ ਦੇ ਆਰਡਰ ਹਿਸਾਰੋਂ ਆ ਗਏ ਨੇ।' ਇਹ ਸੁਣ ਮੇਰਾ ਚਿਹਰਾ ਚਮਕ ਉਠਿਆ ਤੇ ਮੈਂ ਕੈਦੀ ਭਰਾਵਾਂ ਨੂੰ ਉੱਥੇ ਛੱਡ ਬਾਹਰ ਆ ਗਿਆ ਤੇ ਸਿੱਧਾ ਘਰ ਪੁੱਜਾ। ਘਰ ਵਾਲਿਆਂ ਨੂੰ ਖ਼ੁਸ਼ੀਆਂ ਚੜ੍ਹ ਗਈਆਂ। ਮੈਂ ਲੋੜਾ ਵੇਲਾ ਕੀਤਾ, ਕੱਛ, ਪਰਨਾ ਫੜ ਤਿਆਰ ਹੋ ਪਿਆ, ਸਿੱਖਣੀ ਨੇ ਪੁੱਛਿਆ ਕਿਧਰ?

'ਸ੍ਰੀ ਜੀਵਨ ਨਗਰ।'

'ਕੀ ਕੰਮ?'

'ਹੋਲੇ ਤੇ। ਬਸ ਇਹ ਕਹਿ ਬਾਹਰ ਨਿਕਲਿਆ। ਪਰ ਸਿੱਖਣੀ ਕਿਹਾ, ਮੈਂ ਵੀ ਜਾਵਾਂਗੀ। ਉਸ ਨੂੰ ਕੈਰੀਅਰ ਤੇ ਬਠਾਇਆ ਤੇ ਸਾਈਕਲ ਪੌਣ ਨਾਲ ਗੱਲਾਂ ਕਰਨ ਲੱਗਾ। ਘੰਟੇ ਡੇਢ ਘੰਟੇ ਵਿਚ ਸ੍ਰੀ ਜੀਵਨ ਨਗਰ ਪੁੱਜ ਗਏ। ਧੰਨ ਹਨ ਬਾਬਾ ਜਗਜੀਤ ਸਿੰਘ ਜੀ ਜਿਨ੍ਹਾਂ ਦੇ ਜਾਂਦਿਆਂ ਈ ਦਰਸ਼ਨ ਹੋ ਗਏ। ਚਰਨਾਂ ਤੇ ਢਹਿ ਪਿਆ, ਬਾਬਾ ਜੀ ਮੁਸਕਰਾਂਦਿਆਂ ਮੇਰੇ ਮੋਢੇ ਤੇ ਹੱਥ ਰਖਿਆ ਤੇ ਆਖਿਆ, ਅਮਰੀਕ ਤੇਰੀ ਬੜੀ ਦੇਰ ਤੋਂ ਉਡੀਕ ਕਰ ਰਿਹਾ ਸੀ, ਕਿ ਕਿਤੇ ਭੁੱਲ ਈ ਨ ਗਿਆ ਹੋਵੇ। ਕੋਠਾ ਉਸਰਿਆ ਤੇ ਤਰਖਾਣ ਵਿਸਰਿਆ ਵਾਲੀ ਗੱਲ ਨ ਹੋਵੇ, ਪਰ ਮੈਂ ਇਹ ਵੀ ਜਾਣਦਾ ਸਾਂ ਕਿ ਅਮਰੀਕ ਬਚਨਾਂ ਦਾ ਪੂਰਾ ਏ, ਰਹਿਣ ਵਾਲਾ ਨਹੀਂ। ਚੰਗਾ ਸਾਧ ਸੰਗਤ ਦੇ ਦਰਸ਼ਨ ਕਰ।' ਮੇਰੀਆਂ ਅੱਖਾਂ ਪ੍ਰੇਮ ਹੰਝੂਆਂ ਨਾਲ ਤਰ ਸਨ। ਮੇਲਾ ਵੇਖਿਆ। ਖ਼ੁਸ਼ੀਆਂ ਲੈ ਦੀਵਾਨ ਵਿਚ ਜਾ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਨਮਸਕਾਰ ਕੀਤੀ। ਉਸ ਦਿਨ ਮਾਸਟਰ ਤਾਰਾ ਸਿੰਘ ਵੀ ਆਇਆ ਹੋਇਆ ਸੀ। ਉਹਦੇ ਵਿਚਾਰ ਵੀ ਸੁਣੇ ਤੇ ਭੋਗ ਉਪਰੰਤ ਘਰ ਨੂੰ ਮੁੜਿਆ ਮਨ ਈ ਮਨ ਸੋਚ ਦੇ ਘੋੜੇ ਦੌੜਾ ਰਿਹਾ ਸਾਂ। ਕਿੰਨੀ ਸ਼ਕਤੀ ਦੇ ਮਾਲਕ ਹਨ, ਇਹ ਹਲਕੇ ਫੁਲਕੇ ਬਾਬੇ ਜਿਨ੍ਹਾਂ ਡੀ.ਸੀ. ਉਪਰ ਅੰਦਰੋਂ ਹੁਕਮ ਚਾੜ੍ਹ ਮੇਰੀ ਬੰਦ ਖਲਾਸ ਕਰਵਾ ਸਾਧ ਸੰਗਤ ਦੀ ਧੂੜੀ ਮੱਥੇ ਲਾਉਣ ਦਾ ਮੌਕਾ ਬਖਸ਼ਿਆ।

ਹੋਲਾ ਲੰਘ ਗਿਆ, ਪਰ ਇਹ ਕੌਤਕ ਕਈ ਵੇਰ ਫ਼ਿਲਮ ਵਾਂਗੂ ਅੱਖਾਂ ਸਾਹਮਣੇ ਘੁੰਮਦਾ ਰਹਿੰਦਾ ਏ ਅਤੇ ਉਹ ਸ਼ਹਿਦ ਵਰਗੀ ਮਿੱਠੀ ਆਵਾਜ਼ ਕੰਨਾਂ ਵਿਚ ਗੂੰਜਦੀ ਰਹਿੰਦੀ ਹੈ ਕਿ 'ਹੋਲੇ ਤੇ ਆ! ਸੰਗਤਾਂ ਦੇ ਦਰਸ਼ਨ ਕਰ!' ਹਮੇਸ਼ਾਂ ਸੋਚਦਾ ਹਾਂ, ਕਿੰਨਾ ਉੱਚਾ ਘਰ ਇਹ ਘਰ ਏ! ਕਿੰਨੀਆਂ ਮਹਾਨ

ਸ਼ਕਤੀਆਂ ਦੇ ਮਾਲਿਕ ਹਨ ਇਹ ਸਾਦ ਮੁਰਾਦੇ! ਕਿਨ੍ਹਾਂ ਪਿਆਰ ਜਜ਼ਬਾ ਹੈ ਜਿਹੜੇ ਹੁਮਾਤੜ ਉਝੜਿਆਂ ਥੁੜਿਆਂ ਦਾ ਤੇ ਮੇਰੇ ਵਰਗੇ ਭੁਲੜਾਂ ਦਾ ਵੀ ਖ਼ਿਆਲ ਰੱਖਦੇ ਹਨ। ਮੈਂ ਤਾਂ ਸਮਝਦਾ ਸਾਂ, ਇਹ ਬਹੁਤ ਲਾਗੇ ਰਹਿਣ ਵਾਲਿਆਂ ਦੀ ਸਹਾਇਤਾ ਕਰਦੇ ਹਨ, ਪਰ ਇਹ ਤਾਂ ਨਿਆਸਰਿਆਂ ਦਾ ਵੀ ਬਿਨਾਂ ਕੁਝ ਕਹੇ ਸੁਣੇ ਆਸਰਾ ਹਨ। ਇਹ ਇਸ ਘਰ ਦੀ ਮਹਾਨ ਮਹਾਨਤਾ ਹੈ। ਇਹ ਅੰਦਰ ਦੀ ਗੱਲ ਪਹਿਲੀ ਵੇਰ ਅੱਜ ਤੁਹਾਡੇ ਨਾਲ ਕੀਤੀ ਏ।' 'ਤੂੰ ਭਾਵੇਂ ਜਾਣੇ ਜਾਂ ਨਾ ਜਾਣੇਂ ਸਤਿਗੁਰੂ ਦਾ ਬਿਰਦ ਪਾਲਣ ਦਾ ਸੁਭਾ ਮੁੱਢ ਕਦੀਮਾਂ ਦਾ ਹੈ। ਸੰਸਾਰੀ ਤੇ ਮੰਨਤ ਕਰਨ ਵਾਲਿਆਂ ਤੇ ਛੇਤੀ ਰੀਝ ਪੈਂਦੇ ਹਨ, ਪਰ ਸਵਾਦ ਤਾਂ ਇਸੇ ਵਿਚ ਹੈ, ਕਿ ਬਿਨਾ ਦੱਸੇ ਬਿਨਾ ਕਹੇ ਸੁਣੇ, ਬਿਨਾ ਜਤਾਏ ਕਿਸੇ ਦੇ ਵਿਗੜਿਆਂ ਸਵਾਰੇ ਇਹੋ ਮਹਾਂ ਪੁਰਸ਼ਾਂ ਇਨ੍ਹਾਂ ਦੀ ਮਹਿਮਾ ਕੀਤੀ ਨਹੀਂ ਜਾ ਸਕਦੀ। ਸਤਿਗੁਰ ਵੱਡੇ ਤੋਂ ਵੱਡਾ ਏ ਤਾਂ ਸਦਾ ਦਿਆਲੂ ਏ, ਜੇ ਤੁੱਠ ਪਵੇ ਤਾਂ ਕੱਖਾਂ ਨੂੰ ਤਾਜ ਪਵਾ ਦੇਵੇ, ਕੀੜਿਆਂ ਨੂੰ ਸ਼ਾਹੀ ਸੌਂਪ ਦੇਵੇ, ਗ਼ੁਲਾਮਾਂ ਦੇ ਸੰਗਲ ਤੁੜਾ ਦੇਵੇ।

## ਅਮਰੀਕ ਸਿੰਘ

| | | |
|---|---|---|
| ਪੁੱਤਰ | : | ਵਰਿਆਮ ਸਿੰਘ |
| ਮਾਤਾ | : | ਹਰਨਾਮ ਕੌਰ |
| ਜਨਮ | : | ਗਜਰਾਖ (ਗੁਜਰਾਂਵਾਲਾ) |
| ਭਜਨ | : | ਸੰਤ ਤੇਜਾ ਸਿੰਘ |
| ਜਨਮ | : | 1929 ਈ: |

Sri Satguru Jagjit Singh Ji eLibrary NamdhariElibrary@gmail.com

## ਭਾਂਬੜਾਂ ਤੋਂ ਪੁਸ਼ਪ ਸਿੰਘਾਸਨ

'ਨਰਕ ਨਹੀਂ ਕੁੰਭੀ ਨਰਕ, ਪਰ ਕੀ ਪਤਾ ਕਿ ਕੁੰਭੀ ਨਰਕ ਵੀ ਸੰਭਾਲੇ ਜਾਂ ਨ! ਇਤਨਾ ਵਡਾ ਪਾਪੀ! ਇਤਨਾ ਵੱਡਾ ਕੁਕਰਮੀ!''

'ਕੀ ਖੁਨਾਮੀ? ਮਨੁੱਖ ਸਦਾ ਭੁੱਲਣਹਾਰ। ਕੁਕਰਮ ਹੋ ਜਾਂਦੇ ਹਨ।' 'ਪਰ ਨਹੀਂ ਨਹੀਂ ਮਾਸਟਰ ਜੀ, ਮੈਂ ਜਾਣਦਾ ਹਾਂ ਕਿ ਮੈਂ ਕੀ ਸਾਂ। ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਤੇ ਅਪਾਰ ਕਿਰਪਾ ਕੀਤੀ ਏ। ਮੈਨੂੰ ਬਲਦੇ ਭੱਠ ਵਿੱਚੋਂ ਕੱਢਿਆ ਏ। ਨਹੀਂ ਤਾਂ ਮੇਰੇ ਨਾਲ ਕੀ ਬੀਤਣੀ ਸੀ ਦੱਸ ਨਹੀਂ ਸਕਦਾ। ਗੁਰੂ ਅਮਰ ਦਾਸ ਜੀ ਦਾ ਫ਼ੁਰਮਾਨ ਹੈ:-

**ਸਤਿਗੁਰ ਤੇ ਜੋ ਮੁਹ ਫਿਰੈ ਭਰਮਦੇ ਨ ਟਿਕੰਨਿ**
**ਉਨਾਂ ਧਰਤਿ ਅਕਾਸ਼ ਨ ਝਲਈ ਵਿਚ ਵਿਸ਼ਟਾ ਪਚੈ ਪਚੰਨ।**

ਇੱਕ ਬੇਮੁਖ ਦੂਜੀ ਸੰਗਤ ਖੋਟੀ। ਜਦ ਪੁਰਾਣੇ ਦਿਨ ਯਾਦ ਆਉਂਦੇ ਹਨ, ਤਾਂ ਚੌਤਰਫ਼ੀ ਅੰਨ੍ਹੇਰਾ ਅੰਨ੍ਹੇਰਾ ਜਾਪਣ ਲੱਗ ਪੈਂਦਾ ਏ। ਲੂੰ ਕੰਡੇ ਹੋ ਜਾਂਦੇ ਹਨ; ਭੁਬਾਂ ਨਿਕਲ ਜਾਂਦੀਆਂ ਹਨ। ਸਤਿਗੁਰਾਂ ਦੀ ਉਪਮਾ ਨਹੀਂ ਹੋ ਸਕਦੀ, ਜਿਨ੍ਹਾਂ ਬਲਦੇ ਭੱਟ ਵਿੱਚੋਂ ਕੱਢਿਆ।'

'ਤੇਰੀ ਵਾਰਤਾ ਲੰਮੀ ਜਾਪਦੀ ਏ, ਤੂੰ ਅਸਲ ਗੱਲ ਵੱਲ ਆ' 'ਵਾਰਤਾ ਕਾਹਦੀ ਏ, ਲਹੂ ਪਾਕ ਦੀਆਂ ਛਿੱਟਾਂ। ਮੈਂ ਤਾਂ ਨਾਪਾਕ ਹਾਂ ਤੁਸੀਂ ਸੁਣੋਗੇ ਤਾਂ ਭਰਿਸ਼ਟੇ ਜਾਵੋਗੇ, ਚੰਗਾ ਹੋਵੇ ਤੁਸੀਂ ਸਭ ਦੇ ਭਲੇ ਲਈ ਅਰਦਾਸ ਕਰੋ ਕਿ ਸੱਚੇ ਪਾਤਸ਼ਾਹ ਜਿਹੜੀ ਕਿਰਪਾ ਸੁਚੇਤ ਸਿੰਘ ਤੇ ਕੀਤੀ ਏ, ਅਜੇਹੀ ਸਭ ਤੇ ਕਰਨ। ਤਾਂਕਿ ਸਭ ਰੂਹਾਂ ਪਾਕ ਹੋ ਜਾਣ। ਸਭ ਆਤਮਾਵਾਂ ਪਵਿੱਤਰ ਹੋ ਜਾਣ। ਲੋ ਸੁਣੋ। ਜਵਾਨੀ ਵਿਚ ਪੈਰ ਧਰਿਆ ਨਹੀਂ ਕਿ ਉਸਨੇ ਚੂੰਢੀਆਂ ਭਰਨੀਆਂ ਸ਼ੁਰੂ ਕੀਤੀਆਂ ਨਹੀਂ ਮੈਂ ਸਮਝਦਾ ਸਾਂ ਕਿ ਕੇਵਲ ਮੈਂ ਹੀ ਇੱਕ ਲਾੜਾ ਹਾਂ, ਬਾਕੀ ਸਭ ਬਰਾਤੀ ਹਨ। ਜੋ ਦਿੱਸਦਾ ਏ ਸਭ ਮੇਰੇ ਲਈ ਏ। ਇਹ ਸ਼ਬਾਬ! ਇਹ ਕਬਾਬ! ਇਹ ਸ਼ਰਾਬ! ਸਭ ਇਕੱਠੇ ਹੋ ਟੁਰੇ। ਬਾਬਰ ਬਾਐਸ਼ ਕੋਸ਼ ਕਿ ਆਲਮ ਦੁਬਾਰਾ ਨੇਸਤ-ਚੇਤੂ! ਖਾ ਪੀ ਲੈ ਇਹ ਦੁਨੀਆਂ ਚਾਰ ਦਿਹਾੜੀ ਦੀ ਮਹਿਮਾਨ ਏਂ। ਕਹਿੰਦੇ ਨੇ ਚੰਦਰੇ ਨੂੰ ਚੰਦਰਾ ਸੌ ਕੁਹ ਦਾ ਪੈਂਡਾ ਮਾਰਕੇ ਮਿਲਦਾ ਏ। ਮੇਰੇ ਯਾਰ ਵੀ ਛੱਟੇ ਫੂਕੇ ਸਨ। ਫ਼ਕੀਰ ਸਿੰਘ, ਜੋਗਿੰਦਰ ਸਿੰਘ, ਬਿਕਰਮ ਸਿੰਘ ਮਲੇਰਾਂ ਦਾ। ਸਭ ਚੜਦੇ ਤੋਂ ਚੜਦਾ। ਮਾਸ ਭੁੰਨ ਭੁੰਨ ਖਾਣਾ। ਆਂਡਿਆਂ ਨੂੰ ਅੱਡਾ ਨਹੀਂ ਲੱਗਣ ਦੇਣਾ। ਇੱਕ ਦਿਨ ਮੈਂ ਰੱਜ ਪੁੱਜ

ਘਰੋਂ ਨਿਕਲਿਆ, ਕਿਤੇ ਪਾਣੀ ਪੈਣ ਜੋਗੀ ਵਿਥ ਨਹੀਂ ਸੀ। ਅੱਗੋਂ ਇਕ ਆਂਡਿਆਂ ਦੀ ਟੋਕਰੀ ਮਿਲ ਗਈ। ਪੂਰੇ 40 ਸਨ। ਬਸ ਇੱਕ ਇੱਕ ਕਰਕੇ ਸਾਰੇ ਪੀ ਗਿਆ। ਬੱਚੇ ਵਿਚਾਰੇ ਅੰਦਰ ਬਥੇਰਾ ਚੂੰ ਚੂੰ ਕਰਨ। ਪਰ ਉਨ੍ਹਾਂ ਗ਼ਰੀਬਾਂ ਦੀ ਕੌਣ ਸੁਣੇ। ਸਲੇਰਨੀ ਜਾ ਕੇ ਮਣ ਮਣ ਦੇ ਸੂਰ ਮਾਰਨੇ, ਪਰ ਦੂਜੇ ਦਿਨ ਹੀ ਦੇਗਚੇ ਖ਼ਾਲੀ ਕਰ ਦੇਣੇ। ਫਿਰ ਖਾ ਕੇ ਕਿਹੜਾ ਲੇਟ ਰਹਿਣਾ ਏ। ਮਸਤੀ, ਖਰ ਮਸਤੀ, ਨਹੀਂ ਮਟਰਗਸ਼ਤੀ ਤੇ ਆਵਰਾਗਰਦੀ। ਦੁਨੀਆਂ ਦਾ ਬਕਵਾਸ। ਜਿੱਥੇ ਸਾਡੀ ਢਾਣੀ ਖੜੀ ਹੋਵੇ ਕੀ ਮਜਾਲ ਕੋਈ ਤੀਵੀਂ ਲੰਘ ਜਾਵੇ। ਇੱਕ ਰਾਤ ਖਾ ਪੀ ਬਾਹਰ ਨਿਕਲੇ ਤਾਂ ਕੁਝ ਹੱਥ ਨ ਲੱਗਾ। ਰਾਧਾ ਸੁਆਮੀ ਸਤਿਸੰਗ ਘਰ ਅੱਗੇ ਬੋਰਡ ਲੱਗਾ ਹੋਇਆ ਸੀ, ਉਸ ਨਾਲ ਹੀ ਖਹਿਣਾ ਸ਼ੁਰੂ ਕਰ ਦਿੱਤਾ। ਹਾਸੇ ਬਖੇੜੇ ਵਿਚ ਹੀ ਉਸ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਮਿੰਟਾਂ ਸਕਿੰਟਾਂ ਵਿਚ ਪੁੱਟ ਕੇ ਰਫੂ ਚੱਕਰ ਹੋ ਗਏ। ਉਸ ਨਾਲ ਕਿਹੜੀ ਬੋਤਲ ਆ ਜਾਣੀ ਸੀ ਐਵੇਂ ਆਦਤ ਤੋਂ ਮਜਬੂਰ। ਮੁਕਦੀ ਗੱਲ। ਮੰਦਾ ਖਾਣਾ, ਮੰਦਾ ਬੋਲਣਾ, ਤੇ ਮੰਦਾ ਹੀ ਰਹਿਣਾ।'

'ਜਥੇਦਾਰ ਸਾਹਿਬ! ਫਿਰ ਪਾਸਾ ਕਿਵੇਂ ਪਰਤਿਆ? ਮਿਹਰਾਂ ਕਿਵੇਂ ਹੋਈਆਂ?' 'ਸਮਾਂ ਬੜਾ ਪ੍ਰਬਲ ਏ। ਜਦ ਮਿਹਰਾਂ ਹੋਣੀਆਂ ਹੁੰਦੀਆਂ ਹਨ ਤਾਂ ਕੜਕਦੀ ਦੁਪਹਿਰੇ ਬਦਲੀ ਨਿਕਲ ਆਉਂਦੀ ਏ ਤੇ ਛਹਿਬਰ ਲੱਗ ਜਾਂਦੀ ਏ। ਮੇਰੇ ਨਾਲ ਤਾਂ ਉਵੇਂ ਹੋਈ!

**ਸੇਵ-ਨ ਮਿਲਿਉ ਘਾਲਿ-ਨ ਮਿਲਿਉ**
**ਮਿਲਿਓ ਆਇ ਅਚਿੰਤਾ।**

ਇਹ ਸੁਭਾਵਕ ਹੈ, ਕਿ ਕੋਈ ਪੁਰਸ਼ ਫੁੱਲਾਂ ਕੋਲ ਜਾਵੇ ਜਾਂ ਫੁੱਲ ਕਿਸੇ ਪਾਸ ਜਾਣ ਤਾਂ ਫੁੱਲ ਖੁਸ਼ਬੋਈ ਦੇਣਗੇ। ਤੁਸੀਂ ਚੰਦਨ ਨੂੰ ਛੂਹੋ ਜਾਂ ਚੰਦਨ ਤੁਹਾਡੇ ਨਾਲ ਲੱਗੇ ਤਾਂ ਤੁਹਾਥੋਂ ਲਪਟਾਂ ਆਉਣਗੀਆਂ। ਬਰਫ਼ ਦੇ ਲਾਗੇ ਕੋਈ ਵਿਅਕਤੀ ਜਾਵੇ ਜਾਂ ਕਿਸੇ ਢੰਗ ਨਾਲ ਬਰਫ਼ ਕਿਸੇ ਵਿਅਕਤੀ ਲਾਗੇ ਆ ਜਾਵੇ ਤਾਂ ਵਿਅਕਤੀ ਨੂੰ ਸੀਤਲਤਾ ਜ਼ਰੂਰ ਮਿਲੇਗੀ। ਇਸਦੇ ਵਿਪਰੀਤ ਕੋਈ ਪੁਰਸ਼ ਅੱਗ ਕੋਲ ਜਾਵੇ ਜਾਂ ਅੱਗ ਕਿਸੇ ਵਿਅਕਤੀ ਤੱਕ ਪੁੱਜੇ ਤਾਂ ਉਹ ਸੇਕ ਛੱਡੇਗੀ। ਇਹੋ ਸੁਭਾਉ ਸਾਧੂ ਦਾ ਹੈ। ਜਿਸ ਰਾਹੋਂ ਗੁਜ਼ਰੇਗਾ ਉਹ ਪਵਿੱਤਰਤਾ, ਸਾਦਗੀ, ਸੁਚਮਤਾ, ਰੂਹਾਨੀਅਤ ਨੂੰ ਪ੍ਰਦਾਨ ਜ਼ਰੂਰ ਕਰੇਗਾ। ਭਾਵੇਂ ਅੱਗੋਂ ਭਾਗਾ ਜਾਂ ਅਭਾਗਾ ਅਸਰ ਕਬੂਲ ਕਰੇ ਜਾਂ ਨਾ ਕਰੇ।'

ਇੱਕ ਦਿਨ ਮੈਂ ਫਾਰਗੋ ਹਰਿਗੋਬਿੰਦ ਪ੍ਰੈਸ, ਸੈਸ਼ਨ ਚੌਂਕ ਦਫ਼ਤਰ ਵਿਚ ਬੈਠਾ ਸਾਂ ਕਿ ਸੰਤ ਪਿਆਰਾ ਸਿੰਘ ਜੀ ਹੁਸ਼ਿਆਰਪੁਰ ਵਾਸੀ ਆਏ ਤੇ ਆਖਿਆ 'ਸਰਦਾਰ ਜੀ ਇੱਕ ਰਸੀਦ ਬੁੱਕ ਛਪਵਾਣੀ ਏ?' 'ਜ਼ਰੂਰ ਛਾਪਾਂਗੇ। ਗੋਲੀ ਕਿਹੜੀ ਤੇ ਗਹਿਣੇ ਕਿਦੇ? ਪੇਸ਼ਗੀ ਇੱਕ ਰੁਪਿਆ ਜਮਾਂ ਕਰਾਓ।' ਪਿਆਰਾ ਸਿੰਘ ਰੁਪਿਆ ਮੇਜ਼ ਤੇ ਰੱਖ ਦਿੱਤਾ ਤੇ ਪੁੱਛਿਆ,

Sri Satguru Jagjit Singh Ji eLibrary NamdhariElibrary@gmail.com

'ਸਰਦਾਰਾ! ਨਾਮ ਜਪਦਾ ਹੁੰਦਾ ਏਂ?' ਨਾਮ ਦਾ ਨਾਉਂ ਸੁਣ ਚੇਤ ਸਿੰਘ ਤ੍ਰਬਕ ਉੱਠਿਆ। ਕੰਨ ਚੁੱਕ ਲਏ ਤੇ ਹਸਦਿਆਂ ਪੁੱਛਿਆ 'ਉਹ ਕਾਹਦੇ ਨਾਲ ਖਾਈਦਾ ਏ?' ਨਾਲ ਹੀ ਨਿੱਕੀ ਜਿਹੀ ਮੁਸਕਣੀ ਚਿਹਰੇ ਤੇ ਦੌੜ ਪਸਾਰ ਗਈ। ਜੀਨ ਦਾ ਮਕਸਦ ਤਾਂ ਹੈ ਹੀ ਨਾਮ ਜਪਣਾ, ਜਿਹੜੇ ਨਾਮ ਨਹੀਂ ਜਪਦੇ ਉਹ ਇੱਕ ਪ੍ਰਕਾਰ ਦੇ ਆਤਮਘਾਤੀ ਹਨ। ਨਾਮ ਤੋਂ ਖ਼ਾਲੀ ਮਨੁੱਖ ਮਨੁੱਖ ਨਹੀਂ ਅਖਵਾ ਸਕਦੇ ਉਹ ਪਸ਼ੂ ਹਨ ਤੇ ਉਨ੍ਹਾਂ ਨਾਲੋਂ ਸੱਪ, ਸੂਰ, ਖੋਤੇ ਚੰਗੇ ਹਨ, ਉਨ੍ਹਾਂ ਵਰਗਾ ਕੋਈ ਹੋਰ ਮੂਰਖ ਨਹੀਂ।

**ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ**
**ਕੂਕਰਹ ਸੂਕਰਹ ਗਰਧਭਹ ਕਾਕਹ ਸਰਪ ਨਹ ਤੁਲ ਖਲਹ**

ਇਹ ਸ਼ਬਦ ਸੁਣਦਿਆਂ ਸਾਰ, ਚੇਤ ਸਿੰਘ ਦੀ ਚੇਤਨ ਸ਼ਕਤੀ ਨੂੰ ਹਲੂਣਾ ਵੱਜਾ ਤੇ ਨਿਮ੍ਰਤਾ ਨਾਲ ਕਿਹਾ, 'ਨਾਮ ਸ਼ਾਮ ਤਾਂ ਪੱਲੇ ਨਹੀਂ ਹਾਂ ਸਵੇਰ ਵੇਲੇ ਜਪੁਜੀ ਸਾਹਿਬ ਤੇ ਸੌਣ ਵੇਲੇ ਕੀਰਤਨ ਸੋਹਿਲੇ ਦਾ ਪਾਠ ਕਰ ਹੀ ਲੈਂਦਾ।' ਖਬਰੇ ਅਜੇਹੇ ਪਾਠੀਆਂ ਸੰਬੰਧੀ ਹੀ ਬਾਣੀ ਕਿਹਾ ਹੈ:-

**ਤੈ ਨਰ ਕਿਆ ਪੁਰਾਨੁ ਸੁਨਿ ਕੀਨਾ**
**ਅਨ ਪਾਵਨੀ ਭਗਤਿ ਨਹੀਂ ਉਪਜੀ ਭੂਖੇ ਦਾਨ ਨ ਦੀਨਾ**
**ਕਾਮ ਨ ਬਿਸਰਿਉ ਕਰੋਧੁ ਨ ਬਿਸਰਿਉ ਲੋਭ ਨ ਛੂਟਿਉ ਦੇਵਾ**
**ਪਰ ਨਿੰਦਾ ਮੁਖ ਤੇ ਨਹੀਂ ਛੂਟੀ ਨਿਫਲ ਭਈ ਸਭ ਸੇਵਾ।**

ਪਿਆਰਾ ਸਿੰਘ ਕੰਮ ਤੇ ਚਲਾ ਗਿਆ, ਤੇ ਚੇਤ ਸਿੰਘ ਰਸੀਦ ਛਪਵਾਉਣ ਲੱਗ ਪਿਆ। ਅਗਲੇ ਦਿਨ ਨੌਂ ਵਜੇ ਦੇ ਕਰੀਬ ਮੁੜ ਸੰਤ ਪਿਆਰਾ ਸਿੰਘ ਪ੍ਰੈਸ ਵਿਚ ਪੁੱਜੇ। ਉਨ੍ਹਾਂ ਦੇ ਗਲ ਵਿਚ ਮਾਲਾ ਤੇ ਸਿਰ ਤੇ ਸਿੱਧੀ ਦਸਤਾਰ ਸੀ। ਉਹ ਦੀਦਾਰਾ ਚੇਤ ਸਿੰਘ ਨੂੰ ਪਿਆਰਾ ਲੱਗਾ। ਉਨ੍ਹਾਂ ਜਾਂਦਿਆਂ ਰਸੀਦ ਬੁੱਕ ਬਾਰੇ ਪੁੱਛ ਕੀਤੀ, ਪਰ ਚੇਤ ਸਿੰਘ ਨੇ ਕੁਰਸੀ ਤੇ ਬੈਠਣ ਵਾਸਤੇ ਬੇਨਤੀ ਕੀਤੀ। ਸਾਰੇ ਵਰਕਰਾਂ ਨੂੰ ਚੇਤ ਸਿੰਘ ਬੁਲਾ ਲਿਆ ਤੇ ਆਖਿਆ, ਭਲਿਓ ਲੋਕੋ ਤੁਸੀਂ ਵੀ ਸੰਤਾਂ ਦੇ ਬਚਨ ਸੁਣੋ। ਦਿਹਾੜੀ ਦਾਰਾਂ ਨੂੰ ਕੀ ਚਾਹੀਦਾ ਹੈ, ਜਦ ਮਾਲਕ ਆਪ ਬੁਲਾਏ, ਫਿਰ ਉਨ੍ਹਾਂ ਨੂੰ ਝਾਕਾ ਕਾਹਦਾ। ਉਹ ਸਭ ਆ ਕੇ ਬਹਿ ਗਏ। ਇਹ ਗੱਲ ਉਸ ਸਮੇਂ ਦੀ ਹੈ, ਜਦ ਸਤਿਗੁਰੂ ਜਗਜੀਤ ਸਿੰਘ ਖੋਟੇ ਪਿੰਡ ਅਨੰਦ ਕਾਰਜ ਸ਼ਤਾਬਦੀ ਮਨਾਈ ਸੀ ਤੇ ਚੇਤ ਸਿੰਘ ਦੀ ਉਮਰ ਕੋਈ 34 ਸਾਲ ਦੀ ਸੀ। ਸੰਤਾਂ ਨੂੰ ਲੱਗੀ ਬਾਣੀ ਉਤਰਨ:-

(1) **ਜਿਨੀ ਨਾਮੁ ਵਸਾਰਿਆ ਬਹੁ ਕਰਮ ਕਮਾਵਹਿ ਹੋਰਿ**
**ਨਾਨਕ ਜਮਪੁਰਿ ਬਧੇ ਮਾਰੀ-ਅਹਿ ਜਿਉਂ ਸੰਨੀ ਉਪਰ ਚੋਰ।**

(2) **ਨਾਮ ਬਿਨਾਂ ਜੋ ਪਹਿਰ ਖਾਇ**
**ਜਿਉਂ ਕੂਕਰੁ ਜੂਠਨ ਮਹਿ ਪਾਇ।**

(3) **ਮਰ ਕਿਉ ਨ ਗਏ ਜਿਨਾਂ ਵਿਸਰਿਆ ਨਾਮੁ**
**ਨਾਮੁ ਬਿਹੂਨ ਜੀਵਨ ਕਉਣੇ ਕਾਮ।**

Sri Satguru Jagjit Singh Ji eLibrary NamdhariElibrary@gmail.com

ਇਸ ਨਾਮ ਦੀ ਫੁਹਾਰ ਲਗਾਤਾਰ ਘੰਟਾ ਡੇਢ ਘੰਟਾ ਪੈਂਦੀ ਰਹੀ। ਉਨ੍ਹਾਂ ਇਹ ਗੱਲ ਵੀ ਸਾਫ਼ ਕਰ ਦਿੱਛੀ ਕਿ ਨਾਮ ਦੀ ਪ੍ਰਾਪਤੀ ਗੁਰੂ ਬਿਨਾਂ ਨਹੀਂ ਹੋ ਸਕਦੀ ਤੇ ਸਮੇਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਖਤ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਨ, ਜਿਹੜੇ ਕਲਜੁਗੀ ਜੀਆਂ ਦਾ ਉਧਾਰ ਕਰ ਰਹੇ ਹਨ।

'ਸੰਤ ਜੀ! ਨਾਮ ਦੀ ਗੱਲ ਤਾਂ ਫੇਰ ਕਰਾਂਗੇ, ਪਰ ਇਹ ਦੱਸੋ ਸਤਿਗੁਰੂ ਜਗਜੀਤ ਸਿੰਘ ਜੀ ਕੌਣ ਹਨ? ਦਸਮੇਂ ਪਾਤਸ਼ਾਹ ਪਿੱਛੋਂ ਤਾਂ ਕੋਈ ਗੁਰੂ ਹੋਇਆ ਨਹੀਂ ਗੁਰੂ ਗ੍ਰੰਥ ਸਾਹਿਬ ਗੁਰੂ ਹਨ।'

'ਵਾਹ ਭੋਲਿਆ ਸਰਦਾਰਾ। ਤੁਸੀਂ ਭੁੱਲੇ ਫਿਰਦੇ ਹੋ। ਗ੍ਰੰਥ ਸਾਹਿਬ ਦੀ ਬਾਣੀ ਤਾਂ ਪੁਕਾਰ ਪੁਕਾਰ ਕਹਿੰਦੀ ਹੈ:-

**ਗੁਰਿ ਕੀ ਮੂਰਤਿ ਮਨਿ ਮਹਿ ਧਿਆਨ**
**ਗੁਰਿ ਕੈ ਸ਼ਬਦਿ ਮੰਤ੍ਰ ਮਨੁ ਮਾਨ**
**ਗੁਰਿ ਕੇ ਚਰਨ ਰਿਦੈ ਲੈ ਧਾਰਉ**
**ਗੁਰੁ ਪਾਰ ਬ੍ਰਹਮ ਸਦਾ ਨਮਸਕਾਰਉ**
**ਮਤ ਕਈ ਭਰਮ ਭੂਲੈ ਸੰਸਾਰਿ**
**ਗੁਰ ਬਿਨ ਕੋਇ ਨ ਉਤਰਸਿ ਪਾਰ**

ਇਸ ਤੋਂ ਅੱਗੇ ਬਾਣੀ ਸਪੱਸ਼ਟ ਕਰਦੀ ਹੈ, ਕਿ ਕਿਹੜੇ ਸਮੇਂ ਦੇ ਗੁਰੂ ਦੀ ਚਰਨੀ ਨਹੀਂ ਲੱਗਦੇ, ਉਹ ਦਰ ਦਰ ਠੋਕਰਾਂ ਖਾਂਦੇ ਹਨ:-

**ਹੋਦੇ ਪਰਤਖਿ ਗੁਰੂ ਜੋ ਵਿਛੜੇ ਤਿੰਨ ਕਉ ਦਰਿ ਢੋਈ ਨਾਹੀਂ**
**ਕੋਇ ਜਾਇ ਮਿਲੈ ਤਿੰਨ ਨਿੰਦਕਾਂ ਮੁਹ ਫਿਕੈ ਥੁਕ ਥੁਕ ਮੁਹਿ ਪਾਹੀ**

ਇਹ ਸ੍ਰੀ ਗੁਰੂ ਰਾਮ ਦਾਸ ਜੀ ਦਾ ਉਪਦੇਸ਼ ਹੈ। ਸ੍ਰ: ਸਾਹਿਬ ਕਦੇ ਕਿਸੇ ਜੁਗ ਗ੍ਰੰਥ ਵੀ ਗੁਰੂ ਹੋਇਆ ਹੈ। ਗ੍ਰੰਥ ਤਾਂ ਗੁਰੂਆਂ ਮਹਾਂ ਪੁਰਸ਼ਾਂ ਦੇ ਬਚਨਾਂ ਦਾ ਸੰਕਲਨ ਹੁੰਦਾ ਹੈ। ਸਮੇਂ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਹਨ, ਜਿਹੜੇ ਕਲਿਜੁਗ ਦੇ ਜੀਆਂ ਨੂੰ ਤਾਰ ਰਹੇ ਹਨ। ਜਿਨ੍ਹਾਂ ਤੇ ਉਹਨਾਂ ਦੀ ਕ੍ਰਿਪਾ ਦ੍ਰਿਸ਼ਟੀ ਹੋ ਜਾਂਦੀ ਹੈ, ਉਹ ਨਦਰੀਂ ਨਦਰ ਨਿਹਾਲ ਹੋ ਜਾਂਦੇ ਹਨ। ਉਨ੍ਹਾਂ ਦੇ ਚਰਨਾਂ ਦੀ ਛੂਹ ਕਿਸੇ ਭਾਗਸ਼ੀਲ ਨੂੰ ਪ੍ਰਾਪਤ ਹੁੰਦੀ ਹੈ। ਬਾਣੀ ਜਾਂ ਗ੍ਰੰਥ, ਗੁਰੂ, ਮਹਾਂ ਪੁਰਸ਼, ਸਾਧੂ ਮਹਾਤਮਾ ਦੀ ਉਪਮਾ ਕਰਦੀ ਹੈ। ਸਿੱਖ ਪੰਥ ਦੇ ਵਿਦਵਾਨ ਭਾਈ ਗੁਰਦਾਸ ਜੀ ਗ੍ਰੰਥਾਂ ਤੇ ਗੁਰੂਆਂ ਬਾਰੇ ਸਪੱਸ਼ਟ ਤੌਰ ਤੇ ਕਹਿ ਗਏ ਹਨ:-

**ਬੇਦ ਗਰੰਥ ਗੁਰ ਹਟ ਹੈ, ਜਿਤ ਲਗ ਭਵਜਲ ਪਾਰ ਉਤਾਰਾ**
**ਸਤਿਗੁਰ ਬਾਝ ਨ ਬੂਝੀਐ ਜਿਚਰ ਧਰੈ ਨ ਗੁਰ ਅਵਤਾਰਾ।**

ਪੁਸਤਕਾਂ ਤੇ ਗੁਣਾਂ ਦੇ ਭੰਡਾਰ ਹਨ, ਪਰ ਵਰਤਾਵਾ ਤਾਂ ਸਤਿਗੁਰੂ ਹੈ। ਜਿਸ ਬਾਰੇ ਗੁਰੂ ਅਰਜਨ ਦੇਵ ਜੀ ਦਾ ਕਥਨ ਕਰਦੇ ਹਨ:-

**ਗੁਰੂ ਗੁਰੂ ਗੁਰੂ ਕਰਿ ਮਨ ਮੋਰ**
**ਗੁਰੂ ਬਿਨਾਂ ਮੈਂ ਨਾਹੀਂ ਹੋਰ।**

ਸਰਦਾਰਾ! ਜਿਹੜਾ ਤੂੰ ਕਹਿਨਾਂ ਏਂ ਕਿ ਮਾਸ ਖਾਣਾ ਸ਼ੇਰਾਂ ਦਾ ਕੰਮ ਏ। ਦਸਵੇਂ ਪਾਤਸ਼ਾਹ ਸ਼ਿਕਾਰ ਖੇਡਦੇ ਸਨ ਤੇ ਅਸੀਂ ਵੀ ਖੇਡਦੇ ਹਾਂ ਤੇ ਖਾਂਦੇ ਹਾਂ।' 'ਭਾਈ ਸਾਹਿਬ! ਜੇ ਤੁਹਾਡੇ ਵਿਚਾਰ ਠੀਕ ਹੋਣ ਤਾਂ ਦਸਵੇਂ ਪਾਤਸ਼ਾਹ ਇਹ ਨ ਕਹਿੰਦੇ:-

**ਭਖ ਅਭਖ ਜਾਨੈ ਨਹੀ ਮਦ, ਮਾਸ ਪਰ ਨਾਰ,**
**ਤਹਿ ਚੰਡਾਲ ਤਿਆਗ ਕਰ, ਮੇਰਾ ਸਿਖ ਨ ਨਿਹਾਰ**

ਸੋ ਸਰਦਾਰਾ! ਮਾਸ ਸ਼ਰਾਬ ਰਾਖਸ਼ਾਂ ਦਾ ਖਾਣਾ ਹੈ। ਨਾਮ ਬਿਨਾਂ ਜਨਮ ਜੂਏ ਦੀ ਖੇਡ ਹੈ।'

'ਚੰਗਾ ਸੰਤ ਜੀ' ਚਰਨਾਂ ਤੇ ਹੱਥ ਧਰਦਿਆਂ, 'ਤੁਸੀਂ ਜਿੱਤੇ ਮੈਂ ਹਾਰਿਆ ਇਹ ਕੰਨਾਂ ਨੂੰ ਹੱਥ। ਪਿਛਲੇ ਬਖਸ਼ੋ ਬਖਸ਼ਣ ਵਾਲੇ ਤਾਂ ਸਤਿਗੁਰੂ ਜੀ ਹਨ, ਮੈਂ ਤਾਂ ਭਜਨ ਦਸ ਸਕਦਾ ਹਾਂ, ਮੋਹਰ ਸਤਿਗੁਰਾਂ ਪਾਸੋਂ ਲਵਾ ਲੈਣੀ, ਇਹ ਕਹਿੰਦਿਆਂ ਕੰਨ ਵਿਚ ਭਜਨ ਦਸ ਦਿੱਤਾ। ਹੁਣ ਪੰਜ ਵਜ ਚੁੱਕੇ ਸਨ ਤੇ ਖੱਟੀ ਇਹ ਹੋਈ ਕਿ ਪਿਛਲੀ ਮੈਲ ਧੋਤੀ ਗਈ ਨਵੇਂ ਕੱਪੜੇ ਪਾ ਲਏ। ਹੰਸ ਬਣ ਗਿਆ ਤੇ ਮੋਤੀਆਂ ਦੇ ਚੋਗ ਦੀ ਰੁਚੀ ਬਣ ਗਈ। ਵੈਲਾਂ ਵੱਲੋਂ ਰੁਚੀ ਉਚਾਟ ਹੋ ਗਈ ਲਗੂਣੀ ਚਾਹ ਤੋਂ ਵੀ ਜੀ ਚੁਕਿਆ ਗਿਆ।

**ਕਬੀਰ ਸਤਿਗੁਰੂ ਸੂਰਮੇ ਬਾਹਿਆ ਬਾਨੁ ਜੁ ਏਕੁ।**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ।**

ਚੇਤ ਸਿੰਘ ਦਾ ਰੰਗ ਬਦਲ ਗਿਆ। ਸਾਥੀ ਬਦਲ ਗਏ। ਨਰਕਾਂ ਦੀ ਨੀਂਹ ਹਿਲ ਗਈ। ਦੇਵਗਣਾਂ ਦੀ ਸੜਕ ਵਾਲੇ ਮੋੜ ਵਲ ਪੈ ਗਿਆ।

ਚੇਤ ਸਿੰਘ ਨੇ ਸੁਣਿਆ ਕਿ ਕਾਲੂਵਾਲ ਸਤਿਗੁਰੂ ਜੀ ਆ ਰਹੇ ਸੁਣਦਿਆਂ ਲਾਲੀਆਂ ਚੜ੍ਹ ਗਈਆਂ। ਸ੍ਰੀ ਆਸਾ ਜੀ ਦੀ ਵਾਰ ਸਮੇਂ ਪੁੱਜਣ ਦਾ ਮਨ ਬਣਾ ਲਿਆ। ਸਵੇਰ ਸਾਰ ਸੰਤ ਪਿਆਰਾ ਸਿੰਘ, ਕਿਸ਼ਨ ਸਿੰਘ ਮਸਤਾਨਾ, ਪ੍ਰੀਤਮ ਸਿੰਘ ਤੇ ਗੁਰਬਖਸ਼ ਸਿੰਘ ਦੇ ਨਾਲ ਤਿਆਰ ਹੋ ਗਿਆ। ਪਰ ਟੁਰਨ ਲੱਗਿਆਂ ਮਨ ਨੇ ਫੇਰ ਲਪੇਟਾ ਮਾਰਿਆ ਤੇ ਧਾਰਨਾ ਇਹ ਬਣਾਈ ਕਿ ਗੁਰੂ ਨਾਨਕ ਦੇਵ ਦੀ ਗੱਦੀ ਦਾ ਵਾਰਸ ਤਦ ਜਾਣਾਂਗਾ ਜਦ, ਮੈਨੂੰ ਆਪ ਬੁਲਾਉਣ। ਸਾਰੇ ਭਜਨ ਬਾਣੀ ਕਰਦੇ ਕਾਲੂਵਾਲ ਜਾ ਪੁੱਜੇ।

**ਕਿਰਪਾ ਕਟਾਖ ਅਵਲੋਕਨ ਕੀਨੋ ਦਾਸ ਕਾ ਦੂਖ ਨਿਦਾਰਿਓ**

ਜਦ ਹਜ਼ੂਰ ਨੇ ਸੁਚੇਤ ਸਿੰਘ ਵਲ ਕ੍ਰਿਪਾ ਦ੍ਰਿਸ਼ਟੀ ਕੀਤੀ ਤਾਂ ਅੰਮ੍ਰਿਤ ਦੀਆਂ ਫੁਹਾਰਾਂ ਅੰਦਰ ਪ੍ਰਵੇਸ਼ ਕਰ ਗਈਆਂ। ਸੱਚੇ ਪਾਤਸ਼ਾਹ ਮੰਦ ਮੰਦ ਮੁਸਕਾਏ ਅਤੇ ਬਲਕਾਰ ਸਿੰਘ ਹਜ਼ੂਰੀ ਸੇਵਕ ਨੂੰ ਸੰਬੋਧਨ ਕਰਦਿਆਂ ਪੁੱਛਿਆ! 'ਬਲਕਾਰ! ਤੂੰ ਇਨ੍ਹਾਂ ਨੂੰ ਜਾਣਦਾ ਏ?' ਨਹੀਂ ਗ਼ਰੀਬ ਨਿਵਾਜ਼ ਮੈਂ ਤਾਂ ਨਹੀਂ ਜਾਣਦਾ। ਸੱਚੇ ਪਾਤਸ਼ਾਹ ਮੁੜ ਬਚਨ ਕੀਤਾ। 'ਪੁਰਾਣੇ ਈ ਟੁਰੇ ਆਉਂਦੇ ਨੇ। ਇਹ ਨਵੇਂ

Sri Satguru Jagjit Singh Ji eLibrary NamdhariElibrary@gmail.com

ਨਹੀਂ' ਸੁਚੇਤ ਸਿੰਘ ਗਿੱਟੀਆ ਗਿਣਨ ਲੱਗ ਪਿਆ ਤੇ ਮਨ ਈ ਮਨ ਵਿਚਾਰੇ, ਅੱਗੇ ਦਰਸ਼ਨ ਨਹੀਂ ਹੋਏ। ਕਦੇ ਮੇਲੇ ਮਸਾਧੇ ਵੀ ਨਹੀਂ ਗਿਆ, ਇਹ ਕਹਿੰਦੇ ਨੇ, ਪੁਰਾਣੇ ਈ ਟੁਰੇ ਆਉਂਦੇ ਨੇ। ਖ਼ੈਰ ਭੋਗ ਪੈ ਗਿਆ। ਗ਼ਰੀਬ ਨਿਵਾਜ਼ ਇੱਕ ਖੁੱਲ੍ਹੇ ਕਮਰੇ ਵਿਚ ਚਲੇ ਗਏ ਅਤੇ ਇੱਕ ਕਪੜਾ ਲੈਕੇ ਲੇਟ ਗਏ। ਮੈਂ ਵੀ ਨਵਾਂ ਆਸ਼ਿਕ ਮਗਰੇ ਮਗਰ। ਇਨ੍ਹਾਂ ਦੀ ਨਿਗਾਹ ਕੰਧਾਂ ਵੱਲ ਗਈ ਤਾਂ ਮਨ ਬੜਾ ਹੈਰਾਨ ਹੋਇਆ ਤੇ ਸੋਚਣ ਲੱਗ ਪਿਆ, ਇਹ ਚੰਗਾ ਸਤਿਗੁਰਾਂ ਦੇ ਸਹੁਰਿਆਂ ਦਾ ਘਰ ਏ। ਕੰਧਾਂ ਲਚਰ ਤਸਵੀਰਾਂ ਨਾਲ ਭਰੀਆਂ ਪਈਆਂ ਹਨ। ਪਰ ਇਹ ਸੋਚਦਿਆਂ ਕਿ ਸਤਿਗੁਰੂ ਦੇ ਆਰਾਮ ਵਿਚ ਵਿਘਨ ਨ ਪਵੇ, ਬਾਹਰ ਚਲਾ ਗਿਆ। ਪੰਜ ਸੱਤ ਮਿੰਟ ਹੀ ਬੀਤੇ ਹੋਣਗੇ ਕਿ ਅੰਦਰ ਝਾਤ ਮਾਰੀ ਤਾਂ ਅਜਬ ਨਜ਼ਾਰਾ ਡਿੱਠਾ। ਸਤਿਗੁਰੂ ਜੀ ਇੱਕ ਕੁਰਸੀ ਤੇ ਖਲੋਕੇ ਤਸਵੀਰਾਂ ਪਾੜ ਰਹੇ ਹਨ। ਪਾੜ ਪਾੜ ਦਾਜ ਵਿਛਾ ਦਿੱਤਾ। ਇਤਨੇ ਨੂੰ ਬੀਬੀ, ਸਤਿਗੁਰਾਂ ਦੀ ਸਾਲੇਹਾਰ ਆ ਗਈ। ਸਤਿਗੁਰੂ ਜੀ ਪੁੱਛਿਆ। 'ਬੀਬੀ ਇਹ ਤਸਵੀਰਾਂ? ਬੀਬੀ ਨੇ ਮੂੰਹ ਨੀਵਾਂ ਕਰਦਿਆਂ ਕਿਹਾ, ਗ਼ਰੀਬ ਨਿਵਾਜ਼! ਨਿੱਕੇ ਦੇ ਭਾਪੇ ਨੂੰ ਇਨ੍ਹਾਂ ਦਾ ਸ਼ੌਕ ਏ,' ਇਹ ਮੇਲਾ ਵੇਖ ਸਾਰੇ ਵਾਪਸ ਆ ਗਏ, ਪਰ ਮਨ ਵਿਚ ਜੋਤ ਜਗ ਪਈ। ਤਰੰਗ ਉੱਠਣ ਕਿ ਮੈਂ ਵੀ ਇਹ ਬਾਣਾ ਪਾ ਕੇ ਵੇਖਾਂ।

ਸੁਚੇਤ ਸਿੰਘ ਅਗਲੇ ਦਿਨ ਦਫ਼ਤਰ ਵਿਚ ਬੈਠਾ ਸੀ ਕਿ ਅਚਣਚੇਤ ਦਰਵਾਜ਼ੇ ਅੱਗੇ ਇੱਕ ਜੀਪ ਆ ਕੇ ਰੁੱਕੀ। ਉਠ ਕੇ ਝਾਤ ਮਾਰੀ ਤਾਂ ਮੁਸਕਾਣਾਂ ਦੇ ਮਾਲਿਕ, ਚਿਹਰਾ ਗੁਲਾਬ ਦੇ ਫੁੱਲਾਂ ਵਾਂਗੂੰ ਖਿੜਿਆ, ਪਾਤਸ਼ਾਹ ਦੇ ਦਰਸ਼ਨ ਹੋਏ। ਵਜਦ ਆ ਗਿਆ। ਸੁਚੇਤ ਸਿੰਘ ਦੱਸਿਆ ਏ, 'ਕਿ ਬੋਤਲਾਂ ਸ਼ਰਾਬਾਂ ਦੀਆਂ ਦਾ ਇਤਨਾ ਨਸ਼ਾ ਕਦੇ ਨਹੀਂ ਸੀ ਆਇਆ, ਜਿਤਨਾ ਉਸ ਦਿਨ ਆਇਆ ਸੀ, ਸਾਰੇ ਸ਼ਰੀਰ ਵਿਚ ਬਿਜਲੀ ਦੀਆਂ ਝਰਨਾਟਾਂ ਛਿੜ ਪਈਆਂ' ਕਾਹਲੀ ਕਾਹਲੀ ਉੱਠਿਆ ਤੇ ਚਰਨਾਂ ਤੇ ਸੀਸ ਰਖਿਆ। ਪਾਤਸ਼ਾਹ ਦਰਸ਼ਨ ਦੇ ਅੱਗੇ ਨਿਕਲ ਗਏ। ਹੁਣ ਸੁਚੇਤ ਸਿੰਘ ਦਾ ਮਨ ਹੋਰ ਬਿਹਬਲ ਹੁੰਦਾ ਜਾਵੇ, ਕਿ ਕਿਹੜਾ ਸਮਾਂ ਆਵੇ, ਜਦ ਮਹਿਬੂਬ ਦੇ ਚਰਨ ਪਰਸਾਂ ਤੇ ਕਲੇਜੇ ਦੇ ਜਨਮਾਂ ਜਨਮਾਂ ਦੇ ਸਾੜ ਤੋਂ ਠੰਡ ਪਾਵਾਂ, ਉਸੇ ਵੇਲੇ ਕਪੜਾ ਖ਼ਰੀਦ ਦਰਜੀ ਦੇ ਹਵਾਲੇ ਕੀਤਾ ਤੇ ਨਾਲ ਹੀ ਤਾਗੀਦ ਕੀਤੀ, 'ਮਿੱਤਰਾਂ! ਜਿੰਨੀ ਛੇਤੀ ਹੋਵੇ ਸੀਂ ਦੇ। ਸਿਉਣ ਵਿਚ ਫਰਕ ਨਾ ਆਵੇ ਇੱਕ ਸਿੰਘ ਨੂੰ ਦਸਤਾਰੇ ਵਾਸਤੇ ਵੀ ਕਹਿ ਦਿੱਤਾ।

ਝਬਦੇ ਈ ਕਿ ਦਰਜੀ ਕੁਰਤਾ ਪਜਾਮਾਂ ਲੈ ਆਇਆ। ਤੈਹਾਂ ਖੁਲ੍ਹ ਹੀ ਰਹਿਆਂ ਸਨ ਕਿ ਹਰਿਜਿੰਦਰ, ਸੰਤ ਪਿਆਰਾ ਸਿੰਘ ਦਾ ਪੁੱਤਰ ਆ ਦਰਸ਼ਨ ਦਿੱਤੇ ਅਤੇ ਸੁਨੇਹਾ ਸੁਣਾਇਆ, 'ਸਰਦਾਰਾ! ਸਤਿਗੁਰੂ ਜੀ ਆਏ ਤੇ ਚੱਲ ਜੇ ਦਰਸ਼ਨ ਕਰਨੇ ਹਨ। ਸਤਿਗੁਰ! ਕਿੱਥੇ!! 'ਸਾਡੇ ਗ਼ਰੀਬਾਂ ਦੇ ਘਰ' ਸੁਚੇਤ ਸਿੰਘ ਨੂੰ ਸੁਣ ਇਤਨੀ ਖ਼ੁਸ਼ੀ ਹੋਈ, ਜਿੰਨੀ ਮਹਾਰਾਜਾ ਰਣਜੀਤ ਸਿੰਘ ਨੂੰ

Sri Satguru Jagjit Singh Ji eLibrary NamdhariElibrary@gmail.com

ਕੋਹੇਨੂਰ ਹੀਰਾ ਪਾਕੇ। ਇਤਨਾ ਚਾਅ ਚੜ੍ਹਿਆ, ਜਿਤਨਾ ਸਕੰਦਰ ਨੂੰ ਆਬੇ ਹਯਾਤ ਦੀ ਸੋ ਸੁਣਕੇ। ਇਨ੍ਹਾਂ ਦਾ ਮਨ ਬਲੀਆਂ ਉਛਾਲ ਖਾਣ ਲੱਗਿਆ, ਜਿਸ ਤਰ੍ਹਾਂ ਕੁਲੰਬਸ ਲੁਟੇਰੇ ਨੂੰ ਨਵੀਂ ਧਰਤ ਲੱਭਣ ਨਾਲ। ਹਰਿਜਿੰਦਰ ਦੇ ਚਰਨ ਛੂਹੇ ਤੇ ਕਿਹਾ, 'ਧੰਨ ਭਾਗ ਤੇਰੀ ਸੇਵਾ ਕੀ ਕਰਾਂ?'

ਕਪੜੇ ਪਾਉਣੇ ਸ਼ੁਰੂ ਕਰ ਦਿੱਤੇ। ਇਤਨੇ ਨੂੰ ਸਿੰਘ ਚਿੱਟੀ ਦਸਤਾਰ ਵੀ ਲੈ ਆਇਆ। ਸੁਚੇਤ ਸਿੰਘ ਨੇ ਮਨ ਹੀ ਮਨ ਸੋਚਿਆ, ਸ਼ਗਨ ਸਭ ਠੀਕ ਹੋ ਰਹੇ ਹਨ। ਖ਼ੈਰ ਸਿਰ ਤੇ ਸਿੱਧਾ ਦਸਤਾਰਾ ਸਜਾਇਆ ਸ਼ੀਸ਼ੇ ਵਲ ਤਕਿਆ। ਇਤਨੀ ਖ਼ੁਸ਼ੀ ਹੋਈ ਜਿੰਨੀ ਮੋਰ ਨੂੰ ਆਪਣੀ ਕਲਗੀ ਤਕ। ਉਸੇ ਵੇਲੇ ਸਾਈਕਲ ਫੜਿਆ ਝਭਦੇ ਪਿਆਰਾ ਸਿੰਘ ਦੇ ਘਰ। ਅੱਗੇ ਸਤਿਗੁਰੂ ਜੀ ਬਿਰਾਜਮਾਨ ਸਨ। ਜਾਂਦਿਆਂ ਈ ਚਰਨਾਂ ਨਾਲ ਲਿਪਟ ਗਿਆ। ਪਤਾ ਨਹੀਂ ਕਿੰਨਾਂ ਚਿਰ ਲਿਪਟਿਆ ਰਿਹਾ ਅਤੇ ਉਹ ਰਸ ਆਇਆ, ਜਿਹੜਾ ਸ੍ਰੀ ਕਬੀਰ ਜੀ ਨੇ ਵਰਨਣ ਕੀਤਾ ਹੈ:-

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨੁ**
**ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪ੍ਰਵਾਨ।**

ਸੁਰਤ ਇਕ ਦਮ ਸਤਵੇਂ ਆਕਾਸ਼ ਤੇ ਚਲੀ ਗਈ। ਸਤਿਗੁਰੂ ਜੀ ਖ਼ੁਸ਼ੀਆਂ ਦੇ ਭੰਡਾਰਿਆਂ ਦੇ ਸਾਰੇ ਦਰਵਾਜ਼ੇ ਖੋਲ ਦਿੱਤੇ। ਉਨ੍ਹਾਂ ਪੰਜ-ਛੇ ਥਾਪੜੇ ਬਖਸ਼ੇ ਮਨ ਗਦ ਗਦ ਹੋ ਉਠਿਆ। ਅਨੇਕਾਂ ਅੰਮ੍ਰਿਤ ਬਚਨ ਸੁਣੇ। ਘਰ ਨੂੰ ਖੀਵਾ ਹੋ ਮੁੜਿਆ।

ਜਦ ਸੁਚੇਤ ਸਿੰਘ ਸਤਿਜੁਗੀ ਵਾਤਾਵਰਣ 'ਚ ਘਰ ਨੂੰ ਪਰਤਿਆ ਤਾਂ ਕਲਿਜੁਗ ਨੇ ਕਸੀਸ ਵੱਟੀ ਤੇ ਕ੍ਰੋਧ ਵਿਚ ਸੜਨ ਲੱਗ ਪਿਆ। ਸੁਚੇਤ ਸਿੰਘ ਦੇ ਪਿਤਾ ਨੇ ਪੁੱਤਰ ਦੀ ਸਿੱਧੀ ਪੱਗ ਗਲ ਵਿਚ ਮਾਲਾ ਰੇਬ ਪਜਾਮਾ ਵੇਖਿਆ ਤਾਂ ਇਕ ਦਮ ਲਾਲ ਪੀਲਾ ਹੋ ਗਿਆ ਤੇ ਸੁਚੇਤ ਸਿੰਘ ਨੂੰ ਬੁਲਾ ਕੇ ਕਿਹਾ ਚੇਤੂ! ਇਹ ਬਗਲਾ ਭਗਤ ਤੈਨੂੰ ਕਿਸ ਨੇ ਬਣਾ ਦਿੱਤਾ? ਤੂੰ ਸਿਆਣਾ, ਬਿਆਨਾ ਇਹ ਪੁੱਠੀ ਮਤ ਕਿੱਥੋਂ ਲੈ ਆਇਆ ਏ?" "ਨਹੀਂ ਪਿਤਾ ਜੀ ਪੁੱਠੀ ਮਤ ਤਾਂ ਨਹੀਂ, ਸਿੱਧੀ ਮਤ! ਪੁੱਠੀ ਤਾਂ ਪਹਿਲਾਂ ਸੀ ਜੱਦ ਖਾਂਦਾ ਪੀਂਦਾ ਸੀ ਪੁੱਠੇ ਕੰਮ ਕਰਦਾ ਸੀ, ਪੁੱਠਿਆਂ ਨਾਲ ਬਹਿੰਦਾ ਖਲੋਂਦਾ ਸੀ! ਤੁਹਾਨੂੰ ਕਿਸੇ ਕਿਹਾ ਜਾਂ ਨ ਕਿਹਾ ਹੋਵੇ, ਮੈਨੂੰ ਵੇਖ ਤਾਂ ਸਿਆਣੇ ਪੁਰਸ਼ ਇਸਤਰੀ ਮੇਰੇ ਵੱਲੋਂ ਮੂੰਹ ਫੇਰ ਲੈਂਦੇ ਸਨ। ਜਿੱਥੇ ਬੈਠਾ ਹੁੰਦਾ ਸਾਂ, ਉਹ ਰਾਹ ਬਦਲ ਲੈਂਦੇ ਸਨ। ਅੱਜ ਸਾਰੇ ਖ਼ੁਸ਼ੀਆਂ ਵਿਚ ਹਨ ਇਸ ਬਾਣੇ ਵਿਚ ਵੇਖ ਸਾਰੇ ਨਮਸਕਾਰਾ ਕਰਦੇ ਹਨ। ਤੁਹਾਨੂੰ ਵੀ ਖ਼ੁਸ਼ੀ ਹੋਣੀ ਚਾਹੀਦੀ ਹੈ।' 'ਸਾਲਾ ਖ਼ੁਸ਼ੀਆਂ ਦਾ ਜਦ ਦਾ ਮੈਂ ਤੈਨੂੰ ਇਸ ਰੰਗ ਵਿਚ ਵਖਿਆ ਏ, ਮੇਰੇ ਤਨ ਮਨ ਨੂੰ ਅੱਗ ਲੱਗ ਗਈ ਏ! ਤੂੰ ਸਿੱਖੀ ਛੱਡ ਅਸਿੱਖੀ ਧਾਰਨ ਕਰ ਲਈ। ਕੂਕੇ ਵੀ ਕੋਈ ਸਿੱਖ ਨੇ ਜਿਨ੍ਹਾਂ ਨਾਲ ਤੂੰ ਜਾ ਰਲਿਆ ਏਂ? ਨਹੀਂ ਪਿਤਾ ਜੀ! ਮੈਨੂੰ ਤਾਂ ਹੋਸ਼ ਈ ਹੁਣ ਆਈ ਏ। ਅਸਲ ਸਿੱਖ ਤਾਂ ਕੂਕੇ ਹੀ ਹੈਨ। ਇਹ ਸਵੇਰੇ ਉਠਦੇ ਹਨ,

Sri Satguru Jagjit Singh Ji eLibrary NamdhariElibrary@gmail.com

ਇਸ਼ਨਾਨ ਪਾਨ ਕਰਦੇ ਹਨ ਨਾਮ ਸਿਮਰਦੇ ਹਨ। ਬਾਣੀ ਪੜ੍ਹਦੇ ਹਨ। ਸਵੱਛ ਖਾਂਦੇ ਹਨ ਸਵੱਛ ਪੀਂਦੇ ਹਨ, ਸਵੱਛ ਰਹਿੰਦੇ ਹਨ। ਇਨ੍ਹਾਂ ਤਾਂ ਸਿੱਖੀ ਨੂੰ ਚਾਰ ਚੰਨ ਲਾ ਦਿੱਤੇ ਹਨ।'' ਭੜੂਵਿਆ! ਗੁਰੂ ਗੋਬਿੰਦ ਸਿੰਘ ਪਿੱਛੋਂ ਕਿਹੜਾ ਆ ਗੁਰੂ ਹੋਇਆ? ਸਭ ਭੇਡ ਚਾਲ, ਮੈਨੂੰ ਪਟੀਆਂ ਨਾ ਪੜ੍ਹ।'' ਵਾਹ ਪਿਤਾ ਜੀ ਗੁਰੂ ਗੋਬਿੰਦ ਸਿੰਘ ਜੀ ਪਿੱਛੋਂ ਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਤੇ ਹੁਣ ਸਤਿਗੁਰੂ ਜਗਜੀਤ ਸਿੰਘ ਜੀ, ਜਿਹੜੇ ਪਾਮਰਾਂ, ਵੈਲੀਆਂ, ਚਾਰਾਂ ਜਾਰਾਂ ਨੂੰ ਬਾਹੋਂ ਫੜ ਫੜ ਪਾਰ ਉਤਾਰਾ ਕਰ ਰਹੇ ਹਨ। ਜਦ ਉਹ ਪ੍ਰਤੱਖ ਰੂਪ ਵਿਚ ਦਰਸ਼ਨ ਦੇ ਰਹੇ ਹਨ ਤਾਂ ਕਿਸੇ ਪ੍ਰਮਾਣ ਦੀ ਲੋੜ ਨਹੀਂ ਰਹਿ ਜਾਂਦੀ। ਇਤਿਹਾਸ ਵੀ ਦੱਸਦਾ ਹੈ ਕਿ, ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਵਿਚ ਨਾਟਕ ਰਚਾ ਕੇ ਮੁਗਲੀਆ ਹਕੂਮਤ ਨੂੰ ਚਕਮਾ ਦੇ ਗਏ ਅਤੇ ਸਿੱਖ ਸੂਰਮਿਆਂ ਦੀ ਅਗਵਾਈ ਕਰਦੇ ਰਹੇ। ਮੁੜ ਗੁਰੂ ਬਾਲਕ ਸਿੰਘ ਜੀ ਨੂੰ ਗੁਰਤਾ ਸੌਂਪੀ। ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਹਨ। ਚਲੋ ਪਿਤਾ ਜੀ ਤੁਸੀਂ ਵੀ ਭਜਨ ਪੁੱਛ ਲਵੋ।'' ਚਲ ਵੱਡਾ ਪੰਡਿਤ! ਮੈਨੂੰ ਮਤਾਂ ਦੇਣ ਲੱਗ ਪਿਆ ਏਂ। ਮੇਰੀ ਗੱਲ ਕੰਨ ਲਾ ਕੇ ਸੁਣ ਲੈ ਜਾਂ ਕੂਕਾਪੁਣਾ ਛੱਡ ਦੇ ਜਾਂ ਪ੍ਰੈਸ ਵਿਚ ਪੈਰ ਨਾ ਧਰੀਂ। ਬਸ ਮੇਰੀ ਤੇਰੀ ਸਤਿ ਸ੍ਰੀ ਅਕਾਲ। ਨ ਤੂੰ ਮੇਰਾ ਪੁੱਤ ਨਾ ਮੈਂ ਤੇਰਾ ਪਿਉ। ਚੰਗਾ ਪਿਤਾ ਜੀ! ਮੇਰੀ ਅਰਦਾਸ ਏ ਹੁਣ ਮੇਰਾ ਇਹ ਕੂਕਾਪੁਣਾ ਮੇਰੇ ਸਵਾਸਾਂ ਨਾਲ ਨਿਭੇ। ਮੇਰੀ ਕਿਸਮਤ ਮੇਰੇ ਨਾਲ। ਸਤਿਗੁਰੂ ਜਗਜੀਤ ਸਿੰਘ ਕੀੜੀ ਤੋਂ ਲੈ ਕੇ ਹਾਥੀ ਸਭ ਨੂੰ ਰੋਜੀ ਦੇਂਦਾ ਏ। ਉਹ ਕਾਤਲਾਂ, ਵਿਭਚਾਰੀਆਂ, ਠੱਗਾਂ, ਚੋਰਾਂ, ਡਾਕੂਆਂ, ਧਾੜਵੀਆਂ, ਕੀੜਿਆਂ, ਪਤੰਗਿਆਂ ਸਭ ਨੂੰ ਉਪਜੀਵਕਾ ਬਖਸ਼ਦਾ ਏ। ਉਹ ਪੱਥਰ ਵਿਚ ਵਸਦੇ ਕੀੜੇ ਦਾ ਵੀ ਖ਼ਿਆਲ ਰੱਖਦਾ ਏ। ਉਹ ਮੈਨੂੰ ਵੀ ਦੇਵੇਗਾ। ਬਾਣੀ ਉਗਾਹੀ ਦੇਂਦੀ ਏ:-

**ਨਾਨਕ ਚਿੰਤਾ ਮਤਿ ਕਰੇਹੁ, ਚਿੰਤਾ ਤਿਸ ਹੀ ਹੇਇ**
**ਜਲ ਮਹਿ ਜੰਤ ਉਪਾਇਨੁ ਤਿਨਾਂ ਭਿ ਰੋਜੀ ਦੇਇ**
**ਓਥੈ ਹਟੁ ਨ ਚਲਈ, ਨ ਕੋ ਕਿਰਸ ਕਰੇਇ**
**ਸਉਦਾ ਮੂਲਿ ਨ ਹੋਵਈ, ਨ ਕੋ ਲਏ ਨ ਦੇਇ**
**ਜੀਆ ਕਾ ਅਹਾਰ ਜੀਆ ਖਾਣਾ ਏਹੁ ਕਰੇਇ**
**ਵਿੱਚ ਉਪਾਏ ਸਾਇਰਾ, ਤਿਨਾਂ ਕਿ ਸਾਰ ਕਰੇਇ**
**ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸਹੀ ਹੇਇ।** (੯੫੫)

''ਤੂੰ ਭੁੱਖਾ ਮਰੇਂਗਾ! ਦਰ ਦਰ ਰੁਲੇਂਗਾ! ਫੇਰ ਮੇਰੀ ਗੱਲ ਸਮਝ ਆਵੇਗੀ! ਸਿਆਣਿਆਂ ਦਾ ਆਖਿਆ ਤੇ ਔਲੇ ਦਾ ਖਾਧਾ ਪਿੱਛੋਂ ਸਵਾਦ ਦੇਂਦਾ ਏ।'' ''ਬਾਪੂ ਜੀ! ਹੁਣ ਇਸ ਤੋਂ ਵੱਧ ਕੋਈ ਵਸਤੂ ਪਿਆਰੀ ਨਹੀਂ ਲੱਗਦੀ। ਮੇਰੀ ਇਹ ਦਿਲੋਂ ਅਰਦਾਸ ਏ ਕਿ ਤੁਸੀਂ ਵੀ ਗੁਰੂ ਜਗਜੀਤ ਸਿੰਘ ਜੀ ਦੇ ਚਰਨ ਫੜ ਲਵੋ ਤੇ ਜਨਮ ਸਫਲਾ ਕਰੋ' 'ਚਲ ਦਫਾ ਹੋ! ਮੇਰੇ ਮੱਥੇ ਨ ਲੱਗ।'

Sri Satguru Jagjit Singh Ji eLibrary NamdhariElibrary@gmail.com

ਕਲਿਜੁਗ ਐਸਾ ਝੁਰਲੂ ਫੇਰਿਆ ਕਿ ਮਾਂ, ਪਿਉ, ਭੈਣ, ਭਰਾ ਤੇ ਹੋਰ ਸੰਬੰਧੀ ਸਭ ਕੰਢ ਵਖਾ ਗਏ। ਕਿਸੇ ਹੁੰਗਾਰਾ ਨਾ ਭਰਿਆ। ਸੁਚੇਤ ਸਿੰਘ ਉਸੇ ਵੇਲੇ ਅਰਦਾਸਾ ਸੋਧ ਬਜ਼ਾਰ ਚਲਿਆ ਗਿਆ। ਉਸ ਵੇਲੇ ਇਸਦੀ ਜੇਬ ਵਿਚ ਸਾਰੀ ਪੂੰਜੀ ਦਸ ਪੈਸੇ ਸਨ। ਪੁਰਾਣੇ ਪੈਸੇ ਨਹੀਂ ਉਹ ਵੀ ਨਵੇਂ।

ਇਸ਼ਕ ਦਾ ਪੈਂਡਾ ਕਦੇ ਸਿੱਧਾ ਨਹੀਂ ਹੋਇਆ, ਸਦਾ ਬਿਖੜਾ, ਇਸਦੀ ਘਾਟੀ ਔਖੀ, ਪੈਰ ਪੈਰ ਤੇ ਠੋਕਰਾਂ! ਏਵੇਂ ਨਹੀਂ, ਹੀਰ ਝਲਾਂ ਵਿਚ ਕੀਰਨੇ ਪਾਂਦੀ ਕਮਲੀ ਹੋਈ ਫਿਰਦੀ ਰਹੀ। ਸੱਸੀ ਪੁੰਨੂੰ ਪੁੰਨੂੰ ਕੂਕਦੀ ਥਲਾਂ ਵਿਚ ਜਾਨ ਗਵਾਈ, ਸੋਹਣੀ ਠਾਠਾਂ ਮਾਰਦੇ ਝਨਾਂ ਵਿਚ ਗੁਆਚ ਗਈ। ਸੁਚੇਤ ਸਿੰਘ ਘਰੋਂ ਨਿਕਲ ਟੁਰਿਆ ਤੇ ਪ੍ਰੈਸ ਵਾਲੇ ਕੋਲ ਪੁੱਜਾ ਤੇ ਆਖਿਆ 'ਮੈਨੂੰ ਨੌਕਰੀ ਚਾਹੀਦੀ ਹੈ।' ਉਹ ਇਸ ਵਲ ਬਿਤਰ ਬਿਤਰ ਤੱਕੀ ਜਾਵੇ, ਪਰ ਅੰਤ ਉਸਨੇ ਸੁਚੇਤ ਸਿੰਘ ਨੂੰ ਸੰਬੋਧਨ ਕਰਦਿਆਂ ਕਿਹਾ "ਤੂੰ ਮਸ਼ਕਰੀਆਂ ਕਰਦਾ ਏਂ?' ਤੂੰ ਪ੍ਰੈਸ ਦਾ ਮਾਲਿਕ ਤੈਨੂੰ ਨੌਕਰੀ ਦੀ ਕੀ ਲੋੜ?' ਅੰਤ ਸੁਚੇਤ ਸਿੰਘ ਨੇ ਸਾਰੀ ਵਿਥਿਆ ਸੁਣਾਈ ਤਾਂ ਉਸ ਕਿਹਾ ਤੂੰ ਇੱਡਾ ਵੱਡਾ ਆਦਮੀ ਤੇ ਮੇਰੇ ਨਾਲ ਮਿਲਕੇ ਕੰਮ ਕਰ। ਨੌਕਰ ਰੱਖਣ ਨੂੰ ਮਨ ਨਹੀਂ ਮੰਨਦਾ।' ਸੁਚੇਤ ਸਿੰਘ ਉੱਤਰ ਦਿੱਤਾ ਇਸ ਵੇਲੇ ਪ੍ਰਸ਼ਾਦਾ ਲੋੜੀਦਾ ਹੈ। ਭਾਈਵਾਲਤਾ ਵਿਚ ਕਈ ਵੇਰ ਗੁੰਝਲਾਂ ਪੈ ਜਾਂਦੀਆਂ ਹਨ, ਮੈਂ ਨੌਕਰੀ ਤੇ ਰਾਜ਼ੀ ਆਂ ਤੂੰ ਮੈਨੂੰ 4/- ਰੋਜ਼ ਦੇ ਦਿਆ ਕਰ। ਤੇਰੀ ਬੜੀ ਮੇਹਰਬਾਨੀ ਹੋਵੇਗੀ।' ਉਹ ਰਾਜ਼ੀ ਹੋ ਗਿਆ ਤੇ ਘਰ ਦਾ ਦਾਲ ਦਲੀਆ ਟੁਰ ਪਇਆ।

ਜਦ 1965 ਵਿਚ ਪਾਕਿਰਸਤਾਨ ਨਾਲ ਜੰਗ ਸ਼ੁਰੂ ਹੋਈ ਤਾਂ ਬਾਕੀ ਸਿੰਘ ਰਵਾਲਸਰ ਲਈ ਤਿਆਰ ਹੋ ਪਏ। ਇਸ ਨੇ ਵੀ ਰਵਾਲਸਰ ਜਾਣ ਦਾ ਮਨ ਬਣਾ ਲਿਆ, ਪਰ ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ ਮਗਰ ਉਹ ਕਿਹੜੀ ਗੱਲ ਏ ਜਿਸਦਾ ਸਤਿਗੁਰੂ ਨੂੰ ਪਤਾ ਨਾ ਹੋਵੇ। ਉਹ ਹਰ ਸਿੱਖ ਦੀ ਹਰ ਵੇਲੇ ਦੇਖਭਾਲ ਕਰਦਾ ਏ, ਉਸਦੀ ਵਿਗੜੀ ਸੰਵਾਰਦਾ ਏ, ਉਹਦੀਆਂ ਉਲਝਣਾਂ ਸਾਫ਼ ਕਰਦਾ ਏ। ਸਿੱਖ ਦੇ ਕੰਡੇ ਆਪ ਕੱਢਦਾ ਏ। ਸਤਿਗੁਰੂ ਜਗਜੀਤ ਸਿੰਘ ਸੁਚੇਤ ਸਿੰਘ ਦੀ ਜਾਣਦਿਆਂ ਉਸ ਦਾ ਹਲ ਆਪ ਈ ਕੱਢ ਦਿੱਤਾ। ਇਨ੍ਹਾਂ ਜਥੇਦਾਰ ਪਿਆਰਾ ਸਿੰਘ ਦੇ ਇੰਜਨ ਦਾ ਸੌਦਾ ਕਰਾਇਆ। ਉਨ੍ਹਾਂ 185 ਰੁਪਏ ਮਿਹਨਤਾਨਾਂ ਵਜੋਂ ਦਿੱਤੇ। ਸ੍ਰ: ਗੁਰਬਖਸ਼ ਸਿੰਘ ਡੈਅਰੀ ਵਾਲਿਆਂ ਇਕ ਕੰਮ ਦੇ ਬਦਲੇ 100 ਰੁਪਏ ਪੇਸ਼ ਕੀਤੇ। ਮਾਈ ਹਰਭਜਨ ਕੌਰ ਦੇ ਰੁੱਖਾਂ ਦੀ ਵਿਕਰੀ ਕਰਾਈ 40 ਰੁਪਏ ਉਸ ਪਾਸੋਂ ਮਿਲੇ। ਸੁਚੇਤ ਸਿੰਘ 400 ਰੁਪਿਆ ਜੇਬ ਵਿਚ ਪਾਇਆ ਤੇ ਪਰਿਵਾਰ ਨੂੰ ਨਾਲ ਲੈ ਰਵਾਲਸਰ ਚਲਾ ਗਿਆ। ਇੱਥੇ ਆਕੇ ਕਈ ਪ੍ਰਤਾਵੇ ਹੋਏ। ਕਿਸੇ ਨਾਲ ਭਿਆਲੀ, ਕਿਸੇ ਵੇਲੇ ਖ਼ੁਦਮੁਖਤਾਰੀ, ਪਰ ਸੱਚੇ ਪਾਤਸ਼ਾਹ ਕਦੇ ਬਾਂਹ ਢਿੱਲੀ ਨ ਹੋਣ ਦਿੱਤੀ। ਉਹ ਇਸਦੀ ਡੋਰ ਖਿੱਚਦੇ, ਖਿੱਚਦੇ ਗੁੱਡੀ ਨੂੰ ਅਕਾਸ਼ ਵਿਚ ਹੁਲਾਰੇ ਖੁਆਂਦੇ ਤੇ ਤਾਰੀਆਂ ਲੁਆਂਦੇ ਹਨ।

ਇੱਕ ਦਿਨ ਸੱਚੇ ਪਾਤਸ਼ਾਹ ਆਪ ਬਚਨ ਕੀਤਾ, ਸੁਚੇਤ ਸਿੰਘ! ਤੂੰ ਮੰਡੀ

Sri Satguru Jagjit Singh Ji eLibrary NamdhariElibrary@gmail.com

ਆ ਤੇ ਮਾਇਆ ਲੈ ਕੇ ਕੋਈ ਕੰਮ ਸ਼ੁਰੂ ਕਰ। ਇਹ ਬਚਨ ਮੰਨ ਟੁਰ ਤਾਂ ਪਿਆ ਪਰ ਮਨ ਵਿਚ ਆਖੇ ਗ਼ਰੀਬ ਨਿਵਾਜ਼ ਉਂਝ ਕਿਰਪਾ ਦ੍ਰਿਸ਼ਟੀ ਕਰਨ। ਇਨ੍ਹਾਂ ਦੇ ਚਰਨਾਂ ਵਿਚ ਤਾਂ ਹੀਰੇ, ਲਾਲ, ਮੋਤੀ, ਜਮੁੱਰਦ ਰੁਲਦੇ ਫਿਰਦੇ ਹਨ। ਮੈਨੂੰ ਬਖਸ਼ਸ਼ ਕਰਨ ਤਾਂ ਲੰਗਰ ਤੇ ਭਾਰੂ ਨ ਹੋਵਾਂ। ਜਦ ਮੰਡੀ ਪੁੱਜਾ ਤਾਂ ਗ਼ਰੀਬ ਨਿਵਾਜ਼ ਖਜਾਨਚੀ ਨੂੰ 4000 ਰੁਪਿਆ ਦੇਣ ਦਾ ਹੁਕਮ ਹੋਇਆ। ਉਸ ਚਾਰ ਹਜ਼ਾਰ ਦੇ ਦਿੱਤੇ। ਇਤਨੇ ਨੂੰ ਇਕ ਹੋਰ ਲੋੜਵੰਦ ਸਿੱਖ ਜਾ ਹਾਜ਼ਰ ਹੋਇਆ। ਸੱਚੇ ਪਾਤਸ਼ਾਹ ਜਥੇਦਾਰ ਸੇਵਾ ਸਿੰਘ ਨੂੰ ਹੁਕਮ ਕੀਤਾ, ਕਿ ਉਹ ਸੁਚੇਤ ਸਿੰਘ ਨੂੰ ਕਹੇ ਕਿ ਇਹ ਰਕਮ ਇਸ ਸਿੱਖ ਨੂੰ ਦੇ ਦੇਵੇ। ਸੁਚੇਤ ਸਿੰਘ 500 ਰੁਪਏ ਰਖਕੇ ਬਾਕੀ ਰਕਮ ਉਸ ਸਿੰਘ ਦੇ ਹਵਾਲੇ ਕਰ ਦਿੱਤੀ ਅਤੇ ਆਪ ਪ੍ਰਯੋਗ ਵਿਚ ਸ਼ਾਮਲ ਹੋਣ ਲਈ ਸ੍ਰੀ ਭੈਣੀ ਸਾਹਿਬ ਆ ਗਿਆ ਅਤੇ ਲੱਗੇ ਸੱਚਖੰਡੀ ਲਹਿਰੇ ਲੈਣ। ਸਦਾ ਖੀਵਾ ਤੇ ਚੜ੍ਹਦੀਆਂ ਕਲਾਂ ਵਿਚ।

ਓਧਰ ਜਦ ਸੁਚੇਤ ਸਿੰਘ ਦੇ ਪਿਤਾ, ਉਸ ਪਾਸੋਂ ਪ੍ਰੈਸ ਖੋਹਿਆ ਤਾਂ ਉਸ ਸਮਝਿਆ ਕਿ ਸੁਚੇਤ ਸਿੰਘ ਭੁੱਖਾ ਮਰਦਾ ਆਪੇ ਘਰ ਆਵੇਗਾ ਪਰ:-

**ਜਿਸਦਾ ਸਾਹਿਬ ਡਾਢਾ ਹੋਇ, ਤਿਸ ਨੂੰ ਮਾਰ ਨ ਸਕੈ ਕੋਇ।**

ਸਤਿਗੁਰ ਦੇ ਰੰਗ ਸਦਾ ਨਿਆਰੇ। ਵਿਹਾਰ ਸਦਾ ਅਕਲ ਨਾਲ ਨਹੀਂ ਚਲਦੇ ਇਹ ਸਾਰੀ ਖੇਡ ਕਿਸੇ ਅਗੱਮੀ ਸ਼ਕਤੀ ਦੇ ਹੱਥ ਹੈ। ਜਿਸ ਦੇ ਵਸ ਹੈ ਪੈਦਾ ਕਰਨਾ ਤੇ ਮਰਨਾ। ਉਸ ਦੇ ਹੱਥ ਹੈ ਮਾਣ-ਪ੍ਰਤਿਸ਼ਠਾ, ਉਸ ਦੇ ਹੱਥ ਹਨ ਦਰ ਦਰ ਦੀਆਂ ਠੋਕਰਾਂ ਓਸੇ ਦੇ ਹੱਥ ਹੈ ਤਖਤ, ਉਸੇ ਦੇ ਵਸ ਹੈ ਤਖਤਾ। ਇਕ ਕਵੀ ਨੇ ਠੀਕ ਹੀ ਆਖਿਆ ਹੈ:-

**ਰੱਬਾ ਤੇਰੀਆਂ ਕੁਦਰਤਾਂ ਨਿਆਰੀਆਂ ਨੇ,**
**ਪਤਾ ਲਗਦਾ ਨਹੀਂ ਸਿਆਣਿਆਂ ਨੂੰ।**
**ਕਦ ਦਾਨਿਆਂ ਦੀ ਮਤ ਮਾਰ ਦੇਵੇ,**
**ਕਦੇ ਸੌਂਪ ਦੇ ਰਾਜ ਇਵਾਣਿਆਂ ਨੂੰ।**

ਅਤੇ ਇਸੇ ਤਰ੍ਹਾਂ ਵਰਨਣ ਹੈ ਕਿ ਇਕ ਉਰਦੂ ਕਵੀ ਦਾ:-

**ਜਬ ਸੇ ਹੈ ਫਲਕ ਅਬਲਕੇ ਅਯਾਮ ਪਰ ਸਵਾਰ**
**ਰਖਤਾ ਨਹੀਂ ਕਿਸੀ ਕਾ ਯਿਹ ਅਸਤ ਬਯਕ ਕਰਾਰ**
**ਜਿਨ ਕੇ ਤਵੇਲੇ ਮੇਂ ਕਈ ਦਿਨ ਕੀ ਬਾਤ ਹੈ**
**ਅਰਾਕੀਉ ਅਰਬੀ ਕਾ ਥਾ ਨਾ ਸ਼ੁਮਾਰ**
**ਅਬ ਦੇਵਤਾ ਹੂੰ ਜਮਾਨੇ ਕੇ ਹਾਥ ਸੇ**
**ਮੋਚੀ ਸੇ ਕਫਸੇ ਪਾ ਗੀਢਾਤੇ ਹੈਂ ਵੁਹ ਉਧਾਰ।**

ਮਨੁੱਖ ਨੂੰ ਸਦਾ ਸਮਝਣਾ ਚਾਹੀਦਾ ਹੈ, ਕਿ ਉਹ ਸ਼ਕਤੀ ਜਿਹੜੀ ਸਾਰੇ ਨਜ਼ਾਮ ਨੂੰ ਚਲਾ ਰਹੀ ਹੈ, ਉਹ ਮਨੁੱਖ ਦਾ ਰੂਪ ਧਾਰ ਕੇ ਕੌਤਕ ਕਰਦਾ ਹੈ। ਪ੍ਰੇਮੀਆਂ ਨਾਲ ਮੌਜ ਮੇਲਾ ਮਚਾਂਦਾ ਹੈ, ਥਕਦਾ ਨਹੀਂ ਕਦੇ ਗੋਪੀਆਂ ਨਾਲ ਰਾਸ ਮਚਾਂਦਾ ਏ, ਕਦੇ ਬਾਨਰਾਂ ਦੀ ਸੈਨਾ ਲੈ ਰਾਵਣ ਵਰਗੇ ਹੰਕਾਰੀਆਂ ਨੂੰ ਤਹਿਸ

Sri Satguru Jagjit Singh Ji eLibrary NamdhariElibrary@gmail.com

ਨਹਿਸ ਕਰਦਾ ਹੈ, ਕਦੇ ਨਾਨਕ ਦੇ ਰੂਪ ਵਿਚ ਸਾਧੂਆਂ ਨੂੰ ਪ੍ਰਸ਼ਾਦਾ ਛਕਾਂਦਾ ਏ ਕਦੇ ਗੋਬਿੰਦ ਰਾਏ ਬਣ ਗੰਗਾ ਕਿਨਾਰੇ ਤੀਰ ਕਮਾਨਾਂ ਨਾਲ ਵਾਣੀਆਂ ਦੇ ਘੜੇ ਭੰਨ ਖਿੱਲੀ ਮਚਾਂਦਾ ਏ, ਇਸੇ ਤਰ੍ਹਾਂ ਉਹੋ ਸ਼ਕਤੀ ਜਗਜੀਤ ਦੇ ਰੂਪ ਵਿਚ ਖੇਡਾਂ ਖੇਡ ਰਿਹਾ ਹੈ। ਸਮੇਂ ਦੇ ਇਸ ਹਾਕਿਮ ਦੇ ਹੁਕਮ ਵਿਚ ਪ੍ਰੈਸ ਅੰਦਰ ਮੱਖੀਆਂ ਮਰਨੀਆਂ ਸ਼ੁਰੂ ਹੋ ਗਈਆਂ। ਭੰਗ ਭੁੱਜਣ ਲੱਗੀ। ਗਾਹਕ ਪਤਾ ਨਹੀਂ ਕਿਹੜੀ ਵਲੈਤ ਨੂੰ ਚਲੇ ਗਏ, ਲੇਬਰ ਹੱਥ ਤੇ ਹੱਥ ਧਰ ਬੈਠੀ ਰਹੇ। ਖਾਂਦਿਆਂ ਖੂਹ ਖਾਲੀ ਹੋ ਜਾਂਦੇ ਹਨ। ਚਰਨਜੀਤ ਸਿੰਘ ਸੁਚੇਤ ਸਿੰਘ ਦਾ ਭਰਾ ਕਨੇਡਾ ਤੋਂ ਆਪਣੇ ਪਿਤਾ ਨੂੰ ਪੈਸੇ ਭੇਜਦੇ ਸਨ, ਪਰ ਉਨ੍ਹਾਂ ਨਾਲ ਘਰ ਦਾ ਡੰਗ ਟਪਦਾ ਸੀ, ਕਾਮਿਆਂ ਨੂੰ ਕਿੱਥੋਂ ਦੇਵੇ। ਉਨ੍ਹਾਂ ਵਿਚਾਰਿਆਂ ਦੇ ਬੱਚੇ ਵੀ ਘਰ ਜਾਂਦਿਆਂ ਈ ਬੋਟਾਂ ਵਾਂਗੂੰ ਚੁੰਜਾਂ ਅੱਡੀ ਬਰੂਹਾਂ ਵਿਚ ਖੜੇ ਉਡੀਕਦੇ ਤੇ ਚੂੰ ਚੂੰ ਕਰਦੇ ਹੁੰਦੇ ਸਨ। ਇਕ ਮਹੀਨਾ ਲੰਘਿਆ, ਦੂਜਾ ਲੰਘਿਆ, ਕੰਮ ਡਿੱਗਦਾ ਡਿੱਗਦਾ ਔਹ ਜਾ ਪਿਆ। ਚੋਜੀ ਪ੍ਰੀਤਮ ਨੇ ਕੋਈ ਅਜੇਹੀ ਚਾਬੀ ਮਰੋੜੀ ਕਿ ਪਿਆਰਾ ਸਿੰਘ ਮੁੜ ਸੁਚੇਤ ਸਿੰਘ ਨੂੰ ਲਿੱਖਣ ਲੱਗ ਪਿਆ। 'ਪੁੱਤ ਸੁਚੇਤ ਸਿੰਘਾ! ਤੂੰ ਘਰ ਆ ਜਾ ਪ੍ਰੈਸ ਸਾਂਭ ਲੈ, ਅਸੀਂ ਮਾਲਕੀ ਛੱਡੀ। ਹਰ ਹਫ਼ਤੇ ਨਵੀਂ ਚਿੱਠੀ। ਪਰ ਇਹ ਰੰਗੀਲਾ ਆਸ਼ਿਕ ਸਬਰ ਦੇ ਪਿਆਲਿਆਂ ਨਾਲ ਮਖਮੂਰ ਹੋਇਆ ਫਿਰਦਾ ਸੀ। ਇਹ ਚੰਚਲ ਮਨ ਨੂੰ ਸਦਾ ਦਲੇਰੀਆਂ ਦੇਂਦਾ ਰਿਹਾ, ਮਨਾ ਮੂਰਖਾ ਘਬਰਾ ਨਾ ਗੁਰੂ ਤੇਰਾ ਪਖੀ ਏ, ਦੜ ਵਟ ਜਮਾਨਾ ਕਟ ਭਲੇ ਦਿਨ ਔਣਗੇ।

ਸ੍ਰੀ ਭੈਣੀ ਸਾਹਿਬ ਪ੍ਰਯੋਗ ਦਾ ਭੋਗ ਪੈ ਗਿਆ ਤੇ ਸੁਚੇਤ ਸਿੰਘ ਸਤਿਗੁਰਾਂ ਦੀਆਂ ਖ਼ੁਸ਼ੀਆਂ ਲੈ, ਹੁਸ਼ਿਆਰਪੁਰ ਆਇਆ ਤੇ ਜਾ ਸਤਿ ਸ੍ਰੀ ਅਕਾਲ ਬੁਲਾਈ। ਇਨ੍ਹਾਂ ਦੇ ਪਿਤਾ ਨੇ ਪ੍ਰੈਸ ਦੀਆਂ ਚਾਬੀਆਂ ਸੁਚੇਤ ਸਿੰਘ ਦੇ ਸਾਮ੍ਹਣੇ ਲਿਆ ਸੁੱਟੀਆਂ ਤੇ ਆਖਿਆ ਲੈ ਪੁੱਤ ਸਾਰਾ ਕੰਮ ਤੂੰ ਸੰਭਾਲ ਪਰ ਇਸ ਗੁਰੂ ਦੇ ਲਾਲ ਚਾਬੀਆਂ ਵਲ ਵੇਖਿਆ ਤਕ ਵੀ ਨਾ। ਉਹ ਗ਼ਰੀਬ ਇਸ ਵਲ ਬਿਤਰ ਬਿਤਰ ਵੇਖੀ ਜਾਣ। ਪਰ ਸੁਚੇਤ ਸਿੰਘ ਆਪਣੇ ਧਿਆਨ ਸਤਿਗੁਰ ਦੇ ਚਰਨਾਂ ਨਾਲ ਜੋੜੀ ਰਖਿਆ, ਪਰ ਜਦ ਸਾਰੇ ਪਰਿਵਾਰ ਜ਼ੋਰ ਪਾਇਆ ਤਾਂ ਇਸ ਉੱਤਰ ਦਿੱਤਾ, "ਮੈਂ ਪ੍ਰੈਸ ਮੁੱਲ ਲਵਾਂਗਾ ਤੇ ਕਿਸੇ ਦੀ ਭਿਆਲੀ ਵੀ ਨਹੀਂ ਰਖਾਂਗਾ।"

ਇਹ ਟਕੇ ਵਰਗਾ ਉੱਤਰ ਸੁਣ ਘਰ ਵਾਲਿਆਂ ਉਂਗਲਾਂ ਮੂੰਹ ਪਾ ਲਈਆਂ, ਕਿ ਹੇ ਰਾਮ! ਕੀ ਸੋਚਦੇ ਸਾਂ ਕੀ ਬਣ ਗਿਆ। ਆਖਰ ਉਨ੍ਹਾਂ ਹਥਿਆਰ ਸੁੱਟ ਦਿੱਤੇ। ਬੱਸ ਸਟੈਂਡ ਦੇ ਨੇੜੇ 30 ਰੁਪਏ ਮਹੀਨੇ ਤੇ ਥਾਂ ਕਿਰਾਏ ਤੇ ਲੈ ਲਈ ਤੇ ਲਵ-ਦੀਪ ਪ੍ਰੈਸ ਨਾਉਂ ਨਾਲ ਕੰਮ ਚਾਲੂ ਕਰ ਦਿੱਤਾ, ਪਰ ਕਲਿਜੁਗ ਨੇ ਅਜੇ ਵੀ ਟੰਗਾਂ ਅੜਾਈਆਂ, ਪਰ ਜਾਂਮ ਗੁਰੂ ਹੋਇ ਵਲ ਲਖ ਬਾਹ ਕਿਆ ਕਿਜੇ। ਕਲਿਜੁਗ ਦੀਆਂ ਬਾਹਵਾਂ ਹੌਲੀ ਹੌਲੀ ਟੁੱਟਣੀਆਂ ਸ਼ੁਰੂ ਹੋ ਗਈਆਂ। ਕੰਮ ਰਿੜਨ ਲੱਗ ਪਿਆ। ਹੌਲੀ ਹੌਲੀ ਕਰਾਏ ਦੀ ਬਜਾਏ ਜਗ੍ਹਾ ਮੁੱਲ ਲੈ

Sri Satguru Jagjit Singh Ji eLibrary NamdhariElibrary@gmail.com

ਲਈ 19,500/- ਦਾ ਸੌਦਾ ਮੁਕਾ। ਕਮਰੇ ਛੱਤੇ, ਬੈਠਕਾਂ ਉਸਰ ਪਈਆਂ। ਖੂਹੀ ਵੀ ਲੱਗ ਗਈ, ਜਦ ਨਜ਼ਰ ਸਵੱਲੀ ਹੋਵੇ ਤਾਂ ਭੁੱਜੇ ਦਾਣੇ ਉਗਦੇ ਨੇ ਸ੍ਰ: ਹਰਬੰਸ ਸਿੰਘ ਦੀ ਜ਼ਮੀਨ ਦਾ ਕੁਝ ਝਗੜਾ ਸੀ। ਉਹ ਝਗੜਾ ਮੁੱਕ ਗਿਆ। ਉਸ ਨੂੰ 10 ਕਿਲੇ ਮਿਲ ਗਈ। ਸੁਚੇਤ ਸਿੰਘ ਉਸ ਨੂੰ ਵੇਚਣ ਦਾ ਕੰਮ ਲੈ ਲਿਆ ਗਾਹਕ ਲੱਭਣੇ ਸ਼ੁਰੂ ਕਰ ਦਿੱਤੇ, ਪਰ ਸਤਿਗੁਰੂ ਜੀ ਆਪ ਹੀ ਗਾਹਕਾਂ ਦਾ ਪ੍ਰਬੰਧ ਕਰ ਦਿੱਤਾ। ਹਰਬੰਸ ਸਿੰਘ ਨਾਲ ਗੱਲ ਇਉਂ ਨਿਬੜੀ ਕਿ 400/ ਮਰਲੇ ਦੇ ਹਿਸਾਬ ਨਾਲ ਪੈਸੇ ਉਸਨੂੰ ਮਿਲਣਗੇ। ਵਾਧੂ ਜੋ ਆਵੇ ਉਹ ਜਥੇਦਾਰ ਦਾ। ਇਸ ਸੌਦੇ ਵਿਚ ਹਰਬੰਸ ਸਿੰਘ ਨੂੰ ਲੱਖਾਂ ਰੁਪਿਆਂ ਦੀ ਪ੍ਰਾਪਤੀ ਹੋਈ, ਮਗਰ 60-70 ਹਜ਼ਾਰ ਸੁਚੇਤ ਸਿੰਘ ਨੂੰ ਵੀ ਮਿਲ ਗਿਆ। ਬਹਾਰਾਂ ਆ ਗਈਆਂ।

ਬੀਬੀ ਅਵਤਾਰ ਕੌਰ, ਪਤਨੀ ਜਥੇਦਾਰ ਸੁਚੇਤ ਸਿੰਘ ਵੀ ਭਾਗਾਂ ਵਾਲੀ ਇਸਤਰੀ ਏ। ਪੂਰੀ ਸਿਦਕਵਾਨ, ਜਿਸ ਹਰ ਔਕੜ ਸਮੇਂ ਪਤੀ ਦੀ ਸੇਵਾ ਕੀਤੀ। ਨਿਰੀ ਸੇਵਾ ਦੀ ਪੁਤਲੀ ਏ। ਨਹੀਂ ਥਕੇਵਾਂ ਨਹੀਂ ਅਕੇਵਾਂ। ਘਰ ਕਿਤਨੇ ਸਾਧੂ ਚਲੇ ਜਾਣ। ਮੱਥੇ ਵੱਟ ਨਹੀਂ ਪਾਇਆ ਹੁਣ ਸੁਚੇਤ ਸਿੰਘ ਪੱਕਾ ਸੋਧੀ ਏ। ਕੀਰਤਨ ਵੀ ਕਰਨ ਲੱਗ ਪਿਆ ਏ। ਸਤਿਗੁਰੂ ਜੀ ਜਥੇਦਾਰ ਕਹਿ ਪੁਕਾਰਦੇ ਹਨ ਤਾਂ ਗੱਦ ਗੱਦ ਹੋ ਉਠਦਾ ਏ ਘਰੋਂ ਖਾ ਕੇ ਦੂਰ ਨੇੜੇ ਜਾ ਕੇ ਕੀਰਤਨ ਕਰਦਾ ਏ। ਨਿਧੜਕ ਪ੍ਰਚਾਰਕ ਏ, ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਨੇ ਲਗਪਗ ਹਜ਼ਾਰ ਬੰਦਿਆਂ ਤੋਂ ਮਾਸ ਛੁਡਾਇਆ ਏ। ਇਲਾਕੇ ਵਿਚ ਚੰਗਾ ਮਾਣ ਸਤਿਕਾਰ ਏ। ਨਿੱਕੀਆਂ ਨਿੱਕੀਆਂ ਟਕੋਰਾਂ ਨਾਲ ਖੁੰਡੇ ਰੰਬੇ ਤੇ ਜੰਗਾਲ ਖਾਦੀਆਂ ਦਾਤਰੀਆਂ ਨੂੰ ਸਿੱਧਾ ਕਰ ਚੰਗੀ ਤਰ੍ਹਾਂ ਲਿਸ਼ਕਾਂਦਾ ਏ। ਮੱਥਾ ਸਦਾ ਖਿੜਿਆ ਖਿੜਿਆ। ਤਿਊੜੀ ਸੁਪਨੇ ਵਿਚ ਵੀ ਕਦੇ ਵਿਖਾਈ ਨਹੀਂ ਦਿੱਤੀ। ਇਸ ਦੇ ਹਾਸੇ ਠੱਠੇ ਦਾ ਢੰਗ ਵੀ ਆਪਣਾ ਏ, ਜੇ ਕਿਸੇ ਨੂੰ ਇਹ ਕਹਿਣਾ ਹੋਵੇ ਕਿ ਪੁਰਾਣਾ ਪਾਪੀ ਏ, ਮਗਰ ਇਹ ਬੜੇ ਵਿਅੰਗਮਈ ਢੰਗ ਨਾਲ ਕਹਿੰਦਾ ਹੈ, ਅਮਕਾ ਪੀ ਪੀ ਏ। ਇਸੇ ਢੰਗ ਨਾਲ ਸ਼ਬਦ ਵੀ ਪੜ੍ਹ ਲੈਂਦੇ ਏ। ਜਿਵੇ:-

**ਤੂੰ ਹੈ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ**
**ਤੂੰ ਮੇਰਾ ਬੰਧਪ, ਤੂੰ ਮੇਰਾ ਪਰਾਤਾ।**

ਮਗਰ ਇਨ੍ਹਾਂ ਦੀ ਟੋਨ ਤੁਸੀਂ ਸੁਣੋਗੇ:-

**ਤੂੰ ਹੈ ਮੇਰਾ ਡੈਡੀ, ਤੂੰ ਹੈ ਮੇਰੀ ਮੰਮੀ**
**ਤੂੰ ਹੈ ਮੇਰਾ ਚੰਮੀ, ਤੂੰ ਹੈ ਬ੍ਰਾਦਰ ਜੀਓ।**

ਜਿਵੇਂ ਖ਼ਰਬੂਜੇ ਨੂੰ ਵੇਖ ਖ਼ਰਬੂਜਾ ਰੰਗ ਫੜਦਾ ਹੈ ਤਿਵੇਂ ਇਨ੍ਹਾਂ ਤੋਂ ਪ੍ਰਭਾਵਤ ਹੋ, ਇਨ੍ਹਾਂ ਦੇ ਭਰਾ ਸ੍ਰ: ਹਰਭਜਨ ਸਿੰਘ ਉਹ ਵੀ ਦੀਦਾਰੀ ਗੁਰਸਿੱਖ ਬਣ ਗਏ ਹਨ। ਸਿੱਧਾ ਦਸਤਾਰਾ, ਚਿੱਟਾ ਕੁਰਤਾ, ਰੇਬ ਪਜਾਮਾ, ਮੁਖ ਤੇ ਖੁੱਲ੍ਹਾ ਦਾੜ੍ਹਾ, ਲੰਮਾ ਉੱਚਾ ਰਾਹ ਜਾਂਦਿਆਂ ਨੂੰ ਸੁੱਤੇ ਹੀ ਆਪਣੇ ਵੱਲ ਖਿੱਚ ਲੈਂਦਾ

Sri Satguru Jagjit Singh Ji eLibrary NamdhariElibrary@gmail.com

ਹੈ। ਇਸ ਜੀਵਨ ਨੂੰ ਬੜੇ ਮਾਣ ਨਾਲ ਦੱਸਦਾ ਹੈ, ਕਿ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਮਿਹਰ ਨਾਲ ਭੱਖਦੇ ਅੰਗਿਆਰਿਆਂ ਵਿੱਚੋਂ ਨਿਕਲ, ਬਰਫ਼ ਖਾਨੇ ਆ ਡੇਰੇ ਲਾਏ ਹਨ। ਉਜਾੜਾਂ ਵਿਚ ਭਟਕਦਿਆਂ ਦਾ ਗੁਲਜ਼ਾਰ ਵਿਚ ਆ ਵਸੇਵਾ ਹੋਇਆ ਹੈ, ਕੰਡਿਆਂ ਵਿਚ ਫਸੇ ਸਾਂ ਮਖ਼ਮਲੀ ਸੇਜ਼ਾਂ ਦਾ ਅਨੰਦ ਮਾਣ ਰਹੇ ਹਾਂ। ਪੁਰਾਣੇ ਯਾਰ ਵੇਖਦੇ ਹਨ, ਤਾਂ ਉਂਗਲਾਂ ਮੂੰਹ ਵਿਚ ਪਾ ਲੈਂਦੇ ਹਨ। ਕਿ ਨੌ ਸੌ ਚੂਹੇ ਖਾਣ ਵਾਲੇ ਬਿੱਲੇ ਹਾਜ਼ੀ ਕਿਵੇਂ ਬਣ ਗਏ। ਖੱਟੀਆਂ ਮਿੱਠੀਆਂ ਗੋਲੀਆਂ ਦੇ ਸ਼ੌਕੀਨ ਉਨ੍ਹਾਂ ਨੂੰ ਇਹ ਵਿਹੁਲੀ ਤਲੀ ਕਿਵੇਂ ਸਮਝਣ ਲੱਗ ਪਏ।

ਅੱਜ ਸਤਿਗੁਰੂ ਜੀ ਦੀ ਕਿਰਪਾ ਸਦਕਾ, ਘਰ ਸਵਰਗ ਦਾ ਨਮੂਨਾ ਹੈ, ਸਾਰਾ ਪਰਿਵਾਰ ਅੰਮ੍ਰਿਤ ਵੇਲੇ ਇਸ਼ਨਾਨ ਕਰ ਭਜਨ ਵਿਚ ਲੀਨ ਹੋ ਜਾਂਦਾ ਹੈ। ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਪਸ਼ੂਆਂ ਪ੍ਰੇਤਾਂ ਦੀ ਮੁਕਤਿ ਕੀਤੀ ਸ੍ਰੀ ਆਸਾ ਦੀ ਵਾਰ ਦਾ ਕੀਤਰਨ ਹੋ ਜਾਂਦਾ ਹੈ, ਸਾਧਾਂ ਸੰਤਾਂ ਦੇ ਆਸਣ ਵੀ ਖੁਲਦੇ ਹਨ। ਲੰਗਰ ਵੀ ਚੱਲਦਾ ਰਹਿੰਦਾ ਹੈ ਤੇ ਪ੍ਰਸ਼ਾਦੇ ਮਗਰੋਂ ਚਾਟਾ ਜ਼ਰੂਰੀ ਮਿਲਦਾ ਹੈ। ਜੇ ਕਿਤੇ ਸ਼ਬਦ ਕੀਰਤਨ ਲਈ ਸੱਦਾ ਆ ਜਾਵੇ ਤਾਂ ਘਿਉ ਦਾ ਕੁੱਪਾ ਰੁੜ ਜਾਵੇ ਤਾਂ ਬੇਸ਼ੱਕ ਰੁੜ ਜਾਵੇ ਇਹ ਗੁਰਾਂ ਕਾ ਲਾਲ ਬਾਜਾ ਚੁੱਕ ਜਾ ਸਤਿ ਸ੍ਰੀ ਅਕਾਲ ਬੁਲਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

## ਕਾਰ ਦੀਆਂ ਚਾਬੀਆਂ: ਮਾਈਆਂ ਚੁਰਾਈਆਂ

**ਕੁਰਬਾਣੀ ਤਿੰਨ੍ਹਾਂ ਗੁਰ ਸਿਖਾਂ, ਪਿਛਲ ਰਾਤੀ ਉਠਿ ਬਹੰਦੇ,**
**ਕੁਰਬਾਣੀ ਤਿੰਨ੍ਹਾਂ ਗੁਰ ਸਿਖਾਂ, ਅੰਮ੍ਰਿਤ ਵੇਲੇ ਸਰਿ ਨਵੰਦੇ।**
**ਕੁਰਬਾਣੀ ਤਿੰਨ੍ਹਾਂ ਗੁਰ ਸਿੱਖਾਂ, ਹੋਇ ਇੱਕ ਮਨ ਗੁਰ ਜਾਪ ਜਪੰਦੇ,**
**ਕੁਰਬਾਣੀ ਤਿੰਨ੍ਹਾਂ ਗੁਰ ਸਿਖਾਂ, ਸਾਧ ਸੰਗਤਿ ਚਲਿ ਜਾਇ ਜੁੜੰਦੇ,**
**ਕੁਰਬਾਣੀ ਤਿੰਨ੍ਹਾਂ ਗੁਰ ਸਿਖਾਂ, ਗੁਰਬਾਣੀ ਨਿਤ ਗਾਇ ਸੁਣੰਦੇ,**
**ਕੁਰਬਾਣੀ ਤਿੰਨ੍ਹਾਂ ਗੁਰ ਸਿਖਾਂ, ਮਨ ਮੇਲੀ ਕਰ ਮੇਲਿ ਮਲੰਦੇ,**
**ਕੁਰਬਾਣੀ ਤਿੰਨ੍ਹਾਂ ਗੁਰ ਸਿਖਾਂ, ਭਾਇ ਭਗਤਿ ਗੁਰ ਪੁਰਬ ਕਰੰਦੇ,**
**ਗੁਰ ਸੇਵਾ ਫਲੁ ਸਫਲੁ ਫਲੰਦੇ।**

ਫੱਗਣ ਦਾ ਮਹੀਨਾ ਸੀ, ਪਰਬਤ ਕੜਾਕੇ ਦੀਆਂ ਸਰਦੀਆਂ ਦੀਆਂ ਮਾਰ ਖਾਕੇ ਸਿਰ ਉਭਾਰ ਰਹੇ ਸਨ। ਚਿੱਟੀਆਂ ਬਰਫ਼ਾਨੀ ਚੋਟੀਆਂ ਮਨੁੱਖ ਮਾਤਰ ਆਕ੍ਰਸ਼ਤ ਕਰ ਰਹੀਆਂ ਸਨ। ਸੂਰਜ ਭਗਵਾਨ ਦੀਆਂ ਨਿੱਘੀਆਂ ਕਿਰਨਾਂ ਨਰ ਨਾਰੀ, ਜੀਵ ਜੰਤ, ਪੌਣ ਪਰਬਤ ਵਿਚ ਨਿਖਾਰ। ਉਸ ਸੁਹਾਵਣੇ ਮੌਸਮ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਮੰਡੀ ਵਿਚ ਦਰਸ਼ਨ ਦੇ ਕੇ ਹੋਰ ਸੁਗੰਧੀ ਭਰ ਦਿੱਤੀ। ਇਸ ਮੌਕਿਆਂ ਤੋਂ ਸੰਗਤਾਂ ਲਾਭ ਲੈਣਾ ਚਾਹਿਆ। ਉਨ੍ਹਾਂ ਗੁਰਮਤਾ ਸੋਧ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਇਹ ਅਰਜ਼ ਕੀਤੀ, ਕਿ ਮੰਡੀ ਦੀ ਸੰਗਤ ਹਰ ਸਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਕਰਦੀ ਹੈ, ਆਪ ਦਿਨ ਬਖਸ਼ੋ ਤੇ ਪ੍ਰਵਾਨ ਸਾਹਿਤ ਦਰਸ਼ਨ ਦਿਓ, ਤਾਂ ਕਿ ਪੁਰਬ ਨੂੰ ਚਾਰ ਚੰਨ ਲੱਗਣ। ਸੱਚੇ ਪਾਤਸ਼ਾਹ ਪ੍ਰਵਾਨਗੀ ਬਖਸ਼ ਦਿੱਤੀ। ਸੰਗਤਾਂ ਜੈਕਾਰੇ ਛੱਡ ਦਿੱਤੇ। ਇਹ 1970 ਦੀ ਵਾਰਤਾ ਏ।

ਵੈਸੇ ਤਾਂ ਸਾਰੇ ਸਮਾਗਮ ਸਭ ਥਾਂਈਂ ਮਾਈ ਭਾਈ ਵੱਲੋਂ ਮਿਲਵੇ ਜਤਨਾਂ ਨਾਲ ਸਫ਼ਲ ਹੁੰਦੇ ਹਨ। ਪਰ ਇਸ ਮੇਲੇ ਦੀ ਪ੍ਰਵਾਨਗੀ ਮਾਈਆਂ ਲਈ ਸੀ। ਇਸ ਵਾਸਤੇ ਇਹ "ਮਾਈਆਂ ਦਾ ਮੇਲਾ" ਕਰਕੇ ਵਜਣ ਲੱਗਾ। ਥੋੜ੍ਹੇ ਸਮੇਂ ਅੰਦਰ ਹੀ ਮਾਈਆਂ ਨੇ ਕਾਫ਼ੀ ਮਾਇਆ ਇਕੱਠੀ ਕਰ ਲਈ। ਕੁਝ ਮੁਖੀ ਸੱਜਣਾਂ ਆ ਹੱਥ ਵਟਾਇਆ। ਰਸਦ ਆਦਿ ਦੀ ਖ਼ਰੀਦ ਹੋ ਗਈ। ਔਸੀਆਂ ਪਾਂਦਿਆਂ ਮੇਲੇ ਦਾ ਦਿਨ ਨੇੜੇ ਆ ਗਿਆ। ਸੰਗਤ ਧਰਮਸ਼ਾਲਾ ਆ ਜੁੜੀ ਆਲਾ ਦੁਆਲਾ ਸਾਫ ਕਰ ਦਿੱਤਾ ਮੰਦਰ ਦੀ ਝਾੜ ਪੂੰਜ ਲਿਸ਼ਕਾ ਦਿੱਤਾ।

ਲੰਗਰ ਸ਼ੁਰੂ ਹੋ ਗਿਆ ਜਿਉਂ ਜਿਉਂ ਸੂਜਰ ਦੇਵਤਾ ਆਕਾਸ਼ ਵੱਲ ਵੱਧੇ, ਲੱਗੀਆਂ ਪ੍ਰੇਮ ਤਾਰਾਂ ਖੜਕਣ। ਇਤਨੇ ਨੂੰ ਟੈਲੀਫੂਨ ਆ ਗਿਆ, ਕਿ ਸੱਚੇ ਪਾਤਸ਼ਾਹ ਜੀ ਸਵੇਰ ਤੋਂ ਸ੍ਰੀ ਭੈਣੀ ਸਾਹਿਬੋਂ ਰਵਾਨਾ ਹੋ ਚੁੱਕੇ ਹਨ, ਉਹ ਮੰਡੀ ਕਿਸੇ ਵੇਲੇ ਪੁੱਜ ਸਕਦੇ ਹਨ। ਸੰਗਤਾਂ ਦੀ ਤੀਬਰਤਾ ਵੱਧਣ ਲੱਗੀ, ਲੱਗੀਆਂ ਢੋਲਕੀਆਂ ਖੜਕਣ ਛੈਣੇ ਗੂੰਜਣ, ਘੁਮਕਾਰਾਂ ਪੈਣ। ਅੰਦਾਜ਼ਾ ਲਾ ਕੇ ਸੰਗਤਾਂ ਉਸ ਸਮੇਂ ਸੜਕ ਤੇ ਸਵਾਗਤ ਵਾਸਤੇ ਆ ਜੁੜੀਆਂ ਜਿਸ ਸਮੇਂ ਤੱਕ ਸੱਚੇ ਪਾਤਸ਼ਾਹ ਪੁੱਜ ਸਕਦੇ ਸਨ। ਇਸ ਸੱਚਖੰਡੀ ਨਜ਼ਾਰੇ ਨੂੰ ਤੱਕ ਕੇ ਜੰਗਲ ਬੇਲੇ ਮਸਤੀ ਨਾਲ ਝੂਮ ਰਹੇ ਸਨ ਤੇ ਸ਼ਬਦਾਂ ਦੀ ਘਨਘੋਰ ਨਾਲ ਪਰਬਤ ਗੂੰਜ ਰਹੇ ਸਨ। ਵੈਰਾਗ ਵਿਚ ਇਹ ਅਲਾਪ ਹੋ ਰਿਹਾ ਸੀ:-

1. **ਦੇ ਦਰਸ਼ਨ ਗੁਰ ਮੇਰੇ, ਸੰਗਤਾਂ ਉਡੀਕਦੀਆਂ।**
2. **ਤੁਮ੍ਰੀ ਕਰੋਂ ਨਿਤ ਆਸ ਕਬ ਗਲ੍ਹ ਲਾਵਹੁਗੇ।**
3. **ਨਾਮ ਅਨਾਥਨ ਕੀ ਸੁਧ ਲੀਜੈ, ਕਿਉਂ ਇਤਨਾਂ ਚਿਰ ਲਾਇਆ।**
   **ਦੇਹ ਦਰਸ਼ਨ ਸਿੱਕ ਲਾਹ ਅਸਾਡੀ, ਤੇਰੇ ਬਿਰਹੋਂ ਮਾਰ ਮੁਕਾਇਆ।**
4. **ਪੰਥ ਨਿਹਾਰੇਂ ਕਾਮਨੀ ਲੋਚਨ ਭਰੀ ਲੇ ਉਸਾਸਾ।**
   **ਉਰੁ ਨ ਭਿਜੈ ਪਗੁ ਨ ਖਿਸੈ, ਪਿਰ ਦੇਖਨ ਕੀ ਆਸਾ।**

ਪਿਰ ਦੇਖਣ ਕੀ ਆਸ ਰਸਨਾਂ ਤੇ, ਸਜਲ ਨੇਤਰ ਕਲੇਜੇ ਦੀ ਕਰਕ ਧੂਹ ਪਾਈ ਚਲੇ ਜਾਂਦੇ ਸਨ। ਇਤਨੇ ਨੂੰ ਚਿੱਟੀ ਝੰਡੀ ਵਾਲੀ ਗੱਡੀ ਮੋੜ ਕੱਟਦੀ ਵਿਖਾਈ ਦਿੱਤੀ। ਸਭ ਅੰਦਰ ਖੇੜੇ ਦੀ ਲਹਿਰ ਦੌੜ ਗਈ। ਗੱਡੀ ਆਈ। ਹਸੂੰ ਹਸੂੰ ਕਰਦੇ ਪਾਤਸ਼ਾਹ ਬਾਹਰ ਚਰਨ ਰਖੇ। ਮਾਈਆਂ ਭਾਈਆਂ ਫੁੱਲਾਂ ਦੇ ਹਾਰ ਪਾਏ, ਚਰਨ ਪਰਸੇ। ਅੱਖੀਂ ਸੁੱਖ ਕਲੇਜੇ ਠੰਡ। ਸੱਚੇ ਪਾਤਸ਼ਾਹ ਜੋੜਾ ਉਤਾਰ ਦਿੱਤਾ। ਪਊਏ ਪਾ ਲਏ ਤੇ ਜਥੇਦਾਰ ਸੇਵਾ ਸਿੰਘ ਨੂੰ ਹੁਕਮ ਕੀਤਾ, ਜਥੇਦਾਰ ਜੀ ਸ਼ਬਦ ਸੁਣਾਓ। ਜਥੇਦਾਰ ਨੂੰ ਅੱਗੇ ਖੁਮਾਰ ਚੜ੍ਹਿਆ ਹੋਇਆ ਸੀ। ਇਨ੍ਹਾਂ ਧਾਰਨਾ ਚੁੱਕ ਲਈ।

ਜਿੱਥੇ ਚਰਨ ਗੁਰਾਂ ਨੇ ਪਾਏ, ਧਰਤੀ ਨੂੰ ਭਾਗ ਲਗ ਗਏ।

1. **ਸਾ ਧਰਤੀ ਭਈ ਹਰਿਆਵਲੀ ਜਿਥੇ ਮੇਰਾ ਸਤਿਗੁਰ ਬੈਠਾ ਆਇ।**
   **ਸਾ ਜੰਤੁ ਭਈ ਹਰਿਆਵਲੇ, ਜਿਨੀ ਮੇਰਾ ਸਤਿਗੁਰੂ ਦੇਖਿਆ ਜਾਇ।**
2. **ਸਫਲ ਜਨਮ ਸੰਨ ਆਜ ਕੋ ਦਿਵਸ ਹੈਨਿ**
   **ਪਹਰ ਮਹੂਰਤ ਘੜੀਆਂ ਪਲ ਪਾਇ ਹੈ।**
   **ਸਫਲ ਸ਼ਿੰਗਾਰ ਚਾਰ ਸਿਹਜਾ ਸੰਜੋਗ ਭੋਗ**
   **ਆਗਨ ਮੰਦਰ ਅਤਿ ਸੁੰਦਰ ਸੁਹਾਇ ਹੈਂ।**
   **ਜਗਮਗ ਜੋਤਿ ਸੋਭਾ ਕੀਰਤਿ ਪ੍ਰਤਾਪ ਛਬਿ**
   **ਅਨੰਦ ਸੁਖ ਸਹਿਜ ਸੁਖ ਸਾਗਰ ਅਘਾਏ ਹੈ।**
   **ਅਰਥ, ਧਰਮ, ਕਾਮ, ਮੋਖ ਨਿਹਕਾਮ ਨਾਮ,**
   **ਪ੍ਰੇਮ ਰਸਿਕ ਰਸ ਹਵੈ ਲਾਲ ਮੇਰੇ ਆਏ ਹੈ।**

**3. ਧੰਨਿ ਧੰਨਿ ਹਮਾਰੇ ਭਾਗ, ਘਰ ਆਇਆ ਪਿਰੁ ਮੇਰਾ**
**ਸੋਹੇ ਬੰਕ ਦੁਆਰ ਸਗਲਾ ਬਨ ਹਰਾ॥**

ਰੰਗ ਵਿਚ ਰੰਗੀਆਂ ਸੰਗਤਾਂ ਧਰਮਸ਼ਾਲਾ ਪੁੱਜ ਗਈਆਂ ਅਤੇ ਸਾਰੀ ਸੰਗਤ ਨੂੰ ਪ੍ਰੋਗਰਾਮ ਸੁਣਾਇਆ ਗਿਆ।

ਪਿਛਲੇ ਪਹਿਰ ਦਾ ਦੀਵਾਨ ਸਜਿਆ। ਸੰਤ ਦਰਸ਼ਨ ਸਿੰਘ ਤੇ ਖਜ਼ਾਨ ਸਿੰਘ ਕੀਰਤਨ ਅਰੰਭਿਆ:-

**ਰਾਖਿ ਲੇਹੁ ਹਮ ਤੇ ਬਿਗਰੀ**
**ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਉ ਅਭਿਮਾਨ ਟੇਢ ਪਗਰੀ**

ਸੱਚੇ ਪਾਤਸ਼ਾਹ ਦਰਸ਼ਨ ਆ ਦਿੱਤੇ। ਦੀਵਾਨ ਵਿਚ ਮਸਤੀ ਛਾਈ ਹੋਈ ਸੀ। ਇਤਨੇ ਨੂੰ ਸੰਤ ਰਤਨ ਸਿੰਘ ਆ ਨਮਸਕਾਰ ਕੀਤੀ। ਸੱਚੇ ਪਾਤਸ਼ਾਹ ਸਹਿਜੇ ਬਚਨ ਕੀਤਾ "ਰਤਨ! ਸਵੇਰੇ ਸ੍ਰੀ ਆਸਾ ਦੀ ਵਾਰ ਦੇ ਭੋਗ ਨਾਲ ਹੀ ਪ੍ਰਸ਼ਾਦ ਤਿਆਰ ਹੋ ਜਾਵੇ" ਛੱਕਾਂਗੇ ਮੁਨਾਲੀ ਜਾਕੇ ਸਤਿ ਬਚਨ ਕਹਿ ਰਤਨ ਪਿੱਛੇ ਜਾ ਕੇ ਬਹਿ ਗਿਆ। "ਪ੍ਰਸ਼ਾਦ ਮੁਨਾਲੀ ਜਾ ਕੇ ਛੱਕਾਂਗੇ" ਦੀ ਸੋ ਚਲਦੀ ਚਲਦੀ, ਪ੍ਰਬੰਧਕ ਮਾਈਆਂ ਤੱਕ ਪੁੱਜ ਗਈ। ਇਹ ਸੁਣਦਿਆਂ ਉਨ੍ਹਾਂ ਦੇ ਕਲੇਜੇ ਰੁਗ ਭਰਿਆ ਗਿਆ ਤੇ ਉਸ ਪਾਸੇ ਚੁੱਪ ਵਰਤ ਗਈ। ਸੋਚਾਂ ਦੇ ਵਹਿਣ ਵਹਿਣੇ ਸ਼ੁਰੂ ਹੋ ਗਏ। ਇਕ ਮਾਈ ਨੇ ਹੱਥਾਂ ਤੇ ਹੱਥ ਮਾਰਦਿਆਂ ਕਿਹਾ, ਤੁਹਾਡੇ ਮਰ ਜਾਣ, ਕੁਝ ਸੁਣਿਆ ਜੇ! ਆਂਦਾ ਏ ਪ੍ਰਸ਼ਾਦ ਮੁਨਾਲੀ ਜਾ ਕੇ ਛੱਕਣਾ ਏ। ਇਹ ਮੁਨਾਲੀ ਗਿਆ ਤਾਂ ਸਾਡਾ ਮੇਲਾ ਕਾਹਦਾ?

ਇਉਂ ਮਲੂਮ ਹੁੰਦਾ ਏ, ਕਿ ਪੱਛਮ ਦੇ ਵਿਦਵਾਨ ਸ਼ੈਕਸਪੀਅਰ ਨੂੰ ਇਸਤਰੀ ਬਾਰੇ ਕੁਝ ਟਪਲਾ ਲੱਗਾ ਏ। ਉਸਨੇ ਕਿਹਾ ਹੈ, ਕਿ 'ਹਾਏ ਕਮਜ਼ੋਰੀਏ ਤੇਰਾ ਦੂਜਾ ਨਾਉਂ ਇਸਤਰੀ ਹੈ' ਪਰ ਪੂਰਬ ਦਾ ਇਹ ਮਤ ਨਹੀਂ, ਭਾਰਤ ਦਾ ਇਤਿਹਾਸ ਇਸਤਰੀ ਬਾਰੇ ਸੁਨਹਿਰੀ ਪੰਨਿਆਂ ਨਾਲ ਭਰਿਆ ਪਿਆ ਹੈ। ਅਨੇਕ ਉਧਾਰਨਾਂ ਮਿਲਦੀਆਂ ਹਨ।

ਉਹ ਵੀ ਇਸਤਰੀ ਸੀ ਜਿਸਦੀ ਦ੍ਰਿੜ੍ਹਤਾ ਨੇ ਨ ਕੇਵਲ ਆਪਣੇ ਪਤੀ ਦੇਵ ਨੂੰ ਜਮਾਂ ਦੇ ਫੰਦੇ ਵਿੱਚੋਂ ਕੱਢ ਲਿਆਂਦਾ ਸੀ, ਸਗੋਂ ਅਪਣੇ ਸਤਿਕਾਰ ਜੋਗ ਸਹੁਰੇ ਦੇ ਨੇਤਰ ਅਤੇ ਗੁਆਚਾ ਰਾਜ ਪਾਟ ਵਾਪਸ ਕਰਵਾ ਲਿਆ ਸੀ, ਉਹ ਵੀ ਇਸਤਰੀ ਸੀ ਜਿਸਨੂੰ ਬਲੀ ਰਾਵਣ ਨੇ ਕੈਦ ਤਾਂ ਕਰ ਲਿਆ ਪਰ ਸੱਤ ਨ ਭੰਗ ਕਰ ਸਕਿਆ, ਉਹ ਵੀ ਇਸਤਰੀ ਸੀ ਜਿਸਦੀ ਪ੍ਰੇਮ ਖਿੱਚ ਨੇ ਕੌਰਵਾਂ ਦੀ ਕੈਦ 'ਚ ਭਗਵਾਨ ਕ੍ਰਿਸ਼ਨ ਨੂੰ ਆਪਣੇ ਸਿੰਘਾਸਨ ਤੋਂ ਬੇਅਰਾਮ ਕਰ ਦਿੱਤਾ ਸੀ, ਉਹ ਵੀ ਇਸਤਰੀ ਸੀ ਜਿਹੜੀ ਆਪਣੀ ਇੱਜ਼ਤ ਆਬਰੂ ਨੂੰ ਕਾਇਮ ਰੱਖਣ ਖਾਤਰ, ਆਪਣੀਆਂ ਸਖੀਆਂ ਸਹੇਲੀਆਂ ਨਾਲ ਹਵਨ ਕੁੰਡ ਵਿਚ ਭਸਮ ਹੋ ਗਈ ਸੀ। ਮਾਤਾ ਭਾਗੋ ਖੇਮ ਕੌਰ ਤੇ ਇੰਦ ਕੌਰ ਵੀ ਇਸਤਰੀਆਂ ਸਨ, ਜਿਨ੍ਹਾਂ ਦੇਸ਼ ਧਰਮ ਤੇ ਸੁਤੰਤਰਤਾ ਹਿਤ ਗੱਭਰੂਆਂ ਦੀ ਅਗਵਾਈ ਕੀਤੀ ਸੀ। ਮਹਾਤਮਾਂ ਹੁਕਮਾਂ ਨੇ ਸ਼ਾਤਰ ਅੰਗਰੇਜ਼ ਦੀਆਂ ਚਕਰੀਆਂ ਭੁਆ ਦਿੱਤੀਆਂ ਸਨ।

Sri Satguru Jagjit Singh Ji eLibrary NamdhariElibrary@gmail.com

ਮਾਈ ਦਾਨੀ ਨੂੰ ਨਾਮਧਾਰੀ ਜਗਤ ਜਾਣਦਾ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਾਰ ਦੇ ਪਈਏ ਜਾਮ ਕਰ ਦਿਆ ਕਰਦੀ ਸੀ। ਵਿਗਿਆਨ ਅਜੇ ਤਕ ਇਸ ਘੁੰਡੀ ਨੂੰ ਖੋਲਣ ਦੇ ਅਸਮਰਥ ਹੈ। ਖ਼ੈਰ ਮਾਈਆਂ ਮਤਾ ਪਕਾਇਆ ਕਿ ਸੱਚੇ ਪਾਤਸ਼ਾਹ ਨੂੰ ਪ੍ਰਸ਼ਾਦਾ ਛਕਾਏ ਬਿਨਾ ਕਿਤੇ ਜਾਣ ਨਹੀਂ ਦੇਣਾ। ਮਾਤਾਵਾਂ ਵਰਨੀ ਦਾ ਪ੍ਰੋਗਰਾਮ ਬਣਾ ਲਿਆ। ਧੂਪ, ਦੀਪ ਕੁੰਭ ਦਾ ਸਾਮਾਨ ਇਕੱਠਾ ਕਰ ਦੋ ਦੋ ਘੰਟੇ ਦੀ ਰੌਲ ਨੀਯਤ ਕਰ ਅਰਦਾਸਾ ਸੋਧ ਦਿੱਤਾ ਕਿ ਸੱਚੇ ਪਾਤਸ਼ਾਹ ਜੀ ਬਿਰਦ ਬਾਣੇ ਦੀ ਲਾਜ ਰੱਖੀਂ ਤੇ ਕਾਰਜ ਨਿਰ ਵਿਘਨ ਸੰਪੂਰਨ ਹੋਵੇ।

ਵਰਨੀ ਅਰੰਭ ਹੋ ਗਈ। ਰਾਤ ਵੱਧਦੀ ਗਈ। ਰਾਤ ਵੱਧਦੀ ਗਈ। ਰਾਤ ਢਲਨੀ ਸ਼ੁਰੂ ਹੋ ਗਈ। ਮਾਈਆਂ ਦੋ ਦੋ ਘੰਟੇ ਪਿੱਛੋਂ ਆਪਣੀ ਰੋਲ ਤੇ ਬੈਠਦੀਆਂ ਤੇ ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਵਿਚ ਜੁੜ ਜਾਂਦੀਆਂ। ਸੰਸਾਰੀ ਸੁੱਤੇ, ਘੂਕ ਸੁੱਤੇ। ਬੇਹੋਸ਼ ਉਨ੍ਹਾਂ ਬਾਰੇ ਕਵੀ ਹਾਸ਼ਮ ਜੀ ਕਹਿੰਦੇ ਹਨ:-

**ਮੂਰਖ ਲੋਕ ਸਦਾ ਸੁਖ ਸੌਂਦੇ, ਰੋਜ ਕਮਾਵਣ ਪੈਸਾ**
**ਨ ਕੁਝ ਊਚ ਨੀਚ ਨੂੰ ਸਮਝਣ, ਪ੍ਰੇਮ ਨ ਜਾਣਨ ਕੈਸਾ**

ਪਰ ਆਸ਼ਕ ਸਦਾ ਉਨੀਂਦਰੇ, ਰਾਤਾਂ ਪਲਕਾਂ ਵਿਚ ਹਉਕੈ ਲੈਂਦਿਆਂ, ਸਿਸਕੀਆਂ ਭਰਦਿਆਂ। ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋ ਗਿਆ। ਮਾਈਆਂ ਬੀਬੀਆਂ ਤੇ ਹੋਰ ਸੇਵਾਦਾਰ ਲੰਗਰ ਵਿਚ ਲੱਗ ਗਏ। ਸੱਚੇ ਪਾਤਸ਼ਾਹ ਸੇਠ ਤ੍ਰਿਲੋਕ ਸਿੰਘ ਦੀ ਕਾਰ ਵਿਚ ਕੋਠੀਓਂ ਆਏ ਤੇ ਆਸਣ ਤੇ ਸ਼ਸ਼ੋਭਤ ਹੋ ਗਏ। ਪਰ ਆਉਂਦੇ ਹੋਏ ਗੁਰਮੁਖ ਸਿੰਘ ਨੂੰ ਕਹਿ ਆਏ, "ਗੁਰਮੁਖਾ! ਤੂੰ ਚਾਰ ਸਲੋਕ ਰਹਿੰਦਿਆਂ ਈ, ਮੁਨਾਲੀ ਜਾਣ ਲਈ ਤਿਆਰ ਹੋ ਕੇ ਪੁੱਜ ਜਾਵੀਂ, ਉਸ ਵੇਲੇ ਤੱਕ ਤਰਨ ਨੇ ਵੀ ਲੰਗਰ ਤਿਆਰ ਕਰ ਲਿਆ ਹੋਵੇਗਾ। ਧਰਮਸ਼ਾਲਾ ਅੰਦਰ ਕੀਰਤਨ ਹੁੰਦਾ ਰਿਹਾ। ਦੂਜੇ ਪਾਸੇ ਵਰਨੀ। ਜਿਉਂ ਜਿਉਂ ਵਰਨੀ ਚਲਦੀ ਗਈ, ਕਾਰ ਦੀਆਂ ਬੈਟਰੀਆਂ ਢਿੱਲੀਆਂ ਹੁੰਦੀਆਂ। ਓਧਰ ਰਵਾਲਸਰ ਦੀ ਮਸਤਾਨੀ ਸੇਵਾ ਕੌਰ ਅਰਦਾਸ ਸੋਧਣ ਲੱਗੀ, ਸੋ ਇਨ੍ਹਾਂ ਪ੍ਰੇਮਣਾਂ ਦੀਆਂ ਰਲੀਆਂ ਮਿਲੀਆਂ ਜੋਦੜੀਆਂ ਨੇ ਕਾਰ ਨੂੰ ਨਿਊਟਰਲ ਵਿਚ ਸੁੱਟ ਦਿੱਤਾ ਜਦ ਗੁਰਮੁਖ ਸਿੰਘ ਕਾਰ ਨੂੰ ਚਾਬੀ ਲਾਈ ਤਾਂ ਉਸ ਅੱਗੋਂ ਉੱਤਰ ਦਿੱਤਾ, ਸੰਤ ਜੀ ਜਰਾ ਆਰਾਮ ਕਰੋ। ਵਿਚਾਰੇ ਸੇਵਾਦਾਰ ਬਥੇਰਾ ਯਤਨ ਕੀਤਾ, ਪਰ ਸਭ ਨਿਰਾਰਥ, ਅਤੇ ਹਾਰ ਟੁੱਟ ਦੀਵਾਨ ਵਿਚ ਹਾਜ਼ਰ ਹੋ ਅਰਜ਼ ਕਰ ਦਿੱਤੀ, ਸੱਚੇ ਪਾਤਸ਼ਾਹ ਕਾਰ ਸਟਾਰਟ ਨਹੀਂ ਹੁੰਦੀ, ਕੋਈ ਸਮਝ ਨਹੀਂ ਆ ਰਹੀ। ਇਹ ਸੁਣ ਪਾਤਸ਼ਾਹ ਮੁਸਕਰਾ ਪਏ ਅਤੇ ਇੱਕ ਪਾਸੇ ਬੈਠਣ ਦਾ ਇਸ਼ਾਰਾ ਕੀਤਾ। ਇਤਨੇ ਨੂੰ ਸੰਤ ਰਤਨ ਸਿੰਘ ਵੀ ਆ ਨਮਸਕਾਰ ਕੀਤੀ। ਗੁਰਮੁਖ ਸਿੰਘ ਦੀ ਹੌਲੀ ਜੇਹੀ ਕੀਤੀ ਦੀ ਭਿਣਖ ਮਾਈਆਂ ਤੱਕ ਪੁੱਜ ਗਈ, ਉਨ੍ਹਾਂ ਦਾ ਵੀ ਸਾਹ ਮੁੜਿਆ ਤੇ ਉਤਸ਼ਾਹ ਵਿਚ ਵਾਧਾ ਹੋਇਆ, ਚਿਹਰੇ ਚਮਕ

Sri Satguru Jagjit Singh Ji eLibrary NamdhariElibrary@gmail.com

ਉੱਠੇ। ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦਾ ਭੋਗ ਪੈ ਗਿਆ। ਗੁਰਮੁਖ ਸਿੰਘ ਮੁੜ ਹਾਜ਼ਰ ਹੋਇਆ ਅਤੇ ਵਿਥਿਆ ਆ ਦੁਹਰਾਈ ਗ਼ਰੀਬ ਨਿਵਾਜ਼ ਕੁਝ ਸਮਝ ਨਹੀਂ ਆ ਰਹੀ ਕਾਰ ਸਟਾਰਟ ਨਹੀਂ ਹੋ ਰਹੀ। ਮੌਕਿਆਂ ਸੰਭਾਲਦਿਆਂ ਸੇਠ ਜੈਮਲ ਸਿੰਘ ਅਗ੍ਹਾਂ ਵੱਧੇ ਤੇ ਹੱਥ ਜੋੜ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਜਿੰਨੇ ਸਮੇਂ ਤੱਕ ਕਾਰ ਸਟਾਰਟ ਨਹੀਂ ਹੁੰਦੀ ਸਾਧ ਸੰਗਤ ਦੀ ਬੇਨਤੀ ਹੈ, ਕਿ ਉਨ੍ਹਾਂ ਦੇ ਗ੍ਰਿਹਿ ਪਵਿੱਤਰ ਕਰਨ ਦੀ ਕ੍ਰਿਪਾਲਤਾ ਹੋ ਜਾਵੇ, ਸੱਚੇ ਪਾਤਸ਼ਾਹ ਪ੍ਰਵਾਨਗੀ ਬਖਸ਼ ਦਿੱਤੀ ਤੇ ਸੰਗਤਾਂ ਜੈਕਾਰੇ ਛੱਡੇ।

ਸੱਚੇ ਪਾਤਸ਼ਾਹ ਜਲ ਪਾਣੀ ਛੱਕਿਆ ਤੇ ਗ੍ਰਿਹਿ ਪਵਿੱਤਰ ਕਰਨ ਲੱਗ ਪਏ। ਘਰ ਬਾਹਰ ਹੰਸ ਤੇ ਹੰਸਣੀਆਂ ਹੀ ਦਿਖਾਈ ਦੇ ਰਹੇ ਸਨ। ਇਤਨੇ ਨੂੰ ਜਥੇਦਾਰ ਪਿਆਰਾ ਸਿੰਘ ਤੇ ਮਸਤਾਨੀ ਸੇਵਾ ਕੌਰ ਆ ਸਤਿ ਸ੍ਰੀ ਅਕਾਲ ਬੁਲਾਇਆ। ਦਰਸ਼ਨ ਕਰਦਿਆਂ ਰੰਗ ਚੜ੍ਹ ਗਿਆ। ਉਦਾਸੀ ਕਾਫ਼ੂਰ ਹੋ ਗਈ। ਉਨ੍ਹਾਂ ਨੇ ਵੀ ਸਾਰੀ ਕਥਾ ਸੁਣੀ ਤੇ ਅਪਣੀ ਵਿਥਿਆ ਭਿੱਜੀਆਂ ਅੱਖਾਂ ਨਾਲ ਸੁਣਾਈ ਕਿ ਅਸੀਂ ਕਿਵੇਂ ਸੜਕ ਤੇ ਖੜੇ ਖੜੇ ਹੀ ਢਹਿ ਚੱਲੇ ਸਾਂ। ਜਿਸ ਬੱਸ ਨੂੰ ਹੱਥ ਦੇਈਏ, ਉਹ ਬਿਨਾ ਰੋਕੇ ਨਿਕਲ ਜਾਵੇ ਦੋ-ਤਿੰਨ ਬੱਸਾਂ ਲੰਘ ਗਈਆਂ, ਆ ਦਸ ਵਜ ਗਏ ਸਨ। ਹੁਣ ਕਲੇਜੇ ਠੰਡ ਪਈਏ। ਮਸਤਾਨੀ ਕਾਹਲੀ ਕਾਹਲੀ ਵਰਨੀ ਅਸਥਾਨ ਤੇ ਗਈ। ਨਮਸਕਾਰ ਕੀਤੀ ਤੇ ਮਾਈਆਂ ਨੂੰ ਵਧਾਈਆਂ ਦੇਂਦਿਆਂ ਆਖਿਆ, "ਭੈਣੋ! ਸ਼ਾਵਾਸ਼! ਤੁਸਾਂ ਰਖ ਵਖਾਈ। ਤੁਹਾਡਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਸਾਨੂੰ ਦਰਸ਼ਨ ਕਰਾਏ।"

ਸੱਚੇ ਪਾਤਸ਼ਾਹ ਸਭ ਘਰ ਪਵਿੱਤਰ ਕਰ ਧਰਮਸ਼ਾਲਾ ਪੁੱਜੇ ਤੇ ਆਖਿਆ ਰਤਨ ਮਨਾਲੀ ਤਾਂ ਜਾ ਨਹੀਂ ਸਕੇ, ਲਿਆ ਪ੍ਰਸ਼ਾਦਾ! ਜਦ ਸੱਚੇ ਪਾਤਸ਼ਾਹ ਪ੍ਰਸ਼ਾਦ ਛੱਕਣ ਲੱਗੇ ਤਾਂ ਉਨ੍ਹਾਂ ਦੀ ਨਿਗਾਹ ਉਸ ਕਮਰੇ ਵਲ ਗਈ, ਜਿੱਥੇ ਮਾਈਆਂ ਵਰਨੀ ਕਰ ਰਹੀਆਂ ਸਨ। ਸੱਚੇ ਪਾਤਸ਼ਾਹ ਜੀ ਰਤਨ ਨੂੰ ਪੁੱਛਿਆ ਕਿ ਇਹ ਕੀ ਕਰ ਰਹੀਆਂ ਹਨ, ਤਾਂ ਰਤਨ ਸਿੰਘ ਅਰਜ਼ ਕੀਤੀ, 'ਜੀ ਇਹ ਮਾਈਆਂ ਨੂੰ ਜਦ ਤੋਂ ਪਤਾ ਲੱਗਾ ਕਿ ਆਪ ਨੇ ਪ੍ਰਸ਼ਾਦਾ ਮਨਾਲੀ ਜਾਕੇ ਛੱਕਣਾ ਏ ਤਾਂ ਇਨ੍ਹਾਂ ਕਿਹਾ ਕਿ ਸਾਡਾ ਮੇਲਾ ਕਾਹਦਾ ਜੇ ਇਹ ਪ੍ਰਸ਼ਾਦਾ ਮਨਾਲੀ ਜਾ ਕੇ ਛੱਕਣ। ਉਸ ਵੇਲੇ ਤੋਂ ਵਰਨੀ ਤੋਰ ਤਿੱਤੀ ਤੇ ਅਜੇ ਤਕ ਚੱਲ ਰਹੀ ਹੈ। ਇਹ ਸੁਣ ਸੱਚੇ ਪਾਤਸ਼ਾਹ ਮੁਸਕਰਾ ਪਏ ਅਤੇ ਕਿਹਾ ਕਿ ਕਾਰ ਕਿਵੇਂ ਸਟਾਰਟ ਹੁੰਦੀ, ਚਾਬੀਆਂ ਤਾਂ ਮਾਈਆਂ ਸਾਂਭੀ ਬੈਠੀਆਂ ਹਨ।

ਸੱਚੇ ਪਾਤਸ਼ਾਹ ਪ੍ਰਸ਼ਾਦ ਛੱਕਿਆ ਕਾਰ ਸਟਾਰਟ ਹੋ ਗਈ। ਸੱਚੇ ਪਾਤਸ਼ਾਹ ਮਨਾਲੀ ਚਲੇ ਗਏ। ਮਾਈਆਂ ਵਰਨੀ ਦਾ ਭੋਗ ਪਾ ਦਿੱਤਾ। ਪਿਛਲੇ ਪਹਿਰ ਦਾ ਦੀਵਾਨ ਲੱਗਾ ਕੀਰਤਨ ਅਰੰਭ ਹੋ ਗਿਆ। ਕੀਰਤਨੀਆਂ ਸ਼ਬਦ ਚੁੱਕਿਆ:-

**ਮੋਹਨ ਘਰ ਆਵਹੁ ਕਰਉ ਜੋਦਰੀਆਂ**
**ਵਿਛੋੜਾ ਕਿਸੇ ਦੇ ਪੇਸ਼ ਪੈ ਨ ਜਾਵੇ**
**ਕਿਸੇ ਦਾ ਮਾਹੀ ਪ੍ਰਦੇਸ਼ ਨ ਜਾਵੇ।**

ਸੂਰਜ ਡੁੱਬਣ ਤੱਕ ਪਾਤਸ਼ਾਹ ਮਨਾਲੀਓਂ ਤਾਂਘਦੀਆਂ ਆਤਮਾਵਾਂ ਤ੍ਰਿਪਤ ਕਰ ਵਾਪਸ ਆ ਗਏ। ਸਾਰੀ ਰਾਤ ਸ਼ਬਦ ਕੀਰਤਨ ਹੁੰਦਾ ਰਿਹਾ। ਸਵੇਰੇ ਅੰਮ੍ਰਿਤ ਵੇਲੇ ਵਾਰਾ ਅਰੰਭ ਹੋਇਆ। ਵਾਰੇ ਦੇ ਭੋਗ ਉਪਰੰਤ ਦੋ ਪਾਠਾਂ ਦੇ ਭੋਗ ਪਾਏ ਗਏ। ਸੱਚੇ ਪਾਤਸ਼ਾਹ ਖ਼ੁਸ਼ੀਆਂ ਬਖਸ਼ਦੇ ਕਾਰ ਵਿਚ ਜਾ ਬੈਠੇ। ਮਾਤਾ ਚੰਦ ਕੌਰ ਜੀ ਵੀ ਜਾ ਸ਼ਸ਼ੋਭਤ ਹੋਏ ਸੱਚੇ ਪਾਤਸ਼ਾਹ ਪੁਸ਼ਪ ਵਰਸ਼ਾ ਕਰਦਿਆਂ ਬਚਨ ਕੀਤਾ, ਮਾਈਓ! ਕਾਰ ਦੀਆਂ ਚਾਬੀਆਂ ਲੁਕਾਈ ਨ ਰਖਿਓ। ਪੈਂਡਾ ਦੂਰ ਦਾ ਏ। ਇਹ ਬਚਨ ਸੁਣ ਸੰਗਤਾਂ ਵੈਰਾਗੀ ਹੋ ਗਈਆਂ ਤੇ ਕਾਰ ਰੇੜੇ ਪੈ ਗਈ। ਜੰਗਲ ਬੇਲੇ ਤੇ ਪਰਬਤ ਸਾਰੇ ਸਤਿ ਸ੍ਰੀ ਅਕਾਲ ਨਾਲ ਗੂੰਜ ਰਹੇ ਸਨ।

**ਸੇਵਾ ਸਿੰਘ ਜਥੇਦਾਰ**
ਮੰਡੀ (ਹਿਮਾਚਲ ਪ੍ਰਦੇਸ਼)

---

**ਨੋਟ:** ਇਹ ਮੇਲਾ ਮੰਡੀ ਵਿਖੇ 1970 ਵਿਚ ਹੋਇਆ ਸੀ।

Sri Satguru Jagjit Singh Ji eLibrary NamdhariElibrary@gmail.com

# ਪ੍ਰਤੱਖ ਗੁਰੂ

"ਵਾਹ! ਵਾਹ!! ਵਾਹ!!! ਧੰਨ, ਧੰਨ, ਧੰਨ" ਬਲਹਾਰਨੇ ਉਸ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਤੋਂ! ਕੁਰਬਾਨ ਕਲਗ਼ੀ ਵਾਲੇ ਪਾਤਸ਼ਾਹ ਤੋਂ! ਸੱਦਕੜੇ ਵੱਡ ਪ੍ਰਤਾਪੀ ਤੋਂ! ਕੀ ਕਹਿਣਾ ਏ ਇਸ ਵਿਸ਼ਵ ਵਿਜੇਤਾ ਤੋਂ! ਇਸਦੀ ਮਹਿਮਾ ਅਪਰ ਅਪਾਰ! ਅੱਜ ਸਭ ਸ਼ਕਤੀਆਂ ਇਸਦੇ ਅਧੀਨ।"

"ਅਵਤਾਰ ਸਿੰਘਾ! ਤੂੰ ਵੀ ਭਾਗਾਂ ਵਾਲਾ ਏ, ਜਿਸਨੂੰ ਇਹ ਗਿਆਨ ਪ੍ਰਾਪਤ ਹੋ ਗਿਆ। ਤੇਰੀਆਂ ਗੱਲਾਂ ਤਾਂ ਸਮੂੰਹ ਗ੍ਰੰਥਾਂ ਦਾ ਸਾਰ ਏ।'

"ਸਾਰ? ਇਹ ਗਿਆਨ ਨਹੀਂ। ਹੱਡੀ ਵਰਤਿਆ ਤੇ ਸਭ ਕੁਝ ਵੇਖਿਆ ਚਾਖਿਆ ਏ।"

"ਕਿਵੇਂ? ਤੇ ਕਦੋਂ?"

"ਕਾਲ ਕੋਠੜੀ, ਜੇਲ੍ਹ ਯਾਤਰਾ ਸਮੇਂ।"

"ਹੈ ਕਾਲ ਕੋਠੜੀ।"

"ਹਾਂ, ਹਾਂ, ਕਾਲ ਕੋਠੜੀ।"

"ਉਹ ਕਿਉਂ?"

"ਜੇਹਾ ਮੂੰਹ ਤੇਹੀ ਚੁਪੇੜ"

"ਕਾਰਨ?"

"ਜਟਊ-ਪੁਣਾ, ਸੰਢਿਆ ਦਾ ਭੇੜ। ਜੇ ਭਜਨ ਬਾਣੀ ਕਰੀਏ ਤਾਂ ਇਹ ਗੱਲਾਂ ਕਿਉਂ ਵਾਪਰਨ। ਭਜਨ ਬਾਣੀ ਤੋਂ ਬਿਨਾਂ ਕਲਿਜੁਗ ਵਿਥਾਂ ਭਾਲਦਾ ਏ ਤੇ ਮੌਕਾ ਪਾਕੇ ਡੰਗ ਮਾਰਦਾ ਏ।"

"ਮਰਨਾ ਮਾਰਨਾ ਕੋਈ ਚੰਗੀ ਗੱਲ ਨਹੀਂ ਪਰ ਕਈ ਵੇਰ ਵੈਰਣ ਹੋਣੀ ਲਪੇਟ ਵਿਚ ਲੈ ਆਉਂਦੀ, ਹੋਣੀ ਨੇ ਦੈਸਰ ਨੂੰ ਪੰਜੇ ਵਿਚ ਫਸਾਇਆ ਹੋਣੀ ਪਾਂਡਵਾਂ ਨੂੰ ਉਲਟੀ ਪੱਟੀ ਪੜ੍ਹਾਈ, ਉਸੇ ਹੋਣੀ ਦੇ ਮੁਗ਼ਲ ਗ਼ੁਲਾਮ ਹੋ ਗਏ ਤੇ ਸੰਸਾਰ ਤੋਂ ਉਨ੍ਹਾਂ ਦੀ ਪੱਟੀ ਮਿਟ ਗਈ। ਗੱਲ ਦੂਰ ਦੀ ਨਹੀਂ।

"ਦੇਸ਼ ਦਾ ਵੰਡਾਰਾ ਹੋ ਗਿਆ। ਅਸੀਂ ਮਾਂਗਿਉ ਸ੍ਰੀ ਭੈਣੀ ਸਾਹਿਬ ਤੇ ਸ੍ਰੀ ਭੈਣੀ ਸਾਹਿਬੋ ਨਵਾਂ ਗਾਉਂ ਜ਼ਿਲ੍ਹਾ ਸੰਗਰੂਰ। ਇੱਥੇ ਆ ਕੇ ਅਪਣੀ ਜ਼ਮੀਨ ਅਲਾਟ ਕਰਾ ਲਈ। ਪਰ ਇਸ ਜ਼ਮੀਨ ਤੇ ਚੇਤ ਸਿੰਘਾਂ ਦਾ ਕਬਜ਼ਾ ਸੀ। ਉਹ ਵੀ ਵਾਹੁੰਦੇ ਤੇ ਖਾਂਦੇ ਸਨ। ਉਨ੍ਹਾਂ ਨਾਲ ਬਥੇਰੀਆਂ ਭਾਈਚਾਰੇ ਵਾਲੀਆਂ ਗੱਲਾਂ ਕੀਤੀਆਂ। ਪਰ ਜਟ ਕੀ ਤੇ ਭਾਈਚਾਰਾ ਕੀ? ਉਨ੍ਹਾਂ ਨੂੰ ਰੱਬ ਭੁੱਲ ਗਿਆ।

Sri Satguru Jagjit Singh Ji eLibrary NamdhariElibrary@gmail.com

ਖਾਹਮਖਾਹ ਦੀ ਈਰਖਾ ਜਦ ਗੱਲ ਕਰਨ ਇਹ ਲਾਹੌਰੀਏ ਕਿੱਥੋਂ ਆ ਗਏ। ਉਨ੍ਹਾਂ ਸਾਡੇ ਤੇ ਕਈ ਵਾਰ ਕੀਤੇ, ਪਰ ਬਾਪੂ ਜੀ ਕਹਿਣ, ਅਵਤਾਰ ਵੇਲਾ ਟਪਾਓ, ਸਤਿਗੁਰਾਂ ਤੇ ਡੋਰੀ ਸੁੱਟੋ, ਆਪੇ ਹੀ ਮਰ ਜਾਣਗੇ ਜਿਹੜੇ ਜੇਠ ਪੈਣਗੇ ਰਾਹ। ਤੁਸੀਂ ਸਤਿਗੁਰਾਂ ਦੇ ਚਰਨਾਂ ਦੀ ਓਟ ਲਵੋ।''

ਦਿਨ ਬੀਤਦੇ ਗਏ, ਪਰ ਸਾਡੀ ਗੈਰਤ ਨੇ ਵੀ ਸਾਨੂੰ ਟੁੰਬਿਆ ਤੇ ਅਲਾਟ ਸ਼ੁਦਾ ਜ਼ਮੀਨ ਤੇ ਜਾਕੇ ਹੱਲ ਵਾਹ ਛੋਲੇ ਬੀਜ ਆਏ। ਉਸ ਦਿਨ ਤਾਂ ਉਹ ਚੁੱਪ ਰਹੇ, ਪਰ ਕੁਝ ਦਿਨਾਂ ਪਿੱਛੋਂ ਉਹ ਭੂਤਰ ਖਲੋਤੇ। ਗਲ ਪਿਆ ਢੋਲ ਸਾਨੂੰ ਵੀ ਵਜਾਉਣਾ ਪਿਆ। ਪੋਹ ਦਾ ਮਹੀਨਾ ਸੀ ਤੇ 1960 ਦਾ ਸਾਲ। ਚੇਤੂ ਕਿਆਂ ਸਿੰਙ ਮਿੱਟੀ ਚੁੱਕ ਲਈ। ਉਨ੍ਹਾਂ ਦੇ 50-60 ਬੰਦਿਆਂ ਸਾਡੇ ਤੇ ਹੱਲਾ ਬੋਲ ਦਿੱਤਾ। ਸਾਡੇ ਕੇਵਲ 7 ਬੰਦੇ ਸਨ। ਓਧਰ ਮੁਲਖਈਆਂ। ਮੈਂ ਤਾਂ ਬਾਹਰ ਗਿਆ ਹੋਇਆ ਸਾਂ, ਚਰੋਟੀ। ਮੇਰੇ ਮਗਰੋਂ ਕੋਈ ਡੇਢ ਘੰਟਾ ਤੂੰ ਤੂੰ ਮੈਂ ਮੈਂ ਹੋਈ। ਉਹ ਬਕਰੇ ਬਲਾਉਣ ਤੇ ਚਾਂਗਰਾਂ ਮਾਰਨ ਸੁੰਦਰ ਸਿੰਘ ਚਰੋਈ ਮੇਰੇ ਕੋਲ ਗਿਆ ਤੇ ਆਖਿਆ ਚੇਤੂ ਕਿਆਂ ਸੂਬੇ ਕਰਤਾਰ ਸਿੰਘ ਨੂੰ ਮਾਰ ਦਿੱਤਾ ਏ। ਇਹ ਸੁਣਦਿਆਂ ਮੈਨੂੰ ਸਨ-ਕਪੜੀਂ ਅੱਗ ਲੱਗ ਗਈ ਤੇ ਵਾਹੋ ਦਾਹੀ ਉਠ ਨੱਠਾਂ ਤੇ ਸਿੱਧਾ ਘਰ ਆਇਆ ਤੇ ਕਿਲੀਉਂ ਰਫਲ ਲਾਹੀ, ਗੋਲੀਆਂ ਭਰੀਆਂ ਤੇ ਬਾਪੂ ਨੂੰ ਕਿਹਾ 'ਬਾਪੂ ਜੀ! ਖਾਧਾ ਪੀਤਾ ਬਖਸ਼। ਮੈਂ ਚਲਿਆ।' ਉਹ ਹੰਢੇ ਵਰਤੇ ਸਨ। ਉਹਨਾਂ ਬਥੇਰਾ ਸਮਝਾਇਆ 'ਅਵਤਾਰ ਸਿੰਘਾ। ਵੇਲਾ ਸੰਭਾਲੋ। ਵੇਲਿਓਂ ਘੁਥਾ ਬੰਦਾ ਕੋਹਾਂ ਤੇ ਜਾ ਪੈਂਦਾ ਏ। ਤੁਸੀਂ ਸਤਿਗੁਰਾਂ ਦਾ ਆਸਰਾ ਲਵੋ।' ਪਰ ਅੰਦਰ ਚੰਡਾਲ ਚੜਿਆ ਹੋਇਆ ਸੀ। ਉਹ ਕਦ ਟਿੱਕਣ ਦੇਵੇ, ਉਹ ਹੁਝਾਂ ਮਾਰੇ, ਮੈਂ ਸਾਰੀਆਂ ਸੁਣੀਆਂ ਅਣਸੁਣੀਆਂ ਕਰ, ਉਸ ਹਵੇਲੀ ਕੋਲ ਪੁੱਜਾ, ਜਿੱਥੇ ਕਲਿ ਮਾਤਾ ਨਾਚ ਵੇਖਣ ਲਈ ਔਸੀਆਂ ਪਾ ਰਹੀ ਸੀ ਤੇ ਨਾਰਦ ਜੀ ਮਹਾਰਾਜ ਡੌਰੂ ਖੜਕਾ ਰਹੇ ਸਨ। ਮੈਂ ਜਾਂਦਿਆਂ ਈ ਲਲਕਾਰਿਆ ਕਿਹੜਾ ਏ ਬਾਜਵਾ ਚੇਤੂ, ਨੰਗਾ ਹੋ ਕੇ ਬਕਰੇ ਬੁਲਾਣ ਵਾਲਾ, ਜੇ ਜੱਟੀ ਦਾ ਜੰਮਿਆਂ ਏ ਤੇ ਤਾਂ ਸਾਹਮਣੇ ਆਵੇ। ਉਹਦਾ ਵੀ ਦਾਣਾ ਪਾਣੀ ਮੁੱਕ ਚੁੱਕਾ ਸੀ, ਉਹ ਵੀ ਬੜਕਾਂ ਮਾਰਦਾ ਤੇ ਖੌਰੂ ਪਾਂਦਾ ਮੇਰੇ ਵਲ ਵਧਿਆ। ਮੇਰੇ ਵਲ ਪੈਰ ਪੁੱਟਣ ਦੀ ਢਿੱਲ ਸੀ, ਕਿ ਮੈਂ ਘੋੜਾ ਨੱਪ ਦਿੱਤਾ, ਪੁੜ ਪੁੜੀ ਵਿਚ ਗੋਲੀ ਵੱਜੀ। ਲਗਦਿਆਂ ਈ ਉਹ ਧਰਤੀ ਤੇ ਜਾ ਡਿੱਗਾ ਤੇ ਉਸਦਾ ਘੋਗਾ ਚਿੱਤ ਹੋ ਗਿਆ। ਉਸਦੇ ਡਿੱਗਣ ਦੀ ਡੇਰ ਸੀ, ਸਭ ਬੇਲੀ ਨੌਂ ਦੋ ਯਾਰਾਂ ਹੋ ਗਏ। ਪੁਲਿਸ ਆ ਗਈ। ਸਾਡੇ ਅੱਠ ਬੰਦਿਆਂ ਨੂੰ ਹੱਥਕੜੀਆਂ ਲੱਗ ਗਈਆਂ। ਉਨ੍ਹਾਂ ਸਾਨੂੰ ਅੰਦਰ ਡੱਕ ਦਿੱਤਾ।

ਮੁਕੱਦਮਾ ਸ਼ੁਰੂ ਹੋ ਗਿਆ ਦੋਹਾਂ ਧਿਰਾਂ ਵਕੀਲ ਕੀਤੇ, ਪਰ ਮੇਰੇ ਅਸਲ ਵਕੀਲ ਨੇ ਮੈਨੂੰ ਭਜਨ ਬਾਣੀ ਵਲ ਪ੍ਰੇਰਨਾ ਕੀਤੀ। ਮੈਂ ਲਗਾ ਮਾਲਾ ਫੇਰਨ ਤੇ ਬਾਣੀ ਪੜ੍ਹਨ। ਸਵੇਰੇ ਇਸ਼ਨਾਨ ਕਰਨਾ ਤੇ ਜੁਟ ਪੈਣਾ। ਕੁਝ ਦਿਨ ਮਾਲਾ ਫੇਰਦਿਆਂ ਊਂਘ ਆ ਗਈ ਊਂਘ ਵਿਚ ਕੀ ਵੇਖਿਆ ਕਿ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਹੱਥ ਵਿਚ ਕਲਮ ਤੇ ਕਾਗਜ਼, ਚਿਹਰਾ ਨੂਰਾਨੀ, ਨੇਤਰ ਨਾਮ

Sri Satguru Jagjit Singh Ji eLibrary NamdhariElibrary@gmail.com

ਖੁਮਾਰੀ ਨਾਲ ਖੀਵੇ, ਆਕੇ ਸਾਹਮਣੇ ਬੈਠ ਗਏ ਤੇ ਕਲਮ ਨਾਲ ਕੁਝ ਲਿਖਿਆ ਤੇ ਆਖਿਆ 'ਸਿੱਖਾ! ਤੇਰੀ ਉਮਰ ਵਧਾ ਦਿੱਤੀ ਏ, ਡੋਲੀਂ ਨ, ਚਿੰਤਾ ਛੱਡ ਦੇ, ਇੱਕ ਹੋਰ ਵੀ ਬਚਨ ਕੀਤਾ, ਪਰ ਉਹ ਦੱਸਣ ਦਾ ਹੁਕਮ ਨਹੀਂ। ਉਘਲਾਂਦਾ ਉਘਲਾਂਦਾ ਡਿੱਗ ਪਿਆ ਤੇ ਅੱਖ ਖੁੱਲ੍ਹ ਗਈ। ਇਹ ਕੌਤਕ ਸੂਬੇ ਕਰਤਾਰ ਸਿੰਘ ਨੂੰ ਸੁਣਾਇਆ ਤਾਂ ਉਸ ਕਿਹਾ 'ਚੁੱਪ ਅਜੇਹੇ ਦ੍ਰਿਸ਼ਟਾਂਤ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਹੁੰਦੀ। ਹੁਣ ਕਿਸੇ ਅੱਗੇ ਗੱਲ ਨਾ ਕਰੀਂ।

'ਮੁਕੱਦਮਾ ਸੈਸ਼ਨ ਕੋਲ ਚਲਾ ਗਿਆ। ਗਵਾਹੀਆਂ ਹੋਈਆਂ ਵਕੀਲਾਂ ਚੰਗੀਆਂ ਚੁੰਝਾਂ ਲੜਾਈਆਂ। ਅੰਤ ਸੈਸ਼ਨ ਨੇ ਫ਼ੈਸਲਾ ਸੁਣਾਇਆ ਅਵਤਾਰ ਸਿੰਘ ਫਾਂਸੀ, ਬਾਕੀ ਕਰਤਾਰ ਸਿੰਘ, ਹਜ਼ਾਰਾ ਸਿੰਘ, ਠਾਕੁਰ ਸਿੰਘ, ਠਾਕੁਰ ਸਿੰਘ ਦੂਸਰਾ, ਉਜਾਗਰ ਸਿੰਘ ਤੇ ਬਹਾਦਰ ਸਿਘ ਨੂੰ 4-4 ਸਾਲ ਕੈਦ ਬਾ ਮੁਸ਼ੱਕਤ। ਸਾਰੇ ਪਰਿਵਾਰ ਵਿਚ ਸੰਨਾਟਾ ਛਾ ਗਿਆ। ਇਹ ਗੱਲ ਸੱਤ ਅਪ੍ਰੈਲ ਉਨ੍ਹੀ ਸੌ ਇਕਾਠ ਦੀ ਹੈ। ਅਸੀਂ ਹਾਈ ਕੋਰਟ ਵਿਚ ਅਪੀਲ ਕੀਤੀ। ਉਹ ਵੀ ਖਾਰਜ ਹੋ ਗਈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਕੰਨਾਂ ਵਿਚ ਗੂੰਜਦੇ ਸਨ, "ਡੋਲੀਂ ਨ, ਚਿੰਤਾ ਨ ਕਰਨੀ।" ਘਰ ਵਾਲੇ ਵਕੀਲਾਂ ਤੇ ਜ਼ੋਰ ਦੇਂਦੇ ਸਨ, ਪਰ ਮੈਂ ਸਤਿਗੁਰਾਂ ਦੇ ਚਰਨਾਂ ਵਿਚ ਜੋਦੜੀਆਂ ਕਰਦਾ ਸਾਂ। ਮੇਰੀ ਅਪੀਲ ਸੁਪਰੀਮ ਕੋਰਟ 'ਚ ਚਲੀ ਗਈ।

ਅਗਸਤ ਦਾ ਮਹੀਨਾ ਸੀ ਤੇ ਜਨਮ ਅਸ਼ਟਮੀ ਵਾਲਾ ਦਿਹਾੜਾ ਕਿ ਸਵੇਰੇ 8 ਵਜੇ ਦੇ ਕਰੀਬ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸਾਂ ਕਿ ਇੰਦਰ ਸਿੰਘ ਹੌਲਦਾਰ ਆਇਆ। ਉਸ ਆਖਿਆ 'ਸੰਤਾਂ' ਕਿਤੇ ਦਮਾਗ਼ ਖ਼ਰਾਬ ਨ ਕਰ ਲਵੀਂ। ਅੱਠੇ ਪਹਿਰ ਬਾਣੀ ਨੂੰ ਰਗੜਾ ਲਾਂਦਾ ਰਹਿੰਦਾ ਏ, "ਲਿਆ ਤੈਨੂੰ ਪਾਠ ਸੁਣਾਵਾਂ" ਉਸ ਮੇਰੇ ਹੱਥੋਂ ਗੁਟਕਾ ਫੜ ਲਿਆ ਤੇ ਪਾਠ ਸ਼ੁਰੂ ਕਰ ਦਿੱਤਾ। ਪਾਠ ਸੁਣਦਿਆਂ ਮੇਰੀ ਸੁਰਤੀ ਦਰਗਾਹੀਂ ਵਕੀਲ ਵਲ ਚਲੀ ਗਈ ਤੇ ਅੱਖ ਲੱਗ ਗਈ। ਕੀ ਵੇਖਦਾ ਹਾਂ 'ਸੱਚੇ ਪਾਤਸ਼ਾਹ ਕਲਗ਼ੀਆਂ ਵਾਲੇ ਪਾਤਸ਼ਾਹ। ਕਲਗ਼ੀ ਜਿਗਾ, ਸਬਜੇ ਤੇ ਸਵਾਰ, ਹੱਥ ਵਿਚ ਚਿੱਟਾ ਬਾਜ਼, ਮਗਰ ਪੰਜ ਪਿਆਰੇ, ਮੇਰੇ ਕੋਲ ਆਏ। ਚਰਨ ਮੇਰੇ ਵਲ ਵਧਾਏ ਤੇ ਜੋੜੇ ਦੀ ਨੋਕ ਮੇਰੇ ਮੱਥੇ ਤੇ ਲਾਕੇ ਬਚਨ ਕੀਤਾ "ਅਵਤਾਰ ਸਿੰਘਾ! ਡਰੀਂ ਨਾ ਤੈਨੂੰ ਕੁਝ ਨਹੀਂ ਹੁੰਦਾ। ਇਹ ਕਹਿ ਅਲੋਪ ਹੋ ਗਏ। ਮੇਰੀ ਅੱਖ ਖੁੱਲ੍ਹ ਗਈ। ਮੈਂ ਮੁੜ ਅੱਖ ਬੰਦ ਕੀਤੀ, ਕਿ ਉਹ ਨਜ਼ਾਰਾ ਵੇਖਾਂ, ਪਰ ਹੁਣ ਉਹ ਕਿੱਥੇ। ਹੈਰਾਨੀ ਵੀ ਬੜੀ ਤੇ ਦ੍ਰਿੜ੍ਹਤਾ ਵੀ ਸਿਖਰ ਤੇ। ਇਹ ਕੌਤਕ ਮੁੜ ਸੂਬੇ ਨੂੰ ਦੱਸਿਆ, ਪਰ ਉਸ ਚੁੱਪ ਰਹਿਣ ਵਾਸਤੇ ਕਿਹਾ, ਕਿ ਇਹ ਰਮਜ਼ਾਂ ਵਾਲੀਆਂ, ਰਾਜ਼ਾਂ ਭਰੀਆਂ ਗੱਲਾਂ ਹੁੰਦੀਆਂ ਹਨ। ਦੂਜਿਆਂ ਨਾਲ ਕਰਨ ਵਾਲੀਆਂ ਨਹੀਂ। ਸਤਿਗੁਰੂ ਦੀ ਰਜ਼ਾ ਸੁਪਰੀਮ ਕੋਰਟ ਨੇ ਵੀ ਅਪੀਲ ਰੱਦ ਕਰ ਦਿੱਤੀ। ਹੁਣ ਮੈਨੂੰ ਪਟਿਆਲੇ ਜਿੱਥੇ ਫਾਂਸੀ ਦਾ ਪ੍ਰਬੰਧ ਸੀ, ਲੈ ਆਏ।

ਸੁਪਰੀਮ ਕੋਰਟੋਂ ਅਪੀਲ ਖਾਰਜ ਹੋਣ ਤੇ ਰਾਸ਼ਟਰਪਤੀ ਕੋਲ ਰਹਿਮ ਦੀ

Sri Satguru Jagjit Singh Ji eLibrary NamdhariElibrary@gmail.com

ਦਰਖ਼ਾਸਤ ਕਰਨ ਸਮੇਂ ਸੂਬੇ ਕਰਤਾਰ ਸਿਘ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਫਾਂਸੀ ਨ ਹੋਵੇ ਭਾਵੇਂ ਸਜ਼ਾ 20 ਸਾਲ ਰਹਿ ਜਾਵੇ। ਸਿੱਖ ਤੇਰੇ ਘਰ ਦਾ ਕੂਕਰ ਏ। ਇਹ ਅਪੀਲਾਂ ਕਰਦਿਆਂ ਕੋਈ ਦੋ ਸਾਲ ਲੰਘ ਗਏ। ਪਰ ਇਹ ਅਪੀਲ ਵੀ ਬੇਅਸਰ।

ਹੁਣ ਮੈਂ ਪਟਿਆਲੇ ਕੋਠੀ ਲੱਗਾ ਹੋਇਆ ਸਾਂ, ਪਿਤਾ ਜੀ ਨੇ ਸਟੇ ਲੈ ਲਿਆ। 13 ਮਈ, 1962 ਦਾ ਦਿਨ ਨੇੜੇ ਆ ਰਿਹਾ ਸੀ। ਪਰ ਮੇਰਾ ਮਨ ਅਡੋਲ ਤੇ ਸਤਿਗੁਰੂ ਤੇ ਡੋਰੀ ਸੁੱਟੀ ਬੈਠਾ ਸੀ। ਪਟਿਆਲੇ ਮੇਰੀ ਕੋਠੀ ਹਰ ਰੋਜ਼ ਬਦਲੀ ਜਾਂਦੀ ਸੀ, ਕਿਉਂਕਿ ਜੇਲ੍ਹ ਦਾ ਕਾਨੂੰਨ ਹੈ, ਕਿ ਜਿਸ ਨੂੰ ਫਾਂਸੀ ਦਿੱਤੀ ਜਾਣੀ ਹੋਵੇ, ਉਸ ਨੂੰ ਇੱਕੋ ਕੋਠੀ ਵਿਚ ਰਹਿਣ ਨਹੀਂ ਦੇਂਦੇ। ਜੇਲ੍ਹ ਕਰਮਚਾਰੀ ਜਾਣਦੇ ਸਨ, ਪਰ ਮੇਰੀ ਢਾਰਸ ਬਣਾਉਣ ਲਈ ਸਦਾ ਕਹਿੰਦੇ ਸਨ, ਸੰਤ ਜੀ ਤੁਹਾਡੇ ਬੰਦੇ ਬੜੇ ਚੰਗੇ ਹਨ ਤੁਸੀਂ ਬਚ ਜਾਉਗੇ।

13 ਮਈ ਨੂੰ ਫਾਂਸੀ ਲੱਗਣੀ ਸੀ ਤੇ ਮੈਂ 25 ਨੰ: ਦੀ ਕੋਠੀ ਵਿਚ ਬੰਦ ਸੀ। ਉਸ ਰਾਤ ਧੂਰੀ ਦੇ ਗੁਲਸ਼ਨ ਬਾਣੀਏ 16 ਨੰ: ਦੀ ਕੋਠੀ ਵਿਚ ਗੁਜ਼ਰਨੀ ਸੀ। ਪਰ ਉਸ ਨੂੰ ਕਿਸੇ ਕਿਹਾ ਜਿਹੜਾ ਕੈਦੀ ਇਸ ਕੋਠੀ ਵਿਚ ਰਹਿੰਦਾ ਹੈ, ਸਵੇਰ ਸਾਰ ਤੱਕ ਉਸਦਾ ਭੋਗ ਪੈ ਜਾਂਦਾ ਹੈ, ਕਿਉਂਕਿ ਇਸ ਕੋਠੜੀ ਵਿਚ ਕਿਸੇ ਬਾਹਰਲੀ ਚੀਜ਼ ਦਾ ਵਾਸਾ ਏ। ਜਦ ਗੁਲਸ਼ਨ ਨੂੰ ਨੌ ਵਜੇ ਰਾਤ ਉਸ ਕੋਠੜੀ ਵਿਚ ਦਾਖ਼ਲ ਕਰਨ ਲੱਗੇ ਤਾਂ ਉਸ ਨੂੰ ਗਸ਼ ਪੈ ਗਿਆ। ਗਸ਼ੀ ਪੈਣ ਨਾਲ ਗੁਲਸ਼ਨ ਨੂੰ ਉੱਥੋਂ ਕੱਢ ਲਿਆ ਤ ਕਰਮਚਾਰੀ ਮੈਨੂੰ ਕਿਹਾ ਅਵਤਾਰ ਸਿੰਘ! ਤੂੰ ਇਸ ਕੋਠੜੀ ਵਲ ਚਲ ਤੇ ਰਾਤ ਕਟ। ਮੈਂ ਜਾਣਿਆ ਦਿਨ ਤਾਂ ਪੂਰੇ ਹੋ ਗਏ ਹਨ, ਚਲੋ ਬਾਣੀਏ ਨੂੰ ਬਚਾਉ। ਮੈਂ ਪਾਣੀ ਦਾ ਮਟ ਅੰਦਰ ਧਰਿਆ ਤੇ ਕੋਠੀ ਵਿਚ ਦਾਖ਼ਲ ਹੋ ਗਿਆ, ਭਲਾ ਰੋਗੀ ਜਾਂ ਆਸ਼ਿਕ ਜਾਂ ਚਿੰਤਾਤੁਰ ਨੂੰ ਨੀਂਦ ਕਿੱਥੇ। ਪਾਸੇ ਮਾਰਦਿਆਂ ਅੱਧੀ ਕੁ ਰਾਤ ਕੱਟੀ। ਡੇਢ ਕੁ ਵਜੇ ਉਠ ਬੈਠਾ ਇਸ਼ਨਾਨ ਕਰ ਚੜਦੇ ਪਾਸੇ ਮੂੰਹ ਕਰ ਭਜਨ ਕਰਨ ਲੱਗ ਪਿਆ, ਪਰ ਦਮਾਗ਼ ਵਿਚ ਖਲਬਲੀ ਮੱਚੀ ਹੋਈ ਸੀ, 'ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋ ਗਏ, ਗੁਰੂ ਗੋਬਿੰਦ ਸਿੰਘ ਜੀ ਵੀ ਦੀਦਾਰ ਬਖਸ਼ ਗਏ, ਪਰ ਗੁਰੂ ਪ੍ਰਤਾਪ ਸਿੰਘ ਜੀ ਬਖਸ਼ਸ਼ ਨਹੀਂ ਕੀਤੀ, ਜੇ ਅੱਜ ਵੀ ਦਰਸ਼ਨ ਨਾ ਦਿੱਤੇ ਤਾਂ ਸਮਝਾਂਗਾ ਉਹ ਬੰਦਿਆਂ ਵਰਗਾ ਬੰਦਾ ਸੀ ਤੇ ਬਸ। ਗ੍ਰੰਥ ਕਹਿੰਦੇ ਹਨ ਭਗਵਾਨ ਭਗਤਾਂ ਦੇ ਉਲਾਂਭੇ ਨਹੀਂ ਸਹਾਰ ਸਕਦਾ ਪਰ ਮੈਂ ਤਾਂ ਭਗਤ ਨਹੀਂ ਮੈਂ ਤਾਂ ਕੋਰਾ ਪਾਮਰ ਹਾਂ ਕੇਵਲ ਅਖਵਾਂਦਾ ਜ਼ਰੂਰ ਗੁਰੂ ਪ੍ਰਤਾਪ ਸਿੰਘ ਦਾ ਹਾਂ। ਜਥੇਦਾਰ ਪੜ੍ਹਦੇ ਹੁੰਦੇ ਹਨ:-

**ਹੋਵੈ ਸੁਖੁ ਘਣਾ ਦਯਿ ਧਿਆਈਐ**
**ਵੰਞੈ ਰੋਗਾਂ ਘਾਣਿ, ਹਰਿ ਗੁਣ ਗਾਇਐ**
**ਅੰਦਰਿ ਵਰਤੈ ਠਢਿ ਪ੍ਰਭਿ ਚਿਤਿ ਆਇਐ**

**ਪੂਰਨ ਹੋਵੇ ਆਸ ਨਾਇ ਮਨਿ ਵਸਾਇਐ**
**ਕੋਇ ਨ ਲਾਗੈ ਬਿਘਨੁ ਆਪੁ ਗਵਾਇਐ**

(ਪਉੜੀ ਮਹਲਾ ੫-੫੨੦)

ਕੇਵਲ ਤਰਲਾ ਹੈ ਅੰਤਲਾ! ਜੇ ਪ੍ਰਵਾਨ ਹੋ ਜਾਵੇ!! ਚੰਗਾ ਰਜ਼ਾ ਦਿਆਂ ਮਾਲਕਾ! ਡਾਡਿਆਂ ਨਾਲ ਜ਼ੋਰ ਕਾਹਦਾ!! ਇਨ੍ਹਾਂ ਵੈਹਣਾਂ ਵਿਚ ਰੁੜੀ ਜਾ ਰਿਹਾ ਸਾਂ ਕਿ ਸਾਢੇ ਚਾਰ ਵਜੇ ਦੇ ਕਰੀਬ ਪੂਰਬ ਵਾਲੇ ਪਾਸਿਉਂ ਪ੍ਰਕਾਸ਼ ਉੱਠਿਆ ਤੇ ਮੇਰੀ ਕੋਠੀ ਲਟ ਲਟ ਰੁਸ਼ਨਾ ਗਈ। ਉਸ ਪ੍ਰਕਾਸ਼ ਵਿੱਚੋਂ ਇੱਕ ਉੱਚੀ ਲੰਮੀ ਮੂਰਤੀ, ਕੰਵਲ ਨੇਤਰ, ਸਫੈਦ ਚਾਂਦੀ ਦੀਆਂ ਤਾਰਾਂ ਨੂੰ ਮਾਤ ਪਾਣ ਵਾਲਾ ਸਫੈਦ ਦਾੜ੍ਹਾ ਮਹਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਗਟ ਹੋਏ। ਸੱਜੇ ਹੱਥ ਮਾਲਾ ਖਬੇ ਖੂੰਡਾ ਚਰਨੀ ਪਊਏ ਸਹਿਜੇ ਸਹਿਜੇ ਮੇਰੀ ਕੋਠੜੀ ਲਾਗੇ ਪੁੱਜੇ, ਖੂੰਡੇ ਨੂੰ ਬਾਂਹ ਵਿਚ ਟੰਗ ਆਖਿਆ - ਤੈਨੂੰ ਆਖਿਆ ਸੀ ਭਜਨ ਬੰਦਗੀ ਕਰਿਆ ਕਰ ਤੂੰ ਆਖੇ ਨਹੀਂ ਲਗਾ, ਅਗੋਂ ਤੋਂ ਸੰਭਲ ਜਾ ਤੈਨੂੰ ਬਖਸ਼ਿਆ, ਤੇਰੀ ਕਾਲ ਫਾਹੀ ਕੱਟੀ ਹੁਣ ਕੁਝ ਨਹੀਂ ਹੁੰਦਾ ਫ਼ਿਕਰ ਨਾ ਕਰ।' ਬਸ ਇਹ ਦ੍ਰਿਸ਼ ਵੇਖਦਿਆਂ ਮੇਰਾ ਅੰਦਰਲਾ ਲਬਾ ਲਬ ਸਿਦਕ ਭਰੋਸਾ ਆਪ ਮੁਹਾਰੇ ਉਛਾਲੇ ਖਾਣ ਲੱਗਾ, ਪ੍ਰੇਮ ਤਰੰਗ ਭਰਮਾਰ ਲੈ ਆਂਦੀ, ਉਨ੍ਹਾਂ ਸ਼ਬਦਾਂ ਦਾ ਰੂਪ ਧਾਰ ਲਿਆ ਤੇ ਆਪ ਮੁਹਾਰੇ ਫੁਟ ਫੁਟ ਵਾਯੂ ਮੰਡਲ ਨੂੰ ਸਰਾਸ਼ਰ ਕਰਨ ਲੱਗੇ:-

**ਤੰਗੀਆਂ ਦੇ ਘੁਪ ਅੰਨੇਰੇ ਚੋਂ**
**ਥਾਂ ਥਾਂ ਤੇ ਠੇਡੇ ਲਗਦੇ ਸਨ**
**ਅਸਮਾਨੀ ਗੋਲੇ ਪੈਂਦੇ ਸਨ**
**ਲਾਲ ਲਾਲ ਅੰਗਾਰੇ ਮੱਘਦੇ ਸਨ।**
**ਗਾਹੜੇ ਸਹਿਮ ਅੰਧੇਰੇ ਵਿੱਚ**
**ਥੋੜਾ ਜੇਹਾ ਚਾਨਣ ਹੋਇਆ ਸੀ।**
**ਤੇ ਕਿਹਾ ਆਣ ਫਰਿਸ਼ਤੇ ਨੇ**
**ਅਵਤਾਰ ਭਈ ਤੂੰ ਖੋਇਆ ਏ**
**ਅਜੇ ਤਾਂ ਅੱਧੀ ਰਾਤ ਖੜੀ**
**ਇਹ ਚਾਨਣ ਭੈਣੀ ਵਾਲੇ ਦਾ**
**ਦੂਰ ਅਜੇ ਪ੍ਰਭਾਤ ਖੜੀ**
**ਵੇਖ ਉਹ ਸਤਿਗੁਰੂ ਆਇਆ ਏ**
**ਏਸੇ ਦਾ ਸਾਰਾ ਚਾਨਣ ਏ,**
**ਏਸ ਦੀ ਸਾਰੀ ਮਾਇਆ ਏ।**
**ਏਸੇ ਦੇ ਹੁਕਮ 'ਚ ਸੂਰਜ ਚੜਦਾ ਏ**
**ਏਸੇ ਤੋਂ ਗਰਮੀ ਆਉਂਦੀ ਏ।**
**ਦਰਿਆਵਾਂ ਦੇ ਪਾਣੀ ਵਹਿੰਦੇ ਨੇ**
**ਤੇ ਬੁਲ ਬੁਲ ਸੁਹਲੇ ਗਾਉਂਦੀ ਏ**

Sri Satguru Jagjit Singh Ji eLibrary NamdhariElibrary@gmail.com

**ਇਹਦੇ ਬਿਨ ਹੁਕਮਾਂ ਦੇ ਪੱਤਾ ਝੂਲ ਸਕਦਾ ਨਹੀਂ,**
**ਜ਼ਬਾ ਵੀ ਹਿਲ ਸਕਦੀ ਨਹੀਂ**
**ਤੇ ਦਿਲ ਦੀ ਧੜਕਣ ਹੋ ਸਕਦੀ ਨਹੀਂ**
**ਮੌਤ ਵੀ ਜਿਸ ਨੂੰ ਵਲ ਸਕਦੀ ਨਹੀਂ।**
**ਜਫੀ ਵਿੱਚ ਉਸ ਨੇ ਆਣ ਲਿਆ**

ਤੇ ਨਾਲ ਪਿਆਰ ਦੇ ਇਉਂ ਕਹਿਆ:-

ਅਵਤਾਰ! ਤੂੰ ਸਭ ਤੋਂ ਸਵਰੀ ਏ ਜਾ! ਸਤਿਗੁਰਾਂ ਤੈਨੂੰ ਬਖਸ਼ਿਆਂ ਏ ਮੌਤੋਂ ਤੂੰ ਬਰੀ ਏ!

ਜਦ ਹੋਸ਼ ਆਈ ਤਾਂ ਅੱਖ ਖੁੱਲ੍ਹੀ ਤਾਂ ਮੇਰੀ ਕੋਠੀ ਦੁਆਲੇ ਹਿਲਜੁਲ ਹੋ ਰਹੀ ਸੀ। ਫਾਂਸੀ ਦੇਣ ਵਾਲੇ ਕਰਮਚਾਰੀ ਆ ਚੁੱਕੇ ਸਨ। ਜੱਲਾਦ ਆ ਚੁੱਕਾ ਸੀ। ਡਾਕਟਰ ਵੀ ਆ ਪੁਜਾ ਸੀ। ਕਿ ਟੈਲੀਫੂਨ ਖੜਕਿਆ! ਸੁਪਰਿਟੈਂਡੈਂਟ ਨੇ ਰਸੀਵਰ ਚੁੱਕਿਆ ਤਾਂ ਅਵਾਜ਼ ਆਈ, ਰਾਸ਼ਟਰਪਤੀ ਭਵਨ! ਅਵਤਾਰ ਸਿੰਘ ਦੀ ਫਾਂਸੀ ਮਨਸੂਖ। 14 ਸਾਲ ਦੀ ਕੈਦ। ਇਸ ਖ਼ਬਰ ਨੇ ਸਾਰਾ ਨਕਸ਼ਾ ਬਦਲ ਦਿੱਤਾ। ਮੈਨੂੰ ਵਧਾਈਆਂ ਮਿਲਣੀਆਂ ਸ਼ੁਰੂ ਹੋ ਗਈਆਂ। ਸਾਕਾਂ ਸੰਬੰਧੀਆਂ ਨੂੰ ਮੁਬਾਰਕਾਂ, ਉਨ੍ਹਾਂ ਪ੍ਰਸ਼ਾਦ ਵਰਤਾਏ ਲੱਡੂ ਵੰਡੇ ਅਮਲਾ ਫੈਲਾ ਮੂੰਹ ਜੋੜ ਜੋੜ ਕਹਿ ਰਿਹਾ ਸੀ ਅਜੇਹਾ ਕਦੀ ਨਹੀਂ ਹੋਇਆ। ਇਹ ਮੁਜਜ਼ਾ ਹੈ। ਸਿੱਖ ਦੀ ਸੁਣੀ ਗਈ ਇਸਦੀ ਭਜਨ ਬਾਣੀ ਰੰਗ ਲਿਆਈ। ਇਸਦਾ ਗੁਰੂ ਬੜਾ ਡਾਢਾ ਏ, ਉਹ ਬੜਾ ਬਲਵਾਨ ਏ। ਪਰ ਮਨ ਵਿਚ ਪੰਡਿਤ ਗੋਪਾਲ ਸਿੰਘ ਦਾ ਇਹ ਪੜ੍ਹਿਆ ਸ਼ਬਦ ਮੁੜ ਮੁੜ ਘੁੰਮ ਰਿਹਾ ਸੀ:-

**ਜਿਸਦਾ ਸਾਹਿਬ ਡਾਢਾ ਹੋਇ**
**ਤਿਸ ਨੋ ਮਾਰਿ ਨ ਸਾਕੈ ਕੋਇ**
**ਸਾਹਿਬ ਕੀ ਸੇਵਕੁ ਰਹੈ ਸਰਣਾਈ**
**ਆਪੇ ਬਖਸ਼ੇ ਦੇ ਵਡਿਆਈ**
**ਤਿਸ ਨੇ ਉਪਰ ਨਾਹੀ ਕੋਇ**
**ਕਉਣ ਡਰੈ ਡਰੁ ਕਿਸ ਕਾ ਹੋਇ**

(ਬਿਲਾਵਲ ਮਹਲਾ ੩-੮੪੨)

ਅੱਜ ਤੋਂ ਕਾਲ ਕੋਠੜੀ ਤੋਂ ਮੁਕਤੀ ਮਿਲੀ। ਹੁਣ ਭਜਨ ਬਾਣੀ ਵਲ ਰੁਚੀ ਵੱਧ ਗਈ। ਜੇਲ੍ਹ ਦੀ ਮੁਸ਼ੱਕਤ ਵੇਲੇ ਵੀ ਬਿਰਤੀ ਸ੍ਰੀ ਭੈਣੀ ਸਾਹਿਬ ਵੱਲ। ਧੰਨ ਹਨ ਮੇਰੇ ਬੀਰ ਬਲਵਾਨ ਸਤਿਗੁਰੂ, ਕਿ ਸੱਤ ਸਾਲ ਪੂਰੇ ਨਹੀਂ ਸਨ ਹੋਏ ਕਿ ਜੇਲ੍ਹ ਦੇ ਦਰਵਾਜ਼ੇ ਖੁੱਲ੍ਹ ਗਏ। ਮੈਂ ਘਰ ਪੁੱਜਾ। ਘਰ ਵਿਚ ਖ਼ੁਸ਼ੀਆਂ ਉਮਡ ਆਈਆਂ। ਸੱਜਣਾਂ ਮਿੱਤਰਾ ਜੱਫੀਆਂ ਪਾ ਪਾ ਮਿਲੇ ਜਦ ਜੇਲ੍ਹ ਵਾਰਤਾ ਸੁਣਾਈ ਤਾਂ ਸਭ ਦੇ ਨੇਤਰ ਸਜਲ।

ਘਰ ਪਹੁੰਚ ਅੰਮ੍ਰਿਤ ਵੇਲੇ ਦਾ ਇਸ਼ਨਾਨ ਤੇ ਸਿਮਰਨ ਭਜਨ ਦਾ ਨੇਮ ਬਣ ਗਿਆ। ਪਰ ਬਾਣਾ ਉਹੋ ਕੰਜਰਾਂ ਵਾਲਾ। ਲੱਕਦਾ ਜ਼ਰੂਰ। ਗਲੀਆਂ ਦਾ ਕੂੜਾ

Sri Satguru Jagjit Singh Ji eLibrary NamdhariElibrary@gmail.com

ਹੁੰਜਣ ਵਾਲਾ। ਸੂਬੇ ਕਰਤਾਰ ਸਿੰਘ ਨੇ ਕਈ ਵੇਰ ਸਮਝਾਇਆ ਕਿ ਸਿਰ ਤੂਤਦਾ ਲੱਤਾਂ ਧਰੇਕਦੀਆਂ ਚੰਗੀਆਂ ਨਹੀਂ ਲੱਗਦੀਆਂ। ਇਹ ਚਾਦਰਾ ਸਿੱਖ ਨੂੰ ਸ਼ੋਭਦਾ ਨਹੀਂ, ਪਰ ਕੁੱਤੇ ਦੀ ਪੂੰਛਲ 12 ਵਰ੍ਹੇ ਬਾਂਸ ਵਿਚ ਰਹੇ ਤਾਂ ਵੀ ਸਿੱਧੀ ਨਹੀਂ ਹੁੰਦੀ। ਇਹੋ ਹਿਸਾਬ ਮੇਰਾ ਸੀ। ਮੈਂ ਕਿਹਾ ਸਤਿਗੁਰੂ ਜਗਜੀਤ ਸਿੰਘ ਕਹਿਣਗੇ ਤਾਂ ਚਾਦਰਾ ਛੱਡਾਂਗਾ, ਉਨ੍ਹਾਂ ਬਥੇਰਾ ਸਮਝਾਇਆ, ਅਵਤਾਰ! ਸਤਿਗੁਰ ਇੱਕ ਇੱਕ ਸਿੱਖ ਨੂੰ ਆਖਦੇ ਫਿਰਨ, ਪਰ ਜੱਟ ਅੰਦਰ ਜਲੇਬੀ ਵਾਂਗੂੰ ਵਲ ਸਨ। ਇੱਕ ਕੰਨੋ ਸੁਣੀ, ਦੂਜੇ ਕੰਨੀਂ ਕੱਢ ਛੱਡੀ।

ਸਤਿਗੁਰ ਸਿੱਖ ਦਾ ਭਲਾ ਲੋਚਦਾ ਹੈ, ਉਹ ਸਦਾ ਸਿੱਖ ਨੂੰ ਚਿੱਕੜ ਵਿੱਚੋਂ ਕੱਢ, ਉਸਦੀ ਮੈਲ ਲਾਹ, ਦੇਵਤਾ ਬਣਾਉਣ ਦੇ ਉਪਰਾਲੇ ਕਰਦਾ ਏ। ਦਿਨ ਬੀਤਦੇ ਗਏ 75-76 ਸੰਨ ਦੀ ਗੱਲ ਏ, ਕਿ ਤੰਬੇ ਬਾਰੇ ਸੂਬੇ ਨਾਲ ਝੜਪਾਂ ਹੋਈਆਂ, ਉਸ ਦੀਆਂ ਦਲੀਲਾਂ ਦਾ ਮੇਰੇ ਮਨ ਤੇ ਇੰਨਾਂ ਅਸਰ ਵੀ ਨਾ ਹੋਇਆ ਜਿੰਨਾ ਥਿੰਦੇ ਭਾਂਡੇ ਤੇ ਪਾਣੀ ਦੀਆਂ ਛਿੱਟਾਂ ਦਾ, ਉਸੇ ਦਿਨ ਦੇ ਕੋਈ ਢਾਈ ਵਜੇ ਹੋਣਗੇ ਕਿ ਕਾਰ ਦੀਆਂ ਘੁਮਕਾਰਾਂ ਕੰਨੀ ਸੁਣਾਈ ਦਿੱਤੀਆਂ। ਕੀ ਵੇਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ! ਅਸੀਂ ਹੈਰਾਨ ਪ੍ਰੇਸ਼ਾਨ ਸਾਂ ਕਿ ਕੋਈ ਇਤਲਾ ਨਹੀਂ ਸੀ, ਕੋਈ ਪ੍ਰੋਗਰਾਮ ਨਹੀਂ ਸੀ। ਸੰਗਤਾਂ ਜੈਕਾਰੇ ਛੱਡੇ। ਦਰਸ਼ਨ ਮੇਲੇ ਕੀਤੇ ਤਾਂ ਵਾਪਸੀ ਦਾ ਪ੍ਰੋਗਰਾਮ ਬਣ ਗਿਆ। ਕਾਰ ਮੋੜ ਖਾਧਾ ਕਿ ਮੈਨੂੰ ਵੀ ਕਾਰ ਵਿਚ ਬੈਠਣ ਦਾ ਹੁਕਮ ਹੋ ਗਿਆ। ਮੈਂ ਲੁੱਕਦਾ ਕੱਜਦਾ ਪਿਛਲੀ ਸੀਟ ਤੇ ਸਤਿਗੁਰਾਂ ਦੇ ਕੋਲ ਹੀ ਜਾ ਬੈਠਾ। ਸਾਰੀ ਸੰਗਤ ਹੈਰਾਨ ਸੀ। ਕਾਰ ਕੋਈ ਦੋ ਕਿਲੋਮੀਟਰ ਗਈ ਹੋਵੇਗੀ ਕਿ ਸੱਚੇ ਪਾਤਸ਼ਾਹ ਬੈਠਿਆਂ ਬੈਠਿਆਂ ਈ ਮੇਰਾ ਚਾਦਰਾ ਖੋਲ੍ਹ ਦਿੱਤਾ ਤੇ ਬਚਨ ਕੀਤਾ ਬਸ! ਘੜੀ ਮੁੜੀ ਨਹੀਂ ਅਜ਼ਮਾਈ ਦਾ। ਹੁਣ ਨ ਬੰਨ੍ਹੀ। ਇਹ ਕਹਿੰਦਿਆਂ ਮੈਨੂੰ ਕਾਰੋਂ ਲਾਹ ਦਿੱਤਾ ਤੇ ਮੈਂ ਚਾਦਰਾਂ ਮੋਢੇ ਤੇ ਸੁੱਟ ਪਿੰਡ ਨੂੰ ਮੁੜਿਆ, ਨਾਲ ਤੁਰਿਆ ਆਉਂਦਾ ਸਾਂ, ਨਾਲ ਹੀ ਗੀਟੀਆਂ ਗਿਣਦਾ ਸਾਂ ਅਤੇ ਮਨ ਨੂੰ ਕੋਸਦਾ ਸਾਂ, ਕੇਡਾ ਪਾਮਰ ਹਾਂ! ਕੇਡਾ ਕ੍ਰਿਤਘਣ ਹਾਂ। ਵੇਖ ਚਾਖ ਵੀ ਨਹੀਂ ਪਤੀਜਦਾ! ਝਖਾਂ ਮਾਰਨੋਂ ਨਹੀਂ ਮੁੜਦਾ। ਘੜੀ ਮੁੜੀ ਪਰਤਾਵੇ! ਮਨ ਨੂੰ ਲਾਨ੍ਹਤਾਂ ਪਾਈਆਂ ਤੇ ਆਖਿਆ, ਮੂਰਖਾ! ਸਮੇਂ ਦਾ ਮਾਲਿਕ ਹੀ ਵਾਸਤਵ ਵਿਚ ਗੁਰੂ ਹੁੰਦਾ ਹੈ। ਸਭ ਸ਼ਕਤੀਆਂ ਉਸ ਦੇ ਅਧੀਨ ਹੁੰਦੀਆਂ ਹਨ। ਉਸਦੇ ਬਚਨਾਂ ਵਿਚ ਹੀ ਨੌ ਨਿਧਾਂ ਬਾਰਾਂ ਸਿੱਧਾਂ ਹੁੰਦੀਆਂ ਹਨ। ਬਾਰ ਬਾਰ ਪਰਖਣਾ ਨਿਰੀ ਮੂਰਖਤਾ ਏ, ਉਸਦੇ ਬਚਨਾਂ ਤੇ ਭਰੋਸਾ ਲਿਆਉਣਾ ਈ ਸਿਆਣਪ ਹੈ ਤੇ ਸਿੱਖੀ ਏ।

---

ਅਵਤਾਰ ਸਿੰਘ, ਪੁੱਤਰ ਸੋਹਣ ਸਿੰਘ, ਮਾਤਾ ਬਿਸ਼ਨ ਕੌਰ, ਜਨਮ ਖੁਦਪੁਰ ਮਾਂਗੇ, ਜ਼ਿਲ੍ਹਾ ਲਾਹੌਰ ਹਾਲ ਨਵਾਂ ਗਾਂਉ, ਜ਼ਿਲ੍ਹਾ ਸੰਗਰੂਰ, ਜਨਮ ਤਿਥਿ 1917। ਭਜਨ ਸੰਤ ਫਤਹ ਸਿੰਘ ਪਾਸੋਂ ਪ੍ਰਾਪਤ ਕੀਤਾ।

Sri Satguru Jagjit Singh Ji eLibrary NamdhariElibrary@gmail.com

# ਏਕ ਜੋਤਿ ਅਨੇਕ ਦਰਸ਼ਨ

ਰੋਗੀ ਵੈਦ ਕੋਲ ਜਾਏ, ਅਪਣੀ ਬਿਮਾਰੀ ਦੱਸੇ; ਡਾਕਟਰ ਰੋਗ ਨੂੰ ਸਮਝੇ, ਉਸਨੂੰ ਦਵਾਈ ਦੱਸੇ, ਨਾਲ ਈ ਪੱਥ ਪਰਹੇਜ਼ ਸਮਝਾਏ, ਰੋਗੀ ਅਮਲ ਕਰੇ ਤਾਂ ਉਹ ਨੌ ਬਰ ਨੌ ਹੋ ਜਾਂਦਾ ਏ। ਉਵੇਂ ਇਸ ਸਿੱਖ ਨੂੰ ਅਪਣੀ ਬਿਮਾਰੀ ਦੱਸ ਦਿੱਤੀ ਏ, ਅੱਗੋਂ ਤਾਂ ਕੁਝ ਖਾਈ ਨਾ ਪੀਵੀਂ, ਜਾ ਤੈਨੂੰ ਬਖਸ਼ਿਆ! ਜਾ ਤੈਨੂੰ ਬਖਸ਼ਿਆ!! ਜਾ ਤੈਨੂੰ ਬਖਸ਼ਿਆ!!!

ਮੈਂ ਕੀ ਸਾਂ? ਮੈਂ ਕੀ ਹਾਂ? ਬੜਾ ਫ਼ਰਕ! ਜ਼ਿਮੀ ਅਸਮਾਨ ਜੇਡਾ। ਜਦ ਬੀਤੇ ਦਿਨਾਂ ਦੀ ਯਾਦ ਫ਼ਿਲਮ ਕਿਸੇ ਵੇਲੇ ਅੱਖਾਂ ਸਾਉਹੋਂ ਲੰਘਦੀ ਏ ਤੇ ਲੂੰ ਕੰਡੇ ਹੋ ਜਾਂਦੇ ਹਨ। ਕੇਡਾ ਪਾਮਰ ਸਾਂ, ਕੇਡਾ ਕ੍ਰਿਤਘਣ; ਪਿਉ ਦਾਦੇ ਦੀ ਲੀਹਾਂ ਛੱਡ ਚੰਡਾਲ ਚੌਕੜੀ ਦਾ ਉਹ ਰਾਹ ਫੜਿਆ, ਜਿਹੜਾ ਉਸ ਨਰਕ ਵੱਲ ਲੈ ਜਾਂਦਾ ਜਿੱਥੋਂ ਜਨਮਾਂ ਤੀਕ ਨਿਕਲ ਨਹੀਂ ਸਕੀਦਾ। ਇਹ ਉਹ ਰਾਹ ਸੀ ਜਿੱਥੇ ਪੈਰ ਪੈਰ ਤੇ ਕੰਡੇ, ਚੱਪੇ ਚੱਪੇ ਤੇ ਝਾੜੀਆਂ, ਜਿਨ੍ਹਾਂ ਨਾਲ ਪੱਛ ਪੱਛ ਲਹੂ ਲੁਹਾਨ ਹੋਈਦਾ ਏ। ਲੀੜੇ ਪਾਟਦੇ ਹਨ; ਠੁੱਡੇ ਵੱਜਦੇ ਹਨ ਗੋਤੇ ਖਾਈਦੇ ਹਨ। ਪਰ ਵਾਹ ਸਤਿਗੁਰੂ ਤੈਥੋਂ ਕੁਰਬਾਨ! ਤੈਥੋਂ ਸੱਦਕੜੇ! ਤੈਥੋਂ ਵਾਰੀ ਤੈਥੋਂ ਬਲਿਹਾਰੀ! ਜਿਨ੍ਹਾਂ ਮੇਰਾ ਕੋੜ ਦੂਰ ਕੀਤਾ; ਜਿਨ੍ਹਾਂ ਨਰਕ ਵੱਲ ਰੇੜੇ ਪਏ ਨੂੰ ਫੁਲਵਾੜੀ ਪਹੁੰਚਾ ਦਿੱਤਾ ਤੂੰ ਧੰਨ, ਤੂੰ ਧੰਨ।

"ਰਘਬੀਰ! ਤੇਰੇ ਰਾਮ ਕਹਾਣੀ ਕੁਝ ਗੁੰਝਲੀ ਏ। ਸਮਝਣ ਲਈ ਡੂੰਗੀ ਚੁੱਭੀ ਮਾਰਨੀ ਪੈਂਦੀ ਏ, ਪਰ ਹੈ ਸ਼ਰਧਾ ਦੇ ਫੁੱਲਾਂ ਨਾਲ ਗੁੰਧੀ, ਉਸ ਦੇ ਅੱਖਰ ਅੱਖਰ ਵਿਚ ਸ਼ਹਿਦ ਟੇਪੇ ਡਿੱਗਦੇ ਹਨ। ਸ਼ਬਦ ਸ਼ਬਦ ਵਿੱਚੋਂ ਮਹਿਕਾਂ ਆਉਂਦੀਆਂ ਹਨ। ਭਾਈ ਜਰਾ ਪ੍ਰੇਮ ਨਾਲ ਸੁਣਾ।

"ਪ੍ਰੇਮ ਨਾਲ?"

"ਹਾਂ ਭਾਈ ਪ੍ਰੇਮ ਨਾਲ।"

"ਮੈਂ ਕਹਿੰਦਾ ਹਾਂ ਤੁਸੀਂ ਨਾ ਈ ਸੁਣੋ ਤਾਂ ਚੰਗਾ ਏ। ਮੇਰਾ ਊਲ ਜਲੂਲ ਸੁਣਨ ਨਾਲ ਤੁਸੀਂ ਅਪਵਿੱਤਰ ਹੋ ਜਾਉਗੇ। ਮੇਰੀ ਵਾਰਤਾ ਕਾਹਦੀ ਏ, ਢੱਕੀ ਰਿਝੇ ਕੋਈ ਨਾ ਬੁਝੇ। ਇਹ ਤਾਂ ਸਤਿਗੁਰਾਂ ਦੀ ਮਿਹਰ ਹੈ ਜਿਸਦੇ ਫਲਸਰੂਪ ਇਹ ਸਾਧ ਸੰਗਤ ਦੇ ਦਰਸ਼ਨ ਕਰ ਰਿਹਾ, ਨਹੀਂ ਤਾਂ ਕੀ ਪਤਾ ਕਿਸੇ ਹਸਪਤਾਲ ਦੀ ਨੁਕਰੇ ਰੁਲਦਾ ਫਿਰਦਾ।"

"ਪਰ ਨਹੀਂ ਭਾਈ ਤੂੰ ਸੁਣਾ ਜ਼ਰੂਰ।"

Sri Satguru Jagjit Singh Ji eLibrary NamdhariElibrary@gmail.com

"ਲਓ ਜੀ ਮੇਰਾ ਜਨਮ ਤਾਂ ਹੋਇਆ ਕੂਕਿਆਂ ਦੇ ਘਰ। ਮਾਂ ਦੀਆਂ ਮਿੱਠੀਆਂ ਲੋਰੀਆਂ ਤੇ ਪਲਿਆ ਪੋਸਿਆ ਵੀ ਸਵਰਗੀ ਵਾਤਾਵਰਨ ਵਿਚ। ਪਰ ਪੜ੍ਹ ਲਈ ਅੰਗਰੇਜ਼ੀ। ਐਫ.ਐਸ.ਸੀ. 1960 ਵਿਚ ਪਾਸ ਕਰ ਲਿਆ। ਮੇਰੇ ਪੈਰ ਧਰਤੀ ਤੇ ਨਾ ਲੱਗਣਾ। ਮੈਂ ਸਮਝਦਾ ਮੇਰੇ ਵਰਗਾ ਧਰਤੀ ਤੇ ਕੋਈ ਹੋਰ ਨਹੀਂ। ਹਮ ਚੂੰ ਮਾਂ ਦੀਗਰੇ ਨੇਸਤ। ਮੈਨੂੰ ਭਾਰਤ ਵਿਚ ਵਸਣਾ ਪਸੰਦ ਈ ਨਾ ਆਵੇ। ਕਿੱਥੇ ਮੇਰੇ ਬਾਬੇ ਦਾ ਬਾਬਾ ਕਾਹਨ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੀ ਸੇਵਾ ਵਿਚ ਰਹਿੰਦਿਆਂ ਅਨੰਦ ਮਾਣੇ। ਕੀ ਦੱਸਾਂ ਉਸ ਮਹਾਂ ਪੁਰਸ਼ ਬਾਰੇ? ਮੇਰੇ ਪਿਤਾ ਦੱਸਦੇ ਸਨ ਕਿ ਉਹ ਬੰਦਗੀ ਦੇ ਸਰੂਪ ਸਨ। ਬਚਨ ਦੇ ਸਿਧ। ਜਿਨ੍ਹਾਂ ਦਾ ਜੀਵਨ ਹੀਰੇ ਮੋਤੀ ਤੇ ਲਾਲਾਂ ਦਾ ਵਣਜ ਕਰਦਿਆਂ ਬੀਤਿਆ। ਪਰ ਮੈਂ ਕੌਡੀਆਂ ਨੂੰ ਪੰਨੇ ਤੇ ਯਾਕੂਤ ਸਮਝ ਲਿਆ। ਮੈਂ ਮਿਲ ਮਿਲਾ ਤੇ ਭੱਜ ਦੌੜ ਕਰ ਪਾਸਪੋਰਟ ਬਣਵਾ ਫ਼ਰਵਰੀ 1962 ਵਿਚ ਗੋਰਿਆਂ ਦੇ ਦੇਸ਼ ਚਲਾ ਗਿਆ। ਸਤਿਗੁਰਾਂ ਮੇਰੀ ਘਾੜਤ ਵਿਚ ਵੀ ਕੋਈ ਕਸਰ ਨਹੀਂ ਛੱਡੀ ਸੀ। ਸਡੌਲ ਸਰੀਰ ਵਲੈਤੀਆਂ ਵਰਗਾ ਰੰਗ ਰੂਪ। ਵਲੈਤ ਜਾਂ ਲੂਣ ਦੀ ਖਾਣ ਵਿਚ ਪੈ ਲੂਣ ਵਰਗਾ ਹੋ ਗਿਆ।"

ਉੱਥੇ ਜਾ ਜਾਹਨ ਹਾਰਬਰ ਵਿਲਅਨ ਹਾਲ ਵਿਚ ਮਸ਼ੀਨ ਮੋਲਡਰਾਂ ਵਿਚ ਭਰਤੀ ਹੋ ਗਿਆ। 70 ਪੌਂਡ ਤਨਖ਼ਾਹ ਮਹੀਨੇ ਦੀ। ਉਸ ਵੇਲੇ ਦੇ 70 ਪੌਂਡ ਅੱਜ ਦੇ ਬਾਜ਼ਾਰ ਦੇ ਭਾ ਮੁਤਾਬਕ ਵੀਹ ਹਜ਼ਾਰ ਬਣਦੇ ਹਨ ਪੈਸੇ ਨੇ ਮਤ ਮਾਰ ਦਿੱਤੀ। ਦੂਜੀ ਜਵਾਨੀ, ਤੀਜਾ ਸੰਸਾਰ ਭਰ ਦੇ ਲੋਟੂਆਂ ਦਾ ਦੇਸ਼ ਜਿਨ੍ਹਾਂ ਦਾ ਜੀਵਨ ਤਿਨ੍ਹਾਂ ਡਬਲੂਆਂ ਦੁਆਲੇ ਘੁੰਮਦਾ ਏ। Wine, Woman, Wealth ਸ਼ਰਾਬ, ਇਸਤਰੀ ਅਤੇ ਪੈਸਾ। ਇਹ ਜੱਗ ਮਿੱਠਾ, ਅਗਲਾ ਕਿਸ ਡਿੱਠਾ। ਬਾਬਰ ਬਾ ਐਸ਼ ਕੌਸ਼ ਕਿ ਆਲਮ ਦੁਬਾਰਾ ਨੇਸਤ। ਭੁੱਲ ਗਈ ਪੜਦਾਦੇ ਦੀ ਸਿੱਖੀ ਬਾਣ, ਪਿਉ ਦਾਦੇ ਦੀ ਰਹਿਣੀ ਬਹਿਣੀ। ਭੁੱਲ ਗਈਆਂ ਸੋਧਾਂ ਅਤੇ ਸੁਚਮਤਾਈਆਂ ਭਾਵੇਂ ਕਮਰੇ ਵਿਚ ਗੁਰੂ ਰਾਮ ਸਿੰਘ ਜੀ ਦੀ ਤਸਵੀਰ, ਸਵੇਰੇ ਜਪੁਜੀ ਦਾ ਪਾਠ, ਪਿਛਲੇ ਪਹਿਰ ਰਹਿਰਾਸ, ਸੌਣ ਵੇਲੇ ਕੀਰਤਨ ਸੋਹਿਲਾ। ਬਹਿੰਦਿਆਂ ਉਠਦਿਆਂ ਧੰਨ ਧੰਨ ਸਤਿਗੁਰੂ ਰਾਮ ਸਿੰਘ ਜੀ ਕਹਿਣਾ। ਪਰ ਗੋਰਿਆਂ ਨੂੰ ਵੇਖ ਗੋਰਾ ਬਣਨ ਦੀਆਂ ਰੀਝਾਂ ਕੁੱਦ ਪਈਆਂ। ਇੱਕ ਸੈਲੂਨ ਵਿਚ ਗਿਆ ਨਾਲੇ ਪੈਸੇ ਦਿੱਤੇ ਨਾਲ ਈ ਗੁਰੂ ਗੋਬਿੰਦ ਸਿੰਘ ਦੇ ਬਖਸ਼ੇ ਕੇਸ ਵੀ ਹਵਾਲੇ ਕਰ ਆਇਆ। ਸ਼ੀਸ਼ੇ ਨੂੰ ਵੇਖਿਆ ਬੋਦਿਆਂ ਨੂੰ ਕੰਘੀ ਕੀਤੀ ਚੀਰ ਕੱਢਿਆ। ਅੱਖਾਂ ਵਿਚ ਲਾਲੀ ਤੱਕ। ਚਿਹਰੇ ਦੇ ਗੁਲਾਬੀ ਭਾ ਨੇ ਦਿਲ ਨੂੰ ਬੁਰਕੜੀਆਂ ਮਰਵਾਨੀਆਂ ਸ਼ੁਰੂ ਕਰ ਦਿੱਤੀਆਂ। ਮਾਸਟਰ ਜੀ! ਸੱਚ ਜਾਣੋ ਜਦ ਮਨੁੱਖ ਰਿੜਨ ਲੱਗਦਾ ਏ ਤਾਂ ਸਾਈਕਲ ਦਾ ਪਹਾੜ ਦੀ ਉਤਰਾਈ ਨਾਲੋਂ ਤਿੱਖਾ ਰਿੜਦਾ ਏ। ਸਿਰ ਮੂੰਹ ਮੁਨਾਂ ਸ਼ਰਾਬ ਦੀ ਦੁਕਾਨੇ ਜਾ ਘੁਸਿਆ। ਅੱਗੋਂ ਲਾਲ ਪਰੀਆਂ ਲੱਗੀਆਂ ਅੱਖ ਮਚੋਲੀਆਂ ਕਰਨ। ਨਵਾਂ ਪੈਗ ਖ਼ਰੀਦਿਆ ਮਾਸ ਦੀ ਦੁਕਾਨ ਤੇ ਮਾਸ ਖ਼ਰੀਦਿਆ। ਚੰਗਾ ਘਿਓ ਮਸਾਲੇ ਲਾ ਤੜਕਾ ਲਾਇਆ। ਵਿਸਕੀ ਚਾੜੀ ਤੇ ਬਸ.....ਇਹ ਨਿਤਾ ਪ੍ਰਤੀ ਦਾ ਧੰਦਾ। ਆਂਡੇ ਖਾ ਤੇ ਵਿਸਕੀ ਦੀਆਂ ਲੱਗੀਆਂ ਜਿਆਫਤਾਂ ਉੱਡਣ।

Sri Satguru Jagjit Singh Ji eLibrary NamdhariElibrary@gmail.com

ਵਿਸਕੀ ਬਾਰੇ ਆਮ ਪ੍ਰਸਿੱਧ ਹੈ ਪੀਤੀ ਵਿਸਕੀ ਤੇ ਬੁਧ ਖਿਸਕੀ। ਨਿਤਾ ਪ੍ਰਤੀ ਦਾ ਵਿਹਾਰ ਸਿਆਣਿਆਂ ਠੀਕ ਆਖਿਆ ਹੈ, ਜੈਸਾ ਅੰਨ ਤੈਸਾ ਮਨ, ਜੈਸਾ ਪਾਣੀ ਤੈਸੀ ਬਾਣੀ ਜੈਸਾ ਦੁੱਧ ਵੈਸੀ ਬੁਧ; ਜੈਸੀ ਸੰਗਤ ਵੈਸੀ ਰੰਗਤ। ਪੂਰਾ ਜੈਂਟਲਮੈਨ ਬਣ ਗਿਆ। ਭਾਰਤ ਪਿੱਛਾ ਭੁੱਲ ਗਿਆ ਤੇ ਪੰਜਾਬ ਵਿਸਰ ਗਿਆ ਸ੍ਰੀ ਭੈਣੀ ਸਾਹਿਬ।

ਪਰ ਵਾਹ ਸਤਿਗੁਰੂ ਤੇਰਾ ਕਰੋੜ ਕਰੋੜ ਧੰਨਵਾਦ! ਤੂੰ ਬੇਅੰਤ ਤੇਰੀ ਲੀਲਾ ਅਪਰ ਅਪਾਰ! ਤੂੰ ਬਖਸ਼ਸ਼ਾਂ ਦਾ ਭੰਡਾਰ! ਤੂੰ ਰਹਿਮਤਾਂ ਦਾ ਸੋਮਾਂ! ਤੂੰ ਕ੍ਰਿਤਘਨਾਂ ਦਾ ਪਾਲਿਕ! ਤੂੰ ਬੇਮੁਖਾਂ ਦਾ ਖਾਲਿਕ ਤੂੰ ਪਾਪੀਆਂ ਲਈ ਪਤਤ ਪਾਵਨ! ਸਿੱਖ ਤੈਨੂੰ ਛੱਡ ਛੱਡ ਨੱਸੇ! ਤੂੰ ਉਸ ਲਈ ਕਲਾਵੇ ਕਸੇਂ! ਸਿੱਖ ਭੁਲ ਭੱਲੀਆਂ ਦੇ ਭੰਵਰਾ ਵਿਚ ਫਸੇ ਤੂੰ ਧੂ ਧੂ ਕੱਢੇ ਭੁੱਲਾ ਸਿੱਖ ਆਪਣੇ ਆਪ ਨੂੰ ਬੇੜੀਆਂ ਵਿਚ ਕੜਾਵੇ, ਪਰ ਤੂੰ ਕੜ ਕੜ ਸੰਗਲ ਤੋੜੇ।

**ਤੇਰੇ ਕਵਣ ਕਵਣ ਗੁਣ ਕਹਿ ਕਹਿ ਗਾਵਾਂ**
**ਮੇਰੇ ਸਾਹਿਬ ਗੁਣੀ ਨਿਧਾਨਾ।**

ਭਾਈ ਗੁਰਦਾਸ ਮਹਾਂ ਵਿਦਵਾਨ ਨੇ ਠੀਕ ਨਕਸ਼ਾ ਉਲੀਕਿਆ ਹੈ:-

**ਏਕ ਜੇ ਸਰੀਰ ਕੇ ਬਪ ਹੋਵੇ ਕੋਟ ਕੋਟ**
**ਛਿਅੰਨਵੇਂ ਕਰੋੜ ਰੋਮ ਏਕ ਸਰੀਰ ਕੇ**
**ਏਕ ਏਕ ਰੋਮ ਪਰ ਸੀਸ ਹੋਵੇ ਕੋਟ ਕੋਟ**
**ਏਕ ਏਕ ਸੀਸ ਪੈ ਮੁਖ ਹੋਵੇ ਚੀਕ ਕੇ**
**ਏਕ ਏਕ ਮੁਖ ਮੈਂ ਜਿਹਬਾ ਹੋਵੈ ਕੋਟ ਕੋਟ**
**ਏਕ ਏਕ ਜੇਹਬਾ ਭਣੈ ਗੁਣ ਜਗਦੀਸ਼ ਕੇ**
**ਕਹੇ ਗੁਰਦਾਸ ਭੱਲਾ ਤਉ ਭੀ ਹਊ ਅੰਵਾਣ ਮਤ**
**ਕਹਿ ਭੀ ਨ ਸਕਉ ਗੁਣ ਸਤਿਗੁਰ ਸਰੀਰ ਕੇ।**

(ਭਾਈ ਗੁਰਦਾਸ)

ਸੰਨ 1964 ਵਿਚ ਮੋਲਡਰ ਦੀ ਨੌਕਰੀ ਛੱਡ ਦਿੱਤੀ ਤੇ ਵਾਲਸਾਲ ਸਟਾਫ ਟ੍ਰਾਂਸਪੋਰਟ ਕਾਰਪੋਰੇਸ਼ਨ ਵਿਚ ਡਰਾਈਵਰ ਭਰਤੀ ਹੋ ਗਿਆ। ਇੱਥੇ ਮੈਨੂੰ 100 ਪੌਂਡ ਮਿਲਣ ਲੱਗ ਪਏ ਤੇ ਦਿਨੋਂ ਦਿਨ ਵਲੈਤੀਆਂ ਦੀ ਪੇਂਟ ਹੁੰਦੀ ਗਈ।

ਜੁਲਾਈ ਦਾ ਮਹੀਨਾ ਸੀ ਤੇ 66 ਦਾ ਸਾਲ। ਰਾਤ ਦੇ ਕਰੀਬਨ 2 ਵਜੇ ਹੋਣਗੇ ਕਿ ਇੱਕ ਸੁਪਨਾ ਆਇਆ। ਸੁਪਨਾ ਕੀ ਸੀ? ਅਰਸ਼ੀ ਹੁਲਾਰੇ। ਅਗਮੀ ਸੁਨੇਹੇ। ਦੇਵ ਪੁਰੀ ਦੀ ਝਾਕੀ। ਖੰਡਾਂ ਬ੍ਰਹਮਖੰਡਾਂ ਦੇ ਮਨ ਮੋਹਣੇ ਦਰਸ਼ਨ; ਅਤੀ ਸੁੰਦਰ ਮੁਖੜਾ, ਫੁੱਲਾਂ ਨਾਲੋਂ ਵੱਧ ਖਿੜਿਆ ਚਿਹਰਾ ਅੰਮ੍ਰਿਤ ਵਰਸਾਂਦੇ ਨੇਤਰ; ਦੁੱਧ ਚਿੱਟਾ ਦਾੜ੍ਹਾ; ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਵਿੱਤਰ ਧਰਤੀ ਸ੍ਰੀ ਭੈਣੀ ਸਾਹਿਬ ਦੀ ਕੋਠੀ ਦੇ ਸਾਹਮਣੇ ਪੰਦਰ੍ਹਾਂ ਵੀਹ ਹੰਸਲਿਆਂ ਦੇ ਘਿਰੇ ਕੁਰਸੀ ਤੇ ਸ਼ਸ਼ੋਭਤ ਹਨ। ਮੈਂ ਅੱਗੇ ਵਧਿਆ ਤੇ ਧੜੰਮ ਕਰਦਾ ਚਰਨਾਂ ਤੇ ਜਾ ਢੱਠਾ ਤੇ ਕੀਤੇ ਗੁਨਾਹ ਦੀ ਮਾਫ਼ੀ ਮੰਗੀ। ਮੇਰੀ ਵਿਥਿਆ ਸੁਣ ਸਤਿਗੁਰੂ ਜੀ ਬਚਨ

ਕੀਤਾ, "ਰਘਬੀਰ! ਜਾ ਤੈਨੂੰ ਬਖਸ਼ਿਆ! ਤੈਨੂੰ ਬਖਸ਼ਿਆ! ਤੈਨੂੰ ਬਖਸ਼ਿਆ!" ਇਤਨੇ ਨੂੰ ਮੇਰੀ ਅੱਖ ਖੁੱਲ੍ਹ ਗਈ। ਮੇਰੇ ਮੂੰਹੋ ਨਿਕਲਿਆ, ਧੰਨ ਸਤਿਗੁਰੂ ਰਾਮ ਸਿੰਘ। ਕੁਝ ਚਿਰ ਮਸਤੀ ਵਿਚ ਰਿਹਾ ਮੁੜ ਸੌਂ ਗਿਆ, ਸਵੇਰ ਸਾਰ ਸੁਪਨਾ ਜਾਣ ਮੁੜ ਉਹੋ ਰੱਸੇ, ਉਹੋ ਪੈੜੇ, ਪਰ ਅੱਜ ਚਾਨਣ ਹੋਇਆ ਏ, ਕਿ ਉਹ ਸੁਪਨਾ ਨਹੀਂ ਸੀ, ਉਹ ਤਾਂ ਪ੍ਰਤੱਖ ਮਿਹਰ ਸੀ। ਕਾਇਆ ਕਲਪ ਸੀ, ਰੋਗਾਂ ਤੋਂ ਛੁਟਕਾਰਾ ਸੀ, ਨਵਾਂ ਜੀਵਨ ਸੀ ਸੱਚਖੰਡ ਦੀ ਜਰਨੈਲੀ ਸੜਕ ਸੀ, ਜਿਹੜੀ ਅਪਣੇ ਦੇਸ਼ ਲੈ ਜਾਂਦੀ ਏ, ਜਿੱਥੇ ਝਾਂਜਾ ਨਾ ਝਗੜਾ, ਨਾ ਅੜਾ ਅਫ਼ਸਰ, ਨਾ ਮਤਹਿਤ, ਘੂਰ ਨਾ ਝਿੜਕਾਂ, ਗ਼ਮ ਨਾ ਡਰ ਨਾ ਧੋਖਾ, ਟੈਕਸ ਨਾ ਮਸੂਲ, ਖੇੜਾ ਈ ਖੇੜਾ, ਸਦਾ ਸਦਾ ਬਹਾਰੀਂ, ਸਦਾ ਜਵਾਨੀ। ਉਸ ਨਗਰੀ ਦਾ ਬਾਣੀ ਨੇ ਵੀ ਨਕਸ਼ਾ ਉਲੀਕਿਆ ਹੋਇਆ ਏ:-

**ਬੇਗਮ ਪੁਰਾ ਸ਼ਹਰ ਕੋ ਨਾਉਂ।**
**ਦੂਖੁ ਅੰਦੋਹੁ ਨਹੀਂ ਤਿਹਿ ਠਾਉਂ।**
**ਨਾ ਤਸਵੀਰ ਖਿਰਾਜੁ ਨ ਮਾਲੁ।**
**ਖਉਫੁ ਨ ਖਤਾ ਨ ਤਰਸੁ ਜਵਾਲੁ।**
**ਅਬ ਮੋਹਿ ਖੂਬ ਵਤਨ ਗਹ ਪਾਈ।**
**ਉਹਾਂ ਖੈਰਿ ਸਦਾ ਮੇਰੇ ਭਾਈ॥**

ਰਹਾਉ:

**ਕਾਇਮੁ ਦਾਇਮੁ ਸਦਾ ਪਾਤਿਸਾਹੀ**
**ਦੋਮ ਨ ਸੇਮ ਏਕ ਸੋ ਆਹੀ।**

(ਰਾਗ ਗਉੜੀ ਰਵਿਦਾਸ ਜੀ)

ਚਾਰ ਮਹੀਨੇ ਲੰਘੇ। ਵਤਨ ਯਾਦ ਆਇਆ। ਘਰਾਂ ਨੂੰ ਵਾਗਾਂ ਮੋੜੀਆਂ ਅਕਤੂਬਰ ਵਿਚ ਗੜ੍ਹੀ ਮਹਾਂ ਸਿੰਘ ਪਹੁੰਚਿਆ। ਮਾਤਾ ਪਿਤਾ ਵਾਰਨੇ ਜਾਣ। ਪਰ ਮਡੀਰ ਮੇਰੇ ਵੱਲ ਉਂਗਲਾਂ ਕਰੇ। ਸਾਹਿਬ ਉਏ, ਸਾਹਿਬ ਉਏ, ਸਾਹਿਬ ਉਏ। ਮੇਰੇ ਹਮ ਉਮਰ ਮੇਰੇ ਵੱਲ ਝਾਕਣ। ਪਰ ਮੈਂ ਬੁਲੀਆਂ ਵਿਚ ਮੁਸਕਾਵਾਂ। ਸ਼ਰਮਾਂ ਸਭ ਘੋਲ ਪੀਤੀਆਂ।

ਇਕ ਦਿਨ ਪਿਤਾ ਜੀ ਕਹਿਣ ਲੱਗੇ, "ਰਘਬੀਰ! ਚੱਲ ਸਤਿਗੁਰਾਂ ਦੇ ਦਰਸ਼ਨ ਕਰ ਆਈਏ, ਸ੍ਰੀ ਭੈਣੀ ਸਾਹਿਬ।" ਇਹ ਸੁਣ ਲੱਗਾ ਗੀਟੀਆਂ ਗਿਣਨ। ਕਿਸ ਮੂੰਹ ਨਾਲ ਉਸ ਧਰਤੀ ਵੱਲ ਜਾਵਾਂਗਾ, ਮੂੰਹ ਵਿਚ ਘੁੰਝਣੀਆਂ ਪਾ ਛੱਡੀਆਂ ਤੇ ਪਿਤਾ ਜੀ ਦੇ ਮਗਰ ਮਗਰ ਤੁਰ ਪਿਆ। ਜਦ ਇਸ ਦੇਵ ਪੁਰੀ ਪੁੱਜੇ ਤਾਂ ਅੱਗੇ ਦਰਵਾਜ਼ੇ ਤੇ ਪਹਿਰੇਦਾਰ ਖੜਾ ਸੀ। ਉਸ ਅੱਗੇ ਅਰਜ਼ ਕੀਤੀ, ਉਸ ਸਾਡੀ ਬੇਨਤੀ ਸਤਿਗੁਰਾਂ ਦੇ ਚਰਨਾਂ ਵਿਚ ਪਹੁੰਚਾ ਦਿੱਤੀ। ਅੰਦਰ ਜਾਣ ਦੀ ਆਗਿਆ ਮਿਲ ਗਈ। ਅੰਦਰ ਦਾਖ਼ਲ ਹੋਏ ਤਾਂ ਕੀ ਦੇਖਿਆ ਸੱਚੇ ਪਾਤਸ਼ਾਹ ਕੋਠੀ ਵਾਲੇ ਖੂਹ ਦੇ ਲਾਗੇ ਖੜੇ ਸਨ। ਸੰਤ ਬਲਕਾਰ ਸਿੰਘ, ਗੁਲਜ਼ਾਰ ਸਿੰਘ

Sri Satguru Jagjit Singh Ji eLibrary NamdhariElibrary@gmail.com

ਤੇ ਹੋਰ ਸੇਵਕਾਂ ਨਾਲ ਹਾਸ ਬਿਲਾਸ ਕਰ ਰਹੇ ਸਨ। ਪੰਡਿਤ ਗੋਪਾਲ ਸਿੰਘ ਕੱਪੜੇ ਧੋ ਰਹੇ ਸਨ। ਸੱਚੇ ਪਾਤਸ਼ਾਹ ਪੰਡਿਤ ਹੁਰਾਂ ਨੂੰ ਕਿਹਾ, ਆਓ ਪੰਡਿਤ ਜੀ ਤੁਹਾਨੂੰ ਵਲੈਤ ਦਾ ਸਿੱਖ ਵਿਖਾਈਏ। ਉਹ ਤਾਂ ਕੱਪੜੇ ਧੋਣ ਵਿਚ ਰੁੱਝਾ ਰਿਹਾ, ਰਹ ਗ਼ਰੀਬ ਨਿਵਾਜ਼ ਜੀ ਡਿਊੜੀ ਵੱਲ ਕਦਮ ਵਧਾਏ। ਜਦ ਡਿਊੜੀ ਦੇ ਲਾਗੇ ਪੁੱਜੇ ਤਾਂ ਸਤਿਗੁਰੂ ਜੀ ਜਾਂਦਿਆਂ ਈ ਪੁੱਛਿਆ 'ਰਘਬੀਰ ਸਿੰਘਾ ਆ ਗਿਆ ਏਂ।' ਮੈਂ ਚਰਨਾਂ ਤੇ ਢਹਿ ਪਿਆ, ਪਰ ਮੇਰਾ ਮਨ ਸੋਚੀ ਜਾਵੇ। ਮੈਂ ਅਜੇ ਪਹਿਲੀ ਵੇਰ ਦਰਸ਼ਨ ਕੀਤੇ ਹਨ। ਮੇਰਾ ਨਾਉਂ? ਸਤਿਗੁਰੂ ਕੁਝ ਸਮੇਂ ਲਈ ਡਿਊੜੀ ਵਾਲੇ ਨਾਲ ਦੇ ਕਮਰੇ ਵਿਚ ਚਲੇ ਗਏ। ਇੱਕ ਸਿੱਖ ਨੇ ਕਮਰੇ ਦੇ ਬਾਹਰ ਸਫ ਵਛਾ ਦਿੱਤੀ ਤੇ ਨਾਲ ਈ ਇੱਕ ਕੁਰਸੀ ਸਤਿਗੁਰੂ ਜੀ ਵਾਸਤੇ ਰੱਖ ਦਿੱਤੀ। ਅਸੀਂ ਕੋਈ ਪੰਦਰ੍ਹਾਂ ਸੋਲ੍ਹਾਂ ਸਰੀਰ ਸਫ ਤੇ ਬਹਿ ਗਏ। ਸਤਿਗੁਰਾਂ ਬਾਹਰ ਦਰਸ਼ਨ ਦਿੱਤੇ ਤੇ ਆ ਕੇ ਕੁਰਸੀ ਤੇ ਸ਼ਸ਼ੋਭਤ ਹੋ ਗਏ। ਮੈਂ ਘੋਨ ਮੋਨ ਇਉਂ ਸਾਮ੍ਹਣੇ ਖੜਾ ਹੋ ਗਿਆ, ਜਿਵੇਂ ਰਾਂਝਾ ਹੀਰ ਦੇ ਬੂਹੇ ਅੱਗੇ ਕਾਸਾ ਫੜੀ ਸਿਰ ਨਵਾਈ ਖਲੋਤਾ ਸੀ ਤੇ ਖ਼ੈਰ ਲਈ ਜੋਦੜੀ ਕਰ ਰਿਹਾ ਸੀ।

ਸਤਿਗੁਰੂ ਜੀ ਮੁਸਕਰਾਂਦਿਆਂ ਕਿਹਾ ਕਿ ਸਿਰ ਮੂੰਹ ਵੱਲੋਂ ਤਾਂ ਸਭ ਕੁਝ ਪਤਾ ਲੱਗਦਾ ਈ ਏ, ਕੁਝ ਖਾਂਦਾ ਪੀਂਦਾ ਵੀ ਏ? ਇੱਥੇ ਝੂਠ ਕਿਵੇਂ ਮੂੰਹੋਂ ਨਿਕਲੇ। ਅਰਜ਼ ਕੀਤੀ ਜੀ ਹਾਂ। ਹਾਂ ਨੇ ਮੇਰਾ ਸਾਰਾ ਹਿਸਾਬ ਪਾਰ ਕਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ:-

**ਸੱਚ ਸਭਨਾਂ ਹੋਇ ਦਾਰੂ ਪਾਪ ਕਢੈ ਧੋਇ।**

ਉਸ ਸੱਚ ਦੇ ਮਾਲਕ ਨੂੰ ਇਕ ਦ੍ਰਿਸ਼ਟਾਂਤ ਦੇਂਦਿਆਂ ਇਉਂ ਬਚਨ ਕੀਤਾ। 'ਰੋਗੀ ਵੈਦ ਕੋਲ ਜਾਏ, ਅਪਣੀ ਬਿਮਾਰੀ ਦੱਸੇ; ਡਾ: ਰੋਗ ਨੂੰ ਸਮਝੇ। ਉਸਨੂੰ ਦਵਾਈ ਦੱਸੇ, ਨਾਲ ਈ ਪੱਥ ਪ੍ਰਹੇਜ਼ ਸਮਝਾਏ, ਰੋਗੀ ਅਮਲ ਕਰੇ, ਤਾਂ ਉਹ ਨੌ ਬਰ ਨੌ ਹੋ ਜਾਂਦਾ ਏ। ਉਵੇਂ ਇਸ ਸਿੱਖ ਨੇ ਅਪਣੀ ਬਿਮਾਰੀ ਦਸ ਦਿੱਤੀ ਏ। ਲੈ ਭਾਈ। ਅੱਗੋਂ ਤੋਂ ਤੂੰ ਕੁਝ ਖਾਈਂ ਨ ਪੀਵੀਂ ਜਾ ਤੈਨੂੰ ਬਖਸ਼ਿਆ, ਜੇ ਤੈਨੂੰ ਬਖਸ਼ਿਆ, ਜਾ ਤੈਨੂੰ ਬਖਸ਼ਿਆ।' ਤਿੰਨ ਵੇਰ ਸਤਿਗੁਰਾਂ ਬਚਨ ਕੀਤਾ। ਮੈਂ ਨਮਸਕਾਰ ਕਰਕੇ ਬਹਿ ਗਿਆ। ਕੁਝ ਸਮਾਂ ਬਚਨ ਬਿਲਾਸ ਹੋਏ। ਸਤਿਗੁਰੂ ਜੀ ਕੁਰਸੀ ਤੋਂ ਉਠ ਬੈਠੇ। ਅਸੀਂ ਗੁਰੂ ਕੇ ਲੰਗਰੋਂ ਪ੍ਰਸ਼ਾਦਾ ਛੱਕਿਆ ਤੇ ਵਾਪਸ ਘਰਾਂ ਨੂੰ ਮੁੜੇ।

ਹੁਣ ਕਦਮਾਂ ਵਿਚ ਚੁਸਤੀ ਸੀ ਪਰ ਮਨ ਈ ਮਨ ਬੜੀ ਉਥਲ ਪੁਥਲ ਹੋ ਰਹੀ ਸੀ। ਯਾਦ ਕਰਦਾ ਹੁੰਦਾ ਸਾਂ। ਸਤਿਗੁਰੂ ਰਾਮ ਸਿੰਘ ਨੂੰ। ਸੁਪਨੇ ਵਿਚ ਦਰਸ਼ਨ ਹੋਏ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ। ਬਖਸ਼ਸ਼ਾਂ ਦੇ ਭੰਡਾਰੇ ਖੋਲ ਦਿੱਤੇ, ਸਤਿਗੁਰੂ ਜਗਜੀਤ ਸਿੰਘ, ਜਿਨ੍ਹਾਂ ਅੰਦਰ ਦੇ ਘੁੱਪ ਅਨ੍ਹੇਰੇ ਜਿਸਦੀ ਨੁਕਰ ਨੁਕਰ ਜਾਲਿਆਂ ਨਾਲ ਅੱਟੀ ਪਈ ਤੇ ਕੁਕਰਮਾਂ ਦੀ ਕੁਰਬਲ ਕੁਰਬਲ ਹੋ ਰਹੀ ਸੀ। ਅੱਖ ਦੇ ਪਲਕਾਰੇ ਵਿਚ ਸਾਫ਼ ਕਰ ਦਿੱਤਾ। ਵਾਹ:-

**ਸੇਵ ਨ ਮਿਲਿਓ ਘਾਲਿ ਨ ਮਿਲਿਓ**
**ਮਿਲਿਓ ਆਇ ਅਚਿੰਤਾ।**

ਠੀਕ:-

**ਅਵਗੁਣ ਕੀਤੇ ਹਰਿ ਨ ਚਿਤਾਰੈ**

ਮੇਰਾ ਮਨ ਭਾਂਡਾ ਧੋ ਦਿੱਤਾ। ਜਨਮ ਜਨਮਾਂਤਰਾਂ ਦੀ ਊੱਲੀ ਲਾਹ ਦਿੱਤੀ। ਨਿਰਮਲ ਕਰ ਦਿੱਤਾ। ਮੈਂ ਉਹ ਸੁਪਨਾ ਸਮਝਦਾ ਸਾਂ। ਪਰ ਉਹ ਸੁਪਨਾ ਸਾਕਾਰ ਹੋ ਗਿਆ। ਉਹੋ ਦ੍ਰਿਸ਼ ਓਹ ਹੰਸਾਂ ਦੀ ਸੰਗਤ; ਓਹੋ ਕੁਰਸੀ ਤੇ ਸ਼ਸ਼ੋਭਤ; ਓਹੋ ਬਚਨ ਬਖਸ਼ਿਆ, ਬਖਸ਼ਿਆ, ਬਖਸ਼ਿਆ, ਬਖਸ਼ਿਆ। ਸਾਖਿਅਤ ਮੋਹਰ ਛਾਪ ਲਾ ਦਿੱਤੀ। ਪਰ ਉਹ ਸਨ ਸਤਿਗੁਰੂ ਪ੍ਰਤਾਪ ਸਿੰਘ ਜੀ, ਇਹ ਸਤਿਗੁਰੂ ਜਗਜੀਤ ਸਿੰਘ। ਦੇਹ ਵੱਖਰੀ ਵੱਖਰੀ। ਕਾਰ ਇੱਕੋ ਜੈਸੀ।

ਹੁਣ ਮੇਰੇ ਕੇਸ ਵੱਧਣੇ ਸ਼ੁਰੂ ਹੋ ਗਏ। ਰਾਖਸ਼ਾਂ ਦੀ ਖ਼ੁਰਾਕ ਤੋਂ ਘਿਰਣਾ ਹੋ ਗਈ। ਸਿਮਰਨ ਵਿਚ ਬਿਰਤੀ ਜੁੜਨ ਲੱਗੀ। ਸਵਾਦ ਆਉਣ ਲੱਗ ਪਿਆ। ਲੰਗੋਟੀ ਦੇ ਯਾਰ ਚੰਡਾਲ ਚੌਕੜੀ ਭਾਸਣ ਲੱਗੇ। ਪਰ ਯਾਦ ਸਤਿਗੁਰੂ ਰਾਮ ਸਿੰਘ ਦੀ ਆਵੇ। ਜਦ ਕਦੀ ਬੋਲਾਂ ਸਤਿਗੁਰੂ ਰਾਮ ਸਿੰਘ ਮੂੰਹੋਂ ਨਿਕਲੇ।

ਕੁਝ ਦਿਨਾਂ ਉਪਰੰਤ ਨਵਾਂ ਕੌਤਕ ਨਜ਼ਰੀਂ ਆਇਆ ਮੰਜੇ ਤੇ ਬਿਰਾਜਿਆ ਪਿਆ ਹਾਂ, ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ, ਮਨ ਬਾਗੋ ਬਾਗ ਹੋ ਗਿਆ। ਚਰਨਾਂ ਤੇ ਨਮਸਕਾਰ ਕੀਤੀ ਤੇ ਜਦ ਖੜਾ ਹੋਇਆ ਤਾਂ ਦਰਸ਼ਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨ। ਨਿਸਚਾ ਹੋ ਗਿਆ ਕਿ ਸਮੇਂ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਹਨ। ਦਰਗਾਹ ਦੀਆਂ ਕੁੰਜੀਆਂ ਇਨ੍ਹਾਂ ਪਾਸ ਹਨ।

ਇਹ ਦ੍ਰਿਸ਼ਟਾਂਤ ਬੀਤਿਆ ਅਜੇ ਦਿਨ ਹੀ ਬੀਤੇ ਸਨ ਕਿ ਸ਼ਾਹਪੁਰ ਸਵਰਨ ਸਿੰਘ ਸਨੇਹੀ ਦੇ ਘਰ ਆਸਾ ਦੀ ਵਾਰ ਦੇ ਕੀਰਤਨ ਦਾ ਪ੍ਰੋਗਰਾਮ ਸੀ। ਸੰਗਤਾਂ ਹੁਮ ਹੁਮਾ ਕੇ ਪੁੱਜ ਰਹੀਆਂ ਸਨ। ਅਸੀਂ ਵੀ ਪਰਿਵਾਰ ਸਹਿਤ ਜਾ ਦਰਸ਼ਨਾਂ ਦੇ ਲਹਿਰੇ ਲੁੱਟੇ। ਭੋਗ ਪੈ ਗਿਆ ਸਤਿਗੁਰੂ ਜੀ ਸੰਗਤਾਂ ਨੂੰ ਤਾਰਨ ਵਾਸਤੇ ਅਗਲੇ ਪੜਾ ਦੀਆਂ ਔਸੀਆਂ ਪਾਂਦੀਆਂ ਸੰਗਤਾਂ ਦੇ ਹਿਰਦਿਆਂ ਨੂੰ ਠੰਡ ਬਖਸ਼ਨ ਹਿਤ ਮੋਟਰ ਕੋਲ ਜਾ ਖਲੋਤੇ। ਮੈਂ ਸੰਗਤਾਂ 'ਚੋਂ ਲੰਘਦਾ ਗੱਡੀ ਦੇ ਕੋਲ ਜਾ ਚਰਨਾਂ ਨਾਲ ਲਿਪਟਿਆ। ਮੇਰੇ ਕੇਸ ਵੱਧੇ ਹੋਏ ਸਨ। ਬੜੇ ਪ੍ਰਸੰਨ ਹੋਏ ਤੇ ਮੋਢਿਆਂ ਤੋਂ ਪਕੜ ਪੁਸ਼ਪ ਵਰਸ਼ਾ ਕਰਦਿਆਂ ਮੈਨੂੰ ਹਲੂਣਿਆ। ਆਤਮਾ ਗਧ ਗਧ ਹੋ ਉੱਠੀ। ਸਾਰੇ ਸਰੀਰ ਵਿਚ ਬਿਜਲੀ ਦੀ ਲਹਿਰ ਦੌੜ ਗਈ। ਪ੍ਰਸੰਨਤਾ ਦੀ ਝਰਨਾਟਾਂ ਛਿੜਨ ਲੱਗੀਆਂ ਪੁਲਕਾਵਲੀ ਆ ਗਈ। ਵਜਦ ਤਾਰੀ ਹੋ ਗਿਆ। ਸਰੀਰ ਹੋਲਾ ਫੂਲ ਜਾਪਣ ਲੱਗ ਪਿਆ, ਅੰਦਰ ਬਾਹਰ ਸਵਾਦ ਈ ਸਵਾਦ ਪਸਰ ਗਿਆ। ਰੋਮ ਰੋਮ ਵਿੱਚੋਂ ਧੁਨੀ ਨਿਕਲਣ ਲੱਗ ਪਈ। ਧੰਨ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ। ਕੰਨਾਂ ਵਿੱਚੋਂ ਕਿਸੇ ਕਵੀ ਦੇ ਸੁਗੰਧਿਤ ਫੁੱਲਾਂ ਦਾ ਗੁੰਧਿਆ ਹਾਰ ਜਿਸਦੇ ਉਪਮਾ ਦੇ ਸ਼ਬਦ ਸ਼ਹਿਦ ਦੇ ਫੁਹਾਰੇ ਸਨ, ਉਸਦਾ ਅਲਾਪ ਗੂੰਜਣ

ਲੱਗਾ:-

**ਪਹਿਲਾਂ ਰਾਮ ਹਰੀ ਪ੍ਰਤਾਪ**
**ਤੇ ਹੁਣ ਜਗਜੀਤ ਕਹਾਂਦੇ ਹੋ।**
**ਪਹਿਲਾਂ ਰਾਮ ਹਰੀ ਪ੍ਰਤਾਪ**
**ਤੇ ਹੁਣ ਜਗਜੀਤ ਕਹਾਂਦੇ ਹੋ।**
**ਪਹਿਲਾਂ ਰਾਮ ਹਰੀ ਪ੍ਰਤਾਪ**
**ਤੇ ਹੁਣ ਜਗਜੀਤ ਕਹਾਂਦੇ ਹੋ।**

ਤੇ ਇਸਦੇ ਨਲ ਸੱਤੇ ਬਲਵੰਤ ਵਾਲੀ ਤੁਕ ਸਾਮ੍ਹਣੇ ਆ ਖਲੋਤੀ ਜਿਹੜੀ ਗੁਰੂਆਂ ਦੀ ਲੜੀ ਨੂੰ ਜੋੜਦੀ ਏ, ਤੇ ਇੱਕੋ ਰੂਪ ਤੇ ਇੱਕੋ ਜੋਤੀ ਦਾ ਪ੍ਰਗਟਾਵਾ ਕਰਦੀ ਏ।

**ਧੰਨੁ ਸੋ ਤੇਰਾ ਥਾਨੁ ਹੈ ਸਚੁ ਤੇਰਾ ਪੈ ਸਕਾਰਿਆ**
**ਨਾਨਕੁ ਤੂ ਲਹਣਾ ਤੂ ਹੈ**
**ਗੁਰੁ ਅਮਰੂ ਤੂ ਵੀਚਾਰਿਆ।**
**ਗੁਰੁ ਡਿਠਾ ਤਾਂ ਮਨੁ ਸਾਧਾਰਿਆਂ।** (੯੬੮)

---

ਇਹ ਵਾਰਤਾ ਸੰਤ ਰਘਬੀਰ ਸਿੰਘ ਹਜ਼ੂਰੀ ਡਰਾਈਵਰ ਦੀ ਹੈ।

Sri Satguru Jagjit Singh Ji eLibrary NamdhariElibrary@gmail.com

## ਰਾਖਾ

ਸ਼ੁਕਰ! ਸ਼ੁਕਰ!! ਲੱਖ ਲੱਖ ਸ਼ੁਕਰ!!! ਜਿੰਨਾਂ ਗ਼ਰੀਬਾਂ ਦੇ ਪਰਦੇ ਕੱਜੇ। ਕੋਟ ਕੋਟ ਵੇਰ ਧੰਨਵਾਦ ਸਤਿਗੁਰੂ ਦਾ ਜਿੰਨਾਂ ਰੁੜਿਆ ਮਾਲ ਬਚਾਇਆ। ਦਾਤਰੀ ਦੇ ਤਾਂ ਇਕ ਪਾਸੇ ਦੰਦੇ ਹੁੰਦੇ ਹਨ, ਪਰ ਦੁਨੀਆਂ ਨੂੰ ਦੋਹਾਂ ਪਾਸੀਂ। ਲੋਕਾਂ ਵਿਚ ਕਥਾ ਟੁਰ ਪੈਂਦੀਆਂ ਹਨ। ਮੂਰਖ ਆਪਣਾ ਘਰ ਸਾਂਭ ਕੇ ਨਹੀਂ ਰੱਖਦੇ, ਚੋਰ ਦੂਜਿਆਂ ਨੂੰ ਦੱਸਦੇ ਹਨ। ਸਾਮ੍ਹਣੇ ਤਾਂ ਭਾਵੇਂ ਹਮਦਰਦੀ ਕਰਨ, ਪਰ ਕੰਡ ਪਿੱਛੇ, ਮੂਰਖ ਤੇ ਖੋਤਿਆਂ ਦੀ ਤੁਲਨਾ। ਕਿਸੇ ਐਵੇਂ ਨਹੀਂ ਕਿਹਾ, ਘਰੋਂ ਘਰ ਗੁਆਇਆ ਬਾਹਰੋਂ ਭੜੂਆ ਅਖਵਾਈਆ। ਪਰ ਸ੍ਰੀ ਭੈਣੀ ਸਾਹਿਬ ਵਾਲਾ ਸਤਿਗੁਰ ਬਲੀ ਸਿੱਧ ਹੋਇਆ। ਕੀੜੀ ਵਿੱਚੋਂ ਨਰਾਇਣ ਪ੍ਰਗਟਿਆ, ਨਹੀਂ ਤਾਂ ਗ਼ਰੀਬ ਦੀ ਕਿਸ ਬਾਂਹ ਫੜਨੀ ਸੀ। ਨੌਕਰ ਬਾਜਾਂ ਸੌ ਸੌ ਰਾਹ ਦੱਸਣੇ ਸਨ। ਪੱਲੇ ਕੌਡੀ ਨਹੀਂ ਸੀ ਪੈਣੀ। *ਸਰਪੰਚ ਸਾਹਿਬ ਕੋਟ ਕੋਟ ਧੰਨਵਾਦ ਅਕਾਲ ਪੁਰਖ ਸਤਿਗੁਰੂ ਜਗਜੀਤ ਸਿੰਘ ਜੀ ਦਾ ਜਿਨਾਂ ਰੁੜਦਾ ਬੰਨੇ ਲਾਇਆ।"

"ਕਿਹੜਾ ਸਤਿਗੁਰੂ ਬਿਹਾਰੇ ਲਾਲ?"

"ਸ੍ਰੀ ਭੈਣੀ ਸਾਹਿਬ ਵਾਲੇ, ਹੋਰ ਕਿਹੜਾ!"

"ਇਹ ਕਲਿਜੁਗ ਏ, ਮੰਨਿਆ ਨਹੀਂ ਜਾਂਦਾ।"

"ਸਰਦਾਰ ਸਾਹਿਬ! ਪ੍ਰਤੱਖ ਨੂੰ ਪ੍ਰਮਾਣ ਕੀ।"

"ਪਰ ਮਨ ਨਹੀਂ ਮੰਨਦਾ।"

"ਸ੍ਰੀਮਾਨ ਜੀ ਮੰਨੋ ਭਾਵੇਂ ਨਾ ਮੰਨੋ। ਹੈ ਸੋਲ੍ਹਾਂ ਆਨੇ ਸੱਚ। ਚੂਹੜਾ ਆਪ ਠਾਣੇ ਬਕਿਆ। ਜਿਸ ਕਿਹਾ ਮੇਰੇ ਸੌ ਜੁਤੀ ਮਾਰੋ ਤੇ ਇਕ ਗਿਣੋ, ਪਰ ਮੈਨੂੰ ਉਸ ਬਾਬੇ ਦੇ ਦਰਸ਼ਨ ਜ਼ਰੂਰ ਕਰਾਓ। ਜਿਸ ਨੇ ਦੋਜ਼ਖ 'ਚ ਸੜਨੋ ਬਚਾਇਆ।

'ਬਿਹਾਰੇ ਲਾਲ! ਇਹ ਤਾਂ ਕਮਾਲ ਦੀ ਗੱਲ ਏ। ਗ੍ਰੰਥ ਵਿਚ ਤਾਂ ਸਾਖੀਆਂ ਸੁਣੀਆਂ ਹਨ, ਪਰ ਇਸ ਸਮੇਂ ਯਕੀਨ ਨਹੀਂ ਬੱਝਦਾ। ਤੂੰ ਗੱਲ ਕਰ।'

'ਮੈਂ ਰੀਂਗਾ ਨਗਰ ਮਾਲ ਲੈਣ ਗਿਆ। ਪੁੱਛਦਿਆਂ ਪੜਤਾਲਦਿਆਂ ਦਿਲ ਡੁੱਬਣ ਤੇ ਆ ਗਿਆ। ਕੋਏ. 60,000/- ਦਾ ਮਾਲ ਪਾਇਆ। ਬੁਚਕਾ ਬੰਨਿਆ ਵਿਚ ਕੋਈ 20, 25 ਹਜ਼ਾਰ ਦੇ ਲੈਣੇ ਦੇ ਕਾਗ਼ਜ਼ ਸਨ, ਉਹ ਰੱਖੇ ਤੇ ਅਰਦਾਸ

---

*ਸ੍ਰ: ਮੁਹਿੰਦਰ ਸਿੰਘ, ਪੰਚਾਇਤ 23-L, ਰੀਂਗਾ ਨਗਰ।

Sri Satguru Jagjit Singh Ji eLibrary NamdhariElibrary@gmail.com

ਕੀਤੀ ਤੇ ਬੱਸ ਸਟੈਂਡ ਤੇ ਪੁੱਜਾ। ਬੱਸ ਤਿਆਰ ਖੜੀ ਸੀ ਝੱਟਾਂ ਪਟ ਮਾਲ ਬੱਸ ਵਿਚ ਰੱਖਿਆ ਤੇ ਕੰਡਕਟਰ ਪਾਸੋਂ ਟਿਕਟ ਮੰਗੀ। ਉਸ ਕਿਹਾ ਲਾਲ ਸਾਹਿਬ, ਸਾਮਾਨ ਛੱਤ ਪਰ ਰੱਖੋ। ਮੈਂ ਹੱਥ ਪੈਰ ਜੋੜੇ। ਦੂਣਾ ਕਰਾਇਆ ਵੀ ਆਖਿਆ, ਪਰ ਉਹਦੇ ਕੰਨ ਤੇ ਜੂੰ ਨਾ ਸਰਕੀ। ਮਜਬੂਰਨ ਮਾਲ ਛੱਤ ਤੇ ਰੱਖਿਆ। ਮਨੇਲੀ ਰਾਠਾਨ ਦਾ ਚਤਰੂ ਵੀ ਬੱਸ ਵਿਚ ਸੀ। (ਠੀਕ ਨਾਂਉਂ ਨਹੀਂ, ਪਰ ਹੈ ਮਨੇਲੀ ਦਾ ਚੋਰ।) ਬੱਸ ਚੱਲਣ ਤੋਂ ਪਹਿਲਾਂ ਮੁੜ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਯਾਦ ਕੀਤਾ ਹੇ ਮਹਾਰਾਜ ਇਹ ਮਾਲ ਤੇਰਾ ਈ ਏ ਤੂੰ ਆਪ ਈ ਰਾਖੀ ਕਰੀਂ। ਹੈ ਭੈਣੀ ਸਾਹਿਬ ਵਾਲਿਆ! ਤੇਰੀ ਬਖਸ਼ਸ਼ ਦੀ ਲੋੜ ਏ।

ਕੰਡਕਟਰ ਵਿਸਲ ਦਿੱਤੀ ਬੱਸ ਸਟਾਰਟ ਹੋਈ। ਗੱਡੀ ਚੱਲਕੇ ਮਨੇਲੀ ਪੁੱਜੀ। ਮਨੇਲੀ ਬਾਰੇ ਤੁਸਾਂ ਸੁਣਿਆ ਈ ਹੋਣਾ ਏ। ਬਹੁਤ ਚੋਰ ਧਾੜਵੀ। ਹਰਾਮੀ ਚੇਤੂ ਬੱਸ ਤੇ ਚੜ੍ਹ ਕੱਪੜੇ ਦੀ ਗੰਢ ਲਾਹ ਕੇ ਲੈ ਗਿਆ ਤੇ ਬੱਸ ਕਨਕਪੁਰ ਜਾ ਰੁੱਕੀ। ਸਵਾਰੀਆਂ ਉਤਰੀਆਂ ਤੇ ਅਪਣਾ ਅਪਣਾ ਰਾਹ ਫੜਿਆ, ਮੈਂ ਛੱਤ ਤੇ ਚੜਿਆ ਪਰ ਮਾਲ ਨਾ ਦਾਰਦ। ਹੱਥਾਂ ਦੇ ਤੋਤੇ ਉੱਡ ਗਏ। ਅੱਖਾਂ ਸਾਹਮਣੇ ਅਨ੍ਹੇਰਾ ਛਾ ਗਿਆ। ਦਿਲ ਧੜਕੂ ਧੜਕੂ ਵੱਜਣ ਲੱਗਾ, ਏਧਰ ਭੱਜ ਉਧਰ ਭੱਜ ਮਾਲ ਦਾ ਕੋਈ ਥੋਹ ਪਤਾ ਨਾ ਲੱਗਾ। ਪਿੰਡ ਦੇ ਦੀਵਾਨ ਚੰਦ ਪਾਸੋਂ ਸਾਈਕਲ ਫੜੀ ਤੇ ਪਿਛਲੇ ਪੜਾ ਤੇ ਪੁੱਜਾ। ਥਾਣੇ ਇਤਲਾ ਦਿੱਤੀ। ਪਹਿਲਾਂ ਤਾਂ ਥਾਣੇ ਵਾਲਿਆਂ ਟਰਕਾ ਦਿੱਤਾ, ਪਰ ਜਦ ਕੁੱਤਿਆਂ ਦੇ ਮੂੰਹ ਹੱਡੀ ਪਾਈ ਤਾਂ ਥਾਣੇਦਾਰ ਕੁੱਝ ਰੱਫ ਲਿਖ ਮੇਰੇ ਨਾਲ ਦੋ ਸਿਪਾਹੀ ਭੇਜੇ ਜਿਹੜੇ ਅੱਗੇ ਪਿੱਛੇ ਲੱਗੇ ਫਿਰਨ। ਅੰਨ੍ਹੇ ਕੁੱਤੇ ਹਰਨਾਂ ਦੇ ਸ਼ਿਕਾਰੀ। ਲੱਭਦਿਆਂ ਲੱਭਦਿਆਂ ਰਾਤ ਦੇ ਦੋ ਵਜ ਗਏ, ਆਖ਼ਰ ਉੱਥੇ ਪੁੱਜ ਗਏ, ਜਿੱਥੇ ਸੈਂਕੜੇ ਕੋਹਾਂ ਤੇ ਬੈਠਾ ਸੇਵਕਾਂ ਖ਼ਾਤਰ ਅਰਾਮ ਛੱਡ ਮੇਰੇ ਮਾਲ ਦੀ ਰਾਖੀ ਕਰ ਰਿਹਾ ਸੀ, ਉਹ ਸਾਦਗੀ ਦੀ ਮੂਰਤੀ, ਬਿਰਦ ਪਾਲਕ, ਗ਼ਰੀਬ ਰੱਛਕ ਅੜਿਆਂ ਥੁੜਿਆਂ ਦਾ ਸਹਾਰਾ, ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਚਵਾਂ ਪਾਸਿਆਂ ਤੋਂ ਘੇਰ ਚਤਰੂ ਨੂੰ ਬੰਨ ਰਖਿਆ ਸੀ।

ਕਈ ਰਾਗੀਆਂ ਪਾਸੋਂ ਸੁਣਿਆ ਸੀ:-

**ਅਪਨੇ ਸੇਵਕੁ ਕੀ ਆਪੇ ਰਾਖੈ, ਆਪੇ ਨਾਮੁ ਜਪਾਵੈ।**
**ਜਹ ਜਹ ਕਾਜੁ ਕਿਰਤੁ ਸੇਵਕ ਕੀ, ਤਹ ਤਹ ਉਠ ਧਾਵੈ।**
**ਸੇਵਕੁ ਕੋ ਨਿਕਟੀ ਹੋਇ ਦਿਖਾਵੈ, ਜੋ ਜੋ ਕਹੈ ਠਾਕੁਰ ਪੈ ਸੇਵਕ।**
**ਤੱਤ ਕਾਲ ਹੋਇ ਆਵੈ। ਤਿਸ ਕੀ ਸੋਇ ਸੁਣੀਐ ਮਨੁ ਹਰਿਆ।**

ਪਰ ਅੱਜ ਤਾਂ ਇਹ ਵਾਕ ਸਿੱਧ ਹੋ ਗਏ।। ਜਦ ਅਸੀਂ ਮਾਲ ਕੋਲ ਪੁੱਜੇ ਤਾਂ ਚੋਰ ਹਉਕੇ ਲੈ ਰਿਹਾ ਸੀ। ਬੁਚਕਾ ਸਾਮ੍ਹਣੇ ਇੱਕ ਟੋਏ ਵਿਚ ਪਿਆ ਸੀ। ਅਸੀਂ ਮਾਲ ਸੰਭਾਲਿਆ। ਚਤਰੂ ਨੂੰ ਸਿਪਾਹੀਆਂ ਦੋ-ਚਾਰ ਡੰਡੇ ਲਾਏ ਤੇ ਥਾਣੇ ਲੈ ਆਏ। ਚਤਰੂ ਨੇ ਥਾਣੇ ਵਿਚ ਸਾਰੀ ਕਹਾਣੀ ਸੁਣਾਈ। ਥਾਣੇਦਾਰ ਦੇ ਪੁੱਛਣ ਤੇ ਉਹ ਬੋਲਿਆ, 'ਜਨਾਬ! ਮੇਰਾ ਸਾਹ ਨਾਲ ਸਾਹ ਰਲ ਲੈਣ ਦਿਓ ਫਿਰ

Sri Satguru Jagjit Singh Ji eLibrary NamdhariElibrary@gmail.com

ਮੈਂ ਦੱਸਦਾ ਹਾਂ। ਅਜੇ ਮੈਂ ਦੱਸਾਂ ਕੀ? ਮੇਰੇ ਤੌਰ ਬੌਰੇ ਪਏ ਹਨ। ਮੇਰੇ ਦਿਮਾਗ਼ ਦੀਆਂ ਚੂਲਾਂ ਹਿੱਲੀਆਂ ਪਈਆਂ ਹਨ। ਕੁਝ ਸਾਹ ਥਿੜਕਦਾ ਥਿੜਕਦਾ ਬੋਲਿਆ। ਜਨਾਬ! ਮੈਂ ਬੱਸ ਤੋਂ ਮਾਲ ਲਾਹਿਆ ਤੇ ਖਿਸਕ ਟੁਰਿਆ। ਜਦ ਇਕ ਗਲੀ ਲੰਘੀ ਤਾਂ ਇਕ ਦਰਮਿਆਨੇ ਕੱਦ ਦਾ ਆਦਮੀ ਅੱਗੇ ਖੜਾ ਸੀ। ਉਸਦੇ ਚਿਹਰੇ ਦਾ ਜਲਾਲ ਝਲਿਆ ਨਹੀਂ ਸੀ ਜਾਂਦਾ। ਉਸ ਦੀਆਂ ਅੱਖਾਂ ਵਿੱਚੋਂ ਬਿਜਲੀ ਨਾਲੋਂ ਤੇਜ਼ ਲਾਟਾਂ ਨਿਕਲ ਰਹੀਆਂ ਸਨ, ਮੈਨੂੰ ਲਲਕਾਰਦਿਆਂ ਉਸ ਕਿਹਾ ਭਲਾ ਚਾਹੁੰਨਾ ਏ ਤਾਂ ਮਾਲ ਥਾਣੇ ਲੈ ਜਾ।' ਮੈਥੋਂ ਪੈਰ ਅਗ੍ਹਾਂ ਨਾ ਪੁੱਟਿਆ ਗਿਆ ਤੇ ਪਿਛਾਂ ਪਰਤ ਆਇਆ ਤੇ ਦੂਜੀ ਗਲੀ ਪੈ ਗਿਆ, ਪਰ ਜਦ ਥੋੜ੍ਹਾ ਈ ਅੱਗੇ ਗਿਆ ਸਾਂ ਕਿ ਉਹ ਤੇਜਸਵੀ ਫਿਰ ਆ ਟਕਰਿਆ ਤੇ ਮੈਨੂੰ ਥਾਣੇ ਮਾਲ ਪਹੁੰਚਾਣ ਵਾਸਤੇ ਕਿਹਾ। ਮੇਰੇ ਪੈਰ ਮਣ ਮਣ ਦੇ ਭਾਰੀ ਹੋ ਗਏ। ਲੱਤਾਂ ਫੁੱਲ ਕੇ ਕੁੱਪਾ ਹੋ ਗਈਆਂ ਤੇ ਪਰਤਿਆ। ਤੀਜੀ ਵੇਰ ਇੱਥੇ ਆ ਘੇਰਿਆ ਜਿੱਥੋਂ ਇਹ ਠਾਕੁਰ ਮੈਨੂੰ ਲੈ ਕੇ ਆਏ ਹਨ, ਹੁਣ ਉਸਦੇ ਨਾਲ ਦਸ-ਬਾਰ੍ਹਾਂ ਸੂਰਮੇ ਹੋਰ ਸਨ। ਉਸੇ ਰੰਗ ਦੇ ਬਸਤਰ, ਨੇਤਰ ਲਾਲ, ਹੱਥਾਂ ਵਿਚ ਮੁਤਹਿਰੇ; ਮੈਨੂੰ ਅਗ੍ਹਾਂ ਪੈਰ ਪੁੱਟਣ ਦਾ ਹੀਆ ਨਾ ਪਿਆ ਤੇ ਮਾਲ ਵਗਾਹ ਮਾਰਿਆ। ਜਿੰਨੀ ਦੇਰ ਇਹ ਲਾਲ ਤੇ ਠਾਕੁਰ ਉੱਥੇ ਪੁੱਜੇ ਨਹੀਂ, ਉਹ ਨਹੀਂ ਹਿਲਿਆ। ਕੀ ਦਸਾਂ ਉਹ ਕੋਈ ਅਰਸ਼ੀ ਫਰਿਸ਼ਤਾ ਸੀ? ਜਾਂ ਦੇਵਤਾ ਸੀ ਜਾਂ ਸਰਕਾਰੀ ਆਦਮੀ ਭੇਸ ਬਦਲ ਪਹਿਰਾ ਦੇ ਰਿਹਾ ਸੀ। ਹੁਣ ਵਖਾਈ ਨਹੀਂ ਦੇਂਦਾ ਉਸ ਮੇਰਾ ਪਿੱਛਾ ਨਹੀਂ ਛੱਡਿਆ, ਜਿੰਨਾਂ ਚਿਰ ਵਾਰਸ ਪੁੱਜ ਨਹੀਂ ਗਿਆ। ਹੁਣ ਰੱਬ ਦੇ ਵਾਸਤੇ ਮੈਨੂੰ ਮਾਫ਼ ਕਰ ਦਿਓ। ਮੇਰੀਆਂ ਉਸ ਬੜੀਆਂ ਨੱਕ ਨਾਲ ਲੀਕਾਂ ਕਢਵਾਈਆਂ। ਕੰਨਾਂ ਨੂੰ ਹੱਥ ਲਵਾਏ ਤੌਬਾ ਤੌਬਾ ਕਰਾਈ ਨਹੀਂ ਤਾਂ, ਉਸਦੇ ਸੇਵਕ ਮੈਨੂੰ ਜਾਨੋਂ ਮਾਰ ਦੇਣ ਲੱਗੇ ਸਨ। ਤੁਸੀਂ ਵੀ ਰਹਿਮ ਕਰੋ।'

ਥਾਣੇਦਾਰ ਮੁਕੱਦਮਾ ਕਰਨਾ ਚਾਹੁੰਦਾ ਸੀ। ਮੈਂ ਮੁਕੱਦਮੇਬਾਜ਼ੀ ਤੋਂ ਕਰਤਾਂਦਾ ਸਾਂ। ਕਿਉਂਕਿ ਸੁਣਿਆ ਹੋਇਆ ਸੀ ਕਿ ਜੇ ਗਊ ਦੇ ਬਦਲੇ ਬਿੱਲੀ ਲੈਣੀ ਹੋਵੇ ਤਾਂ ਕਚਹਿਰੀ ਚੜ੍ਹੋ ਤੇ ਖੱਜਲ ਖੁਆਰੀ ਵੱਖਰੀ। ਕੁਝ ਥਾਣੇ ਵਾਲਿਆਂ ਦੀ ਪੂਜਾ ਕੀਤੀ ਤੇ ਘਰ ਪੁੱਜਾ। ਇਹ ਘਟਨਾ 1972 ਵਿਚ ਵਾਪਰੀ।

ਅੱਗੋਂ ਪਰਿਵਾਰ ਮੈਨੂੰ ਵੇਖ ਕੇ ਖਿੜ ਪਿਆ। ਉਹ ਤਾਂ ਮਰੇ ਪਏ ਸਨ! ਘਰ ਵਾਲੀ ਪੁੱਛਿਆ, 'ਕਿੱਥੇ ਰਹੇ ਹੋ? ਉਡੀਕਾਂ ਕਰਦਿਆਂ ਅੱਖਾਂ ਪੱਕ ਗਈਆਂ ਹਨ, ਰਾਤ ਵੀ ਢੱਲ ਗਈ ਏ ਖਿਤੀਆਂ ਔਹ ਗਈਆਂ ਹਨ, ਸੋਚਾਂ ਦੇ ਵਹਿਣ ਵਿਚ ਰੁੜ੍ਹੇ ਜਾਂਦੇ ਸਾਂ, ਕਿ ਹੇ ਰਾਮ! ਹੇ ਸ੍ਰੀ ਭੈਣੀ ਸਾਹਿਬ ਵਾਲੇ ਸਤਿਗੁਰੂ ਤੂੰ ਈ ਸਾਡਾ ਸਹਾਰਾ ਏਂ, ਤੇਰੇ ਬਿਨਾਂ ਕੋਈ ਬੇਲੀ ਨਹੀਂ। ਪਰ ਮੈਂ ਇਤਨਾ ਕਹਿ ਸਕਿਆ, ਕਿ ਭਲੀਏ ਲੋਕਣੇ! ਜੇ ਸਤਿਗੁਰ ਬਾਂਹ ਨਾ ਫੜਦੇ ਤਾਂ ਕੱਖਾਂ ਤੋਂ ਹੌਲੇ ਪੈ ਜਾਣਾ ਸੀ। ਦਰ ਦਰ ਦੀਆਂ ਠੋਕਰਾਂ ਖਾਣੀਆਂ ਸਨ। ਲੋਕਾਂ ਦੀਆਂ ਗੱਲਾਂ ਵੱਖਰੀਆਂ। ਮੇਰੀ ਸਤਿਗੁਰਾਂ ਲਾਜ ਰੱਖੀ। ਕੁਝ ਪੁੱਛ ਨਾ! ਉਸਦੀ ਮਹਿਮਾ ਅਪਰ

Sri Satguru Jagjit Singh Ji eLibrary NamdhariElibrary@gmail.com

ਅਪਾਰ ਏ। ਉਸ ਦੀ ਲੀਲਾ ਵਰਨਣ ਨਹੀਂ ਹੋ ਸਕਦੀ, ਆ ਉਸ ਅੱਗੇ ਸਜਦੇ ਕਰੀਏ। ਬਾਣੀ ਵਿਚ ਇਸੇ ਸਤਿਗੁਰ ਦੇ ਗੁਣ ਗਾਏ ਹਨ।'

**ਜਾਮਿ ਗੁਰੂ ਹੋਇ ਵਲਿ, ਧਨਹਿ ਕਿਆ ਗਾਰਵੁ ਦਿਜਇ।**
**ਜਾਮਿ ਗੁਰੂ ਹੋਇ ਵਲਿ, ਲਖ ਬਾਹੇ ਕਿਆ ਕਿਜਾਇ।**
**ਜਾਮਿ ਗੁਰੂ ਹੋਇ ਵਲਿ, ਗਿਆਨ ਅਰੁ ਧਿਆਨ ਅਨਨ ਪਰ।**
**ਜਾਮਿ ਗੁਰੂ ਹੋਇ ਵਲਿ, ਸ਼ਬਦ ਸਾਖੀ ਸੁ ਸਚਹ ਘਰਿ।**
**ਜੋ ਗੁਰੂ ਗੁਰੂ ਅਹਿਨਿਸ ਜਪੈ, ਦਾਸ ਭਟ ਬੇਨਿਤ ਕਹੈ।**
**ਜੋ ਗੁਰੂ ਨਾਮ ਰਿਦ ਮਹਿ ਧਰੈ, ਸੋ ਜਨਮ ਮਰਣੁ ਦੁਹ ਥੇ ਰਹੈ।**
(੧੩੯੯)

---

ਬਿਹਾਰੇ ਲਾਲ (1940), ਪੁੱਤਰ ਸ੍ਰੀ ਸ਼ਾਮ ਦਾਸ, ਮਾਤਾ ਮਾਇਆ ਦੇਵੀ, ਪਿੰਡ 23 ਐਲ, ਜ਼ਿਲ੍ਹਾ ਗੰਗਾ ਨਗਰ। ਸਾਖੀ ਸੁਨਾਈ 13-10-84 ਇਹ ਘਟਨਾ 1972 ਵਿਚ ਘਟੀ।

Sri Satguru Jagjit Singh Ji eLibrary NamdhariElibrary@gmail.com

## ਰੱਖਾਂ ਗੁਰਾਂ ਦੀਆਂ

**ਵਾਹ, ਵਾਹ, ਵਾਹ, ਵਾਹ, ਵਾਹ**
**ਗੁਰੂ, ਗੁਰੂ, ਗੁਰੂ, ਗੁਰੂ, ਗੁਰੂ।**

'ਮਾਸਟਰ ਜੀ! ਸਤਿਗੁਰੂ ਦੀ ਉਪਮਾ ਬਿਆਨ ਤੋਂ ਬਾਹਰ ਹੈ। ਉਸ ਦੇ ਗੁਣ ਸੁਰਸਤੀ ਵੀ ਗਾਨ ਨਹੀਂ ਕਰ ਸਕਦੀ।' ਹਾਂ ਭਾਈ ਤੂੰ ਠੀਕ ਕਹਿੰਦਾ ਹੈਂ। ਬਾਣੀ ਦੇ ਬੋਹਿਥ ਗੁਰੂ ਅਰਜਨ ਦੇਵ ਸ੍ਰੀ ਸਤਿਗੁਰੂ ਬਾਰੇ ਇਉਂ ਵਿਚਾਰ ਪ੍ਰਗਟ ਕੀਤੇ ਹਨ:-

**ਸੋਇਨੇ ਕਾ ਬਿਰਖੁ ਪਤ ਪਰਵਾਲਾ ਫੂਲ ਜਵੇਹਰ ਲਾਲ।**
**ਤਿਤੁ ਫਲ ਰਤਨ ਲਗਹਿ ਮੁਖ ਭਾਖਤ ਹਿਰਦੈ ਰਿਦੈ ਨਿਹਾਲ।**
**ਨਾਨਕ ਕਰਮੁ ਹੋਵੈ ਮੁਖ ਮਸਤਕਿ ਲਿਖਿਆ ਹੋਵੈ ਲੇਖੁ**
**ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੇ ਸਦਾ ਵਸੇਖੁ।** (੧੪੭)

'ਲਓ ਸੁਣੋ! ਦੇਸ਼ ਦਾ ਵੰਡਾਰਾ ਹੋ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਸਿੱਖਾਂ ਨੂੰ ਬਲਦੀ ਅੱਗ 'ਚੋਂ ਬਾਹੋਂ ਫੜ ਫੜ ਕੱਢਿਆ ਉਨ੍ਹਾਂ ਦੀ ਸੰਭਾਲ ਵਾਸਤੇ ਆਪਣੇ ਦੋਹਾਂ ਸਾਹਿਬਜ਼ਾਦਿਆਂ, ਸਮੇਂ ਦੇ ਸਤਿਗੁਰ, ਸਤਿਗੁਰੂ ਜਗਜੀਤ ਸਿੰਘ ਤੇ ਮਹਾਰਾਜ ਬੀਰ ਸਿੰਘ ਪੀੜਤ ਸਿੱਖਾਂ ਦੇ ਜ਼ਖ਼ਮਾਂ ਤੇ ਮਰਹਮ ਪੱਟੀ ਲਾਣ ਵਾਸਤੇ ਦਿਨ ਰਾਤ ਇੱਕ ਕਰ ਦਿੱਤਾ।

ਮੈਂ ਉਹਨਾਂ ਦੀ ਕ੍ਰਿਪਾ ਨਾਲ ਚਕ ਦਬਾਣੀ ਤੋਂ ਸ੍ਰੀ ਭੈਣੀ ਸਾਹਿਬ ਤੇ ਸ੍ਰੀ ਭੈਣੀ ਸਾਹਿਬੋਂ, ਸ੍ਰੀ ਜੀਵਨ ਨਗਰ ਦੇ ਲਾਗੇ ਭੜੋਲਿਆਂ ਵਾਲੀ ਆ ਡੇਰਾ ਲਾਇਆ। ਜਿਸ ਵਸਤੂ ਦੀ ਲੋੜ ਪਵੇ ਸ੍ਰੀ ਜੀਵਨ ਨਗਰੋਂ ਜਾ ਕੇ ਲੈ ਆਉਣੀ। ਇਹ ਸਤਿਗੁਰ ਈ ਏ ਜਿਹੜਾ ਇਤਨੇ ਪੀੜਤਾਂ ਦੀ ਦੇਖਭਾਲ ਕਰ ਸਕਦਾ ਸੀ। ਇਥੇ ਥੋੜ੍ਹਾ ਬਹੁਤਾ ਕੰਮ ਕਰਦਾ ਤੇ ਪ੍ਰਸ਼ਾਦਾ ਛੱਕ ਛੱਡਦਾ ਜਿੰਨਾਂ ਕੁ ਹੁੰਦਾ ਭਜਨ ਬਾਣੀ ਵੀ। ਇੱਕ ਰਾਤ ਬ੍ਰਾਜਿਆ ਸਾਂ। ਕੀ ਵੇਖਿਆ ਇੱਕ ਲੰਮੀ ਸਾਰੀ ਸੁਰੰਗ ਹੈ। ਲੋਕੀਂ ਸੁਰੰਗ ਵਿੱਚੋਂ ਲੰਘਦੇ ਜਾ ਰਹੇ ਹਨ। ਮੈਂ ਵੀ ਲੰਘ ਰਿਹਾ ਸੀ। ਜਦ ਸੁਰੰਗ ਮੁੱਕਣ ਤੇ ਆਈ ਤਾਂ ਸਾਮ੍ਹਣੇ ਮੋਹਣੀ ਮੂਰਤ ਸਤਿਗੁਰੂ ਪ੍ਰਤਾਪ ਸਿੰਘ ਜੀ ਕੁਰਸੀ ਤੇ ਸ਼ਸ਼ੋਭਤ ਤੱਕੇ। ਦਰਸ਼ਨ ਕਰਦਿਆਂ ਮਨ ਗੱਦ ਗੱਦ ਹੋ ਉਠਿਆ, ਹੁਕਮ ਹੋਇਆ ਅੰਮ੍ਰਿਤ ਛੱਕ ਲੈ। ਸਤਿ ਬਚਨ ਕਹਿ ਬੈਠ ਗਿਆ ਇਤਨੇ ਨੂੰ ਇੱਕ ਸਿੰਘ

---

ਪ੍ਰੀਤਮ ਸਿੰਘ (ਸਾਵਣ 1926), ਪੁੱਤਰ ਸੰਤ ਬੂੜ ਸਿੰਘ, ਮਾਤਾ ਕਰਮ ਕੌਰ, ਪਿੰਡ ਚੱਕ ਦਬਾਣੀ ਜ਼ਿ: ਸਿਆਲਕੋਟ ਹਾਲ ਜੀ-6, ਬਾਲੀ ਨਗਰ, ਦਿੱਲੀ।

Sri Satguru Jagjit Singh Ji eLibrary NamdhariElibrary@gmail.com

ਬਾਟਾ ਲੈ ਕੇ ਆ ਗਿਆ। ਸਤਿਗੁਰਾਂ ਦੀ ਬਖਸ਼ਸ਼ ਨਾਲ ਉਹ ਅੰਮ੍ਰਿਤ ਜਿਸ ਬਾਰੇ ਗੁਰੂ ਅਮਰਦਾਸ ਜੀ ਇਉਂ ਕਥਨ ਕੀਤਾ ਹੈ:-

**ਸੁਰਿ ਨਰ ਮੁਨਿਜਨ ਅੰਮ੍ਰਿਤ, ਖੋਜਦੇ ਸੁ ਅੰਮ੍ਰਿਤ ਗੁਰ ਤੇ ਪਾਇਆ।**
**ਪਾਇਆ ਅੰਮ੍ਰਿਤ ਗੁਰਿ ਕਿਰਪਾ ਕੀਨੀ ਸੱਚਾ ਮਨਿ ਵਸਾਇਆ॥**

ਉਸ ਸਿੱਖ ਨੇ ਅੰਮ੍ਰਿਤ ਛਕਾਇਆ। ਉਸ ਅੰਮ੍ਰਿਤ ਵਿਚ ਤਿੰਨ ਅਦਿਭੁਤ ਕਿਸ਼ਮਸ਼ ਦੇ ਦਾਣੇ ਸਨ। ਅੰਮ੍ਰਿਤ ਛੱਕ ਲਿਆ, ਕਿਸ਼ਮਸ਼ ਖਾ ਲਈ। ਤਦ ਅੱਖ ਖੁੱਲ੍ਹ ਗਈ। ਸਰੀਰ ਹੌਲਾ ਫੁਲ। ਜੀਅ ਕਰੇ ਉਡਾਰੀਆਂ ਭਰਾਂ। ਰਾਤ ਦਾ ਸੁਪਨਾ ਪਿਤਾ ਜੀ ਨੂੰ ਸੁਣਾਇਆ। ਉਨ੍ਹਾਂ ਦਾ ਮੱਥਾ ਖਿੜ ਪਿਆ ਤੇ ਪੁੱਛਿਆ, 'ਕਾਕਾ ਕੁਝ ਸਮਝਿਆ ਈ? ਪਿਤਾ ਜੀ ਸਮਝਣ ਵਾਲੀ ਕਿਹੜੀ ਗੱਲ ਏ? ਸੁਪਨਾ ਆਇਆ, ਰਾਤ ਬੀਤ ਗਈ ਸੁਪਨਾ ਚਲਾ ਗਿਆ?' 'ਨਹੀਂ ਪੁੱਤ ਮਹਾਂ ਪੁਰਸ਼ਾਂ ਦੇ ਸੁਪਨੇ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੇ ਹਨ। ਇਹ ਤਿੰਨ ਕਿਸ਼ਮਸ਼ ਦੇ ਦਾਣੇ ਨਾ ਜਾਣੀ ਇਹ ਸੱਚੇ ਪਾਤਸ਼ਾਹ ਤਿੰਨ ਪੁੱਤਾਂ ਦੀ ਦਾਤ ਬਖਸ਼ੀ ਏ। ਲੈ ਪੁੱਤ ਮੇਰੀ ਗੱਲ ਚੇਤੇ ਰੱਖੀਂ।' ਮਾਸਟਰ ਜੀ! ਪਿਤਾ ਜੀ ਦੇ ਸ਼ਬਦ ਸਦਾ ਕੰਨਾਂ ਵਿਚ ਗੂੰਜਦੇ ਰਹੇ। ਸਮਾਂ ਪਾ ਕੇ ਹੀਰਿਆਂ ਵਰਗੇ ਤਿੰਨ ਪੁੱਤ ਹਨ। ਬਲਬੀਰ ਸਿੰਘ, ਦਲਜੀਤ ਸਿੰਘ ਤੇ ਮਨਜੀਤ ਸਿੰਘ। ਤਿੰਨੇ ਆਗਿਆਕਾਰੀ ਸਤਿਗੁਰ ਦੇ ਚਰਨਾਂ ਦਾ ਆਸਰਾ ਲੈਣ ਵਾਲੇ, ਆਏ ਸਿੱਖ ਦਾ ਆਦਰ ਸਤਿਕਾਰ ਕਰਦੇ ਹਨ।

ਭੜੋਲਿਆ ਵਾਲੀ ਤੋਂ ਰਾਣੀਆਂ ਤੇ ਰਾਣੀਆਂ ਤੋਂ ਦਿੱਲੀ ਆ ਗਿਆ। ਇੱਥੇ ਆਕੇ ਲੱਗਾ ਦਸਾਂ ਨਵਾਂ ਦੀ ਕਿਰਤ ਕਰਨ। ਦਿੱਲੀਓਂ ਬਬੀਨੇ, ਮੱਧ ਪ੍ਰਦੇਸ਼ ਚਲਾ ਗਿਆ। ਇੱਥੇ ਫ਼ੌਜੀਆਂ ਵਾਸਤੇ ਬੈਰਕਾਂ ਬਣ ਰਹੀਆਂ ਸਨ। ਉੱਥੇ ਫ਼ੌਜੀਆਂ ਨੂੰ ਟੈਂਕਾਂ ਦੀ ਟਰੇਨਿੰਗ ਦਿੱਤੀ ਜਾਂਦੀ ਏ। ਬਿਲਡਿੰਗਾਂ ਦਾ ਠੇਕਾ ਮਿਲ ਗਿਆ। ਲੱਛਮੀ ਦੀ ਲੱਗੀ ਵਰਖਾ ਹੋਣ। ਠੀਕ ਹੈ ਭਾਈ! ਸਤਿਗੁਰੂ ਅੜਿਆਂ ਥੁੜਿਆਂ ਦਾ ਸਹਾਰਾ ਹੁੰਦਾ ਹੈ।'

**ਬਹੁ ਗੁਣ ਮੇਰੇ ਸਾਹਿਬੋ ਭਾਈ, ਹਉ ਹਿਸਕੇ ਬਲਿ ਜਾਓ।**
**ਓਹ ਨਿਰ ਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੈ ਥਾਓ।** (੬੮੦)

ਬਬੀਨੇ ਦੀ ਸੁਰਤੀ ਸਤਿਗੁਰ ਦੇ ਚਰਨਾਂ ਨਾਲ ਜੁੜੀ ਰਹੀ। ਇਸ਼ਨਾਨ ਕਰਨਾ ਤੇ ਸਿਮਰਨ 'ਚ ਜੁੜਨਾਂ ਸੁਭਾ ਬਣ ਗਿਆ। ਨਿਤਨੇਮ ਕਰਕੇ ਕੰਮ ਤੇ ਜਾਂਦਾ। ਪਰ ਜਿਸ ਥਾਂ ਤੇ ਰਹਿੰਦਾ ਸਾਂ ਉੱਥੇ ਸਿਗਰਟਾਂ ਦੇ ਧੂਏਂ ਦੇ ਬੱਦਲ ਛਾਏ ਰਹਿੰਦੇ। ਆਲੇ ਦੁਆਲੇ ਬੀੜੀਆਂ ਈ ਬੀੜੀਆਂ। ਦੇਸ਼ ਦੀ ਬਦ ਕਿਸਮਤੀ ਏ, ਕਈ ਲੋਕ ਤੰਮਾਕੂ ਪੀਣ ਨੂੰ ਧਰਮ ਤੇ ਸ਼ਾਨ ਸਮਝਣ ਲੱਗ ਪਏ ਹਨ, ਹਾਲਾਂ ਇਸ ਦੀ ਨਿੰਦਿਆ ਸ਼ਾਸ਼ਤਰਾਂ ਵਿਚ ਵੀ ਹੈ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਰੀਕਾਰਡ ਕੀਤੇ ਉਪਦੇਸ਼ਾਂ 'ਚ ਜ਼ਿਕਰ ਹੈ ਕਿ ਧੂਮਰ-ਪਾਨ ਕਰਨ ਵਾਲੇ ਬ੍ਰਾਹਮਣ ਨਗਰ ਦੇ ਸੂਰ ਦੀ ਜੂਨ ਪੈਂਦਾ ਹੈ। ਪਰ ਹਿੰਦੂ ਭਰਾਵਾਂ ਤਾਂ ਇਸ ਨੂੰ ਵਰਤਣਾਂ, ਜਾਇਜ਼ ਮੰਨ ਲਿਆ ਹੈ। ਚਲੋ ਉਹ ਆਪਣਾ ਕੀਤਾ ਆਪੇ ਪਾਣਗੇ।'

ਮੈਂ ਸਿਗਰਟਾਂ ਦੇ ਧੂਏਂ ਤੋਂ ਬੱਚਣ ਹਿਤ ਬਾਹਰ ਜੰਗਲ ਵਿਚ ਇੱਕ ਕਮਰੇ ਵਿਚ ਜਾ ਡੇਰਾ ਲਾਇਆ। ਮੂਸਾ ਨੱਠਾ ਮੌਤ ਤੋਂ ਮੌਤ ਅੱਗੇ ਖੜੀ। ਜਿਹੜੇ ਮਕਾਨ ਵਿਚ ਡੇਰਾ ਲਾਇਆ, ਉੱਥੇ ਬਾਹਰਲੀਆਂ ਰੂਹਾਂ ਦਾ ਵਾਸਾ ਸੀ। ਪਹਿਲੀ ਰਾਤੇ ਹੀ ਜਦ ਕੀਰਤਨ ਸੋਹਿਲੇ ਦਾ ਪਾਠ ਕਰ ਬ੍ਰਾਜਣ ਲੱਗਾ ਤਾਂ ਕਮਰੇ ਦਾ ਦਰਵਾਜ਼ਾ ਖੜਕਿਆ। ਕੰਧਾਂ ਵੀ ਹਿੱਲੀਆਂ ਕੀ ਵੇਖਿਆ ਕਿ ਮੋਮਬੱਤੀ ਦੀ ਨਿੰਮੀ ਜੇਹੀ ਰੋਸ਼ਨੀ ਵਿਚ ਮੇਜ਼ ਤੇ ਇੱਕ ਸਿਰ ਪਿਆ ਏ। ਇਹ ਵੇਖ ਕੇ ਮੇਰੀਆਂ ਚੀਕਾਂ ਨਿਕਲਣ ਲੱਗੀਆਂ ਪਰ ਹੱਥ ਮਾਲਾ ਤੇ ਜਾ ਪਿਆ ਲੱਗਾ ਸਿਮਰਨ ਕਰਨ। ਇਤਨੇ ਨੂੰ ਉਹ ਮੋਟਾ ਤੇ ਲਾਲ ਸਿਰ ਮੇਜ਼ ਤੇ ਉਠ ਕੇ ਬਹਿ ਗਿਆ ਤੇ ਬੋਲਿਆ, 'ਸਿੱਖਾ! ਤੂੰ ਸਤਿਗੁਰੂ ਪ੍ਰਤਾਪ ਸਿੰਘ ਦਾ ਸਿੱਖ ਏਂ, ਨਹੀਂ ਤਾਂ ਤੇਰਾ ਹੁਣੇ ਕਚੂਮਰ ਕੱਢ ਦੇਂਦਾ। ਪਰ ਉਸਦੀ ਹਿੰਮਤ ਮੇਰੇ ਤਕ ਆਉਣ ਦੀ ਨਾ ਪਈ। ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦਾ ਧਿਆਨ ਧਰ ਮਾਲਾ ਫੇਰਦਾ ਗਿਆ। ਜਦ ਉਸ ਜਿੰਨ ਵੇਖਿਆ ਕਿ ਇਹ ਸਿੱਖ ਕਾਇਮ ਰਖਿਆ ਏ, ਉਹ ਉੱਠਿਆ ਤੇ ਬਿਨਾਂ ਕੁਝ ਹੋਰ ਕਹੇ ਸੁਣੇ ਕਮਰੇ 'ਚੋਂ ਬਾਹਰ ਚਲਾ ਗਿਆ। ਉਸ ਰਾਤ ਮੈਂ ਅੱਖਾਂ ਵਿਚ ਰਾਤ ਕੱਟੀ। ਦਿਨ ਚੜ੍ਹਿਆ ਤਾਂ ਆਪਣੇ ਕੰਮ ਤੇ ਗਿਆ ਅਗਲੀ ਰਾਤ ਲੰਘੀ। ਬਿਲਕੁਲ ਆਰਾਮ ਨਾਲ ਮਨ ਤਗੜਾ ਹੋ ਗਿਆ ਕਿ ਚੌ-ਗਿਰਦ ਹਮਾਰੇ ਰਾਮੁ ਕਾਰੁ।' 'ਭਾਈ ਸਰਦਾਰਾ! ਤੂੰ ਬਿਲਕੁਲ ਠੀਕ ਕੀਤਾ, ਜਿਹੜੇ ਪੁਰਸ਼ ਸਤਿਗੁਰੂ ਦਾ ਆਸਰਾ ਲੈਂਦੇ ਹਨ, ਉਨ੍ਹਾਂ ਨੂੰ ਤੱਤੀ ਵਾ ਵੀ ਨਹੀਂ ਲੱਗਦੀ ਬਾਣੀ ਵੀ ਇਸ ਦੀ ਸ਼ਹਾਦਤ ਭਰਦੀ ਏ:-

**ਪਾਰ ਬ੍ਰਹਮ ਜਪਿ ਪਹਿਰ ਸਨਾਹ**
**ਕੋਟਿ ਆਵਧ ਤਿਸੁ ਬੇਧਤ ਨਾਹਿ** (੭੪੨)

ਸਤਿਗੁਰੂ ਸੱਚੇ ਪਾਤਸ਼ਾਹ ਮੇਰੀ ਲਾਜ ਪੱਤ ਰੱਖੀ। ਬਬੀਨੇ ਦਾ ਮਾਰੂ ਜਿੰਨ ਦੰਦੀਆਂ ਕਰੀਚਦਾ ਪਤਾ ਨਹੀਂ ਕਿਹੜੀ ਵਲੈਤ ਤੁਰ ਗਿਆ। ਮੈਂ ਜਿੰਨਾਂ ਚਿਰ ਬਬੀਨੇ ਰਿਹਾ ਉਸ ਕਮਰੇ ਵਿਚ ਠਾਠ ਨਾਲ। ਸਤਿਗੁਰ ਦੇ ਚਰਨਾਂ ਵੱਲ ਧਿਆਨ ਧਰ। ਮੱਧ ਪ੍ਰਦੇਸ਼ ਕਾਲੇ ਕਲੂਟੇ ਵਾਸੀ ਹੈਰਾਨ ਪ੍ਰੇਸ਼ਾਨ ਸਨ। ਉਹ ਕਹਿਣ ਕਿ ਇਸ ਕਮਰੇ 'ਚ ਕੋਈ ਇੱਕ ਰਾਤ ਨਹੀਂ ਸੀ ਕਟ ਸਕਿਆ, ਇਸ ਸਿੱਖ ਦੇ ਜਿੰਨ ਭੂਤ ਦਾ ਵੀ ਅਸਰ ਨਹੀਂ ਹੋਇਆ ਦੋ ਸਾਲ ਇੱਥੇ ਕੰਮ ਕੀਤਾ ਪਰ ਕੀਤਾ ਗੁਰੂ ਦੀ ਕਿਰਪਾ ਨਾਲ ਚੰਗੇ ਪੈਸੇ ਕਮਾਏ, 'ਵਾਹ ਸਰਦਾਰਾ! ਤੇਰੇ ਸਿਦਕ ਤੋਂ ਕੁਰਬਾਨ, ਤੇਰੇ ਭਰੋਸੇ ਤੋਂ ਕੁਰਬਾਨ।

'ਮਾਸਟਰ ਜੀ! ਕੰਨ ਲਾ ਕੇ ਸੁਣੋ। ਅਗਲੀ ਵਾਰਤਾ ਇਸ ਨਾਲੋਂ ਵੀ ਦਿਲਚਸਪ ਏ। ਸਤਿਗੁਰੂ ਦੀ ਕਿਰਪਾ ਨਾਲ ਬਾਲੀ ਨਗਰ 6-ਜੀ, ਵਿਚ ਕੁਟੀਆ ਪਾ ਲਈ। ਮੈਂ ਇਸਨੂੰ ਆਪਣਾ ਘਰ ਨਹੀਂ ਸਮਝਦਾ ਇਸ ਦੇ ਮਾਲਿਕ ਸਤਿਗੁਰੂ ਜਗਜੀਤ ਸਿੰਘ ਜੀ ਹਨ। ਇੱਥੇ ਸਾਧਾਂ ਦੇ ਆਸਣ ਖੁਲਦੇ ਹਨ। ਬੱਚੇ ਜਵਾਨ ਹੋ ਗਏ ਹੁਣ ਅਸੀਂ ਮਨਜੀਤ ਪਲਾਸਟਕ ਵਰਕਸ ਵਿਚ ਕੰਮ ਸ਼ੁਰੂ ਕੀਤਾ। ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਕੰਮ ਚੰਗਾ ਰਿੜ ਪਿਆ। ਦਿਨਾਂ ਵਿਚ ਲੱਖਾਂ ਵਿਚ ਖੇਡਣ ਲੱਗੇ।

Sri Satguru Jagjit Singh Ji eLibrary NamdhariElibrary@gmail.com

ਪਰ ਇਕ ਘਟਨਾ ਨੇ ਤਾਰੇ ਵਿਖਾ ਦਿੱਤੇ। ਮਗਰ ਉਹ ਹਰ ਸਮੇਂ ਸਹਾਇਤਾ ਕਰਦਾ ਹੈ। ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ:-

**ਜਿਉਂ ਜਨਨੀ ਸੁਤ ਪਾਲਤੀ ਰਾਖੈ ਨਦਰਿ ਮਝਾਰਿ।**
**ਅੰਤਰਿ ਬਾਹਰਿ ਮੁਖਿ ਦੇ ਗਰਾਸੁ ਖਿਨ ਖਿਨ ਪੋਚਾਰਿ।**
**ਤਿਉਂ ਸਤਿਗੁਰ ਗੁਰ ਸਿਖਿ ਰਾਖਤਾ ਹਰਿ ਪ੍ਰੀਤਿ ਪਿਆਰ।** (੧੬੮)

ਇੱਥੇ ਇੱਕ ਯਤੀਮ ਬੱਚਾ, ਬਚਨਾਂ ਮਿਲ ਗਿਆ, ਉਸ ਨੂੰ ਪਾਲਿਆ ਪੋਸਿਆ। ਕੰਮ ਸਿਖਾਇਆ। ਤਗੜਾ ਹੋਇਆ ਕਾਰਖਾਨੇ ਵਿਚ ਕੰਮ ਤੇ ਲਾਇਆ। ਇੱਥੇ ਸੌ ਕੁ ਮਜ਼ੂਰ ਕੰਮ ਕਰਦੇ ਹਨ। ਪਰ ਕਲਿਜੁਗ ਦਾ ਕੰਮ ਏ ਭਲੇ ਦਾ ਬੁਰਾ, ਯਾਰਮਾਰੀ, ਅਹਿਸਾਨ ਫਰਾਮੋਸ਼ੀ। ਪਰ ਭਲੇ ਪੁਰਸ਼ ਆਪਣਾ ਧਰਮ ਨਹੀਂ ਛੱਡਦੇ। ਬਚਨੇ ਨੇ ਬਜਾਏ ਸਾਡਾ ਪੱਖ ਪੂਰਨ ਦੇ ਮਜ਼ੂਰਾਂ ਨਾਲ ਜਾ ਰਲਿਆ। ਉਨ੍ਹਾਂ ਦਾ ਲੀਡਰ ਬਣ ਯੂਨੀਅਨ ਕਾਇਮ ਕਰ ਲਈ ਤੇ ਆਏ ਦਿਨ ਹੜਤਾਲਾਂ ਕਰਾਨ ਲੱਗਾ। ਤਨਖ਼ਾਹਾਂ ਵਧਾਓ, ਉਜਰਤਾਂ ਵਿਚ ਵਾਧਾ ਕਰੋ ਇਹੋ ਰੱਟ। ਅਸੀਂ ਬਚਨੇ ਦੇ ਵਤੀਰੇ ਤੋਂ ਬੜੇ ਦੁੱਖੀ ਹੋਏ, ਬਥੇਰਾ ਸਮਝਾਇਆ, ਕਾਕਾ! ਵੇਖ ਤੈਨੂੰ ਪੁੱਤਾਂ ਵਾਂਗੂੰ ਪਾਲਿਆ ਦੁੱਧ ਨਾਲ ਦੁੱਧ ਪਰੌਂਠੇ ਨਾਲ ਪਰੌਂਠਾ, ਪਰ ਉਹ ਮੂੰਹ ਵਿੱਚ ਘੁੰਗਣੀਆਂ ਪਾ ਛੱਡੇ ਕੁਛ ਨ ਬਿਰਕੇ। ਸਗੋਂ ਉਸ ਦੀ ਚੜ ਮੱਚੀ, ਉਸਨੇ ਸਮਝਿਆ ਮੈਂ ਰਾਣੀ ਖਾਂ ਦਾ ਸਾਲਾ ਬਣ ਗਿਆ ਹਾਂ। ਹੁਣ ਅਸੀਂ ਵੀ ਕਾਰਖਾਨੇਦਾਰਾਂ ਵਾਲਾ ਰਾਹ ਫੜਿਆ। ਕੁਝ ਬੰਦੇ ਰੱਖ ਲਏ।

ਇੱਕ ਦਿਨ ਬਚਨੇ ਦੀ ਅਗਵਾਈ ਵਿਚ ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ ਤੇ ਲੱਗੇ ਰੌਲਾ ਪਾਨ। ਇਉਂ ਮਲੂਮ ਹੋਵੇ ਜਿਵੇਂ ਜਰਮਨ ਤੇ ਇਤਹਾਦੀਆਂ ਵਿਚਾਲੇ ਜੰਗ ਹੋ ਰਹੀ ਹੈ। ਇਤਨੇ ਨੂੰ ਹਰਦੇਵ ਸਿੰਘ ਰਾਖ ਅੱਗੇ ਵੱਧਿਆ। ਬਚਨੇ ਨੂੰ ਬੋਦਿਆਂ ਤੋਂ ਜਾ ਫੜਿਆ ਤੇ ਧਰੂ ਕੇ ਕਾਰਖਾਨੇ ਅੰਦਰ ਲੈ ਗਿਆ ਤੇ ਚੰਗਾ ਚਾਟਾ ਛਕਾਇਆ। ਕਿਸੇ ਨੇ ਪੁਲਿਸ ਨੂੰ ਫੂਨ ਕਰ ਦਿੱਤਾ। ਅੰਨ੍ਹੇ ਨੂੰ ਕੀ ਚਾਹੀਦਾ ਏ, ਦੋ ਅੱਖਾਂ। ਪੁਲਿਸ ਵਾਲੇ ਅੱਗੇ ਈ ਇਹ ਲੋਚਦੇ ਹਨ। ਪੁਲਿਸ ਆ ਘੇਰਾ ਪਾਇਆ ਤੇ ਹਰਦੇਵ ਸਿੰਘ ਨੂੰ ਗੱਡੀ ਵਿਚ ਬਿਠਾ ਥਾਣੇ ਲਜਾ ਕੇ ਡੱਕ ਦਿੱਤਾ। ਅਸੀਂ ਬਥੇਰੇ ਤਰਲੇ ਮਾਰੇ ਪਰ ਥਾਣੇਦਾਰ ਦੇ ਕੰਨਾਂ ਤੇ ਜੂੰ ਨਾ ਸਰਕੀ। ਹਰਦੇਵ ਸਿੰਘ ਰਾਤ ਥਾਣੇ ਕੱਟੀ ਤੇ ਸਵੇਰੇ ਅਸੀਂ ਵੀ ਥਾਣੇ ਪੁੱਜੇ। ਪੁਲਿਸ ਵੈਨ ਤਿਆਰ ਖੜੀ ਸੀ। ਹੱਥਕੜੀਆਂ ਖੜਕ ਪਈਆਂ। ਉਨ੍ਹਾਂ ਸਾਡੇ ਹੱਥਾਂ ਵਲ ਵਧਾਈਆਂ। ਮੈਂ ਕਿਹਾ ਪੰਡਿਤ ਜੀ ਇਹ ਕੀ? ਉਸ ਕਿਹਾ ਪ੍ਰੀਤਮ ਸਿੰਘਾਂ ਤੂੰ ਵੀ ਮੁਜਰਮ ਏ, ਕੇਸ 506, 342 ਦਫ਼ਾ ਹੇਠਾਂ ਆਉਂਦਾ ਤੈਨੂੰ ਵੀ ਹੱਥਕੜੀ ਲੱਗੇਗੀ। ਇਹ ਸੁਣਦਿਆਂ ਮੈਨੂੰ ਇਉਂ ਭਾਸਿਆ ਜਿਵੇਂ ਮੇਰੇ ਤੇ ਆਕਾਸ਼ ਡਿੱਗਣ ਲੱਗਾ ਏਂ, ਧਰਤੀ ਪਾਟਣ ਲੱਗੀ ਏ, ਮੈਂ ਡੋਰਿਆ ਬੋਰਿਆ ਗਿਆ। ਮੈਂ ਸੋਚਾਂ ਲੋਕ ਕੀ ਕਹਿਣਗੇ, ਇਹ ਸਿੱਧੀਆਂ ਪੱਗਾਂ ਵਾਲੇ, ਇਹ ਗਲੀਂ ਮਾਲਾ, ਨਿਰੇ ਬਨਾਰਸੀ ਠੱਗ। ਬਥੇਰੀ ਇਧਰ ਉਧਰ ਨਜ਼ਰ ਦੌੜਾਈ ਪਰ ਕੋਈ ਯਾਰ ਬੇਲੀ ਨਜ਼ਰੀਂ ਨਾ ਆਇਆ। ਪੰਡਿਤ ਵਰਗੇ ਇਕੱਠੇ ਖਾਣ ਪੀਣ ਵਾਲੇ ਅੱਖਾਂ ਬਦਲ ਗਏ ਹੋਰ ਕਿਸੇ ਕੀ ਕਹਿਣਾ ਸੀ।

ਹਾਰ ਟੁੱਟ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵੱਲ ਧਿਆਨ ਗਿਆ। ਮੇਰੀ ਪੁਕਾਰ ਸੁਣੀ ਗਈ, ਜਿਵੇਂ ਕੌਰਵਾਂ ਦੀ ਕਚਹਿਰੀ ਵਿਚ ਬਿਹਬਲ ਦਰੋਪਤੀ ਦੀ, ਜਿਵੇਂ ਸਾਗਰ ਵਿਚ ਡੁੱਬਦੇ ਗੱਜ ਹਾਥੀ ਦੀ; ਜਿਵੇਂ ਪੂੰਨੇ ਸਤਾਰੇ 'ਚ ਹੱਥਕੜੀਆਂ, ਬੇੜੀਆਂ ਵਿਚ ਜਕੜੇ ਰੁਸਤਮ ਰਾਉ ਤੇ ਬਾਲਾ ਰਾਉ ਦੀ ਪ੍ਰੀਤਮ ਸਿੰਘਾਂ! ਫੇਰ ਵੀ ਭਲਾ ਹੋਇਆ ਔਖੇ ਵੇਲੇ ਤੇਰਾ ਧਿਆਨ ਸ੍ਰੀ ਭੈਣੀ ਸਾਹਿਬ ਦੇ ਪਾਤਸ਼ਾਹ ਦੇ ਚਰਨਾਂ ਨਾਲ ਜੁੜਿਆ। ਉਹ ਵੀ ਭਾਗਾਂ ਵਾਲੇ ਹਨ, ਜਿੰਨਾਂ ਨੂੰ ਔਖੇ ਵੇਲੇ ਸਤਿਗੁਰੂ ਚੇਤੇ ਆਉਂਦਾ ਹੈ। ਬਾਣੀ ਕਹਿੰਦੀ ਏ:-

**ਜਿਸੁ ਤੂੰ ਆਵਹਿ ਚਿਤਿ ਤਿਸੁ ਨੋ ਸਦਾ ਸੁਖ।**
**ਜਿਸੁ ਤੂੰ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ।**
**ਜਿਸੁ ਤੂੰ ਆਵਹਿ ਚਿਤਿ ਤਿਸੁ ਕਿ ਕਾੜਿਆ।**
**ਜਿਸੁ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ।**
**ਜਿਸੁ ਤੂੰ ਆਵਹਿ ਚਿਤਿ ਸੋ ਪਰਵਾਣ ਜਨ।**
**ਜਿਸੁ ਤੂੰ ਆਵਹਿ ਚਿਤਿ ਬਹੁਤਾ ਤਿਸੁ ਧਨ।**
**ਜਿਸੁ ਤੂੰ ਆਵਹਿ ਚਿਤਿ ਸੋ ਵਡ ਪਰਵਾਰਿਆ।**
**ਜਿਸੁ ਤੂੰ ਆਵਹਿ ਚਿਤਿ ਤਿਨਿ ਕੁਲ ਊਧਾਰਿਆ।**

ਤੂੰ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੁੰਦਾ ਏ? ਵੇਖ ਉੱਥੇ ਵੀ ਇਸੇ ਮਸਲੇ ਦਾ ਹਲ ਏ:-

**ਜਹ ਮੁਸ਼ਕਲ ਹੋਵੈ ਅਤਿ ਭਾਰੀ।**
**ਹਰਿ ਕੋ ਨਾਮ ਖਿਨ ਮਾਹਿ ਉਧਾਰੀ।**
**ਲਾਖ ਕਰੋੜੀ ਬੰਧਨ ਪਰੈ।**
**ਹਰਿ ਕਾ ਨਾਮੁ ਜਪਤ ਨਿਸਤਰੈ।**

ਮਾਸਟਰ ਜੀ! ਅਸੀਂ ਪੁਲਿਸ ਗੱਡੀ ਵਿਚ ਬਹਿ ਗਏ। ਅੱਗੇ ਪਿੱਛੇ ਸਿਪਾਹੀ। ਹੱਥਕੜੀਆਂ ਛਨ ਛਨ ਕਰਨ। ਸਾਡੇ ਦਿਲ ਨੂੰ ਹੌਲ ਪਵੇ। ਥਾਣੇਦਾਰ ਕਿਹਾ ਚਲੋ ਹੱਥਕੜੀਆਂ ਕਚਹਿਰੀ ਵੜਦਿਆਂ ਲਾ ਲਵਾਂਗੇ। ਗੱਡੀ ਚੱਲ ਪਈ। ਕਚਹਿਰੀ ਪਾਰਲੀਮੈਂਟ ਸਟਰੀਟ ਵਿਚ ਸੀ। ਜਿੱਥੇ ਸ੍ਰੀ ਬਾਲ ਕਿਸ਼ਨ ਮੈਜਿਸਟਰੇਟ ਸੀ। ਉਸਦੇ ਸਾਮ੍ਹਣੇ ਸਾਡੀ ਪੇਸ਼ੀ ਸੀ। ਗੱਡੀ ਕਚਹਿਰੀ ਦੇ ਦਰਵਾਜ਼ੇ ਸਾਮ੍ਹਣੇ ਜਾ ਖਲੋਤੀ, ਅਸੀਂ ਛਪਾ ਛਪ ਉਤਰੇ ਤੇ ਕਚਹਿਰੀ ਦੇ ਲਾਗੇ ਦੇ ਕਮਰੇ ਵਿਚ ਦਰਵਾਜ਼ੇ ਪਿੱਛੇ ਜਾ ਬੈਠੇ। ਅਵਾਜ਼ ਪਈ, ਪ੍ਰੀਤਮ ਸਿੰਘ, ਹਰਦੇਵ ਸਿੰਘ ਹਾਜ਼ਰ। ਅਸੀਂ ਉੱਠੇ। ਥਾਣੇਦਾਰ ਨੇ ਹੱਥਕੜੀ ਖੋਲੀ ਹੋਈ ਸੀ। ਮੈਂ ਆਪਣੀ ਘੜੀ ਬਲਵੀਰ ਸਿੰਘ ਨੂੰ ਫੜਾ ਦਿੱਤੀ। ਪਰ ਸਾਡੀ ਅਰਦਾਸ ਚੀਫ ਜਸਟਿਸ ਕੋਲ ਸ੍ਰੀ ਭੈਣੀ ਸਾਹਿਬ ਪੁੱਜ ਚੁੱਕੀ ਸੀ ਤੇ ਪ੍ਰਵਾਨ ਵੀ ਹੋ ਗਈ ਸੀ। ਜਮਾਨਤ ਦੇ ਆਰਡਰ ਆ ਚੁੱਕੇ ਸਨ। ਥਾਣੇਦਾਰ ਹਰਦੇਵ ਸਿੰਘ ਤੇ ਮੇਰੇ ਹੱਥਾਂ ਤੇ ਹੱਥਕੜੀਆਂ ਰੱਖ ਕੇ ਚਾਬੀ ਲਾਣ ਈ ਲੱਗਾ ਸੀ, ਕਿ ਮੈਜਿਸਟਰੇਟ ਦੇ ਕਮਰੇ ਵਿੱਚੋਂ ਇੱਕ ਰੰਜਾ ਆਦਮੀ, ਖ਼ਾਕੀ ਕੁੜਤਾ ਖ਼ਾਕੀ ਕਮੀਜ਼ ਪਾਈ ਨਾ ਜਾਣੂ ਨਾ ਪਛਾਣੂ ਨਿਕਲਿਆ ਤੇ ਅੱਖ ਦੇ

ਪਲਕਾਰੇ ਵਿਚ ਆ ਹੱਥਕੜੀਆਂ ਨੂੰ ਹੱਥ ਪਾਇਆ ਤੇ ਥਾਣੇਦਾਰ ਦੇ ਹੱਥੋਂ ਖੋਹ ਪਰਾਂ ਵਗਾ ਮਾਰੀਆਂ ਤੇ ਆਖਿਆ ਓਏ ਬਾਮ੍ਹਣਾ ਤੈਨੂੰ ਸ਼ਰਮ ਨਹੀਂ ਆਉਂਦੀ ਇਨ੍ਹਾਂ ਸੰਤਾਂ ਨੂੰ ਹੱਥਕੜੀਆਂ ਲਾਣ ਲੱਗਾ ਏਂ। ਇਹ ਨਾਮਧਾਰੀਏ ਨਾਮ ਜਪਦੇ, ਬਾਣੀ ਪੜ੍ਹਦੇ, ਮਾਸ ਨਾ ਸ਼ਰਾਬ। ਕੀੜੀ ਤੱਕ ਨਹੀਂ ਮਾਰਦੇ। ਇਨ੍ਹਾਂ ਕਿਸੇ ਨੂੰ ਕੀ ਮਾਰਨਾ ਏ। ਮਾਲਕ ਮਜ਼ੂਰ ਦਾ ਵੀ ਕਦੇ ਝਗੜਾ ਹੁੰਦਾ ਏ; ਇਨ੍ਹਾਂ ਦਾ ਰਿਸ਼ਤਾ ਪਿਉ ਪੁੱਤ ਵਾਲਾ ਹੁੰਦਾ ਏ।' ਅਸੀਂ ਮੈਜਿਸਟਰੇਟ ਦੇ ਸਾਮ੍ਹਣੇ ਪੇਸ਼ ਹੋਏ। ਇਹ ਨਕਸ਼ਾ ਵੇਖ ਸਾਡੇ ਵਕੀਲ ਦਿਗਪਾਲ ਸ਼ਰਮਾ ਤੇ ਪਸ਼ੌਰੀ ਲਾਲ ਅਰੋੜਾ ਵੀ ਸ਼ੇਰ ਹੋ ਗਈਆਂ। ਇਨ੍ਹਾਂ ਵੀ ਚੰਗੀਆਂ ਚੁੰਜਾਂ ਲੜਾਈਆਂ ਆਖ਼ਰ ਜਮਾਨਤਾਂ ਮਨਜ਼ੂਰ ਹੋ ਗਈਆਂ। ਸੰਤ ਮੁਹਿੰਦਰ ਸਿੰਘ ਬਾਲੀ ਨਗਰ ਤੇ ਸੰਤ ਹਰਬੰਸ ਸਿੰਘ ਪੰਜਾਬੀ ਬਾਗ ਜਮਾਨਤਾਂ ਦਿੱਤੀਆਂ। ਸੱਚੇ ਪਾਤਸ਼ਾਹ ਲਾਜ ਰੱਖੀ। ਘਰਾਂ ਨੂੰ ਪਰਤੇ। ਤਿੰਨ ਸਾਲ ਮੁਕੱਦਮਾ ਚੱਲਦਾ ਰਿਹਾ। ਕੋਈ ਗਵਾਹ ਈ ਨਾ ਭੁਗਤਿਆ। ਸਾਫ਼ ਬਰੀ। ਸੱਜਣਾਂ ਮਿੱਤਰਾਂ ਵਧਾਈਆਂ ਦਿੱਤੀਆਂ ਬਰਫੀਆਂ ਵੰਡੀਆਂ।'

'ਗੁਰੂ ਕਿਆ ਲਾਲਾ! ਤੂੰ ਭਾਗਾਂ ਵਾਲਾ! ਸਤਿਗੁਰਾਂ ਤੇਰੀ ਸਿਦਕ ਨੂੰ ਫਲ ਲਾਇਆ। ਤੈਨੂੰ ਡੋਲਣ ਨਹੀਂ ਦਿੱਤਾ। ਵੇਖ ਉਹ ਸਦਾ ਬਿਰਦ ਪਾਲ, ਉਹ ਹਮੇਸ਼ਾਂ ਅੰਗ ਸੰਗ; ਉਹ ਸਦਾ ਰਖਵਾਲਾ; ਨਿਤ ਦਾ ਪਹਿਰੇਦਾਰ। ਇਸ ਬਾਬੇ ਗੁਰੂ ਅਰਜਨ ਦੇਵ ਜੀ ਚੰਗਾ ਅਲੰਕਾਰ ਬੰਨ੍ਹਿਆ ਏ:-

**ਐਸੋ ਸਹਾਈ ਹਰਿ ਕੋ ਨਾਮ।**
**ਸਾਧ ਸੰਗਤਿ ਭਜੁ ਪੂਰਨ ਕਾਮ।ਰਹਾਉ॥**
**ਬੂਡਤ ਕਉ ਜੈਸੇ ਬੇੜੀ ਮਿਲਤ।**
**ਬੂਝਤ ਦੀਪਕ ਮਿਲਤ ਤਿਲਤ।**
**ਜਲਤ ਅਗਨੀ ਮਿਲਤ ਨੀਰ।**
**ਜੈਸੇ ਬਾਰਿਕ ਮੁਖਹਿ ਖੀਰ।**
**ਜੈਸੇ ਰਣ ਮਹਿ ਸਖਾ ਭ੍ਰਾਤ।**
**ਜੈਸੇ ਭੂਖੇ ਭੋਜਨ ਮਾਤ।**
**ਜੈਸੇ ਕਿਰਖਹਿ ਬਰਸ ਮੇਘ।**
**ਜੈਸੇ ਪਾਲਨਿ ਸਰਨਿ ਸੇਂਘ।**
**ਗਰੁੜ ਮੁਖਿ ਨਾਹੀ ਸਰਪ ਤ੍ਰਾਸ।**
**ਸੂਆ ਪਿੰਜਰਿ ਨਹੀਂ ਖਾਇ ਬਿਲਾਸੁ।**
**ਜੈਸੋ ਆਂਡੋ ਹਿਰਦੇ ਮਾਹਿ।**
**ਜੈਸੋ ਦਾਨੋ ਚੱਕੀ ਦਰਾਹਿ।**
**ਬਹੁਤ ਓਪਮਾਂ ਥੋਰ ਕਹੀ।**
**ਹਰਿ ਅਗਮ ਅਗਮ ਅਗਾਧਿ ਤੁਹੀ।**
**ਊਚ ਮੂਚੌ ਬਹੁ ਅਪਾਰ।**
**ਸਿਮਰਨ ਨਾਨਕ ਤਰੇ ਸਾਰ।** (੯੮੬-੮੭)

Sri Satguru Jagjit Singh Ji eLibrary NamdhariElibrary@gmail.com

## ਰੱਖਾਂ ਗੁਰਾਂ ਦੀਆਂ
## (2)

**ਤੀਨੇ ਤਾਪ ਨਿਵਾਰਣ ਹਾਰਾ**
**ਦੁਖ ਹੰਤਾ ਸੁਖ ਰਾਸਿ,**
**ਤਾਕਉ ਬਿਘਨ ਨ ਕੋਊ ਲਾਗੇ**
**ਜਾਕੀ ਪ੍ਰਭ ਆਗੇ ਅਰਦਾਸਿ।** (ਮਹਲਾ ੪-੭੧੪)

ਸਤਿਗੁਰ ਦੀਆਂ ਖੇਡਾਂ ਬੇਅੰਤ ਹਨ *ਸੇਠ ਹੁਰਾਂ ਨੂੰ ਪੇਟ ਵਿਚ ਕੁਝ ਤਕਲੀਫ਼ ਭਾਸੀ। ਉਨ੍ਹਾਂ ਡਾਕਟਰਾਂ ਨੂੰ ਵਖਾਇਆ। ਡਾਕਟਰਾਂ ਨੇ ਕਿਹਾ ਸੇਠ ਹੁਰਾਂ ਨੂੰ ਅਲਸਰ ਏ। ਦਵਾਈ ਖਾਣ ਤੇ ਆਰਾਮ ਕਰਨ, ਨਹੀਂ ਤਾਂ ਉਪ੍ਰੇਸ਼ਨ ਕਰਨਾ ਪਵੇਗਾ। ਇਹ ਸੁਣ ਮੈਂ** ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕੀਤੀ ਗ਼ਰੀਬ ਨਿਵਾਜ਼ ਡਾਕਟਰਾਂ ਦੇ ਵਸ ਨਾ ਪਾਈਂ। ਆਪਣੀ ਬਖਸ਼ਸ਼ ਕਰੋ। ਓਧਰੋਂ ਸੱਚੇ ਪਾਤਸ਼ਾਹ ਦਾ ਟੈਲੀਫ਼ੂਨ ਆ ਗਿਆ ਕਿ ਸੇਠ ਜੀ ਅਸੀਂ ਯੂ.ਕੇ. ਨੈਰੋਬੀ ਦੇ ਦੌਰੇ ਤੇ ਜਾਣਾ ਏ ਤੁਸੀਂ ਵੀ ਨਾਲ ਚਲਣਾ ਏ। ਭਲਾ ਉਹ ਕਿਹੜਾ ਅਭਾਗਾ ਹੋਵੇਗਾ ਜਿਹੜਾ ਸਤਿਗੁਰਾਂ ਦਾ ਬਚਨ ਮੋੜੇ। ਫਿਰ ਦੌਰੇ ਨਾਲ ਜਾਣ ਦਾ ਜਿਸ ਤੋਂ ਲਾਹਾ ਹੀ ਲਾਹਾ ਹੈ।

ਸੇਠ ਹੁਰਾਂ ਦੀ ਸਲਾਹ ਕੁਝ ਢਿੱਲੀ ਮੱਲੀ ਸੀ, ਕਿਉਂਕਿ ਡਾਕਟਰਾਂ ਅਲਸਰ ਦੱਸਿਅ ਸੀ। ਪਰ ਸੇਠ ਜੀ ਦੇ ਸਪੁੱਤਰਾਂ ਕਿਹਾ ਪਿਤਾ ਜੀ, ਜ਼ਰੂਰ ਜਾਓ, ਉਂਝ ਖ਼ਬਰੇ ਮੌਕਾ ਮਿਲੇ ਨਾ ਮਿਲੇ, ਸੱਚੇ ਪਾਤਸ਼ਾਹ ਨਾਲ ਜ਼ਰੂਰ ਜਾਓ। ਸੇਠ ਜੀ ਆਪਣੀ ਵਿਥਿਆ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਰੱਖੀ। ਉਨ੍ਹਾਂ ਕਿਹਾ, ਕਿ ਤੁਸੀਂ ਡਾਕਟਰ ਮਰਦਾਨ ਪਾਸੋਂ ਐਕਸ-ਰੇ ਕਰਵਾਓ। ਐਕਸ-ਰੇ ਠੀਕ ਕਰਵਾਇਆ ਤੇ ਫ਼ੋਟੋ ਵਿਚ ਕੁਝ ਅਲਸਰ ਦੇ ਚਿੰਨ੍ਹ ਨਜ਼ਰ ਆਏ। ਪਰ ਸੱਚੇ ਪਾਤਸ਼ਾਹ ਜੀ ਬਚਨ ਕੀਤਾ, ਅਲਸਰ ਹੋ ਨਹੀਂ ਸਕਦਾ। ਐਕਸ-ਰੇ ਠੀਕ ਨਹੀਂ, ਤੁਸੀਂ ਦੁਬਾਰਾ ਐਕਸ-ਰੇ ਕਰਵਾਓ। ਬਚਨ ਮਨ ਦੁਬਾਰਾ ਐਕਸ-ਰੇ ਕਰਵਾਇਆ। ਰਪੋਰਟ

---

* ਸੇਠ ਪਿਆਰਾ ਸਿੰਘ, ਸਪੁੱਤਰ ਸੇਠ ਗੁਰਮੁਖ ਸਿੰਘ (ਗੁਜਰਾਂਵਾਲਾ, ਪਾਕਿਸਤਾਨ)

** ਪ੍ਰਕਾਸ਼ ਕੌਰ, ਪਤਨੀ ਸੇਠ ਪਿਆਰਾ ਸਿੰਘ, ਸਪੁੱਤਰੀ ਸੰਤ ਖੁਸ਼ਹਾਲ ਸਿੰਘ (ਸ਼ਾਹ) ਕਾਮੋਕੀ, ਪਾਕਿਸਤਾਨ)

Sri Satguru Jagjit Singh Ji eLibrary NamdhariElibrary@gmail.com

ਆਈ। ਵਾਹ! ਮੇਰੇ ਚੋਜੀ ਪ੍ਰੀਤਮਾਂ! ਐਕਸ-ਰੇ ਫ਼ੋਟੋ ਬਿਲਕੁਲ ਸਾਫ਼। ਅਲਸਰ ਦਾ ਕਿਤੇ ਨਾਮ ਨਾ ਨਿਸ਼ਾਨ। ਢਾਈ ਮਹੀਨੇ ਕੋਈ ਦਵਾਈ ਵੀ ਨਾ ਖਾਧੀ, ਸੋਚਾਂ ਵਿਚਾਰਾਂ ਵਿਚ ਦਿਨ ਬਤੀਤ ਹੋ ਗਏ।

ਹਾਂ ਬੀਬੀ! ਅਲਸਰ ਹੁੰਦਾ ਵੀ ਕਿਉਂ। ਜਿਸ ਤੇ ਸਤਿਗੁਰ ਦੀ ਨਜ਼ਰ ਸੁਵੱਲੀ ਹੋਵੇ। ਸਿੱਖ ਦਾ ਗੁਰ ਚਰਨਾਂ ਤੇ ਭਰੋਸਾ ਹੋਵੇ: ਫੇਰ ਦੁੱਖਾਂ ਪੀੜਾਂ ਦੀ ਕਿਹੜੀ ਥਾਂ। ਬਾਣੀ ਦਰਸਾਂਦੀ ਏ:-

**ਹਰਿ ਕੇ ਚਰਨ ਕਮਲ ਮਨਿ ਧਿਆਉ!**
**ਕਾਢਿ ਕੁਠਾਰੁ ਪਿਤ ਬਾਤ ਹੰਤਾ!**
**ਅਉ ਖਾਧਿ ਹਰਿ ਕਾ ਨਾਉ!** (੭੧੪)

ਚੰਗਾ ਅੱਗੋ ਸੁਣੋ! ਹੁਣ ਰਾਹ ਸਾਫ਼ ਹੋ ਗਿਆ। ਸੇਠ ਜੀ ਤਿਆਰ ਹੋ ਪਏ। ਇਹ ਦੌਰਾ ਜੁਲਾਈ 1976 ਦਾ ਸੀ, ਮੇਰੇ ਅੰਦਰ ਵੀ ਚਾਅ ਪੈਦਾ ਹੋ ਗਿਆ ਕਿ ਜੇ ਸੇਠ ਜੀ ਜਾ ਰਹੇ ਹਨ ਤਾਂ ਮੈਂ ਕਿਉਂ ਪਿੱਛੇ ਰਹਾਂ। ਮੈਂ ਵੀ ਦਰਸ਼ਨ ਮੇਲਾ ਕਰਾਂਗੀ ਨਾਲ ਈ ਸਾਧ ਸੰਗਤ ਦੀ ਸੇਵਾ ਤੇ ਬਾਕੀ ਸੈਰ ਝੂੰਗੇ ਵਿਚ।

ਹਾਂ ਭੈਣ! ਤੇਰੇ ਵਿਚਾਰ ਬਿਲਕੁਲ ਠੀਕ ਹਨ। ਪਤੀ ਪਰਦੇਸ ਹੋਵੇ ਤੇ ਪਤਨੀ ਘਰ ਬੈਠੀ ਔਸੀਆਂ ਪਾਂਦੀ ਰਹੇ, ਕਾਂ ਉਡਾਂਦੀ ਰਹੇ, ਇਹ ਵੀ ਠੀਕ ਨਹੀਂ। ਸਤਿਗੁਰਾਂ ਦੀਆਂ ਹੋਣ ਮਿਹਰਾਂ, ਫਿਰ ਦੰਪਤੀ ਕਿਵੇਂ ਚਕਵੇ ਚਕਵੀ ਵਾਂਗੂੰ ਤੜਫਦੇ ਰਹਿਣ।' ਸੱਚੇ ਪਾਤਸ਼ਾਹ ਨਾਲ ਗੁਰੂ ਪਰਿਵਾਰ ਹਜ਼ੂਰੀ ਸੇਵਕ, ਜਥੇਦਾਰ ਰਾਗੀ ਰਬਾਬੀ ਸਭਨਾਂ ਉਡਾਰੀ ਭਰੀ ਤਾਂ ਅਸੀਂ ਵੀ ਖੰਭ ਲਾ ਉੱਡੇ ਤੇ ਯੂ.ਕੇ. ਦੀ ਸੰਗਤ ਨੇ ਅੱਡੇ ਤੇ ਸੱਚੇ ਪਾਤਸ਼ਾਹ ਦਾ ਨਿੱਘਾ ਸਵਾਗਤ ਕੀਤਾ।

ਮੈਂ ਯੂ.ਕੇ. ਜਾ ਕੇ ਸੋਧ ਰੱਖ ਲਈ ਤੇ ਲੰਗਰ ਦੀ ਸੇਵਾ ਸੰਭਾਲ ਲਈ। ਪ੍ਰੇਮ ਨਾਲ ਭਾਜੇ ਬਨਾਣੇ, ਪ੍ਰਸ਼ਾਦੇ ਤਿਆਰ ਕਰਨੇ ਤੇ ਆਪੇ ਸਾਧ ਨੂੰ ਖਿੜੇ ਮੱਥੇ ਛਕਾਣਾ। ਕੋਈ ਮਹਾਂ ਪੁਰਸ਼ ਨਾਰਾਜ਼ ਨਹੀਂ ਜਾਣ ਦੇਣਾ। ਸਾਧਾਂ ਦੀਆਂ ਖ਼ੁਸ਼ੀਆਂ ਲੈਣੀਆਂ।

ਇੱਕ ਦਿਨ ਸੰਤ ਦਰਸ਼ਨ ਸਿੰਘ ਜੀ ਕਿਹਾ, ਬੀਬੀ ਪ੍ਰਸ਼ਾਦਾ ਕਰੜਾ ਏ, ਅੱਜ ਪਰਾਂਠੇ ਬਣਾ ਦੇ। ਮੈਂ ਸੰਤਾਂ ਵਾਸਤੇ ਪਰਾਂਠਾ ਬਣਾਇਆ ਤਾਂ ਪੰਡਿਤ ਗੋਪਾਲ ਸਿੰਘ, ਠਾਕੁਰ ਸ਼ਮਸ਼ੇਰ ਸਿੰਘ ਹੋਰੀਂ ਆ ਗਏ, ਉਨ੍ਹਾਂ ਨੂੰ ਵੀ ਪਰਾਂਠੇ ਛਕਾਏ। ਠਾਕੁਰ ਸ਼ਮਸ਼ੇਰ ਸਿੰਘ ਜੀ ਕਿਹਾ, 'ਬੀਬੀ ਤੁਸੀਂ ਵੱਡੇ ਲੋਕ ਤੁਹਾਡੇ ਪਾਸੋਂ ਪ੍ਰਸ਼ਾਦਾ ਛੱਕਦਿਆਂ ਸੰਗ ਲੱਗਦੀ ਏ' ਮੈਂ ਅਰਜ਼ ਕੀਤੀ। ਠਾਕੁਰ ਜੀ ਇਹ ਕੀ ਕਿਹਾ ਜੇ? ਸੇਠ ਵੀ ਤੁਸਾਂ ਬਣਾਇਆ ਏ। ਇਹ ਵੀ ਤਾਂ ਸਤਿਗੁਰੂ ਤੇ ਸਾਧ ਸੰਗਤ ਦੀ ਕਿਰਪਾ ਏ। ਨਹੀਂ ਤਾਂ ਅਸੀਂ ਕੌਣ ਪਾਮਰ। ਸਭ ਸਾਧ ਸੰਗਤ ਦੀਆਂ ਮਿਹਰਾਂ ਹਨ। ਸੱਚੇ ਪਾਤਸ਼ਾਹ ਇਤਨੀ ਕਿਰਪਾ ਕੀਤੀ ਕਿ 20-25 ਸਰੀਰਾਂ ਨੂੰ ਰੋਜ਼ ਪ੍ਰਸ਼ਾਦਾ ਛਕਾ ਮਨ ਰਾਜ਼ੀ ਹੁੰਦਾ। ਥਕੇਵਾਂ ਨ ਅਕੇਵਾਂ: ਸੇਠ ਹੁਰੀਂ ਤਾਂ ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਸੈਰ ਸਪਾਟੇ ਕਰਨ, ਮੈਂ ਲੰਗਰ ਵਿਚ। ਪਰ ਸਵੇਰ ਸਾਰ ਆਸਾ ਦੀ ਵਾਰ ਦੀ ਹਾਜ਼ਰੀ ਜ਼ਰੂਰ ਭਰਨੀ।

ਵਲੈਤੋਂ ਮੁੜੇ ਨੈਰੋਬੀ ਪੁੱਜੇ। ਸੂਬਾ ਦਰਸ਼ਨ ਸਿੰਘ ਦੇ ਘਰ ਡੇਰਾ ਲੱਗਾ। ਪਤਾ ਨਹੀਂ ਕਿਹੜਾ ਖੋਟਾ ਕਰਮ ਅੱਗੇ ਆ ਗਿਆ ਕਿ ਅੱਖਾਂ ਵਿਚ ਤਕਲੀਫ਼, ਓਥੋਂ ਦੇ ਸਿਵਲ ਸਰਜਨ ਨੂੰ ਅੱਖ ਦਖਾਈ, ਉਸਨੇ ਕਿਹਾ ਅੱਖ ਦੀ ਨਾੜੀ ਫਟ ਗਈ ਏ ਤੇ ਠੀਕ ਨਹੀਂ ਹੋ ਸਕਦੀ, ਹਾਂ ਦਵਾਈ ਅੱਖਾਂ ਵਿਚ ਪਾਈ ਜਾਓ, ਸਿੱਧੇ ਲੇਟੇ ਰਹੋ, ਸ਼ਾਇਦ ਕੁਝ ਫਰਕ ਪਵੇ। ਡਾਕਟਰ ਦੀ ਗੱਲ ਸੁਣ, ਸੰਸਾਰ ਵਿਚ ਅਨ੍ਹੇਰਾ ਜਾਪਣ ਲੱਗ ਪਿਆ। ਮਨ ਵਿਚ ਹੌਲ ਪੈਣ ਲਗੇ, ਹਾਏ, ਜੀਉਂਦੀ ਮੰਜੀ ਨਾਲ ਜੁੜ ਜਾਵਾਂਗੀ। ਲੋਗ ਕਹਿੰਦੇ ਹਨ:-

**ਕੰਨ ਗਏ, ਰਾਗ ਗਿਆ।**
**ਦੰਦ ਗਏ, ਸਵਾਦ ਗਿਆ।**
**ਅੱਖਾਂ ਗਈਆਂ, ਜਹਾਨ ਗਿਆ।**

ਅੰਮ੍ਰਿਤ ਵੇਲਾ ਹੋਇਆ। ਸੇਠ ਜੀ ਉੱਠੇ ਇਸ਼ਨਾਨ ਕੀਤਾ ਤੇ ਆਸਾ ਦੀ ਵਾਰ ਵਿਚ ਚਲੇ ਗਏ। ਮੇਰੀ ਗ਼ੈਰ ਹਾਜ਼ਰੀ ਵੇਖ ਜਾਣੀ ਜਾਣ ਸਤਿਗੁਰੂ ਜੀ ਸੇਠ ਜੀ ਪਾਸੋਂ ਇਸ਼ਾਰੇ ਨਾਲ ਪੁੱਛਿਆ। ਸੇਠ ਹੁਰਾਂ ਸਭ ਕੁਝ ਦਸ ਦਿੱਤਾ। ਉਸੇ ਦਿਨ ਦੀ ਆਸਾ ਦੀ ਵਾਰ ਦੇ ਭੋਗ ਉਪਰੰਤ ਮੇਰੀਆਂ ਅੱਖਾਂ ਦੀ ਤੰਦਰੁਸਤੀ ਵਾਸਤੇ ਆਦਾਸਾਂ ਸੋਧਿਆ ਗਿਆ ਅਤੇ ਸੱਚੇ ਪਾਤਸ਼ਾਹ ਦੀਵਾਨ 'ਚੋਂ ਉਠਕੇ ਸਿੱਧੇ ਮੈਨੂੰ ਆਕੇ ਦਰਸ਼ਨ ਦਿੱਤੇ ਅਤੇ ਹੱਸਦਿਆਂ ਹੱਸਦਿਆਂ ਬਚਨ ਕੀਤਾ 'ਬੀਬੀ! ਨੇਤਰ ਤਾਂ ਠੀਕ ਹਨ। ਚਿੱਤ ਅਰਾਮ ਕਰਨ ਨੂੰ ਕਰਦਾ ਹੋਣਾ ਏ।' ਵਾਹ ਸਤਿਗੁਰੂ! ਕਈ ਜਨਮ ਧਾਰਕੇ ਵੀ ਉਪਮਾ ਕਰਾਂ ਤਾਂ ਹੋ ਨਹੀਂ ਸਕਦੀ। ਸੱਚੇ ਪਾਤਸ਼ਾਹ ਤਾਂ ਡੇਰੇ ਚਲੇ ਗਏ। ਅੱਠ-ਦੱਸ ਦਿਨ ਦਵਾਈ ਪਾਈ, ਪਰ ਸੋਧ ਢਿੱਲੀ ਨਹੀਂ ਹੋਣ ਦਿੱਤੀ। ਡਾਰਟਰ ਨੇ ਪੱਟੀ ਖੋਲ੍ਹੀ ਤਾਂ ਹੈਰਾਨ ਪ੍ਰੇਸ਼ਾਨ, ਪਰ ਪ੍ਰਸੰਨ ਚਿੱਤ। ਸਰਜਨ ਨੇ ਕਿਹਾ, ਇਹ ਦਵਾਈ ਦਾ ਤਾਂ ਕੰਮ ਨਹੀਂ, ਇਹ ਤਾਂ ਕੋਈ ਕਰਾਮਾਤ ਏ। ਇਹ ਗੁਰੂ ਜੀ ਦੀ ਕਿਰਪਾ ਹੈ, ਮੇਰੀ ਸਮਝ ਸੇ ਬਾਹਰ ਹੈ। ਸੇਠ ਜੀ ਸਰਜਨ ਨੂੰ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਲੈ ਗਏ। ਉਹ ਬੜਾ ਪ੍ਰਸੰਨ ਹੋਇਆ। ਬੀਬੀ ਇਹ ਤੇਰੀ ਸੇਵਾ ਨੂੰ ਫਲ ਲੱਗਾ, ਨਹੀਂ ਤਾਂ ਅੱਖ ਦੀ ਨਜ਼ਰ ਮੁੜਨੀ ਸੌਖਾ ਕੰਮ ਨਹੀਂ, ਗੁਰਬਾਣੀ ਸੇਵਾ ਦਾ ਮਹਾਤਮ ਦੱਸਦੀ ਏ:-

**ਗੁਰ ਸੇਵਾ ਤੇ ਸੁਖ ਊਪਜੈ,**
**ਫਿਰਿ ਦੁਖੁ ਨ ਲਾਗੇ ਆਏ।**
**ਜੰਮਣ ਮਰਨਾਂ ਮਿਟਿ ਗਿਆ,**
**ਕਾਲੈ ਕਾ ਕਿਛ ਨ ਬਸਾਇ।**
**ਹਰਿ ਸੇਤੀ ਮਨੁ ਰਵਿ ਰਹਿਆ,**
**ਸੱਚੇ ਰਹਿਆ ਸਮਾਇ।**
**ਨਾਨਕ ਹਉ ਬਲਿਹਾਰੀ ਤਿੰਨ ਕਉ,**
**ਜੋ ਚਲਨਿ ਸਤਿਗੁਰ ਭਾਇ।** (ਮਹਲਾ ੩-੯੫੧)

ਅਫਰੀਕਾ ਤੋਂ ਦਿੱਲੀ ਪੁੱਜੇ ਤਾਂ ਇੱਥੇ ਹੋਰ ਭਾਣਾ ਆ ਵਰਤਿਆ ਖ਼ੂਨ ਨੱਕ ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਜਾਣ ਲੱਗ ਪਿਆ ਤੇ ਬੰਦ ਨਾ ਹੋਵੇ। ਸੇਠ ਜੀ ਮੈਨੂੰ ਗੰਗਾ ਰਾਮ ਹਸਪਤਾਲ ਦਾਖ਼ਲ ਕਰਾ ਦਿੱਤਾ। ਗੁਲੂਕੋਸ ਦੀਆਂ ਕਈ ਬੋਲਤਾਂ ਚਾੜ ਦਿੱਤੀਆਂ। ਪਰ ਖ਼ੂਨ ਵੀ ਬੰਦ ਨਾ ਹੋਵੇ। ਮੇਰੇ ਹੱਥ ਪੈਰ ਪੀਲੇ ਪੈ ਗਏ। ਮੇਰੀ ਹਾਲਤ ਵੇਖ ਕੇ ਡਾਕਟਰਾਂ ਜਵਾਬ ਦੇ ਦਿੱਤਾ ਤੇ ਕਿਹਾ ਸੇਠ ਜੀ ਇਨ੍ਹਾਂ ਪਾਸੋਂ ਜੋ ਕੁਝ ਪੁੱਛਣਾ ਜੇ ਪੁੱਛ ਲਵੋ। ਇਨ੍ਹਾਂ ਦੇ ਸਵਾਸ ਪੂਰੇ ਹੋ ਚੁੱਕੇ ਹਨ, ਪਰ ਸੇਠ ਜੀ ਡਾਕਟਰ ਵਾਲੀ ਗੱਲ ਮੈਨੂੰ ਨਾ ਦੱਸੀ ਤੇ ਸਿਰਫ਼ ਇਤਨਾ ਕਿਹਾ, ਜੇ ਆਖੇਂ ਤਾਂ ਰਾਜਿੰਦਰ ਨੂੰ ਸਿਆਮੋਂ ਮੰਗਵਾ ਲਵਾਂ। ਮੈਂ ਵੀ ਜਾਣ ਗਈ ਕਿ ਡਾਕਟਰਾਂ ਵੱਲੋਂ ਕੋਰਾ ਜਵਾਬ ਏ। ਮਨ ਨਾਲ ਸੋਚਿਆ, ਰਾਜਿੰਦਰ ਦੇ ਆਉਣ ਨਾਲ ਮੋਹ ਜਾਗ ਪਵੇਗਾ। ਹੁਣ ਬਿਰਤੀ ਜੁੜੀ ਪਈ ਏ, ਉਸਨੂੰ ਖ਼ਬਰ ਨ ਕਰੋ, ਹਾਂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਦਰਸ਼ਨਾਂ ਵਾਸਤੇ ਅਰਜ਼ ਕਰ ਭੇਜੋ। ਨਾਲੇ ਮਾਤਾ ਜੀ ਦੇ ਸ੍ਰੀ ਭੈਣੀ ਸਾਹਿਬ ਬਾਲੇ ਮਕਾਨ ਦੇ ਦਸ ਹਜ਼ਾਰ ਦੇਣੇ ਹਨ, ਉਹ ਦੇ ਦਿਓ, ਸ੍ਰੀ ਭੈਣੀ ਸਾਹਿਬ ਟੈਲੀਫ਼ੂਨ ਕਰੋ, ਸਿਆਮ ਟੈਲੀਫ਼ੂਨ ਨਹੀਂ ਕਰਨਾ।

ਸੇਠ ਜੀ ਵੀ ਮੰਨ ਗਏ। ਸ੍ਰੀ ਭੈਣੀ ਸਾਹਿਬ ਦਸਾਂ ਮਿੰਟਾਂ ਦੇ ਅੰਦਰ ਅੰਦਰ ਮਿਲ ਗਿਆ। ਆਸਾ ਦੀ ਵਾਰ ਉਪਰੰਤ ਮੇਰੀ ਦੇਹ ਅਰੋਗਤਾ ਵਾਸਤੇ ਅਰਦਾਸ ਹੋ ਗਈ। ਇਸਦੇ ਨਾਲ ਹੀ ਵਰਨੀ ਦਾ ਹੁਕਮ ਦੇ ਦਿੱਤਾ ਵਰਨੀ ਦਾ ਵੀ ਭੋਗ ਪੈ ਗਿਆ। ਆਪ ਸੱਚੇ ਪਾਤਸ਼ਾਹ 11 ਵਜੇ ਦੇ ਕਰੀਬ ਹਸਪਤਾਲ ਆ ਦਰਸ਼ਨ ਦਿੱਤੇ ਤੇ ਮੁੜ ਉਹ ਪਹਿਲੇ ਵਾਲੇ ਸ਼ਬਦ ਦੁਹਰਾਏ 'ਬੀਬੀ! ਤੈਥੋਂ ਬੜੀ ਸੇਵਾ ਲੈਣੀ ਏ, ਤੈਨੂੰ ਕੋਈ ਖ਼ਤਰਾ ਨਹੀਂ' ਮੇਰੇ ਨੇਤਰਾਂ ਵਿੱਚੋਂ ਛਮ ਛਮ ਨੀਰ ਵਹਿ ਟੁਰਿਆ ਤੇ ਦਸ ਹਜ਼ਾਰ ਰਖ ਮੱਥਾ ਟੇਕਿਆ, 'ਭੁੱਲਾਂ ਬਖਸ਼ਾਈਆਂ। ਸੱਚੇ ਪਾਤਸ਼ਾਹ ਮੁਸਕਰਾਈ ਜਾਣ ਤੇ ਆਖਣ ਬੀਬੀ ਤੈਨੂੰ ਕੋਈ ਖ਼ਤਰਾ ਨਹੀਂ! ਤੂੰ ਬੜੇ ਕੰਮ ਸੰਵਾਰਨੇ ਹਨ, ਤੂੰ ਕਈਆਂ ਦੀਆਂ ਸੁੱਕੀਆਂ ਵੇਲਾਂ ਰਹੀਆਂ ਕਰਨੀਆਂ ਹਨ ਤੂੰ ਡੋਲ ਨਾ ਕੋਠੀ ਕਾਇਮ ਰੱਖ।'

ਮਾਸਟਰ ਜੀ! ਕਹਾਣੀ ਲੰਮੀ ਏ ਕੀ ਦੱਸਾਂ ਤੁਹਾਡੇ ਸਾਹਮਣੇ ਬੈਠੀ ਹਾਂ। ਛੇ ਸਾਲ ਬੀਤ ਗਏ ਹਨ। ਡਾਕਟਰ ਦੀ ਪਰਖ ਕੀ ਕਰੇ। ਸਤਿਗੁਰ ਦੇ ਬਚਨਾਂ ਵਿਚ ਸਭ ਕੁਝ। ਉਹ ਜਿੱਥੇ ਤੁਠ ਪੈਣ ਫੇਰ ਕੋਈ ਭੜੂਆ ਜਮ ਵੀ ਟਿਕ ਨਹੀਂ ਸਕਦਾ। ਗੁਰੂ ਅਰਜਨ ਦੇਵ ਜੀ ਮਹਾਰਜ ਭਗਤਾਂ ਤੇ ਗੁਰਸਿੱਖਾਂ ਨਾਲ ਵਾਤਾ ਵੇਖ ਇਹ ਸੁਹਣਾ ਕਥਨ ਕਲਮਬੱਧ ਕੀਤਾ ਹੈ:-

**ਜਿਸ ਕੇ ਸੇ ਫਿਰਿ ਤਿੰਨਹੀ ਸਮਾਲੈ,**
**ਬਿਨਸੇ ਸੋਗ ਸੰਤਾਪ।**
**ਹਾਥ ਦੇਇ ਰਾਖੇ ਜਨ ਅਪਨੇ,**
**ਹਰਿ ਹੋਏ ਮਾਈ ਬਾਪ।**
**ਜੀਅ ਜੰਤ ਹੋਇ ਮਿਹਰਵਾਨਾ,**
**ਦਯਾਧਾਰੀ ਹਰਿ ਨਾਥ।**
**ਨਾਨਕ ਸਰਨਿ ਪਰੇ ਦੁਖ ਭੰਜਨ,**
**ਜਾਕਾ ਬਡ ਪ੍ਰਤਾਪ।** (ਪੰਨਾ ੭੧੪)

# ਰੱਖਾਂ ਗੁਰਾਂ ਦੀਆਂ
# (3)

**ਜਿੱਥੇ ਤੇਗਾਂ ਲਿਸ਼ਕਦੀਆਂ, ਸਾਗਾਂ ਦੀ ਪਵੈ ਵਹੀਰ।**
**ਉਥੇ ਸਤਿਗੁਰ ਬੇਲੀ ਚਾਹੀਦਾ, ਜਿੱਥੇ ਅਉਖੀ ਬਣਦੀ ਭੀੜ।**

ਭਾਰਤ ਭੂਮੀ ਤੇ ਅੰਗਰੇਜ਼ ਆਇਆ ਤੇ ਚਲਾ ਗਿਆ। ਮਗਰ ਉਸਦੀ ਸ਼ੈਤਾਨੀਅਤ ਦੇ ਬੀਅ ਅੰਗੂਰ ਫੜਨਾ ਸ਼ੁਰੂ ਕੀਤਾ। ਸਿਰ ਚੁੱਕਿਆ ਤੇ ਤੀਹ ਬਤੀਹ ਸਾਲਾਂ ਵਿਚ ਲਹਿ-ਲਹਿ ਕਰਨ ਲੱਗਾ। ਉਸਨੇ ਭਰਾ ਨਾਲੋਂ ਭਰਾ ਪਾੜਿਆ। ਮੁਸਲਮਾਨਾਂ ਤੇ ਹਿੰਦੂਆਂ ਵਿਚ ਨਫ਼ਰਤ ਪੈਦਾ ਕੀਤੀ। ਹਿੰਦੂ ਤੇ ਸਿੱਖ ਜਿਹੜੇ ਇੱਕੋ ਬ੍ਰਿਛ ਦੇ ਟਾਹਣੇ ਹਨ ਉਹਨਾਂ ਨੂੰ ਬਾਂਸਾਂ ਵਾਂਗੂੰ ਆਪੋ ਵਿਚ ਖਹਿ ਰਗੜ ਨਾਲ, ਸਾਰੇ ਜੰਗਲ ਨੂੰ ਫੂਕ ਸੁੱਟਣ ਦਾ ਬਾਨਣੂ ਬੰਨ ਦਿੱਤਾ। ਇਹ ਕੂਕੇ, ਇਹ ਅਕਾਲੀ ਇਹ ਨਿਰੰਕਾਰੀਏ ਗੁਰੂ ਨਾਨਕ ਨਾਮਲੇਵਾ ਨੂੰ ਪਾੜ-ਪਾੜ ਧੜਿਆਂ ਵਿਚ ਵੰਡਣ ਦੀ ਕੋਈ ਕਰਸ ਨਾ ਛੱਡੀ। ਪਰ ਇਹ ਇੱਥੇ ਗੱਲ ਸਾਫ਼-ਸਾਫ਼ ਕਹਿ ਦੇਣੀ ਚਾਹੀਦੀ ਹੈ, ਕਿ ਸਾਰੀ ਅੰਗਰੇਜ਼ ਕੌਮ ਮਾੜੀ ਨਹੀਂ, ਹਾਂ ਉਨ੍ਹਾਂ ਦੀ ਨੀਤੀ ਮਾੜੀ ਸੀ। ਜਿਹੜੀ ਸਾਰੇ ਸੰਸਾਰ ਵਿਚ ਰੱਬੀ ਸੁੰਦਰ ਮਹਿਲ ਵਿਚ ਤਰੇੜਾਂ ਪਾਕੇ ਆਪਣੇ ਆਪ ਬਾਂਦਰ ਵਾਂਗੂੰ ਸਾਰੀ ਰੋਟੀ ਆਪ ਹੀ ਹੜੱਪ ਕਰਨ ਦੇ ਮਨਸੂਬੇ ਘੜਦੀ ਸੀ। ਭਾਰਤ ਨੇ ਉਸਦਾ ਫਲ ਚੱਖਿਆ। ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਤੇ ਪਰਲੋ ਆ ਗਈ। ਅਰਬਾਂ ਦਾ ਮਾਲੀ ਨੁਕਸਾਨ ਹੋਇਆ। ਹਜ਼ਾਰਾਂ ਦਾ ਲਹੂ ਵਿਟਿਆ। ਅਨੇਕ ਬੱਚੇ ਯਤੀਮ ਹੋ ਗਏ। ਅਨੇਕ ਦੇਵੀਆਂ ਦੇ ਸੁਹਾਗ ਲੁੱਟੇ ਗਏ। ਕਈਆਂ ਨੂੰ ਜੀਉਂਦਿਆਂ ਤੇਲ ਪਾ ਕੇ ਫੂਕਿਆ ਗਿਆ ਪਰ ਇਸ ਕਾਲੀ ਬੋਲੀ ਰਾਤ ਸਮੇਂ ਕਈ ਲਿਸ਼ਕਾਰੇ ਵੀ ਨਜ਼ਰੀਂ ਆਏ। ਕਈ ਥਾਂਈਂ ਹਿੰਦੂ ਭਰਾਵਾਂ ਜਾਨ ਖ਼ਤਰੇ ਵਿਚ ਪਾਕੇ ਸਿੱਖਾਂ ਨੂੰ ਬਚਾਇਆ। ਇਸਦੇ ਨਾਲ ਹੀ ਜਿਨ੍ਹਾਂ ਤੇ ਸਤਿਗੁਰ ਦਾ ਮਿਹਰ ਦਾ ਹੱਥ ਸੀ ਉਸਦਾ ਵਾਲ ਵਿੰਗਾ ਨਹੀਂ ਹੋਇਆ। ਉਹਨਾਂ ਨੂੰ ਬਲਦੀ ਅੱਗ ਵਿੱਚੋਂ ਕੱਢਿਆ, ਜਿਵੇਂ ਪ੍ਰਹਿਲਾਦ ਨੂੰ ਭਾਂਬੜਾਂ 'ਚੋਂ ਬਚਾਇਆ ਸੀ। ਜਿਵੇਂ ਪੱਥਰਾਂ ਨੂੰ ਫੁੱਲਾਂ ਵਿਚ ਬਦਲਿਆ ਸੀ ਜਿਵੇਂ ਕਬੀਰ ਦੇ ਵਗਦੀ ਗੰਗਾ ਵਿਚ ਸੰਗਲ ਤੋੜੇ ਸਨ ਤਿਵੇਂ ਮੈਂ ਤੇ ਮੇਰੇ ਵਰਗੇ ਹੋਰਨਾਂ ਨੂੰ ਬੇਅੰਤ ਪਾਤਸ਼ਾਹ ਕਾਲ ਦੀਆਂ ਦਾੜ੍ਹਾਂ ਹੇਠੋਂ ਕੱਢਿਆ। ਬਾਣੀ ਨੇ ਇਉਂ ਵਰਨਣ ਕੀਤਾ ਹੈ:-

**ਅਉਖੀ ਘੜੀ ਨਾ ਦੇਖਣ ਦੇਈ ਅਪਣਾ ਬਿਰਦੁ ਸਮਾਲੇ।**
**ਹਾਥ ਦੇਇ ਰਾਖੈ ਅਪਨੇ ਕਉ, ਸਾਸਿ ਸਾਸਿ ਪ੍ਰਤਿਪਾਲੇ।**

Sri Satguru Jagjit Singh Ji eLibrary NamdhariElibrary@gmail.com

**ਪ੍ਰਭ ਸਿਉਂ ਲਾਗਿ ਰਹਿਉ ਮੇਰਾ ਚੀਤੁ।**
**ਆਦਿ ਅੰਤ ਪ੍ਰਭ ਸਦਾ ਸਹਾਈ ਧੰਨੁ ਹਮਾਰਾ ਮੀਤ।**

(ਮਹਲਾ ੫-੬੮੨)

ਗੱਲ ਦੂਰ ਦੀ ਨਹੀਂ। ਪਿਛਲਾ 84 ਦਾ ਨਵੰਬਰ। ਸ੍ਰੀਮਤੀ ਇੰਦਰਾ ਗਾਂਧੀ ਦੇ ਘਰ ਦਾ ਲੂਣ ਖਾਕੇ, ਉੱਥੇ ਹੀ ਪਲਕੇ ਦੋ ਹਤਿਆਰਿਆਂ ਉਸਦਾ ਖ਼ੂਨ ਕਰ ਦਿੱਤਾ। ਉਸਦੀ ਮੌਤ ਕੀ ਸੀ? ਭਾਰਤ ਵਾਸੀਆਂ ਵਾਸਤੇ ਘਾਟਾ। ਉਹ ਸੀ ਅਕਾਸ਼ ਵਿਚ ਚਮਕਦਾ ਪ੍ਰਕਾਸ਼, ਜਿਹੜਾ ਹਰ ਹਿਰਦੇ ਨੂੰ ਰੁਸ਼ਨਾ ਰਿਹਾ ਸੀ। ਉਸਦੀ ਮੌਤ ਦੇ ਨਾਲ ਹੀ ਅਨ੍ਹੇਰੇ ਨੇ ਦੇਸ਼ ਨੂੰ ਕਲਾਵੇ ਵਿਚ ਲੈ ਲਿਆ। ਉਸ ਸਮੇਂ ਬੇ-ਸਮਝ ਤੇ ਬਦਮਾਸ਼ ਜਿਹੜੇ ਕਦੇ ਮੰਦਰ ਜਾਂ ਠਾਕੁਰ ਦੁਆਰੇ ਨਹੀਂ ਗਏ ਸਨ, ਜਿਨ੍ਹਾਂ ਹਿੰਦੂ ਧਰਮ ਕਦੇ ਸਮਝਿਆ ਨਹੀਂ ਸੀ। ਉਹਨਾਂ ਕੌਮ ਨੂੰ ਬਦਨਾਮ ਕੀਤਾ। ਉਹਨਾਂ ਨੋਹਾਂ ਨਾਲੋਂ ਮਾਸ ਨੂੰ ਵੱਖ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਉਨ੍ਹਾਂ ਚੰਡਾਲਾਂ ਦਾ ਰੂਪ ਧਾਰਨ ਕਰ ਲਿਆ। ਇਹ ਤਾਂ ਰਾਜੀਵ ਜੀ ਸਨ ਜਿਹਨਾਂ ਹਾਲਾਤ ਤੇ ਕਾਬੂ ਪਾਇਆ।

ਮੈਂ ਉਨ੍ਹੀਂ ਦਿਨੀਂ ਮੱਧ ਪ੍ਰਦੇਸ਼ ਦੇ ਅਮਰੀਕਪੁਰ ਗਿਆ ਹੋਇਆ ਸਾਂ। ਉੱਥੇ ਸੁਰਿੰਦਰ ਸਿੰਘ ਮਲੂਵਾਲੀਆ ਦਾ ਭਰਾ ਰਹਿੰਦਾ ਹੈ। ਉੱਥੇ ਉਹਨਾਂ ਦਾ ਬੜਾ ਕਾਰੋਬਾਰ ਹੈ। ਜੰਗਲਾਂ ਦਾ ਠੇਕਾ; ਕੋਲਡ ਸਟੋਰ, ਹੋਰ ਆਲੂਆਂ ਦਾ ਵਿਹਾਰ। ਬੜੇ ਗੁਰਮੁਖ ਹਨ ਤੇ ਪੱਕੇ ਕਾਂਗਰਸੀਏ। ਮੇਰੇ ਨਾਲ ਸੁਰਿੰਦਰ ਤੇ ਅਫਰੀਕਾ ਤੋਂ ਆਈ ਉਹਨਾਂ ਦੀ ਇੱਕ ਭੈਣ ਸੀ। ਉੱਥੇ ਸਾਡਾ ਕੋਈ ਘਰੇਲੂ ਮਸਲਾ ਸੀ, ਜਿਸਦੇ ਨਜਿੱਠਣ ਵਾਸਤੇ ਸਾਨੂੰ ਜ਼ਰੂਰੀ ਜਾਣਾ ਪਿਆ। ਘਰਾਂ ਵਿਚ ਸੌ ਗੱਲਾਂ ਹੁੰਦੀਆਂ ਹਨ। ਅਸੀਂ 28 ਅਕਤੂਬਰ ਨੂੰ ਉੱਥੇ ਪੁੱਜੇ। ਸਾਡੀ ਉਹਨਾਂ ਚੰਗੀ ਖ਼ਾਤਿਰ ਕੀਤੀ। ਇਲਾਕੇ ਦੀ ਸੈਰ ਕਰਵਾਈ। ਕੱਥਾ ਬਣਾਉਣ ਦੀ ਫੈਕਟਰੀ। ਨੈਸ਼ਨਲ ਪਾਰਕ ਜਿਸਦੇ ਲਾਗੇ ਲਕੜੀ ਦੇ ਕੈਬਨ ਬਣੇ ਹੋਏ ਹਨ, ਜਿਨ੍ਹਾਂ ਤੇ ਚੜਕੇ ਆਲੇ ਦੁਆਲੇ ਦੇ ਰੰਗ ਵੇਖੇ ਜਾਂਦੇ ਹਨ। ਸ਼ੇਰਾਂ ਤੇ ਚਿਤਰਿਆਂ ਦੀਆਂ ਡਾਰਾਂ ਦੀਆਂ ਡਾਰਾਂ ਪਾਣੀ ਪੀਂਦੇ ਤੇ ਕਲੋਲਾਂ ਕਰਦੇ। ਹੋਰ ਜੰਗਲੀ ਜਾਨਵਰ ਖੁੱਲ੍ਹੇ ਮੌਜਾਂ ਮਾਣਦੇ ਹਨ। ਉਸਤੋਂ ਅੱਗੇ ਤਿੱਬਤੀ ਵੱਸਦੇ ਹਨ। ਕੋਆਪਰੇਟਿਵ ਸੁਸਾਇਟੀਆਂ ਬਣੀਆਂ ਹੋਈਆਂ ਹਨ। ਗਲੀਚੇ, ਕਾਲੀਨ ਤੇ ਦੁਸ਼ਾਲੇ ਵਧੀਆ ਮਿਲਦੇ ਹਨ। ਪਿਛਲੇ ਪਹਿਰ ਉੱਥੋਂ ਪਕੌੜਿਆਂ ਦੀ ਦੁਕਾਨ ਤੇ ਬੈਠ ਕੁਝ ਖਾਣ ਪੀਣ ਲੱਗੇ ਤਾਂ ਖ਼ਬਰ ਲੱਗੀ ਇੰਦਰਾ ਗਾਂਧੀ ਜੀ ਮਾਰੇ ਗਏ ਹਨ, ਇਹ ਸੁਣ ਹੱਥਾਂ ਦੀ ਹੱਥਾਂ ਤੇ ਮੂੰਹ ਦੀ ਮੂੰਹ ਵਿਚ ਰਹਿ ਗਈ। ਅੰਦਰ ਕੁਝ ਨਾ ਲੰਘੇ। ਸਾਰੇ ਨਿਮੂਝੂਣੇ ਸਿਰ ਸੁੱਟੀ 6 ਵਜੇ ਘਰ ਪੁੱਜੇ ਅੱਗੇ ਵੀ ਸੋਗ ਪਸਰਿਆ ਹੋਇਆ ਸੀ।

ਅਗਲੀ ਸਵੇਰ ਅਸੀਂ ਚਾਰੇ ਰੌਟਣ ਲਈ ਤਿਆਰ ਹੋਏ ਕੁਲਵੰਤ ਸਿੰਘ ਬਿਸਰਾਮਪੁਰ ਸਟੇਸ਼ਨ ਤੇ ਛੱਡ ਆਇਆ ਤੇ ਪਹਿਲੀ ਨਵੰਬਰ ਨੂੰ ਗੱਡੀ ਵਿਚ ਸਵਾਰ ਹੋਏ। ਗੱਡੀ ਬੌਰੀ ਡਾਂਡੇ ਜਾ ਰੁੱਕੀ। ਉੱਥੇ ਕਾਫ਼ੀ ਸ਼ੋਰ ਸ਼ਰਾਬਾ ਸੀ। ਇਹ ਵੀ ਸੁਣਿਆ ਕਿ ਅਗਲੇ ਸਟੇਸ਼ਨ ਤੇ ਸਿੱਖਾਂ ਨੂੰ ਮਾਰੀ ਜਾਂਦੇ ਹਨ। ਲੱਗੇ ਕਰਤੇ ਦੇ ਰੰਗ

ਵੇਖਣ। ਪਰ ਭਜਨ ਲੱਗਾ ਫੁਰਨ। ਸੱਚੇ ਪਾਤਸ਼ਾਹ ਟੀਟੀ ਨੂੰ ਅੰਦਰੋਂ ਪ੍ਰੇਰਨਾ ਦਿੱਤੀ ਤੇ ਉਸਨੇ ਸਾਨੂੰ ਆ ਕੇ ਆਖਿਆ, ਸਰਦਾਰੋ! ਤੁਸੀਂ ਇਸ ਡੱਬੇ ਵਿੱਚੋਂ ਨਿਕਲਕੇ ਅਗਲੇ ਜ਼ਨਾਨੇ ਡੱਬੇ ਵਿਚ ਬਹਿ ਜਾਵੋ ਤੇ ਅੰਦਰੋਂ ਲਾਕ ਕਰ ਦਿਉ। ਖੋਹਲਿਉ ਨਾ। ਅਗਲੇ ਸਟੇਸ਼ਨ ਵਾਲੇ ਸਰਦਾਰਾਂ ਇੰਦਰਾ ਦੀ ਮੌਤ ਤੇ ਲੱਡੂ ਵੰਡੇ ਹਨ ਤੇ ਭੰਗੜੇ ਪਾਏ ਹਨ। ਪਰ ਅਸਲ ਗੱਲ ਦਾ ਪਤਾ ਪਿੱਛੋਂ ਲੱਗਾ ਕਿ ਉਨ੍ਹੀਂ ਦਿਨੀਂ ਗੁਰਪੁਰਬ ਸੀ। ਆਮ ਸੰਗਤਾਂ ਪ੍ਰਭਾਤ ਫੇਰੀਆਂ ਕੱਢਦੀਆਂ ਸਨ। ਉਹਨਾਂ ਪ੍ਰਭਾਤ ਫੇਰੀਆਂ ਨੂੰ ਭੰਗੜੇ ਸਮਝ ਲਿਆ। ਬੇਸਮਝਾਂ ਅੰਦਰ ਗ਼ੁੱਸੇ ਦਾ ਤੂਫਾਨ ਉਠ ਖਲੋਤਾ।

ਸਤਿਗੁਰ ਬੜਾ ਮੌਜੀ ਏ ਆਪੇ ਦੇਵਤੇ ਪੈਦਾ ਕਰਦਾ ਹੈ। ਆਪੇ ਉਹਨਾਂ ਪਿੱਛੇ ਦੈਂਤ ਲਾ ਦੇਂਦਾ ਹੈ। ਫਿਰ ਆਪ ਹੀ ਦੇਵਤਿਆਂ ਦੀ ਰੱਛਾ ਕਰਦਾ ਹੈ। ਅਸੀਂ ਰੇਲ ਦੇ ਡੱਬੇ ਵਿਚ ਬੈਠੇ ਸਾਂ ਕਿ ਸੁਰਿੰਦਰ ਸਿੰਘ ਨੇ ਖਿੜਕੀ ਚੁੱਕ ਬਾਹਰ ਸਿਰ ਕੱਢਿਆ। ਸਟੇਸ਼ਨ ਤੇ ਇਕ ਗੱਭਰੂ ਟ੍ਰਾਂਜਿਸਟਰ ਵਜਾ ਰਿਹਾ ਸੀ। ਇਸਨੇ ਉਸਨੂੰ ਅਵਾਜ਼ ਦਿੱਤੀ ਤੇ ਆਖਿਆ, ਭਈਆ! ਇਧਰ ਆ, ਸੁਣਾ ਕਿਆ ਖ਼ਬਰ ਹੈ, ਸੁਰਿੰਦਰ ਦੀ ਅਵਾਜ਼ ਸੁਣ ਉਸ ਡੱਬੇ ਵਲ ਝਾਂਕਿਆ ਤੇ ਸਾਨੂੰ ਅੰਦਰ ਬੈਠਿਆਂ ਨੂੰ ਵੇਖਿਆ। ਉਹ ਦੌੜਦਾ ਦੌੜਦਾ ਇਕ ਹਜੂਮ ਕੋਲ ਗਿਆ ਤੇ ਉਹਨਾਂ ਨੂੰ ਸਾਡੇ ਬਾਰੇ ਦੱਸ ਦਿੱਤਾ ਕਿ ਜਿਨ ਲੋਗੋਂ ਕੋ ਡੂੰਢ ਰਹੇ ਹੋ ਵਹਿ ਤੋ ਡੱਬੇ ਮੇਂ ਛਿਪੇ ਪੜੇ ਹੈਂ। ਇਹ ਸੁਣ ਉਹ ਸਾਰੇ ਡੱਬੇ ਵਲ ਇਉਂ ਦੌੜੇ ਜਿਵੇਂ ਸਸਿਆਂ ਨੂੰ ਵੇਖ ਬਘਿਆੜ ਚੁੰਗੀਆਂ ਭਰਦਾ ਹੈ। ਉਹ ਦੂਰੋਂ ਹੀ ਕੂਕੀ ਜਾਣ, 'ਪੰਜਾਬੀ ਸਰਦਾਰ; ਪੱਕੇ ਗੱਦਾਰ; ਕਰ ਦਿਓ ਪਾਰ। ਇਹ ਰੌਲਾ ਸੁਣ ਸਾਡੀ ਖਾਨਿਓਂ ਗਈ।

**'ਆਪ ਫਾਥੜੀਏ ਤੈਨੂੰ ਕੌਣ ਛਡਾਵੇ?'**

ਜਾਣ ਲਿਆ ਅੰਤ ਦਾ ਸਮਾਂ ਆ ਗਿਆ ਏ। ਇੱਥੇ ਈ ਲਾਸ਼ਾਂ ਰੁਲਣਗੀਆਂ। ਪਰ:-

**ਜਾਕੋ ਰਾਖੈ ਸਾਨਵਰਾਂ ਮਾਰ ਨ ਸਾਕੇ ਕੋਇ।**
**ਬਾਲ ਨਾ ਬੀਕਾ ਕਰ ਸਕੈ ਭਾਵੇਂ ਸਭ ਜਗ ਵੈਰੀ ਹੋਇ।**

ਹੁਣ ਸਾਡਾ ਧਿਆਨ ਸਤਿਗੁਰੂ ਦੇ ਚਰਨਾਂ ਵਲ ਗਿਆ। ਭਜਨ ਲੱਗਾ ਫੁਰਨ। ਮੇਰੇ ਅੰਦਰੋਂ ਅਵਾਜ਼ ਆਈ, ਰਤਨ ਘਬਰਾ ਕਿਉਂ ਗਿਆ ਏਂ, ਇਹ ਤਾਂ ਇਮਤਿਹਾਨ ਦਾ ਪਰਚਾ ਹੈ। ਕਰ ਯਾਦ ਅਪਣੇ ਯਾਰ ਨੂੰ; ਜਿਹੜਾ ਜਲਾਂ ਵਿਚ, ਥਲਾਂ ਵਿਚ, ਕੰਧਰਾਂ ਵਿਚ, ਪਰਬਤਾਂ ਵਿਚ ਸਾਰ ਲੈਂਦਾ ਏ ਉਹ ਕੋਈ ਦੂਰ ਥੋੜ੍ਹਾ ਏ। ਤੂੰ ਉਸਨੂੰ ਭੈਣੀ ਸਾਹਿਬ ਸਮਝਦਾ ਏਂ, ਉਹ ਉੱਥੇ ਵੀ ਹੁੰਦਾ ਸਭ ਥਾਂਈਂ ਵਿਚਰਦਾ ਹੈ। ਉਸ ਨੂੰ ਦੂਰ ਨਾ ਜਾਨ ਅਕਾਲ ਉਸਤਤ ਵਿਚ ਇਉਂ ਉਲੀਕਿਆ ਹੈ:-

**ਜਲਸ ਤੂ ਹੀਂ, ਥਲਸ ਤੂ ਹੀਂ**
**ਨਦਿਸ ਤੂ ਹੀਂ, ਨੰਦਸ ਤੂ ਹੀਂ**
**ਬ੍ਰਿਛਸ ਤੂ ਹੀਂ, ਪਤਸ ਤੂ ਹੀਂ**

**ਛਿਤਸ ਤੂ ਹੀਂ, ਉਰਧਸ ਤੂ ਹੀਂ,**
**ਜ਼ਿਮੀਂ ਤੂ ਹੀਂ, ਜਮਾਂ ਤੂ ਹੀਂ**
**ਮਕੀਂ ਤੂ ਹੀਂ, ਮਕੀਂ ਤੂ ਹੀਂ**

ਲੱਗਾ ਤਾਨ੍ਹੇ ਮਿਆਨੇ ਮਾਰਨ। ਤੂੰ ਰਾਏ ਸਿੰਘ ਨੂੰ ਸ਼ੇਰ ਤੋਂ ਬਚਾ ਲਿਆ। ਤੂੰ ਸੰਸਾ ਸਿੰਘ ਨੂੰ ਬੰਦ ਕਮਰਿਆਂ ਵਿੱਚੋਂ ਕੱਢ ਲਿਆਂਦਾ। ਤੂੰ ਬੌਹੜੀ ਕਰ ਕਿੱਥੇ ਛੁੱਪ ਕੇ ਬਹਿ ਗਿਆ ਏਂ। ਮੁੜ ਅਵਾਜ਼ ਆਈ ਰਤਨ ਮੈਂ ਤੇਰੇ ਨਾਲ ਆਂ। ਬਾਹਰ ਨਿਕਲ ਆਪਣੇ ਦਰਸ਼ਨ ਦੇ। ਘਬਰਾ ਨਾ ਆਪਣਾ ਆਪ ਦਸ! ਮੈਂ ਡੱਬੇ ਵਿੱਚੋਂ ਬਾਹਰ ਨਿਕਲਿਆ ਤੇ ਹਜੂਮ ਨੂੰ ਸੰਬੋਨ ਕਰਦਿਆਂ ਕਹਿਆ, 'ਭਈਓ ਸਬਕੋ ਮੇਰਾ ਪ੍ਰਣਾਮ! ਮੈਂ ਆਪਕੀ ਸੇਵਾ ਮੇਂ ਕੁਝ ਨਿਵੇਦਨ ਕਰਨਾ ਚਾਤਾ ਹੂੰ ਜਰਾ ਗੌਰ ਸੇ ਸੁਨੇਂ; ਫਿਰ ਜੈਸੀ ਭਗਵਾਨ ਕੀ ਇੱਛਾ। ਉਹਨਾਂ ਵਿਚ ਤਿੰਨ ਜਣੇ ਸਤਿਗੁਰਾਂ ਦੀ ਪ੍ਰੇਰਨਾ ਨਾਲ ਬੋਲ ਉਠੇ ਤੇ ਹਜੂਮ ਨੂੰ ਹੱਥ ਉਠਾਕੇ ਰੋਕ ਕੇ ਕਹਿਆ, 'ਸੁਣੋ ਭਾਈ ਵਹਿ ਕਿਆ ਬੋਲਤਾ ਹੈ। ਤਦ ਮੈਂ ਗੱਲ ਸ਼ੁਰੂ ਕੀਤੀ:-

'ਤੁਮਨੇ ਹਮਾਰੇ ਜੈਸੇ ਸਰਦਾਰ ਦੇਖੇ ਹੈਂ?

ਕਿਆ ਤੁਮਹੇਂ ਉਗ੍ਰਵਾਦੀ ਕਹਿਤੇ ਹੈਂ?

'ਨਹੀਂ, ਫਿਰ

ਹਮ ਵਹਿ ਭੀ ਨਹੀਂ ਹੈਂ। ਹਮ ਨਾਮਧਾਰੀ ਹੈਂ, ਹਮਾਰੀ ਪੁਰਾਤਨ ਮਰਿਯਾਦਾ ਹੈ। ਹਮ ਭਗਵਾਨ ਰਾਮ ਔਰ ਕ੍ਰਿਸ਼ਨ ਜੀ ਕੋ ਅਪਣਾ ਅਵਤਾਰ ਮਾਨਤੇ ਹੈਂ। ਉਨ੍ਹੀਂ ਕੀ ਅਵਤਾਰ ਵਾਦ ਕਿ ਫਿਲਾਸਫੀ ਪਰ ਚਲਤੇ ਹੈਂ, ਭਗਵਾਨ ਨੇ ਕਿਆ ਨਹੀਂ ਕਹਾ, ਸੰਸਾਰ ਮੇਂ ਜਬ ਉਪੱਧਰ ਹੋਤੇ ਹੈਂ, ਦੇਵਤੇ ਸਤਾਏ ਜਾਤੇ ਹੈਂ, ਤੇ ਮੈਂ ਅਵਤਾਰ ਲੇਤਾ ਹੂੰ। ਕਲਿਜੁਗ ਮੇਂ ਸ੍ਰੀ ਗੁਰੂ ਨਾਨਕ ਹੁਏ, ਫਿਰ ਗੁਰੂ ਤੇਗ਼ ਬਹਾਦਰ ਜਿਸਨੇ ਤਿਲਕ ਔਰ ਜਨੇਊ ਕੀ ਰਛਿਆ ਕੇ ਲੀਏ ਬਲਿਦਾਨ ਦੀਆ। ਉਨ੍ਹੀਂ ਮੇ ਸੇ ਗੁਰੂ ਗੋਬਿੰਦ ਸਿੰਘ ਜੀ ਹੁਏ ਜਿਨੋਂ ਨੇ ਹਿੰਦੂ ਧਰਮ ਕੋ ਬਚਾਨੇ ਕੀ ਖ਼ਾਤਰ ਤਲਵਾਰ ਉਠਾਈ। ਅੰਗਰੇਜ਼ ਕੇ ਕਾਲ ਮੇਂ ਗੁਰੂ ਰਾਮ ਸਿੰਘ ਜੀ ਨੇ ਅਵਤਾਰ ਲੀਆ ਉਨੋਂ ਨੇ ਅੰਗਰੇਜ਼ ਕੇ ਵਿਰੁੱਧ ਸ਼ਾਂਤਮਈ ਢੰਗ ਸੇ ਦੇਸ਼ ਕੋ ਅਜ਼ਾਦ ਕਰਾਨੇ ਕੀ ਲੜਾਈ ਲੜੀ। ਉਨਕੇ ਨਕਸ਼ੇ ਕਦਮ ਪਰ ਚਲ ਕਰ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ ਨੇ ਜੰਗੇ ਅਜ਼ਾਦੀ ਲੜੀ ਔਰ ਦੇਸ਼ ਅਜ਼ਾਦ ਹੁਆ। ਹਮਾਰੇ ਜ਼ੁਰਗੋਂ ਨੇ ਅੰਗਰੇਜ਼ੋਂ ਕਾ ਪੂਰਨ ਬਾਈਕਾਟ ਕੀਆ! ਉਨਕੇ ਸਕੂਲੋਂ ਮੇਂ ਬੱਚੋਂ ਕੋ ਪੜ੍ਹਨੇ ਨਹੀਂ ਭੇਜਾ; ਹਮਨੇ ਕਚਹਿਰਿਓਂ ਕਾ ਬਾਈਕਾਟ ਕੀਆ। ਹਮਾਰੇ ਬਜ਼ੁਰਗੋਂ ਨੇ ਅੰਗਰੇਜ਼ ਕੀ ਰੇਲ ਔਰ ਸੜਕ ਤਕ ਕਾ ਪ੍ਰਯੋਗ ਨਾ ਕੀਆ। ਹਮਾਰੀ ਅਪਣੀ ਡਾਕ ਥੀ। ਹਮਾਰੇ ਸਿੰਘ ਫਾਂਸੀਓਂ ਪਰ ਲਟਕੇ, ਤੋਪੋਂ ਸੇ ਉਡਾਏ ਗਏ। ਗੁਰੂ ਰਾਮ ਸਿੰਘ ਜੀ ਕੋ ਜਲਾਵਤਨ ਕੀਆ ਗਿਆ। ਹਮ ਲੋਗ ਉਨ ਦੇਸ਼ ਭਗਤੋਂ ਕੀ ਉਲਾਦ ਹੈ ਹਮ ਕਭੀ ਦੇਸ਼ ਕੀ ਬੁਰਾਈ ਨਹੀਂ ਸੋਚ ਸਕਤੇ। ਇਸ ਤੇ ਹਜੂਮ ਵਿੱਚੋਂ ਇੱਕ ਨੇ ਹੱਥ ਖੜਾ ਕੀਤਾ ਤੇ ਆਖਿਆ ਕਿ 'ਮੈਨੇ ਇਤਿਹਾਸ ਮੇ ਕੂਕੇ ਤੋ ਪੜ੍ਹੇ ਹੈਂ ਨਾਮਧਾਰੀ ਦਾ ਸ਼ਬਦ ਨਹੀਂ ਸੁਣਾ' ਤਦ ਮੈਂ ਉੱਤਰ ਦਿੱਤਾ,

Sri Satguru Jagjit Singh Ji eLibrary NamdhariElibrary@gmail.com

'ਸ਼ਾਬਾਸ਼! ਵਾਹ ਬਈ ਵਾਹ! ਉਨ ਕੂਕੋਂ ਕੋ ਤੋ ਹੀ ਨਾਮਧਾਰੀ ਕਹਿਤੇ ਹੈਂ' ਉਹ ਫਿਰ ਬੋਲਿਆ, 'ਭਾਈਓ, ਇਨ ਲੋਗੋਂ ਕੀ ਦੇਨ ਭਾਰਤ ਦੇ ਨਹੀਂ ਸਕਤਾ। 'ਵਾਹ ਸਰਦਾਰ ਸਾਹਿਬ ਆਪ ਤੋ ਪੂਜਨੀਕ ਹੈਂ ਹਮ ਤੁਮਾਰੀ ਕਿਆ ਖ਼ਿਦਮਤ ਕਰੇਂ' ਮੇਰੇ ਅੰਦਰ ਉਸ ਵੇਲੇ ਕੂਕਾ ਕਾਰ ਆਈ ਹੋਈ ਸੀ। ਬੋਲਣਾ ਜਾਰੀ ਰੱਖਦਿਆਂ ਕਿਹਾ ਹਮ ਲੋਗ ਹਵਨ ਕਰਤੇ ਹੈਂ ਮਾਸ ਨਹੀਂ ਖਾਤੇ, ਸ਼ਰਾਬ ਨਹੀਂ ਪੀਤੇ, ਬੀੜੀ ਸਿਗਰੇਟ ਵਾਲੇ ਕੇ ਹਾਥ ਸੇ ਨਹੀਂ ਲੇਤੇ, ਹਮ ਚਾਏ ਤਕ ਭੀ ਨਹੀਂ ਪੀਤੇ, ਹਮਾਰਾ ਪਿਆਰ ਸਭ ਭਾਈਓਂ ਸੇ ਹੈ। ਬਸ ਮੈਂ ਇਤਨਾ ਕਹਿਨਾ ਚਾਪਤਾ ਹੂੰ ਅਬ ਜੋ ਤੁਮ੍ਹਾਰੀ ਮਰਜ਼ੀ, ਹਮ ਹਾਜ਼ਰ ਹੈਂ।' ਇਹ ਸੁਣਦਿਆਂ ਸਭਨਾਂ ਦਾ ਰੁੱਖ ਬਦਲ ਗਿਆ। ਹਜੂਮ ਪਤਲਾ ਪੈ ਗਿਆ। ਉਧਰ ਗਾਰਡ ਨੇ ਵਿਸਲ ਦਿੱਤੀ। ਮੁਸਾਫ਼ਰ ਆਪਣੇ ਆਪਣੇ ਡੱਬਿਆਂ ਵਿਚ ਜਾ ਚੜ੍ਹੇ। ਸਾਨੂੰ ਵੀ ਟੀਟੀ ਨੇ ਡੱਬੇ ਵਿੱਚੋਂ ਬਾਹਰ ਕੱਢਿਆ। ਗੱਡੀ ਫਫ ਕਰਦੀ ਅਗਾਂਹ ਰਵਾਨਾ ਹੋਈ। ਮੇਰੇ ਸਾਹਮਣੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ ਇਹ ਸ਼ਬਦ ਅੱਖਾਂ ਸਾਹਮਣਿਓਂ ਫ਼ਿਲਮ ਵਾਂਗੂੰ ਘੁੰਮ ਰਹੇ ਸਨ।

**ਰੋਗਨ ਤੇ ਅਰ ਸੋਗਨ ਤੇ, ਜਲ ਜੋਗਨ ਤੇ ਬਹੁ ਭਾਂਤ ਬਚਾਵੈ।**
**ਸਤ੍ਰ ਅਨੇਕ ਚਲਾਵਤ ਘਾਵ, ਤਊ ਤਨ ਏਕ ਨ ਲਾਗਨ ਪਾਵੈ।**
**ਰਾਖਤ ਹੈ ਅਪਨੋ ਕਕਰ ਦੈ ਕਰ, ਪਾਪ ਸੰਬੂਹ ਨ ਭੇਟਨ ਪਾਵੈ।**
**ਔਰ ਕੀ ਬਾਤ ਕਹਾ ਕਰ ਤੇ ਸੌਂ, ਸੁ ਪੇਟ ਹੀ ਕੇ ਪਟ ਬੀਚ ਬਚਾਵੈ।**

(੬-੨੪੮ ਅਕਾਲ ਉਸਤਤ)

ਇੱਥੇ ਕਾਫ਼ੀ ਦੇਰ ਪਿੱਛੋਂ ਗੱਡੀ ਆਈ ਤਾਂ ਅਸੀਂ ਸਤਿਗੁਰੂ ਨੂੰ ਯਾਦ ਕਰਦੇ ਡੱਬੇ ਵਿਚ ਜਾ ਬੈਠੇ। ਡੱਬੇ ਵਿਚ ਅਸੀਂ ਅਮਰੀਕਾਪੁਰ ਵਾਲਿਆਂ ਦੇ ਦੋ 18-20 ਸਾਲ ਕੇ ਲੜਕੇ ਵੇਖੇ, ਤੇ ਹੈਰਾਨ ਹੋਏ ਕਿਉਂਕਿ ਇਹ ਕਈ ਦਿਨਾਂ ਤੋਂ ਪੰਜਾਬੋਂ ਆਏ ਹੋਏ ਸਨ, ਪਤਾ ਲੱਗਾ ਕਿ ਇੱਕ ਬੀਬੀ ਨੇ ਇਨ੍ਹਾਂ ਨੂੰ ਟੱਟੀ ਖਾਨੇ ਵਿਚ ਵਾੜਕੇ ਆਪ ਅੱਗੇ ਖਲੋਤੀ ਸੀ। ਉਹ ਕੁੜੀ ਕਾਹਦੀ ਸੀ ਸ਼ੇਰ ਦੀ ਬੱਚੀ ਸ਼ੇਰਨੀ ਸੀ। ਅਸੀਂ ਸਾਰੇ 12 ਵਜੇ ਦੇ ਕਰੀਬ ਬਿਸ਼ਰਾਮਪੁਰ ਪੁੱਜੇ। ਉਹਨਾਂ ਮੁੰਡਿਆਂ ਸਾਨੂੰ ਇਕ ਦੋ ਪਹੀਆ ਗੱਡੀ ਕਰ ਦਿੱਤੀ ਤੇ ਅਸੀਂ ਇੱਥੋਂ 24 ਮੀਲ ਜਾਣਾ ਸੀ ਜਿਹੜਾ ਕਿ ਜੰਗਲ ਦਾ ਰਾਹ। ਪਰ ਸਾਡੇ ਅੰਦਰੋਂ ਭੈ ਦੂਰ ਹੋ ਚੁੱਕਾ ਸੀ। ਜਦ ਅਸੀਂ ਘਰ ਪੁੱਜੇ ਤਾਂ ਘਰ ਵਾਲੇ ਹੈਰਾਨ ਪ੍ਰੇਸ਼ਾਨ ਕਿ ਇਹ ਕਿਵੇਂ ਆ ਗਏ। ਕਰਫਿਊ ਲੱਗਾ ਹੋਇਆ ਹੈ, ਮਾਰਧਾੜ ਹੋ ਰਹੀ ਹੈ। ਅਸੀਂ ਸਾਰੀ ਵਿਥਿਆ ਸੁਣਾਈ। ਉਹਨਾਂ ਡੀ.ਸੀ. ਨੂੰ ਟੈਲੀਫ਼ੂਨ ਕਰਕੇ ਆਪਣੇ ਪੁੱਤਰਾਂ ਨੂੰ ਮੰਗਵਾ ਲਿਆ। ਪਰ ਬਦਮਾਸ਼ਾਂ ਨੇ ਇਨ੍ਹਾਂ ਦੀ ਕੋਠੀ ਦੇ ਪਿਛਲੇ ਪਾਸੇ ਵਲ ਗੋਦਾਮ ਨੂੰ ਅੱਗ ਲਾ ਦਿੱਤੀ। ਅਸੀਂ ਸਾਮਾਨ ਕੱਢਣ ਲੱਗ ਪਏ। ਉਧਰੋਂ ਫਾਇਰ ਬਰਗੇਡ ਆ ਗਿਆ ਤੇ ਬੜੀ ਮੁਸ਼ਕਲ ਨਾਲ ਅੱਗ ਤੇ ਕਾਬੂ ਪਾਇਆ। ਤਿੰਨ ਦਿਨ ਉੱਥੇ ਰਹੇ। ਪਤਾ ਲੱਗਾ ਕਿ ਗੱਡੀਆਂ ਚੱਲਣ ਲੱਗੀਆਂ ਹਨ। ਮੈਂ ਤੇ ਸੰਤ ਸੁਰਿੰਦਰ ਸਿੰਘ ਦੋ ਪਹੀਆ

Sri Satguru Jagjit Singh Ji eLibrary NamdhariElibrary@gmail.com

ਗੱਡੀ ਫੜੀ ਤੇ ਚੱਲ ਪਏ। ਪਰ ਜਦ ਸਟੇਸ਼ਨ ਤੇ ਪੁੱਜੇ ਤਾਂ ਪਤਾ ਲੱਗਾ ਕਿ ਕੋਈ ਗੱਡੀ ਨਹੀਂ ਆ ਰਹੀ। ਅਸੀਂ ਇੱਥੋਂ ਇਕ ਟਰੱਕ ਵਿਚ ਬੈਠ ਗਏ ਤੇ 10 ਵਜੇ ਤਕ ਮਹਿੰਦਰਗੜ੍ਹ ਜਾ ਪੁੱਜੇ। ਉੱਥੇ ਵੀ ਕਰਫਿਊ ਦਾ ਰਾਜ ਸੀ। ਟਰੱਕ ਬਾਹਰ ਖੜ੍ਹਾ ਹੋ ਗਿਆ। ਪਰ ਮਨ ਨੇ ਕਿਹਾ ਇੱਥੇ ਰੁਕਣਾ ਠੀਕ ਨਹੀਂ। ਅਸੀਂ ਬਾਬੂ ਨੂੰ 20 ਰੁਪਏ ਦਿੱਤੇ। ਤੇਲ ਤਮਾਂ ਜਾਂ ਕੇ ਮਿਲੇ ਤੁਰਤ ਨਰਮ ਹੋ ਜਾਏ। ਅਸੀਂ ਸ਼ਹਿਰੋਂ ਬਾਹਰ ਚਲੇ ਗਏ ਤੇ 2 ਵਜੇ ਦੇ ਕਰੀਬ ਅਨੂਪਗੜ੍ਹ ਜਾ ਪਹੁੰਚੇ। ਮੂਸਾਂ ਨੱਠਾ ਮੌਤ ਤੋਂ ਮੌਤ ਅੱਗੇ ਖੜ੍ਹੀ। ਅਨੂਪਗੜ੍ਹ ਵੀ ਕਰਫਿਊ ਪ੍ਰਧਾਨ ਸੀ। ਟਰੱਕ ਵੀ ਅੱਗੇ ਜਾਣੋਂ ਨਾਂਹ ਕਰ ਦਿੱਤੀ। ਅਸੀਂ ਸਟੇਸ਼ਨ ਤੇ ਚਲੇ ਗਏ ਤੇ ਬਾਬੂ ਨੂੰ ਭੇਜ ਕੇ ਟਿਕਟਾਂ ਮੰਗਵਾਈਆਂ ਤੇ ਸਵਾਰ ਹੋ 8 ਵਜੇ ਕਟਨੀ ਪਹੁੰਚ ਗਏ। ਸਾਰਾ ਦਿਨ ਕਟਨੀ ਗੁਜ਼ਾਰਿਆ। 4 ਵਜੇ ਕਟਨੀਉਂ ਚੜ੍ਹੇ ਰਾਹ ਵਿਚ ਭੈੜੀਆਂ ਸੋਆ ਕੰਨੀ ਪਈਆਂ ਕਿ ਕਈ ਸਿੱਖ ਸਾੜੇ ਗਏ ਹਨ। ਪਰ ਮੇਰਾ ਮਨ ਜਦ ਸਤਿਗੁਰਾਂ ਦੇ ਚਰਨਾਂ ਵਲ ਸੀ। ਤੇ ਰਸਨਾਂ ਟੱਕ ਟੱਕ ਚੱਲ ਰਹੀ ਸੀ। ਜਦ ਗੱਡੀ ਚੜ੍ਹਨ ਲੱਗੇ ਤਾਂ ਇਕ ਹਵਾਲਦਾਰ ਆ ਟੱਕਰਿਆ। ਉਸ ਕਿਹਾ ਸਰਦਾਰੋ ਅਵੱਲ ਤਾਂ ਅੱਗੇ ਜਾਓ ਨਾ, ਜੇ ਜਾਣਾ ਜ਼ਰੂਰ, ਤੇ ਨਾਂ ਪਤੇ ਲਖਾਓ ਤਾਂਕਿ ਅਸੀਂ ਕਿਸੇ ਨੂੰ ਕੁਝ ਦਸ ਸਕੀਏ। ਅਸੀਂ ਆਪਣੇ ਥਾਂ ਟਿਕਾਣੇ ਲਿਖਵਾਏ ਤੇ ਅਗਾਂਹ ਟੁਰੇ। ਅੱਗੇ ਇਕ ਫ਼ੌਜੀ ਖੜ੍ਹਾ ਸੀ। ਉਸ ਸਾਡੀਆਂ ਪੱਗਾਂ ਵੇਖੀਆਂ, ਮਾਲਾ ਤੱਕੀਆਂ ਤੇ ਕਿਹਾ ਸਰਦਾਰੋ ਰੁੱਕੋ ਮੈਂ ਤੁਹਾਡਾ ਪ੍ਰਬੰਧ ਕਰਦਾ ਹਾਂ। ਉਸ ਦੋ ਡੱਬੇ ਖ਼ਾਲੀ ਕਰਵਾਏ। ਅਸੀਂ 40 ਦਿੱਤੇ ਤਾਂ ਉਹ ਸਾਨੂੰ 6 ਸੀਟਾਂ ਵਾਲੇ ਕੂਪੇ ਵਿਚ ਬਿਠਾ ਗਿਆ ਤੇ ਪੱਕੀ ਕਰ ਗਿਆ ਕਿ ਭਾਵੇਂ ਕੋਈ ਕਿੰਨਾਂ ਜ਼ੋਰ ਲਗਾਵੇ ਤੁਸੀਂ ਖੋਲ੍ਹਣਾ ਨਹੀਂ। ਖ਼ੈਰ ਅਸੀਂ 7 ਅਕਤੂਬਰ 9 ਵਜੇ ਦੇ ਕਰੀਬ ਆਗਰੇ ਆ ਗਏ ਇੱਥੋਂ ਗੱਡੀ ਤਿੰਨ ਵਜੇ। ਚਲਨੀ ਸੀ। ਕਈ ਸਿੱਖ ਭਰਾ ਟਹਿਲਦੇ ਵੇਖੇ ਤਾਂ ਮਨ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਆਗਰੇ ਤੋਂ ਤਿੰਨ ਵਜੇ ਗੱਡੀ ਰਵਾਨਾ ਹੋਈ ਤੇ 7 ਵਜੇ ਰਾਤ ਸਮੇਂ ਨਿਜ਼ਾਮੁਦੀਨ ਸਟੇਸ਼ਨ ਤੇ ਆ ਰੁਕੀ। ਸਰਿੰਦਰ ਸਿੰਘ ਬਾਰੇ ਇਹ ਖ਼ਬਰ ਫੈਲ ਚੁੱਕੀ ਸੀ ਕਿ ਉਹ ਮਰਿਆ ਗਿਆ ਹੈ। ਘਰਵਾਲੇ ਰੋ-ਪਿੱਟ ਬੈਠੇ ਸਨ। ਸਟੇਸ਼ਨ ਤੇ ਪੰਜ ਗੁਰਮੁਖ ਪਿਆਰਿਆਂ ਦੇ ਦਰਸ਼ਨ ਹੋਏ ਮਨ ਵਿਚ ਕੁਝ ਢਾਰਸ ਹੋਈ। ਸਟੇਸ਼ਨ ਤੇ ਕਾਕਾ ਗੁਰਬਖਸ਼ ਸਿੰਘ ਆਪਣੇ ਮਿੱਤਰ ਨਾਲ ਆਇਆ ਹੋਇਆ ਸੀ। ਉਹ ਵਿਚਾਰਾ ਪਹਿਲਾਂ ਕਈ ਚੱਕਰ ਮਾਰ ਚੁੱਕਾ ਸੀ। ਜਦ ਅਸੀਂ ਆਮ੍ਹਣੇ ਸਾਮ੍ਹਣੇ ਹੋਏ ਤਾਂ ਮੇਰਾ ਫ਼ੋਟੋ ਉਸਦੇ ਨੇਤਰਾਂ ਦੇ ਕੈਮਰੇ ਵਿਚ ਪਿਆ ਤਾਂ ਉਸਦਾ ਅਕਸ਼ ਮੇਰੀਆਂ ਅੱਖਾਂ ਵਿਚ ਪ੍ਰਵੇਸ਼ ਹੋਇਆ। ਤਾਂ ਵੈਰਾਗ ਦੇ ਟਿੱਕਣ ਵਾਸਤੇ ਕੋਈ ਥਾਂ ਨਹੀਂ ਰਹੀ। ਉਹ ਪਾਣੀਓਂ ਪਤਲਾ ਹੋ ਵਹਿ ਨਿਕਲਿਆ ਤੇ ਛਮ ਛਮ ਕਰਦਾ ਧਰਤੀ ਮਾਤਾ ਦੀ ਗੋਦ ਵਿਚ ਸਮਾ ਗਿਆ। ਅਸੀਂ ਬਗੁਲਗੀਰ ਹੋ ਗਏ। ਪਤਾ ਨਹੀਂ ਕਿੰਨਾਂ ਚਿਰ ਛਾਤੀਆਂ ਜੁੜੀਆਂ ਰਹੀਆਂ। ਮੁਸਾਫ਼ਰ ਵੀ ਵੇਖ ਹੈਰਾਨ ਹੋ ਰਹੇ ਸਨ। ਜਦ ਬਾਹੀਂ ਕੁਝ ਢਿੱਲੀਆਂ ਹੋਈਆਂ ਤਾਂ ਪਲੇਟਫਾਰਮ

Sri Satguru Jagjit Singh Ji eLibrary NamdhariElibrary@gmail.com

ਖ਼ਾਲੀ ਸਭ ਮੁਸਾਫ਼ਰ ਜਾ ਚੁੱਕੇ ਸਨ। ਸੁੱਖ ਸਾਂਦ ਪੁੱਛੀ। ਘਰ ਵਲ ਰਵਾਨਾ ਹੋਏ। ਸਾਨੂੰ ਵੇਖ ਸਾਰਾ ਪਰਿਵਾਰ ਬਸੰਤ ਰੁੱਤ ਦੇ ਫੁੱਲਾਂ ਵਾਂਗੂੰ ਖਿੜ ਪਿਆ। ਆਂਢ ਗੁਆਂਢ ਵੀ ਆ ਜੁੜਿਆ। ਉਨ੍ਹਾਂ ਵੀ ਵਧਾਈਆਂ ਦਿੱਤੀਆਂ। ਮੇਰੇ ਵੱਲੋਂ ਇੱਕੋ ਉੱਤਰ ਸੀ, ਇਹਨਾਂ ਸਾਰੀਆਂ ਮੁਬਾਰਕਾਂ ਦੇ ਹੱਕਦਾਰ ਮੇਰੇ ਸ੍ਰੀ ਭੈਣੀ ਸਾਹਿਬ ਵਾਲੇ ਮਹਿਬੂਬ ਹਨ ਸਤਿਗੁਰੂ ਜਗਜੀਤ ਸਿੰਘ ਜੀ ਜਿਹੜੇ ਸੇਵਕਾਂ ਦੀ ਹਰ ਥਾਂ, ਹਰ ਸਮੇਂ, ਹਰ ਘੜੀ ਰੱਖਿਆ ਕਰਦੇ ਹਨ। ਉਨ੍ਹਾਂ ਦਾ ਸ਼ੁਕਰ, ਕੋਟਵਾਰ ਸ਼ੁਕਰ, ਕੋਟਾਨਾ-ਕੋਟ ਸ਼ੁਕਰ। ਬਾਣੀ ਵੀ ਉਨ੍ਹਾਂ ਦੀ ਮਹਿਮਾ ਕਰਦੀ ਹੈ।

**ਚੱਤ੍ਰ ਚੱਕ੍ਰ ਵਰਤੀ; ਚੱਤ੍ਰ ਚੱਕ੍ਰ ਭੁਗਤੇ।**
**ਸੁਯੰਭਵ ਸੁ ਸਰਬ ਦਾ ਸਰਬ ਜੁਗਤੇ।**
**ਦੁਕਾਲੇ, ਪ੍ਰਣਾਸੀ, ਦਇਆਲੇ ਸਰੂਪੇ।**
**ਸਦਾ ਅੰਗ ਸੰਗੇ ਅਭੰਗੇ ਬਿਭੂਤੇ।**

* ਰਤਨ ਸਿੰਘ, ਸੂਬਾ ਖੇਮ ਸਿੰਘ ਦੇ ਪਰਿਵਾਰ ਵਿੱਚੋਂ, ਪਿੰਡ ਮਾਹੂਵਾਲ, ਜ਼ਿਲ੍ਹਾ ਜਲੰਧਰ ਦੁਆਬਾ (ਹਾਲ ਰਮੇਸ਼ ਨਗਾ, ਦਿੱਲੀ), ਪਿਤਾ ਪੂਰਨ ਸਿੰਘ, ਜਨਮ ਤਿਥਿ 1918 ਈ:, ਵਿੱਦਿਆ....ਲੋਇਰ ਮਿਡਲ

Sri Satguru Jagjit Singh Ji eLibrary NamdhariElibrary@gmail.com

## ਹੰਸ ਹੰਸਣੀ

**ਜਨਮ ਜਨਮ ਕੀ ਇਸੁ ਮਨੁ ਕਉ ਮਲ ਲਾਗੀ**
**ਕਾਲਾ ਹੋਆ ਸਿਆਹੁ।**
**ਖੰਨਲੀ ਧੋਤੀ ਉਜਲੀ ਨ ਹੋਵਈ**
**ਜੇ ਸਉ ਧੋਵਣਿ ਪਾਹੁ।**
**ਗੁਰ ਪਰਸਾਦੀ ਜੀਵਤੁ ਮਰੈ**
**ਉਲਟੀ ਹੋਵੈ ਮਤਿ ਬਦਲਾਹੁ।**
**ਨਾਨਕ ਮੈਲੁ ਨ ਲਗਈ ਨ ਫਿਰਿ ਜੋਨੀ ਪਾਹੁ** (ਮਹਲਾ ੩-੬੫੧)

ਮੈਂ ਮਿਡਲ ਪਾਸ ਕੀਤਾ ਤੇ ਜੀਵਨ ਦੀ 24 ਬਹਾਰ ਚੜੀ ਤਾਂ ਖੰਭ ਨਿਕਲ ਆਏ। 1948 ਵਿਚ ਉਡਾਰੀ ਭਰੀ ਤੇ ਨਰੋਬੀ ਪੁੱਜ ਗਿਆ ਉੱਥੇ ਅਲੈਕਟ੍ਰੀਕਲ ਕੰਪਨੀ ਵਿਚ ਭਰਤੀ ਹੋ ਗਿਆ। ਪੈਸੇ ਲੱਗੇ ਆਉਣ ਪੈਸਿਆਂ ਮਤ ਮਾਰ ਦਿੱਤੀ। ਤਿੰਨ ਸਾਲ ਬੀਤ ਗਏ ਇਨ੍ਹੀਂ ਦਿਨੀਂ ਮਿਊਂਸਪਲ ਕੌਂਸਿਲ ਦੀਆਂ ਲਾਂਡੀਆਂ ਵਿਚ ਇੱਕੋ ਕਮਰੇ ਵਿਚ ਚਾਰ ਸਰੀਰ ਰਹਿੰਦੇ ਸਨ। ਛੱਟੇ ਫੂਕੇ। ਭੈੜੇ ਨੂੰ ਚੰਦਰਾ ਸੌ ਕੁਹ ਦਾ ਪੈਂਡਾ ਮਾਰ ਕੇ ਮਿਲਦਾ ਏ। ਮੇਰੀ ਉਨ੍ਹਾਂ ਨਾਲ ਪੱਗ ਵੱਟ ਗਈ। ਬਸ ਪੰਜੇ ਐਬ ਸ਼ਰਈ। ਸ਼ਬਾਬ, ਸ਼ਰਾਬ, ਕਬਾਬ ਤੇ ਰਬਾਬ ਦਾ ਮੇਲ ਹੁੰਦਾ ਏ।'

'ਸੰਤ ਪ੍ਰੀਤਮ ਸਿੰਘ ਜੀ! ਜੋ ਤੁਸੀਂ ਕਹਿੰਦੇ ਹੋ ਸਭ ਠੀਕ, ਮੈਂ ਤਾਂ ਇਉਂ ਕਹਾਂਗਾ ਕਿ ਲੋਕ ਘਰੋਂ ਬਾਹਰ ਪੌਂਡ ਕਮਾਣ ਜਾਂਦੇ ਹਨ, ਤੇ ਉੱਥੇ ਜਾ ਕੇ ਮੁੰਡੇ ਕੁੜੀਆਂ ਗਵਾਕੇ ਦਿਨ ਦੀਵੀਂ ਸਿਰ ਮੁਨਾ ਕੇ ਘਰੀਂ ਪਰਤਦੇ ਹਨ।'

'ਹਾਂ ਮਾਸਟਰ ਜੀ! ਮੇਰੇ ਨਾਲ ਵੀ ਕੁਝ ਅਜੇਹੀ ਬੀਤੀ। ਭਾਗਾਂ ਨਾਲ ਮੇਰੇ ਦਾਦੀ ਹਰਨਾਮ ਕੌਰ ਭੋਲੀ ਤੇ ਸਤਿਗੁਰੂ ਰਾਮ ਸਿੰਘ ਦੀ ਕਿਰਪਾ ਸੀ। ਉਹ ਭਜਨ ਬਾਣੀ ਕਰਿਆ ਕਰਦੇ ਸਨ। ਮੈਂ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦਾ ਪਾਠ ਜ਼ਰੂਰ ਕਰਦਾ।'

ਸੰਤ ਜੀ! ਤੁਸੀਂ ਇਨ੍ਹਾਂ ਗੱਲਾਂ ਨੂੰ ਛੱਡੋ। ਅਗਾਂਹ ਟੁਰੋ, ਨਿਰਾ ਪੜ੍ਹਨ ਨਾਲ ਕੀ ਬਣਦਾ ਏ। ਬੁੱਲਾ ਕਹਿੰਦਾ ਏ, 'ਬੁਲਿਆ ਚਾਰ ਚੁਫੇਰੇ ਢੇਰ ਕਤਾਬਾਂ ਅੰਦਰ ਘੁਪ ਹਨੇਰਾ' ਨਿਰਾ ਪੜ੍ਹਨ ਪੜ੍ਹਾਨ ਨਾਲ ਕੁਝ ਨਹੀਂ ਬਣਦਾ, 'ਇਥੇ ਅਮਲ ਦੀ ਲੋੜ ਏ।' ਪਰ ਉੱਥੇ ਪ੍ਰਚਾਰਕ ਜਦ ਸਟੇਜ ਤੇ ਖੜੇ ਹੋ ਕੇ ਲੈਕਚਰ ਕਰਦੇ ਤਾਂ ਪੂਰਾ ਜ਼ੋਰ ਲਾਕੇ ਕਹਿੰਦੇ, ਕਲਿਜੁਗ ਵਿਚ ਦਸਮੇਂ ਪਾਤਸ਼ਾਹ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਹੈ। ਇਸ ਸਮੇਂ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ। ਮਨ ਵਿਚ ਕਈ ਉਧੇੜ ਬੁਣ ਲੱਗੇ ਰਹਿਣ ਕਿ ਪ੍ਰਚਾਰਕ ਕੁਝ ਕਹਿੰਦੇ ਹਨ, ਬਾਣੀ ਕੁਝ ਹੋਰ

Sri Satguru Jagjit Singh Ji eLibrary NamdhariElibrary@gmail.com

ਦੱਸਦੀ ਏ। ਮਨ ਮਤ ਦਾ ਜ਼ੋਰ ਸੀ। ਮੇਰਾ ਮੇਲ ਜੋਲ ਵੀ ਉਨ੍ਹਾਂ ਨਾਲ ਸੀ ਜਿਨ੍ਹਾਂ ਨੂੰ ਮਨਮੁਖ ਕਿਹਾ ਜਾਂਦਾ ਹੈ।'

ਭਾਈ ਸਿੱਖਾ! ਤੂੰ ਮਨਮੁਖ ਬਾਰੇ ਬਾਣੀ ਦੁਆਰਾ ਸੁਣਿਆ ਏ? ਉਹ ਕਹਿੰਦੀ ਏ:-

**ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ**
**ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ**
**ਇਤ ਦੋਸਤੀ ਚਲਨਿ ਵਿਕਾਰ।**
**ਜਿੰਨਾਂ ਅੰਦਰ ਸੱਚੇ ਕਾ ਭਾਉ ਨਾਹੀਂ**
**ਨਾਮਿ ਨ ਕਰਹਿ ਪਿਆਰੁ।**
**ਨਾਨਕ ਤਿੰਨ ਸਿਉਂ ਕਿਆ ਕੀਚੈ ਦੋਸਤੀ**
**ਜੇ ਆਪ ਭੁਲਾਇ ਕਰਤਾਰ।** (ਮਹਲਾ ੩-੫੯੭)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਲਿਜੁਗੀ ਜੀਆਂ ਨੂੰ ਰਾਹੇ ਪਾਣ ਹਿਤ (1962) ਵਿਚ ਨਰੋਬੀ ਚਰਨ ਪਾਏ। ਨਾਮਧਾਰੀਆਂ ਬੜਾ ਸ਼ਾਨਦਾਰ ਪੰਡਾਲ ਬਣਾਇਆ। ਖ਼ਿਆਲ ਆਇਆ ਕਿ ਜਾ ਕੇ ਕੂਕਿਆਂ ਦਾ ਦੀਵਾਨ ਸੁਣੀਏ, ਪਰ ਝਾਕਾ ਲੱਗੇ ਕਿ ਮੇਰੇ ਯਾਰ ਬੇਲੀ ਕੀ ਕਹਿਣਗੇ। ਉਧਰ ਸਿੰਘ ਸਭੀਆਂ ਸਤਿਗੁਰਾਂ ਦੇ ਦੌਰੇ ਦੀ ਮਹਾਨਤਾ ਨੂੰ ਘਟਾਉਣ ਖ਼ਾਤਰ, ਦਾਰ-ਉਸ ਲਾਮ ਤੋਂ ਗਿਆਨੀ ਅਮੋਲਕ ਸਿੰਘ ਨੂੰ ਬੁਲਾ ਲਇਆ। ਉਹ ਉਚੇਚਾ ਹਵਾਈ ਜਹਾਜ਼ ਰਾਹੀਂ ਇੱਥੇ ਪੁੱਜਾ। ਜਦ ਉਹ ਗੁਰਦੁਆਰੇ ਦੇ ਗੇਟ ਅੱਗੇ ਪਹੁੰਚਿਆ ਤਾਂ ਸਾਰੀ ਸੰਗਤ ਹਾਲ ਵਿੱਚੋਂ ਬਾਹਰ ਨਿਕਲ ਆਈ। ਮਨ ਵਿਚ ਬੜੀ ਭਾਨ ਪਈ ਚੰਗਾ ਗੁਰੂ ਏ ਸੰਗਤਾਂ ਇਕ ਪ੍ਰਚਾਰਕ ਦੇ ਆਣ ਤੇ ਉਸ ਦੇ ਸੁਆਗਤ ਵਾਸਤੇ ਉਠ ਦੌੜੀਆਂ ਹਨ। ਸਾਰੇ ਪ੍ਰਬੰਧਕ ਗੇਟ ਕੋਲ ਜਾ ਖਲੋਤੇ। ਗੁਰੂ ਅੰਦਰ ਸੰਗਤਾਂ ਬਾਹਰ। ਸੰਤ ਅਮੋਲਕ ਸਿੰਘ ਅੰਦਰ ਆਏ। ਲੈਕਚਰ ਸ਼ੁਰੂ ਹੋਏ।

ਸਭ ਤੋਂ ਪਹਿਲਾਂ ਬੀਬੀ ਰਾਜਿੰਦਰ ਕੌਰ, ਸਕੱਤਰ ਨੇ ਗਰਮਾ ਗਰਮ ਤਕਰੀਰ ਕੀਤੀ। ਸੰਗਤਾਂ ਜੈਕਾਰੇ ਛੱਡੇ ਪਰ ਮੇਰੇ ਮਨ ਤੇ ਕੋਈ ਚੰਗੀ ਪਰਛਾਂ ਨਾ ਪਈ। ਮੁੜ ਸੰਤ ਉੱਠੇ, ਉਹਨਾਂ ਕਿਹਾ, ਭਜਨ ਬੰਦਗੀ ਕਰਨ ਵਾਲਿਆਂ ਨੂੰ ਸੰਤ ਕਹਿ ਸਕਦੇ ਹਾਂ, ਬਾਬਾ ਕਹ ਸਕਦੇ ਹਾਂ, ਪਰ ਉਹ ਗੁਰੂ ਨਹੀਂ ਹੋ ਸਕਦਾ। ਉਹ ਵੀ ਗੋਂਗਲੂਆਂ ਤੋਂ ਮਿੱਟੀ ਝਾੜੀ। ਸੰਗਤਾਂ ਜੈਕਾਰੇ ਛਡਦੀਆਂ ਗਈਆਂ। ਸੰਗਤਾਂ ਵੱਲੋਂ ਉਸ ਨੂੰ ਇਕ ਟੇਪਰਿਕਾਰਡ ਤੇ ਸੁਨਹਿਰੀ ਕਬਜੇ ਵਾਲੀ ਕਿਰਪਾਨ ਪੇਸ਼ ਕੀਤੀ ਗਈ, ਮੇਰੇ ਮਨ ਤੇ ਕੋਈ ਚੰਗਾ ਅਸਰ ਨਾ ਹੋਇਆ ਕਿਉਂਕਿ ਸੰਤਾਂ ਦੇ ਪਿੱਛੋਂ ਰਾਗੀ ਸਿੰਘਾਂ ਇਹ ਸ਼ਬਦ ਪੜ੍ਹਿਆ ਸੀ:-

**ਗੁਰ ਸੇਵਾ ਤੇ ਸੁਖ ਉਪਜੈ ਫਿਰਿ ਦੁਖ ਨ ਲਾਗੇ ਆਇ**
**ਜੰਮਣੁ ਮਰਣਾ ਮਿਟਿ ਗਇਆ, ਕਾਲੈ ਕਾ ਕਿਛ ਨ ਬਸਾਇ**
**ਹਰਿ ਸੇਤੀ ਮਨੁ ਰਵਿ ਰਹਿਆ, ਸਚੇ ਰਹਿਆ ਸਮਾਇ।**
**ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ।**
(ਮਹਲਾ ੩-੬੫੨)

Sri Satguru Jagjit Singh Ji eLibrary NamdhariElibrary@gmail.com

ਮੈਂ ਕਈ ਵੇਰ ਚੋਰ ਛਿਪੇ ਸਤਿਗੁਰਾਂ ਦੇ ਦੀਵਾਨ ਵਿਚ ਜਾਣਾ ਤੇ ਦਰਨ ਕਰਨੇ, ਮਨ ਨੇ ਹੁੰਗਾਰਾ ਭਰਨਾ ਕਿ ਰਾਹ ਠੀਕ ਜਾਪਦਾ ਏ।

ਸਮਾਂ ਬਦਲ ਗਿਆ, ਰੁੱਤ ਬਦਲ ਗਈ। ਸਤਿਗੁਰੂ ਜਗਜੀਤ ਸਿੰਘ ਨਰੋਬੀ ਚਰਨ ਪਾਏ ਸਿੱਖ ਟੈਂਪਲ ਵਿਚ ਸੂਬਾ ਦਰਸ਼ਨ ਸਿੰਘ ਦੀਵਾਨ ਲਾਇਆ, ਉਨ੍ਹਾਂ ਮਨ ਦੀਆਂ ਘੁੰਡੀਆਂ ਖੋਲ੍ਹੀਆਂ। ਵੱਡੇ ਵੱਡੇ ਪੇਚ ਢਿੱਲੇ ਪੈ ਗਏ। ਮੁੜ ਪੰਡਿਤ ਗੋਪਾਲ ਸਿੰਘ ਦੀਵਾਨ ਲਾਇਆ। ਇਨ੍ਹਾਂ ਬੜੇ ਸਰੂਰ ਵਿਚ ਕਿਹਾ:-

'ਕੋਈ ਕਰਾਮਾਤੀ ਹੱਡੀ ਵਿਚ ਜਾਨ ਪਾ ਸਕਦਾ ਏ, ਮੁਰਦੇ ਪਾਸੋਂ ਗੱਲਾਂ ਕਰਵਾ ਸਕਦਾ ਏ, ਕੰਧਾਂ ਦੁੜਾ ਸਕਦਾ ਏ, ਪਰ ਗਿਆਨ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ। ਸ੍ਰੀ ਗੁਰੂ ਅਮਰਦਾਸ ਜੀ ਦੀ ਗਵਾਹੀ ਪੇਸ਼ ਕੀਤੀ:-

**ਗੁਰ ਬਿਨੁ ਗਿਆਨੁ ਨ ਹੋਵਈ, ਨ ਸੁਖੁ ਵਸੈ ਮਨਿ ਆਇ।**
**ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ।**

(ਮਹਲਾ ੩-੬੫੦)

ਦੀਵਾਨ ਸਮਾਪਤੀ ਤੋਂ ਪਹਿਲਾਂ ਪੰਡਿਤ ਜੀ ਹੋਕਾ ਦਿੱਤਾ। ਕੋਈ ਹੈ, ਗੁਰੂ ਨਾਨਕ ਦੇਵ ਜੀ ਦੇ ਜਹਾਜ਼ ਜਿਸਦੇ ਕਪਤਾਨ ਇਸ ਵੇਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਨ ਤੇ ਸਤਿਗੁਰੂ ਜਗਜੀਤ ਸਿੰਘ ਟਿਕਟਾਂ ਵੰਡ ਰਹੇ ਹਨ, ਹੈ ਕੋਈ ਟਿਕਟ ਲੈਣ ਦਾ ਚਾਹਵਾਨ? ਮੈਂ ਵੀ ਝਕਦਾ ਝਕਦਾ ਕਤਾਰ ਵਿਚ ਜਾ ਖਲੋਤਾ। ਉਨ੍ਹਾਂ ਕੰਨ ਵਿਚ ਫੂਕ ਮਾਰ ਦਿੱਤੀ। ਬਿਰਤੀ ਵਿਚ ਫ਼ਰਕ ਪੈ ਗਿਆ। ਉਸ ਤੋਂ ਉਪਰੰਤ ਸੰਗਤਾਂ ਸੱਚੇ ਪਾਤਸ਼ਾਹ ਜੀ ਦੇ ਘਰੀਂ ਚਰਨ ਪਵਾਏ-ਤਿਨਾਂ ਵੇਖ ਮਨ ਚਾਉ ਉਠੇ-ਲੋਕ ਲਜਿਆ ਦਾ ਬੁਰਕਾ ਪਾੜ ਅੱਗੇ ਜਾ ਖਲੋਤਾ, ਤੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਵੱਲੋਂ ਪ੍ਰਸ਼ਨ ਸੀ:-

'ਕੁਝ ਖਾਂਦਾ ਪੀਂਦਾ ਵੀ ਏਂ?'

ਇਹ ਸੁਣਦਿਆਂ ਮੇਰੇ ਜੀਵਨ ਦੀ ਫ਼ਿਲਮ ਸਾਰੀ ਦੀ ਸਾਰੀ ਅੱਖਾਂ ਅੱਗੇ ਆ ਗਈ, ਕੁੱਕੜਾਂ ਬਟੇਰਿਆਂ ਦੀ ਚੂੰ ਚੂੰ ਨੇ ਮੇਰਾ ਗਲਾ ਰੋਕ ਦਿੱਤਾ। ਕੋਲ ਸ੍ਰ: ਸੂਰਤ ਸਿੰਘ ਖੜ੍ਹੇ ਸਨ, ਉਨ੍ਹਾਂ ਕਿਹਾ ਜੀ ਸਣੇ ਖੰਭਾਂ। ਪਰ ਜਦ ਬਖਸ਼ਸ਼ਾਂ ਦੇ ਦਰਵਾਜ਼ੇ ਖੁੱਲ੍ਹਦੇ ਹਨ ਤਾਂ ਕੌਣ ਰੋਕ ਸਕਦਾ ਏ। ਬਚਨ ਹੋਇਆ। ਅੱਗੋਂ ਤੋਂ ਨਾ ਖਾਈਂ, ਮੈਂ ਸਿਰ ਚਰਨਾਂ ਤੇ ਰੱਖ ਦਿੱਤਾ ਤੇ ਗ਼ਰੀਬ ਨਿਵਾਜ਼ ਜੀ ਮੇਰੀ ਕੰਢ ਤੇ ਆਪਣੇ ਕਰ ਕਮਲਾਂ ਨੂੰ ਰਖਿਆ ਤੇ ਸਾਰੇ ਪਿੱਠ ਤੇ ਫੇਰਿਆ। ਸਾਰੇ ਸਰੀਰ ਵਿਚ ਬਿਜਲੀ ਦੀ ਲਹਿਰ ਦੌੜ ਗਈ।

'ਸੰਤ ਜੀ! ਤੁਸੀਂ ਠੀਕ ਕਹਿ ਰਹੇ ਹੋ, ਜਦ ਘੋੜੇ ਦੀ ਗਰਦਨ ਤੇ ਮਾਲਕ ਦਾ ਹੱਥ ਫਿਰੇ ਤਾਂ ਉਹ ਫੁੰਕਾਰੇ ਮਾਰਨ ਲੱਗ ਪੈਂਦਾ ਏ; ਉਸ ਦੇ ਸਰੀਰ ਵਿਚ ਸੇਰਾਂ ਲਹੂ ਵੱਧ ਜਾਂਦਾ ਏ; ਉਹ ਫੁਲਿਆ ਨਹੀਂ ਸਮਾਂਦਾ। ਗਊ ਦੀ ਪਿੱਠ ਤੇ ਗਊ ਦੇ ਮਾਲਿਕ ਦਾ ਹੱਥ ਫਿਰ ਜਾਵੇ ਤਾਂ ਗਊ ਦਾ ਹਵਾਨਾ ਭਾਰਾ ਹੋ ਜਾਂਦਾ ਏ; ਤਿਵੇਂ ਜਦ ਪਤੀ ਦਾ ਹੱਥ ਕਿਸੇ ਵੇਲੇ ਪਤਨੀ ਨੂੰ ਛੂਹ ਜਾਵੇ ਤਾਂ ਉਸਦੀਆਂ ਅੱਖਾਂ ਵਿਚ

Sri Satguru Jagjit Singh Ji eLibrary NamdhariElibrary@gmail.com

ਸਰੂਰ ਭਰ ਜਾਂਦਾ ਏ; ਭਲਾ ਜਦ ਖੰਡਾਂ ਬ੍ਰਹਿਮੰਡਾਂ ਦੇ ਮਾਲਿਕ ਦੇ ਹੱਥਾਂ ਦੀ ਛੂਹ ਭਾਗਾਂ ਵਾਲੇ ਨੂੰ ਨਸੀਬ ਹੋ ਜਾਵੇ ਤਾਂ ਪਾਮਰ ਵੀ ਸ਼ਰਮ ਨਾਲ ਪਾਣੀ ਵਿਚ ਡੁੱਬ ਮਰਦਾ ਏ। ਸੰਤਾਂ! ਤੈਨੂੰ ਪਤਾ ਹੋਣਾ ਚਾਹੀਦਾ ਹੈ, ਕਿ ਸਤਿਗੁਰੂ ਦੀ ਦੇਹ ਸ਼ਬਦ ਦੀ ਹੁੰਦੀ ਹੈ, ਉਸਦੇ ਨੇਤਰਾਂ ਵਿਚ ਅੰਮ੍ਰਿਤ, ਰਸਨਾਂ ਤੇ ਸੁਰਸਤੀ। ਉਸਦੀ ਸਪਰਸ਼ ਪਾਰਸ ਛੂਹ ਨੂੰ ਮਾਤ ਪਾਣ ਵਾਲੀ, ਉਹ ਜਨਮ ਜਨਮਾਂਤਰਾਂ ਦੀ ਮੈਲ ਲਾਹ ਦੇਵੇ ਉਹ ਕੱਚ ਨੂੰ ਕੰਚਨ ਤੇ ਪੱਥਰ ਨੂੰ ਪਾਰਸ ਵਿਚ ਬਦਲਣ ਵਾਲੀ। ਸੱਚੇ ਪਾਤਸ਼ਾਹ ਉਸੇ ਵੇਲੇ ਇਹ ਵੀ ਬਚਨ ਕੀਤਾ, ਸਾਰਾ ਪਰਿਵਾਰ ਕੇਸਾਂ ਵਿਚ ਜਲ ਪਾਇਆ ਕਰੋ ਤੇ ਭਜਨ ਕਰਿਆ ਕਰੋ।' ਮੈਂ ਕੇਵਲ ਇਤਨਾ ਕਹਿ ਸਕਿਆ ਤੁਹਾਡੀ ਬਖਸ਼ਿਸ਼ ਚਾਹੀਦੀ ਏ। ਸੱਚੇ ਪਾਤਸ਼ਾਹ ਚਰਨ ਪਾਏ, ਅੰਦਰ ਬਾਹਰ ਖ਼ੁਸ਼ੀਆਂ ਨਾਲ ਭਰ ਗਿਆ।

ਅੱਗੇ ਸੁਣੋ ਹੋਰ ਵਾਰਤਾ, ਮੇਰੀ ਸਿੱਖਣੀ ਮੇਰੇ ਨਾਲੋਂ ਚਾਰ ਕਦਮ ਅੱਗੇ ਹੈ, ਉਸਨੇ ਹੱਸਦਿਆਂ ਹੱਸਦਿਆਂ ਕਿਹਾ, ਤੁਸੀਂ ਪੰਡਿਤ ਪਾਸੋਂ ਭਜਨ ਲੈ ਲਿਆ, ਮੈਂ ਤਾਂ ਸਤਿਗੁਰੂ ਪਾਸੋਂ ਭਜਨ ਲਵਾਂਗੀ। ਜਾਣੀ ਜਾਣ ਸੱਚੇ ਪਾਤਸ਼ਾਹ ਉਸਦੀ ਉਵੇਂ ਇੱਛਾ ਪੂਰੀ ਕੀਤੀ। ਉਸ ਨੂੰ ਤਿੰਨ ਵਾਰ ਦਰਸ਼ਨ ਹੋਏ ਪਰ ਹੋਏ ਸੁਪਨੇ ਵਿਚ। ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਤੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ। ਜਦ ਦਰਸ਼ਨ ਹੁੰਦੇ ਇਹ ਡੰਡੌਤਾ ਕਰਦੀ ਤੇ ਖ਼ੁਸ਼ੀਆਂ ਲੈਂਦੀ। ਇਕ ਵੇਰ ਚੰਨਣ ਕੌਰ ਨੇ ਸੱਚੇ ਪਾਤਸ਼ਾਹ ਦਾ ਵੀ ਜੋੜਾ ਪਾਲਿਸ਼ ਕੀਤਾ। ਇਹ ਆਸਣ ਵਿਛਾ ਭਜਨ ਕਰ ਰਹੀ ਸੀ ਤਾਂ ਇਕ ਡੋਲੀ ਆਕਾਸ਼ ਵਿਚੋਂ ਉਤਰੀ। ਉਸ ਵਿਚੋਂ ਦੀਨਦੁਨੀ ਦੇ ਵਾਲੀ ਸਤਿਗੁਰੂ ਰਾਮ ਸਿੰਘ ਜੀ, ਲਮੀਆਂ ਭੁਜਾ, ਉੱਚੀ ਗਰਦਨ, ਮੋਟੇ ਨੇਤਰ, ਤਿੱਖਾ ਨੱਕ, ਗਲ ਵਿਚ ਤੁਲਸੀ ਮਾਲਾ। ਪਾਤਸ਼ਾਹ ਦੇ ਨਾਲ ਇੱਕ ਮਾਈ ਵੀ ਸੀ। ਇਸ ਨੇ ਚਰਨਾਂ ਤੇ ਮੱਥਾ ਟੇਕਿਆ ਅਤੇ ਅਰਜ਼ ਕੀਤੀ ਪਾਤਸ਼ਾਹ ਸੰਗਤਾਂ ਵਿਲਕ ਰਹੀਆਂ ਹਨ, ਦਰਸ਼ਨਾਂ ਦੀ ਦਾਤ ਬਖਸ਼ੋ। ਬਚਨ ਹੋਇਆ ਅਜੇ ਸਮਾਂ ਨਹੀਂ ਹੋਇਆ ਛੇਤੀ ਅਵਾਂਗਾ।'

ਮਾਸਟਰ ਜੀ! ਅੱਗੇ ਸੁਣੋ ਨਵੀਂ ਕਹਾਣੀ ਭਗਵਾਨ ਕ੍ਰਿਸ਼ਨ ਬਾਰੇ ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਦੀਆਂ 16 ਹਜ਼ਾਰ ਗੋਪੀਆਂ ਸਨ ਤੇ ਭਗਵਾਨ ਕ੍ਰਿਸ਼ਨ ਸਭਨਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ। ਅੱਜ ਇਸ ਸਾਇੰਸ ਦੇ ਯੁੱਗ ਵਿਚ ਇਸ ਤੇ ਟੀਕਾ ਟਿੱਪਣੀ ਤੇ ਕਿੰਤੂ ਕੀਤੇ ਜਾਂਦੇ ਹਨ, ਪਰ ਸਾਨੂੰ ਜੋ ਵਖਾਇਆ ਗਿਆ ਹੈ। ਉਸ ਤੋਂ ਸਪੱਸ਼ਟ ਹੁੰਦਾ ਹੈ, ਕਿ ਜੇ ਭਗਵਾਨ ਦੀਆਂ 16 ਹਜ਼ਾਰ ਗੋਪੀਆਂ ਕੀ 16 ਕਰੋੜ ਵੀ ਹੁੰਦੀਆਂ ਤਾਂ ਉਹ ਸਭ ਦੀ ਕਾਮਨਾਵਾਂ ਪੂਰੀਆਂ ਕਰ ਸਕਦੇ ਸਨ। ਇਸ ਸਬੰਧ ਵਿਚ ਇਕ ਨਿਜੀ ਘਟਨਾ ਪੇਸ਼ ਕਰਨੀ ਜ਼ਰੂਰੀ ਸਮਝਦਾ ਹਾਂ ਉਸਦਾ ਨਕਸ਼ਾ ਪੇਸ਼ ਕਰਨ ਲੱਗਿਆਂ ਹੀ ਮੇਰੇ ਮਨ ਅੰਦਰ ਖ਼ੁਸ਼ੀ ਦੀਆਂ ਲਹਿਰਾਂ ਦੌੜਨ ਲੱਗ ਪਈਆਂ ਹਨ।'

'ਇਸ ਸਮੇਂ ਕਲਿਜੁਗ ਵਿਚ ਮੇਰੇ ਭਗਵਾਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ, ਜਿਨ੍ਹਾਂ ਮੇਰੇ ਮਨ ਦੀਆਂ ਘੁੰਡੀਆਂ ਖੋਲੀਆਂ ਮੇਰੇ ਸ਼ੰਕੇ ਨਵਿਤਰ ਕੀਤੇ। ਜਰਾ ਸੁਣੋ। ਕਿੱਥੇ ਇਹ ਕਾਲਿਆਂ ਦੀ ਧਰਤੀ ਕਿੱਥੇ ਸ੍ਰੀ ਭੈਣੀ ਸਾਹਿਬ ਹਜ਼ਾਰਾਂ ਕੋਹਾਂ ਦੀਆਂ ਵਿਥਾਂ, ਰਾਹ ਵਿਚ ਭਾਰੀ ਸਮੁੰਦਰ, ਜੰਗਲ ਬੇਲੇ, ਮਰੂਸਥਲ ਤੇ ਕਈ ਥਾਈਂ ਉੱਚੇ ਨੀਵੇਂ ਪਰਬਤ ਪਰ ਮਨ ਦੇ ਵਲ ਕੱਢਣ ਹਿਤ ਉਨ੍ਹਾਂ ਇੱਥੇ ਕੇ ਦਰਸ਼ਨ ਦਿੱਤੇ। ਬਿਨਾ ਵਾਯੂਯਾਨ, ਬਿਨਾਂ ਰੇਲ ਗੱਡੀ, ਬਿਨਾ ਮੋਟਰ ਕਾਰ ਘਟਨਾ ਬਹੁਤ ਦੂਰ ਦੀ ਨਹੀਂ।

ਨਰੋਬੀ ਦੀਆਂ ਸੰਗਤਾਂ ਦਰਸ਼ਨਾਂ ਵਾਸਤੇ ਅਰਜ਼ ਕਰ ਭੇਜੀ, ਜਿਹੜੀ ਪ੍ਰਵਾਨ ਹੋ ਗਈ। ਸੰਗਤਾਂ ਤੋਂ ਪੁੱਛ ਗਿੱਛ ਕੀਤੀ, ਕਿ ਉਹ ਕਿੰਨੀਆਂ ਕਿੰਨੀਆਂ ਟਿਕਟਾਂ ਦਾ ਪ੍ਰਬੰਧ ਕਰ ਸਕਦੇ ਹਨ। ਮੈਂ ਅਜੇ ਨਵਾਂ ਕੂਕਾ ਬਣਿਆ ਸਾਂ। ਸੋਚਾਂ ਦੇ ਸਾਗਰ ਵਿਚ ਠਿੱਲ ਪਿਆ। ਟਿਕਟਾਂ ਦੀ ਕੀ ਲੋੜ? ਕਿੰਨਾ ਸਮਾਂ ਐਵੇਂ ਹੀ ਮਨ ਰਿਊੜੀਆਂ ਭੰਨਦਾ ਰਿਹਾ। ਕੈਸਾ ਗੁਰੂ ਹੈ? ਟਿਕਟਾਂ ਵਾਸਤੇ ਪੈਸੇ ਇਕੱਠੇ ਕੀਤੇ ਜਾਂਦੇ ਹਨ। ਪਿਛਲੇ ਗੁਰੂ ਸਨ, ਕਿ ਅਰਜ਼ ਕੀਤੀ ਨਹੀਂ ਕਿ ਸੇਵਕਾਂ ਦੇ ਕਾਰਜ ਰਾਸ। ਗੁਰੂ ਨਾਨਕ ਦਵੇ ਜੀ, ਬੇਬੇ ਨਾਨਕੀ ਦੀ ਯਾਦ ਤੇ ਮਕਿਓਂ ਸੁਲਤਾਨਪੁਰ ਆ ਪੁੱਜੇ ਸਨ। ਗੁਰੂ ਤੇਗ ਬਹਾਦਰ, ਮੱਖਣ ਸ਼ਾਹ ਲੁਬਾਣੇ ਦੇ ਜਹਾਜ਼ ਬੰਨੇ ਲਾਇਆ ਸੀ: ਸਤਿਗੁਰੂ ਰਾਮ ਸਿੰਘ ਜੀ ਘੜੀਆਂ ਪਲਾਂ ਵਿਚ ਰਾਏ ਸਿੰਘ ਨੂੰ ਸ਼ੇਰ ਦੇ ਮੂੰਹ ਪੈਣੋਂ ਬਚਾਇਆ ਸੀ; ਸਤਿਗੁਰੂ ਪ੍ਰਤਾਪ ਸਿੰਘ ਜੀ ਦਲੀਪ ਸਿੰਘ ਹਿਸਾਰੀਏ ਦੀ ਅਧੀ ਰਾਤੀਂ ਉਠ ਕੇ ਚਿਤਰੇ ਪਾਸੋਂ ਰੱਖਿਆ ਕੀਤੀ ਸੀ; ਇੱਥੇ ਟਿਕਟਾਂ ਦਾ ਖ਼ਰਚਾ ਮੰਗਿਆ ਜਾ ਰਿਹਾ ਹੈ। ਇਨ੍ਹਾਂ ਸੋਚਾਂ ਵਿਚਾਰਾਂ ਵਿਚ ਦਿਨ ਬੀਤ ਗਿਆ। ਸੂਰਜ ਨੂੰ ਅੰਨ੍ਹੇਰੇ ਨੇ ਘੇਰਾ ਪਾ ਲਿਆ। ਕੀਰਤਨ ਸੋਹਿਲ ਦਾ ਪਾਠ ਕੀਤਾ ਤੇ ਬ੍ਰਾਜ ਗਿਆ। ਰਾਤ ਢੱਲ ਗਈ, ਖਿਤੀਆਂ ਔਹ ਚਲੀਆਂ ਗਈਆਂ। ਅੰਮ੍ਰਿਤ ਵੇਲਾ ਹੋ ਗਿਆ, ਮੰਜੇ ਨੂੰ ਲੱਤ ਮਾਰੀ ਤੇ ਇਸ਼ਨਾਨ ਕੀਤਾ। ਗੜਵਾ ਜਲ ਦਾ ਰਖਿਆ ਧੂਫ ਧੁਖਾਈ, ਆਸਣ ਵਿਛਾਇਆ ਤੇ ਮਾਲਾ ਫੜ ਬਹਿ ਗਿਆ। ਲਾਗੇ ਹੀ ਚੰਨਨ ਕੌਰ ਗੁਰ ਚਰਨਾਂ ਨਾਲ ਜੁੜ ਗਈ। ਬੀਬੀ ਜੋਗਿੰਦਰ ਕੌਰ ਵੀ ਇਸ਼ਨਾਨ ਕਰ ਬਿਰਤੀ ਸਤਿਗੁਰ ਚਰਨਾਂ ਤੇ ਟਿਕਾਈ।'

'ਵਾਹ ਭਈ ਵਾਹ! ਤੁਹਾਡਾ ਪਰਿਵਾਰ ਤਾਂ ਮਾਤਲੋਕ ਤੇ ਮਾਨਸਰੋਵਰ! ਇਤਨਾ ਸੁਖਾਵਾਂ ਵਾਤਾਵਰਨ! ਇਤਨਾ ਭਾਗਸ਼ੀਲ ਪਰਿਵਾਰ। ਹੰਸ ਤੇ ਹੰਸਲੇ ਮੋਤੀ ਚੋਗ ਚੁੱਗਣ। ਭੜਵੀਂ ਸਵਰਗਾ ਪੁਰੀ ਕਾ ਮੁਕਾਬਲਾ ਕਰ ਸਕਦੀ ਏ?'

'ਨਹੀਂ ਮਾਸਟਰ ਜੀ! ਐਵੇ ਨ ਫੂਕ ਚਾੜ੍ਹੋ।'

'ਇਹ ਪੂਰਨ ਸੱਚ! ਤੂੰ ਕਥਾ ਅੱਗੇ ਟੋਰ।'

ਸਿਮਰਨ ਕਰਦਿਆਂ। ਅੱਧਾ ਕੁ ਘੰਟਾ ਬੀਤਿਆ ਹੋਣਾ ਏ, ਕਿ ਕੰਨਾਂ ਵਿਚ ਘੁਰਰ ਘੁਰਰ ਦੀ ਆਵਾਜ਼ ਪਈ। ਬਾਹਰਲੇ ਦਰਵਾਜ਼ੇ ਥੀਂ ਲਾਈਟਾਂ ਦਾ ਲਿਸ਼ਕਾਰਾ

Sri Satguru Jagjit Singh Ji eLibrary NamdhariElibrary@gmail.com

ਵੀ ਵੱਜਾ। ਕੋਈ ਅੱਖ ਨਹੀਂ ਲੱਗੀ, ਊਂਘ ਨਹੀਂ ਆਈ; ਸੁਪਨਾ ਨਹੀਂ ਵੇਖਿਆ। ਜਾਗਦਿਆਂ ਇੰਨਾਂ ਨੇਤਰਾਂ ਨਾਲ ਤਕਿਆ। ਖ਼ਿਆਲ ਆਇਆ ਸੂਬਾ ਦਰਸ਼ਨ ਸਿੰਘ ਕੰਪਾਲੇ ਗਿਆ ਹੋਇਆ ਸੀ। ਉਨ੍ਹਾਂ ਦੀ ਰਿਹਾਇਸ਼ ਉਨ੍ਹੀਂ ਦਿਨੀਂ ਸਾਡੇ ਫਲੈਟ ਵਿਚ ਸੀ, ਉਹ ਆਇਆ ਹੋਣਾ ਏ। ਇਤਨੇ ਨੂੰ ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਆਈ ਤੇ ਨਾਲ ਹੀ ਪਊਆਂ ਦੀ ਖਟ ਖਟ। ਹੁਣ ਸਾਰਾ ਕਮਰਾ ਪ੍ਰਕਾਸ਼ ਨਾਲ ਲਟ ਲਟ ਨੂਰੋ ਨੂਰ ਹੋ ਗਿਆ। ਉਹੋ ਮੋਹਣੀ ਮੂਰਤ, ਜਿਸਦੀ ਖਿੱਚਵੀਂ ਤਸਵੀਰ ਕਵੀ ਪ੍ਰੀਤਮ ਸਿੰਘ ਖਿੱਚੀਏ, ਮੇਰੇ ਲਾਗੇ ਆ ਕੇ ਖਲੋ ਗਏ:-

**ਇਹ ਸੋਮਾ ਹੈ ਪਿਆਰਾਂ ਦਾ**
**ਖਿਮਾ; ਸੀਤਲਤਾ, ਸੁੱਚ, ਸੰਜਮ**
**ਘੇਰਾ ਇਦ੍ਹੇ ਦੀਦਾਰਾਂ ਦਾ।**
**ਤਪਤ ਬੁਝੇ ਤਨ, ਮਨ ਤੇ ਧਨ ਦੀ,**
**ਪਾ ਝਲਕਾ ਇਕ ਠਾਰਾਂ ਦਾ।**
**ਦੁਖ ਭੁਲੇ ਸੁਖ ਸਹਿਜ ਉਪਜਦੇ,**
**ਰਸ ਮਿਲਦਾ ਝਲਕਾਰਾਂ ਦਾ।**
**ਸੂਖਮ, ਕੋਮਲ, ਸਦਾ ਸੁਗੰਧਤ,**
**ਮਹਿਰਮ ਦਿਲ ਦੀਆਂ ਤਾਰਾਂ ਦਾ।**
**ਮਾਨੁਖਤਾ ਦੇ ਬੂਟੇ ਉਤੇ,**
**ਮਹਿਕਿਆ ਪੁਸ਼ਪ ਬਹਾਰਾਂ ਦਾ।**

ਉਤਾਂਹ ਨਿਗਾਹ ਕੀਤੀ, ਪ੍ਰਤਖ ਦਰਸ਼ਨ; ਸਾਖਿਆਤ ਦੀਦਾਰੇ ਵਿਸਮਾਧਤਾ ਪਸਰ ਗਈ। ਕੁਝ ਵਰਨਣ ਨਹੀਂ ਕੀਤਾ ਜਾ ਸਕਦਾ।

**ਦੇਖਿ ਸਰੂਪ ਪੂਰਨ ਭਈ ਆਸਾ,**
**ਦਰਸਨੁ ਭੇਟਿਤ ਉਤਰੀ ਭੁਖ।**
**ਚਾਰ ਪਦਾਰਥ ਅਸ਼ਟ ਮਹਾਂ ਸਿਧ,**
**ਕਾਮਧੇਨ, ਪਾਰਜਾਤ ਹਰਿ ਹਰਿ ਰੁਖੁ।**
**ਨਾਨਕ ਸਰਨਿ ਗਹੀ ਸੁਖ ਸਾਗਰ,**
**ਜਨਮ ਮਰਨ ਫਿਰਿ ਗਰਭ ਨ ਧੁਖ।**

(ਮਹਲਾ ੫-੭੧੭-੧੮)

ਸਾਰਾ ਪਰਿਵਾਰ ਵੈਰਾਗੀ ਹੋ ਗਿਆ, ਮੰਜੇ ਤੇ ਜਾ ਲੇਟਿਆ। ਬੋਲਣ ਦੀ ਵਾਹ ਨਾ ਰਹੀ।......

**ਰਾਮ ਗੁਰਿ ਸੋਹਨਿ ਮੋਹਿ ਮਨ ਲਈਆ,**
**ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ।**

(ਮਹਲਾ ੪-੮੩੬)

Sri Satguru Jagjit Singh Ji eLibrary NamdhariElibrary@gmail.com

ਰੰਗ ਚੜ ਗਿਆ। ਮਸਤੀ ਛਾ ਗਈ। ਕੁਝ ਔੜਦਾ ਨਹੀਂ। ਕੀ ਦੱਸਾਂ। ਭਰਮ ਦੇ ਗੇੜ ਵਿਚ ਤਰੇੜਾਂ ਪੈ ਗਈਆਂ। ਉਸਦੇ ਥਮ ਥਿੜਕ ਗਏ। ਆਨਨ ਫਾਨਨ ਵਿਚ ਸਭ ਕੁਝ ਧੜੈਂ ਕਰਦਾ ਰਤੀ ਤੇ ਜਾ ਡਿੱਗਾ।

**ਫੂਟੋ ਆਂਡਾ ਭਰਮ ਕਾ ਮਨਹਿ ਭਇਆ ਪਰਗਾਸੁ।**
**ਕਾਟੀ ਬੇੜੀ ਪਗਹਿ ਤੇ ਗੁਰੂ ਕੀਨੀ ਬੰਧਿ ਖਲਾਸੁ।**

ਫੇਰ ਕਦੇ ਗਿਲਾਨੀ ਨਹੀਂ ਫੁਰੀ। ਭਰੋਸਾ ਬਜ ਗਿਆ ਕਿ:-

**ਗੁਰ ਗੋਬਿੰਦ ਗੋਪਾਲ ਗੁਰ**
**ਗੁਰ ਪੂਰਨ ਨਾਰਾਇਣਹ**
**ਗੁਰ ਦਇਆਲ ਸਮਰਥ ਗੁਰ**
**ਗੁਰ ਨਾਨਕ ਪਤਿਤ ਉਧਾਰਣਹ।** (ਮਹਲਾ ੫-੭੧੦)

---

* ਪ੍ਰੀਤਮ ਸਿੰਘ, ਸਪੁੱਤਰ ਜੁਆਲਾ ਸਿਘ ਮਠਾੜੂ, ਮਾਤਾ ਹਰਬੰਸ ਕੌਰ, ਜਨਮ 19 ਸਤੰਬਰ 1925, ਸਾਂਕਰ ਜ਼ਿਲ੍ਹਾ ਜਲੰਧਰ। ਵਿਦਿਆ.... ਮਿਡਲ ਪਾਸ।

* ਚੰਨਣ ਕੌਰ, ਪਿਤਾ ਊਧਮ ਸਿੰਘ, ਮਾਤਾ ਹਰਨਾਮ ਕੌਰ, ਜਨਮ....ਜਨਵਰੀ 1926, ਪਿੰਡ ਗਿਲ, ਜ਼ਿਲ੍ਹਾ ਜਲੰਧਰ। ਅਨੰਦ ਕਾਰਜ-1944 ਵਿਚ, ਸੋਧ ਦੇ ਧਾਰਨੀ-1966 ਵਿਚ।

Sri Satguru Jagjit Singh Ji eLibrary NamdhariElibrary@gmail.com

## ਕੌਡੀਉਂ ਰਤਨ

ਅੰਮ੍ਰਿਤ ਵੇਲੇ ਦੀ ਸ੍ਰੀ ਆਸਾ ਦੀ ਵਾਰ ਦਾ ਭੋਗ ਪਿਆ। ਅਰਦਾਸ ਹੋਈ। ਸੰਗਤਾਂ ਸੱਚੇ ਪਾਤਸ਼ਾਹ ਤੇ ਸਾਧ ਸੰਗਤ ਦੇ ਦਰਸ਼ਨ ਕਰ ਘਰਾਂ ਨੂੰ ਮੁੜੀਆਂ। ਮੈਂ ਵੀ ਆਪਣੇ ਕੈਂਪ ਵਲ ਪੈਰ ਵਧਾਏ ਤਾਂ ਇਕ ਦਮ ਵਧਾਈਆਂ, ਵਧਾਈਆਂ। ਮਾਸਟਰ ਜੀ ਵਧਾਈਆਂ ਦਾ ਮੀਂਹ ਵਸਣਾ ਸ਼ੁਰੂ ਹੋ ਗਿਆ। ਮੇਰਾ ਸਿਰ ਭਾਰ ਨਾਲ ਦੱਬਿਆ ਗਿਆ। ਚੁੱਕਿਆ ਨਾ ਜਾਵੇ। ਉਸ ਸਮੇਂ ਮੇਰੀ ਸੁਰਤ ਇਕ ਦਮ ਉਡਾਰੀ ਭਰੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਜਾ ਟਿੱਕੀ। ਮਨ ਅੰਦਰ ਉਹਦੀਆਂ ਬਖਸ਼ਸ਼ਾਂ ਨੂੰ ਜਾਚਣ ਜੋਖਣ ਲੱਗਾ। ਕਿਤਨਾ ਵਿਸ਼ਾਲ ਹੈ ਉਸਦਾ ਪਾਵਨ ਹਿਰਦਾ! ਕਿਤਨੀ ਵੱਡੀ ਹੈ ਉਸਦੀ ਵਡਿਆਈ! ਕੋਈ ਤਰਾਜੂ ਤੋਲ ਨਹੀਂ ਸਕਦਾ, ਕੋਈ ਗਜ ਮਾਪ ਨਹੀਂ ਸਕਦਾ। ਇਸੇ ਵਾਸਤੇ ਭਗਤ ਰਵਿਦਾਸ ਠੀਕ ਹੀ ਕਿਹਾ ਹੈ:-

**ਐਸੀ ਲਾਲ ਤੁਠ ਬਿਨ ਕਉਨ ਕਰੈ**
**ਗਰੀਬ ਨਿਵਾਜ਼ੁ ਗੁਸਈਆਂ ਮੇਰਾ ਮਾਥੈ ਛਤਰ ਧਰੈ।**
**ਜਾਕੀ ਛੋਤਿ ਜਗਤ ਕਉ ਲਾਗੈ ਤਾਂ ਪਰ ਤੁਹੀ ਢਰੈ। (ਰਹਾਉ)**
**ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂੰ ਤੇ ਨਾ ਡਰੈ।**
**ਨਾਮਦੇਵ, ਕਬੀਰ, ਤ੍ਰਿਲੋਚਨੁ ਸਧਨਾਂ ਸੈਨ ਤਰੈ**
**ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।**

(੧੧੦੬)

ਸੋਚਾਂ ਦਾ ਵਹਿਣ ਲਗਾ ਲੰਮਾ ਚੌੜਾ ਹੋਵਣ। ਪਿਛਾਂ ਵਲ ਝਾਤ ਮਾਰੀ। ਜਰਾ ਗਹੋ ਨਾਲ ਤਕਿਆ। ਲੱਗਾ ਇਤਿਹਾਸ ਦੇ ਪੰਨਿਆਂ ਨੂੰ ਫਰੋਲਨ। ਇਕ ਚੁਕਿਆ, ਦੂਜਾ ਪਰਤਿਆ, ਤੀਜੇ ਤੇ ਨਜ਼ਰ ਦੌੜਾਈ। ਸਭ ਇੱਕ ਦੂਏ ਨਾਲੋਂ ਵੱਧ ਲਿਸ਼ਕਾਰੇ ਮਾਰਨ। ਪਰ ਸਮੇਂ ਦੇ ਭਗਵਾਨ ਦੀ ਮਹਿਮਾ ਉਸੇ ਤੁੱਲ, ਜਿਵੇਂ ਭੱਟਾਂ ਨੇ ਗੁਰੂ ਅਮਰ ਦਾਸ ਦੇ ਸੋਹਲੇ ਗਾਏ ਹਨ:-

**ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤਨ ਆਵੈ**
**ਰਵਿਸਸਿ ਕਿਰਣਿ ਉਦਰ ਸਾਗਰ ਕੋ ਗੰਗ ਤਰੰਗ ਅੰਤ ਕੋ ਪਾਵੈ**
**ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ ਉਨਹੁ ਜੋਗਾਵੈ**
**ਭਲੇ ਅਮਰ ਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿਆਵੈ।**

Sri Satguru Jagjit Singh Ji eLibrary NamdhariElibrary@gmail.com

ਜਦ ਇਤਿਹਾਸਿਕ ਗ੍ਰੰਥ ਦੇ ਪਤਰਿਆਂ ਨੂੰ ਉਲਟਿਆ ਤਾਂ ਸਭ ਤੋਂ ਪਹਿਲਾਂ ਨਜ਼ਰੀਂ ਪਈ ਸ਼ਵਰੀ। ਜਾਮਾ ਲੀਰੋ ਲੀਰ, ਹੱਥ ਵਿਚ ਝਾੜੂ, ਸਿਰ ਤੇ ਟੋਕਰੀ। ਭਗਵਾਨ ਰਾਮ ਉਸਤੇ ਕੇਸਰ ਛਿੜਕ, ਖੁਸ਼ਬੋਈ ਖੁਸ਼ਬੋਈ ਕਰ ਦਿੱਤਾ। ਆਪਣੇ ਨਾਲੋਂ ਵੀ ਉੱਚਾ ਚੁੱਕ ਦਿੱਤਾ। ਜਿਸ ਸਰੋਵਰ ਦਾ ਪਾਣੀ ਰਿਸ਼ੀਆਂ ਮੁਨੀਆਂ ਦੇ ਚਰਨ ਧੋ ਕੇ ਪਾਣ ਨਾਲ ਸਾਫ਼ ਨਾ ਹੋਇਆ ਜਿਸ ਸਰੋਵਰ ਦਾ ਜਲ ਆਪਣੇ ਚਰਨ ਧੁਆਕੇ ਪਾਣ ਨਾਲ ਵੀ ਪਵਿੱਤਰ ਨਾ ਹੋਇਆ, ਉਹੋ ਜਲ ਗ਼ਰੀਬ ਭੀਲਣੀ ਦੇ ਪੈਰਾਂ ਦੇ ਛੂਹਣ ਨਾਲ ਕੁੰਗੂ ਹੋ ਨਿਤਰਿਆ। ਅਗ੍ਹਾਂ ਪੈਰ ਪੁੱਟੇ ਤਾਂ ਬਿਰਧ ਦੀ ਕੁਟੀਆ ਨਜ਼ਰੀਂ ਆਈ, ਜਿਸਦਾ ਨਕਸ਼ਾ ਗੁਰੂ ਅਰਜਨ ਦੇਵ ਜੀ ਇਉਂ ਖਿੱਚਿਆ:-

**ਬਸਤਾ ਤੂਟੀ ਝੁੰਪੜੀ, ਚੀਰ ਸਭਿ ਛਿੰਨਾ**
**ਜਾਤਿ ਨ ਪਤਿ ਨ ਆਦਰੋ, ਉਦਿਆਨ ਭ੍ਰਮਿੰਨਾ**
**ਮਿਤ੍ਰ ਨ ਇਠ ਧਨ ਰੂਪ ਹੀਨ ਕਿਛ ਸਾਕੁ ਨ ਸਿੰਨਾ**
**ਰਾਜਾ ਸਗਲੀ ਸ੍ਰਿਸ਼ਟਿ ਕਾ ਹਰਿ ਨਾਮ ਮਨ ਭਿੰਨਾ** (੭੦੭)

ਇਸ ਕੁਟੀਆ ਨੂੰ ਅਕਾਸ਼ ਪਤਾਲਾਂ ਦੇ ਮਾਲਿਕ, 'ਸਾਂਵਲ ਸੁੰਦਰ ਰਸੀਯਾ' ਨੇ ਦਰਯੋਧਨ ਦੇ ਮਹਿਲ ਮਾੜੀਆਂ ਤਿਆਗ, ਪ੍ਰੇਮ ਬੰਧਨਾਂ ਦੇ ਬੱਧੇ ਜਾ ਨਿਵਾਜ਼ਿਆ ਤੇ ਕੇਲੇ ਦੇ ਛਿਲਕਿਆਂ ਨੂੰ ਮਾਇਆ ਧਾਰੀਆਂ ਦੇ ਛੱਤੀ ਪਕਵਾਨਾਂ ਨਾਲੋਂ ਵਿਸ਼ੇਸ਼ਤਾ ਦੇ ਕੇ ਪ੍ਰਸੰਨਤਾ ਪ੍ਰਗਟ ਕੀਤੀ।

ਸੁਦਾਮਾ ਕਿਹੜੇ ਬਾਗ਼ ਦੀ ਮੂਲੀ ਸੀ? ਘਰ ਵਾਲੀ ਦੀਆਂ ਝਿੜਕਾਂ ਖਾ ਖਾ ਹੱਡੀਆਂ ਦੀ ਮੁੱਠ ਬਣਿਆ, ਡਰਦਾ ਡਰਦਾ ਜਾ ਵੜਿਆ ਭਗਵਾਨ ਦੇ ਦਰਬਾਰ। ਫੱਟੀ ਧੋਤੀ, ਨੰਗੇ ਪੈਰੀਂ ਵੇਖ ਭਗਵਾਨ ਨੂੰ ਭੁੱਲ ਗਿਆ ਸਿੰਘਾਸਨ! ਵੇਖਦੇ ਰਹਿ ਗਏ ਦਰਬਾਰੀ ਤੇ ਅਹਿਲਕਾਰ। ਗ਼ਰੀਬ ਪਰਵਾਰ ਪੈਰ ਧੋਣ ਲੱਗ ਪਇਆ ਗ਼ਰੀਬੜੇ ਬ੍ਰਾਹਮਣ ਦੇ, ਜਿਸਤੋਂ ਪਰਛਾਵਾਂ ਵੀ ਡਰਦਾ ਸੀ। ਉਸਦੇ ਤੰਦਲਾਂ ਦਾ ਮੁਲ ਤਾਰਿਆ, ਮਹਿਲ ਮਾੜੀਆਂ ਉਸਾਰ ਕੇ।

ਭਾਈ ਲਾਲੋ ਕੋਈ ਤਖਤ ਹਜ਼ਾਰੇ ਦਾ ਮਾਲਿਕ ਨਹੀਂ ਸੀ। ਕਲਿਜੁਗ ਦੇ ਬੋਹਿਥ ਸ੍ਰੀ ਗੁਰੂ ਨਾਨਕ ਦੇਵ ਜੀ, ਮਲਕ ਭਾਗੋ ਦੇ ਬ੍ਰਹਮ ਭੋਜ ਨੂੰ ਲੱਤ ਮਾਰ, ਕੋਧਰੇ ਦੀ ਰੋਟੀ ਨੂੰ ਦੁੱਧ ਦੀ ਮਟਕੀ ਕਰ ਵਖਾਇਆ।

**ਛਿਨ ਮਹਿ ਨੀਚੁ ਕੀਟ ਕੋ ਰਾਜੁ।**
**ਪਾਰ ਬ੍ਰਹਮ ਗਰੀਬ ਨਿਵਾਜ।**

ਸਤਿਗੁਰੂ ਰਾਮ ਸਿੰਘ ਦਾ ਘਰ ਵੱਡਾ, ਬਹੁਤ ਵੱਡਾ, ਬਹੁਤ ਬਹੁਤ ਵੱਡਾ ਅਤਿ ਉੱਚਾ ਤਾਕਾ ਦਰਬਾਰ, ਅੰਤ ਨਹੀਂ ਕੁਛ ਪਾਰਾਵਾਰ।

ਇੱਥੋਂ ਪਰਮ ਸੁਖ; ਇੱਥੋਂ ਕੰਗਲੀਆਂ ਨੂੰ ਬਾਦਸ਼ਾਹੀਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਿਰਦੇ ਦੀ ਵਿਸ਼ਾਲਤਾ ਅਪਰ-ਅਪਾਰ ਜਿੰਨਾਂ ਉਹਨਾਂ ਦੇ ਲੰਗਰ ਦੀ ਸੇਵਾ ਕੀਤੀ, ਉਹਨਾਂ ਵਾਸਤੇ ਦਰਗਾਹ ਦੇ ਦਰਵਾਜ਼ੇ ਖੁੱਲ੍ਹੇ ਜਿੰਨਾਂ ਝਾੜੂ ਦਿੱਤਾ ਉਨ੍ਹਾਂ ਦੇ ਧਰਮ ਰਾਜ ਚਾਕਰ; ਜਿੰਨਾਂ ਘੋੜਿਆਂ ਦੀ ਲਿੱਦ ਸੁੱਟੀ ਉਹ ਰਾਜੇ

ਮਹਾਰਾਜੇ, ਜਿੰਨਾਂ ਘੋੜੇ ਨੂੰ ਖੜਕਣਾ ਕੀਤਾ ਉਨਾਂ ਨੂੰ ਇੰਦਰ ਦੀਆਂ ਅਪੱਸਰਾਂ ਨੂੰ ਮਾਤ ਪਾਣ ਵਾਲੀਆਂ ਇਸਤਰੀਆਂ; ਜਿਨਾਂ ਗੋਹੇ ਦੀ ਟੋਕਰੀ ਚੁੱਕੀ ਉਨ੍ਹਾਂ ਦੇ ਬੂਹੇ ਅੱਗੇ ਸ਼ਾਹੀਵਾਲ ਤੇ ਹਰਿਆਣੇ ਦੀ ਨਸਲ ਦੀਆਂ ਦੋਧਲ ਗਊਆਂ। ਉਨਾਂ ਦੇ ਬਚਨਾਂ ਤੇ ਫੁੱਲ ਚਾੜਨ ਵਾਲੇ ਕੰਬੋਆਂ ਤੇ ਸੈਣੀਆਂ ਨੂੰ ਨਵਾਬਾਂ ਦੇ ਨਵਾਬ ਤੇ ਸਰਦਾਰਾਂ ਦੇ ਸਰਦਾਰ ਬਣਾ ਨਵਾਜ਼ਿਆ।

ਸਮੇਂ ਦੇ ਮਾਲਿਕ ਸਤਿਗੁਰੂ ਜਗਜੀਤ ਸਿੰਘ ਜੀ, ਉਵੇਂ ਗੁਰ-ਪਿਤਾ ਦੇ ਚਰਨ ਚਿੰਤਾ ਤੇ ਚਲਦਿਆਂ ਕਰ ਰਹੇ ਹਨ ਮਾਲਾ ਮਾਲ ਉੜਿਆ ਥੁੜਿਆਂ ਨੂੰ। ਉਹ ਬੱਚੇ ਜਿਨ੍ਹਾਂ ਦੇ ਵਡ-ਵਡੇਰਿਆਂ ਕਦੇ ਸੰਗੀਤ ਦਾ ਨਾਉਂ ਨਹੀਂ ਸੀ ਸੁਣਿਆ, ਉਨ੍ਹਾਂ ਨੂੰ ਸੰਗੀਤਾ ਚਾਰੀਆ ਬਣਾ ਪੌਣ ਉਡਾਰਿਆ, ਜਿਨ੍ਹਾਂ ਦੇ ਪਿਤਾ ਪਿਤਾਮਾ ਖਿਦੋ ਖੂੰਡੀ ਨਾਲ ਮਨ ਪ੍ਰਚਾਂਦੇ ਸਨ, ਉਹ, ਓਨ੍ਹਾਂ ਦੇ ਬੱਚਿਆਂ ਨੂੰ ਹਾਕੀ ਦੇ ਸ਼ਾਹੀ ਦੰਗਲਾਂ ਦੀਆਂ ਮਾਲੀਆਂ। ਉਨ੍ਹਾਂ ਵਿਦਿਆਰਥੀਆਂ ਜਿਨ੍ਹਾਂ ਦੇ ਪਿਓ ਦਾਦੇ ਵਾਸਤੇ ਕਾਲਾ ਅੱਖਰ ਭੈਂਸ ਬਰਾਬਰ ਸੀ ਉਨ੍ਹਾਂ ਸਾਹਿਤ ਅਭਿਲਾਸ਼ੀਆਂ ਨੂੰ ਮਾਸਟਰੀ ਤੇ ਡਾਕਟਰੀ ਦੀਆਂ ਡਿਗਰੀਆਂ ਦਵਾਉਣ ਵਾਸਤੇ ਮਾਇਆ ਦੇ ਖੁੱਲੇ ਗੱਫੇ। ਇਨ੍ਹਾਂ ਦੀ ਗ਼ਰੀਬ ਪ੍ਰਵਰੀ ਦੇਸ਼ਾਂ ਪ੍ਰਦੇਸ਼ਾਂ ਵਿਚ ਪ੍ਰਸਿੱਧ। ਇਨ੍ਹਾਂ ਦੀ ਸਖਾਵਤ ਸਾਹਮਣੇ ਹਾਤਮ ਤੇ ਰਾਜੇ ਹਰੀਚੰਦ ਵਰਗੇ ਪਾਣੀ ਭਰਨ।

ਇਹ ਤੁਠ ਪਏ ਸੰਤ ਅਨੰਤਾ ਸਿੰਘ ਤੇ ਉਸਨੂੰ ਰਤਨਾਂ ਦੀ ਮਾਲਾ ਵਿਚ ਚੁੱਕ ਪਰੋਇਆ। ਉਹ ਬਿਲਕੁਲ ਯੋਗ, ਕਿਉਂਕਿ ਸੰਤ ਅਨੰਤਾ ਸਿੰਘ ਵਿਚ ਅਨ-ਅੰਤ ਗੁਣ, ਪਰ ਮੈਂ ਜਦ ਆਪਣੇ ਵਲ ਝਾਤੀ ਮਾਰਦਾ ਹਾਂ ਤਾਂ ਸੋਚਦਾ ਹਾਂ ਕਿ ਸ਼ਹਿਨਸ਼ਾਹ ਮੇਰੇ ਕਿਹੜੇ ਔਗਣ ਤੇ ਰੀਝ ਪਏ ਕਿ ਰਹਿਮਤਾਂ ਦੀਆਂ ਛਲਾਂ ਉਠ ਖਲੋਤੀਆਂ:-

**ਕਰਮੁ ਨਾ ਜਾਣਾ ਧਰਮੁ ਨਾ ਜਾਣਾ, ਲੋਭੀ ਮਾਇਆ ਧਾਰੀ**
**ਨਾਮੁ ਪਰਿਓ ਭਗਤੁ ਗੋਬਿੰਦ ਕਾ, ਇਹ ਰਾਖਹੁ ਪੈਜ ਹਮਾਰੀ।**

ਮੈਂ ਹਰ ਪਹਿਲੂ ਤੋਂ ਅਧੂਰਾ, ਵਿਦਵਾਨ ਨਾ ਸੇਵਕ; ਨਹਾਨ ਨਾ ਪਾਨ; ਰਹਿਤ ਨਾ ਬਹਿਤ; ਨਾਮ ਨਾ ਬਾਣੀ; ਕਰਮ ਨਾ ਧਰਮ; ਔਗਣ ਨੱਕੋ ਨੱਕ; ਹਰ ਪਾਸਿਉਂ ਊਰਾ ਖਾਲਸ-ਖਾਲੀ; ਪਰ ਉਹ ਤਾਂ ਬਖਸ਼ਸ਼ਾਂ ਦਾ ਭੰਡਾਰਾ ਪ੍ਰਸਿੱਧ। ਉਹ ਨਿਥਾਣਿਆਂ ਦਾ ਥਾਂ, ਨਮਾਣਿਆਂ ਦਾ ਮਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਸਾਂਗਧਾਰੀਆਂ ਦੀ ਲਾਜ ਰੱਖਣ ਵਾਲਾ ਉਨ੍ਹਾਂ ਫੁੱਟੀ ਕੌਡੀ ਨੂੰ ਗੰਦੇ ਚਿੱਕੜ 'ਚੋਂ ਚੁੱਕ ਪੰਥ ਰਤਨਾਂ ਦੀ ਮਾਲਾ ਵਿਚ ਪ੍ਰੋ ਮਾਲਾ ਮਾਲ ਕਰ ਦਿੱਤਾ ਹੈ। ਚਿੱਕੜ ਭਿੱਜੀਆਂ ਨੂੰ ਲਏ ਗਲ ਲਾ, ਇੱਥੇ ਮਾਣ ਨਹੀਂ ਹਾਰ ਤੇ ਸ਼ਿੰਗਾਰ ਦਾ, ਬਾਬਾ ਜੰਗ ਸਿੰਘ ਦੇ ਇਹ ਸ਼ਬਦ ਸਦਾ ਮੇਰੇ ਕੰਨਾਂ ਵਿਚ ਗੂੰਜਦੇ ਰਹਿੰਦੇ ਹਨ।

---

ਇਹ ਵਾਰਤਾ 27 ਫਗਣ 2041 ਦੀ ਹੈ ਹੋਲਾ ਮਹੱਲਾ, ਦਿੱਲੀ।

Sri Satguru Jagjit Singh Ji eLibrary NamdhariElibrary@gmail.com

## ਖ਼ੁਸ਼ੀਆਂ ਦਾ ਵਣਜਾਰਾ

"ਮੈਂ ਬਹੁਤ ਭੁੱਲਾਂ ਕਰਦਾ ਹਾਂ.... ਇਤਨਾਂ ਬੇਵਕੂਫ਼ ਹਾਂ, ਕਿ ਤੁਹਾਡੇ ਬਚਨ ਵੀ ਨਹੀਂ ਪਾਲ ਸਕਦਾ.... ਮੈਂ ਕਿਹੜੇ ਕਿਹੜੇ ਔਗਣ ਦੱਸਾਂ..... ਗਿਣੇ ਨਹੀਂ ਜਾਂਦੇ ਤੁਸੀਂ ਬਖਸ਼ ਲਵੋ.... ਪਰ ਦੀਨ ਦਿਆਲ ਜੀ ਮੇਰੀ ਪਿੱਠ ਤੇ ਆਪਣਾ ਕਰ ਕਮਲ ਫੇਰਦਿਆਂ ਕਿਹਾ ....ਤੂੰ ਅਜੇਹੀਆਂ ਗ਼ਲਤੀਆਂ ਨਿਤ ਕਰਿਆ ਕਰ.... ਸਭ ਮਾਫ਼।"

ਏਕਮ ਸਿੰਘ ਅਠਾਰ੍ਹਾਂ ਉਨੀਂ ਸਾਲ ਦਾ ਹੋਵੇਗਾ, ਕਿ ਇਹ ਵਤਨ ਛੱਡ ਪ੍ਰਦੇਸ਼ ਗਿਆ। ਕਾਰਨ ਕੀ? ਇਨ੍ਹਾਂ ਦੇ ਪਿਤਾ ਅਫਰੀਕਾ ਵਿਚ ਕੰਮ ਕਰਦੇ ਸਨ। ਉਨ੍ਹਾਂ ਦੀ ਲੱਤ ਤੇ ਚੰਗੀ ਸੱਟ ਵੱਜੀ। ਇਨ੍ਹਾਂ ਦੀ ਮਾਤਾ ਨੇ ਕਿਹਾ, "ਪੁੱਤ ਤੈਨੂੰ ਆਪਣੇ ਪਿਤਾ ਕੋਲ ਜਾਣਾ ਚਾਹੀਦਾ ਹੈ। ਉਹ ਪ੍ਰਦੇਸ ਵਿਚ ਹਨ। ਉਨ੍ਹਾਂ ਦੀ ਦੇਖਭਾਲ ਕੌਣ ਕਰੇਗਾ ਤੂੰ ਜਾ। ਏਕਮ ਸਿੰਘ ਮਾਤਾ ਦਾ ਬਚਨ ਮੰਨ ਕੇ ਅਫਰੀਕਾ ਚਲਾ ਗਿਆ। ਪਹਿਲਾਂ ਕੁਝ ਸਮਾਂ ਪਿਤਾ ਦੀ ਸੇਵਾ ਟਹਿਲ ਕੀਤੀ। ਮੁੜ ਨੌਕਰੀ ਕਰ ਲਈ। ਪੈਸੇ ਆਉਣ ਲੱਗ ਪਏ। ਮੁੜ ਨੌਕਰੀ ਛੱਡ ਠੇਕੇਦਾਰੀ ਕਰ ਲਈ। ਯੂਗੰਡਾਕਾਰ੍ਹੀ ਰੇਲਵੇ ਲਾਈਨ ਬਣ ਰਹੀ ਸੀ। ਮਿ: ਅਮੀਨ ਹੈਡ ਕਲਰਕ ਤੇ ਮਿ: ਹਿਕਮ ਨਾਲ ਜਾਣ ਪਛਾਣ ਹੋ ਗਈ।

ਅੱਜ-ਕੱਲ੍ਹ ਸਾਰੇ ਕੰਮ ਮੂੰਹ ਮੁਲਾਹਜੇ ਦੇ ਹਨ। ਸਾਰਾ ਜ਼ਮਾਨਾ ਖਾਣ ਪੀਣ ਦਾ ਏ। ਤੇਲ ਤਮਾ ਜਾ ਕੋ ਮਿਲੇ ਤੁਰਤ ਨਰਮ ਹੋ ਜਾਏ। ਖ਼ੈਰ ਮੁਬਾਸਿਓਂ ਚੰਗਾ ਪੈਸਾ ਹੱਥ ਆਇਆ। ਆਮ ਪ੍ਰਸਿੱਧ ਹੈ, ਮਾਇਆ ਦੋਊ ਭਾਂਤ ਕੀ ਦੋਊ ਚਲਾਏ ਰਾਹ, ਇੱਕ ਮਿਲਾਵੈ ਰਾਮ ਕਊ, ਇੱਕ ਨਰਕ ਲੈ ਜਾ। ਇਸ ਕਲਿਜੁਗੀ ਰੌ ਵਿਚ ਰਾਮ ਵਾਲੇ ਮੰਦਰ ਦੀਆਂ ਪੌੜੀਆਂ ਤੇ ਚੜਨਾ ਕਠਨ ਏ, ਪਰ ਨਰਕ ਵਾਲੇ ਪਾਸੇ ਦੇ ਸਰਜ ਬਾਗ ਆਪ ਮੁਹਾਰੇ ਖਿੱਚੀ ਜਾਂਦੇ ਹਨ। ਨਰਕਾਂ ਨੂੰ ਲੈ ਜਾਣ ਵਾਲੀ ਮਾਇਆ ਰੰਗ ਵਖਾਣੇ ਸ਼ੁਰੂ ਕੀਤੇ। ਟੇਢੀ ਪਗੜੀ, ਗਲੀਆਂ ਦਾ ਕੂੜਾ ਹੂੰਝਣ ਵਾਲਾ ਲੱਗਦਾ। ਸ਼ਰਾਬ ਦੀਆਂ ਪੇਟੀਆਂ ਦੇ ਆਰਡਰ, ਮੋਢੇ ਨਾਲ ਮੋਢਾ ਮਾਰ

---

ਏਕਮ ਸਿੰਘ, ਸਪੁੱਤਰ ਜੀਵਨ ਸਿੰਘ, ਮਾਤਾ ਪਰਬੀ, ਜਨਮ ਭਾਦਰੋਂ 1908 ਈ:, ਪਿੰਡ ਛੋਟੇ ਲਹਿਰਾਂ, ਜ਼ਿ: ਹੁਸ਼ਿਆਰਪੁਰ। ਭਜਨ ਸੂਬਾ ਦਸੌਂਦਾ ਸਿੰਘ ਵਿਦਿਆ ਉਰਦੂ ਦੀਆਂ ਪੰਜ ਜਮਾਤਾਂ ਅਤੇ ਪੰਜ ਗ੍ਰੰਥੀ ਦਾ ਪਾਠ ਭਾਈ ਨਾਰਾਇਣ ਸਿੰਘ ਪਾਸੋਂ ਹਾਲ ਬਖਸਿੰਘਮ ਯੂ.ਕੇ.।

Sri Satguru Jagjit Singh Ji eLibrary NamdhariElibrary@gmail.com

ਟੁਰਨਾ; ਹਿੱਕ ਨਾਲ ਕੰਧਾਂ ਢਾਹਣੀਆਂ। ਸਭ ਵੈਲ। ਸ਼ਰਾਬ, ਕਬਾਬ ਤੇ ਰਬਾਬ ਦਾ ਮੁੱਢ ਕਦੀਮਾਂ ਤੋਂ ਰੀਢ ਚਤਰਾਵਾ। ਬੰਦੂਕ ਦਾ ਲਾਇਸੰਸ ਲੈ ਲਿਆ। ਜਦ ਵਿਹਲ ਮਿਲੇ ਜਾਂ ਛੁੱਟੀ ਹੋਵੇ, ਬੰਦੂਕ ਮੋਢੇ ਤੇ ਯਾਰਾਂ ਮਿੱਤਰਾਂ ਨਾਲ ਜੰਗਲ ਨੂੰ। ਅਫਰੀਕਾ ਦੇ ਜੰਗਲਾਂ ਵਿਚ ਹਰਨ, ਸ਼ੇਰ, ਜੈਬਰੇ, ਜੰਗਲੀ ਮੱਝਾਂ ਹਰਲ ਹਰਲ ਕਰਦੇ ਫਿਰਦੇ ਹਨ। ਜਿਹੜਾ ਪਸ਼ੂ ਜਾਂ ਜਨੌਰ ਕਲੋਲਾਂ ਕਰਦਾ ਨਜ਼ਰੀਂ ਆਇਆ, ਝੱਟ ਨਿਸ਼ਾਨਾ ਮਾਰ ਫੁੰਡਿਆਂ ਲਹੂ ਵਗਦਿਆਂ ਜਨੌਰਾਂ ਨੂੰ ਗੱਡੀਆਂ ਵਿਚ ਲਦਣਾ; ਆਪ ਖਾਣਾ ਤੇ ਗੁਆਂਢੀਆਂ ਦੀਆਂ ਦਾਵਤਾਂ। ਰੱਬ? ਮੁਸਲਮਾਨ ਕਹਿੰਦੇ ਹਨ, ਕਿ ਅੱਲਾ ਤਾਲਾ ਚੌਦਵੇਂ ਤਬਕ ਤੇ ਵਸਦਾ ਏ। ਪਰ ਇਨ੍ਹਾਂ ਨੂੰ ਇਉਂ ਭਾਸਦਾ ਕਿ ਉਹ ਬੇ ਮੁਰਸ਼ਦਾਂ ਤੇ ਪੀਰ ਮਾਰਿਆਂ ਤੋਂ ਡਰਦਾ ਚੌਬਸੀਏਂ ਤਬਕ ਤੇ ਚਲਾ ਗਿਆ ਏ। ਪਰ ਜਦ ਭਾਗ ਜਾਗਣ!

**ਪੂਰਬ ਕਰਮ ਅੰਕੁਰ ਜਬ ਪਰਗਟਿਓ**
**ਭੇਟਿਓ ਰਸਕ ਪੁਰਖ ਬੈਰਾਗੀ।**

ਭਾਗਾਂ ਭਰਿਆ 1953 ਦਾ ਸਾਲ ਚੜ੍ਹਿਆ ਸ੍ਰੀ ਭੈਣੀ ਸਾਹਿਬੋਂ ਠੰਡੀ ਵਾਉ ਦਾ ਬੁੱਲਾ ਆਇਆ ਤੇ ਸੁਨੇਹਾ ਸੁਣਿਆ ਕਿ ਵੱਡੇ ਪ੍ਰਤਾਪ ਵਾਲਾ ਇਸ ਹਫ਼ੰਬੇ ਦੀ ਧਰਤੀ ਨੂੰ ਤਾਰਨ ਵਾਸਤੇ ਆ ਰਿਆ ਏ, ਵਿਹੜੀ ਖ਼ੁਸ਼ੀਆਂ ਨੱਚੀਆਂ; ਘਰ ਘਰ ਘਿਓ ਦੇ ਦੀਵੇ ਜੱਗੇ। ਲਗੀਆਂ ਅੰਦਰ ਬਾਹਰ ਸਫ਼ਾਈਆਂ ਹੋਣ। ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਮੁਬਾਸੇ ਪੁਜਣਾ ਸੀ। ਸੰਗਤਾਂ ਸੁਆਗਤ ਲਈ ਕਮਰ ਕਸੇ ਕੀਤੇ। ਸ੍ਰ: ਅਵਤਾਰ ਸਿੰਘ ਕਾਰ ਗੈਰਜ ਵਿੱਚੋਂ ਕਡੀ ਤੇ ਮੁਬਾਸੇ ਜਾਣ ਵਾਸਤੇ ਤਿਆਰ ਹੋਇਆ। ਏਕਮ ਸਿੰਘ ਭਾਵੇਂ ਕੂਕਾ ਨਹੀਂ ਸੀ, ਪਰ ਮੇਲ ਜੋਲ ਤਾਂ ਸਾਰਿਆਂ ਨਾਲ ਸੀ। ਸਮੇਂ ਸਮੇਂ ਜਲੂਸਾਂ ਵਿਚ ਸ਼ਾਮਲ ਹੁੰਦਾ। ਉਸ ਗਤਕੇਬਾਜ਼ਾਂ ਦਾ ਮੋਢੀ ਸੀ। ਗਤਕੇ ਦੇ ਅਖਾੜੇ ਬੰਨਦਾ। ਦੋ ਤਲਵਾਰਾਂ ਹੱਥੀ ਫੜ ਚੰਗੇ ਜੌਹਰ ਵਖਾਂਦਾ। ਦਰਸ਼ਕ ਕਹਿੰਦੇ ਇਹ ਮੁੰਡਾ ਕਾਹਦਾ ਏ, ਨਿਰਾ ਉਡਣਾ ਕਬੂਤਰ।

ਇੱਕ ਦਿਨ ਇਸ ਨੌਜਵਾਨ ਨਾਮਧਾਰੀ ਨਿਤਨੇਮ ਗੁਟਕਾ ਫੜਿਆ, ਭੂਮਕਾ ਪੜ੍ਹੀ ਤੇ ਵਗਾ ਮਾਰਿਆ, ਆਖਿਆ ਐਵੇਂ ਢੌਂਗ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਗੁਰੂ ਏ, ਬਾਕੀ ਸਭ ਕੂੜ, ਪਰ ਉਸਨੇ ਸ਼ੌਕੀਆਂ ਕਲੀਆਂ ਵਾਲਾ ਕੁਰਤਾ ਤੇ ਰੇਬ ਪਜਾਮਾ ਸਵਾਇਆ ਹੋਇਆ ਸੀ ਕੱਪੜੇ ਝੋਲੇ ਵਿਚ ਪਾਏ ਤੇ ਮੌਜ ਮੇਲੇ ਖ਼ਾਤਰ ਅਵਤਾਰ ਸਿੰਘ ਨਾਲ ਹੋ ਤੁਰਿਆ। ਗੱਡੀ ਥੋੜ੍ਹੀ ਦੂਰ ਹੀ ਗਈ ਤੇ ਰੁੱਕ ਗਈ। ਅਵਤਾਰ ਸਿੰਘ ਗੱਡੀ ਵਿੱਚੋਂ ਉਤਰਿਆ, ਏਧਰ ਉਧਰ ਝਾਕਿਆ, ਬੋਨਟ ਚੁੱਕ ਕੇ ਵੇਖਿਆ। ਕੋਈ ਨੁਕਸ ਨਜ਼ਰੀਂ ਨਾ ਆਇਆ। ਅਵਤਾਸ ਸਿੰਘ ਆਖਿਆ 'ਯਾਰਾ! ਭੁੱਲ ਈ ਗਏ ਅਰਦਾਸਾ ਨਹੀਂ ਕੀਤਾ। ਜੇ ਅਰਦਾਸਾ ਸੋਧ ਟੁਰਦੇ ਤਾਂ ਰੋਕ ਨਾ ਪੈਂਦੀ। ਸਾਰੇ ਗੱਡੀ ਵਿੱਚੋਂ ਉਤਰੇ, ਹੱਥ ਜੋੜੇ ਤੇ ਅਰਜ਼ ਕੀਤੀ, 'ਸੱਚੇ ਪਾਤਸ਼ਾਹ! ਅਸੀਂ ਗੁਨਾਹਗਾਰ, ਤੇਰੇ ਸੁਆਗਤ ਲਈ ਤਿਆਰੇ ਅਰੰਭੇ ਹਨ, ਅੰਗ ਸੰਗ ਸਹਾਈ ਹੋਣਾ ਸ਼ਹੀਦ ਸਿੰਘਾਂ ਦਾ ਪਹਿਰਾ ਬਖਸ਼ਣਾ 'ਅੜੇ ਸੁ ਝੜੇ।'

'ਏਕਮ ਸਿੰਘ ਦੀ ਹੈਰਾਨੀ ਦੀ ਹੱਦ ਉਦੋਂ ਨਾ ਰਹੀ, ਜਦ ਅਰਦਾਸੇ ਪਿੱਛੋਂ ਕਾਰ ਸਟਾਰਟ ਹੋ ਗਈ। ਇਹ ਸਾਰੇ ਸੁਆਗਤੀ ਸਮੇਂ ਤੋਂ ਪਹਿਲਾਂ ਮੁਬਾਸੇ ਪੁੱਜ ਗਏ। ਕੋਈ ਸੌ ਕੁ ਸਿੰਘ ਅੱਗੇ ਖੜੇ ਸਨ। ਸਭਨਾਂ ਦੇ ਹੱਥਾਂ ਵਿਚ ਹਾਰ ਸਨ। ਏਕਮ ਸਿੰਘ ਵੀ ਝੋਲੇ ਵਿਚੋਂ ਪਜਾਮਾ ਕੱਢਿਆ ਤੇ ਪਾਕੇ ਤਿਆਰ ਬਰ ਤਿਆਰ ਹੋ ਖਲੋਤਾ। ਅਵਤਾਰ ਸਿੰਘ ਨੇ ਇੱਕ ਹਾਰ ਏਕਮ ਸਿੰਘ ਨੂੰ ਫੜਾਇਆ। ਜਦ ਸੱਚੇ ਪਾਤਸ਼ਾਹ ਕਾਰ ਵਿੱਚੋਂ ਉਤਰੇ ਤਾਂ ਸਾਰਿਆਂ ਦੀ ਨਜ਼ਜ ਸੱਚੇ ਪਾਤਸ਼ਾਹ ਵਾਲੀ ਗੱਡੀ ਤੇ ਪਈ ਉਹ ਗਾਰੇ ਨਾਲ ਲਿਬੜੀ ਪਈ ਸੀ, ਸੰਗਤਾਂ ਜੈਕਾਰੇ ਛੱਡੇ ਤੇ ਵਾਰੀ ਵਾਰੀ ਗੱਲ ਹਾਰ ਪਾਕੇ ਚਰਨ ਛੂਏ ਜਦ ਅਵਤਾਰ ਸਿੰਘ ਹਾਰ ਪਾਣ ਲਈ ਅਗ੍ਹਾਂ ਵਧਿਆ ਤਾਂ ਸੱਚੇ ਪਾਤਸ਼ਾਹ ਮੁਸਕਰਾਂਦਿਆਂ ਕਿਹਾ 'ਅਵਤਾਰ ਸਿੰਘਾ! ਤੂੰ ਆਪਣੀ ਕਾਰ ਤਾਂ ਠੀਕ ਕਰ ਲਈ ਪਰ ਸਾਡੀ ਗੱਡੀ ਖ਼ਰਾਬ ਕਰ ਦਿੱਤੀ।

ਏਕਮ ਸਿੰਘ ਇਹ ਸੁਣ ਸੋਚਾਂ ਵਿਚ ਗੋਤੇ ਖਾਣ ਲੱਗਾ ਕਿ ਇਨ੍ਹਾਂ ਨੂੰ ਸਾਡੀ ਖ਼ਰਾਬ ਗੱਡੀ ਬਾਰੇ ਕੌਣ ਦੱਸ ਗਿਆ। ਅਵਤਾਰ ਸਿੰਘ ਦੇ ਨੇਤਰ ਸਜਲ ਹੋ ਗਏ ਅਤੇ ਅੱਖਾਂ ਨੀਵੀਆਂ ਕਰ ਕੇ ਕਿਹਾ, 'ਸੱਚੇ ਪਾਤਸ਼ਾਹੋ! ਤੁਹਾਡੀਆਂ ਤੁਸੀਂ ਜਾਣੋ।' ਏਕਮ ਸਿੰਘ ਅਗ੍ਹਾਂ ਵੱਧਕੇ ਹਾਰ ਪਾਇਆ ਤੇ ਚਰਨ ਛੂਏ। ਸੱਚੇ ਪਾਤਸ਼ਾਹ ਵਿਸ਼ੇਸ਼ ਕਿਰਪਾ ਦ੍ਰਿਸ਼ਟੀ ਨਾਲ ਵੇਖਿਆ। ਸੰਗਤਾਂ ਜਲੂਸ ਵਿਚ ਸ਼ਾਮਲ ਹੋਈਆ। ਏਕਮ ਸਿੰਘ ਦੋ ਤਲਵਾਰਾਂ ਫੜ ਜਲੂਸ ਵਿਚ ਸ਼ਾਮਲ ਹੋਇਆ ਤੇ ਲੱਗਾ ਗਤਕੇਬਾਜ਼ੀ ਦੇ ਜੌਹਰ ਵਖਾਣ। ਏਕਮ ਸਿੰਘ ਦੇ ਗਤਕੇ ਦੇ ਹੱਥ ਵੇਖ ਸੱਚੇ ਪਾਤਸ਼ਾਹ ਬੜੇ ਪ੍ਰਸੰਨ ਹੋਏ ਤੇ ਇਸ ਦਾ ਮਨ ਵੀ ਬੜਾ ਰਾਜ਼ੀ ਹੋਇਆ।

ਜਲੂਸ ਗੁਰਦਵਾਰੇ ਪੁੱਜਾ। ਸੰਤ ਨਿਧਾਨ ਸਿੰਘ ਜੀ ਆਲਿਮ ਦੀਵਾਨ ਲਾਇਆ ਬੜਾ ਰੱਸ ਬੱਜਾ। ਸੰਤਾਂ ਦੇ ਸ਼ਬਦ ਸ਼ਬਦ 'ਚੋਂ ਅੰਮ੍ਰਿਤ ਰਸ ਟਪਕ ਰਿਹਾ ਸੀ। ਉਨ੍ਹਾਂ ਨੇ ਭਾਈ ਨੰਦ ਲਾਲ ਜੀ ਦੇ ਇਹ ਖ਼ਿਆਲ ਬੜੇ ਵਜਦ ਵਿਚ ਸੁਣਾਏ:-

**ਸੂਰਤੇ ਹੱਕ ਮੁਰਸ਼ਦੇ ਕਾਮਲ ਬਵਦ।**
**ਦੀਦੀ ਨਸ਼ੇ ਊ ਆਰਾਮੇ ਦਿਲੋਂ ਜਾਂ ਬਵਦ।**

**ਭਾਵ: ਅਰਸ਼ੁ ਕੁਰਸ਼ ਦਾ ਮਾਲਿਕ ਹੂੰਦਾ ਸਤਿਗੁਰ ਦੀਨ ਦਿਆਲਾ।**
**ਦਰਸ਼ਨ ਉਹਦੇ ਤਨ, ਮਨ, ਮੋਹਿਣੇ, ਕਰਦੇ ਸਦਾ ਸੁਖਾਲਾ।**

ਉਪਰੰਤ ਸੱਚੇ ਪਾਤਸ਼ਾਹ ਕੰਪਾਲੇ ਨੂੰ ਭਾਗ ਲਾਏ। ਸੰਗਤਾਂ ਵੀ ਕਦਮ ਸਫਲੇ ਕੀਤੇ। ਏਕਮ ਸਿੰਘ ਵੀ ਨਾਲ ਹੋ ਟੁਰਿਆ। ਉਸ ਵੇਲੇ ਇਸ ਕੋਲ ਕੇਵਲ 20 ਸ਼ਲਿੰਗ ਸਨ। ਇਸ ਨੇ ਵੀਹ ਦੇ ਵੀਹ ਮੱਥਾ ਟੇਕ ਦਿੱਤੇ। ਤਿੰਨ ਦਿਨ ਉੱਥੇ ਹੀ ਅੰਮ੍ਰਿਤ ਵਰਸ਼ਾ ਹੋਈ। ਇਹ ਵੀ ਰਸ ਮਾਣਦਾ ਰਿਹਾ। ਮਨ ਅੰਦਰ ਕਈ ਉਤਾਰ ਚੜ੍ਹਾ ਆਏ।

ਇੱਕ ਦਿਨ ਸੱਚੇ ਪਾਤਸ਼ਾਹ ਜੀ ਮੌਜ ਨਾਲ ਏਕਮ ਸਿੰਘ ਨੂੰ ਪ੍ਰਧਾਨ ਕਹਿਕੇ ਬੁਲਾਇਆ। ਇਸ ਦੇ ਲਾਗੇ ਹੀ ਇੱਕ ਪ੍ਰਧਾਨ ਸਿੰਘ ਨਾਮੀ ਬੈਠਾ ਸੀ। ਉਹ ਅੱਗੇ ਵਧਿਆ; ਪਰ ਸੱਚੇ ਪਾਤਸ਼ਾਹ ਜੀ ਏਕਮ ਸਿੰਘ ਵੱਲ ਇਸ਼ਾਰਾ ਕੀਤਾ। ਇਸ ਜਾਕੇ ਸੀਸ ਨਿਵਾ ਮੱਥਾ ਟੇਕਿਆ ਤੇ ਨਿਗਾਹ ਉਪਰ ਕੀਤੀ। ਉਸ ਸਮੇਂ

Sri Satguru Jagjit Singh Ji eLibrary NamdhariElibrary@gmail.com

ਮਨ ਤੇ ਜੋ ਪ੍ਰਭਾਵ ਪਿਆ ਉਹ ਵਰਨਣ ਕਰਨੋਂ ਥਕਦਾ ਨਹੀਂ। ਉਹਦੇ ਸ਼ਬਦ ਹਨ। ਕਿ ਸੱਚੇ ਪਾਤਸ਼ਾਹ ਜੀ ਦੇ ਚਿਹਰੇ ਦਾ ਤੇਜ਼ ਝਲਿਆ ਨਹੀਂ ਸੀ ਜਾਂਦਾ। ਮੋਟੇ ਨੇਤਰ, ਭਰਵੇਂ ਮੁਛਹਿਰੇ ਹੰਸੂ ਹੰਸੂ ਕਰਦਾ ਚਿਹਰਾ; ਦੁੱਧ ਚਿੱਟੀ ਚਾਂਦੀ ਦੀਆਂ ਤਾਰਾਂ ਵਾਲਾ ਦਾਹੜ੍ਹਾ, ਸ਼ਹਿਦ ਨਾਲੋਂ ਮਿੱਠੇ ਬੋਲ। ਸੱਚੇ ਪਾਤਸ਼ਾਹ ਪੁੱਛਿਆ:-

'ਕੁਝ ਪੀਂਦਾ ਏਂ?'

'ਜੀ ਹਾਂ'

'ਕਿੰਨੀ ਕੁ?'

'ਜਿੰਨੀ ਕੁ ਮਿਲ ਜਾਏ। ਪੇਟੀ ਭਰੀ ਰਹਿੰਦੀ ਏ ਖ਼ਾਲੀ ਨਹੀਂ ਹੋਣ ਦੇਂਦਾ।'

'ਖਾਂਦਾ ਵੀ ਏ?'

'ਜੀ ਰੱਜ ਕੇ'

'ਚੰਗਾ ਹੁਣ ਛੱਡ ਦੇ?'

'ਪਾਤਸ਼ਾਹੋ! ਛੁਟਦੀ ਨਹੀਂ ਯਿਹ ਕਾਫਰ ਮੂੰਹ ਸੇ ਲਗੀ ਹੋਈ। ਤੁਹਾਡੇ ਸਾਹਮਣੇ ਝੂਠ ਨਹੀਂ ਬੋਲਿਆ ਜਾਂਦਾ।'

'ਭਾਈ ਬਸ ਅੱਜ ਤੋਂ?'

'ਪਾਤਸ਼ਾਹ! ਯਾਰਾਂ ਘੇਰਿਆ ਹੋਇਆ ਹੈ।' ਗ਼ਰੀਬ ਨਿਵਾਜ਼ ਜੀ ਨੇਤਰ ਭਰਕੇ ਏਕਮ ਸਿੰਘ ਵੱਲ ਕਿਰਪਾ ਦ੍ਰਿਸ਼ਟੀ ਕੀਤੀ। ਬਸ ਜਬਾਨ ਰੁੱਕ ਗਈ ਮੂੰਹੋਂ ਸ਼ਬਦ ਨਾ ਨਿਕਲੇ, ਕੇਵਲ ਇਤਨਾ ਹੀ ਕਹਿ ਸਕਿਆ, ਬਖਸ਼ ਲਵੋ। ਬਖਸ਼ ਲਵੋ!! ਆਲਿਮ ਜੀ! ਇਸ ਨੂੰ ਭਜਨ ਦੇ ਦਿਓ! ਪਰ ਕੋਲ ਬੈਠੇ ਸੂਬਾ ਦਸੌਂਦਾ ਸਿੰਘ ਨੇ ਭਜਨ ਦੱਸ ਦਿੱਤਾ ਤੇ ਸੱਚੇ ਪਾਤਸ਼ਾਹ ਸਹਿਜ ਸੁਭਾ ਬਚਨ ਕੀਤਾ, 'ਅੱਜ ਤੋਂ ਤੇਰੇ ਤੇ ਤੇਰੇ ਯਾਰਾਂ ਦੇ ਜ਼ੋਰ ਨਹੀਂ ਚੱਲ ਸਕਦਾ। ਤੂੰ ਸਾਡਾ ਹੋ ਗਿਆ ਏਂ।' ਤੂੰ ਸਾਡਾ ਹੋ ਗਿਆ ਦੇ ਸ਼ਬਦਾਂ ਨੇ ਹੌਲਾ ਫੁਲ ਕਰ ਦਿੱਤਾ। ਲੱਗਾ ਭਜਨ ਫੁਰਨ। ਉਸ ਤੋਂ ਉਪਰੰਤ ਯਾਰਾਂ ਦੋਸਤਾਂ ਨੂੰ ਮਿਲਦਾ ਪਰ ਓਪਰਾ ਓਪਰਾ! ਗੂੜ੍ਹਾ ਪਣ ਫਿੱਕਾ ਪੈਣ ਲੱਗਾ।

ਏਕਮ ਸਿੰਘ ਇੱਕ ਦਿਨ ਬੈਠਾ ਸੀ, ਕਿ ਆਮੀਨ ਤੋਂ ਚੰਡਾਲ ਚੌਕੜੀ ਆ ਗਈ। ਉਨ੍ਹਾਂ ਸਾਰਿਆਂ ਸ਼ਿਕਾਰ ਖੇਡਣ ਜਾਣ ਵਾਸਤੇ ਮਜਬੂਰ ਕੀਤਾ। ਇਸ ਤੇ ਬਥੇਰਾ ਵਾਵੇਲਾ ਕੀਤਾ ਕਿ ਉਹ ਏਕਮ ਸਿੰਘ ਮਰ ਗਿਆ ਏ, ਹੁਣ ਉਸਦੀਆਂ ਅਰਸ਼ ਕੁਰਸ਼ ਦੇ ਮਾਲਕ ਨਾਲ ਸਾਂਝਾਂ ਪੈ ਗਈਆਂ ਹਨ। ਪਰ ਉਨ੍ਹਾਂ ਇੱਕ ਨਾ ਸੁਣੀ ਤੇ ਲੱਗੇ ਟਿਚਕਰਾਂ ਕਰਨ। ਨੌ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ, ਵੱਡਾ ਪ੍ਰਹੇਜਗਾਰ, ਕੱਲ ਕੱਚਾ ਈ ਖਾਈ ਜਾਂਦਾ ਸੀ। ਬਸ ਕਰ! ਚਲ ਟੁਰ; ਸ਼ੇਰ ਦਾ ਕੰਮ ਮਾਰਕੇ ਖਾਣਾ ਹੁੰਦਾ ਏ।' 'ਸਿਆਣਿਆਂ ਠੀਕ ਆਖਿਆ ਏ ਕਿ ਸੰਗਤ ਈ ਤਾਰਦੀ ਏ ਤੇ ਸੰਗਤ ਈ ਡੋਬਦੀ ਏ। ਚੰਗੀ ਸੰਗਤ, ਚੰਗੀ ਰੰਗਤ। ਭੈੜੀ ਸੰਗਤ ਭੈੜੀ ਰੰਗਤ। ਇਹ ਠੀਕ ਹੈ, ਕਿ ਲੱਕੜ ਨਾਲ ਲੋਹਾ ਤਰ ਜਾਂਦਾ ਏ, ਤੇ ਜੇ ਬਹੁਤਾ ਭਾਰ ਹੋਵੇ ਤਾਂ ਲੱਕੜੀ ਵੀ ਡੁੱਬ ਜਾਂਦੀ ਏ। ਏਕਮ ਸਿੰਘ ਸਾਰੇ

Sri Satguru Jagjit Singh Ji eLibrary NamdhariElibrary@gmail.com

ਹਥਿਆਰ ਸੁੱਟ ਦਿੱਤੇ ਤੇ ਨਾਲ ਹੋ ਟੁਰਿਆ।

ਸਤਿਗੁਰਾਂ ਦੇ ਚੋਜ ਨਿਆਰੇ, ਉਹ ਸਾਡੀਆਂ ਸਭ ਕਰਤੂਤਾਂ ਨੂੰ ਜਾਣਦੇ ਹਨ। ਉਹ ਲੋਲੋ ਪੋਚੋ ਨੂੰ ਸਮਝੇ। ਉਹ ਏਕਮ ਸਿੰਘ ਨੂੰ ਰੀਦੇ ਟੋਏ 'ਚੋਂ ਡਿੱਗਣ ਤੋਂ ਬਚਾਉਣ ਲਈ ਨਾਲ ਈ ਹੋ ਤੁਰੇ। ਸਾਰਿਆਂ ਬੰਦੂਕਾਂ ਮੋਢਿਆਂ ਤੇ ਪਾ ਲਈਆਂ। ਕਾਰਤੂਸਾਂ ਨਾਲ ਝੋਲੇ ਭਰ ਲਏ ਤੇ ਗੱਡੀਆਂ ਵਿਚ ਸਵਾਰ ਹੋਏ। ਗੱਡੀਆਂ ਕੋਈ ਸਵਾ ਘੰਟਾ ਚੱਲਦੀਆਂ ਰਹੀਆਂ। ਘੁੰਮਦੇ ਘੁਮਾਂਦੇ ਉੱਥੇ ਪੁੱਜੇ ਜਿੱਥੇ ਸ਼ੇਰਾਂ ਦੇ ਘੁਰਨੇ ਸਨ। ਇਨ੍ਹਾਂ ਨੂੰ ਘਾਹ ਵਿਚ ਤਿੰਨ ਸ਼ੇਰ ਸੁੱਤੇ ਨਜ਼ਰੀਂ ਪਏ। ਸ਼ੇਰ, ਸ਼ੇਰਨੀ ਤੇ ਉਨ੍ਹਾਂ ਦਾ ਬੱਚਾ। ਇਨ੍ਹਾਂ ਨੇ ਗੱਡੀਆਂ ਰੋਕ ਲਈਆਂ ਤੇ ਬੰਦੂਕਾਂ ਲੋਡ ਕਰ ਲਈਆਂ। ਏਕਮ ਸਿੰਘ ਘੋੜਾ ਦਬਾਣ ਈ ਲੱਗਾ ਸੀ, ਕਿ ਸ਼ਿਕਾਰੀਆਂ ਨੇ ਸੱਜੇ, ਖੱਬੇ, ਚੜਦੇ ਲਹਿੰਦੇ ਸ਼ੇਰ ਈ ਸ਼ੇਰ ਵਖਾਈ ਦੇਣ ਲੱਗੇ। ਸ਼ੇਰਾਂ ਹੌਲੀ ਹੌਲੀ ਘੇਰਾ ਤੰਗ ਕਰਨਾ ਸ਼ੁਰੂ ਕਰ ਦਿੱਤਾ ਲਾਲ ਲਾਲ ਲੰਮੇ ਦੰਦ ਵਖਾਏ। ਇਹਨਾਂ ਵਲ ਝਾਕਿਆ, ਲੱਗੇ ਘੂਰੀਆਂ ਵੱਟਣ। ਇਨ੍ਹਾਂ ਸੂਰਮਿਆਂ ਦੇ ਰੰਗ ਫੱਕ ਹੋ ਗਏ। ਬੁੱਲਾਂ ਤੇ ਸਿੱਕਰੀ ਬੱਝਣ ਲੱਗੀ। ਘੜੀਆਂ ਪਲਾਂ ਵਿਚ ਮੋਟੀ ਤਹਿ ਬਣ ਗਈ। ਹੱਥ ਢਿੱਲੇ ਪੈ ਗਏ। ਫਾਇਰ ਕਰਨ ਦਾ ਹੀਆ ਨਾ ਪਵੇ। ਇਨ੍ਹਾਂ ਸੁਣਿਆਂ ਹੋਇਆ ਸੀ ਕਿ ਕੁੱਤੇ ਨੂੰ ਇੱਟ ਮਾਰੋ ਤਾਂ ਕੁੱਤਾ ਇੱਟ ਮਗਰ ਦੌੜੇਗਾ। ਜੇ ਸ਼ੇਰ ਨੂੰ ਮਾਰੋ ਤਾਂ ਸ਼ੇਰ ਮਾਰਨ ਵਾਲੇ ਤੇ ਹਮਲਾ ਕਰੇਗਾ। ਇਨ੍ਹਾਂ ਨੂੰ ਕੋਈ ਰਾਹ ਨਿਕਲਣ ਦਾ ਵੀ ਨਾ ਲੱਭੇ। ਔਖੇ ਵੇਲੇ ਦਾ ਸਤਿਗੁਰ ਬੇਲੀ ਏਕਮ ਸਿੰਘ ਦਾ ਧਿਆਨ ਸਤਿਗੁਰਾਂ ਦੇ ਚਰਨਾਂ ਵੱਲ ਗਿਆ। ਅੱਖਾਂ ਮੀਟੀਆਂ ਗਈਆਂ; ਹੱਥ ਜੁੜ ਗਏ। ਬਿਰਤੀ ਸਤਿਗੁਰ ਦੇ ਚਰਨਾਂ ਨਾਲ ਜੁੜੀ। ਰਸਨਾਂ ਤੋਂ ਆਪ ਮੁਹਾਰੇ ਸ਼ਬਦ ਨਿਕਲਣੇ ਸ਼ੁਰੂ ਹੋ ਗਏ। ਫੁਟ ਫੁਟ ਨਿਕਲਣ ਤੇ ਪੌਣ ਨਾਲ ਪੌਣ ਹੁੰਦੇ ਜਾਣ। ਕੰਨਾਂ ਵਿਚ ਘੂਕਰ ਪੈ ਰਹੀ ਸੀ, ਸੱਚੇ ਪਾਤਸ਼ਾਹੋ! ਕੌਲ ਕਰਾਰਾਂ ਤੋਂ ਫਿਰ ਗਿਆ ਹਾਂ। ਦਿੱਤੇ ਬਚਨਾਂ ਤੋਂ ਚਾਰ ਯਾਰੀ ਵਿਸਾਰ ਦਿੱਤਾ ਏ। ਸਵਾਸ ਗਿਣਤੀ ਦੇ ਰਹਿ ਗਏ ਹਨ; ਤੇਰੇ ਅਖਵਾ ਚੁੱਕੇ ਹਾਂ, ਲੱਜ ਪੱਤ ਤੇਰੇ ਹੀ ਹੱਥ ਏ। ਹੁਣ ਕੁੱਤੇ ਦੀ ਮੌਤੇ ਤੇ ਮਰਾਂ! ਇੱਥੇ ਕਿਸੇ ਨੇ ਆਕੇ ਸਾਰ ਨਹੀਂ ਲੈਣੀ, ਇੱਲਾਂ ਕਾਵਾਂ ਤੋਂ ਬਚੀਆਂ ਲੋਥਾਂ ਇੱਥੇ ਈ ਗਲ ਸੜ ਜਾਣਗੀਆਂ ਅੱਖਾਂ ਖੁੱਲ੍ਹੀਆਂ ਤਾਂ ਅਰਦਾਸ ਸ਼ੁਕਰਾਨੇ ਵਿਚ ਬਦਲ ਗਈ ਵਾਹ! ਵਾਹ!! ਵਾਹ!!! ਸਤਿਗੁਰ ਤੈਥੋਂ ਵਾਰਨੇ; ਤੈਥੋਂ ਕੁਰਬਾਨ; ਤੈਥੋਂ ਲੱਖ ਲੱਖ ਵਾਰੀ ਸੱਦਕੜੇ; ਤੂੰ ਬਖਸ਼ਿੰਦ! ਤੂੰ ਦਿਆਲੂ, ੂੰ ਕਿਰਪਾਲੂ!

**ਅਫੂਅਲ ਗੁਨਾਹ ਹੈ, ਕ ਸਹਿਨ ਸਾਹ ਹੈਂ।**

ਧੰਨਵਾਦ ਕਰਦਿਆਂ ਸਾਰਾ ਸ਼ਬਦ ਕੋਸ਼ ਖ਼ਾਲੀ ਹੋ ਗਿਆ। ਨੇਤਰ ਪੁੱਟੇ ਤਾਂ ਉਹ ਸ਼ੇਰ ਤੇ ਸ਼ੇਰਨੀਆਂ ਖਰਾਮਾਂ ਖਰਾਮਾਂ ਖਿੱਲਰ ਪੁੱਲਰ ਗਏ। ਘੜੀਆਂ ਪਲਾਂ ਵਿਚ ਚਾਰੇ ਪਾਸੇ ਸਾਫ਼। ਜਿਹੜੇ ਭੜੂਏ ਬਹਿਕਾ ਕੇ ਲਿਆਏ ਸਨ, ਉਹ ਵੀ ਤਿਤਰ ਬਿਟੇਰ। ਕਿਤੇ ਵਖਾਈ ਨਾ ਦੇਣ। ਵਿਚਾਰਾ ਏਕਮ ਸਿੰਘ ਸ਼ਿਕਾਰ ਖੇਡਣ ਗਿਆ, ਸ਼ੇਰ ਨੂੰ ਗੋਲੀ ਮਾਰਦਾ ਮਾਰਦਾ, ਆਪ ਨੂੰ ਗੋਲੀ ਵੱਜ ਗਈ। ਤੀਰ

ਅਜੇਹਾ ਸੀ ਕਿ ਪਿਛਲੇ ਪ੍ਰਾਣ ਖ਼ਤਮ ਹੋ ਗਏ, ਸੀਨੇ ਵਿਚ ਉਹ ਘਾਵ ਹੋਇਆ, ਜਿਹੜਾ ਕਦੇ ਕਬੀਰ ਨੂੰ ਹੋਇਆ ਸੀ। ਏਕਮ ਸਿੰਘ ਨੇ ਮਨ ਨੂੰ ਲਾਨ੍ਹਤਾਂ ਪਾਈਆਂ 'ਏਕਮਾ! ਵੇਖਿਆ ਈ ਦੁਨਿਆਵੀ ਯਾਰਾਂ ਨੂੰ। ਨਿਰੇ ਖਾਣ ਪੀਣੇ; ਮਤਲਬੀ ਔਖੇ ਵੇਲੇ ਨੌ ਦੋ ਯਾਰਾਂ। ਇਸ ਵਾਸਤੇ ਬਾਣੀ ਆਖਦੀ ਏ:-

**ਨਾਨਕ ਕਚੜਿਆਂ ਸਿਉ ਤੋੜਿ ਢੂੰਢਿ ਸਜਣ ਸੰਤ ਪਕਿਆ।**
**ਇਹ ਜੀਵੰਦੇ ਵਿਛੁੜੇ, ਉਹ ਮੋਇਆ ਨ ਜਾਈ ਛੋੜਿ।**

ਕੰਨਾਂ ਨੂੰ ਹੱਥ ਲਾਏ; ਨੱਕ ਨਾਲ ਲਕੀਰਾਂ ਕੱਢੀਆਂ ਤੇ ਘਰ ਨੂੰ ਮੁੜਿਆ। ਆਹ ਦਿਨ ਆ ਗਏ ਹਨ, ਉਹ ਰਾਹ ਨਹੀਂ ਫੜਿਆ। ਮਿਲਣ ਗਿਲਣ ਭਾਵੇਂ ਸੌ ਵਾਰੀ। ਜੇ ਕਦੇ ਏਕਮ ਸਿੰਘ ਕੋਲ ਬੈਠੇ ਹੋਈਏ ਤਾਂ ਉਹਦੀ ਰਸਨਾ ਤੋਂ ਇਹ ਸ਼ਬਦ ਆਪ ਮੁਹਾਰੇ ਗੁਣਗੁਣਾਈ ਜਾਣਗੇ।

**ਪਸ਼ੂ ਪ੍ਰੇਤੋ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।**

ਭਾਵੇਂ ਮੈਂ ਦੇਵਤਾ ਨਹੀਂ ਬਣਿਆ, ਪਰ ਪਸ਼ੂਆਂ ਵਾਲੀ ਬਿਰਤੀ ਵੀ ਨਹੀਂ ਰਹੀ। ਸੱਚੇ ਪਾਤਸ਼ਾਹ ਗੰਦੇ ਟੋਏ ਵਿੱਚੋਂ ਕੱਢ ਕੇ ਸੁਗੰਧਿਤ ਕਿਆਰੀ ਵਿਚ ਆ ਡੇਰਾ ਲੁਆਇਆ ਏ।' ਹੁਣ ਉਸਦੀਆਂ ਰੀਝਾਂ ਦਾ ਰੁੱਖ ਬਦਲ ਗਿਆ। ਨਵੇਂ ਚਾਉ ਤੇ ਨਵੀਆਂ ਸੱਧਰਾਂ। ਮਨ ਵਿਚ ਇਹ ਤਰੰਗ ਉੱਠਣ ਕਿ ਜਿਸ ਸਤਿਗੁਰੂ ਨੇ ਇਤਨਾ ਵੱਡਾ ਪਰਉਪਕਾਰ ਕੀਤਾ ਏ। ਉਸ ਦੇ ਚਰਨਾਂ ਦੀ ਧੂੜੀ ਲੇਟਕੇ ਲਵਾਂ ਉਸ ਦੀਆਂ ਖ਼ੁਸ਼ੀਆਂ ਦਾ ਪਾਤਰ ਬਣਾਂ। ਬਸ ਏਕਮ ਸਿੰਘ ਦਾ ਹੁਣ ਬਾਜ਼ਾਰ ਬਦਲ ਗਿਆ। ਹਟ ਬਦਲ ਗਏ, ਤਰਾਜੂ ਬਦਲ ਗਏ, ਵੱਟੇ ਬਦਲ ਗਏ; ਬਣਜ ਬਦਲ ਗਿਆ, ਇੱਕੋ ਚਾਓ ਕਿ ਮੇਰਾ ਰਾਂਝਾ ਰਾਜ਼ੀ ਰਹੇ; ਮੇਰਾ ਢੋਲਣ ਖਿੜਿਆ ਖਿੜਿਆ ਨਜ਼ਰੀਂ ਆਵੇ ਉਹਦੇ ਸਦਾ ਬਾਗੋ ਬਾਗ ਦਰਸ਼ਨ ਹੋਣ।

ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਮਾਇਆ ਤਾਂ ਅੱਗੇ ਹੀ ਕਾਫ਼ੀ ਸੀ ਫੈਲ ਸੂਫੀਆਂ ਤੇ ਮੌਜ ਮੇਲਿਆਂ ਦੀ ਬਚਤਾਂ ਵਾਲੇ ਪੈਸੇ ਵੱਧਣੇ ਸ਼ੁਰੂ ਹੋ ਗਏ। ਅੱਗੇ ਪਿੱਛੇ ਛਣਨ ਛਣਨ ਹੋਣ। ਮਨ ਵਿਚ ਚਾਉ ਪੈਦਾ ਹੋਇਆ ਕਿ ਪਿਆਰੇ ਦੇ ਪਿਆਰਿਆਂ ਦੇ ਜੁੜ ਬੈਠਣ ਨੂੰ ਕੋਈ ਜਗ੍ਹਾ ਲਈ ਜਾਵੇ। ਸੂਫੀਆਂ ਦਾ ਕਥਨ ਹੈ:-

**ਨਾਮ ਮਨਜ਼ੂਰ ਹੈ ਤਾਂ ਫੈਜ ਕੇ ਅਸਬਾਬ ਬਨਾ।**
**ਪੁਲ ਬਨਾ, ਚਾਹ ਬਨਾ, ਮਸਜਦੋ ਤਾਲਾਬ ਬਨਾ।**

ਏਕਮ ਸਿੰਘ 1400/- ਸ਼ਲਿੰਗ ਲਾਕੇ ਇੱਕ ਧਰਮ-ਮੰਦਰ ਉਸਾਰ ਦਿੱਤਾ। ਸਾਧ ਸੰਗਤ ਜੁੜਨ ਲੱਗੀ ਨਿਤਨੇਮ ਹੋਵੇ; ਢੋਲਕੀਆਂ ਖੜਕਣ ਛੈਣੇ ਵੱਜਣ; ਗੂੰਜਾਂ ਪੈਣ; ਲੱਗੇ ਸੂਰਤ ਪੈਣ। ਸੰਗਤਾਂ ਪ੍ਰਧਾਨ ਜੀ ਪ੍ਰਧਾਨ ਜੀ ਆਖਣ ਲੱਗ ਪਈਆਂ। ਇਹ ਨਿਰਮਾਣਤਾ ਦਾ ਪੁਤਲਾ ਆਖੇ ਭਰਾਵੋ ਮੈਨੂੰ ਸੇਵਕ ਰਹਿਣ ਦਿਓ। ਪ੍ਰਧਾਨਗੀ ਦੀ ਬੋ ਬੜੀ ਮਾੜੀ ਹੁੰਦੀ ਏ। ਉਹ ਹਓਮੈਂ ਨੂੰ ਪੱਠੇ ਪਾਂਦੀ ਏ। ਤੁਸੀਂ ਸੁਖਮਨੀ ਸਾਹਿਬ ਦਾ ਪਾਠ ਕਦੇ ਨਹੀਂ ਸੁਣਿਆ। ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਧਾਨ ਦੇ ਇਹ ਲੱਛਣ ਦਰਸਾਏ ਹਨ:-

Sri Satguru Jagjit Singh Ji eLibrary NamdhariElibrary@gmail.com

**ਸਗਲ ਪੁਰਖ ਮਹਿ ਪੁਰਖ ਪ੍ਰਧਾਨ**
**ਸਾਧ ਸੰਗਤ ਜਾਕਾ ਮਿਟੇ ਅਭਿਮਾਨ**

ਇਸ ਪ੍ਰੇਮੀ ਨੇ 10 ਸਾਲ ਨਿਰਮਾਣ ਬਣ ਸਾਧ ਸੰਗਤ ਦੀ ਸੇਵਾ ਕੀਤੀ। 1959 ਪਿੱਛੋਂ ਸਤਿਗੁਰੂ ਜਗਜੀਤ ਸਿੰਘ ਜੀ ਕੰਪਾਲੇ ਨੂੰ ਭਾਗ ਲਾਏ ਤਾਂ ਇਨ੍ਹਾਂ ਵਿੱਚੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ। ਮਨ ਵਿਚ ਹੁਲਾਸ ਵੱਧਿਆ। ਸੰਨ 1972 ਵਿਚ ਕੁਝ ਰਾਜਸੀ ਉਥਲ ਪੁਥਲ ਕਾਰਨ ਇਹ ਸਾਦਿਕ ਸਿੱਖ ਯੂ.ਕੇ. ਦੇ ਬਰਮਿੰਗਮ ਸ਼ਹਿਰ ਵਿਚ ਰਘਬੀਰ ਸਿੰਘ ਕੋਲ ਚਲਾ ਗਿਆ, ਪਰ ਰੀਝਾਂ ਮਗਰੇ ਮਗਰ। ਵਾਦੜੀਆਂ ਸਜਾਦੜੀਆਂ ਨਿੱਭਣ ਸਿਰਾਂ ਦੇ ਨਾਲ। ਉੱਥੇ ਜਾ ਕੇ ਵੀ ਸਭ ਤੋਂ ਪਹਿਲਾਂ ਇੱਕ ਜਗ੍ਹਾ ਧਰਮਸ਼ਾਲਾ ਵਾਸਤੇ ਲਈ। ਉਹ ਥਾਂ ਜਰਾ ਸੌੜੀ ਸੀ ਉਸ ਨੂੰ ਵੇਖ ਇੱਕ ਹੋਰ ਜਗ੍ਹਾ ਦਾ ਸੌਦਾ ਕਰ ਲਿਆ। 295 ਪੌਂਡ ਪੇਸ਼ਗੀ ਵਜੋਂ ਦੇ ਦਿੱਤੇ। ਸੱਚੇ ਪਾਤਸ਼ਾਹ ਬਰਮਿੰਗਮ ਚਰਨ ਪਾਏ। ਇਹ ਹੱਥ ਜੋੜ ਖਲੋਤਾ ਤੇ ਕਹਿਣ ਲੱਗਾ 'ਸੱਚੇ ਪਾਤਸ਼ਾਹ ਜੀਓ! ਸਦਾ ਤੋਂ ਭੁੱਲਾਂ ਕਰਦਾ ਆ ਰਿਹਾ ਹਾਂ ਜਗ੍ਹਾ ਵਾਸਤੇ, ਮੈਂ ਇਤਨਾ ਬੇਵਕੂਫ ਹਾਂ ਕਿ ਬਚਨ ਨਹੀਂ ਮੰਨਦਾ। ਤੁਸੀਂ ਤਾਂ ਬਖਸ਼ਣਹਾਰ ਹੋ ਚਰਨ ਪਾਓ।" ਸੱਚੇ ਪਾਤਸ਼ਾਹ ਖ਼ੁਸ਼ੀਆਂ ਬਖਸ਼ਦਿਆਂ ਇਉਂ ਕਿਹਾ "ਏਕਮ ਸਿੰਘਾ! ਜੇ ਤੂੰ ਅਜੇਹੀਆਂ ਗ਼ਲਤੀਆਂ ਰੋਜ਼ ਕਰੇਂ ਤਾਂ ਵੀ ਸਭ ਮਾਫ਼।"

ਕੁਝ ਸਮੇਂ ਉਪਰੰਤ ਏਕਮ ਸਿੰਘ ਭਾਰਤ ਆਇਆ ਪਿੱਛੋਂ ਵਰੋਧੀਆਂ ਓਖ਼ਲਟੀ ਸਿੱਧੀ ਦਰਖ਼ਾਸਤ ਦੇ ਦਿੱਤੀ। ਗੁਰਦੁਆਰੇ ਨੂੰ ਜੰਦਰੇ ਵੱਜ ਗਏ। ਇਹ ਵਾਪਸ ਗਿਆ ਵਕੀਲ ਕੀਤਾ ਤੇ ਕਚਹਿਰੀ ਵਿਚ ਆਪ ਪੇਸ਼ ਹੋਇਆ ਤੇ ਸਾਰੀ ਗੱਲ ਦੱਸੀ "ਜਨਾਬ! ਇੱਥੇ ਬਚੇ ਪੰਜਾਬੀ ਪੜ੍ਹਦੇ ਹਨ; ਸੰਗੀਤ ਸਿੱਖਦੇ ਹਨ।" ਮੈਜੇਸਟਰੇਟ ਦੇ ਮਨ ਵਿਚ ਦਲੀਲ ਬੈਠ ਗਈ। ਉਸ ਕਿਹਾ, "ਸਰਦਾਰ ਸਾਹਿਬ! ਤੁਮਹਾਰਾ ਕਾਮ ਨੇਕ ਹੈ, ਪੜੋਸੀਆਂ ਨੂੰ ਰਾਜ਼ੀ ਕਰ ਲਵੋ। ਸਰਕਾਰ ਨੂੰ ਕੋਈ ਉਜਰ ਨਹੀਂ।" ਸੱਜਣ ਮਿੱਤਰ ਖ਼ੁਸ਼ੀ-ਖ਼ੁਸ਼ੀ ਘਰਾਂ ਨੂੰ ਪਰਤੇ।

ਹੁਣ ਸ੍ਰ: ਏਕਮ ਸਿੰਘ ਅੰਦਰ ਨਵੀਂ ਥਾਂ ਦਾ ਸ਼ੌਕ ਵਧਿਆ ਤੇ ਕਵਿੰਟਰੀ ਸੜਕ ਤੇ ਇਕ ਸਿਨਮਾ ਹਾਲ ਖ਼ਰੀਦ ਲਇਆ ਤੇ ਮਨ ਬਣਾ ਲਿਆ ਕਿ ਸਤਿਗੁਰਾਂ ਦੇ ਆਉਣ ਤੋਂ ਪਹਿਲਾਂ ਕੋਈ ਇਸਦਾ ਮੂੰਹ ਮੱਥਾ ਨਿਕਲ ਆਵੇ। ਜਦ ਇਸ ਵਣਜਾਰੇ ਨੂੰ ਇਹ ਪਤਾ ਲੱਗਾ ਕਿ ਸੱਚੇ ਪਾਤਸ਼ਾਹ ਬਰਮਿੰਗਮ ਨੂੰ ਭਾਗ ਲਾ ਰਹੇ ਹਨ ਤਾਂ ਬਰਫ਼ਾਂ ਦੀ ਵੀ ਪਰਵਾਹ ਨਾ ਕੀਤੀ ਤੇ ਫਰਸ਼ ਆਦਿ ਤੇ ਹੋਰ ਮੁਰੰਮਤ ਦਾ ਕੰਮ ਸ਼ੁਰੂ ਕਰਵਾ ਦਿੱਤਾ। ਸੱਚੇ ਪਾਤਸ਼ਾਹ ਦੇ ਆਉਣ ਤੋਂ ਪਹਿਲਾਂ ਪਹਿਲਾਂ ਟਾਈਮ ਤੇ ਓਵਰ ਟਾਈਮ ਲਾਕੇ ਤੇ ਭਰਾਵਾਂ ਤੋਂ ਮਾਂਗੀ ਪਵਾ ਕੇ ਸਿਰੇ ਚਾੜਿਆ। ਭਾਵੇਂ ਕਾਰਪੋਰੇਸ਼ਨ ਵੱਲੋਂ ਕੁਝ ਔਕੜਾਂ ਪੇਸ਼ ਆਈਆਂ, ਪਰ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਸਭ ਅੜਿਕੇ ਦੂਰ ਹੋ ਗਏ।

ਇਸ ਗੁਰਮੁਖ ਪਿਆਰੇ ਦੀ ਵੱਡੀ ਇੱਛਾ 84 ਦੇ ਹੋਲੇ ਦੀ ਸੀ, ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਉਹ ਵੀ ਸਿਰੇ ਚੜਿਆ। ਭਾਵੇਂ ਕਲਿਜੁਗ ਨੇ ਬਥੇਰੀਆਂ ਟੰਗਾਂ

ਅੜਾਈਆਂ, ਪਰ ਸਤਿਗੁਰੂ ਸਭ ਔਕੜਾਂ ਦੂਰ ਕਰ ਦਿੱਤੀਆਂ ਤੇ ਬਰਮਿੰਘਮ ਵਿਚ 20, 21, 22, 23 ਅਪ੍ਰੈਲ ਨੂੰ ਹੋਲਾ ਮਹੱਲਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕਿਆਂ ਤੇ ਗੁਰ ਪਰਿਵਾਰ ਤੋਂ ਛੁਟ, ਭਾਰਤ, ਨਰੋਬੀ, ਦਾਰੇ-ਉਸਲਾਮ, ਕੈਨੇਡਾ, ਪੱਛਮੀ ਜਰਮਨੀ ਆਦਿ ਤੋਂ ਸੰਗਤਾਂ ਦਰਸ਼ਨ ਦਿੱਤੇ, ਉਨ੍ਹਾਂ ਦੀ ਚਰਨ ਧੂੜ ਪਰਸੀ। ਮਨ ਦਾ ਕੌਲ ਟਹਿਕ ਉੱਠਿਆ ਯੂ.ਕੇ. ਦੀ ਸੰਗਤ ਪੂਰਾ ਪੂਰਾ ਸਹਿਯੋਗ ਦਿੱਤਾ। ਮਾਈਆ, ਬੀਬੀਆਂ, ਨੌਜਵਾਨਾਂ ਤੇ ਹਮ ਉਮਰਾਂ ਮੋਢੇ ਨਾਲ ਮੋਢਾ ਜੋੜ ਸੇਵਾ ਵਿਚ ਹਿੱਸਾ ਪਾਇਆ, ਉਨ੍ਹਾਂ ਦਿਨ ਨਹੀਂ ਵੇਖਿਆ, ਰਾਤ ਨਹੀਂ ਤੱਕੀ, ਸਾਰੇ ਮਸ਼ੀਨਾਂ ਵਾਂਗੂੰ ਜੁੱਟੇ ਰਹੇ। ਸਤਿਗੁਰਾਂ ਦੀ ਬਖਸ਼ਸ਼ਾਂ ਨਾਲ ਇਸ ਮਹਾਨ ਕਾਰਜ ਨੂੰ ਸੰਪੂਰਨ ਹੁੰਦਿਆਂ ਵੇਖ ਇਹ ਬਿਰਧ-ਬਾਲਾ ਕੱਪੜਿਆਂ ਵਿਚ ਫੁਲਿਆ ਨਹੀਂ ਸੀ ਸਮਾਂਦਾ। 50-60 ਹਜ਼ਾਰ ਪੌਂਡਾਂ ਦਾ ਖ਼ਰਚਾ ਕੋਈ ਮਹਿੰਗਾ ਸੌਦਾ ਨਹੀਂ। ਇਹ ਤਾਂ ਹੱਥਾਂ ਦਾ ਮੈਲ ਹੈ। ਇਹ ਚਾਰ ਦਿਨਾਂ ਦਾ ਨਾਮ ਸਿਮਰਨ, ਸ਼ਬਦ ਕੀਰਤਨ; ਕਵੀਆਂ ਦੇ ਤਰਾਨੇ, ਸੰਗੀਤ ਦੇ ਦਰਬਾਰ, ਸੱਚੇ ਪਾਤਸ਼ਾਹ ਦੇ ਪਵਿੱਤਰ ਮੁਖਾਰਬਿੰਦ ਤੋਂ ਹੀਰਿਆਂ ਤੇ ਮੋਤੀਆਂ ਨਾਲੋਂ ਮਹਿੰਗੇ ਪ੍ਰਵਚਨ ਝੂੰਗੇ ਵਿਚ ਹਨ।

ਭੋਗ ਸਮੇਂ ਸਤਿਗੁਰਾਂ ਦੇ ਚਰਨਾਂ ਵਿਚ ਭੇਟਾ ਰਖਦਿਆਂ ਉਸ ਖ਼ੁਸ਼ੀਆਂ ਦੇ ਵਣਜਾਰੇ ਦੇ ਦਿਲ ਦੀਆਂ ਡੂੰਘਾਈਆਂ ਨੂੰ ਛੂੰਦੇ ਸ਼ਬਦ ਜਿਨ੍ਹਾਂ ਦੇ ਅੱਖਰ ਅੱਖਰ ਵਿੱਚੋਂ ਨਿਰਮਾਣਤਾ, ਸ਼ਰਧਾ, ਭਰੋਸਾ ਤੇ ਸਿਦਕ ਫੁੱਟ ਫੁੱਟ ਪੈਂਦਾ ਸੀ, ਨਾਮਧਾਰੀ ਇਤਿਹਾਸ ਦੇ ਪੰਨਿਆਂ ਤੇ ਅਮਿਟ ਛਾਪ ਰੱਖਣਗੇ।

'ਹੇ ਦੀਨ ਦਿਆਲ ਜੀ! ਤੁਸੀਂ ਬਹੁਤ ਬਹੁਤ ਕਿਰਪਾ ਕੀਤੀ ਹੈ, ਜਿਹੜੇ ਸਾਨੂੰ ਇੱਥੇ ਆਕੇ ਦਰਸ਼ਨ ਦਿੱਤੇ ਹਨ; ਅਸੀਂ ਤਾਂ ਕਲਿਜੁਗੀ ਜੀਵ, ਪਾਪੀ ਅਪਰਾਧੀ ਹਾਂ। ਸਦਾ ਭੁੱਲਾਂ ਕਰਦੇ ਹਾਂ ਸਾਡੇ ਔਗਣ ਨਾ ਚਿਤਾਰੋ! ਕਿਰਪਾ ਕਰਕੇ ਬਖਸ਼ ਲਵੋ!"

## ਮੇਰੇ ਮਉਲਾ

**ਸੋਈ ਮਉਲਾ ਜਿਨਿ ਜਗੁ ਮਉਲਿਆ, ਹਰਿਆ ਕੀਆ ਸੰਸਾਰੋ,**
**ਆਬ ਖਾਕੁ ਜਿਨਿ ਬੰਧਿ ਰਹਾਈ, ਧੰਨੁ ਸਿਰਜਣ ਹਾਰੋ। (੨੪)**

ਇਸ਼ਕ ਦਾ ਕੋਈ ਪਾਰਾਵਾਰ ਨਹੀਂ ਹੁੰਦਾ। ਆਸ਼ਿਕਾਂ ਦੀਆਂ ਉਡਾਰੀਆਂ ਤਕ ਪੁੱਜਣਾ ਹੋਸ਼ਾਂ ਵਾਲਿਆਂ ਦਾ ਕੰਮ ਨਹੀਂ। ਮੀਆਂ ਫਜ਼ੁਲ ਮੁਹੰਮਦ ਪੂਰਾ ਮੋਮਨ ਸੀ। ਮੁਖੜੇ ਤੇ ਦਾੜ੍ਹੀ, ਹੱਥ ਵਿਚ ਤਸਬੀ, ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦਾ ਭੌਰਾ; ਦਰਸ਼ਨਾਂ ਦਾ ਚਾਹਵਾਨ। ਸ੍ਰੀ ਭੈਣੀ ਸਾਹਿਬ ਰਹਿੰਦਾ ਤੇ ਸਾਜ਼ ਬਣਾਂਦਾ। ਦਿਲਰੁਬਾ ਤੇ ਤਾਨਪੁਰੇ ਉਸਦੇ ਹੱਥੋਂ ਤਿਆਰ ਹੁੰਦੇ ਤਾਂ ਰਸੀਲੇ ਬਣ ਜਾਂਦੇ। ਉਸਤਾਦ ਹਰਨਾਮ ਸਿੰਘ ਉਨ੍ਹਾਂ ਦੇ ਬਣੇ ਸਾਜ਼ਾਂ ਨੂੰ 'ਸਾਵਣ' ਤੇ 'ਭਾਦੋਂ' ਦੀ ਸੰਗਿਆ ਦਿੱਤੀ।

ਮੀਏ ਹੁਰੀਂ ਦੀਵਾਨ ਦੀ ਹਾਜ਼ਰੀ ਭਰਦੇ। ਬੜੇ ਪ੍ਰੇਮ ਤੇ ਸ਼ਰਧਾ ਨਾਲ ਮੱਥਾ ਟੇਕਦੇ, ਕੁਝ ਸਮਾਂ ਬੈਠਦੇ, ਮੁੜ ਡੇਰੇ ਆ ਜਾਂਦੇ। ਇੱਥੇ ਆ ਕੇ ਜਾਂ ਤਸਬੀ ਫੇਰਦੇ ਜਾਂ ਸਾਜ਼ ਬਣਾਨ ਲੱਗ ਪੈਂਦੇ। ਇੱਕ ਦਿਨ ਸੱਚੇ ਪਾਤਸ਼ਾਹ ਸੰਤ ਬਹਾਦਰ ਸਿੰਘ ਨੂੰ ਬਚਨ ਕੀਤਾ 'ਸੰਤ ਜੀ ਮਾਰੋ ਇਸਦੇ ਕੰਨ ਵਿਚ ਫੂਕ।' ਸੰਤਾਂ ਮੀਏ ਹੁਰਾਂ ਦੇ ਕੰਨ ਵਿਚ ਭਜਨ ਦੀ ਦਾਤ ਬਖਸ਼ ਦਿੱਤੀ। ਮੀਆਂ ਜੀ ਉਸ ਤੋਂ ਮਸਤੀ ਦੇ ਸਾਗਰ ਦੀਆਂ ਲਹਿਰਾਂ ਵਿਚ ਗੁਆਚੇ ਰਹਿੰਦੇ। ਰੰਗ ਹੋਰ ਦਾ ਹੋਰ ਹੋਂਦਾ ਗਿਆ। ਨੇਤਰ ਰੱਬੀ ਰੰਗ ਵਿਚ ਗੜੂਚ; ਸਦਾ ਅਰਸ਼ਾਂ ਤੇ ਉਡਾਰੀ।

15 ਅਗਸਤ ਦਾ ਦਿਨ ਚੜ੍ਹਿਆ। ਭਾਰਤ ਭੂਮੀ ਤੇ ਖ਼ੁਸ਼ੀਆਂ ਦੇ ਸ਼ਦੀਆਨੇ ਵੱਜੇ। ਸਾਰਾ ਵਾਯੂ ਮੰਡਲ ਸੁਗੰਧੀ ਨਾਲ ਲਿਪਟਾਂ ਛੱਡਣ ਲੱਗਾ, ਪਰ ਅੰਗਰੇਜ਼ ਦੀ ਕੁਟਲ ਨੀਤੀ ਦਾ ਸਦਕਾ ਫਿਰਕੂ ਭਾਂਬੜ ਭੜਕ ਉਠੇ। ਆਕਾਸ਼ ਧੁਆਖਿਆ ਗਿਆ। ਅਬਲਾਵਾਂ ਤੇ ਮਾਸੂਮਾਂ ਦੇ ਚੀਕ ਚਹਾੜੇ ਨਾਲ ਆਕਾਸ਼ ਪਾਟਣ ਲੱਗਾ। ਧਰਤੀ ਕੰਬ ਉਠੀ। ਵਸਦੇ ਰਸਦੇ ਘਰ ਉਜੜਨ ਲੱਗੇ। ਹਵੇਲੀਆਂ ਢਹਿਣ ਲੱਗੀਆਂ। ਇਸੇ ਰੌਲੇ ਗੋਲੇ ਵਿਚ ਮੀਏ ਦੇ ਪੁੱਤਰ ਆਏ ਤੇ ਉਸਨੂੰ ਪਾਕਿਸਤਾਨ ਚੱਲਣ ਵਾਸਤੇ ਕਿਹਾ। ਮੀਆਂ ਜੀ ਕਿਹਾ 'ਪੁੱਤਰੋ! ਸ੍ਰੀ ਭੈਣੀ ਸਾਹਿਬ ਭੈ-ਹੀਣ ਧਰਤੀ ਹੈ। ਇਸਦੀ ਫਰਿਸ਼ਤੇ ਰਾਖੀ ਕਰਦੇ ਹਨ। ਇਹ ਧਰਤੀ ਤੇ ਬਹਿਸ਼ਤ ਹੈ; ਤੁਸੀਂ ਜਾਣਾ ਹੈ ਤਾਂ ਜਾਓ, ਮੈਂ ਤਾਂ ਇੱਥੇ ਹੀ ਜੀਆਂਗਾ ਤੇ ਇੱਥੇ ਹੀ ਮਰਾਂਗਾ' ਪਰ ਉਨ੍ਹਾਂ ਇੱਕ ਨਾ ਸੁਣੀ ਤੇ ਮੀਏ ਨੂੰ ਪਾਕਿਸਤਾਨ ਜਾਣ ਵਾਸਤੇ ਮਜਬੂਰ ਕੀਤਾ। ਅੰਤ ਮੀਏ ਨੂੰ ਬੱਚਿਆਂ ਸਾਮ੍ਹਣੇ ਹਥਿਆਰ ਸੁੱਟਣੇ ਪਏ। ਸ੍ਰੀ ਭੈਣੀ

Sri Satguru Jagjit Singh Ji eLibrary NamdhariElibrary@gmail.com

ਸਾਹਿਬ ਦੀ ਪਵਿੱਤਰ ਧੂੜੀ ਚਾਦਰ ਵਿਚ ਬੰਨ ਲਈ, ਪੋਟਲੀ ਸਿਰ ਤੇ ਰੱਖ ਰੋਂਦਿਆਂ ਧੋਂਦਿਆਂ ਨਾਲ ਹੋ ਟੁਰਿਆ ਤੇ ਜਾ ਲਾਹੌਰ ਡੇਰਾ ਲਾਇਆ।

ਜਿਨ੍ਹਾਂ ਨੂੰ ਇਸ਼ਕ ਦਾ ਭੂਤ ਚੰਬੜਿਆ ਹੋਵੇ; ਉਸਨੂੰ ਚੈਨ ਕਿੱਥੇ। ਉਸ ਵਾਸਤੇ ਖਾਣਾ ਪੀਣਾ ਹਰਾਮ। ਮੀਆਂ ਵਸਦਾ ਭਾਵੇਂ ਲਾਹੌਰ, ਪਰ ਦਿਲ ਸ੍ਰੀ ਭੈਣੀ ਸਾਹਿਬ ਦੀਆਂ ਪ੍ਰਕਰਮਾ ਕਰਦਾ ਸੀ। ਉਸਨੂੰ ਇਸ ਦੇ ਕਣ ਕਣ ਵਿੱਚੋਂ ਮੋਤੀ ਤੇ ਹੀਰਿਆਂ ਦੇ ਝਲਕਾਰੇ ਵੱਜਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਨੂੰ ਫਰਿਸ਼ਤੇ ਚੁਮਦਿਆਂ ਵਖਾਈ ਦੇਂਦੇ ਸਨ। ਇਹ ਅਰਸ਼ਾਂ ਦੇ ਵਾਸੀ ਸਤਿਗੁਰਾਂ ਦੇ ਤਖਤ ਨੂੰ ਮੋਢਿਆਂ ਤੇ ਚੁੱਕੀ ਏਧਰ ਓਧਰ ਲੈ ਜਾਂਦੇ ਨਜ਼ਰੀਂ ਆਉਂਦੇ ਸਨ; ਇਹ ਫਰਿਸ਼ਤੇ ਸਤਿਗੁਰਾਂ ਦੇ ਪਸੀਨੇ ਤੋਂ ਵਜ਼ੂ ਕਰਦੇ ਦਿੱਸਦੇ ਸਨ; ਇੱਥੇ ਰੱਬੀ ਨੂਰ ਦੀਆਂ ਲਿਸ਼ਕਾਂ ਪੈਂਦੀਆਂ ਸਨ। ਸਤਿਗੁਰਾਂ ਦੇ ਸਾਹਿਬਜ਼ਾਦਿਆਂ ਦੀਆਂ ਝੋਲੀਆਂ ਵਿਚ ਚੰਨ ਸੂਰਜ ਖੇਨੂਆਂ ਵਾਂਗੂੰ ਦਿੱਸਦੇ ਸਨ। ਲਾਹੌਰ ਉਨ੍ਹਾਂ ਵਾਸਤੇ ਉਦਾਸੀ ਦਾ ਮੁਕਾਮ ਸੀ। ਇਹ ਕਦੀ ਬੈਠੇ ਰੋਣ ਲੱਗ ਪੈਂਦੇ ਜਾਂ ਸੂਫੀਆਂ ਦੇ ਕਲਾਮ ਪੜ੍ਹ ਪੜ੍ਹ ਦਿਲ ਹੌਲਾ ਕਰਦੇ।

(ੳ) ਦਿਲ ਲਾ ਲਿਆ ਬੇ ਪ੍ਰਵਾਹਾਂ ਦੇ ਨਾਲ,
ਦੀਨ ਦੁਨੀ ਦੇ ਸ਼ਾਹ ਦੇ ਨਾਲ।

(ਅ) ਇਸ਼ਕ ਨਚਾਇਆ ਕਰ ਥਾਈਆਂ ਥਈਆਂ,
ਬਹੁਤੀ ਵੇ ਤਬੀਬਾਂ! ਮੈਜ ਮਰ ਗਈ ਆ।

(ੲ) ਸਜਣ ਬਿਨ ਰਾਤੀਂ ਹੋਈਆਂ ਵਡੀਆਂ,
ਮਾਸ ਝੜੇ ਝੜ ਪਿੰਜਰ ਥੀਆ, ਕੜ ਕੜ ਕਰਦੀਆਂ ਹਡੀਆਂ
ਇਸ਼ਕ ਛੁਪਾਇਆ ਛਿਪਦਾ ਨਾਹੀਂ ਬਿਰਹਾ ਤਨਾਵਾ ਗਡੀਆਂ
ਕਹੈ ਹੁਸੈਨ ਫਕੀਰ ਸਾਈਂ ਦਾ, ਕਮਲੀ ਕਰ ਕਰ ਛਡੀਆਂ।

(ਸ) ਆ ਮਿਲ ਮੇਰੇ ਰਾਂਝਣਾਂ ਡੁਬੀ ਹੀ ਗਮਾਂ ਵਿਚ।
ਆ ਮਿਲ ਮੇਰੇ ਰਾਂਝਣਾਂ ਡੁਬੀ ਹੀਰ ਗਮਾਂ ਵਿਚ।
ਡੁਬੀ ਹੀਰ ਗਮਾਂ ਵਿਚ ਡੁਬੀ ਹੀਰ ਗਮਾਂ ਵਿਚ।
ਆ ਮਿਲ ਮੇਰੇ... ... ... ...

(ਹ) ਵੇ ਜਾਨੀਆਂ ਇਕ ਫੇਰਾ ਪਾ ਜਾ।
ਵੇ ਸੁਹਣਿਆਂ ਮੇਰਾ ਦਿਲ ਪ੍ਰਚਾ ਜਾ।
ਵੇ ਮੋਹਣਿਆਂ ਹੁਣ ਮੋੜਾਂ ਪਾ ਜਾ।
ਵੇ ਚਾਨਣਾ ਚੰਨ-ਮੁਖੜਾ ਵਖਾ ਜਾ।

ਮੀਏ ਹੁਰੀਂ ਇਸੇ ਵਹਿਣ ਵਿਚ ਰੁੜੇ ਰਹਿੰਦੇ। ਆਪ ਵੀ ਤੜਪਦੇ ਤੇ ਹੋਰਨਾਂ ਨੂੰ ਵੀ ਤੜਪਾਂਦੇ। ਕਿਵੇਂ ਭਾਦਰੋਂ 2016 ਦੀ ਸਵੇਰ ਨੂੰ ਆਲ ਇੰਡੀਆ ਰੇਡੀਉ, ਜਲੰਧਰ ਕੇਂਦਰ ਨੇ ਮਾਤਮੀ ਧੁੰਨ ਵਜਾਂਦਿਆਂ ਨਸ਼ਰ ਕੀਤਾ ਕਿ ਲੱਖਾਂ ਦਿਲਾਂ ਦੇ ਬਾਦਸ਼ਾਹ, ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ ਹਨ। ਇਹ ਖ਼ਬਰ

Sri Satguru Jagjit Singh Ji eLibrary NamdhariElibrary@gmail.com

ਸੁਣਦਿਆਂ ਸਾਰ ਮੀਏ ਹੁਰੀਂ ਜਿੱਥੇ ਲੱਖਾਂ ਕਲੀਆਂ ਮੂੰਹ ਮੀਟ ਲਏ ਇਨ੍ਹਾਂ ਦਾ ਉਪਰਾਲਾ ਸਾਹ ਉਪਰ ਤੇ ਹੇਠਲਾ ਸਾਹ, ਹੇਠਾਂ ਰਹਿ ਗਿਆ। ਅੱਖਾਂ ਵਿਚ ਕਾਂਭਾਂ ਚੜ ਆਈਆਂ। ਇੱਕ ਦਮ ਗੁਮ, ਗਲਾਂ ਰੁਕ ਗਿਆ ਤੇ ਧਰਤੀ ਤੇ ਲੇਟ ਗਿਆ। ਖਾਣ ਨ ਪੀਣ; ਬਸ ਹਉਕੇ ਹਾਵੇ। ਪਰਿਵਾਰ ਦੇ ਸਮਝਾਣ ਬੁਝਾਣ ਨਾਲ ਕੁਝ ਉਗਲ ਨਿਗਲ ਕਰਨ ਲੱਗਾ, ਪਰ ਗੰਨੀਆਂ ਸਦਾ ਗਿੱਲੀਆਂ। ਵੈਰਾਗ ਦਾ ਹੜ ਜ਼ੋਰਾਂ ਤੇ। ਧੀਰੇ ਧੀਰੇ ਰੋਸ਼ਨੀ ਮਾਹੀਏ ਨੂੰ ਭਾਲਦੀ ਭਾਲਦੀ ਰੁਸਕੇ ਚਲੀ ਗਈ। ਹੁਣ ਸ੍ਰੀ ਭੈਣੀ ਸਾਹਿਬ ਨੂੰ ਚਿੱਠੀਆਂ ਦਾ ਤਾਂਤਾਂ ਬੱਝ ਗਿਆ ਤੇ ਉਨ੍ਹਾਂ ਰਾਹੀਂ ਦਿਲ ਦੀ ਭੜਾਸ ਕੱਢਦਾ। ਇਕ ਦਿਨ ਫਰਾਕ ਦੇ ਭੁੱਜੇ ਦਿਲ ਨੇ ਹੰਝੂਆਂ ਦੇ ਪਾਣੀ ਤੇ ਹਾਉਕਿਆਂ ਤੋਂ ਬਣੀ ਸਿਆਹੀ ਨਾਲ ਚਿੱਠੀ ਲਿੱਖੀ:-

786

ਮੁਹਤਰਮ ਵਾਲੀਏ ਦੋ ਜਹਾਨ, ਬੇਅੰਤ ਪਾਤਸ਼ਾਹ ਜੀਓ!

ਅਦਨਾਂ ਗ਼ੁਲਾਮ ਦਾ ਸਲਾਮ ਕਬੂਲ ਫਰਮਾਏਂ। ਅਰਸ਼ ਕੁਰਸ਼ ਦੇ ਮਾਲਿਕ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਅਜ਼ਲੀ ਤਖਤ ਤੇ ਜਾ ਕੇ ਜਲਵਾ ਫਰੋਜ਼ ਹੋ ਗਏ ਹਨ, ਹੁਣ ਤੁਸੀਂ ਗ਼ਰੀਬ ਦੀ ਸਾਰ ਲਵੋ। ਜਦ ਤੋਂ ਸ੍ਰੀ ਭੈਣੀ ਸਾਹਿਬੋਂ ਆਇਆ ਹਾਂ, ਮੱਛੀ ਵਾਂਗੂੰ ਤੜਪ ਰਿਹਾ ਹਾਂ। ਨਾ ਦਿਨੇ ਨੀਂਦ ਆਉਂਦੀ ਹੈ, ਨਾ ਰਾਤ। ਲਾਹੌਰ ਦੀਆਂ ਗਲੀਆਂ ਵੱਢ ਵੱਢ ਖਾਂਦੀਆਂ ਹਨ; ਖਾਣਾ ਪੀਣਾ ਕੁਝ ਵੀ ਚੰਗਾ ਨਹੀਂ ਲੱਗਦਾ। ਮੇਰੀ ਹਾਲਤ ਉਸ ਸੱਪ ਵਰਗੀ ਹੈ, ਜਿਸਦੀ ਮਣੀ ਗੁਆਚ ਗਈ ਹੋਵੇ। ਮਿਹਰਬਾਨ ਜੀ! ਮੇਰੇ ਅੰਦਰ ਹਿਜ਼ਰ ਦਾ ਨਾਗ ਫੁੰਕਾਰੇ ਮਾਰ ਰਿਹਾ ਹੈ, ਸੀਨੇ ਵਿਚ ਫਰਾਕ ਦੇ ਭਾਂਬੜ ਮੱਚ ਰਹੇ ਹਨ। ਇਹ ਲੂੰਬੇ ਲਾਹੌਰ ਨੂੰ ਸਾੜ ਕੇ ਸੁਆਹ ਕਰ ਦੇਣਗੇ। ਹੱਡੀਆਂ ਭਸਮ ਹੋ ਰਹੀਆਂ ਹਨ, ਲਹੂ ਉਬਾਲੇ ਖਾ ਰਿਹਾ ਹੈ ਮਾਸ ਕਬਾਬ ਵਾਂਗੂੰ ਭੁੱਜ ਰਿਹਾ ਹੈ। ਦਮਾਗ਼ ਵੀ ਟਕਾਣੇ ਨਹੀਂ ਰਿਹਾ। ਪਾਗ਼ਲਾਂ ਵਾਂਗੂੰ ਟੱਕਰਾਂ ਮਾਰਨ ਨੂੰ ਜੀ ਕਰਦਾ ਹੈ। ਚੰਗਾ ਹੁੰਦਾ ਜੇ ਉੱਥੇ ਈ ਪ੍ਰਾਣ ਪੰਖੇਰੂ ਉਡ ਜਾਂਦੇ। ਜ਼ਿੰਦਗੀ ਦਾ ਕੀ ਸਵਾਦ, ਜਿਸਨੂੰ ਮਹਿਬੂਬ ਦੇ ਦਰਸ਼ਨ ਨਸੀਬ ਨਾ ਹੋਣ। ਸੱਸੀ ਪੁੰਨੂੰ ਪੁੰਨੂੰ ਕਰਦੀ ਥਲਾਂ ਵਿਚ ਝੁਲਸ ਮੋਈ; ਸੋਹਣੀ ਮਾਹੀਂਵਾਲ, ਮਾਹੀਂਵਾਲ ਕੂਕਦੀ ਝਨਾਂ ਦੀਆਂ ਲਹਿਰਾਂ ਵਿਚ ਗੁਆਚ ਗਈ। ਮੈਂ ਕਿਹੜੇ ਖੂਹ ਵਿਚ ਡੁੱਬ ਮਰਾਂ।

ਕੋਈ ਭੈਣ ਭਰਾ, ਦੋਸਤ, ਮਿੱਤਰ ਗ਼ਮ ਨੂੰ ਵੰਡ ਨਹੀਂ ਸਕਦਾ। ਅੱਲਾ ਤਾਅਲਾ ਇਨ੍ਹਾਂ ਲੀਡਰਾਂ ਨੂੰ ਮੱਤ ਦੇਂਦਾ; ਜਿਨ੍ਹਾਂ ਵਸਦਾ ਰਸਦਾ ਦੇਸ਼ ਉਜਾੜਿਆ। ਭਰਾ ਨਾਲੋਂ ਭਰਾ ਵੱਖ ਕੀਤਾ। ਇਹ ਲੀਕਾਂ ਪਾਈਆਂ, ਇਹ ਪਾਣੀ ਵੰਡੇ। ਮਿਹਰਬਾਨ ਜੀ! ਸ੍ਰੀ ਭੈਣੀ ਸਾਹਿਬ ਦੀ ਧਰਤੀ, ਫਿਰਦੋਸ਼ ਹੈ। ਓਥੇ ਫਰਿਸ਼ਤੇ ਵੱਸਦੇ ਹਨ, ਪਰ ਮੈਂ ਗ਼ਮਾਂ ਦੇ ਬੱਦਲਾਂ ਵਿਚ ਘਿਰਿਆ ਝੋਰੇ ਝਰ ਰਿਹਾ। ਹਸਰਤਾਂ ਦੀ ਕਾਲੀ ਬੋਲੀ ਰਾਤ ਸਿਖਰਾਂ ਤੇ ਹੈ, ਤੁਸੀਂ ਇਕ ਕਿਰਨ ਰੋਸ਼ਨੀ ਦੀ ਬਖਸ਼ਸ਼ ਕਰੋ। ਹੇ ਮਿਹਰਬਾਨ ਜੀ:-

**ਮੁਝ ਕੋ ਤੁਫਾਨੇ ਗ਼ਮ ਸੇ ਬਚਾ ਲਓ, ਗਿਰ ਰਹਾ ਹੂੰ ਮੁਝੇ ਤੁਮ ਸੰਭਾਲੋ!**
**ਆਪਕਾ ਹੀ ਹੂੰ ਮੈਂ ਨਾਮਲੇਵਾ, ਹੋ ਰਹੀ ਹੈ ਮੇਰੀ ਖਸਤਾ ਹਾਲੀ।**
**ਮੇਰੇ ਸੀਨ ਮੇਂ ਅਨਵਰ ਭਰਦੋ, ਇੱਕ ਨਜ਼ਰ ਅਪਨਾ ਜਲਵਾ ਦਿਖਾ ਲੋ।**
**ਇਤਨਾ ਕਰ ਦੋ ਕਰਮ ਅਬ ਤੋ ਖੁਦਾ ਰਾ, ਮੇਰੇ ਆਕਾ ਗ਼ਰੀਬੋਂ ਕੇ ਵਾਲਾ।**
**ਹਰ ਮਰਜ਼ ਕੇ ਮਰੀਜ਼ੋਂ ਕੀ ਦਵਾ ਹੈ, ਖਾਕੇ ਦਰੇ ਆਪ, ਐ ਦਿਲਰੁਬਾ!**
**ਉਸ ਕਾ ਸੀਨਾ ਭੀ ਮੱਨਵਰ ਹੂਆ, ਜਿਸਨੇ ਖਾਕੇ ਭੈਣੀ ਸੀਨੇ ਪਰ ਲਗਾਲੀ।**

ਹਜ਼ੂਰ ਅਨਵਰ! ਗ਼ੁਲਾਮ ਦੀਆਂ ਲੱਤਾਂ ਕਬਰਾਂ ਵਿਚ ਹਨ, ਪਤਾ ਨਹੀਂ ਕਿਸ ਵਕਤ ਅਜ਼ਰਾਈਲ ਦਾ ਫਰਿਸ਼ਤਾ ਆ ਕੇ ਇਸ ਨਾਚੀਜ਼ ਨੂੰ ਜ਼ਿੰਦਗੀ ਦੇ ਸਾਹਿਲ ਤੋਂ ਧੱਕਾ ਦੇ ਫਨਾ ਦੇ ਸਮੁੰਦਰ ਵਿਚ ਧਕੇਲ ਜਾਵੇ। ਮੈਂ ਇਹ ਵੀ ਸਮਝਦਾ ਹਾਂ ਕਿ ਆਪਦੇ ਦਰਬਾਰ ਵਿਚ ਅਹਿਲੇ ਦੌਲ ਅਪਨੇ ਅਪਨੇ ਦੌਲਤ ਕਦਿਆਂ ਵਿਚ ਕਦਮ ਰੰਜਾ ਫੁਰਮਾਨ ਖ਼ਾਤਰ ਇਲਤਜਾ ਕਰਨ ਵਾਲਿਆਂ ਦਾ ਤਾਂਤਾ ਬੱਧਾ ਹੋਵੇਗਾ। ਮੈਂ ਵੀ ਆਪ ਦੀ ਦਰਗਾਹ ਦਾ ਕੁੱਤਾ ਹਾਂ। ਨਾਚੀਜ਼ ਦੁਆਗੋ ਵਾਸਤੇ ਇਕ ਵਾਰ ਤਾਂ ਵਕਤ ਕੱਢੋ। ਬਰਾਏ ਨਵਾਜਿਸ਼, ਇੱਕ ਵਾਰ ਕਦਮ ਰੰਜਾ ਫੁਰਮਾ ਜਾਓ। ਮੇਰੀ ਖਸਤਾ ਹੱਡੀਆਂ ਸਫਰ ਨਹੀਂ ਕਰ ਸਕਦੀਆਂ। ਇਨ ਅਲਫਾਜ਼ ਨੂੰ ਕਬੂਦ ਫੁਰਮਾਓ ਤੇ ਦੀਦ ਕਾ ਜਾਮ ਪਿਲਾ ਜਾਓ! ਮੈਂ ਅਜਿਲ ਦੇ ਫਰਿਸ਼ਤਿਆਂ ਨੂੰ ਕੁਝ ਸਮੇਂ ਵਾਸਤੇ ਗੁਜ਼ਾਰਨ ਵਾਸਤੇ ਆਖਦਾ ਰਹਿੰਦਾ ਹਾਂ।

**ਨ ਛੇੜੋ ਲਹਿਦ ਮੇਂ ਨਕੀਰੋ ਹਮ ਕੋ, ਗ਼ਮੇਂ ਹਿਜਰ ਕੇ ਹਮ ਸਤਾਏ ਹੁਏ ਹੈ**
**ਯਕੀਂ ਹੈ ਆਏਗਾ ਏਕ ਦਿਨ ਵੁਹ ਜ਼ਰੂਰ ਯਿਹ ਉਮੀਦ ਦਿਲ ਮੇਂ ਜਮਾਏ ਹੈਂ।**

ਹੇ ਕਾਸਦ

ਮੇਰੀ ਪਰੇਸ਼ਾਨੀਆਂ ਨ ਉਨਸੇ ਕਹਿਨਾ ਸੁਨੇਗੇ ਤੋ ਵੁਹ ਭੀ ਪਰੇਸ਼ਾਨ ਹੋਗੇ ਤਮਾਮ ਜ਼ੁਦ।

ਆਪਦਾ ਖ਼ਾਦਿਮ,
ਫ਼ਜ਼ਲ ਮੁਹੰਮਦ,
ਲਾਹੌਰ।

ਚਿੱਠੀ ਸ੍ਰੀ ਭੈਣੀ ਸਾਹਿਬ ਪੁੱਜੀ। ਸੰਤ ਗੁਰਦੇਵ ਸਿੰਘ ਨਿਜੀ ਸਕੱਤਰ ਨੇ ਖੋਲ੍ਹੀ ਤੇ ਪੜ੍ਹੀ। ਜਿਉਂ ਜਿਉਂ ਗੁਰਦੇਵ ਸਿੰਘ ਪੜ੍ਹਦਾ ਜਾਵੇ ਤਿਵੇਂ ਤਿਵੇਂ ਸਤਿਗੁਰੂ ਜਗਜੀਤ ਸਿੰਘ ਜੀ ਸੇਵਕ ਨੂੰ ਦਰਸ਼ਨ ਦੇਣ ਵਾਸਤੇ ਇਉਂ ਉਤਾਵਲੇ ਹੋ ਉਠੇ, ਜਿਵੇਂ ਮਾਂ ਵਿਲਕਦੇ ਬੱਚੇ ਨੂੰ ਦੁੱਧ ਦੇਣ ਵਾਸਤੇ ਉਠ ਦੌੜਦੀ ਹੈ: ਜਿਵੇਂ ਅੜਾਂਦੇ ਵੱਛੇ ਨੂੰ ਦੁੱਧ ਚੁਗਾਣ ਖ਼ਾਤਰ, ਗਊ ਰੱਸੇ ਤੁੜਾਨ ਲੱਗ ਪੈਂਦੀ ਹੈ, ਜਿਵੇਂ ਭਗਵਾਨ ਰਾਮ ਭੀਲਣੀ ਦੀ ਮਨੋ ਕਾਮਨਾ ਪੂਰੀ ਕਰਨ ਹਿਤ ਰਿਸ਼ੀਆਂ ਮੁਨੀਆਂ ਕੋਲੋਂ ਲੰਘਦੇ, ਉਸਦੀ ਕੁਟੀਆ ਵਿਚ ਚਲੇ ਗਏ ਸਨ, ਜਿਵੇਂ ਭਗਵਾਨ ਕ੍ਰਿਸ਼ਨ ਸੁਦਾਮੇ ਦਾ ਦਰਵਾਜ਼ੇ ਤੇ ਆਇਆ ਸੁਣ, ਸਿੰਘਾਸਣ ਤਿਆਗ, ਜਾ ਗਲੇ ਲਾਇਆ ਸੀ, ਜਿਵੇਂ ਬਾਬੇ ਨਾਨਕ ਮਲਕ ਭਾਗੋ ਦੇ ਮਹਿਲ ਮਾੜੀਆਂ ਵੱਲੋਂ ਮੂੰਹ ਮੋੜ ਭਾਈ

Sri Satguru Jagjit Singh Ji eLibrary NamdhariElibrary@gmail.com

ਲਾਲੋ ਦੇ ਛੱਪਰ ਵਿਚ ਜਾ ਡੇਰਾ ਕੀਤਾ ਸੀ; ਜਿਵੇਂ ਗੁਰੂ ਬਾਲਕ ਸਿੰਘ ਸੱਯਦਾਣੀ ਦੀ ਅੰਦਰਲੀ ਅਰਦਾਸ ਸੁਣ ਉਸਦੀ ਕੱਚੀ ਕੋਠੜੀ ਨੂੰ ਜਾ ਭਾਗ ਲਾਏ ਸਨ, ਤਿਵੇਂ ਸਤਿਗੁਰੂ ਜਗਜੀਤ ਸਿੰਘ; ਮੀਏ ਹੁਰਾਂ ਨੂੰ ਲਾਹੌਰ ਜਾ ਕੇ ਦਰਸ਼ਨ ਦੇਣ ਦਾ ਮਨ ਬਣਾ ਲਿਆ ਤੇ ਗੁਰਦੇਵ ਸਿੰਘ ਨੂੰ ਪਾਸਪੋਰਟ ਠੀਕ ਠਾਕ ਕਰਵਾਉਣ ਦੀ ਆਗਿਆ ਕੀਤੀ।

ਜਦ ਕਾਗ਼ਜ਼ ਪੱਤਰ ਤਿਆਰ ਹੋ ਗਏ ਤਾਂ ਸੱਚੇ ਪਾਤਸ਼ਾਹ ਜੀ, ਪੰਡਿਤ ਗੋਪਾਲ ਸਿੰਘ ਤੇ ਇੱਕ ਦੋ ਹਜ਼ੂਰੀ ਸੇਵਕਾਂ ਸਹਿਤ ਵਾਘੇ ਦੇ ਬਾਰਡਰ ਤੇ ਪੁੱਜੇ। ਅੱਗੋਂ ਮੀਏ ਹੁਰਾਂ ਦੇ ਪਰਿਵਾਰ ਤੇ ਉਨ੍ਹਾਂ ਦੇ ਮੇਲੀ ਗੇਲੀ ਗੱਡੀਆਂ ਲਈ ਖੜੇ ਰਾਹ ਤੇ ਅੱਖੀਂ ਵਛਾਈ ਬੈਠੇ ਸਨ। ਕਸਟਮ ਵਾਲਿਆਂ ਕਾਗ਼ਜ਼ ਪੱਤਰ ਵੇਖੇ ਤਾਂ ਸੱਚੇ ਪਾਤਸ਼ਾਹ ਪਾਕਿਸਤਾਨ ਦੀ ਹੱਦ ਅੰਦਰ ਦਾਖ਼ਲ ਹੋਏ। ਸਵਾਗਤੀਆਂ ਫੁੱਲਾਂ ਨਾਲ ਕਾਰਾਂ ਨੂੰ ਲੱਦ ਦਿੱਤਾ। ਇਹ ਕਾਰਾਂ ਦਾ ਕਾਫਲਾ ਲਾਹੌਰ ਵੱਲ ਰਵਾਨਾ ਹੋਇਆ। ਦਰਸ਼ਕ ਇਨ੍ਹਾਂ ਸਤਿਜੁਗੀ ਯਾਤਰੂਆਂ ਨੂੰ ਮੋਮਨ ਭਰਾਵਾਂ ਵਿਚ ਘਿਰੇ ਜਾਂਦੇ ਵੇਖ ਹੈਰਾਨ ਹੋ ਰਹੇ ਸਨ। ਕਾਰਾਂ ਮੀਏ ਹੁਰਾਂ ਦੇ ਮਕਾਨ ਕੋਲ ਜਾਕੇ ਰੁਕੀਆਂ ਸਾਦਿਕਾਂ ਸਿਦਕ ਦਿਲੀ ਨਾਲ ਸੁਆਗਤ ਕੀਤਾ। ਓਧਰ ਮੀਏ ਹੁਰੀਂ ਚੁਬਾਰੇ ਵਿਚ ਬੈਠੇ ਸਜਦੇ ਕਰੀ ਜਾਂਦੇ ਤੇ ਅੱਖਾਂ ਨੂੰ ਸੰਬੋਧਨ ਕਰ ਰਹੇ ਸਨ:-

**ਅਖੀਓ ਨੀ ਬਦਨਾਮ ਨ ਕਰਨਾ।**
**ਮਾਹੀ ਅਗੇ ਹਉਕੇ ਨ ਭਰਨਾ।**

ਖ਼ੈਰ ਹੁਣ ਸੱਚੇ ਪਾਤਸ਼ਾਹ ਮੀਏ ਹੁਰਾਂ ਕੋਲ ਪੁੱਜ ਗਏ ਤੇ ਮੀਆਂ ਜੀ ਚਰਨਾਂ ਤੇ ਲੇਟ ਗਏ। ਕਿੰਨਾਂ ਸਮਾਂ ਕੀਰਨੇ ਪਾਂਦੇ ਤੇ ਹੰਝੂਆਂ ਨਾਲ ਚਰਨਾਂ ਨੂੰ ਧੋਂਦੇ ਰਹੇ। ਸੱਚੇ ਪਾਤਸ਼ਾਹ ਵੀ ਲੰਮਾ ਸਮਾਂ ਮੀਏ ਹੁਰਾਂ ਲਾਗੇ ਬੈਠੇ ਰਹੇ ਤੇ ਉਨ੍ਹਾਂ ਦੇ ਖੱਬੇ ਸੱਜੇ ਹੋਰ ਸ਼ਰਧਾਲੂ ਬੈਠੇ ਸਭ ਕੁਝ ਸੁਣ ਵੇਖ ਰਹੇ ਸਨ, ਪਰ ਚੋਪਾਸੀ ਚੁੱਪ, ਕੇਵਲ ਮੀਆਂ ਜੀ ਦਿਲ ਦੀ ਹਵਾੜ ਕੱਢ ਰਹੇ ਸਨ, ਵਾਯੂ ਮੰਡਲ ਤੇ ਵਿਸਮਾਧਤਾ ਛਾਈ ਹੋਈ ਸੀ। ਜਦ ਜਰਾ ਦਿਲ ਹੌਲਾ ਹੋਇਆ, ਤਾਂ ਬੈਠਿਆਂ ਬੈਠਿਆਂ ਪਤਾ ਨਹੀਂ ਕੀ ਖ਼ਿਆਲ ਆਇਆ ਕਿ ਮੀਆਂ ਜੀ ਸੱਚੇ ਪਾਤਸ਼ਾਹ ਦੀ ਬਾਂਹ ਹੱਥ ਵਿਚ ਲੈ ਕੇ ਕਿਹ, ਪੰਡਿਤ ਜੀ! ਵੇਖੋ ਨਾ ਇਹ ਮੀਮ ਹੈ; ਫਿਰ ਅੜਕ ਤੋਂ ਮੋੜਦਿਆਂ ਆਖਿਆ ਇਹ 'ਹੇ' ਹੈ, ਫਿਰ ਮੀਮ ਤੇ ਮੁੱਠ ਨੂੰ ਬੰਦ ਕਰ ਦੱਸਿਆ ਇਹ 'ਦਾਲ' ਹੈ। ਪੰਡਿਤ ਜੀ ਹਿਜੇ ਜੋੜੋ। ਫਿਰ ਆਪ ਹੀ ਕਹਿਣ ਲੱਗ ਪਏ, 'ਮੀਮ' 'ਹੇ' 'ਮੀਮ' 'ਦਾਲ'। ਬਣ ਗਿਆ ਮਹੰਮਦ ਰਸੂਲੇ ਲਿੱਲਾ, ਮੇਰੇ ਮਉਲਾ ਇਹ ਕਹਿੰਦਿਆਂ ਕਹਿੰਦਿਆਂ ਮੁੜ ਚਰਨਾਂ ਤੇ ਲੇਟ ਗਿਆ ਤੇ ਅੱਗੋਂ ਕੰਠ ਰੁੱਕ ਗਿਆ।

ਸੱਚੇ ਪਾਤਸ਼ਾਹ ਮੀਏ ਦੀ ਕੰਢ ਤੇ ਮਿਹਰ ਭਰਿਆ ਹੱਥ ਰਖਿਆ। ਮੀਆਂ ਉਠ ਕੇ ਬਹਿ ਗਿਆ! ਪੰਡਿਤ ਗੋਪਾਲ ਸਿੰਘ ਜੀ ਸਹਿਜੇ ਪੁੱਛਿਆ। 'ਮੀਆਂ ਜੀ1 ਤੁਹਾਨੂੰ ਇਹ ਮਾਰਫਤ ਦਾ ਗਿਆਨ ਕਿਵੇਂ ਪ੍ਰਾਪਤ ਹੋਇਆ, ਮੀਏ ਹੁਰਾਂ ਅੱਖਾਂ ਨੂੰ ਮਲਦਿਆਂ ਕਿਹਾ 'ਪੰਡਿਤ ਜੀ! ਤੂੰ ਵੀ ਆਲਿਮ ਫਾਜਿਲ ਹੈ; ਜਰਾ

Sri Satguru Jagjit Singh Ji eLibrary NamdhariElibrary@gmail.com

ਧਿਆਨ ਲਾਕੇ ਸੁਣ! ਜਦ ਮੈਂ ਸ੍ਰੀ ਭੈਣੀ ਸਾਹਿਬ ਰਹਿੰਦਾ ਸਾਂ ਤਾਂ ਵੇਖਦਾ ਸਾਂ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੁਆਲੇ ਫਰਿਸ਼ਤਿਆਂ ਦਾ ਝੁਰਮਟ ਰਹਿੰਦਾ ਸੀ। ਤੇ ਉਹੀ ਉਨ੍ਹਾਂ ਦੇ ਤਖਤ ਨੂੰ ਏਧਰ ਓਧਰ ਹੁਕਮਾਅਨੁਸਾਰ ਚੁੱਕੀ ਫਿਰਦੇ ਸਨ। ਸਤਿਗੁਰਾਂ ਦੇ ਚਰਨਾਂ ਵਿੱਚੋਂ ਆਬੇ ਹਯਾਤ ਟਪਕਦਾ ਵੇਖਦਾ ਸਾਂ। ਇੱਕ ਦਿਨ ਰਤਨ ਸਿੰਘ ਸੱਚੇ ਪਾਤਸ਼ਾਹ ਦੇ ਚਰਨ ਧੁਆ ਰਿਹਾ ਸੀ। ਗ਼ੁਲਾਮ ਵੀ ਕੋਲ ਬੈਠਾ ਸੀ। ਉਹ ਪਰਨੇ ਨਾਲ ਚਰਨ ਪੂੰਝਣ ਲੱਗਾ ਤਾਂ ਚਰਨਾਂ ਤੋਂ ਡਿੱਗੇ ਤੁਪਕਿਆਂ 'ਚੋਂ ਇਕ ਦੋ ਤਲੀ ਤੇ ਲੈ ਅੰਦਰ ਲੰਘਾ ਗਿਆ। ਕਪਾਟ ਖੁੱਲ੍ਹ ਗਏ। ਰੌਸ਼ਨੀ ਪਸਰ ਗਈ। ਰੱਬੀ ਨੂਰ ਦੀ ਵਰਸ਼ਾ ਹੋਣ ਲੱਗੀ।

ਕਮਰੇ ਵਿਚ ਬੈਠੇ ਸਭ ਮੀਏ ਦੀ ਵਾਰਤਾ, ਬੁਤ ਬਣੇ ਸੁਣ ਰਹੇ ਤੇ ਕਿਸੇ ਅਨੋਖੇ ਦੇਸ਼ ਦੇ ਨਕਸ਼ੇ ਵੇਖ ਰਹੇ ਸਨ। ਮੀਏ ਦੇ ਪੁੱਤ ਪੋਤਰਿਆਂ ਸ਼ਰਧਾ ਪੂਰਵਕ ਸੁੱਕੇ ਫਲਾਂ ਦੀ ਭੇਟਾ ਰੱਖੀ, ਸੱਚੇ ਪਾਤਸ਼ਾਹ ਇਕ ਦੋ ਦਾਣੇ ਚੁੱਕੇ, ਬਾਕੀ ਸਭ ਵਾਪਸ ਕਰ ਦਿੱਤੇ, ਸਗੋਂ ਮੀਏ ਹੁਰਾਂ ਨੂੰ ਸਰੋਪਾ ਬਖਸ਼ਿਆ ਤੇ ਨਾਲ ਹੀ ਕੁਝ ਮਾਇਆ। ਗ਼ਰੀਬ ਨਿਵਾਜ਼ ਚੁਬਾਰਿਓਂ ਉਤਰੇ ਤੇ ਕਾਰ ਵਿਚ ਚਰਨ ਰੱਖੇ। ਸਭ ਦਰਸ਼ਕਾਂ ਦੇ ਨੇਤਰ ਸਜਲ ਹੋ ਗਏ। ਕਾਰ ਤੁਰੀ ਤਾਂ ਉਨ੍ਹਾਂ ਦੇ ਅੱਥਰੂ ਤ੍ਰਪ ਤ੍ਰਪ ਧਰਤੀ ਤੇ ਗਿਰਨ ਲੱਗੇ। ਧਰਤੀ ਮਾਤਾ ਉਨ੍ਹਾਂ ਮੋਤੀਆਂ ਦੀਆਂ ਝੋਲੀਆਂ ਭਰ ਭਰ ਸਾਂਭਣ ਲਗੀ। ਸੱਚੇ ਪਾਤਸ਼ਾਹ ਸ੍ਰੀ ਭੈਣੀ ਸਾਹਿਬ ਪੁੱਜ ਗਏ ਤੇ ਮੀਏ ਹੁਰੀਂ ਸਜਦੇ ਵਿਚ ਪਏ ਸਨ।

**ਪੰਡਿਤ ਗੋਪਾਲ ਸਿੰਘ**
ਮਾਰਤੰਡ,
ਸ੍ਰੀ ਭੈਣੀ ਸਾਹਿਰ।

Sri Satguru Jagjit Singh Ji eLibrary NamdhariElibrary@gmail.com

## ਫਰਸ਼ ਤੋਂ ਅਰਸ਼

**ਤਰਸੇਮ**

ਤਰਸੇਮ ਸਿੰਘ ਨਾਮ ਦਾ ਹੀ ਤਰਸੇਮ ਸੀ। ਤਰਸ ਨਾਂ ਦੀ ਵਸਤੂ ਉਸਦੇ ਨੇੜੇ ਤੇੜੇ ਵੀ ਨਹੀਂ ਸੀ। ਗੱਲਾਂ ਕਈ ਸਨ। ਖੱਦਰ ਜੱਟਾਂ ਦਾ ਮੁੰਡਾ ਜਿਸਦਾ ਬਾਪ, ਚਾਚੇ, ਤਾਏ ਤੇ ਭਰਾ ਡਾਂਗ ਬਹਾਦਰ ਤਾਂ ਹੈ ਹੀ ਸਨ। ਪਰ ਅਵੱਲ ਦਰਜੇ ਦੇ ਅੜਬ। ਨਾਮ ਦੇ ਭਾਵੇਂ ਸਿੱਖ ਸਨ। ਪਰ ਸਿੱਖ ਹੋਣਾ ਆਪ ਦੀ ਹੱਤਕ ਸਮਝਦੇ ਸਨ। ਕਿਸੇ ਦਾ ਸਿਰ ਪਾੜਨਾ ਜਾਂ ਲੱਤੋ ਲੱਤੀ, ਗਾਲੋਂ ਗਾਲੀ ਹੋਣਾ ਏਹਨਾਂ ਦਾ ਨਿਤ ਦਾ ਕਰਮ ਸੀ। ਖੇਤਾਂ ਵਿਚ ਤਿੱਤਰ ਬਟੇਰੇ ਜਾਂ ਘੁਗੀਆਂ ਕਬੂਤਰ ਫੜਕੇ ਛੱਕਦੇ ਰੋਜ਼ਾਨਾ ਦੀ ਆਦਤ ਸੀ। ਸ਼ਰਾਬ ਨੂੰ ਤਾਂ ਅੰਮ੍ਰਿਤ ਸਮਝਕੇ ਵਰਤਦੇ ਸਨ। ਠੇਕਾ ਘਰ ਦਾ ਹੀ ਸੀ, ਕਢਣੀ ਤੇ ਪੀਣੀ। ਇਹਨਾਂ ਦੇ ਜਥੇ ਤੋਂ ਡਰਦੇ ਆਂਢੀ ਗੁਆਂਢੀ ਕੁਸਕਦੇ ਤੱਕ ਨਹੀਂ ਸੀ।

ਚੰਗੀ ਗੱਲ ਸਿਰਫ਼ ਇਕ ਹੀ ਸੀ-ਘੁਲਣ ਦਾ ਸ਼ੌਕ ਤੇ ਕਸਰਤ। ਇਲਾਕੇ ਵਿਚ ਘੋਲ ਹੁੰਦੇ ਤਾਂ ਮਾਲੀ ਪਾਸਲੇ ਦੇ ਸ੍ਰ: ਪੂਰਨ ਸਿੰਘ ਕੋਲ ਹੀ ਹੁੰਦੀ।

ਤਰਸੇਮ ਦੇ ਜਿੰਮੇ ਦੋ ਕੰਮ ਸਨ। ਸਕੂਲ ਦੀ ਹਾਜ਼ਰੀ ਤੇ ਖੂਹ ਉੱਤੇ ਰਾਸ਼ਨ ਪਹੁੰਚਾਣਾ, ਜਾਂਦੇ ਜਾਂਦੇ, ਜੋ ਤਿੱਤਰ ਬਟੇਰਾ ਮਿਲ ਜਾਵੇ, ਤਾਂ ਦੋ ਤਿੰਨ ਉਡਾਰੀਆਂ, ਮਗਰ ਭੱਜਕੇ ਫੜਨਾ ਤੇ ਜਿਉਂਦੇ ਨੂੰ ਹੀ ਗੀਝੇ ਵਿਚ ਭੁੰਨ ਲੈਣਾ, ਜੇ ਤਿੰਨ ਚਾਰ ਸ਼ਿਕਾਰ ਮਿਲ ਜਾਂਦੇ ਤਾਂ ਸਾਰੇ ਘਰ ਦਾ ਲੰਗਰ ਬਣ ਜਾਂਦਾ ਤੇ ਮੁੰਡੇ ਨੂੰ ਸ਼ਾਬਾਸ਼ ਵੀ ਮਿਲਦੀ ਤੇ ਜੇਬ ਖ਼ਰਚ ਵਾਸਤੇ ਪੈਸੇ ਵੀ; ਮਾਂ ਖ਼ੁਸ਼ੀ ਖ਼ੁਸ਼ੀ ਦੇ ਦਿੰਦੀ।

ਰੇਸ਼ਮ

ਏਸ ਦਾ ਨਾਂ ਹੀ ਰੇਸ਼ਮ ਸੀ ਹੈਸੀ ਨਾਰੀਅਲ ਦਾ ਵਾਣ। ਦੋ ਸਾਲ ਪੁਰਾਣੇ ਬੁੱਟੇ ਨਾਰੀਅਲ ਦੇ ਵਾਣ ਦੇ ਮੰਜੇ ਉੱਤੇ ਜੇ ਆਦਮੀ ਪੈ ਜਾਵੇ ਤਾਂ ਪਿੰਡੇ ਵਿਚ ਏਸ ਤਰ੍ਹਾਂ ਖੁਭ ਜਾਂਦੇ ਹੋਣ ਸਿਲਤ ਜਿਵੇਂ ਖੋਹਰ ਦੇ ਕੰਡੇ। ਪੜ੍ਹਨ ਦਾ ਸ਼ੌਕ ਬਹੁਤ ਸੀ, ਪਰ ਸਿੱਖੀ ਦੇ ਨਾਮ ਤੋਂ ਹੀ ਨਫ਼ਰਤ। ਜੇ ਸ਼ਰਾਰਤ ਕਰਨੀ ਹੁੰਦੀ ਤਾਂ ਲੀਡਰ ਰੇਸ਼ਮ ਹੁੰਦਾ ਦਿਲਾਲ ਪੁਰੀਆ।

## ਸੰਤੋਖ ਸਿੰਘ

ਪਿੰਡ ਮੁਠੱਡੇ, ਸੁਭਾ ਦਾ ਨੇਕ, ਵੇਖਣ ਵਿਚ ਸਾਦਾ। ਉਂਜ ਪੱਕਾ ਨਾਮਧਾਰੀ। ਘਰਵਾਲੇ ਪੂਰੇ ਕੁਸੰਗੀ। ਸਤਿਗੁਰੂ ਰਾਮ ਸਿੰਘ ਜੀ ਦੇ ਦੁਆਬੇ ਦੀ ਸਿੱਖੀ ਦੀ ਨੀਂਹ ਮੁਠੱਡਿਆਂ ਤੋਂ ਹੀ ਰੱਖੀ ਸੀ। ਸ਼ਾਇਦ ਏਸੇ ਕਰਕੇ ਹੀ ਜਥਾ ਨਾਮ ਤਥਾ ਗੁਣ ਸਨ ਸੰਤੋਖ ਵਿਚ।

ਪਿੰਡ ਨੇੜੇ-ਤੇੜ ਹੋਣ ਕਰਕੇ ਤੇ ਸਕੂਲਾਂ ਤੇ ਕਾਲਜ ਵਿਚ ਸਹਿਪਾਠੀ ਹੋਣ ਕਰਕੇ ਤਿੰਨਾਂ ਵਿਚ ਚੰਗੀ ਬਣਦੀ ਸੀ। ਪਰ ਪੱਕੀ ਤੇ ਅਸਲਯਾਰੀ ਤਰਸੇਮ ਤੇ ਰੇਸ਼ਮ ਵਿਚ ਹੀ ਸੀ। ਅਤੇ ਸੁਭਾਅ ਵੀ ਦੋਹਾਂ ਦੇ ਮਿਲਦੇ ਸਨ। ਸੰਤੋਖ ਤਾਂ ਇਹਨਾਂ ਵਿਚਾਲੇ ਇਓਂ ਹੀ ਸੀ ਜਿਵੇਂ ਵਾੜ ਵਿਚ ਉਗਿਆ ਅੰਬ।

ਰਾਮਗੜ੍ਹੀਆ ਕਾਲਜ ਫਗਵਾੜਾ, ਏਹਨਾਂ ਦੇ ਪਿੰਡਾਂ ਤੋਂ ਕਾਫ਼ੀ ਦੂਰ ਪੈਂਦਾ ਸੀ, ਜਿਸ ਵਾਸਤੇ ਔਣ ਜਾਣ ਅਤੇ ਕਾਲਜ ਵਿਚ ਵੀ ਇਹਨਾਂ ਦਾ ਸਾਥ ਬਣਿਆ ਰਹਿੰਦਾ ਸੀ, ਤਿੰਨਾਂ ਦਾ। ਸੰਤੋਖ ਸਿੰਘ ਦੀ ਪ੍ਰੇਰਨਾ ਨੂੰ ਦੋਵੇਂ ਹੀ ਸਮਝਦੇ, ਪਰ ਉਹ ਚੰਗੇ ਪਾਸੇ ਦੀ ਪ੍ਰੇਰਨਾ ਕਰਦਾ ਹੀ ਰਹਿੰਦਾ। ਨੇੜ ਏਹਨਾਂ ਦਾ ਏਸ ਕਰਕੇ ਵੀ ਸੀ ਕਿ ਏਹ ਚਾਹ ਨਹੀਂ ਸਨ ਪੀਂਦੇ ਤਿੰਨੇ।

ਤਰਸੇਮ ਤੇ ਰੇਸ਼ਮ ਮਾਸ ਤਾਂ ਰੱਜਕੇ ਛੱਕਦੇ ਸਨ। ਪਰ ਸ਼ਰਾਬ ਤੋਂ ਅੱਲਾ ਤਾਲਾ ਨੇ ਬਚਾਈ ਰੱਖਿਆ ਸੀ। ਤਰਸੇਮ ਸਿੰਘ ਦੇ ਘਰ ਵਾਲੇ ਸ਼ਰਾਬ ਦੇ ਆਦੀ ਸਨ। ਤੇ ਤਰਸੇਮ ਤੋਂ ਡੰਡੇ ਨਾਲ ਈ ਸ਼ਰਾਬ ਕਢੋਣ ਵਿਚ ਮੱਦਦ ਲੈਂਦੇ ਸਨ।

## ਲਛਮਣ

ਲਛਮਣ ਦਾਸ ਕਸ਼ਮੀਰ ਦਾ ਰਹਿਣ ਵਾਲਾ ਸੀ ਤੇ ਪੱਕਾ ਸ਼ਿਕਾਰੀ ਸੀ। ਇਕ ਦਿਨ ਇਕ ਗੱਭਣ ਹਰਨੀ ਪਿੱਛੇ ਉਸ ਘੋੜਾ ਲਾ ਦਿੱਤਾ। ਹਰਨੀ ਜਦੋਂ ਛੋਟੀ ਜੇਹੀ ਵਗਦੀ ਨਦੀ ਉੱਤੋਂ ਛਾਲ ਮਾਰੀ ਤਾਂ ਪਾਰ ਡਿੱਗਣ ਸਾਰ ਹੀ ਤੂ ਗਈ। ਦੋ ਬੱਚੇ ਵੀ ਮਰ ਗਏ ਤੇ ਹਰਨੀ ਨੇ ਵੀ ਪ੍ਰਾਣ ਦੇ ਦਿੱਤੇ। ਲਛਮਣ ਦਾਸ ਨੂੰ ਏਸ ਦਾ ਏਨਾਂ ਦੁੱਖ ਹੋਇਆ ਕਿ ਉਸ ਦਿਨ ਤੋਂ ਸ਼ਿਕਾਰ ਖੇਡਣਾ ਛੱਡ ਕੇ ਬੈਰਾਗੀ ਸਾਧ ਦਾ ਚੇਲਾ ਬਣ ਗਿਆ। ਅਤੇ ਲਛਮਣ ਦਾਸ ਤੋਂ ਬਣ ਗਿਆ ਮਾਧੋਦਾਸ ਤੇ ਮਾਧੋਦਾਸ ਤੋਂ ਗੁਰੂ ਗੋਬਿੰਦ ਸਿੰਘ ਜੀ ਦਾ ਸੇਵਕ ਹੋ ਕੇ ਬਣ ਗਿਆ ਬੰਦਾ ਬਹਾਦਰ।

ਠੀਕ ਏਹੋ ਕਾਰ ਏਸੇ ਤਰ੍ਹਾਂ ਨਾਲ ਬੀਤੀ ਤਰਸੇਮ ਨਾਲ। ਤਰਸੇਮ ਦੇ ਮਾਮੇ ਸਾਧਾਰਨ ਸਿੱਖ ਸਨ। ਜਿਸ ਵਾਸਤੇ ਏਸ ਦੀ ਮਾਤਾ ਵੀ ਸਿੱਖੀ ਦਾ ਪੱਖ ਰੱਖਦੀ ਅਤੇ ਥੋੜ੍ਹੀ ਬਹੁਤ ਬਾਣੀ ਵੀ ਪੜ੍ਹਦੀ ਸੀ। ਜਿਸਨੇ ਤਰਸੇਮ ਨੂੰ ਵੀ ਪੰਜ ਪੌੜੀਆਂ ਜਪੁਜੀ ਸਾਹਿਬ ਦੀਆਂ ਯਾਦ ਕਰਾ ਦਿੱਤੀਆਂ।

ਇਕ ਦਿਨ ਏਸ ਨੇ ਇਕ ਤਿਤਲੀ ਉਡਾਈ। ਜਦੋਂ ਉਹ ਹਫ ਕੇ ਬੱਚਿਆਂ ਉੱਤੇ ਜਾ ਬੈਠੀ, ਤਰਸੇਮ ਨੇ ਡੰਡਾ ਚਲਾ ਕੇ ਮਾਰਿਆ। ਜਿਸ ਨਾਲ ਤਿਤਲੀ

Sri Satguru Jagjit Singh Ji eLibrary NamdhariElibrary@gmail.com

ਤੇ ਉਸਦੇ ਸਾਰੇ ਬੱਚੇ ਵੀ ਮਰ ਗਏ। ਤਰਸੇਮ ਨੂੰ ਏਸ ਦਾ ਬੜਾ ਪਸਚਾਤਾਪ ਹੋਇਆ। ਮਾਰਨਾ ਤਾਂ ਤਿਤਲੀ ਨੂੰ ਸੀ ਬੱਚੇ ਵਿਚਾਰੇ ਐਵੇਂ ਹੀ ਮਾਰੇ ਗਏ। ਉਸ ਦਿਨ ਤੋਂ ਏਸ ਨੇ ਮਾਸ ਖਾਣਾ ਵੀ ਛੱਡ ਦਿੱਤਾ। ਏਸ ਦੀਆਂ ਸੁਧਰਦੀਆਂ ਆਦਤਾਂ ਤੋਂ ਘਰ ਵਾਲੇ ਬਿਲਕੁਲ ਖ਼ੁਸ਼ ਨਹੀਂ ਸਨ। ਉਹਨਾਂ ਏਸ ਦੀ ਡਿਊਟੀ ਸ਼ਹਿਰੋਂ ਮਾਸ ਲਿਆਉਣ ਉੱਤੇ ਲਾ ਦਿੱਤੀ। ਜਿਸਨੂੰ ਮਜਬੂਰਨ ਏਹ ਨਿਭਾਉਂਦਾ।

ਹੁਣ ਤਰਸੇਮ ਜੁਆਨੀ ਵਿਚ ਪੈਰ ਰੱਖ ਰਿਹਾ ਸੀ ਤੇ ਪੜ੍ਹਾਈ ਕਾਲਜ ਦੀ ਚਾਲੂ ਸੀ। ਉਧਰ ਸੰਤੋਖ ਸਿੰਘ ਵੀ ਨਾਮਧਾਰੀ ਪੰਥ ਵਾਲੇ ਪਾਸੇ, ਏਹਨਾਂ ਨੂੰ ਪ੍ਰੇਰਨਾ ਦਿੰਦਾ ਰਹਿੰਦਾ। ਪਰ ਰੇਸ਼ਮ ਤੇ ਏਹ ਤਾਂ ਸੁੱਕੇ ਬਾਂਸ ਸਨ। ਜਿਨ੍ਹਾਂ ਨੂੰ ਜ਼ਰਾ ਘਸਾਓ ਤਾਂ ਅੱਗ ਦੇ ਫਰਹਾਟੇ ਛੱਡਦੇ ਸਨ। ਨਰਮੀ ਤੇ ਲਿਫਾਅ ਤਾਂ ਏਹਨਾਂ ਦੇ ਨੇੜੇ ਤੇੜੇ ਵੀ ਨਹੀਂ ਸਨ।

ਕਹਿੰਦੇ ਨੇ ਕੈਦੀ ਧਾਗੇ ਨਾਲ ਮੋਟਾ ਸਰੀਆਂ ਕਦਕੇ ਜੇਲ੍ਹ ਵਿੱਚੋਂ ਦੌੜ ਜਾਂਦੇ ਹਨ। ਧਾਗੇ ਤੇ ਲੋਹੇ ਦਾ ਮੇਲ ਤਾਂ ਕੋਈ ਨਹੀਂ।

ਮੁਠੱਡੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੋਲੇ ਦਾ ਪ੍ਰੋਗਰਾਮ ਸੀ। ਸੰਤੋਖ ਸਿਘ ਨੇ ਜੋੜੀ ਨੂੰ ਕਿਹਾ ਮੇਰੇ ਪਿੰਡ ਦਰਸ਼ਨ ਦਿਓ। ਦੋਵੇਂ ਜਣੇ ਕਹਿਣ ਲੱਗੇ-ਚਲੇ ਤਾਂ ਜਾਵਾਂਗੇ, ਪਰ ਅਸੀਂ ਮੱਥਾ ਨਹੀਂ ਕਿਸੇ ਨੂੰ ਟੇਕਣਾ।

ਤਰਸੇਮ ਤਾਂ ਦਾ ਘੁਸਾਈ ਕਰ ਗਿਆ। ਪਰ ਰੇਸ਼ਮ ਉੱਥੇ ਚਲਾ ਗਿਆ। ਅੱਗੇ ਵਰਨੀ ਸ਼ੁਰੂ ਸੀ। ਦੇਸੀ ਘਿਓ ਦੀ ਜੋਤ-ਸ਼ੀਸ਼ੇ ਦੇ ਬੰਦ ਡੱਬੇ ਵਿਚ ਜਗ ਰਹੀ ਸੀ। ਰੇਸ਼ਮ ਨੇ ਧਿਆਨ ਨਾਲ ਵੇਖਿਆ। ਏਸ ਨੂੰ ਇਕ ਆਦਮੀ ਅਤੇ ਕੁਝ ਮਾਈਆਂ ਦਾ ਅਕਾਰ-ਬਟੇ ਦਾ-ਝੋਲਾ ਜੇਹਾ ਪਿਆ। ਏਸ ਨੇ ਫੇਰ ਧਿਆਨ ਲਾ ਕੇ ਵੇਖਿਆ! ਤੇ ਅਕਾਰ ਉਹ ਹੋਰ ਸਾਕਾਰ ਹੋ ਗਿਆ। ਰੇਸ਼ਮ ਨੇ ਕਿਹਾ-ਧੂੰਏਂ ਦਾ ਛਲ ਹੈ। ਏਸ ਨੇ ਅੱਖ ਬਚਾਕੇ ਉਸ ਨੂੰ ਹਟਾਉਣ ਦਾ ਜਤਨ ਕੀਤਾ। ਪਰ ਵਿਅਰਥ। ਫੇਰ ਉਸਦਾ ਸੁੱਚੀ ਜਗ੍ਹਾ ਉੱਤੇ ਥੁੱਕ ਲਾਕੇ ਵੀ ਮਿਟਾਉਣ ਦਾ ਜਤਨ ਫੇਲ੍ਹ ਹੋ ਗਿਆ। ਰੇਸ਼ਮ ਨੇ ਏਹ ਕੌਤਕ ਸੰਤੋਖ ਨੂੰ ਤੇ ਕਈ ਹੋਰਾਂ ਨੂੰ ਦੱਸਿਆ। ਸਾਰੇ ਵੇਖ ਕੇ ਹੈਰਾਨ ਹੋ ਗਏ।

ਸੱਚ ਮੁੱਚ ਹੀ ਉਹ ਫ਼ੋਟੋ ਸਤਿਗੁਰੂ ਰਾਮ ਸਿੰਘ ਜੀ ਅਤੇ ਮਾਈਆਂ ਦੀ ਸੀ। ਅੱਠ ਪਹਿਰ ਏਹ ਮੋਅਜ਼ਜ਼ਾ ਸ਼ੀਸ਼ੇ ਉੱਤੇ ਟਿਕਿਆ ਰਿਹਾ।

## ਪੂਰਬ ਜਨਮ ਅੰਕੁਰ ਜਬ ਪ੍ਰਕਟੇ'

ਏਸ ਵਿਲੱਖਣ ਫ਼ੋਟੋ ਨੇ ਰੇਸ਼ਮ ਦੇ ਮਨ ਵਿਚ ਸਤਿਗੁਰੂ ਜੀ ਪ੍ਰਤੀ ਸ਼ਰਧਾ ਤਾਂ ਭਾਵੇਂ ਪੈਦਾ ਕਰ ਦਿੱਤੀ। ਪਰ ਦੇਰ ਦੇ ਪੱਕੇ ਸੰਸਕਾਰ ਮੋਮ ਦੀ ਤਰ੍ਹਾਂ ਢੱਲਣ ਵਾਲੇ ਨਹੀਂ ਸਨ।

ਜਦੋਂ ਤਰਸੇਮ ਨੂੰ ਏਹ ਗੱਲ ਦੱਸੀ ਤਾਂ ਉਸ ਹੱਸ ਕੇ ਟਾਲ ਦਿੱਤਾ, ਅਤੇ ਕਿਹਾ:-

ਏਹੋ ਜਹੇ ਥਾਂ, ਏਹੋ ਜਹੇ ਅਕਾਰ ਬਣ ਹੀ ਜਾਂਦੇ ਹਨ।

ਤਰਸੇਮ ਦੇ ਜੂੰਡੇ ਤਾਂ ਭਾਵੇਂ ਮੁੰਨੇ ਹੋਏ ਸਨ। ਪਰ ਸਿਰ ਵਿਚ ਪਾਣੀ ਪਾਉਣ

Sri Satguru Jagjit Singh Ji eLibrary NamdhariElibrary@gmail.com

ਦੀ ਆਦਤ ਪੱਕੀ ਸੀ। ਤੇ ਹੁਣ ਏਸ ਨੇ ਕੇਸ ਵੀ ਰਖ ਲਏ। ਲਟੂਰੀਆਂ ਜਟੂਰੀਆਂ; ਪਰੇਸ਼ਾਨ ਤਾਂ ਬਥੇਰਾ ਕਰਨ, ਪਰ ਫੇਰ ਏਸ ਨੇ ਕੈਂਚੀ ਨਹੀਂ ਫਿਰਾਈ। ਘਰਦਿਆਂ ਨੂੰ ਹੋਰ ਵੀ ਸ਼ੱਕ ਪੱਕਾ ਹੋ ਗਿਆ।

ਸੰਤੋਖ ਸਿੰਘ ਜੋ ਕਦੀ ਕਦਾਈਂ ਪਾਸ ਲੇਵੀ ਆ ਜਾਂਦਾ ਸੀ, ਘਰ ਦੇ ਉਸ ਉੱਤੇ ਵੀ ਔਖੇ ਹੋ ਗਏ। ਉਹਨਾਂ ਸਮਝਿਆ ਮੁੰਡੇ ਦੇ ਵਿਗੜਣ ਦਾ ਕਾਰਨ ਸੰਤੋਖ ਹੀ ਹੈ।

ਮੁਠੱਡਿਆਂ ਦੇ ਚਮਤਕਾਰ ਨੇ ਰੇਸ਼ਮ ਤੇ ਬਹੁਤ ਪ੍ਰਭਾਵ ਪਾਇਆ। ਸੰਤੋਖ ਸਿੰਘ ਨੂੰ ਪ੍ਰੇਰਨਾ ਕਰਕੇ ਰੇਸ਼ਮ ਨੂੰ ਮਲੇਰ ਕੋਟਲੇ ਦੇ ਮੇਲੇ ਉੱਤੇ ਲੈ ਗਿਆ। ਜਿੱਥੇ ਰੇਸ਼ਮ ਭਜਨ ਪੁੱਛਕੇ ਸਿੰਘ ਬਣ ਗਿਆ। ਜੋੜੀ ਟੁੱਟ ਗਈ ਤੇ ਅਭੇਦ ਕਿਲ੍ਹੇ ਦੀ ਇਕ ਦੀਵਾਰ ਪੂਰੀ ਤਰ੍ਹਾਂ ਢਹਿ ਗਈ।

ਅਸੂ ਦੇ ਮੇਲੇ ਉੱਤੇ ਤਰਸੇਮ ਨੇ ਵੀ ਜਾਣ ਦੀ ਹਾਂ ਕਰ ਲਈ। ਪਰ ਸ਼ਰਤ ਪਹਿਲੀ ਹੀ ਰੱਖੀ। ਅਸ਼ਕੇ ਆਖੋ ਸੰਤੋਖ ਸਿੰਘ ਦੇ ਜਿਸ ਨੇ ਏਹਨਾਂ ਦੀਆਂ ਸ਼ਰਤਾਂ ਉੱਤੇ ਹੀ ਏਹਨਾਂ ਨੂੰ ਮਾਤ ਦਿੱਤੀ।

ਤਰਸੇਮ ਨੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਫ਼ਤ ਵੀ ਸੁਣੀ ਹੋਈ ਸੀ ਅਤੇ ਫ਼ੋਟੋਆਂ ਵੀ ਵੇਖੀਆਂ ਸਨ। ਮਨ ਵਿਚ ਸੋਚਿਆ ਜੇ ਏਹੋ ਜੇਹੀ ਕੋਈ ਗੱਲ ਹੋਵੇ ਤਾਂ ਮੱਥਾ ਟੇਕਣ ਦਾ ਹਰਜ਼ ਵੀ ਕੋਈ ਨਹੀਂ।

ਤਰਸੇਮ ਸਿੰਘ ਸੁਭਾ ਅੱਖੜ ਸੀ, ਜਿਸ ਵਿੱਚੋਂ ਜੱਟਪੁਣੇ ਦੀ ਹੀ ਬੂ ਆਂਦੀ ਸੀ। ਉਹ ਕਹਿੰਦਾ ਜੇ ਮੈਂ ਨਾਮਧਾਰੀ ਨਾ ਬਣਦਾ ਤਾਂ ਨਕਸਲਾਈਟ ਲਹਿਰ ਦਾ ਆਗੂ ਹੁੰਦਾ। ਖ਼ੈਰ! ਜਦੋਂ ਮੇਲੇ ਉੱਤੇ ਪਹੁੰਚੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਮੈਨੂੰ ਸੱਚਮੁੱਚ ਹੀ ਗੁਰੂ ਨਾਨਕ ਦੇਵ ਜੀ ਦਾ ਝੋਲਾ ਜੇਹਾ ਪਿਆ ਉਹਨਾਂ ਦੇ ਦਰਸ਼ਨ ਵਿਚ ਦੂਸਰਿਆਂ ਨਾਲ ਮੈਂ ਵੀ ਨਮਸਕਾਰ ਕਰ ਦਿੱਤੀ।

ਸਤਿਗੁਰੂ ਜੀ ਪੁੱਛਿਆ-ਏਹ ਸਿੰਘ ਕਿੱਥੋਂ ਹੈ?

ਲਾਲਦਿਆਂ ਕਿਹਾ-ਜੀ ਪਾਸਲੇ ਤੋਂ।

ਗੁਰੂ ਜੀ ਕਿਹਾ-ਬਰਿੰਗ ਨੀਅਰ ਪਾਸਲਾ।

ਏਨੀ ਗੱਲ ਉੱਤੇ ਹੀ ਮੈਂ ਉਹਨਾਂ ਦਾ ਹੋ ਗਿਆ। ਤਰਸੇਮ ਕਿਹਾ ਅਸਲ ਵਿਚ ਸੰਤੋਖ ਸਿਘ ਇੱਕ ਮਨੋ ਵਿਗਿਆਨੀ ਸੀ। ਜਿਸ ਨੇ ਤਰਸੇਮ ਨੂੰ ਸਿੱਧਾ ਤਾਂ ਨਾ ਕਿਹਾ-ਪਰ ਦੂਸਰਿਆਂ ਨੂੰ ਕਹੇ।

ਏਸ ਨੂੰ ਆਖੋ ਭਜਨ ਪੁੱਛ ਲਵੇ।

ਮੈਂ ਅੱਗੋਂ ਕਿਹਾ-ਭਜਨ ਭੁਜਨ ਮੈਂ ਕੋਈ ਨਹੀਂ ਪੁੱਛਣਾ। ਸਤਿਗੁਰੂ ਜੀ ਜੇ ਮੈਨੂੰ ਆਪ ਸੱਦ ਕੇ ਪਹਿਲਾਂ ਪ੍ਰਸ਼ਾਦਾ ਛਕਾਉਣਗੇ, ਫੇਰ ਭਜਨ ਪੁੱਛਾਂਗਾ।

ਤਰਸੇਮ ਦੀ ਜਬਾਨੀ-

ਮੈਨੂੰ ਤਿੰਨ ਦਿਨ ਹੋ ਗਏ ਸਨ ਭੁੱਖੇ ਭਾਣੇ ਉੱਤੇ ਫਿਰਦੇ ਨੂੰ। ਮੈਂ ਸੰਤੋਖ ਸਿੰਘ ਨੂੰ ਕਿਹਾ-ਮੇਰੇ ਪੈਸੇ ਤੇ ਕੱਪੜੇ ਫੜਾ ਮੈਂ ਜਾਣਾ ਏ।

Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਾਦੇ ਦਾ ਸਮਾਂ ਸੀ। ਸਤਿਗੁਰੂ ਜੀ ਦੇ ਕੋਲ ਦੋਵੇਂ ਠਾਕਰ ਜੀ ਵੀ ਬੈਠੇ ਸਨ। ਮੈਂ ਕੋਲੋਂ ਦੀ ਲੰਘਣ ਲੱਗਾ ਤਾਂ ਸਤਿਗੁਰੂ ਜੀ ਨੇ ਠਾਕਰ ਉਦੇ ਸਿੰਘ ਜੀ ਨੂੰ ਕਿਹਾ-

ਓਸ ਸਿੰਘ ਨੂੰ ਬੁਲਾਕੇ ਪ੍ਰਸ਼ਾਦਾ ਛਕਾਉ।

ਹੁਣ ਮੇਰੀ ਸੰਤੁਸ਼ਟੀ ਹੋ ਗਈ ਤੇ ਮੈਂ ਸੰਤ ਹਰਨਾਮ ਸਿੰਘ ਜੀ ਨੂੰ ਕਿਹਾ ਹੁਣ ਮੈਨੂੰ ਭਜਨ ਦੱਸੋ?

ਸੰਤਾਂ ਨੇ ਸ਼ਹੀਦ ਜੀ ਨੂੰ ਕਿਹਾ ਏਸ ਸਿੰਘ ਨੂੰ ਭਜਨ ਦੱਸੋ?

ਭਜਨ ਪੁੱਛਣ ਦੀ ਦੇਰ ਸੀ; ਮੈਨੂੰ ਨਾਮ ਦੀ ਰੰਗਟ ਚੜ੍ਹ ਗਈ। ਤੀਸਰੇ ਦਿਨ ਜਦੋਂ ਮੈਂ ਘਰ ਗਿਆ ਤਾਂ ਘਰਦਿਆਂ ਨੇ ਸਮਝ ਲਿਆ, ਏਹ ਸਾਡੇ ਕੰਮੋਂ ਗਿਆ ਤੇ ਮੈਨੂੰ ਘਰੋਂ ਕੱਢ ਦਿੱਤਾ। ਮੈਂ ਰਾਤ ਨੂੰ ਸੰਤੋਖ ਸਿੰਘ ਕੋਲ ਜਾ ਰਿਹਾ। ਸੰਤੋਖ ਸਿੰਘ ਦੇ ਮਾਂ ਬਾਪ ਵੀ ਕੁਸੰਗੀ ਹੀ ਸਨ। ਮੈਂ ਹੁਣ ਪੱਗ ਚਿੱਟੀ ਬੰਨ ਲਈ। ਪਰ ਅਜੇ ਕੱਛ ਨਹੀਂ ਸੀ ਪਾਈ।

ਸੇਠ ਤ੍ਰਿਲੋਕ ਸਿੰਘ ਜੀ ਦੇ ਫਾਰਮ ਉੱਤੇ ਬੱਚਿਆਂ ਦਾ ਮੇਲਾ ਸੀ 15 ਦਿਨਾਂ ਦਾ। ਮੇਰੀ ਰੇਸ਼ਮ ਸਿੰਘ ਤੇ ਸੰਤੋਖ ਸਿੰਘ ਦੀ ਡਿਊਟੀ ਹੱਟੀ ਉੱਤੇ ਲਾ ਦਿੱਤੀ। ਠਾਕਰ ਦਲੀਪ ਸਿੰਘ ਜੀ ਕਿਹਾ-ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ ਸਿੱਖ ਨੂੰ ਕਛਹਿਰਾ ਪੌਣ ਦਾ।

ਮੈਂ ਕਿਹਾ-ਜੀ! ਮੈਨੂੰ ਪਤਾ ਹੈ! ਠਾਕਰ ਜੀ ਚੁੱਪ ਕਰ ਗਏ।

ਉਸ ਪਿੱਛੋਂ ਮੈਂ ਤੇ ਸੰਤੋਖ ਫੇਰ ਮੇਲੇ ਉੱਤੇ ਭੈਣੀ ਸਾਹਿਬ ਗਏ। ਮੈਂ ਸੰਤ ਹਰਨਾਮ ਸਿੰਘ ਜੀ ਨੂੰ ਕਿਹਾ-ਮੈਨੂੰ ਸਤਿਗੁਰੂ ਜੀ ਨਾਲ ਜੱਫੀ ਪੁਆਉ।

ਸਤਿਗੁਰੂ ਜੀ ਗੁਰਦਵਾਰੇ ਦੀ ਡਿਉਢੀ ਅੱਗੇ ਖਲੋਤੇ ਸਨ। ਪਤਾ ਨਹੀਂ ਕਿਵੇਂ ਮੈਨੂੰ ਸਤਿਗੁਰੂ ਜੀ ਨੇ ਜੱਫੀ ਵਿਚ ਲੈ ਲਿਆ। ਉਸੇ ਦਿਨ ਮੈਂ ਕਛਹਿਰਾ ਪਾ ਲਿਆ।

ਹੁਣ ਮੇਰਾ ਘਰਦਿਆਂ ਨਾਲੋਂ ਅਸਲੋਂ ਹੀ ਸਬੰਧ ਖ਼ਤਮ ਹੋ ਗਿਆ। ਉਹਨਾਂ ਮੈਨੂੰ ਘਰ ਦਾ ਕਰੰਜਵਾ ਸਮਝ ਲਿਆ। ਜਿਸ ਵਿਚ ਸਿਵਾਏ ਕੰਡਿਆਂ ਤੋਂ ਹੋਰ ਕੁਝ ਨਹੀਂ ਹੁੰਦਾ।

ਮੈਂ ਕਈ ਦਿਨ ਮੁਠੱਡੀ ਰਿਹਾ। ਇਕ ਦਿਨ ਮੈਨੂੰ ਸੰਤੋਖ ਸਿੰਘ ਮੇਰੇ ਘਰਦਿਆਂ ਕੋਲ ਪਾਸਲੇ ਲੈ ਕੇ ਚਲਾ ਗਿਆ। ਘਰ ਦੇ ਮੈਨੂੰ ਏਸ ਤਰ੍ਹਾਂ ਵੇਖਣ ਜਿਵੇਂ ਮੁਸਲਮਾਨ ਸੂਰ ਨੂੰ। ਸੰਤੋਖ ਸਿੰਘ ਨੇ ਮੇਰੀ ਮਾਤਾ ਜੀ ਤੇ ਘਰ ਦਿਆਂ ਨੂੰ ਸਮਝਾਇਆ।

ਕਛਹਿਰਾ ਪੈਂਟ ਦੇ ਹੇਠਾਂ ਹੀ ਰਹੇਗਾ? ਤੁਹਾਨੂੰ ਕੁਝ ਨਹੀਂ ਕਹਿੰਦਾ। ਜ਼ਰਾ ਛੋਟਾ ਬਣਵਾ ਲਵੇਗਾ।

ਉਸ ਦਿਨ ਤੋਂ ਘਰਦਿਆਂ ਮੇਰਾ ਬਾਹਰ ਜਾਣਾ ਔਣਾ ਬੰਦ ਕਰ ਦਿੱਤਾ ਮੇਲੇ ਦਾ ਤਾਂ ਨਾਮ ਹੀ ਨਹੀਂ ਸੀ ਲੈਣ ਦਿੰਦੇ। ਪਰ ਮੈਂ ਚੋਰੀ ਚੋਰੀ ਘਰਦਿਆਂ ਤੋਂ ਜ਼ਰੂਰ ਦਰਸ਼ਨ ਕਰਨ ਨਿਕਲ ਜਾਂਦਾ।

Sri Satguru Jagjit Singh Ji eLibrary NamdhariElibrary@gmail.com

ਦੁਆਬੇ ਦੇ ਮੇਲੇ ਜਦੋਂ ਹੁੰਦੇ ਮੈਂ, ਰੇਸ਼ਮ ਤੇ ਸੰਤੋਖ ਜ਼ਰੂਰ ਉੱਥੇ ਪਹੁੰਚਦੇ। ਸਤਿਗੁਰੂ ਜਗਜੀਤ ਸਿੰਘ ਸਾਨੂੰ ਦੇਖ ਕੇ ਬਹੁਤ ਹੀ ਖ਼ੁਸ਼ ਹੁੰਦੇ। ਜਾਂਦਾ ਮੈਂ ਸਾਈਕਲ ਉੱਤੇ ਹੁੰਦਾ ਸੀ। ਉਸ ਵੇਲੇ ਸਨ ਉਨੱਤਰ ਸਤਰ ਵਿਚ ਅੱਜ-ਕੱਲ੍ਹ ਦਾ ਜ਼ਮਾਨਾ ਕਿੱਥੇ ਸੀ। ਕੱਚੇ ਰਾਹਾਂ ਉੱਤੇ ਭੁਬਲ ਉਡਦੀ ਡੰਡੀਆਂ ਹੀ ਹੁੰਦੀਆਂ ਸਨ, ਪੈਦਲ ਜਾਣ ਵਾਸਤੇ ਇਕ ਵਾਰ ਮੈਂ ਸਾਈਕਲ ਨਾਲ ਸਤਲੁਜ ਦਰਿਆ ਪਾਰ ਕਰਨ ਲਗਿਆਂ ਗੋਤੇ ਖਾਣ ਲੱਗ ਪਿਆ। ਉਸ ਦਿਨ ਸਤਿਗੁਰੂ ਜੀ ਨੇ ਮੇਰੀ ਰਖਿਆ ਕੀਤੀ।

ਨਗਰ ਪਿੰਡ ਦਾ ਦੌਰਾ ਸੀ। ਅਸੀਂ ਤਿੰਨਾਂ ਨੇ ਨਾਮਧਾਰੀ ਕਪੜੇ ਸੁਆਕੇ ਸਤਿਗੁਰੂ ਜੀ ਦੇ ਜਾ ਦਰਸ਼ਨ ਕੀਤੇ। ਸਤਿਗੁਰੂ ਜੀ ਏਨੇ ਖ਼ੁਸ਼ ਹੋਏ ਕਿ ਸਾਨੂੰ ਖ਼ੁਸ਼ੀਆਂ ਨਾਲ ਲੱਦ ਦਿੱਤਾ। ਅਸੀਂ ਅਰਜ਼ ਕੀਤੀ ਜੀ! ਸਾਡੇ ਉੱਤੇ ਕਿਰਪਾ ਕਰੋ। ਅਸੀਂ ਕਾਲਜ ਵੀ ਏਸੇ ਵਰਦੀ ਵਿਚ ਜਾਈਏ?

ਜਦੋਂ ਅਸੀਂ ਤਿੰਨੇ, ਨਾਮਧਾਰੀ ਵਰਦੀ ਵਿਚ ਫਗਵਾੜੇ ਕਾਲਜ ਵਿਚ ਪਹੁੰਚੇ ਤਾਂ ਪ੍ਰੋਫ਼ੈਸਰਾਂ ਤੇ ਬੱਚਿਆਂ ਸਭ ਨੇ ਸਾਡਾ ਸਵਾਗਤ ਕੀਤਾ।

ਹੁਣ ਮੈਂ ਤੇ ਰੇਸ਼ਮ ਸਿੰਘ ਨੇ ਫ਼ੈਸਲਾ ਕਰ ਲਿਆ ਸੀ ਕਿ ਅਸੀਂ ਪਿੰਡ ਨਹੀਂ ਜਾਣਾ। ਭੈਣੀ ਸਾਹਿਬ ਰਹਿਕੇ ਭਜਨ ਕਰਾਂਗੇ। ਅਸੀਂ ਨਹਿਰ ਉੱਤੇ ਚਲੇ ਗਏ। ਉੱਥੇ ਪੂਨੀਆਂ ਪਿੰਡ ਦੇ ਮੁੰਡੇ ਡੇਰੇ ਦੇ ਸਿੰਘ ਨੂੰ ਬੜਾ ਪਰੇਸ਼ਾਨ ਕਰਦੇ, ਨਾਲੇ ਅੰਬ ਤੋੜ ਖੜਦੇ ਨਾਲ ਹੀ ਭਾਈ ਜੀ ਨੂੰ ਗਾਲ੍ਹਾਂ ਕੱਢਦੇ। ਅਸੀਂ ਤਿੰਨਾਂ ਨੇ ਬਾਂਸ ਦੇ ਡੰਡੇ ਵੱਢ ਲਏ ਤੇ ਬਦਮਾਸ਼ਾਂ ਨੂੰ ਪਿੰਡ ਤਕ ਭਜਾ ਕੇ ਆਏ। ਜਦੋਂ ਸਤਿਗੁਰੂ ਜੀ ਨੂੰ ਪਤਾ ਲੱਗਾ ਕਹਿਣ ਲੱਗੇ ਨਰਾਂ ਵਾਲਾ ਕੰਮ ਕੀਤਾ ਹੈ।

ਸਾਡੇ ਘਰਦਿਆਂ ਦੇ ਦਿਲ ਹੁਣ ਪਿਘਲ ਗਏ। ਉਹਨਾਂ ਸਮਝਿਆ ਮੁੰਡੇ ਸਾਡੇ ਹੱਥੋਂ ਗਏ। ਤਰਸੇਮ ਸਿੰਘ ਕਿਹਾ ਮੇਰੇ ਸਾਰੇ ਘਰਦੇ ਮੈਨੂੰ ਲੈਣ ਆ ਗਏ। ਮੈਂ ਜੁਆਬ ਦੇ ਦਿੱਤਾ, ਉਹਨਾਂ ਬੜੇ ਤਰਲੇ ਕੀਤੇ। ਪਰ ਮੈਂ ਅਸਲੋਂ ਹੀ ਜਾਣ ਤੋਂ ਇਨਕਾਰ ਕਰਕੇ ਰੇਸ਼ਮ ਨੂੰ ਨਾਲ ਲੈਕੇ ਗੁਰੂ ਘਰ ਚਲੇ ਗਏ। ਉੱਥੇ ਅਸੀਂ ਗੁਰਦੁਆਰੇ ਦੀ ਮਮਟੀ ਸਾਫ਼ ਕਰ ਲਈ ਤੇ ਲੱਗੇ ਭਜਨ ਬਾਣੀ ਕਰਨ। ਭੁੱਖ ਤ੍ਰੇਹ ਦੀ ਅਸਲੋਂ ਪਰਵਾਹ ਨਹੀਂ ਸੀ ਰਹੀ। ਅਸੀਂ ਆਖਿਆ ਹੁਣ ਘਰੇ ਜਾਣਾ ਹੀ ਨਹੀਂ ਸਿਰਫ਼ ਭਜਨ ਹੀ ਕਰਨਾ ਹੈ। ਸੰਤ ਹਰਨਾਮ ਸਿੰਘ ਜੀ ਸਾਡੀ ਬੜੀ ਹਿਫ਼ਾਜ਼ਤ ਕਰਦੇ। ਬੇ ਓੜਕਾ ਪਿਆਰ ਦਿੰਦੇ। ਉਹਨਾਂ ਦੇ ਕਹੇ ਮੈਂ ਪਿੰਡ ਇੱਕ ਵਾਰ ਚਲਾ ਗਿਆ। ਮੇਰੀ ਮਾਤਾ ਜੀ ਨੇ ਭਜਨ ਪੁੱਛ ਲਿਆ ਸੀ। ਛੋਟੀ ਭੈਣ ਮੈਨੂੰ ਬੜਾ ਪਿਆਰ ਕਰਦੀ ਸੀ। ਸਭ ਨੇ ਮੈਨੂੰ ਬੜਾ ਸਮਝਾਇਆ ਪਰ....

ਮਲੇਰ ਕੋਟਲੇ ਦੇ ਮੇਲੇ ਉੱਤੇ ਮੈਂ ਵੀ ਪਹੁੰਚ ਗਿਆ। ਮੈਂ ਬਿਲਕੁਲ ਸਤਿਗੁਰੂ ਜੀ ਦੇ ਸਾਹਮਣੇ ਹੀ ਬੈਠਦਾ। ਜਦੋਂ ਮੈਨੂੰ ਕੋਈ ਅੱਗੇ ਪਿੱਛੇ ਹੋਣ ਨੂੰ ਕਹਿੰਦਾ ਮੈਨੂੰ ਬੜੀ ਤੰਗੀ ਹੁੰਦੀ। ਏਥੇ ਵੀ ਮੈਂ ਸਤਿਗੁਰੂ ਜੀ ਦੇ ਸਾਹਮਣੇ ਬੈਠਾ ਸਾਂ। ਮੈਨੂੰ ਫਲੂ ਹੋ ਗਿਆ ਸੀ। ਅੱਖਾਂ ਸੁੱਜ ਗਈਆਂ। ਸਤਿਗੁਰੂ ਜੀ ਇੱਕ ਸਿੱਖ ਨੂੰ ਕਿਹਾ:-

ਏਸ ਨੂੰ ਕਹੋ ਅੱਖਾਂ ਉੱਤੇ ਮਿੱਟੀ ਦੀਆਂ ਟਿੱਕੀਆਂ ਰੱਖ ਲਵੇ।

ਮੈਂ ਕਿਹਾ ਜੀ ਭੈਣੀ ਸਾਹਿਬ ਜਾ ਕੇ ਰੱਖ ਲਵਾਂਗਾ।

ਗੁਰੂ ਜੀ ਨੇ ਕਿਹਾ ਨਹੀਂ ਹੁਣੇ ਰੱਖ।

ਮੈਂ ਸਤ ਬਚਨ ਕਹਿ ਕੇ ਮਿੱਟੀ ਦੀਆਂ ਟਿੱਕੀਆਂ ਅੱਖਾਂ ਉੱਤੇ ਰੱਖੀਆਂ। ਦਸ ਮਿੰਟਾਂ ਵਿਚ ਹੀ ਅੱਖੀਆਂ ਠੀਕ ਹੋ ਗਈਆਂ।

ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਕਿਹਾ:-

ਤਰਸੇਮ ਨੂੰ ਮੰਡੀ ਲੈ ਜਾਓ ਤੇ ਆਪ ਦੇ ਨਾਲ ਹੀ ਰੱਖੋ।

ਮਹਾਰਾਜ ਜੀ ਮੈਨੂੰ ਕਿਹਾ:-

ਤੂੰ ਪੜ੍ਹਿਆ ਲਿਖਿਆ ਹੈ ਕੋਈ ਕੰਮ ਕਰ ਲਿਆ ਕਰ।

ਮੈਂ ਕਿਹਾ ਜੀ! ਮੈਂ ਤਾਂ ਭਜਨ ਹੀ ਕਰਨਾ ਹੈ। ਹੁਣ ਪਹਾੜ ਵਿਚ ਰਹਿ ਕੇ ਭਜਨ ਹੀ ਕਰਾਂਗਾ। ਮਹਾਰਾਜ ਜੀ ਮੈਨੂੰ ਜੀਵਨ ਨਗਰ ਲੈ ਆਏ ਤੇ ਕਿਹਾ:-

ਭਜਨ ਵਾਸਤੇ ਤਾਂ ਵੇਲੇ ਕਵੇਲੇ ਬੰਦਾ ਸਮਾਂ ਕੱਢ ਹੀ ਲੈਂਦਾ ਹੈ। ਜਿਨ੍ਹਾਂ ਕਰਨਾ ਹੋਵੇ। ਤੂੰ ਤਾਂ ਕੋਈ ਸੇਵਾ ਸਾਂਭ ਤੇ ਜਾਂ ਫੇਰ ਕੋਈ ਸਾਵਾ ਕਰ।

ਮੈਂ ਪ੍ਰੈਸ ਸਾਂਭ ਲਿਆ ਤੇ ਮਹਾਰਾਜ ਦੀ ਚਿੱਠੀ ਪੜ੍ਹ।

ਪ੍ਰੈਸ ਜੋ ਇਕ ਦਮ ਬੰਦ ਪਿਆ ਸੀ ਫਾਈਲਾਂ ਤਬਾਹ ਹੋ ਰਹੀਆਂ ਸਨ। ਸਭ ਨੂੰ ਸੁਰ ਕੀਤਾ ਅਤੇ ਬੱਚਿਆਂ ਨੂੰ ਲੈ ਕੇ "ਸਤਿਗੁਰੂ ਰਾਮ ਸਿਘ ਸ਼ਤਾਬਦੀ ਅੰਕ" ਕੱਢਿਆ ਜਦੋਂ ਕਿ ਪਹਿਲੇ ਕਾਰਿੰਦੇ ਸਭ ਚਲੇ ਗਏ ਸਨ।

ਇੱਕ ਬਾਬਾ ਲੱਕੜਾ ਦੀ ਸੇਵਾ ਕਰਦਾ ਹੁੰਦਾ ਸੀ। ਹੈ ਸੀ ਬਿਰਧ ਮੈਂ ਤੇ ਰੇਸ਼ਮ ਸਿੰਘ ਨੇ ਰਾਤ ਨੂੰ ਉਸ ਦੀਆਂ ਲੱਕੜਾਂ ਢੋ ਦੇਣੀਆਂ ਦਿਨੇ ਸਾਨੂੰ ਸੰਗ ਲੱਗਦੀ ਸੀ। ਤੇ ਫੇਰ ਪ੍ਰੈਸ ਦਾ ਕੰਮ ਕਰਨਾ। ਜੋ 20-20 ਘੰਟੇ ਵੀ ਮੈਂ ਕੀਤਾ। ਪਹਿਲੇ ਕੰਮ ਵਾਲੇ ਸਭ ਛੁੱਟੀ ਕਰ ਗਏ ਸਨ। ਜਿਸ ਵਾਸਤੇ ਟਾਈਪ ਛਪਾਈ ਬਨਾਈ ਦੇ ਸਾਰੇ ਕੰਮ ਮੇਰੇ ਜ਼ਿੰਮੇ ਸਨ।

ਇਕ ਵਾਰ ਮਹਾਰਾਜ ਜੀ ਦਾ ਸੈਕਟਰੀ ਛੁੱਟੀ ਚਲਾ ਗਿਆ ਤੇ ਸੈਕਟਰੀ ਵੀ ਹੁਣ ਮੈਂ ਹੀ ਸੀ। ਸੰਨ 75 ਦੀ ਵਿਸਾਖੀ ਉੱਤੇ ਮੈਂ ਅੰਮ੍ਰਿਤਸਰ ਜਾ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਸਤਿਗੁਰੂ ਜੀ ਮੈਨੂੰ ਜੱਫੀ ਵਿਚ ਲੈ ਕੇ ਬਹੁਤ ਪਿਆਰ ਤੇ ਖ਼ੁਸ਼ੀਆਂ ਦਿੱਤੀਆਂ ਅਤੇ ਹੁਕਮ ਕੀਤਾ ਤੂੰ ਅੱਜ ਤੋਂ ਸਾਡਾ ਪ੍ਰਾਈਵੇਟ ਸੈਕਟਰੀ ਹੋਇਆ।

ਰਾਤ ਦਿਨ ਸਾਡੇ ਨਾਲ ਹੀ ਰਹੇਂਗਾ ਤੇਰੇ ਤੇ ਮੇਰੇ ਵਿਚਾਲੇ ਹੋਰ ਕੋਈ ਨਹੀਂ ਹੋਵੇਗਾ ਤੈਨੂੰ ਮੈਂ ਸਭ ਤੋਂ ਉੱਚਾ ਰੁਤਬਾ ਮੈਂ ਦੇ ਰਿਹਾ ਹਾਂ। ਤੇਰੀ ਕਰਨੀ ਉੱਤੇ ਮੈਂ ਬੇ-ਹੱਦ ਖ਼ੁਸ਼ ਹਾਂ।

ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣਾ ਪ੍ਰਾਈਵੇਟ ਸੈਕਟਰੀ ਥਾਪ ਦਿੱਤਾ। ਅਤੇ ਰੇਸ਼ਮ ਸਿੰਘ ਨੂੰ ਕੈਨੇਡਾ ਦਾ ਸੂਬਾ ਬਣਾ ਦਿੱਤਾ।

**ਪੰਡਿਤ ਰਾਜਿੰਦਰ ਸਿੰਘ**
ਗੁਰੂਸਰ

## ਸ੍ਰੀ ਭੈਣੀ ਸਾਹਿਬ

**ਰਾਮ ਦਾਸ ਸਰੋਵਰਿ ਨਾਤੇ, ਸਭ ਉਤਰੇ ਪਾਪ ਕਮਾਤੇ।**
**ਨਿਰਮਲ ਹੋਇ ਕਰਿ ਇਸ਼ਨਾਨਾ ਗੁਰਿ ਪੂਰੇ ਕੀਨੇ ਦਾਨਾ।**
**ਸਭਿ ਕੁਸਲ ਖੇਮ ਪ੍ਰਭ ਧਾਰੇ; ਸਹੀ ਸਲਾਮਤਿ ਸਭ ਥੋਕ ਉਬਾਰੇ।**
**ਗੁਰ ਕਾ ਸ਼ਬਦ ਵੀਚਾਰੇ।** ਰਹਾਉ।
**ਸਾਧ ਸੰਗਤ ਮਲਿ ਲਾਥੀ, ਪਾਰ ਬ੍ਰਹਮੁ ਭਇਓ ਸਾਥੀ।**
**ਨਾਨਕ ਨਾਮ ਧਿਆਇਆ, ਆਦਿ ਪੁਰਖ ਪ੍ਰਭੁ ਪਾਇਆ।**

(ਮਹਲਾ ੫, ੬੨੫-੨੬)

'ਹੈ ਇਹ ਰਾਮ ਸਰੋਵਰ? ਇਹ ਤਾਂ ਛਪੜੀ ਏ! ਇੱਥੋਂ ਮੁੰਡੇ ਮਿਲਦੇ ਹਨ।' 'ਨਹੀਂ ਭੈਣ ਜੇ ਤੈਨੂੰ ਭਰੋਸਾ ਨਹੀਂ ਤਾਂ ਨਾ ਸਹੀ। ਨਿੰਦਿਆ ਨਾ ਕਰ' ਪਰ ਇੱਕ ਗੱਲ ਯਾਦ ਰੱਖੀਂ, ਜਦ ਤੇਰੇ ਖ਼ੈਰ ਪੈਣਾ ਏ ਤਾਂ ਇਸੇ ਘਰੋਂ। ਭਾਵੇਂ ਤੂੰ ਪੰਜਾਹੀ ਥਾਈਂ ਟੱਕਰਾਂ ਮਾਰੇਂ।'

'ਪੱਲੇ ਨਹੀਂ ਪੈਣਾ! ਤੂੰ ਵੀ ਵੇਖ ਲਵੀਂ, ਜਦ ਤੇਰੀ ਗੋਦੇ ਇੱਥੋਂ ਲਾਲ ਖੇਡੇਗਾ।'

'ਬੀਬੀ ਝਗੜਾ ਕੀ ਏ? ਕੋਲ ਬੈਠੀ ਬੀਬੀ ਸਵਰਨ ਕੌਰ ਪਤਨੀ ਸੰਤ ਸਿੰਗਾਰਾ ਸਿੰਘ ਸੇਵਾਦਾਰ ਆਓ ਭਗਤ ਸ੍ਰੀ ਭੈਣੀ ਸਾਹਿਬ ਨਾ ਪੁੱਛਿਆ 'ਗੱਲ ਕਾਹਦੀ ਏ! ਮੇਰਾ ਵੀਰ ਦਰਸ਼ਨ ਸਿੰਘ ਜਲੰਧਰ ਸ੍ਰੀ ਰਾਮ ਲਾਲ ਦੇ ਘਰ 1976 ਵਿਚ ਮੰਗਿਆ ਗਿਆ। ਉਹ ਖੁੱਲ੍ਹੇ ਹਨ। ਉਨ੍ਹਾਂ ਨੂੰ ਖਾਣ ਪੀਣ ਦਾ ਕੋਈ ਪਰਹੇਜ਼ ਨਹੀਂ। ਮਰਦ ਵੀ ਖਾਣ, ਜ਼ਨਾਨੇ ਵੀ।'

'ਤੁਸੀਂ ਬੀਬੀ ਖੁੱਲ੍ਹਿਆ ਘਰੀਂ ਦਰਸ਼ਨ ਨੂੰ ਕਿਉਂ ਵਿਆਹਿਆ?' 'ਜੀ ਸਾਡੇ ਸਬੰਧੀ ਖੁੱਲ੍ਹੇ ਹਨ। ਕੇਵਲ ਮੇਰੇ ਪਿਤਾ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਹੋਈ ਤਾਂ ਪਿਤਾ ਜੀ ਭਜਨ ਪੁੱਛ ਲਿਆ। ਨਾਮਧਾਰੀ ਸੱਜ ਗਏ, ਪਰ ਬਾਕੀ ਖਲਵਾੜਾ ਸੰਸਾਰੀ ਏ। ਕਿਸੇ ਨੂੰ ਕੋਈ ਪਰਹੇਜ਼ ਨਹੀਂ। ਜੱਦ ਅਸੀਂ ਇੱਥੇ ਅਨੰਦ ਕਰਨ ਆਏ ਤਾਂ ਵੀ ਮੂੰਹ ਪਾਟੇ ਟਿਚਕਰਾਂ ਕਰਨ ਤੇ ਮਖੌਲ ਉਡਾਣ। ਮਾਤਾ ਜੀ ਲੰਗਰ ਵਾਸਤੇ ਸਰਕੜੇ ਦੀਆਂ ਪੂੜੀਆਂ ਲਿਆਉਣ ਵਾਸਤੇ ਸੇਵਾਦਾਰਾਂ ਨੂੰ ਕਿਹਾ ਤਾਂ ਵੀ ਉਹੀ ਝੇਡਾਂ। ਬੀਬੀ ਸੁਰਜੀਤ, ਦਰਸ਼ਨ ਸਿੰਘ ਦੀ ਸਾਲੇਹਾਰ ਤੇ ਉਸਦਾ ਗੱਭਰੂ ਜੋਗਿੰਦਰ ਸਿੰਘ, ਦਰਸ਼ਨ ਸਿੰਘ ਦਾ ਸਾਲਾ ਵੱਧ ਵੱਧ ਗੱਲਾਂ ਕਰਨ, ਪੂੜੀਆਂ ਮਿਲ ਰਹੀਆਂ ਹਨ। ਅੱਜ ਤੁਸੀਂ ਬ੍ਰਾਤੀ ਹੋ, ਜਾਓ ਛੱਕੋ ਕੜਾਹ ਪੂੜੀਆਂ। ਪਰ ਅਸੀਂ ਸਾਰੇ ਖ਼ਾਮੋਸ਼। ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਅਨੰਦ

Sri Satguru Jagjit Singh Ji eLibrary NamdhariElibrary@gmail.com

ਹੋ ਗਿਆ। ਗੁਰਮੀਤ ਕੌਰ ਆ ਗਈ। ਉਹ ਬੜੀ ਸੁਸ਼ੀਲ, ਨੇਕ ਮਾਂ ਦੀ ਜਾਈ; ਕੋਈ ਕਦੇ ਗੱਲ ਨਹੀਂ ਕੀਤੀ। ਸਾਡੇ ਨਾਲ ਘੁਲ ਮਿਲ ਗਈ। ਮੇਰੇ ਵੀਰ ਦੇ ਮਨ ਨੂੰ ਭਾ ਗਈ। ਉਸਦੀਆਂ ਖ਼ੁਸ਼ੀਆਂ ਵਿਚ ਖ਼ੁਸ਼। ਅਸਲ ਵਿਚ ਗ੍ਰਿਸਤੀ ਜੀਵਨ ਦਾ ਸੁਆਦ ਵੀ ਤਾਂਹੀਏ, ਜੇ ਸਿੱਖ ਸਿੱਖਣੀ ਇੱਕ ਦੂਜੇ ਨੂੰ ਸਮਝ ਲੈਣ। ਨਹੀਂ ਤਾਂ ਨਿਰਾ ਨਰਕ।

'ਮੇਰਾ ਵੀਰ, ਦਰਸ਼ਨ ਸਿੰਘ ਨਾਮਧਾਰੀ ਵਿਦਿਆਲਾ ਸ੍ਰੀ ਜੀਵਨ ਨਗਰ ਦਾ ਪੜ੍ਹਿਆ ਸੀ। ਸ੍ਰੀ ਠਾਕੁਰ ਦਲੀਪ ਸਿੰਘ ਤੇ ਉਦੈ ਸਿੰਘ ਉਸ ਨਾਲ ਪਿਆਰ ਰੱਖਦੇ ਸਨ। ਉਹ ਸਹੁਰਿਆਂ ਨੂੰ ਕੱਚਾ ਪਿਲਾ ਵੇਖ ਹੋਰ ਪੱਕਾ ਹੋ ਗਿਆ। ਇਸ ਨੇ ਬਜਾਏ ਸਹੁਰੇ ਘਰ ਦੀਆਂ ਪ੍ਰਾਹੁਣਾ ਚਾਹੀਆਂ ਤੇ ਖ਼ਾਤਰ ਤਵਾਜੋ ਨਾਲੋਂ, ਸੋਧ ਰੱਖ ਲਈ। ਜਦ ਜਲੰਧਰ ਜਾਵੇ ਤਾਂ ਗੜਵਾ ਡੋਰੀ ਨਾਲੇ ਪੱਕਾ ਸੋਧੀ, ਸਿੱਧੀ ਪੱਗ, ਆਪਣਾ ਪ੍ਰਸ਼ਾਦਾ ਆਪਣੀ ਹੱਥੀਂ ਆਪ। ਉਸਦੀ ਸਿੱਖਣੀ ਗੁਰਮੀਤ ਕੌਰ ਇਹ ਸਹਾਰ ਨਾ ਸਕੀ ਕਿ ਮੇਰਾ ਮਾਹੀ; ਸਹੁਰੇ ਘਰ ਆ ਕੇ ਆਪਣਾ ਪ੍ਰਸ਼ਾਦਾ ਆਪ ਪਕਾਵੇ, ਆਪਣੇ ਪਤੀ ਦੇਵ ਦੇ ਚਰਨ ਚਿੰਨ੍ਹਾਂ ਤੇ ਚਲਦਿਆਂ ਉਸ ਵੀ ਅੰਮ੍ਰਿਤ ਛੱਕ ਲਿਆ ਤੇ ਪ੍ਰਸ਼ਾਦੇ ਵਿਚ ਹੱਥ ਵਟਾਉਣ ਲੱਗੀ ਜਦ ਕਦੇ ਇਹ ਜਲੰਧਰ ਜਾਣ ਤਾਂ ਆਂਢ ਗੁਆਂਢ ਦੀਆਂ ਕੁੜੀਆਂ ਮੁੰਡਿਆਂ ਦਾ ਤਾਂਤਾ ਬੱਝ ਜਾਵੇ। ਉਹ ਵੀ ਹਾਸੀ ਉਡਾਣ, ਲਓ ਜੀ ਆ ਗਏ ਜੇ ਕੂਕੇ। ਗੁਰਮੀਤ ਨੂੰ ਸੁਣਾ ਆਖਣ ਆ ਗਈ ਜੇ ਕੂਕਣ। ਆ ਗਈ ਕੂਕਣ। ਕੂਕੇ ਬੇ ਸਲੂਕੇ ਗੜਵੀ ਨਾ ਦੇਂਦੇ ਨਾਉਣ ਨੂੰ। ਪਰ ਇਹ ਸਦਾ ਫ਼ਰੀਦ ਦੇ ਉਪਦੇਸ਼ ਤੇ ਕੰਨੀ-ਬੁਜੇ ਦੇ ਰਹਾਂ? ਕਿੱਤੀ ਵਰੈ ਪੌਣ-ਸਭ ਸੁਣੀਆਂ ਅਣਸੁਣੀਆਂ। ਭਜਨ ਕਰਨ, ਮਾਲਾ ਫੇਰਨ, ਬਾਣੀ ਪੜ੍ਹਨ। ਜਦ ਕਦੇ ਸਾਲੇ ਸਾਲੀਆਂ ਸੋਡੇ ਦੀ ਬੋਤਲ ਕੈਂਪਾ ਕੋਲਾ ਜਾਂ ਹੋਰ ਬਾਜ਼ਾਰੀ ਪਦਾਰਥ ਵਾਸਤੇ ਆਖਣ ਤਾਂ ਇਨ੍ਹਾਂ ਸਿਦਕੀਆਂ ਕਹਿਣਾ, ਸਾਡਾ ਕੋਕਾ ਕੋਲਾ ਤੇ ਹੋਰ ਕੋਲੇ ਸਤਿਗੁਰੂ ਜਗਜੀਤ ਸਿੰਘ ਖੂਹ ਵਿਚ ਰੱਖ ਦਿੱਤੇ ਹਨ, ਜਦੋਂ ਜੀ ਕਰਦਾ ਏ ਤਾਜ਼ਾ ਬਤਾਜ਼ਾ ਕੱਢ ਕੇ ਪੀਂਦੇ ਆਂ। ਤੁਸੀਂ ਵੀ ਗੜਵੇ ਭਰ ਭਰ ਪੀਓ, ਸਤਿਗੁਰ ਦੀ ਸਰਨ ਫੜੋ ਤੇ ਜਨਮ ਸਫਲਾ ਕਰੋ।' ਗੁਰਦੇਵ ਨਾਲੇ ਮੁਸਕਾਂਦੀ ਨਾਲੇ ਦੱਸਦੀ। ਬਾਕੀ ਬੀਬੀਆਂ ਹੱਥਾਂ ਨਾਲ ਤਾਂ ਭਾਵੇਂ ਸੂਈ ਧਾਗਾ ਚਲਾਂਦੀਆਂ ਸਨ। ਪਰ ਕੰਨ ਸਭਨਾਂ ਦੇ ਬੀਬੀ ਗੁਰਦੇਵ ਵਲ ਸਨ।'

'ਹੋਰ ਸੁਣੋ! ਸਤਿਗੁਰ ਬੜਾ ਮੌਜੀ ਏ। ਉਸਨੇ ਆਪ ਈ ਜੀਆਂ ਨੂੰ ਭੁੱਲੀ ਪਾਈ ਛੱਡਿਆ ਏ, ਪਰ ਜਦੋਂ ਕਿਰਪਾ ਕਰਨੀ ਹੁੰਦੀ ਏ ਤਾਂ ਕੋਈ ਰਾਹ ਵੀ ਕੱਢ ਦੇਂਦਾ ਏ। ਕੋਈ ਨਾ ਕੋਈ ਕੌਤਕ ਰੱਚ ਦੇਂਦਾ ਏ। ਬੀਬੀ ਸੁਰਜੀਤ ਦੇ ਘਰ ਇੱਕ ਲੜਕੀ ਨੇ ਜਨਮ ਲਿਆ। ਡੇਢ ਸਾਲ ਪਿੱਛੋਂ ਦੂਜੀ ਆਈ; ਮੁੜ ਤੀਜੀ ਦੇਵੀ ਆਈ। ਦਸਾਂ ਸਾਲਾਂ ਵਿਚ ਪੰਜ ਕੁੜੀਆਂ ਹੋ ਗਈਆਂ ਘਰ ਦਾ ਈ ਤ੍ਰਿੰਝਣਾਂ ਬਣ ਗਿਆ, ਸੁਰਜੀਤ ਤੇ ਜੋਗਿੰਦਰ ਨੂੰ ਲੱਗੇ ਹੌਲ ਪੈਣ। ਮਾਪੇ ਵੀ ਬੇਹਬਲ। ਇਹ ਤਾਂ ਗੁਰੂ ਰਾਮ ਸਿੰਘ ਦਾ ਘਰ ਹੀ ਹੈ, ਜਿਸ ਨੇ ਇਸਤਰੀ ਜਾਤੀ ਵਾਸਤੇ ਸਵਰਗ ਉਸਾਰੀ ਕੀਤੀ। ਨਹੀਂ ਤਾਂ ਪਹਿਲਾਂ ਕੁੜੀਆਂ ਜੰਮਦੀਆਂ

Sri Satguru Jagjit Singh Ji eLibrary NamdhariElibrary@gmail.com

ਏ ਈ ਮਾਪੇ ਗ਼ਰੀਬਣੀਆਂ ਦਾ ਗਲਾ ਘੁੱਟ ਦੇਂਦੇ ਸਨ ਜਾਂ ਵੱਡੀਆਂ ਹੋਣ ਤਾਂ ਕਈ ਬਟਾ ਕਰਦੇ ਸਨ, ਕਈ ਮੂਰਖ ਗਊਆਂ ਮੱਝਾਂ ਵਾਂਗੂੰ ਵੇਚ ਦੇਂਦੇ ਸਨ ਹਾਲਾਂਕਿ ਵਿਆਹ ਦੇ ਸਾਧਣ ਸੌਖੇ ਸਨ ਭਾਵੇਂ ਵੱਡੇ ਲੋਕ ਤਾਂ ਫ਼ਜ਼ੂਲ ਰਸਮਾਂ ਵਿਚ ਬੱਝੇ ਨੱਕ ਰੱਖਣ ਲਈ ਡੁੱਬ ਮਰਦੇ ਸਨ, ਘਰ ਦਾ ਦੀਵਾਲਾ ਨਿਕਲ ਜਾਂਦਾ ਸੀ। ਪਰ ਸਾਧਾਰਨ ਲੋਕ ਪਲੰਗ ਪੀੜਾ; ਲੀੜਾ, ਲੱਤਾ, ਚਰਖਾ ਚੱਕੀ ਦੇ ਕੁੜੀ ਦੇ ਹੱਥ ਪੀਲੇ ਕਰਦੇ ਸਨ, ਪਰ ਵੇਖੋ ਵੇਖੀ ਮਾਰਾਂ ਖਾਂਦੇ ਸਨ। ਸਤਿਗੁਰਾਂ ਸਭ ਰਸਮਾਂ ਉਡਾ ਦਿੱਤੀਆਂ। ਸਭ ਫੋਕੇ ਵਿਖਾਵਿਆਂ ਤੋਂ ਵਰਜਿਆ। ਹੁਣ ਸਤਿਗੁਰੂ ਜਗਜੀਤ ਸਿੰਘ ਜੀ ਕਿੰਨਾ ਪੁਰਸ਼ਾਰਥ ਕਰ ਰਹੇ ਹਨ। ਕੋਈ ਮੋਟਰ ਸਾਈਕਲ, ਨਾ ਫਰਿਜ ਨਾ ਰੇਡੀਉ। ਸਗੋਂ ਇੱਕ ਰੁਪਏ ਦੇ ਸ਼ਗਨ ਤੋਂ ਵਰਜਦੇ ਹਨ। ਕਿੰਨੇ ਭਾਗਸ਼ੀਲ ਹਨ ਸਤਿਗੁਰਾਂ ਦੇ ਬਚਨਾਂ ਤੇ ਚੱਲਣ ਵਾਲੇ। ਪਰ ਜਿੰਨਾਂ ਦੇਣਾ ਦੁਆਣਾ ਵੀ ਹੋਵੇ ਤੇ ਪੰਜ ਕੁੜੀਆਂ ਵੀ ਆ ਜਾਣ ਤਾਂ ਝੋਰਾ ਨਾ ਝੁਰਨ ਤਾਂ ਕਰਨ ਵੀ ਕੀ?

ਜਦ ਤੀਜੀ ਵੇਰ ਸੁਰਜੀਤ ਗਰਭਵਤੀ ਹੋਈ ਸੀ ਤਾਂ ਬੀਬੀ ਗੁਰਮੀਤ ਨੇ ਕਿਹਾ ਸੀ, 'ਭਰਜਾਈ! ਸ੍ਰੀ ਭੈਣੀ ਸਾਹਿਬੋਂ ਮੂੰਹੋਂ ਮੰਗੀਆਂ ਮੁਰਾਦਾਂ ਮਿਲਦੀਆਂ ਹਨ। ਧਰਮ, ਅਰਥ, ਕਾਮ, ਮੋਖ ਸਭ ਪਦਾਰਥ। ਪਰ ਮੰਗੇ ਮਨ ਸਿੱਧਾ ਕਰਕੇ। ਗ੍ਰੰਥਾਂ ਵਿਚ ਲਿਖਿਆ ਹੈ, ਕਿ ਇੰਦਰ ਦੇ ਬਾਗ਼ ਵਿਚ ਕਾਮਧੇਨ ਤੇ ਕਲਪ ਬ੍ਰਿੱਛ ਹਨ ਪਰ ਇਹ ਪਵਿੱਤਰ ਸਥਾਨ ਇੰਦਰ ਬਾਗ਼ ਦੀ ਨਰਸਰੀ ਏ, ਜਿੱਥੋਂ ਪਨੀਰੀ ਲੈ ਹਜ਼ਾਰਾਂ ਬਾਗ਼ ਮਹਿਕਾਰਾਂ ਛੱਡ ਰਹੇ ਹਨ। ਇਹ ਰਾਮ ਸਰੋਵਰ ਜਿਸ ਤੋਂ ਨੱਕ ਚਾੜ੍ਹਦੀ ਏ, ਇੱਥੇ ਅਠਾਹਠ ਤੀਰਥਾਂ ਦਾ ਮਹਾਤਮ ਹੈ। ਇੱਥੋਂ ਮੁਕਤੀ ਜੁਗਤੀ, ਪ੍ਰਾਪਤ ਹੁੰਦੇ ਹਨ ਤੇ ਅਨੇਕ ਪਦਾਰਥਾਂ ਦੇ ਢੇਰਾਂ ਦੇ ਢੇਰ ਲੱਗੇ ਰਹਿੰਦੇ ਹਨ। ਇੱਥੋਂ ਕੋਈ ਖ਼ਾਲੀ ਨਹੀਂ ਜਾਂਦਾ। ਲੋੜਵੰਦ ਝੋਲੀਆਂ ਭਰ ਭਰ ਖੜਦੇ ਹਨ ਤੂੰ ਵੀ ਅੰਦਰੋਂ ਹੋ ਕੇ ਜਾਹ, ਫੇਰ ਸਤਿਗੁਰਾਂ ਦੇ ਰੰਗ ਵੇਖ। ਤੇਰੇ ਵਿਹੜੇ ਵਿਚ ਲਟ ਲਟ ਪ੍ਰਕਾਸ਼ ਹੋਵੇਗਾ। ਗੁਟਕੂੰ ਗੁਟਕੂੰ ਕਰਦੇ ਬੱਚੇ ਦਾ ਮੁਸਕਣਾ ਖੇੜਾ ਵਰਤਾਵੇਗਾ। ਘਰ ਵਿਚ ਖ਼ੁਸ਼ੀਆਂ ਉਮਡ ਆਉਣਗੀਆਂ ਜਾਈਂ ਤਨੋ ਮਨੋ ਭਰੋਸਾ ਕਰਕੇ। ਪਰ ਉਸਦੇ ਭਾਗ ਅਜੇ ਸੁੱਤੇ ਪਏ ਸਨ। ਉਹ ਅੰਗੜਾਈ ਨਹੀਂ ਸਨ ਭਰਦੇ। ਕਲਿਜੁਗੀ ਕਲੋਫਾਰਮ ਦਾ ਡੂੰਘਾ ਅਸਰ ਸੀ। ਸੁਰਜੀਤ ਆਖੇ ਛਪੜੀਆਂ ਵਿਚ ਮੁੰਡੇ! ਵੇਖਾਂਗੀ ਗੁਰਮੀਤ! ਜਦ ਤੈਨੂੰ ਮੁੰਡਾ ਮਿਲੇਗਾ। ਖ਼ੈਰ ਗੁਰਮੀਤ ਸਦਾ ਭਰਜਾਈ ਦੀ ਭਲਾਈ ਵਾਸਤੇ ਅਰਦਾਸ ਕਰਦੀ।

ਸਮਾਂ ਪਾਕੇ ਦਰਸ਼ਨ ਸਿੰਘ ਘਰ ਚੰਨ ਵਰਗੇ ਮੁੰਡੇ ਨੇ ਜਨਮ ਲਿਆ ਉਸਤਾਦ ਨੱਥਾ ਸਿੰਘ ਤੇ ਮਾਤਾ ਸਵਰਨ ਕੌਰ ਬਾਗੋ ਬਾਗ ਹੋ ਉਠੇ। ਪੋਤਰੇ ਦੀ ਖ਼ੁਸ਼ੀ ਵਿਚ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਵਾਰੇ ਵਾਸਤੇ ਅਰਜ਼ ਕੀਤੀ। ਉਨ੍ਹਾਂ ਚਰਨ ਪਾਏ। ਬੜੇ ਰਸਦਾਇਕ ਵਾਰਾ ਲੱਗਾ। ਉਸਤਾਦ ਹੋਰਾਂ ਜਲੇਬੀਆਂ ਦਾ ਲੰਗਰ ਕੀਤਾ। ਸਾਧ ਸੰਗਤ ਵਿਚ ਖ਼ੁਸ਼ੀਆਂ ਦਾ ਹੜ ਆ ਗਿਆ। ਸਮਾਂ ਪਾਕੇ ਗੁਰਮੀਤ ਨੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਆਪਣੇ ਭਰਾ ਦੇ ਘਰ ਵਾਸਤੇ ਬੱਚੇ ਦੀ ਅਰਜ਼ ਕੀਤੀ, ਪਰ ਗ਼ਰੀਬ ਨਿਵਾਜ਼ ਚੁੱਪ ਰਹੇ। ਮਾਤਾ ਬਾਲ ਕੌਰ ਮੌਜੂਖੇੜੇ

Sri Satguru Jagjit Singh Ji eLibrary NamdhariElibrary@gmail.com

ਦੋਹਤਰੇ ਦੀ ਖ਼ੁਸ਼ੀ ਵਿਚ ਗਈ ਹੋਈ ਸੀ। ਉਹ ਬੀਬੀ ਗੁਰਮੀਤ ਦੀ ਅਰਜ਼ ਸੁਣ ਬੜੀ ਰਾਜ਼ੀ ਹੋਈ ਕਿ ਇਹ ਕੁੜੀ ਸਾਡੇ ਘਰ ਨਾਲ ਕਿੰਨਾ ਸਨੇਹ ਕਰਦੀ ਹੈ। ਅਰਦਾਸ ਵਾਲੀ ਗੱਲ ਘਰ ਜਾ ਕੇ ਮਾਤਾ ਬਾਲ ਕੌਰ ਨੂੰਹ ਰਾਣੀ ਨੂੰ ਦੱਸੀ, ਕਿ ਉਸਦੀ ਨਨਾਣ ਕਿੰਨਾ ਪ੍ਰੇਮ ਰੱਖਦੀ ਏ। ਇਹ ਸੁਣ ਕੇ ਬੀਬੀ ਸੁਰਜੀਤ ਦੀਆਂ ਅੱਖਾਂ ਪ੍ਰੇਮ ਹੰਝੂਆਂ ਨਾਲ ਤਰ ਹੋ ਗਈਆਂ।

ਹੁਣ ਸੁਰਜੀਤ ਦੇ ਮਨ ਤੇ ਮੋੜ ਖਾਧਾ ਤੇ ਖਾਣਾ ਪੀਣਾ ਛੱਡ ਦਿੱਤਾ, ਪਰ ਮਨ ਵਿਚ ਪੂਰੀ ਸ਼ਰਧਾ ਨਾ ਬੱਝੀ। ਦੇਵੀ ਦਿਆਂ ਮੰਦਰਾਂ ਜਾ ਹੋਰ ਜਾਦੂ ਟੂਣਿਆਂ ਵੱਲ ਧਾਗੇ ਤਵੀਤ ਕਰਾਂਦੀ ਫਿਰੇ। ਦੁਨੀਆਦਾਰ ਵਾਸਤੇ ਲੜਕਾ ਹੈ ਵੀ ਅਨੂਠੀ ਦਾਤ। ਬਾਣੀ ਵਿਚ ਵੀ ਆਇਆ ਏ:-

**ਪੁਤੀਂ ਗੀਢਿ ਪਵੇ ਸੰਸਾਰ॥**

ਕਵੀ ਹਰਸਾ ਸਿੰਘ ਨੇ ਵੀ ਅਜਿਚੇ ਉੜਿਆਂ ਥੁੜਿਆਂ ਦਾ ਨਕਸ਼ਾ ਖਿੱਚਿਆ ਹੈ:-

**ਪੁੱਤਰ ਜਹੀ ਨ ਦਾਤ ਜਹਾਨ ਅੰਦਰ।
ਮਾਤਾ ਪਿਤਾ ਦਾ ਪੁੱਤਰ ਨਿਸ਼ਾਨ ਹੁੰਦਾ।
ਜਿਨਾ ਕੱਚਾ ਇਹ ਉਨਾਂ ਹੀ ਫਲ ਮਿੱਠਾ,
ਫਲਦਾਇਕ ਵਿਚ ਜਹਾਨ ਹੁੰਦਾ।
ਪੁਤੀਂ ਪੈਂਦੀ ਹੈ ਗੰਢ ਜਹਾਨ ਅੰਦਰ,
ਰੁਤਬਾ ਪੁੱਤ ਦਾ ਬਹੁਤ ਮਹਾਨ ਹੁੰਦਾ।
ਦਾਤ ਪੁੱਤ ਦੀ ਬਖਸ਼ੇ ਦਾਤਾਰ ਉਹਨੂੰ,
ਬਹੁਤਾ ਜਿਸ ਉਤੇ ਮਿਹਰਬਾਨ ਹੁੰਦਾ।
ਜਿਸ ਵੇਲ ਨੂੰ ਫੁਲ ਨ ਫਲ ਲਗੇ।
ਮਾਲੀ ਉਸ ਨੂੰ ਕਦੇ ਨ ਸਿੰਜਦਾ ਏ।
ਜਿਸ ਦੰਪਤੀ ਦੀ ਹੋਵੇ ਗੋਦ ਖਾਲੀ,
ਦੁਖ ਉਨਾਂ ਦੇ ਦਿਲਾਂ ਨੂੰ ਪਿੰਜਦਾ ਏ।
ਦਿਨੇ ਰਾਤ ਕਲੇਜੇ ਵਿਚ ਸੂਲ ਉਠਣ,
ਡਸਕਾ ਡੁਸਕਣੀ ਤਨ ਨੂੰ ਜਿਚਦਾ ਏ।
ਗੁੱਗੇ ਮੜੀਆਂ ਤੇ ਸਿਵਿਆਂ ਦੇ ਵਿਚ ਜਾਕੇ,
ਬੰਦਾ ਪੁੱਤਰਾਂ ਲਈ ਰਿਹਾ ਜਿੰਭਦਾ ਹੈ।
ਰੱਬ ਕਰੇ ਸੰਤਾਨ ਦੀ ਦਾਤ ਵਲੋਂ,
ਰਹੇ ਕੋਈ ਨ ਇਸਤਰੀ ਪੁਰਸ਼ ਖਾਲੀ।
'ਬਾਠ' ਨਿਰ ਸੰਤਾਨ ਦਾ ਕੀ ਜੀਵਨ,
ਬਣਦਾ ਕੋਈ ਨ ਓਸਦਾ ਜੱਗ ਵਾਲੀ।**

ਦੇਵਨੇਤ ਇੱਕ ਦਿਨ ਰਾਮ ਲਾਲ ਦਰਸ਼ਨ ਸਿੰਘ ਦੇ ਸਹੁਰੇ ਜਲੰਧਰ ਦੇ ਘਰ ਨੀਲਧਾਰੀ ਸਿੰਘ ਆ ਗਿਆ। ਬੀਬੀ ਸੁਰਜੀਤ ਨੇ ਨੀਲਧਾਰੀਏ ਨੂੰ ਆਪਣੀ ਵਿਥਿਆ ਸੁਣਾਈ। ਉਸ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ

Sri Satguru Jagjit Singh Ji eLibrary NamdhariElibrary@gmail.com

ਬੱਚੇ ਵਾਸਤੇ ਅਰਦਾਸ ਕੀਤੀ। ਹੁਣ ਦਰਸ਼ਨ ਸਿੰਘ ਤੇ ਗੁਰਮੀਤ ਨੂੰ ਮਾਪਿਆਂ ਘਰੋਂ ਮਾਸ ਸ਼ਰਾਬ ਦੀ ਕੁਵਰਤੋਂ ਹਟਿਆਂ ਵੇਖ ਖ਼ੁਸ਼ੀ ਤਾਂ ਹੋਈ ਪਰ ਨੀਲਧਾਰੀਏ ਦੇ ਫੇਰੇ ਨੇ ਦੁਬਿਧਾ ਵਿਚ ਪਾ ਦਿੱਤਾ। ਖ਼ੈਰ ਦਿਨ ਬੀਤਦੇ ਗਏ। ਛੇਵੇਂ ਬੱਚੇ ਦੇ ਜਨਮ ਵਿਚ ਕੁਝ ਦਿਨ ਰਹਿੰਦੇ ਸਨ ਕਿ ਬੀਬੀ ਸੁਰਜੀਤ ਸੁਪਨੇ ਵਿਚ ਸ੍ਰੀ ਭੈਣੀ ਸਾਹਿਬ ਜਾ ਪੁੱਜੀ। ਬੀਬੀ ਨੂੰ ਸ੍ਰੀ ਭੈਣੀ ਸਾਹਿਬ ਸੁਵਰਗਾ ਪੁਰੀ ਨਜ਼ਰੀਂ ਆਇਆ। ਪਵਿੱਤਰ ਵਾਯੂ ਮੰਡਲ, ਦੁੱਧ ਚਿੱਟੇ ਬਸਤਰਾਂ ਵਿਚ ਮਰਦ ਜ਼ਨਾਨੇ ਮਾਲਾ ਫੜੀ ਰਸਨਾਂ ਹਲਾਂਦੇ। ਸੇਵਾਦਾਰ ਬਾਣੀ ਪੜ੍ਹਦੇ ਜਾਂ ਸਿਮਰਨ ਕਰਦੇ। ਮਾਲਾ ਵਾਲੇ, ਗਡਿਆਂ ਵਾਲੇ, ਲਾਂਗਰੀ ਸਭਨਾਂ ਦੇ ਨੇਤਰ ਨਾਮ ਖੁਮਾਰੀ ਨਾਲ ਮਖਮੂਰ। ਪੰਛੀ ਵੀ ਕਲੋਲਾਂ ਕਰਦੇ। ਕਣ ਕਣ ਵਿੱਚੋਂ ਸੁਗੰਧੀ ਆਵੇ। ਬੀਬੀ ਦਾ ਜਿਧਰ ਧਿਆਨ ਜਾਵੇ, ਮੋਹੀ ਜਾਵੇ, ਇਸ ਦੇ ਮਨ ਖੇੜਾ ਪੈਦਾ ਹੋਇਆ, ਇਸ ਟੁਰਦੀ ਟੁਰਦੀ ਕੋਠੀ ਦੇ ਸਾਮ੍ਹਣੇ ਬੋਹੜਾਂ ਹੇਠਾਂ ਜਾ ਖਲੋਤੀ। ਕੋਠੀ ਦੇ ਬਾਹਰ ਦੀ ਡਿਊੜੀ ਦਾ ਦਰਵਾਜ਼ਾ ਖੁੱਲ੍ਹਿਆ। ਅੰਦਰੋਂ ਖੰਡਾ ਬ੍ਰਹਿਮੰਡਾਂ ਦੇ ਮਾਲਿਕ ਸਤਿਗੁਰੂ ਰਾਮ ਸਿੰਘ ਜੀ, ਲੰਮੀ ਗਰਦਨ, ਗੋਡਿਆਂ ਤੱਕ ਬਾਹੀਂ, ਮੋਟੇ ਨੇਤਰ, ਸੀਸ ਦੁਆਲੇ ਪ੍ਰਕਾਸ਼ ਦਾ ਚੱਕਰ ਚਿਹਰੇ ਦਾ ਤੇਜ਼ ਝਲਿਆ ਨਾ ਜਾਵੇ। ਉਹ ਖੱਬੇ ਸੱਜੇ ਦੋ ਬੱਚਿਆਂ ਦੀਆਂ ਉਂਗਲੀਆਂ ਫੜੀ ਬਾਹਰ ਆਏ। ਸੰਗਤਾਂ ਚਰਨਾਂ ਤੇ ਨਮਸਕਾਰਾਂ ਕੀਤੀਆਂ ਸੁਰਜੀਤ ਵੀ ਅੱਗੇ ਵਧੀ। ਇਸ ਵੀ ਚਰਨ ਪਰਸੇ। ਸੱਚੇ ਪਾਤਸ਼ਾਹ ਇੱਕ ਬੱਚੇ ਨੂੰ ਸੁਰਜੀਤ ਦੇ ਹਵਾਲੇ ਕਰ ਦਿੱਤਾ ਤੇ ਬਚਨ ਕੀਤਾ, 'ਬੀਬੀ! ਜੇ ਹੋਰ ਲੋੜ ਹੋਊ ਤਾਂ ਇੱਥੇ ਆ ਕੇ ਲੈ ਜਾਈਂ। ਸੁਰਜੀਤ ਖ਼ੁਸ਼ੀ ਨਾਲ ਫੁੱਲੀ ਨਾ ਸਮਾਈ ਤੇ ਇਸੇ ਰੰਗ ਵਿਚ ਅੱਖ ਖੁੱਲ੍ਹ ਗਈ। ਸਾਰੇ ਸਰੀਰ ਵਿੱਚੋਂ ਸੁਗੰਧੀ ਦੀਆਂ ਲਿਪਟਾਂ ਆ ਰਹੀਆਂ ਹਨ। ਸਰੀਰ ਹੌਲਾ ਫੁਲ ਸੀ।

ਦੋ ਦਿਨਾਂ ਉਪਰੰਤ ਬਾਲਕ ਨੇ ਜਨਮ ਲਿਆ। ਘਰ ਬਾਹਰ ਖ਼ੁਸ਼ੀਆਂ ਨਾਲ ਭਰਪੂਰ ਹੋ ਗਿਆ। ਆਂਡ ਗੁਆਂਢਣਾਂ ਉਮਡ ਆਈਆਂ। ਮਾਤਾ ਬਾਲ ਕੌਰ ਖ਼ੁਸ਼ੀਆਂ ਸਾਂਭ ਨਹੀਂ ਸਕਦੀ ਸੀ। ਝੋਲੀਆਂ ਭਰ ਭਰ ਗੁੜ ਵੰਡਿਆ। ਤੇਰ੍ਹਵੇਂ ਦਿਨ ਕਾਕੇ ਨੂੰ ਅੰਮ੍ਰਿਤ ਛੱਕਣਾ ਸੀ। ਤਾਂ ਬੀਬੀ ਸੁਰਜੀਤ ਨੇ ਸਾਫ਼ ਸਾਫ਼ ਕਹਿ ਦਿੱਤਾ ਮੈਂ ਅੰਮ੍ਰਿਤ ਸ੍ਰੀ ਭੈਣੀ ਸਾਹਿਬ ਵਾਲਿਆਂ ਤੋਂ ਛੱਕਾਂਗੀ। ਇਹ ਬੱਚਾ ਮੈਨੂੰ ਓਥੋਂ ਮਿਲਿਆ ਹੈ। ਉਸ ਨੇ ਆਪਣੇ ਪਤੀ ਜੋਗਿੰਦਰ ਸਿੰਘ ਨੂੰ ਕਿਹਾ ਕਿ ਤੁਸੀਂ ਆਪ ਜਾਓ ਤੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਜ਼ ਕਰੋ, ਕਿਸੇ ਨੂੰ ਨਹੀਂ ਭੇਜਣਾ। ਜੋਗਿੰਦਰ ਸਿੰਘ ਆ ਸ੍ਰੀ ਭੈਣੀ ਸਾਹਿਬ ਪੁੱਜਾ। ਆਕੇ ਮੈਨੂੰ ਵਧਾਈਆਂ ਦਿੱਤੀਆਂ ਤੇ ਆਖਿਆ ਲੈ ਭੈਣ ਤੇਰਾ ਅਸੀਂ ਕਰਜ਼ਾ ਜਨਮਾਂ ਤੀਕ ਨਹੀਂ ਮੋੜ ਸਕਦੇ। ਤੂੰ ਦੇਵੀ ਏਂ, ਤੇਰਾ ਵੀਰ ਦੇਵਤਾ ਏ। ਤੁਸੀਂ ਸਾਡੀ ਸਾਂਝ ਜੱਗ ਜਾਲ ਪਾਈ ਏ। ਨਹੀਂ ਤਾਂ ਸਾਡੇ ਘਰ ਉੱਲੂ ਬੋਲਣੇ ਸਨ। ਕਾਕੇ ਨੂੰ ਅੰਮ੍ਰਿਤ ਛਕਾਣਾ ਹੈ, ਤੂੰ ਨਾਲ ਚੱਲ ਤੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕਰੀਏ। ਮੈਂ ਵਧਾਈ ਮੋੜੀ ਤੇ ਨਾਲ ਹੋ ਟੁਰੀ। ਪਹਿਲਾਂ ਮਾਤਾ ਜੀ ਦੇ ਦਰਸ਼ਨ ਹੋਏ। ਉਨ੍ਹਾਂ ਨੂੰ ਖ਼ੁਸ਼ੀ ਭਰੀ ਖ਼ਬਰ ਸੁਣਾਈ। ਮਾਤਾ ਜੀ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਜ਼

Sri Satguru Jagjit Singh Ji eLibrary NamdhariElibrary@gmail.com

ਕੀਤੀ। ਉਨ੍ਹਾਂ ਹਰਬੰਸ ਸਿੰਘ ਸੰਤ ਨਗਰ ਵਾਲੇ ਜਥੇਦਾਰ ਦਲੀਪ ਸਿੰਘ ਦੇ ਪੁੱਤਰ ਨੂੰ ਅੰਮ੍ਰਿਤ ਛਕਾਣ ਦਾ ਹੁਕਮ ਲਾਇਆ। 20 ਸ਼ਾਲਾਂ ਵੀ ਭੇਜੀਆਂ।

ਹਰਬੰਸ ਸਿੰਘ ਜਲੰਧਰ ਗਿਆ। ਕਾਕੇ ਨੂੰ ਅੰਮ੍ਰਿਤ ਛਕਾਇਆ। ਨਾਉਂ ਰਾਜਬੀਰ ਸਿੰਘ ਰੱਖਿਆ। ਸਾਰੇ ਪਰਿਵਾਰ ਨੇ ਅੰਮ੍ਰਿਤ ਛਇਆ। ਸੱਚੇ ਪਾਤਸ਼ਾਹ ਵੱਲੋਂ ਬਖਸ਼ੀਆਂ ਅੰਮ੍ਰਿਤ ਛੱਕਣ ਵਾਲਿਆਂ ਨੂੰ ਮਾਲਾ ਵੀ ਦਿੱਤੀਆਂ ਗਈਆਂ। ਪਹਿਲੀ ਮਾਲਾ ਰਾਜਬੀਰ ਦੇ ਗਲੇ ਪਾਈ। ਸਾਰਾ ਪਰਿਵਾਰ ਚੀਨੇ ਵਾਲੇ ਪਾਤਸ਼ਾਹ ਦੇ ਜਹਾਜ਼ ਤੇ ਸਵਾਰ ਹੋਇਆ। ਸ੍ਰੀ ਭੈਣੀ ਸਾਹਿਬ ਵਲ ਮੂੰਹ ਕਰ ਕਰ ਨਮਸਕਾਰਾਂ ਕਰਨ ਲੱਗੇ। ਹਰਬੰਸ ਸਿੰਘ ਨੂੰ ਬਸਤਰ ਭੇਟ ਕੀਤੇ ਤੇ ਲੰਗਰ ਵਾਸਤੇ ਮਾਇਆ। ਇਸਦੇ ਨਾਲ ਹੀ ਆਖਣ, ਸਾਡੇ ਧੰਨ ਭਾਗ! ਸਤਿਗੁਰਾਂ ਸਾਨੂੰ ਦੇਵਤਾ ਸਰੂਪੀ ਜਵਾਈ ਬਖਸ਼ਿਆ ਜਿਸਦੀ ਸੰਗਤ ਨਾਲ ਸਾਡੀ ਧੀ ਵੀ ਦੇਵੀ ਬਣ ਗਈ। ਸਾਨੂੰ ਵੀ ਨਰਕ ਦੀ ਅੱਗ ਤੋਂ ਸੜਨੋ ਬਚਾਇਆ। ਅਸੀਂ ਇਨ੍ਹਾਂ ਦਾ ਦੇਣੀ ਨਹੀਂ ਦੇ ਸਕਦੇ।

**ਬੀਬੀ ਗੁਰਦੇਵ ਕੌਰ**
ਸਪੁੱਤਰੀ ਉਸਤਦ ਨੱਥਾ ਸਿੰਘ
26 ਅਸੂ 2042

---

ਇਹ ਵਾਰਤਾ ਬੀਬੀ ਗੁਰਦੇਵ ਕੌਰ ਨੇ ਸ੍ਰੀ ਭੈਣੀ ਸਾਹਿਬ ਦੇ ਕੋਠੀ ਵਾਲੇ ਦਰਵਾਜ਼ੇ ਦੇ ਸਾਹਮਣੇ ਵਾਲੇ ਸੇਠਾਂ ਦੇ ਮਕਾਨਾਂ ਦੇ ਵਿਹੜੇ ਵਿਚ ਬੈਠੀਆਂ ਕੱਪੜੇ ਕਟਦੀਆਂ ਤੇ ਸੀਉਂਦੀਆਂ ਬੀਬੀਆਂ ਨੂੰ ਸੁਣਾਈ।

ਗੁਰਦੇਵ ਕੌਰ, ਉਸਤਾਦ ਨੱਥਾ ਸਿੰਘ, ਪਿੰਡ ਮੌਜੂ ਖੇੜਾ (ਸਰਸਾ)

Sri Satguru Jagjit Singh Ji eLibrary NamdhariElibrary@gmail.com

## ਕਦੇ ਨਰਾਸ਼ ਨਾ ਹੋਵੋ!

ਵਿਦਿਆਰਥੀ ਪੜ੍ਹਦਾ ਹੈ,
ਪਰ ਫੇਲ੍ਹ ਹੋ ਜਾਂਦਾ ਏ,
ਫਿਰ ਪੜ੍ਹਨ ਲੱਗ ਜਾਂਦਾ ਹੈ।

ਦੁਕਾਨਦਾਰ ਦੁਕਾਨ ਖੋਲਦਾ ਹੈ।
ਘਾਟਾ ਪੈਂਦਾ ਹੈ,
ਦੁਕਾਨ ਛੱਡਦਾ ਨਹੀਂ,

ਕਿਸਾਨ ਵਾਹੀ ਕਰਦਾ ਏ,
ਫਸਲ ਸੋਕਾ ਮਾਰ ਜਾਂਦੀ ਹੈ।
ਜਾਂ
ਹੜ ਤਬਾਹ ਕਰ ਦੇਂਦਾ ਏ।
ਪਰ ਵਾਹੀ ਨਹੀਂ ਛੱਡਦਾ।

ਤੁਸੀਂ ਕਦੇ ਨਰਾਸ਼ ਨਾ ਹੋਵੋ।
ਚੜਦੀਆਂ ਕਲਾਂ ਵਿਚ ਰਹੋ।
ਭਜਨ ਕਰੋ ਤਕੜੇ ਹੋ ਕੇ,
ਫਲ ਸਤਿਗੁਰੂ ਬਖਸ਼ਣਗੇ।

ਸਤਿਗੁਰੂ ਜਗਜੀਤ ਸਿੰਘ

❑

Sri Satguru Jagjit Singh Ji eLibrary NamdhariElibrary@gmail.com